


www.punjabilibrary.com

# ਜੋਨ ਤੋਂ ਮਲਾਲਾ ਤੱਕ

ਹਰਪਾਲ ਸਿੰਘ ਪੰਨੂ

## ਤਤਕਰਾ

| | |
|---|---|
| ਮੁਖਬੰਧ | **1** |
| ਜੋਨ ਆਫ ਆਰਕ | 5 |
| ਮਿਲੇਨਾ | **22** |
| ਦੋਰਾ | 38 |
| ਅੰਮ੍ਰਿਤਾ ਸ਼ੇਰਗਿਲ | 68 |
| ਗੋਲਡਾ ਮੀਰ | 98 |
| ਸਿਮੋਨ ਦ ਬੋਵੁਅਰ | 133 |
| ਐਜ਼ਰਾ ਨਫੀਸੀ | 150 |
| ਮੁਖਤਾਰਾਂ ਬੀਬੀ | 161 |
| ਮਲਾਲਾ | 179 |

www.punjabilibrary.com

## ਮੁਖਬੰਧ

ਤਿੰਨ ਦਹਾਕੇ ਪਹਿਲਾਂ ਕੰਪਿਊਟਰ ਨੈਟਵਰਕਿੰਗ ਵਿਚ ਸ਼ੁਰੂ ਹੋਈ ਏਨੀ ਦਿਲਚਸਪੀ ਦੇਖਕੇ ਲੱਗਣ ਲੱਗ ਪਿਆ ਸੀ ਕਿ ਕਿਤਾਬ ਦਾ ਦੌਰ ਜਾਂਦਾ ਰਿਹਾ। ਸਫਰ ਕਰਦਿਆਂ ਤੁਸੀਂ ਕਿਤਾਬਾਂ ਸੁਣ ਸਕਦੇ ਹੋ, ਕਿਤਾਬਾਂ ਪੜ੍ਹ ਸਕਦੇ ਹੋ, ਹਾਰਡ ਕਾਪੀ ਦੀ ਕੀ ਲੋੜ। ਪਰ ਹਰੇਕ ਜਵਾਰਭਾਟਾ ਆਖਰ ਉਤਰਦਾ ਵੀ ਹੈ। ਹੁਣ ਫੇਰ ਛਪੀਆਂ ਕਿਤਾਬਾਂ ਵਲ ਪਾਠਕ ਪਰਤ ਆਇਆ ਹੈ। ਜਦੋਂ ਮੇਰੇ ਕੋਲ ਕਿਸੇ ਦਾ ਫੋਨ ਆਉਂਦਾ ਹੈ, ਕਿਹੜੀ ਕਿਤਾਬ ਕਿਥੋਂ ਮਿਲੇਗੀ, ਮੈਂ ਆਪਣਾ ਵੈਬਸਾਈਟ ਲਿਖਾ ਕੇ ਆਖਦਾ ਹਾਂ ਕਿ ਇਵੇਂ ਪੜ੍ਹ ਲਵੋ ਭਾਵੇਂ ਪ੍ਰਿੰਟ ਲੈਕੇ ਪੜ੍ਹ ਲਉ ਤੁਹਾਡੀ ਮਰਜ਼ੀ। ਉਹ ਆਖਦੇ ਹਨ- ਨਹੀਂ ਛਪੀ ਕਿਤਾਬ ਘਰ ਵਿਚ ਰਖਾਂਗੇ ਤਾਂ ਸਾਡੇ ਬੱਚਿਆਂ ਦਾ ਵੀ ਉਸ ਵਲ ਧਿਆਨ ਜਾਏਗਾ। ਕੁਝ ਚੰਗਾ ਪੜ੍ਹਨਗੇ ਤਾਂ ਚੰਗੇ ਸੰਸਕਾਰ ਬਣਨਗੇ।

ਇਸ ਕਿਤਾਬ ਵਿਚ ਨੌਂ ਔਰਤਾਂ ਦੇ ਸ਼ਬਦ ਚਿੱਤਰ ਹਨ। ਮੈਂ ਸੋਚਿਆ ਜੇ ਇਕ ਕਿਤਾਬ ਕੇਵਲ ਬੀਬੀਆਂ ਦੀ ਵੱਖਰੀ ਹੋ ਜਾਵੇ ਤਾਂ ਇਸ ਨਾਲ ਇਕ ਤਾਂ ਪਤਾ ਲਗੇਗਾ ਔਰਤਾਂ ਵਿਚਲੀ ਤਾਕਤ ਕਿੰਨੀ ਹੈ ਤੇ ਕਿਸ ਵੰਨਗੀ ਦੀ ਹੈ। ਦੂਜਾ ਕਿਸੇ ਕੁੜੀ ਨੂੰ ਦੇਣ ਲਈ ਸ਼ਾਇਦ ਚੰਗੀ ਸੁਗਾਤ ਸਾਬਤ ਹੋਵੇ।

ਜੋਨ ਆਫ ਆਰਕ ਅਤੇ ਮਲਾਲਾ ਇਸ ਕਿਤਾਬ ਵਿਚਲੀਆਂ ਸ਼ਖਸੀਅਤਾਂ ਵਿਚ ਉਮਰੋਂ ਸਭ ਤੋਂ ਛੋਟੀਆਂ ਹਨ ਪਰ ਇਨ੍ਹਾਂ ਦੇ ਕੰਮ ਵੱਡੇ ਹਨ। ਸਿਆਸਤਦਾਨਾ ਵਿਚ ਗੋਲਡਾ ਮੀਰ ਅਬਰਾਹਮ ਲਿੰਕਨ ਤੋਂ ਘੱਟ ਨਹੀਂ। ਈਰਾਨ ਦੀ ਦਰਵਾਜ਼ਾ ਬੰਦ ਮੌਲਵੀ ਸਿਆਸਤ ਦੀ ਇਕ ਖਿੜਕੀ ਐਜ਼ਰਾ ਨਫੀਸੀ ਖੋਲ੍ਹਦੀ ਹੈ। ਉਸ ਵਿਚ ਲੜਨ ਦੀ ਦਲੇਰੀ ਹੈ। ਦੋਰਾ ਅਤੇ ਮਿਲੇਨਾ ਸੂਖਮ ਵੀ ਹਨ ਦਲੇਰ ਵੀ। ਨਰਕ ਦੇ ਅੰਧਕਾਰ ਦਾ ਸਾਹਮਣਾ ਕਰਨ ਨਾਲੋਂ ਖੁਦਕੁਸ਼ੀ ਕਰਨ ਬਾਰੇ ਸੋਚਣ ਵਾਲੀ ਮੁਖਤਾਰਾਂ ਬੀਬੀ ਦੁਖ, ਸੰਤਾਪ ਵਿਚੋਂ ਨਿਕਲ ਕੇ ਅਜਿਹਾ ਰੋਸ਼ਨ ਚਰਾਗ ਬਣੀ ਜਿਸ ਸਦਕਾ ਹੋਰਨਾ ਨੂੰ ਪ੍ਰੇਰਨਾ ਅਤੇ ਸਹਾਇਤਾ ਮਿਲੀ। ਵੱਡੇ ਕਲਾਕਾਰ ਦੇ ਸਾਰੇ ਨੁਕਸ ਨਜ਼ਰੰਦਾਜ਼ ਕਰਕੇ ਉਸਨੂੰ ਕਿਵੇਂ ਪਿਆਰ ਕਰਨਾ ਹੈ, ਇਹ ਗੱਲ ਪਾਠਕ ਅੰਮ੍ਰਿਤਾ ਸ਼ੇਰਗਿਲ ਦੇ ਪਤੀ ਵਿਕਟਰ ਤੋਂ ਸਿਖੱਣਗੇ।

ਵਧੀਕ ਪੰਜਾਬੀ ਪਾਠਕਾਂ ਨੂੰ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਦਾ ਪਤਾ ਨਹੀਂ। ਉਨ੍ਹਾਂ ਨੂੰ ਇਸ ਲਿਖਤ ਰਾਹੀਂ ਥੋੜ੍ਹੀ ਕੁ ਜਾਣਕਾਰੀ ਮਿਲੇਗੀ। ਇਸ ਲੇਖ ਦਾ ਦੂਜਾ ਮਨੋਰਥ ਇਹ ਹੈ ਕਿ ਰਾਜ ਪ੍ਰਾਪਤੀ ਦੀ ਅਭਿਲਾਖਾ ਹਰੇਕ ਜਿਉਂਦੇ ਜਾਗਦੇ ਸਮਾਜ ਵਿਚ ਹੁੰਦੀ ਹੈ, ਸਿੱਖਾਂ ਦੀ ਅਭਿਲਾਖਾ, *ਰਾਜ ਕਰੇਗਾ ਖਾਲਸਾ* ਤਾਂ ਉਨ੍ਹਾਂ ਦੀ ਅਰਦਾਸ ਵਿਚ ਸ਼ਾਮਲ ਹੈ। ਅੰਧਕਾਰ ਵਿਚੋਂ ਕਿਵੇਂ ਬਚ ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝਲਦਿਆਂ ਲੰਮਾ ਸਮਾਂ ਸੰਘਰਸ਼ ਕਰਨਾ ਹੈ, ਇਹ ਯਹੂਦੀਆਂ ਤੋਂ ਸਿਖਣਾ ਚਾਹੀਦਾ ਹੈ। ਯੂਕਰੇਨ ਅਤੇ ਕੀਵ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਵਰਗੇ ਬਣ ਗਏ ਹਨ। ਪੱਛਮੀ ਯੂਕਰੇਨ ਦਾ ਝੁਕਾਅ ਯੋਰਪ ਵੱਲ ਹੈ ਤੇ ਪੂਰਬ ਦੇ ਲੋਕ ਰੂਸ ਪੱਖੀ ਹਨ। ਅਮਰੀਕਾ ਅਤੇ ਰੂਸ ਇਨ੍ਹਾਂ ਇਲਾਕਿਆਂ ਵਿਚ ਨਿਰੰਤਰ ਸੈਨਿਕ ਦਖਲ ਦੇ ਰਹੇ ਹਨ।

ਮੁਖਤਾਰਾਂ ਬੀਬੀ ਦੀ ਸਾਖੀ ਮਲਾਲਾ ਨਾਲੋਂ ਵੱਖਰੀ ਹੈ ਬੇਸ਼ਕ ਦੋਵਾਂ ਨੂੰ ਔਰਤ ਹੋਣ ਦਾ ਸੰਤਾਪ ਭੁਗਤਣਾ ਪਿਆ। ਮਲਾਲਾ ਦਾ ਪਿਤਾ ਪੜ੍ਹਿਆ ਲਿਖਿਆ, ਰੌਸ਼ਨ ਦਿਮਾਗ, ਪੈਸੇ ਟਕੇ ਵਲੋਂ ਸੌਖਾ, ਧੀ ਦਾ ਸਲਾਹਕਾਰ ਤੇ ਮਦਦਗਾਰ। ਮੁਖਤਾਰਾਂ ਨੀਵੀਂ ਜਾਤ ਦੀ, ਅਨਪੜ੍ਹ ਗਰੀਬ ਔਰਤ ਜਿਸਦਾ ਕੋਈ ਸਲਾਹਕਾਰ ਨਹੀਂ, ਮਦਦਗਾਰ ਨਹੀਂ। ਇਥੇ ਢੁਕਦੀ ਹੈ ਇਹ ਗੱਲ ਕਿ ਜਦੋਂ ਰੱਬ ਫੈਸਲਾ ਕਰ ਲਏ ਕਿ ਮੈਂ ਇਸਕਾ ਮਦਦਗਾਰ ਹਾਂ, ਫਿਰ ਕਹਾਣੀ ਕਿਸੇ ਤਣ-ਪੱਤਣ ਵਲ ਮੋੜਾ ਖਾਂਦੀ ਹੈ।

ਫਰਾਂਸੀਸੀ ਪੱਤਰਕਾਰ ਬੀਬੀ ਮੇਰੀ ਥਰੇਸੀ ਕੂਨੀ ਨੇ ਉਸ ਦੀ ਹੱਡਬੀਤੀ ਸੁਣ ਕੇ ਕਿਤਾਬ ਲਿਖੀ ਜਿਸਦਾ ਅੰਗਰੇਜ਼ੀ ਤਰਜਮਾ ਲਿੰਡਾ ਕਵਰਡੇਲ ਨੇ ਕੀਤਾ। ਸਾਲ 2006 ਵਿਚ ਜਦੋਂ ਵਿਰਗੋ ਪ੍ਰੈਸ ਨੇ ਲੰਡਨ ਤੋਂ ਇਹ ਕਿਤਾਬ ਛਾਪੀ *(Mukhtaran Mai: In the Name of Honour)* ਉਦੋਂ

ਮੁਖਤਾਰਾਂ 33 ਸਾਲ ਦੀ ਸੀ। ਸਾਲ 2002 ਵਿਚ ਉਸ ਨਾਲ ਦੁਖਦਾਈ ਹਾਦਸਾ ਹੋਇਆ ਜਿਸ ਦੀ ਚਰਚਾ ਦੁਨੀਆਂ ਭਰ ਵਿਚ ਹੋਈ।


ਜਿਵੇਂ ਈਦੀ ਦੀ ਇੰਟਰਵਿਊ ਲੈਕੇ ਤਹਿਮੀਨਾ ਦੁਰਾਨੀ ਨੇ ਕਿਤਾਬ ਲਿਖੀ ਸੀ, ਉਸੇ ਤਰ੍ਹਾਂ ਕ੍ਰਿਸਟਿਨਾ ਲੈਂਮ ਨੇ ਮਲਾਲਾ, ਉਸਦੇ ਪਰਿਵਾਰ ਅਤੇ ਪਾਕਿਸਤਾਨ ਦੇ ਹੋਰ ਵਿਅਕਤੀਆਂ ਨਾਲ ਇੰਟਰਵਿਊ ਕਰਕੇ ਕਿਤਾਬ ਲਿਖੀ *ਆਈ ਐਮ ਮਲਾਲਾ* । ਕ੍ਰਿਸਟਿਨਾ ਆਕਸਫੋਰਡ ਅਤੇ ਹਾਵਰਡ ਵਿਚ ਪੜ੍ਹੀ, ਪੰਜ ਕਿਤਾਬਾਂ ਲਿਖੀਆਂ, ਨਾਮਵਰ ਨਾਮਾਨਿਗਾਰ ਰਹੀ ਤੇ ਅਨੇਕ ਇਨਾਮ ਹਾਸਲ ਕੀਤੇ। ਹੁਣ ਉਹ *ਸੰਡੇ ਟਾਈਮਜ਼* ਦੀ ਰਿਪੋਰਟਰ ਹੈ, ਪਤੀ ਅਤੇ ਬੇਟੇ ਲਾਲ ਲੰਡਨ ਵਿਚ ਰਹਿੰਦੀ ਹੈ। ਇਹ ਕਿਤਾਬ ਵੀਡਨਫੀਲਡ ਅਤੇ ਨਿਕਲਸਨ ਨੇ ਲੰਡਨ ਤੋਂ 2013 ਵਿਚ ਸਚਿਤਰ ਛਾਪੀ ਹੈ। ਹਥਲੇ ਲੇਖ ਵਾਸਤੇ ਜਾਣਕਾਰੀ ਇਸ ਕਿਤਾਬ ਵਿਚੋਂ ਲਈ ਹੈ।

ਸਾਰੀਆਂ ਸ਼ਖਸੀਅਤਾਂ ਦੇ ਮੂਲ ਲੇਖਕਾਂ ਅਤੇ ਪ੍ਰਕਾਸ਼ਕਾਂ ਦਾ ਸ਼ੁਕਰਾਨਾ ਜਿਨ੍ਹਾਂ ਦੀਆਂ ਕਿਤਾਬਾਂ ਵਿਚੋਂ ਨੋਟਸ ਲੈਕੇ ਇਹ ਬੁਰਜ ਉਸਾਰੇ। ਭਲੀ ਕਿਸਮਤ ਨੂੰ ਇਹੋ ਜਿਹੇ ਪਾਠਕ ਵੀ ਮਿਲੇ ਜਿਨ੍ਹਾਂ ਤੋਂ ਦਾਦ ਤਾਂ ਮਿਲੀ ਹੀ, ਪਰੂਫ ਰੀਡਿੰਗ ਰਾਹੀਂ ਗਲਤੀਆਂ ਸੋਧ ਕੇ ਅਗਲੀ ਐਡੀਸ਼ਨ ਵਾਸਤੇ ਮਦਦ ਕਰ ਦਿੰਦੇ, ਤਕਨੀਕੀ ਨੁਕਸ ਕੱਢਦੇ। ਆਖਰ ਇਹ ਕੰਮ ਮੇਰਾ ਇੱਕਲੇ ਦਾ ਨਾ ਹੋਕੇ ਲੋਕਵੇਦ ਵਾਂਗ ਸਾਰਿਆਂ ਦਾ ਹੋ ਜਾਂਦਾ। ਮੇਰੇ ਪਾਠਕ ਮੈਨੂੰ ਚੰਗੀਆਂ ਕਿਤਾਬਾਂ ਡਾਕ ਰਾਹੀਂ ਭੇਜਣ ਲੱਗ ਗਏ ਹਨ ਤਾਂ ਕਿ ਅਗੋਂ ਲਈ ਵਿਹਲਾ ਨਾ ਬੈਠ ਜਾਵਾਂ। ਸਾਂਝੀ ਮਿਹਨਤ ਬਿੰਦੂ ਨੂੰ ਗੇਂਦ ਵਿਚ ਬਦਲ ਦਿੰਦੀ ਹੈ, ਗੇਂਦ, ਜਿਸ ਵਿਚ ਕਿਧਰੇ ਚਿੱਬ ਨਹੀਂ ਦਿਸਣਾ ਚਾਹੀਦਾ।

ਮੁਖਬੰਧ ਲਿਖਣਾ ਹੋਵੇ ਤਾਂ ਟੈਗੋਰ ਅਤੇ ਪਾਸ਼ਾ ਤੋਂ ਸਿਖਾਂਗੇ। ਚੋਖੇਰ ਬਾਲੀ ਦੇ ਆਰੰਭ ਵਿਚ ਲਿਖਦੇ ਹਨ - ਨਿਕੀਆਂ ਕਹਾਣੀਆਂ ਟੁਟੇ ਤਾਰਿਆਂ ਵਾਂਗ ਮੇਰੀ ਝੋਲੀ ਵਿਚ ਡਿਗਦੀਆਂ ਰਹੀਆਂ, ਲੰਮੀ ਕਹਾਣੀ(ਨਾਵਲ) ਕਦੇ ਲਿਖੀ ਨਹੀਂ ਸੀ। ਬੰਗ ਦਰਸ਼ਨ ਦਾ ਸੰਪਾਦਕ ਸ੍ਰੀ ਚੰਦਰ ਮੇਰਾ ਪਾਠਕ ਵੀ ਸੀ ਦੋਸਤ ਵੀ। ਉਹ ਆ ਗਿਆ ਤੇ ਕਹਿਣ ਲੱਗਾ ਕਿ ਲੰਮੀ ਕਹਾਣੀ ਲਿਖੋ ਐਤਵਾਰ ਲੜੀਵਾਰ ਛਾਪਾਂਗੇ। ਮੈਨੂੰ ਕੁਝ ਖੁਆਣ ਪਿਲਾਣ ਦਾ ਲਾਲਚ ਵੀ ਦਿੱਤਾ। ਮੈਨੂੰ ਪਹਿਲੋਂ ਹੀ ਪਤਾ ਹੁੰਦੈ, ਮੇਰੇ ਅੰਦਰ ਜਦੋਂ ਤਿਆਗ ਅਤੇ ਲਾਲਚ ਵਿਚਕਾਰ ਯੁੱਧ ਛਿੜ ਜਾਏ ਤਾਂ ਤਿਆਗ ਹਾਰ ਜਾਂਦਾ ਹੈ। ਮੈਂ ਹਾਂ ਕਰ ਦਿੱਤੀ। ਮਨ ਨੂੰ ਕਿਹਾ - ਭੱਠੀ ਵਿਚ ਲੋਹਾ ਗਰਮ ਕਰ ਤੇ ਹਥੌੜੇ ਦੀਆਂ ਸੱਟਾਂ ਮਾਰੀ ਚੱਲ, ਕੋਈ ਮੂਰਤ ਆਪੇ ਪ੍ਰਗਟ ਹੋ ਜਾਏਗੀ।

ਜਾਨ ਗਲੱਬ ਪਾਸ਼ਾ ਨੇ ਕਿਤਾਬ ਲਿਖੀ *'ਦ ਲਾਸਟ ਡਿੱਚ, ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ।* ਮੁਖਬੰਧ ਵਿਚ ਲਿਖਿਆ - ਪਹਿਲੋਂ ਮੈਂ ਕੁਰਾਨ ਉਪਰ ਕਿਤਾਬ ਲਿਖੀ ਸੀ, ਉਸਦੇ ਮੁਖਬੰਧ ਵਿਚ ਇਹ ਕਹਿਕੇ ਪਾਠਕਾਂ ਤੋਂ ਗਲਤੀਆਂ ਦੀ ਖਿਮਾ ਮੰਗੀ ਸੀ ਕਿ ਕੁਰਾਨ ਬਾਬਤ ਵਧੀਕ ਸਮੱਗਰੀ ਮਿਲਦੀ ਨਹੀਂ ਇਸ ਕਰਕੇ ਗਲਤੀਆਂ ਦੀ ਸੰਭਾਵਨਾ ਰਹਿੰਦੀ ਹੈ। ਪਰ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਉਪਰ ਤਾਂ ਲਿਖਤਾਂ ਦੀ ਬਹੁਤਾਤ ਹੈ, ਹੁਣ ਕਿਹੜਾ ਬਹਾਨਾ ਲਾਕੇ ਗਲਤੀਆਂ ਦੀ ਖਿਮਾ ਮੰਗਾਂ?

ਪੰਜਾਬੀ ਯੂਨੀਵਰਸਿਟੀ ਪਟਿਆਲਾ ਹਰਪਾਲ ਸਿੰਘ ਪੰਨੂ
ਜੁਲਾਈ 2014


Statue de Jeanne d'Arc, du sculpteur Foyatier. Bas-reliefs. Grande et Petite Rues Bannier et de la République.
La Place du Martroi. Statue de Jeanne d'Arc.


Codi von Richthofen's SAINT JOAN OF ARC SUPERSTAR 2011


JJ Lewis http://womenshistory.about.com

## *ਜੋਨ ਆਫ ਆਰਕ*

(1412 - 30 ਮਈ 1431)

*(ਬਾਦਸ਼ਾਹ ਇੰਗਲੈਂਡ ਨੂੰ ਖਬਰ ਮਿਲੀ ਕਿ ਕਾਲ ਕੋਠੜੀ ਵਿਚ ਬੰਦ ਜੋਨ ਬਿਮਾਰ ਹੋ ਗਈ ਹੈ, ਉਹ ਬੇਚੈਨ ਹੋਇਆ। ਬਿਹਤਰੀਨ ਡਾਕਟਰ ਡਾਕਟਰਨੀਆਂ ਉਸਦੇ ਇਲਾਜ ਵਾਸਤੇ ਜੇਲ੍ਹ ਵਿੱਚ ਭੇਜਦਿਆਂ ਬਾਦਸ਼ਾਹ ਨੇ ਕਿਹਾ- ਕਿਸੇ ਸੂਰਤ ਵਿਚ ਜੋਨ ਦੀ ਮੌਤ ਕੁਦਰਤੀ ਨਹੀਂ ਹੋਣੀ ਚਾਹੀਦੀ। ਉਸ ਨੂੰ ਰਾਜ਼ੀ ਕਰੋ ਤਾਂ ਕਿ ਜਿਊਂਦੀ ਨੂੰ ਅੱਗ ਵਿਚ ਸਾੜੀਏ।)*

ਜੋਨ ਬਾਰੇ ਲਿਖਤੀ ਰਿਕਾਰਡ ਦਾ ਹਰ ਬਾਰੀਕ ਵਿਸਥਾਰ ਮਿਲਦਾ ਹੈ। ਇਕੱਲੀ ਪੈਰਿਸ ਆਰਕਾਈਵਜ਼ ਵਿਚ ਤੇਰ੍ਹਵੀਂ ਸਦੀ ਤੋਂ ਲੈ ਕੇ ਬੱਕਰੀ ਦੀ ਖੱਲ ਦੇ ਵਰਕਿਆਂ ਵਾਲੇ ਬਾਰਾਂ ਹਜ਼ਾਰ ਤੋਂ ਵਧੀਕ ਰਜਿਸਟਰ ਮੌਜੂਦ ਹਨ। ਇੰਗਲੈਂਡ ਉਸਦਾ ਦੁਸ਼ਮਣ ਦੇਸ਼ ਸੀ, ਤਾਂ ਵੀ ਲੰਡਨ ਆਰਕਾਈਵਜ਼ ਵਿਚ ਅੰਗਰੇਜ਼ੀ, ਫਰਾਂਸੀਸੀ ਅਤੇ ਲਾਤੀਨੀ ਵਿਚ ਉਸ ਨਾਲ ਸਬੰਧਤ ਰਿਕਾਰਡ ਸੁਰੱਖਿਅਤ ਹੈ। ਪੈਰਿਸ ਦੇ ਅਜਾਇਬ ਘਰ ਵਿਚ ਪਏ ਰਜਿਸਟਰ ਉਪਰ ਜਦੋਂ ਕਲਰਕ ਉਸਦਾ ਰੋਜ਼ਾਨਾ ਘਟਨਾਕ੍ਰਮ ਦਰਜ ਕਰ ਰਿਹਾ ਸੀ, ਉਸਦੇ ਦਿਲ ਵਿਚ ਪਤਾ ਨਹੀਂ ਕੀ ਫੁਰਨਾ ਫੁਰਿਆ, ਜਿਸ ਕਲਮ ਨਾਲ ਲਿਖ ਰਿਹਾ ਸੀ, ਉਸ ਨਾਲ ਹਾਸ਼ੀਏ ਉਪਰ ਜੋਨ ਦਾ ਚਿਹਰਾ ਉਕਰ ਦਿੱਤਾ। ਕਿਸੇ ਸਮਕਾਲੀ ਵਜੋਂ ਵਾਹਿਆ ਉਸਦਾ ਇਹ ਪਹਿਲਾ ਚਿੱਤਰ ਹੈ। ਜਿਸ ਵੇਲੇ ਦੀ ਇਹ ਸਾਖੀ ਹੈ ਉਦੋਂ ਫਰਾਂਸ ਉਪਰ ਅੰਗਰੇਜ਼ਾਂ ਦਾ ਰਾਜ ਸੀ। ਮੌਜੂਦਾ ਰਿਕਾਰਡ ਅੰਗਰੇਜ਼ਾਂ ਵੱਲੋਂ ਤਿਆਰ ਕੀਤਾ ਗਿਆ ਹੈ।

ਫਰਾਂਸ ਦਾ ਬਾਦਸ਼ਾਹ ਚਾਰਲਸ ਛੇਵਾਂ ਪਾਗਲਪਣ ਦਾ ਸ਼ਿਕਾਰ ਸੀ, ਉਸਦੀ ਮਹਾਰਾਣੀ ਈਸਾਬੀਊ ਇੰਗਲੈਂਡ ਦੇ ਬਾਦਸ਼ਾਹ ਹੈਨਰੀ ਪੰਜਵੇਂ ਨਾਲ ਮਿਲ ਕੇ ਸਾਜਿਸ਼ਾਂ ਵਿਚ ਸ਼ਾਮਿਲ ਹੋ ਗਈ ਸੀ, ਅਫਸਰ, ਜਾਗੀਰਦਾਰ ਅਤੇ ਜਰਨੈਲ ਭ੍ਰਿਸ਼ਟ ਹੋ ਗਏ ਸਨ, ਫਲਸਰੂਪ 1415 ਈ. ਵਿਚ ਅੰਗਰੇਜ਼ੀ ਸੈਨਾ ਨੇ 7000 ਫਰਾਂਸੀਸੀ ਕਤਲ ਕਰਕੇ, 1500 ਬੰਦੀ ਬਣਾ ਕੇ ਪੈਰਿਸ ਉਪਰ ਕਬਜ਼ਾ ਕਰ ਲਿਆ। ਇਸ ਯੁੱਧ ਵਿਚ ਪੰਜ ਸੌ ਅੰਗਰੇਜ਼ ਸੈਨਿਕ ਮਰੇ। ਸਾਲ 1392, ਚਾਰਲਸ ਵਿੱਚ ਪਾਗਲਪਣ ਦੇ ਲੱਛਣ ਪ੍ਰਗਟ ਹੋ ਗਏ ਸਨ ਪਰ ਸਵਾਰਥੀ ਸਰਦਾਰਾਂ ਨੇ ਅਗਲੇ ਯੋਗ ਬਾਦਸ਼ਾਹ ਦੀ ਤਾਜਪੋਸ਼ੀ ਕਰਨ ਦੀ ਥਾਂ ਆਪਣੇ ਦੇਸ ਨੂੰ ਲੁੱਟਣਾ ਮੁਨਾਸਿਬ ਸਮਝਿਆ ਕਿਉਂਕਿ ਵਰਜਣ ਵਾਲਾ ਕੋਈ ਨਹੀਂ ਸੀ। ਲੰਡਨ ਦੇ ਬਾਦਸ਼ਾਹ ਹੈਨਰੀ ਨੇ ਫਰਾਂਸੀਸੀ ਸਰਦਾਰਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਕਿਹਾ, ''ਰੱਬ ਦੀ ਇੱਛਾ ਇਨ੍ਹਾਂ ਨੂੰ ਸਜ਼ਾ ਦੇਣ ਦੀ ਹੈ।'' ਫਰਾਂਸੀਸੀ ਸ਼ਾਹਜ਼ਾਦਾ ਡਾਫਿਨ, ਜਿਸਨੂੰ ਬਾਅਦ ਵਿਚ ਚਾਰਲਸ ਸੱਤਵਾਂ ਕਿਹਾ ਗਿਆ 1403 ਵਿਚ ਜੰਮਿਆ ਸੀ, ਯਾਨੀ ਕਿ ਉਸਦੀ ਉਮਰ ਇਸ ਵਕਤ ਬਾਰਾਂ ਸਾਲ ਦੀ ਸੀ। ਹੈਨਰੀ ਪੰਜਵੇਂ ਨੇ ਇਸ ਦੀ ਸ਼ਾਹਜ਼ਾਦੀ ਭੈਣ ਨਾਲ ਵਿਆਹ ਕਰਵਾ ਕੇ ਆਪਣਾ ਰਾਜ ਭਾਗ ਥਿਰ ਕੀਤਾ ਤੇ ਸਿਆਸੀ ਤੌਰ ਤੇ ਦਿਖਾਵਾ ਇਸ ਤਰ੍ਹਾਂ ਕੀਤਾ ਜਿਵੇਂ ਇੰਗਲੈਂਡ ਅਤੇ ਫਰਾਂਸ ਇਕ ਦੇਸ ਹੋਵੇ, ਜਿਵੇਂ ਇੰਗਲੈਂਡ ਉਪਰ ਹੈਨਰੀ ਦਾ ਤੇ ਫਰਾਂਸ ਉਪਰ ਚਾਰਲਸ ਸੱਤਵੇਂ ਦਾ ਰਾਜ ਹੋਏ। ਚਾਰਲਸ ਨਾਂਮਾਤਰ ਦਾ ਬਾਦਸ਼ਾਹ ਸੀ, ਉਮਰ ਅਤੇ ਅਕਲ ਦੋਵੇਂ ਪਾਸਿਓਂ ਅਪਾਹਜ। ਫਰਾਂਸ ਦਾ ਕੌਮੀ ਚਿੰਨ੍ਹ ਲਿੱਲੀ ਫਲਾਵਰ ਅਤੇ ਇੰਗਲੈਂਡ ਦਾ ਚੀਤਾ, ਤਾਜ ਅਤੇ ਸਰਕਾਰੀ ਹਥਿਆਰਾਂ ਉਪਰ ਖੁਣੇ ਗਏ। ਲਿੱਲੀ ਫਲਾਵਰ ਦਾ ਸਿੱਕੇ ਉਪਰ ਥਾਂ ਇੱਕ ਚੌਥਾਈ ਅਤੇ ਚੀਤੇ ਦਾ ਤਿੰਨ ਚੌਥਾਈ ਹੈ। ਇਤਫਾਕਨ 31 ਅਗਸਤ 1422 ਨੂੰ ਹੈਨਰੀ ਦੀ ਮੌਤ ਹੋ ਗਈ, 53 ਸਾਲਾ ਚਾਰਲਸ ਛੇਵਾਂ ਉਸਨੂੰ ਦਫ਼ਨ ਕਰਨ ਵਾਲਿਆਂ ਵਿਚ ਸੀ। ਦਸ ਮਹੀਨੇ ਉਮਰ ਦੇ ਸ਼ਾਹਜ਼ਾਦੇ ਸਿਰ ਤਾਜ ਧਰ ਕੇ ਹੈਨਰੀ ਛੇਵਾਂ ਬਾਦਸ਼ਾਹ ਥਾਪਿਆ ਗਿਆ ਪਰ ਇਸ ਨਿੱਕੇ ਬਾਦਸ਼ਾਹ ਦੇ ਸਰਪ੍ਰਸਤ ਅਤੇ ਸਰਦਾਰ, ਜ਼ਿੰਮੇਵਾਰ ਰਿਸ਼ਤੇਦਾਰ ਸਨ। ਚਾਰਲਸ ਛੇਵਾਂ ਲੋਇਰੀ ਦੇ ਕਿਲੇ ਵਿਚ ਚਲਾ ਗਿਆ ਕਿਉਂਕਿ ਇਹ ਉਸਦੇ ਵਫਾਦਾਰਾਂ ਦਾ ਇਲਾਕਾ ਸੀ। ਉਸਦੇ ਕਰਨ ਧਰਨ ਲਈ ਕੁਝ ਨਹੀਂ ਬਚਿਆ ਸੀ। ਉਸਦਾ ਨਾਬਾਲਗ ਪੁੱਤਰ ਅੰਗਰੇਜ਼ਾਂ ਦੀ ਪੁਤਲੀ ਵਜੋਂ ਰਾਜ ਕਰ ਰਿਹਾ ਸੀ।

ਓਰਲੀਅਨ ਕਸਬਾ ਸੈਨਿਕ ਯੁੱਧ ਨੀਤੀ ਵਜੋਂ ਅਹਿਮ ਹੋਣ ਕਾਰਨ ਅੰਗਰੇਜ਼ਾਂ ਦੇ ਘੇਰੇ ਵਿਚ ਸੀ। ਇਹ ਘੇਰਾ ਦੇਰ ਤੱਕ ਰਹਿਣ ਕਾਰਨ ਲੋਕਾਂ ਦੀ ਜ਼ਿੰਦਗੀ ਨਰਕ ਬਣੀ ਹੋਈ ਸੀ ਜਿਨ੍ਹਾਂ ਕੋਲ ਰੱਬ ਤੋਂ ਇਲਾਵਾ ਹੋਰ ਕੋਈ ਸਹਾਰਾ ਨਹੀਂ ਸੀ। ਐਤਵਾਰ 8 ਮਈ, 1429 ਨੂੰ ਅਚਾਨਕ ਓਰਲੀਅਨ ਦੁਆਲਿਓਂ ਅੰਗਰੇਜ਼ੀ ਸੈਨਾ ਨੇ ਘੇਰਾ ਹਟਾ ਲਿਆ। ਇਹ ਧਮਾਕਾਖੇਜ਼ ਖਬਰ ਸੀ। ਪਤਾ ਨਹੀਂ ਕੀ ਹੋਇਆ, ਹੌਲੀ ਹੌਲੀ ਹਰੇਕ ਵਸਨੀਕ ਦੇ ਮੂੰਹੋਂ ਇਹ ਲਫਜ਼ ਨਿਕਲ ਰਹੇ ਸਨ- ਝੰਡੇ ਵਾਲੀ ਜਵਾਨ ਬੀਬੀ ਨੇ ਕਰਾਮਾਤ ਕਰ ਦਿੱਤੀ। ਅਜਾਇਬ ਘਰ ਵਿਚ ਪਏ ਰਜਿਸਟਰ ਵਿਚ ਕਲਰਕ ਕਲੀਮੈਂਟ ਨੇ ਇਹੋ ਦਰਜ ਕੀਤਾ ਹੈ- ਮੇਡ ਬੀਅਰਿੰਗ ਏ ਬੈਨਰ।

ਅੰਗਰੇਜ਼ਾਂ ਨੂੰ ਖਦੇੜ ਕੇ ਬਾਦਸ਼ਾਹ ਦੀ ਤਾਜਪੋਸ਼ੀ ਕਰਨ ਉਪਰੰਤ ਅਜੇ ਉਹ ਇਕ ਇਕ ਕੋਨਾ ਛਾਣਦੀ ਫਿਰ ਰਹੀ ਸੀ, ਘਿਰ ਗਈ, ਗ੍ਰਿਫਤਾਰ ਕਰ ਲਈ ਗਈ। ਮੁਕੱਦਮੇ ਦੌਰਾਨ ਉਸ ਤੋਂ ਜੋ ਜੋ ਸਵਾਲ ਪੁੱਛੇ ਗਏ, ਉਨ੍ਹਾਂ ਤੋਂ ਉਸ ਦਾ ਪਿਛੋਕੜ ਦੇਖਦੇ ਹਾਂ-

ਸਵਾਲ- ਧਰਮ ਦੀ ਸਹੁੰ ਖਾ ਕੇ ਆਖ, ਸਵਾਲਾਂ ਦੇ ਉਤਰ ਦੇਣ ਵੇਲੇ ਸੱਚ ਬੋਲੇਂਗੀ।

ਜੋਨ ਨੇ ਗੋਡੇ ਜ਼ਮੀਨ ਤੇ ਟਿਕਾਏ, ਦੋਵੇਂ ਹੱਥ ਬਾਈਬਲ ਉਪਰ ਰੱਖ ਕੇ ਸੱਚ ਬੋਲਣ ਦਾ ਪ੍ਰਣ ਲਿਆ।
ਸਵਾਲ- ਤੇਰਾ ਪੂਰਾ ਨਾਮ ਤੇ ਤਖੱਲਸ ਕੀ ਹੈ?
ਜੋਨ- ਮੇਰੇ ਪਿੰਡ ਵਿਚ ਮੈਨੂੰ ਜੈਨਿਟੀ ਕਹਿੰਦੇ ਨੇ, ਜਦੋਂ ਫਰਾਂਸ ਆਈ, ਇਥੇ ਜੋਨ ਕਹਿਣ ਲੱਗ ਪਏ। ਮੇਰਾ ਕੋਈ ਤਖੱਲਸ ਨਹੀਂ ਹੈ।
ਸਵਾਲ- ਜਨਮ ਕਿੱਥੇ ਹੋਇਆ?
ਜੋਨ- ਡੋਮਰੇਮੀ ਪਿੰਡ ਵਿਚ। ਇਹ ਆਬਾਦੀ ਵੱਡੇ ਗਰੇਕਸ ਚਰਚ ਨਜ਼ਦੀਕ ਹੈ।
ਸਵਾਲ- ਮਾਪਿਆਂ ਦਾ ਨਾਮ?
ਜੋਨ- ਪਿਤਾ ਜੈਕ ਆਫ ਆਰਕ ਤੇ ਮਾਂ ਈਸਾਬੇਲੀ।
ਸਵਾਲ- ਬਪਤਿਸਮਾ (ਅੰਮ੍ਰਿਤ) ਕਿਥੋਂ ਛਕਿਆ ਸੀ।
ਜੋਨ- ਡੋਮਰੇਮੀ ਦੇ ਚਰਚ ਵਿਚੋਂ।
ਸਵਾਲ- ਧਰਮ-ਪਿਤਾ ਤੇ ਧਰਮ-ਮਾਤਾ ਕੌਣ ਸਨ?
ਜੋਨ- ਏਗਨਿਸ, ਜੀਨ, ਸਿਬਲੀ, ਮਾਂ ਦੱਸਦੀ ਹੁੰਦੀ ਹੈ ਕਈ ਧਰਮੀ ਮਾਪੇ ਸਨ।
ਸਵਾਲ- ਬਪਤਿਸਮਾ ਕਿਸ ਪੁਜਾਰੀ ਨੇ ਦਿੱਤਾ ਸੀ?
ਜੋਨ- ਮਾਸਟਰ ਜੀਨ ਮਿਨੇ ਨੇ।
ਸਵਾਲ- ਅਜੇ ਜਿਊਂਦਾ ਹੈ ਉਹ?
ਜੋਨ- ਮੇਰਾ ਖਿਆਲ ਹੈ, ਹਾਂ।
ਸਵਾਲ- ਤੇਰੀ ਉਮਰ ਕਿੰਨੀ ਹੈ?
ਜੋਨ- ਉੱਨੀ ਸਾਲ ਦੇ ਕਰੀਬ, ਇਹੋ ਦੱਸਿਆ ਸੀ ਮਾਂ ਨੇ।
ਸਵਾਲ- ਤੂੰ ਕੋਈ ਕੰਮ ਧੰਦਾ ਵੀ ਸਿੱਖਿਆ ਸੀ?
ਜੋਨ- ਹਾਂ, ਸੂਤ ਕੱਤਣਾ, ਕੱਪੜੇ ਸੀਣੇ, ਖੇਤਾਂ ਵਿਚ ਪਿਤਾ ਦਾ ਹੱਥ ਵੀ ਵਟਾਉਂਦੀ।

ਮੁਕੱਦਮੇ ਦੌਰਾਨ ਅੰਗਰੇਜ਼ੀ ਸਰਕਾਰ ਨੇ ਉਸਦੇ ਪਿੰਡ ਮੁਲਾਜ਼ਮ ਭੇਜ ਕੇ ਪਿਛੋਕੜ ਦਾ ਪਤਾ ਕਰਵਾਇਆ। ਪਿੰਡ ਦਾ ਬੱਚਾ ਬੱਚਾ ਉਸਨੂੰ ਜਾਣਦਾ ਸੀ। ਜੋਨ ਵੱਲੋਂ ਦਿੱਤੀ ਜਾਣਕਾਰੀ ਵਿਚ ਨੁਕਸ ਨਹੀਂ ਸੀ। ਸੱਤਰ ਸਾਲ ਦੇ ਕਿਸਾਨ ਜੀਨ ਮਾਰੀਓ ਨੇ ਦੱਸਿਆ- ''ਮਾਪੇ ਸਖਤ ਮਿਹਨਤ ਕਰਨ ਵਾਲੇ ਕਿਸਾਨ ਸਨ, ਪੂਰੇ ਇੱਜ਼ਤਦਾਰ। ਮਾਪਿਆਂ ਨੂੰ ਆਪਣੀ ਨੇਕ ਧੀ ਉਪਰ ਮਾਣ ਸੀ। ਇਸ ਕੁੜੀ ਨੇ ਧਰਮ ਵੀ ਚਰਚ ਵਿਚੋਂ ਬਹੁਤਾ ਨਹੀਂ, ਮਾਪਿਆਂ ਕੋਲੋਂ ਸਿੱਖਿਆ ਸੀ। ਪਸ਼ੂ ਤਾਂ ਚਾਰਦੀ ਹੀ, ਹਲ ਵਾਹ ਲੈਂਦੀ ਸੀ। ਚਰਚ ਵਿਚ ਘੰਟੀ ਖੜਕਦੀ ਤਾਂ ਉਹ ਉਪਦੇਸ਼ ਸੁਣਨ ਚਲੀ ਜਾਂਦੀ। ਪ੍ਰਾਰਥਨਾ ਕਰਦੀ ਤੇ ਰੱਬ ਕੋਲੋਂ ਭੁੱਲਾਂ ਬਖਸ਼ਾਉਂਦੀ।''

ਬਾਦ ਵਿਚ ਚਾਲੀ ਸਾਲ ਦੇ ਸਿਮੋਨਿਨ ਨੇ ਦੱਸਿਆ, ''ਬਚਪਨ ਵਿਚ ਅਸੀਂ ਇਕੱਠੇ ਖੇਡਦੇ, ਹਾਣੀ ਜੁ ਸਾਂ, ਨਾਲ ਨਾਲ ਸਾਡੇ ਘਰ ਸਨ, ਚੰਗੀ ਸੀ, ਧਰਮੀ ਸੀ, ਚਰਚ ਜਾਂਦੀ, ਲੋੜਵੰਦਾਂ ਨੂੰ ਦਾਨ ਦਿੰਦੀ, ਬਿਮਾਰਾਂ ਦੀ ਖਬਰ ਲੈਣ ਜਾਂਦੀ। ਮੈਂ ਬਿਮਾਰ ਹੋ ਗਿਆ ਸਾਂ ਮੈਨੂੰ ਯਾਦ ਹੈ ਮੇਰੇ ਕੋਲ ਆਈ, ਮੇਰੀ ਤੰਦਰੁਸਤੀ ਵਾਸਤੇ ਪ੍ਰਾਰਥਨਾ ਕਰਕੇ ਗਈ। ਇਹ ਬਚਪਨ ਦੀ ਗੱਲ ਹੈ।''

ਪਿੰਡ ਦੇ ਬਾਹਰ ਵੱਡਾ ਦਰੱਖਤ ਜਿਸ ਲਾਗੇ ਝਰਨਾ ਹੈ, ਲੋਕ ਉਸਨੂੰ ਪਰੀਆਂ ਦਾ ਦਰਖਤ ਕਹਿੰਦੇ ਸਨ। ਨਿੱਕੀਆਂ ਕੁੜੀਆਂ ਹਾਰ ਪਰੋ ਕੇ ਇਸਦੀ ਟਾਹਣੀ ਨਾਲ ਟੰਗ ਦਿੰਦੀਆਂ, ਕੁਝ ਹਾਰ ਘਰ ਲੈ ਜਾਂਦੀਆਂ। ਕਹਿੰਦੇ ਨੇ ਝਰਨੇ ਦਾ ਪਾਣੀ ਪੀ ਕੇ ਮਰੀਜ਼ ਰਾਜ਼ੀ ਹੋ ਜਾਂਦੇ। ਜੋਨ ਕੁੜੀਆਂ ਨਾਲ ਨੱਚਦੀ ਤਾਂ ਦੇਖੀ ਨਹੀਂ, ਗੀਤ ਗਾਉਂਦੀ ਜ਼ਰੂਰ ਸੁਣੀ ਗਈ।

ਸਵਾਲ- ਪਤਾ ਲੱਗੈ ਤੂੰ ਕਿਸੇ ਜੁਆਨ ਨੂੰ ਪਿਆਰ ਕਰਦੀ ਸੀ, ਕਿਉਂਕਿ ਉਹ ਤੇਰੇ ਨਾਲ ਵਿਆਹ ਕਰਵਾਉਣੋਂ ਮੁੱਕਰ ਗਿਆ, ਤੂੰ ਉਸਨੂੰ ਪਾਦਰੀ ਅੱਗੇ ਪੇਸ਼ ਕੀਤਾ ਸੀ।
ਜੋਨ- ਉਲਟ ਹੋਇਆ ਸੀ। ਉਸ ਮੁੰਡੇ ਨੇ ਪਾਦਰੀ ਕੋਲ ਮੇਰੀ ਸ਼ਿਕਾਇਤ ਲਾਈ ਸੀ ਕਿ ਮੈਂ ਵਿਆਹ ਤੋਂ ਮੁੱਕਰੀ ਹਾਂ। ਪਾਦਰੀ ਨੇ ਮੁੰਡੇ ਨੂੰ ਸਹੁੰ ਖਾ ਕੇ ਸੱਚ ਬੋਲਣ ਲਈ ਕਿਹਾ ਤਾਂ ਮੁੰਡਾ ਮੰਨ ਗਿਆ ਕਿ ਮੈਂ ਉਸ ਨਾਲ ਕੋਈ ਵਾਅਦਾ ਨਹੀਂ ਕੀਤਾ ਸੀ, ਉਹ ਝੂਠਾ ਨਿਕਲਿਆ।
ਸਵਾਲ- ਉਸ ਮੁੰਡੇ ਨਾਲ ਵਿਆਹ ਕਰਵਾਉਣ ਵਿਚ ਕੀ ਹਰਜ ਸੀ?
ਜੋਨ- ਜੇ ਮੈਂ ਹਾਂ ਕਰ ਦਿੰਦੀ, ਮੇਰੇ ਮਾਪੇ ਖੁਸ਼ ਹੁੰਦੇ। ਮੇਰਾ ਇਨਕਾਰ ਸੁਣਕੇ ਦੁਖੀ ਹੋਏ। ਮੈਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਤੇਰਾਂ ਚੌਦਾਂ ਸਾਲ ਦੀ ਉਮਰ ਤੋਂ ਮੈਨੂੰ ਅਹਿਸਾਸ ਹੋਣ ਲੱਗਾ ਸੀ ਕਿ ਜੇ ਮੈਂ ਕੁਆਰੀ ਰਹਾਂ ਤਾਂ ਰੱਬ ਖੁਸ਼ ਹੋਵੇਗਾ। ਮੇਰੇ ਮਾਪੇ ਮੇਰੇ ਉਪਰ ਕਰੜੀ ਨਿਗਾਹ ਰੱਖਣ ਲੱਗੇ।
ਸਵਾਲ- ਪਤਾ ਲੱਗੈ ਤੈਨੂੰ ਆਵਾਜ਼ਾਂ ਸੁਣਾਈ ਦਿੰਦੀਆਂ ਸਨ, ਕੀ ਹੁੰਦਾ ਸੀ?

www.punjabilibrary.com

ਜੋਨ- ਤੇਰਾਂ ਸਾਲ ਦੀ ਉਮਰੇ ਪਹਿਲੀ ਵਾਰ ਆਵਾਜ਼ ਸੁਣੀ, ਰੱਬ ਦੀ ਆਵਾਜ਼, ਕਿਹਾ- ਮੈਂ ਤੇਰਾ ਖਿਆਲ ਰੱਖਾਂਗਾ। ਜਿਸ ਪਾਸਿਓਂ ਆਵਾਜ਼ ਆਈ ਉਸ ਪਾਸੇ ਰੋਸ਼ਨੀ ਵੀ ਸੀ।

ਸਵਾਲ- ਤੇਰਾ ਖਿਆਲ ਰੱਖਾਂਗਾ, ਇਸ ਦਾ ਕੀ ਮਤਲਬ?

ਜੋਨ- ਕਿਹਾ ਗਿਆ ਮੈਂ ਧਰਮੀ ਰਹਾਂ, ਗਿਰਜੇ ਜਾਇਆ ਕਰਾਂ। ਹਫਤੇ ਵਿਚ ਦੋ ਜਾਂ ਤਿੰਨ ਵਾਰ ਆਵਾਜ਼ ਆਉਣ ਲੱਗੀ, ਮੈਨੂੰ ਕਿਹਾ- ਫਰਾਂਸ ਵਿਚ ਜਾਹ। ਮਾਪਿਆਂ ਨੂੰ ਨਾ ਦੱਸੀਂ, ਓਰਲੀਨ ਦੁਆਲੇ ਘੇਰਾ ਪੈ ਗਿਐ, ਤੂੰ ਲੋਕਾਂ ਨੂੰ ਆਜ਼ਾਦ ਕਰਵਾ। ਮੈਂ ਕਿਹਾ- ਮੈਨੂੰ ਘੋੜ ਸਵਾਰੀ ਨਹੀਂ ਆਉਂਦੀ, ਮੈਨੂੰ ਯੁੱਧ ਲੜਨਾ ਨਹੀਂ ਆਉਂਦਾ।

ਸਵਾਲ- ਕੀ ਪਤਾ ਇਹ ਸ਼ੈਤਾਨ ਦੀ ਆਵਾਜ਼ ਹੋਵੇ?

ਜੋਨ- ਜਿਹੜੀ ਆਵਾਜ਼ ਮੈਨੂੰ ਨੇਕ ਬਣਨ ਲਈ ਆਖਦੀ, ਸ਼ੈਤਾਨ ਦੀ ਨਹੀਂ ਹੋ ਸਕਦੀ। ਸ਼ੁਰੂ ਸ਼ੁਰੂ ਵਿਚ ਡਰੀ ਵੀ, ਹੌਲੀ ਹੌਲੀ ਮੇਰਾ ਵਿਸ਼ਵਾਸ ਬਣਦਾ ਗਿਆ। ਮੈਨੂੰ ਫਰਾਂਸ ਜਾ ਕੇ ਬਾਦਸ਼ਾਹ ਦੀ ਤਾਜਪੋਸ਼ੀ ਕਰਨ ਲਈ ਕਿਹਾ ਗਿਆ। ਮੈਨੂੰ ਦੱਸਿਆ ਗਿਆ ਕਿ ਫਰਾਂਸ ਮੁਸੀਬਤ ਵਿਚ ਘਿਰ ਗਿਆ ਹੈ, ਮੁਕਤ ਕਰ।

ਸਵਾਲ- ਤੂੰ ਮਾਪਿਆਂ ਨੂੰ ਦੱਸੇ ਬਗੈਰ ਚਲੀ ਗਈ, ਤੇਰੇ ਖਿਆਲ ਵਿਚ ਇਹ ਠੀਕ ਸੀ?

ਜੋਨ- ਦੱਸ ਦਿੰਦੀ ਤਾਂ ਉਨ੍ਹਾਂ ਮੈਨੂੰ ਆਗਿਆ ਨਹੀਂ ਦੇਣੀ ਸੀ। ਫਰਾਂਸ ਜਾ ਕੇ ਮੈਂ ਉਨ੍ਹਾਂ ਨੂੰ ਖਤ ਲਿਖ ਕੇ ਖਿਮਾਂ ਮੰਗੀ, ਉਨ੍ਹਾਂ ਖਿਮਾਂ ਕਰ ਦਿੱਤੀ।

ਸਵਾਲ- ਤੈਨੂੰ ਇਉਂ ਨਹੀਂ ਲੱਗਾ ਕਿ ਘਰੋਂ ਦੌੜ ਜਾਣਾ ਪਾਪ ਹੁੰਦਾ ਹੈ?

ਜੋਨ- ਇਹ ਰੱਬ ਦੀ ਆਵਾਜ਼ ਸੀ, ਪਾਪ ਕਿਵੇਂ ਲਗਦਾ? ਸੌ ਪਿਤਾ ਹੁੰਦੇ ਜਾਂ ਸੌ ਮਾਵਾਂ, ਚਾਹੇ ਮੈਂ ਬਾਦਸ਼ਾਹ ਦੀ ਸ਼ਾਹਜ਼ਾਦੀ ਹੁੰਦੀ, ਮੈਂ ਤਾਂ ਰੱਬ ਦਾ ਆਖਾ ਮੰਨਣਾ ਸੀ।

ਉਹ ਬਾਦਸ਼ਾਹ ਦੇ ਸਰਦਾਰ ਜੀਨ ਨੋਵੈਲੋ ਨੂੰ ਮਿਲੀ ਤੇ ਦੱਸਿਆ ਕਿ ਬਾਦਸ਼ਾਹ ਨੂੰ ਮਿਲਣ ਦੀ ਇਛੁਕ ਹੈ। ਗਰੀਬ ਕੁੜੀ ਵਾਂਗ ਸਸਤਾ ਲਾਲ ਸੂਟ ਪਹਿਨਿਆ ਹੋਇਆ ਸੀ, ਜੀਨ ਨੂੰ ਕਿਹਾ- ਤੁਸੀਂ ਬਾਦਸ਼ਾਹ ਨੂੰ ਮਿਲਾ ਸਕਦੇ ਹੋ। ਮੈਂ ਤਾਜਪੋਸ਼ੀ ਕਰਨ ਵਾਸਤੇ ਆਈ ਹਾਂ। ਸਰਦਾਰ ਨੇ ਕਿਹਾ- ਪਿਆਰੀ ਗੁੱਡੀ, ਭਲਾ ਇਹ ਚੰਗਾ ਨਾ ਹੋਵੇ ਜੇ ਸਰਕਾਰ ਬਾਦਸ਼ਾਹ ਨੂੰ ਜਲਾਵਤਨ ਕਰ ਦੇਵੇ ਤੇ ਆਪਾਂ ਅੰਗਰੇਜ਼ੀ ਰਾਜ ਪ੍ਰਵਾਨ ਕਰ ਲਈਏ? ਜੋਨ ਨੇ ਕਿਹਾ- ਫਰਾਂਸ ਮੇਰੇ ਰਾਹੀਂ ਸੁਤੰਤਰ ਹੋਵੇਗਾ। ਇਕ ਔਰਤ ਕਾਰਨ ਗੁਲਾਮ ਹੋਇਆ, ਹੁਣ ਇਕ ਔਰਤ ਇਸਨੂੰ ਮੁਕਤ ਕਰੇਗੀ। ਮੇਰੇ ਵਿਚ ਤਾਕਤ ਨਾ ਹੁੰਦੀ ਤਾਂ ਮੈਂ ਮਾਂ ਕੋਲ ਬੈਠੀ ਚਰਖਾ ਨਾ ਕੱਤਦੀ ਹੁੰਦੀ? ਮਾਲਕ ਦੀ ਰਜ਼ਾ ਹੋਰ ਹੈ। ਜੀਨ ਨੇ ਪੁੱਛਿਆ- ਤੇਰਾ ਮਾਲਕ ਕੌਣ ਹੈ?

- ਰੱਬ ਹੋਰ ਕੌਣ?
- ਕਦੋਂ ਚੱਲੀਏ?
- ਅੱਜ ਠੀਕ ਹੈ, ਨਹੀਂ ਫਿਰ ਕੱਲ੍ਹ। ਹੋਰ ਵਧੀਕ ਵਕਤ ਨਹੀਂ।

ਜੀਨ- ਇਸੇ ਤਰ੍ਹਾਂ ਤੁਰ ਚੱਲੀਏ?

ਜੋਨ- ਨਹੀਂ, ਮੈਂ ਮਰਦਾਵਾਂ ਲਿਬਾਸ ਪਹਿਨ ਕੇ ਜਾਵਾਂਗੀ।

ਸਰਦਾਰ ਨੇ ਮਰਦਾਵਾਂ ਲਿਬਾਸ ਦੇ ਦਿੱਤਾ ਤੇ 16 ਫਰਾਂਕ ਦਾ ਵਧੀਆ ਘੋੜਾ ਖਰੀਦਿਆ। ਆਪਣੇ ਖਰਚੇ ਤੇ ਚਿੰਨੋਂ ਕਿਲੇ ਵੱਲ ਤੋਰ ਦਿੱਤੀ ਜਿਥੇ ਬਾਦਸ਼ਾਹ ਦਾ ਨਿਵਾਸ ਸੀ। ਉਸਨੂੰ ਹਥਿਆਰ ਅਤੇ ਸੁਰੱਖਿਆ ਦਸਤਾ ਦਿੱਤਾ। ਕਪਤਾਨ ਬਰਟਰੰਡ ਦੱਸਦਾ ਹੈ- ਮੈਂ ਜਵਾਨ ਸਾਂ। ਖਤਰਿਆਂ ਭਰੇ ਰਸਤਿਆਂ ਰਾਹੀਂ ਉਜਾੜਾਂ ਵਿਚੋਂ ਦੀ ਜਾਂਦਿਆਂ ਰਾਤ ਪੈ ਗਈ ਤਾਂ ਅਸੀਂ ਸਾਰੇ ਇਕੋ ਕਮਰੇ ਵਿਚ ਸੁੱਤੇ। ਮੇਰੇ ਦਿਲ ਵਿਚ ਕਾਮ ਵਾਸ਼ਨਾ ਪੈਦਾ ਹੋਣੀ ਚਾਹੀਦੀ ਸੀ। ਸਹੁੰ ਖਾਨਾਂ, ਉਹ ਇੰਨੀ ਨੇਕ ਕੁੜੀ ਸੀ ਕਿ ਕਿਸੇ ਦੇ ਦਿਲ ਵਿਚ ਮੰਦਾ ਖਿਆਲ ਨਹੀਂ ਆਇਆ। ਮੰਜ਼ਿਲ ਤੱਕ ਪੁੱਜਣ ਲਈ ਦਿਨ ਲੱਗੇ, ਕਈ ਥਾਵਾਂ ਤੇ ਮੈਂ ਤੇ ਮੇਰੇ ਸਾਥੀ ਘਬਰਾਏ, ਇਹ ਦਰਵੇਸ਼ ਕੁੜੀ ਥਿਰ ਤੁਰਦੀ ਰਹੀ। ਰਾਹ ਵਿਚ ਦੋ ਵਾਰ ਚਰਚ ਵਿਚ ਮੱਥਾ ਟੇਕਿਆ। ਮੇਰੇ ਉਪਰ ਉਸਦੀ ਪਵਿੱਤਰਤਾ ਨੇ ਪੂਰਾ ਕਬਜ਼ਾ ਕਰ ਲਿਆ। 12 ਨੂੰ ਚੱਲ ਕੇ 23 ਫਰਵਰੀ 1429 ਨੂੰ ਚਿੰਨੋ ਪੁੱਜੇ।

ਬਾਦਸ਼ਾਹ ਨਾਲ ਮੁਲਾਕਾਤ ਬਾਰੇ ਗ੍ਰਿਫਤਾਰੀ ਤੋਂ ਬਾਅਦ ਅਦਾਲਤ ਨੇ ਜੋਨ ਨੂੰ ਜੋ ਸਵਾਲ ਪੁੱਛੇ ਉਨ੍ਹਾਂ ਦਾ ਵੇਰਵਾ ਇਉਂ ਹੈ:

ਵਕੀਲ- ਜੋਨ, ਪਹਿਲੀ ਵਾਰ ਜਦੋਂ ਤੂੰ ਬਾਦਸ਼ਾਹ ਨੂੰ ਮਿਲੀ, ਅਦਾਲਤ ਨੂੰ ਉਸ ਬਾਰੇ ਦੱਸ।

ਜੋਨ- ਦੁਪਹਿਰੇ ਸਰਾਂ ਵਿਚ ਪੁੱਜ ਕੇ ਖਾਣਾ ਖਾਧਾ, ਫਿਰ ਕਿਲੇ ਵਿਚ ਬਾਦਸ਼ਾਹ ਨੂੰ ਮਿਲਣ ਗਈ। ਬਗੈਰ ਕਿਸੇ ਦੀ ਮੱਦਦ ਦੇ ਮੈਂ ਬਾਦਸ਼ਾਹ ਨੂੰ ਪਛਾਣ ਲਿਆ ਬੇਸ਼ੱਕ ਉਹ ਸਾਦੇ ਲਿਬਾਸ ਵਿਚ ਸੀ, ਉਸਦੇ ਅਹਿਲਕਾਰ ਸ਼ਾਨਦਾਰ ਵਰਦੀਆਂ ਵਿਚ। ਮੈਂ ਜਾਣ ਸਾਰ ਕਿਹਾ- ਮਹਾਰਾਜ, ਮੈਂ ਫਰਾਂਸ ਵਿਚੋਂ ਅੰਗਰੇਜ਼ਾਂ ਦਾ ਸਫਾਇਆ ਕਰਨ ਆਈ ਹਾਂ।

ਸਵਾਲ- ਜਦੋਂ ਬਾਦਸ਼ਾਹ ਨੂੰ ਪਛਾਣਿਆ, ਉਧਰ ਕੋਈ ਖਾਸ ਰੋਸ਼ਨੀ ਪ੍ਰਗਟ ਹੋਈ ਸੀ ਉਦੋਂ?

ਜੋਨ- ਅਗਲਾ ਸਵਾਲ ਕਰੋ।

ਸਵਾਲ- ਬਾਦਸ਼ਾਹ ਦੇ ਸਿਰ ਉਪਰ ਕੋਈ ਫਰਿਸ਼ਤਾ ਉੱਡਦਾ ਦੇਖਿਆ?
ਜੋਨ- ਖਿਮਾਂ ਕਰੋ। ਮੇਰੀ ਹਾਜ਼ਰੀ ਵਿਚ ਬਾਦਸ਼ਾਹ ਨੂੰ ਇਲਹਾਮ ਪ੍ਰਾਪਤ ਹੋਇਆ, ਇਹ ਮੇਰੇ ਅਤੇ ਬਾਦਸ਼ਾਹ ਵਿਚਕਾਰ ਹੈ। ਅਗਲਾ ਸਵਾਲ।
ਬਿਸ਼ਪ ਕਾਸ਼ੋ- ਤੂੰ ਸਹੁੰ ਖਾਧੀ ਹੈ ਹਰੇਕ ਸਵਾਲ ਦਾ ਸਹੀ ਜਵਾਬ ਦਏਂਗੀ।
ਜੋਨ- ਰੱਬ ਨੇ ਜੋ ਗੱਲਾਂ ਮੇਰੇ ਨਾਲ ਕੀਤੀਆਂ, ਦੱਸਣ ਦਾ ਹੁਕਮ ਨਹੀਂ, ਉਹ ਹਰਗਿਜ਼ ਪ੍ਰਗਟ ਨਹੀਂ ਕਰਾਂਗੀ ਭਾਵੇਂ ਸਿਰ ਕੱਟ ਦਿਓ।। ਜਿਨ੍ਹਾਂ ਗੱਲਾਂ ਦਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ ਉਹ ਕਿਉਂ ਪੁੱਛੀਆਂ ਦੱਸੀਆਂ ਜਾਣ?
ਸਵਾਲ- ਤੂੰ ਜਾ ਕੇ ਕਿਹਾ ਕਿ ਬਾਦਸ਼ਾਹ ਨੂੰ ਮਿਲਣਾ ਹੈ, ਇਹ ਕਹਿਣ ਨਾਲ ਮੁਲਾਕਾਤ ਹੋ ਗਈ?
ਜੋਨ- ਨਹੀਂ। ਪਹਿਲਾਂ ਮੈਨੂੰ ਲਫਟੈਨ ਦੇ ਘਰ ਭੇਜਿਆ ਗਿਆ ਜਿਸਦੀ ਔਰਤ ਬੜੀ ਸਤਿਕਾਰਯੋਗ ਧਰਮੀ ਸੁਆਣੀ ਸੀ। ਫਿਰ ਪਾਦਰੀਆਂ ਨੇ ਮੇਰੀ ਇੰਟਰਵਿਊ ਲਈ। ਜਦੋਂ ਪਾਦਰੀ ਸੰਤੁਸ਼ਟ ਹੋ ਗਏ ਤਦ ਮੈਨੂੰ ਮਿਲਣ ਦੀ ਆਗਿਆ ਹੋਈ।

ਲੂਈ ਡੀ ਕੁਤ ਦੱਸਦਾ ਹੈ, ''ਮੇਰੀ ਉਮਰ ਪੰਦਰਾਂ ਸਾਲ ਸੀ ਜਦੋਂ ਮੈਨੂੰ ਜੋਨ ਦੀ ਸੇਵਾ ਵਿਚ ਲਾਇਆ। ਇਕ ਹੋਰ ਔਰਤ ਉਸਨੂੰ ਬਾਂਦੀ ਵਜੋਂ ਦਿੱਤੀ। ਅਸੀਂ ਦਿਨ ਰਾਤ ਇਕੱਠੇ ਰਹਿੰਦੇ। ਅਨੇਕਾਂ ਅਫਸਰ, ਪ੍ਰੋਫੈਸਰ ਮਿਲਣ ਆਉਂਦੇ ਤਾਂ ਮੈਂ ਬਾਹਰ ਚਲਾ ਜਾਂਦਾ। ਮੈਨੂੰ ਕੋਈ ਪਤਾ ਨਹੀਂ ਕੀ ਹੋ ਰਿਹਾ ਸੀ। ਬਹੁਤਾ ਸਮਾਂ ਪਾਠ ਕਰਦੀ ਰਹਿੰਦੀ, ਇਕੱਲੀ ਹੁੰਦੀ ਤਾਂ ਕਦੀ ਕਦੀ ਰੋ ਪੈਂਦੀ।''

ਮਲੇਚੋਂ ਦਾ ਸਰਦਾਰ ਦੱਸਦਾ ਹੈ- ਮੈਂ ਮਹਾਰਾਜੇ ਨਾਲ ਸਾਂ ਜਦੋਂ ਜੋਨ ਉਸ ਨਾਲ ਗੱਲਾਂ ਕਰਦਿਆਂ ਆਖ ਰਹੀ ਸੀ, ''ਸਾਰੀ ਧਰਤੀ ਰੱਬ ਦੀ ਹੈ। ਬਾਈਬਲ ਉਪਰ ਹੱਥ ਰੱਖ ਕੇ ਤੁਸੀਂ ਆਪਣਾ ਰਾਜ ਰੱਬ ਨੂੰ ਸੌਂਪ ਦਿਓ, ਬਦਲੇ ਵਿਚ ਉਹ ਤੁਹਾਨੂੰ ਤੁਹਾਡਾ ਤਾਜ ਤਖਤ ਸੌਂਪ ਦਏਗਾ।'' ਬਾਦਸ਼ਾਹ ਨੇ ਇਵੇਂ ਕੀਤਾ। ਜੋਨ ਨੇ ਮੈਨੂੰ ਕਿਹਾ- ਪਾਦਰੀਆਂ ਅਤੇ ਪ੍ਰੋਫੈਸਰਾਂ ਨੇ ਮੇਰੀ ਪ੍ਰੀਖਿਆ ਲਈ ਤੇ ਇਸ ਸਿੱਟੇ ਤੇ ਪੁੱਜੇ ਕਿ ਮੈਂ ਧਾਰਮਿਕ ਕੈਥੋਲਿਕ ਈਸਾਈ ਹਾਂ। ਇਸ ਤੋਂ ਇਲਾਵਾ ਹੋਰ ਮੈਂ ਕੀ ਕੀ ਹਾਂ, ਉਨ੍ਹਾਂ ਨੂੰ ਪਤਾ ਨਹੀਂ ਸੀ।

ਜੀਨ ਚਾਰਟਰ ਲਿਖਦਾ ਹੈ- ਜਦੋਂ ਪਹਿਲੀ ਵਾਰ ਬਾਦਸ਼ਾਹ ਨੂੰ ਮਿਲੀ, ਮੈਂ ਉਥੇ ਸਾਂ। ਸਾਦੇ ਲਿਬਾਸ ਵਿਚ ਬਾਦਸ਼ਾਹ ਨੂੰ ਉਸਨੇ ਖੁਦ ਪਛਾਣ ਕੇ ਇਸ ਤਰ੍ਹਾਂ ਸਲਾਮ ਅਰਜ਼ ਕੀਤਾ ਜਿਵੇਂ ਦੇਰ ਤੋਂ ਮਹਿਲ ਦੀਆਂ ਰਵਾਇਤਾਂ ਤੋਂ ਵਾਕਫ ਹੋਵੇ। ਬਾਦਸ਼ਾਹ ਨੇ ਆਪਣੇ ਇਕ ਸਰਦਾਰ ਵੱਲ ਉਂਗਲ ਕਰਕੇ ਕਿਹਾ- ਮੈਂ ਨਹੀਂ, ਅਹੁ ਹਨ ਸਾਡੇ ਬਾਦਸ਼ਾਹ। ਹੱਸ ਪਈ- ਤੁਸੀਂ, ਕੇਵਲ ਤੁਸੀਂ ਮੇਰੇ ਬਾਦਸ਼ਾਹ ਹੋ। ਤੁਹਾਡੀ ਉਮਰ ਲੰਬੀ ਹੋਏ। ਮੈਂ ਤੁਹਾਡੀ ਤਾਜਪੋਸ਼ੀ ਕਰਾਂਗੀ। ਪਹਿਲਾਂ ਮੈਨੂੰ ਆਰਲਿਨ ਫਤਿਹ ਕਰ ਲੈਣ ਦਿਓ। ਦੇਖਦੇ ਰਹਿਣਾ। ਸਾਡੇ ਲਈ ਤੁਸੀਂ ਬਾਦਸ਼ਾਹ ਹੋ ਪਰ ਸਾਰੀ ਉਮਰ ਆਪਣੇ ਆਪ ਨੂੰ ਰੱਬ ਦਾ ਸੇਵਾਦਾਰ ਸਮਝਣਾ ਜੋ ਕਾਇਨਾਤ ਦਾ ਪਾਤਸ਼ਾਹ ਹੈ।

ਜਿਨ੍ਹੀਂ ਦਿਨੀਂ ਜੋਨ ਬਾਦਸ਼ਾਹ ਨੂੰ ਮਿਲੀ, ਉਹ ਏਨਾ ਨਿਰਾਸ਼ ਸੀ ਕਿ ਸਪੇਨ ਜਾਂ ਸਕਾਟਲੈਂਡ ਵਿਚ ਪਨਾਹ ਲੈਣ ਦੀ ਸੋਚ ਰਿਹਾ ਸੀ। ਇਹ ਦੋ ਮਿੱਤਰ ਦੇਸ ਸਨ। ਉਸਨੂੰ ਪਤਾ ਨਹੀਂ ਸੀ ਉਹ ਜਿਉਂਦਾ ਇਨ੍ਹਾਂ ਦੇਸਾਂ ਵਿਚੋਂ ਕਿਸੇ ਵਿਚ ਪੁੱਜ ਵੀ ਜਾਏਗਾ ਜਾਂ ਨਹੀਂ, ਜੋਨ ਦੀਆਂ ਗੱਲਾਂ ਸੁਣ ਕੇ ਹੌਸਲੇ ਵਿਚ ਹੋ ਗਿਆ। ਇਕ ਮਹੀਨੇ ਵਾਸਤੇ ਉਸਨੂੰ ਪੋਤੀਏਰ ਯੂਨੀਵਰਸਿਟੀ ਵਿਚ ਭੇਜਿਆ ਗਿਆ। ਇਸ ਯੂਨੀਵਰਸਿਟੀ ਵਿਚ ਫਰਾਂਸ ਦੇ ਵਫਾਦਾਰ ਪ੍ਰੋਫੈਸਰ ਸਨ ਜਦੋਂ ਕਿ ਪੈਰਿਸ ਯੂਨੀਵਰਸਿਟੀ ਵਿਚ ਅੰਗਰੇਜ਼ਾਂ ਨੇ ਆਪਣੇ ਵਫਾਦਾਰਾਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ ਸਨ।

ਅੰਗਰੇਜ਼ਾਂ ਨੇ ਜਦੋਂ ਉਸ ਉਪਰ ਮੁਕੱਦਮਾ ਚਲਾਇਆ, ਇਕ ਸਵਾਲ ਇਹ ਵੀ ਪੁੱਛਿਆ- ਪੋਤੀਏਰ ਯੂਨੀਵਰਸਿਟੀ ਦੇ ਵਿਦਵਾਨਾਂ ਨੇ ਤੈਨੂੰ ਇਹ ਨਹੀਂ ਪੁੱਛਿਆ ਕਿ ਮਰਦਾਵਾਂ ਲਿਬਾਸ ਕਿਉਂ ਪਹਿਨਿਆਂ ਹੈ?
ਜੋਨ- ਮੈਨੂੰ ਯਾਦ ਨਹੀਂ।
ਸਵਾਲ- ਜਦੋਂ ਰੱਬ ਨੇ ਤੈਨੂੰ ਕਿਹਾ ਕਿ ਫਰਾਂਸ ਨੂੰ ਅਜ਼ਾਦ ਕਰਵਾ, ਮੈਂ ਤੇਰਾ ਮੱਦਦਗਾਰ ਹਾਂ, ਤਾਂ ਤੂੰ ਪੁੱਛਿਆ ਨਹੀਂ ਕਿ ਹਥਿਆਰਬੰਦ ਸੈਨਾ ਤੋਂ ਬਿਨਾਂ ਹੀ ਅਜ਼ਾਦ ਕਰਵਾ ਦੇਹ?
ਜੋਨ- ਮੈਨੂੰ ਕਿਹਾ ਗਿਆ ਸੀ ਕਿ ਹਥਿਆਰਬੰਦ ਸੈਨਿਕਾਂ ਨਾਲ ਅੰਗਰੇਜ਼ਾਂ ਵਿਰੁੱਧ ਹੱਲਾ ਬੋਲ, ਤੂੰ ਵਿਜਈ ਹੋਏਂਗੀ।
ਸਵਾਲ- ਜਿਸ ਆਵਾਜ਼ ਨੇ ਤੈਨੂੰ ਇਹ ਆਦੇਸ਼ ਦਿੱਤੇ ਉਹ ਆਵਾਜ਼ ਕਿਸ ਤਰ੍ਹਾਂ ਦੀ ਸੀ?
ਜੋਨ- ਤੇਰੀ ਆਵਾਜ਼ ਤੋਂ ਵਧੀਆ ਸੀ।
ਸਵਾਲ- ਕੀ ਤੈਨੂੰ ਰੱਬ ਵਿਚ ਯਕੀਨ ਹੈ?
ਜੋਨ- ਤੈਨੂੰ ਯਕੀਨ ਨਹੀਂ, ਮੈਨੂੰ ਹੈ।
ਸਵਾਲ- ਪੋਤੀਏਰ ਯੂਨੀਵਰਸਿਟੀ ਦੇ ਵਿਦਵਾਨਾਂ, ਧਰਮ ਸ਼ਾਸ਼ਤਰੀਆਂ ਨੂੰ ਤੂੰ ਕੀ ਕੀ ਦੱਸਿਆ?
ਜੋਨ- ਮੈਂ ਕਿਹਾ ਮੈਨੂੰ ਸੈਨਾ ਦਿਓ। ਨੰਬਰ ਇਕ, ਅੰਗਰੇਜ਼ ਹਾਰਨਗੇ, ਨੰਬਰ ਦੋ ਆਰਲਿਨ ਅਜ਼ਾਦ ਹੋਵੇਗਾ, ਨੰਬਰ ਤਿੰਨ ਰੇਮਜ਼ ਸ਼ਹਿਰ ਵਿਚ ਬਾਦਸ਼ਾਹ ਦੀ ਤਾਜਪੋਸ਼ੀ ਹੋਏਗੀ ਤੇ ਨੰਬਰ ਚਾਰ, ਆਰਲਿਨ ਦਾ ਡਿਊਕ ਇੰਗਲੈਂਡ ਤੋਂ

ਵਾਪਸ ਪਰਤ ਆਏਗਾ। ਸਭ ਤੋਂ ਪਹਿਲਾਂ ਮੈਂ ਅੰਗਰੇਜ਼ਾਂ ਨੂੰ ਹੁਕਮਨਾਮਾਂ ਭੇਜਾਂਗੀ ਕਿ ਆਰਲਿਨ ਵਿਚੋਂ ਚਲੇ ਜਾਓ ਜਾਂ ਸਮਰਪਣ ਕਰ ਦਿਓ ਨਹੀਂ ਤਾਂ ਮੈਂ ਹਮਲਾ ਕਰਾਂਗੀ। ਆਖੀਆਂ ਹੋਈਆਂ ਸਭ ਗੱਲਾਂ ਸੱਚ ਕਰ ਦਿਖਾਈਆਂ।

ਖਜ਼ਾਨਾ ਮੰਤਰੀ ਦੀ ਪਤਨੀ ਮਾਰਗੇਟ ਨੇ ਦੱਸਿਆ- ਫਰਾਂਸ ਕੰਗਾਲ ਹੋ ਚੁੱਕਾ ਸੀ। ਮੇਰੇ ਪਤੀ ਕੋਲ ਚਾਰ ਮੁਹਰਾਂ ਵੀ ਨਹੀਂ ਸਨ ਜਦੋਂ ਜੋਨ ਆਈ। ਸੰਸਾਰ ਵਿਚ ਰੱਬ ਤੋਂ ਇਲਾਵਾ ਸਾਡਾ ਕੋਈ ਨਹੀਂ ਸੀ ਤੇ ਰੱਬ ਨੇ ਆਖਿਰ ਜੋਨ ਭੇਜ ਦਿੱਤੀ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਹੁਣ ਕਰਾਮਾਤਾਂ ਹੋਣਗੀਆਂ।

ਜੋਨ ਦੇ ਆਲੋਚਕਾਂ ਨੇ ਲਿਖਿਆ- ਮੁਸੀਬਤਾਂ ਵਿਚ ਘਿਰੇ ਲੋਕਾਂ ਦਾ ਕਰਾਮਾਤ ਵਿਚ ਵਿਸ਼ਵਾਸ ਰੱਖਣ ਤੋਂ ਇਲਾਵਾ ਹੋਰ ਹੁੰਦਾ ਈ ਕੀ ਹੈ? ਜੋ ਹੈ ਉਸ ਤੋਂ ਬਦਤਰ ਕੀ ਹੋ ਸਕਦਾ ਹੈ? ਜੋਨ ਸਦਕਾ ਕੱਲ੍ਹ ਬਿਹਤਰ ਹੋ ਸਕਦਾ ਹੈ।

ਪੋਤੀਏਰ ਯੂਨੀਵਰਸਿਟੀ ਵਿਚ ਮਹੀਨਾ ਭਰ ਰਹਿੰਦਿਆਂ, ਸਵਾਲਾਂ ਦੇ ਜਵਾਬ ਦਿੰਦਿਆਂ ਉਹ ਖਿਝ ਗਈ ਤੇ ਕਿਹਾ- ਜਿਸ ਕੰਮ ਵਾਸਤੇ ਆਈ ਹਾਂ ਤੁਸੀਂ ਉਸ ਵਿਚ ਵਿਘਨ ਪਾ ਰਹੇ ਹੋ। ਬਾਦਸ਼ਾਹ ਨੂੰ ਮਿਲ ਕੇ ਆਖਰੀ ਫੈਸਲਾ ਲੈਣ ਦਾ ਵਕਤ ਖੁੰਝ ਰਿਹਾ ਹੈ। ਚਲੋ ਚੱਲੀਏ।

ਬਾਦਸ਼ਾਹ ਦਾ ਨਿੱਜੀ ਕਪਤਾਨ ਗੋਬੇਅਰ ਦਸਦਾ ਹੈ- ਯੂਨੀਵਰਸਿਟੀ ਤੋਂ ਪਰਤ ਕੇ ਜਦੋਂ ਜੋਨ ਚਿੰਨੋ ਆਈ ਮੈਂ ਮੌਜੂਦ ਸਾਂ। ਉਸ ਬਾਰੇ ਮੈਨੂੰ ਵਧੀਕ ਜਾਣਕਾਰੀ ਨਹੀਂ ਸੀ। ਬਾਦਸ਼ਾਹ ਨੇ ਜਦੋਂ ਮੈਨੂੰ ਕਿਹਾ ਕਿ ਜੋਨ ਨੂੰ ਗੈਸਟ ਹਾਊਸ ਵਿਚ ਲੈ ਜਾਓ ਤਾਂ ਜੋਨ ਨੇ ਮੇਰੇ ਮੋਢੇ ਤੇ ਥਾਪੀ ਦਿੰਦਿਆਂ ਕਿਹਾ- ਮੈਨੂੰ ਤੇਰੇ ਵਰਗੇ ਹਿੰਮਤੀ ਯੋਧਿਆਂ ਦੀ ਲੋੜ ਹੈ। ਰਿਹਾਇਸ਼ ਤੇ ਪੁੱਜੇ ਤਾਂ ਵਰਸੇਲ ਦਾ ਪੀਅਰੀ ਦੋ ਹੋਰ ਕਪਤਾਨਾਂ ਨਾਲ ਆ ਗਿਆ ਤੇ ਕਿਹਾ- ਜੋਨ ਬੀਬੀ, ਸਾਨੂੰ ਬਾਦਸ਼ਾਹ ਨੇ ਭੇਜਿਆ ਹੈ। ਜੋਨ ਬੋਲੀ- ਜੇ ਮੇਰੇ ਤੋਂ ਕੋਈ ਪੁੱਛ ਗਿੱਛ ਕਰਨੀ ਹੈ ਤਾਂ ਇਹ ਸਮਝੋ ਕਿ ਮੈਂ ਬਿਲਕੁਲ ਬੇਸਮਝ ਹਾਂ ਜਿਸਨੂੰ ਊੜਾ ਆੜਾ ਵੀ ਨਹੀਂ ਆਉਂਦਾ।

ਬਾਦਸ਼ਾਹ ਨੂੰ ਸਾਰਿਆਂ ਨੇ ਇਹੋ ਦੱਸਿਆ ਕਿ ਜੋਨ ਵਿਚ ਕੋਈ ਨੁਕਸ ਨਹੀਂ, ਉਹ ਧਰਮੀ, ਸੱਚੀ ਈਸਾਈ, ਨਿਮਰ, ਈਮਾਨਦਾਰ ਅਤੇ ਸਾਦੀ ਕੁੜੀ ਹੈ। ਪਰ ਉਹ ਕੁਆਰੀ ਹੈ, ਜਿਵੇਂ ਕਿ ਉਹ ਦਾਅਵਾ ਕਰਦੀ ਹੈ, ਇਸ ਦਾ ਪਤਾ ਨਹੀਂ। ਬਾਦਸ਼ਾਹ ਨੇ ਮਾਹਿਰ ਔਰਤਾਂ ਸਿਸਲੀ ਦੀ ਮਹਾਰਾਣੀ ਦੀ ਨਿਗਰਾਨੀ ਵਿਚ ਇਹ ਆਖਰੀ ਪਰਖ ਕਰਨ ਹਿਤ ਭੇਜੀਆਂ। ਇਨ੍ਹਾਂ ਔਰਤਾਂ ਨੇ ਪਰਖਣ ਤੋਂ ਬਾਦ ਰਿਪੋਰਟ ਦਿੱਤੀ- ਬਿਨਾ ਸ਼ੱਕ, ਜੋਨ ਪਵਿੱਤਰ ਕੰਨਿਆ ਹੈ।

ਬਾਦਸ਼ਾਹ ਨੇ ਉਸ ਦੇ ਮੇਚ ਦੇ ਹਥਿਆਰ ਮੰਗਵਾਏ, ਬਤੌਰ ਜਰਨੈਲ ਉਸਨੂੰ ਤਮਗੇ ਪਹਿਨਾ ਕੇ ਰਸਮੀ ਤੌਰ ਤੇ ਕਮਾਂਡਰ ਬਣਾਇਆ ਅਤੇ ਉਸ ਅਧੀਨ ਕੰਮ ਕਰਨ ਵਾਲੇ ਕਪਤਾਨਾਂ ਦੀ ਡਿਊਟੀ ਲਾ ਕੇ ਆਰਲਿਨ ਫਤਿਹ ਕਰਨ ਵਾਸਤੇ ਤੋਰ ਦਿੱਤੀ। ਜੋਨ ਨੇ ਆਪਣੀ ਮਰਜ਼ੀ ਦਾ ਝੰਡਾ ਬਣਵਾਇਆ। ਝੰਡੇ ਉਪਰ ਕਰਾਸ ਅਤੇ ਯਸੂ ਮਸੀਹ ਦੀ ਤਸਵੀਰ ਸੀ। ਜੋਨ ਨੇ ਸਿਪਾਹੀਆਂ ਨੂੰ ਕਿਹਾ- ਜਿਹੜੇ ਜਿਹੜੇ ਸੈਨਿਕ, ਪਾਦਰੀਆਂ ਸਾਹਮਣੇ ਭੁੱਲਾਂ ਬਖਸ਼ਾਣ ਦਾ ਪ੍ਰਣ ਕਰਨਗੇ, ਕੇਵਲ ਉਨ੍ਹਾਂ ਨੂੰ ਮੇਰੀ ਸੈਨਾ ਵਿਚ ਸ਼ਾਮਲ ਹੋਣ ਦੀ ਆਗਿਆ ਹੈ। ਕਿਰਪਾਨ ਉਸਨੇ ਫਾਇਰਬੋ ਦੇ ਸੰਤ ਕੈਥਰੀਨ ਚਰਚ ਵਿਚੋਂ ਲਈ ਸੀ।

ਅਦਾਲਤ ਵਿਚ ਸਵਾਲ- ਤੈਨੂੰ ਕਿਸਨੇ ਦੱਸਿਆ ਉਸ ਚਰਚ ਵਿਚ ਕਿਰਪਾਨ ਹੈ?

ਜੋਨ- ਮੈਨੂੰ ਪਤਾ ਲੱਗ ਗਿਆ। ਧਰਤੀ ਵਿਚੋਂ ਦੱਬੀ ਹੋਈ ਜੰਗਾਲੀ ਕਿਰਪਾਨ ਕੱਢੀ, ਰਗੜ ਕੇ ਸਾਫ ਕੀਤੀ, ਉਸ ਉਪਰ ਪੰਜ ਕਰੱਸ ਖੁਣੇ ਹੋਏ ਸਨ। ਫਾਦਰ ਨੇ ਉਸ ਵਾਸਤੇ ਮਖਮਲ ਦਾ ਮਿਆਨ ਬਣਵਾਇਆ ਪਰ ਮੈਂ ਚਮੜੇ ਦਾ।

ਸਵਾਲ- ਜਦੋਂ ਤੂੰ ਓਰਲੀਨ ਵੱਲ ਚੱਲੀ ਤੇਰੇ ਕੋਲ ਕਿਹੋ ਜਿਹਾ ਝੰਡਾ ਸੀ?

ਜੋਨ- ਸਫੈਦ ਰੰਗ ਦਾ। ਯਸੂ ਅਤੇ ਮੇਰੀ ਦੇ ਨਾਮ ਰੇਸ਼ਮੀ ਧਾਗੇ ਨਾਲ ਲਿਖੇ ਹੋਏ।

ਸਵਾਲ- ਕਿਰਪਾਨ ਤੈਨੂੰ ਵਧੀਕ ਪਿਆਰੀ ਸੀ ਕਿ ਝੰਡਾ?

ਜੋਨ- ਝੰਡਾ, ਕਿਰਪਾਨ ਨਾਲੋਂ ਹਜ਼ਾਰ ਵਾਰ ਵਧੀਕ ਪਿਆਰਾ।

ਸਵਾਲ- ਸਫੈਦ ਝੰਡੇ ਦਾ ਕੀ ਅਰਥ ਸੀ?

ਜੋਨ- ਇਹੀ ਕਿ ਮੈਂ ਕਤਲੋਗਾਰਤ ਨਹੀਂ ਚਾਹੁੰਦੀ। ਅੰਗਰੇਜ਼ ਚੁੱਪ ਚਪੀਤੇ ਨਿਕਲ ਜਾਣ ਬੱਸ।

ਸਰਦਾਰ ਤਰਮੀ, ਉਸਦਾ ਫੌਜੀ ਕਪਤਾਨ ਦੱਸਦਾ ਹੈ- ਉਹ ਬਿਲਕੁਲ ਸਾਦੀ ਅਤੇ ਅਬੋਧ ਸੀ ਪਰ ਜਦੋਂ ਯੁੱਧ ਛਿੜ ਜਾਂਦਾ, ਜਿਵੇਂ ਉਹ ਪੈਂਤੜੇ ਬਦਲਾਂਦੀ, ਜਵਾਨਾਂ ਨੂੰ ਹੌਸਲਾ ਦਿੰਦੀ, ਦੁਸ਼ਮਣ ਨੂੰ ਲਲਕਾਰਦੀ ਹੁੰਦੀ ਤਾਂ ਸਾਨੂੰ ਇਉਂ ਲਗਦਾ ਦੁਨੀਆਂ ਵਿਚ ਇਸਦੇ ਮੁਕਾਬਲੇ ਦਾ ਕੋਈ ਯੋਧਾ ਨਹੀਂ, ਜਿਵੇਂ ਇਹ ਜਨਮਾਂ ਜਨਮਾਂਤਰਾਂ ਤੋਂ ਯੁੱਧ ਕਲਾ ਸਿੱਖਦੀ ਆਈ ਹੋਵੇ।

ਲੂਈ ਡੀ ਕੂਤ ਅਨੁਸਾਰ- ਨੇਕ ਬਖਤ ਭਲੀ ਕੁੜੀ ਸੀ, ਕੈਥੋਲਿਕ ਰਹਿਤ ਮੁਤਾਬਕ ਰਹਿੰਦੀ, ਕੋਈ ਮਾੜੀ ਹਰਕਤ ਕਰੇ, ਮਾੜਾ ਬੋਲ ਬੋਲੇ, ਬਰਦਾਸ਼ਤ ਨਹੀਂ ਕਰਦੀ ਸੀ, ਘੋਰ ਯੁੱਧ ਦੌਰਾਨ ਵੀ ਵਕਤ ਦੀ ਪ੍ਰਾਰਥਨਾ ਖੁੰਝਾਉਂਦੀ ਨਹੀਂ ਸੀ। ਅਲੇਚੋਨ ਦੇ ਸਰਦਾਰ ਨੇ ਕੋਈ ਗਲਤ ਬੋਲ ਬੋਲ ਦਿੱਤਾ ਤਾਂ ਉਸਦੀ ਸਖਤ ਝਾੜ ਝੰਬ

ਕੀਤੀ ਸੀ। ਕੋਈ ਉਸ ਅੱਗੇ ਕੁਸਕਦਾ ਨਹੀਂ ਸੀ। ਔਰਤਾਂ ਨੂੰ ਯੁੱਧ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਸੀ। ਇੱਕ ਕਪਤਾਨ ਆਪਣੀ ਪਤਨੀ ਨੂੰ ਨਾਲ ਲੈ ਆਇਆ ਤਾਂ ਚੇਤੀਤੇਰੀ ਕਸਬੇ ਨੇੜੇ ਉਸਨੇ ਮਿਆਨ ਵਿਚੋਂ ਕਿਰਪਾਨ ਕੱਢ ਕੇ ਕਿਹਾ- ਇਸ ਤੋਂ ਪਹਿਲਾਂ ਮੈਂ ਕੋਈ ਸਖਤੀ ਕਰਾਂ, ਵਾਪਸ ਚਲੀ ਜਾ। ਇਸ ਔਰਤ ਨਾਲ ਨਰਮ ਰਹੀ ਪਰ ਉਸਦੇ ਖਾਵੰਦ ਵਿਰੁੱਧ ਸਖਤੀ ਵਰਤੀ। ਅਲੇਸੋਨ ਦਾ ਡਿਊਕ ਦੱਸਦਾ ਹੈ- ਰਾਤ ਪੈਂਦੀ ਤਾਂ ਜ਼ਮੀਨ ਤੇ ਘਾਹ ਫੂਸ ਵਿਛਾ ਕੇ ਤੰਬੂ ਵਿਚ ਅਸੀਂ ਨਾਲ ਨਾਲ ਸੌਂਦੇ। ਮੈਨੂੰ ਉਹ ਸੁਹਣੀ ਲੱਗਦੀ ਪਰ ਮੇਰੇ ਅੰਦਰ ਵਾਸਨਾ ਪੈਦਾ ਨਹੀਂ ਹੋਈ। ਤੋਪਖਾਨੇ ਦੀ ਵਰਤੋਂ ਵਕਤ ਜੋ ਹਦਾਇਤਾਂ ਦਿੰਦੀ, ਹੰਢੀ ਹੋਈ ਜਰਨੈਲ ਲੱਗਦੀ।

ਸਾਈਮਨ ਬੀਕਰਿਸ ਅਨੁਸਾਰ- ਯੁੱਧ ਦੇ ਵਕਤ ਦਿਨ ਰਾਤ ਸੈਨਿਕਾਂ ਵਿਚ ਘਿਰੀ ਰਹਿੰਦੀ ਪਰ ਅਮਨ ਵੇਲੇ ਬੁੱਢੀਆਂ ਦੀ ਥਾਂ ਜਵਾਨ ਕੁੜੀਆਂ ਆਪਣੇ ਕੋਲ ਰੱਖਦੀ। ਉਸਨੂੰ ਜੇ ਪਤਾ ਲੱਗ ਜਾਂਦਾ, ਜਿਹੜਾ ਖਾਣਾ ਵਰਤਾਇਆ ਜਾ ਰਿਹੈ, ਲੁੱਟੇ ਹੋਏ ਰਾਸ਼ਣ ਦਾ ਹੈ, ਖਾਣਾ ਨਹੀਂ ਖਾਂਦੀ ਸੀ, ਆਖ ਦਿੰਦੀ- ਯੁੱਧ ਵਿਚ ਵੀ ਵਰਤ ਰੱਖਣਾ ਚੰਗਾ ਹੁੰਦੈ। ਇਕ ਵਾਰ ਪਤਾ ਲੱਗਾ ਕਿ ਫੌਜੀ ਕੋਠਿਆਂ ਵਾਲੀਆਂ ਕੋਲ ਜਾਣ ਲੱਗੇ ਹਨ, ਉਸਨੇ ਕਿਹਾ- ਜਿਹੜਾ ਉਨ੍ਹਾਂ ਨਾਲ ਵਿਆਹ ਕਰਾਉਣ ਨੂੰ ਤਿਆਰ ਹੈ ਜਾਏ, ਹੋਰ ਕਿਸੇ ਨੂੰ ਆਗਿਆ ਨਹੀਂ। ਦੁਸ਼ਮਣ ਨਾਲ ਵੀ ਹਮਦਰਦੀ ਨਾਲ ਪੇਸ਼ ਆਉਂਦੀ। ਹਰ ਸਵੇਰ ਮੈਂ ਉਸਨੂੰ ਜ਼ਰਾ ਬਕਤਰ ਪਹਿਨਾਇਆ ਕਰਦਾ ਸਾਂ।

ਲੂਈ ਡੀ ਕਾਊਤ ਦੇ ਸ਼ਬਦ ਹਨ- ਫਰਾਂਸੀਸੀ ਸਿਪਾਹੀ, ਬੰਦੀ ਅੰਗਰੇਜ਼ਾਂ ਨੂੰ ਲਈ ਜਾ ਰਿਹਾ ਸੀ ਤਾਂ ਇਕ ਦੇ ਸਿਰ ਉਪਰ ਉਸਨੇ ਗੁੱਸੇ ਵਿਚ ਆ ਕੇ ਡੰਡਾ ਮਾਰਿਆ। ਸਿਪਾਹੀ ਡਿੱਗ ਪਿਆ। ਜੋਨ ਨੇ ਦੇਖਿਆ ਤਾਂ ਘੋੜੇ ਤੋਂ ਹੇਠਾਂ ਛਾਲ ਮਾਰ ਦਿੱਤੀ। ਡਿੱਗੇ ਸਿਪਾਹੀ ਦਾ ਸਿਰ ਆਪਣੀ ਗੋਦ ਵਿਚ ਲੈ ਕੇ ਕਿਹਾ- ਪ੍ਰਾਸ਼ਚਿਤ ਕਰ। ਮੈਂ ਤੇਰੇ ਲਈ ਅਰਦਾਸ ਕਰਦੀ ਹਾਂ। ਡੰਡਾ ਮਾਰਨ ਵਾਲੇ ਦੀ ਸਖਤ ਦੁਰਗਤ ਕੀਤੀ। ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਉਸਦੀ ਨੇਕੀ ਸਾਡਾ ਫੌਲਾਦੀ ਕਿਲ੍ਹਾ ਸੀ ਨਹੀਂ ਤਾਂ ਸਾਡਾ ਤੇ ਅੰਗਰੇਜ਼ਾਂ ਦਾ ਕੋਈ ਮੁਕਾਬਲਾ ਹੈ ਈ ਨਹੀਂ ਸੀ। ਯੁੱਧ ਦੌਰਾਨ ਫੌਜੀ ਆਦਤਾਂ ਦਾ ਕਿਸਨੂੰ ਨਹੀਂ ਪਤਾ? ਹਜ਼ਾਰਾਂ ਸੈਨਿਕਾਂ ਵਿਚ ਅਸੀਂ ਇਕੱਲੀ ਸੁਣੱਖੀ ਜਵਾਨ ਕੁੜੀ ਨਾਲ ਰਹੇ, ਇਕੱਠਿਆਂ ਸੁਤੇ, ਮਜ਼ਾਲ ਹੈ ਕਿਸੇ ਦੇ ਮਨ ਵਿਚ ਮਲੀਨਤਾ ਆ ਜਾਏ।

ਇਹ ਤਾਂ ਹੋਏ ਮਰਦਾਂ ਵਾਲੇ ਮਨ ਉਪਰਲੇ ਪ੍ਰਭਾਵ। ਔਰਤ ਦੀ ਜ਼ਬਾਨੀ ਸੁਣੋ। ਬਾਦਸ਼ਾਹ ਨੇ ਮਾਰਗ੍ਰੇਟ ਤਰੂਲਦ ਨੂੰ ਜੋਨ ਦੀ ਮੇਜ਼ਬਾਨੀ ਸੌਂਪੀ। ਜਦੋਂ ਰੇਮਜ਼ ਸ਼ਹਿਰ ਵਿਚ ਬਾਦਸ਼ਾਹ ਦੀ ਤਾਜਪੋਸ਼ੀ ਹੋਈ, ਪਹਿਲੀ ਵਾਰ ਉਦੋਂ ਮੈਂ ਜੋਨ ਦੇਖੀ। ਉਥੋਂ ਬਾਦਸ਼ਾਹ, ਮਲਕਾ, ਜੋਨ ਤੇ ਮੈਂ ਬੋਰਗੇ ਸ਼ਹਿਰ ਆ ਗਏ। ਮੇਰੀ ਹਵੇਲੀ ਵਿਚ ਉਤਾਰਾ ਹੋਇਆ। ਇਥੇ ਉਹ ਤਿੰਨ ਹਫਤੇ ਰਹੇ, ਮੈਂ ਉਸਨੂੰ ਪੀਂਦੀ, ਖਾਂਦੀ, ਸੌਂਦੀ, ਜਾਗਦੀ, ਗੱਲਾਂ ਕਰਦੀ, ਪ੍ਰਾਰਥਨਾ ਕਰਦੀ ਦੇਖਦੀ ਤਾਂ ਮੈਂ ਸੋਚਦੀ- ਇਸ ਵਰਗੀ ਨੇਕੀ ਦੀ ਤਸਵੀਰ ਹੋਰ ਕਿੱਥੇ ਦਿਸੇਗੀ? ਚਰਚ ਵਿਚ ਉਪਦੇਸ਼ ਸੁਣਨ ਜਾਂਦੀ, ਭੁੱਲਾਂ ਬਖਸ਼ਾਉਂਦੀ ਤੇ ਮੈਨੂੰ ਆਖਿਆ ਕਰਦੀ- ਸੰਗਤ ਵਿਚ ਜਾਣ ਨਾਲ ਬੜਾ ਪੁੰਨ ਮਿਲਦਾ ਹੈ। ਮੈਂ ਉਸਨੂੰ ਪੁੱਛ ਲਿਆ- ਯੁੱਧ ਵਿਚ ਜਾਣ ਵੇਲੇ ਤੈਨੂੰ ਘਬਰਾਹਟ ਨਹੀਂ ਹੁੰਦੀ? ਹੱਸ ਪਈ, ਕਹਿਣ ਲੱਗੀ- ਜਿਹੋ ਜਿਹੇ ਬਾਕੀ ਸਿਪਾਹੀ ਨੇ, ਮੈਂ ਵੀ ਉਵੇਂ ਖਤਰਿਆਂ ਵਿਚ ਹੁੰਨੀ ਆਂ ਪਰ ਮੈਨੂੰ ਕਦੀ ਘਬਰਾਹਟ ਨਹੀਂ ਹੋਈ। ਪਾਦਰੀ ਜਦੋਂ ਮੇਰੇ ਤੋਂ ਸਵਾਲ ਪੁੱਛਣੋਂ ਨਹੀਂ ਹੱਟਦੇ, ਉਦੋਂ ਮੈਂ ਘਬਰਾ ਕੇ ਆਖਰ ਕਹਿ ਦਿੰਨੀਆਂ- ਜੋ ਤੁਹਾਡੀਆਂ ਕਿਤਾਬਾਂ ਵਿਚ ਹੈ, ਰੱਬ ਦੀਆਂ ਕਿਤਾਬਾਂ ਵਿਚ ਉਸ ਤੋਂ ਬਹੁਤਾ ਕੁਝ ਵਧੀਕ ਲਿਖਿਆ ਹੋਇਐ। ਉਸ ਵਰਗੀ ਦੇਸੀ ਤੇ ਸਾਦੀ ਕੁੜੀ ਮੈਂ ਨਹੀਂ ਦੇਖੀ ਕਦੀ। ਕਈ ਵਾਰ ਔਰਤਾਂ ਸਾਡੇ ਘਰ ਆਉਂਦੀਆਂ, ਆਪਣੇ ਨਾਲ ਕੋਈ ਕੱਪੜਾ ਜਾਂ ਕੋਈ ਹੋਰ ਚੀਜ਼ ਲਿਆਉਂਦੀਆਂ ਤੇ ਜੋਨ ਅੱਗੇ ਬੇਨਤੀ ਕਰਦੀਆਂ- ਇਸ ਨੂੰ ਆਪਣੇ ਪਵਿੱਤਰ ਹੱਥਾਂ ਨਾਲ ਛੂਹ ਦਿਓ, ਸਾਡੇ ਤੋਂ ਬਲਾਵਾਂ ਦੂਰ ਰਹਿਣਗੀਆਂ ਤਾਂ ਉਹ ਪੇਂਡੂ ਕੁੜੀ ਵਾਂਗ ਹੱਸਦੀ ਤੇ ਆਖਦੀ- ਤੁਹਾਡੇ ਹੱਥ ਮੇਰੇ ਵਰਗੇ ਈ ਨੇ, ਆਪਣੀਆਂ ਚੀਜ਼ਾਂ ਨੂੰ ਰੱਬ ਦਾ ਨਾਮ ਲੈ ਕੇ ਆਪ ਛੂਹੋ, ਕੋਈ ਮੁਸੀਬਤ ਨਹੀਂ ਆਏਗੀ। ਕੋਈ ਦਾਨ ਦੇ ਜਾਂਦਾ, ਆਪਣੇ ਕੋਲ ਨਾ ਰੱਖਦੀ, ਕਿਸੇ ਲੋੜਵੰਦ ਨੂੰ ਦੇ ਦਿੰਦੀ। ਉਹ ਪਵਿੱਤਰ ਕੰਨਿਆਂ ਸੀ, ਪੂਰਨ ਮਾਮੂਲੀਅਤ ਦੀ ਤਸਵੀਰ, ਪਰ ਜਦੋਂ ਹੱਥ ਵਿਚ ਨੇਜ਼ਾ ਫੜ ਕੇ ਘੋੜੇ ਨੂੰ ਅੱਡੀ ਲਾਉਂਦੀ ਤੂਫਾਨ ਮੱਚ ਜਾਇਆ ਕਰਦਾ ਸੀ, ਉਸਦਾ ਮੁਕਾਬਲਾ ਈ ਨਹੀਂ ਸੀ।

ਦੱਸਿਆ ਜਾ ਚੁੱਕਾ ਹੈ ਕਿ ਓਰਲਿਨ ਸ਼ਹਿਰ ਨੂੰ ਅੰਗਰੇਜ਼ਾਂ ਨੇ ਉਵੇਂ ਘੇਰਿਆ ਹੋਇਆ ਸੀ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦਪੁਰ ਨੂੰ ਜਾਂ ਬਾਬਾ ਬੰਦਾ ਸਿੰਘ ਵਕਤ ਗੁਰਦਾਸ ਨੰਗਲ ਦੀ ਗੜ੍ਹੀ ਨੂੰ। ਜੋਨ ਨੇ ਇਹ ਘੇਰਾ ਚੁਕਵਾਉਣ ਵਾਸਤੇ ਯੁੱਧ ਕਰਨ ਤੋਂ ਪਹਿਲਾਂ ਸਬੰਧਤ ਧਿਰਾਂ ਨੂੰ ਖਤ ਲਿਖਿਆ-

''ਯਸੂ ਮਸੀਹ ਅਤੇ ਮਰੀਅਮ ਦਾ ਨਾਮ ਲੈ ਕੇ ਇੰਗਲੈਂਡ ਦੇ ਬਾਦਸ਼ਾਹ, ਤੁਹਾਨੂੰ ਤੇ ਬੈਡਫੋਰਡ ਦੇ ਡਿਊਕ, ਤੁਹਾਨੂੰ, ਸਫੋਕ ਦੇ ਜਗੀਰਦਾਰ ਪਾਲ, ਸਕੇਲਜ਼ ਦੇ ਮਾਲਕ ਟੱਮਸ, ਜਿਹੜੇ ਤੁਸੀਂ ਆਪਣੇ ਆਪ ਨੂੰ ਬੈਡਫੋਰਡ-ਡਿਊਕ ਦੇ ਲਫਟੈਨ ਦੱਸਦੇ ਹੋ, ਤੁਹਾਨੂੰ ਸਾਰਿਆਂ ਨੂੰ, ਕਾਇਨਾਤ ਦੇ ਮਾਲਕ, ਰੱਬ ਸੱਚੇ ਵਲੋਂ ਇਹ ਖਤ ਭੇਜਦੀ ਹਾਂ। ਇਸ ਸੱਚੇ ਖਤ ਦੀ ਰਸੀਦ ਭੇਜਣੀ। ਫਰਾਂਸ ਦੇ ਜਿਨ੍ਹਾਂ ਸ਼ਹਿਰਾਂ ਉਪਰ ਤੁਸੀਂ ਨਾਜਾਇਜ਼ ਕਬਜ਼ੇ ਕਰਕੇ ਜਨਤਾ ਨੂੰ ਤੰਗ ਕੀਤਾ, ਉਨ੍ਹਾਂ ਸਾਰਿਆਂ ਦੇ ਦਰਵਾਜ਼ਿਆਂ ਦੀਆਂ ਚਾਬੀਆਂ ਕੁਆਰੀ ਜੋਨ ਆਫ ਆਰਕ ਦੇ ਹਵਾਲੇ ਕਰ ਦਿਉ। ਰੱਬੀ ਹੁਕਮ ਸਦਕਾ ਉਹ ਆਪਣੇ ਖੋਹੇ ਗਏ ਹੱਕ ਲੈਣ ਵਾਸਤੇ ਆ ਗਈ ਹੈ। ਉਹ ਤੁਹਾਡੇ

ਨਾਲ ਸੰਧੀ ਉਪਰ ਦਸਤਖਤ ਕਰਨ ਲਈ ਤਿਆਰ ਹੈ ਬਸ਼ਰਤਿ ਕਿ ਤੁਸੀਂ ਫਰਾਂਸ ਉਸਦੇ ਹਵਾਲੇ ਕਰੋ ਤੇ ਹੋਏ ਨੁਕਸਾਨ ਦਾ ਇਵਜ਼ਾਨਾ ਭਰੋ, ਤੇ ਤੁਸੀਂ ਯੋਧਿਓ, ਹਥਿਆਰਬੰਦ ਸਿਪਾਹੀਓ ਆਪਣੇ ਆਪਣੇ ਦੇਸ ਪਰਤ ਜਾਓ। ਹੁਕਮ ਅਦੂਲੀ ਹੋਈ ਤਾਂ ਕੁਆਰੀ ਤੁਹਾਡੇ ਸਾਹਮਣੇ ਆਏਗੀ, ਤਬਾਹੀ ਮੱਚੇਗੀ। ਇੰਗਲੈਂਡ ਦੇ ਬਾਦਸ਼ਾਹ, ਫਰਾਂਸ ਵਿਚ ਦਾਖਲ ਹੋਏ ਤੁਹਾਡੇ ਬੰਦਿਆਂ ਨੂੰ ਮੈਂ ਫੌਜਾਂ ਦੀ ਕਮਾਂਡਰ ਇਨ ਚੀਫ ਵਜੋਂ ਰਿਹਾ ਕਰਾਂਗੀ। ਜੇ ਮੇਰੀ ਗੱਲ ਨਾ ਮੰਨੀ ਗਈ, ਬੇਸ਼ੁਮਾਰ ਕਤਲਿਆਮ ਹੋਵੇਗਾ। ਆਗਿਆ ਪਾਲਣ ਕਰਨ ਵਾਲਿਆਂ ਦਾ ਭਲਾ ਹੋਵੇਗਾ। ਫਰਾਂਸ ਦੇ ਵਸਨੀਕ ਆਪਣੇ ਬਾਦਸ਼ਾਹ ਦੀ ਤਾਜਪੋਸ਼ੀ ਕਰਨਗੇ। ਕੁਆਰੀ ਜੋਨ ਰਾਹੀਂ ਆਏ ਰੱਬ ਦੇ ਇਸ ਹੁਕਮ ਨੂੰ ਨਜ਼ਰਅੰਦਾਜ਼ ਕੀਤਾ ਤਾਂ ਉਹ ਖੂਨ ਡੁੱਲ੍ਹੇਗਾ ਜੋ ਯੋਰਪ ਨੇ ਹਜ਼ਾਰਾਂ ਸਾਲਾਂ ਤੋਂ ਨਹੀਂ ਦੇਖਿਆ। ਯੁੱਧ ਵਿਚ ਪਤਾ ਲੱਗੇਗਾ ਰੱਬ ਕਿਸ ਦਾ ਮੱਦਦਗਾਰ ਹੈ। ਬੈਡਫੋਰਡ ਦੇ ਡਿਊਕ, ਮੇਰੇ ਵਲੋਂ ਤੇਰੇ ਅੱਗੇ ਪ੍ਰਾਰਥਨਾ ਹੈ ਕਿ ਹੋਰ ਤਬਾਹੀ ਤੋਂ ਬਚ ਸਕਦਾ ਹੈਂ ਤਾਂ ਬਚ ਜਾ। ਅਮਨ ਚਾਹੁੰਦਾ ਹੈਂ ਤਾਂ ਖਤ ਦਾ ਹਾਂ ਵਿਚ ਜਵਾਬ ਦੇਹ। ਜੇ ਨਾਂਹ ਕੀਤੀ, ਤਬਾਹੀ ਦੀ ਜ਼ਿੰਮੇਵਾਰੀ ਤੇਰੀ। ਅੱਜ ਮੰਗਲਵਾਰ, 22 ਮਾਰਚ, 1429 ਨੂੰ ਖਤ ਲਿਖਿਆ ਤੇ ਭੇਜਿਆ।''

ਇਸ ਖਤ ਤੋਂ ਪਹਿਲੀ ਵਾਰ ਅੰਗਰੇਜ਼ਾਂ ਨੂੰ ਅਹਿਸਾਸ ਹੋਇਆ ਕਿ ਜੋਨ ਨਾਮ ਦੀ ਕੁੜੀ ਯਕੀਨਨ ਕੋਈ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜ਼ਬਾਨੀ ਕਲਾਮੀ ਕੁਝ ਗੱਲਾਂ ਸੁਣੀਆਂ ਸਨ ਜਿਨ੍ਹਾਂ ਨੂੰ ਉਹ ਗਲਾਕੜ ਜ਼ਨਾਨੀਆਂ ਦੀਆਂ ਗੱਪ ਕਹਾਣੀਆਂ ਕਿਹਾ ਕਰਦੇ ਸਨ। ਇਸ ਖਤ ਤੋਂ ਉਨ੍ਹਾਂ ਉਪਰ ਇਹ ਪ੍ਰਭਾਵ ਪਿਆ ਜਿਵੇਂ ਇਹ ਕੋਈ ਹੰਕਾਰੀ ਹੋਈ ਕੁੜੀ ਹੋਵੇ, ਕ੍ਰਿਸ਼ਮਾ ਕਰਨ ਦੀ ਸ਼ੁਕੀਨ ਜਾਂ ਫਿਰ ਕੋਈ ਜਾਦੂਗਰਨੀ, ਹੋਰ ਕੁਝ ਨਹੀਂ। ਵਿਜਈ ਅੰਗਰੇਜ਼ ਉਸ ਵਿਚ ਯਕੀਨ ਕਿਉਂ ਕਰਨ ਤੇ ਘਿਰੇ ਸ਼ਹਿਰੀਆਂ ਵਾਸਤੇ ਕਰਾਮਾਤ ਵਿਚ ਯਕੀਨ, ਇਕੋ ਇਕ ਧਰਵਾਸ ਸੀ।

ਓਰਲਿਨ ਚਾਰੇ ਪਾਸਿਓਂ ਘਿਰਿਆ ਹੋਇਆ ਸੀ, ਕੇਵਲ ਪੂਰਬ ਵਾਲਾ ਪਾਸਾ ਫਰਾਂਸੀਸੀ ਕਬਜ਼ੇ ਵਿਚ ਹੋਣ ਕਾਰਨ ਇਧਰਲੇ ਗੇਟ ਰਾਹੀਂ ਅੰਦਰ ਜਾਣਾ ਸੁਰੱਖਿਅਤ ਸੀ, ਅਜਿਹਾ ਕਰਨ ਵਾਸਤੇ ਲੋਰੀ ਦਰਿਆ ਪਾਰ ਕਰਨਾ ਜ਼ਰੂਰੀ ਸੀ ਪਰ ਦਰਿਆ ਚੜ੍ਹਿਆ ਹੋਇਆ ਸੀ ਤੇ ਵਹਾਅ ਤਿੱਖਾ ਸੀ ਜਿਸ ਕਰਕੇ ਓਰਲਿਨ ਵਿਖੇ ਪਹਿਲੋਂ ਤੈਨਾਤ ਕਪਤਾਨ ਕਿਨਾਰੇ ਤੇ ਰੁਕਿਆ ਬੈਠਾ ਸੀ। ਜੋਨ ਆਪਣੀ ਸੈਨਾ ਸਮੇਤ ਆਈ ਤੇ ਕਪਤਾਨ ਨੂੰ ਕਿਹਾ- ਰੁਕੇ ਕਿਉਂ ਹੋ? ਦਰਿਆ ਪਾਰ ਕਿਉਂ ਨਹੀਂ ਕਰਦੇ? ਕਪਤਾਨ ਨੇ ਕਿਹਾ- ਮੈਂ ਸਿਆਣੇ ਅਤੇ ਮਾਹਿਰ ਸਲਾਹਕਾਰਾਂ ਨੂੰ ਪੁੱਛਿਆ ਹੈ। ਸਾਰਿਆਂ ਨੇ ਕਿਹਾ ਹੈ- ਦਰਿਆ ਪਾਰ ਨਹੀਂ ਕਰ ਸਕਦੇ। ਜੋਨ ਨੇ ਕਿਹਾ- ਤੁਹਾਡੇ ਸਾਰੇ ਸਲਾਹਕਾਰਾਂ ਨਾਲੋਂ ਰੱਬ ਦੀ ਅਕਲ ਵਧੀਕ ਹੈ, ਇਸ ਵਿਚ ਯਕੀਨ ਨਹੀਂ? ਤੂੰ ਕਿਸਨੂੰ ਧੋਖਾ ਦੇ ਰਿਹੈਂ? ਤੈਨੂੰ ਪਤਾ ਨਹੀਂ ਰੱਬ ਮੇਰੇ ਨਾਲ ਹੈ ਇਸ ਕਰਕੇ ਤੇਰੇ ਕੋਲ ਕਿੰਨੀ ਵੱਡੀ ਤਾਕਤ ਆਈ ਹੈ, ਕੋਈ ਹਿਸਾਬ ਨਹੀਂ।

ਇਹ ਗੱਲਾਂ ਹੋ ਰਹੀਆਂ ਸਨ ਕਿ ਉਲਟੇ ਰੁੱਖ ਵਗਦੀ ਹਵਾ, ਜਿਹੜੀ ਕਿਸ਼ਤੀਆਂ ਦੇ ਬਾਦਬਾਨਾ ਨੂੰ ਤਾਕਤ ਨਾਲ ਪਰ੍ਹੇ ਧੱਕ ਦਿੰਦੀ ਸੀ, ਬੰਦ ਹੋ ਗਈ, ਫਿਰ ਉਸ ਰੁਖ ਵਗਣ ਲੱਗੀ ਜਿਧਰ ਜੋਨ ਨੇ ਜਾਣਾ ਸੀ। ਮਾਰਚ 29, 1429 ਨੂੰ ਜੋਨ ਫੌਜ ਸਮੇਤ ਲੋਰੀ ਦਰਿਆ ਪਾਰ ਕਰਕੇ ਸ਼ਹਿਰ ਅੰਦਰ ਦਾਖਲ ਹੋ ਗਈ। ਸ਼ਹਿਰ ਵਾਸੀਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਤੇ ਹਰੇਕ ਬੰਦਾ, ਜੋ ਹਥਿਆਰ ਮਿਲਿਆ, ਚੁਕ ਕੇ ਉਸ ਦੇ ਸਮਰਥਨ ਲਈ ਤਿਆਰ ਹੋ ਗਿਆ। ਲੋਕਾਂ ਨੂੰ ਲੱਗਾ ਰੱਬ ਖੁਦ ਚੱਲ ਕੇ ਉਨ੍ਹਾਂ ਦੀ ਮਦਦ ਵਾਸਤੇ ਆਇਆ ਹੈ। ਦਸ ਅਪ੍ਰੈਲ ਤੱਕ ਉਹ ਬਾਦਸ਼ਾਹ ਦੀ ਹੋਰ ਫੌਜ ਆਉਣ ਤੱਕ ਸ਼ਾਂਤ ਰਹੀ, ਲੋਕ ਵੱਡੀ ਗਿਣਤੀ ਵਿਚ ਆ ਆ ਕੇ ਮਿਲਦੇ ਰਹੇ। ਆਖਰ, ਸਾਥੀ ਕਪਤਾਨਾਂ ਦੀ ਸਲਾਹ ਦੇ ਉਲਟ ਉਹ ਸ਼ਹਿਰ ਦੇ ਕਿਨਾਰੇ ਵੱਲ ਗਈ ਜਿਧਰ ਅੰਗਰੇਜ਼ੀ ਫੌਜ ਤੈਨਾਤ ਸੀ। ਉਸਨੇ ਉੱਚੀ ਅਵਾਜ਼ ਵਿਚ ਕਿਹਾ- ਆਪਣੇ ਆਪ ਵਾਪਸ ਚਲੇ ਜਾਓ ਨਹੀਂ ਤਾਂ ਦੁਰਗਤ ਕਰਾਂਗੀ। ਉਸਦਾ ਲਲਕਾਰਾ ਸੁਣਕੇ ਅੰਗਰੇਜ਼ਾਂ ਨੇ ਗਾਲਾਂ ਦਿੰਦਿਆਂ ਕਿਹਾ- ਸਾਨੂੰ ਕੰਜਰੀ ਅਤੇ ਉਸਦੇ ਦੱਲਿਆਂ ਦਾ ਕੋਈ ਖੌਫ ਨਹੀਂ।

ਇੱਕ ਮਈ ਦਾ ਦਿਨ ਸ਼ਾਂਤ ਰਿਹਾ। ਜੋਨ ਨੇ ਵਧੇਰਾ ਸਮਾਂ ਚਰਚ ਵਿਚ ਪ੍ਰਾਰਥਨਾ ਕਰਦਿਆਂ ਬਿਤਾਇਆ। ਭਾਰੀ ਗਿਣਤੀ ਵਿਚ ਲੋਕ ਉਸਨੂੰ ਮਿਲਣ, ਦੇਖਣ ਆਉਂਦੇ। ਘੋੜੇ ਤੇ ਸਵਾਰ ਹੋ ਕੇ ਨਿਕਲਦੀ ਤਾਂ ਗਲੀਆਂ ਦੀ ਭੀੜ ਵਿਚੋਂ ਦੀ ਲੰਘਣਾ ਮੁਸ਼ਕਲ ਹੋ ਜਾਂਦਾ। ਚਾਰ ਮਈ ਦੁਪਹਿਰ ਕਪਤਾਨ ਦੂਨੋ ਆਇਆ, ਦੋਵਾਂ ਨੇ ਇਕੱਠਿਆਂ ਖਾਣਾ ਖਾਧਾ। ਕਪਤਾਨ ਨੇ ਦੱਸਿਆ ਕਿ ਹੋਰ ਰਾਸ਼ਣ, ਅਸਲਾ ਅਤੇ ਫੌਜਾਂ ਆ ਰਹੀਆਂ ਹਨ। ਖਾਣਾ ਖਾ ਕੇ ਦੋਵੇਂ ਸੌਂ ਗਏ। ਜੋਨ ਸਵਖਤੇ ਅਚਾਨਕ ਜਾਗ ਪਈ ਤੇ ਦੂਨੋ ਨੂੰ ਉੱਚੀ ਆਵਾਜ਼ ਨਾਲ ਜਗਾਇਆ, ਕਿਹਾ- ਰੱਬ ਦੀ ਆਵਾਜ਼ ਆਈ ਹੈ ਦੁਸ਼ਮਣ ਵੱਲ ਵਧੀਏ। ਦੂਨੋ ਇਸ ਵਾਸਤੇ ਤਿਆਰ ਨਹੀਂ ਸੀ ਪਰ ਜੋਨ ਦਾ ਆਖਾ ਕੌਣ ਮੋੜਦਾ? ਅੰਗਰੇਜ਼ੀ ਕੈਂਪ ਉਪਰ ਹੱਲਾ ਬੋਲ ਦਿੱਤਾ। ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ। ਪੰਜ ਮਈ ਨੂੰ ਖਤ ਫਿਰ ਅੰਗਰੇਜ਼ਾਂ ਵੱਲ ਭੇਜਿਆ-

''ਅੰਗਰੇਜ਼ੋ, ਆਪਣੇ ਦੇਸ ਪਰਤ ਜਾਓ, ਰੱਬ ਦਾ ਇਹ ਹੁਕਮ ਕੁਆਰੀ ਜੋਨ ਰਾਹੀਂ ਤੁਹਾਡੇ ਪਾਸ ਪੁੱਜਾ ਹੈ। ਹੁਕਮ ਨਾ ਮੰਨਿਆ ਤਾਂ ਉਮਰ ਭਰ ਯਾਦ ਰੱਖੋਗੇ ਕਿਸ ਨਾਲ ਵਾਹ ਪਿਆ ਸੀ। ਆਖਰੀ ਖ਼ਤ ਹੈ, ਹੋਰ ਨਹੀਂ ਲਿਖਾਂਗੀ। ਦਸਖਤ- ਜੀਸਸ, ਮਰੀਅਮ, ਕੁਆਰੀ ਜੋਨ।

www.punjabilibrary.com

ਨੋਟ- ਤੁਸੀਂ ਮੇਰਾ ਦੂਤ, ਗਿਨੀ ਵਾਪਸ ਨਹੀਂ ਭੇਜਿਆ, ਚੰਗਾ ਹੋਵੇਗਾ ਭੇਜ ਦਿਉ। ਮੈਂ ਤੁਹਾਡੇ ਗ੍ਰਿਫਤਾਰ ਕੀਤੇ ਬੰਦੇ ਛੱਡ ਦਿਆਂਗੀ, ਅਜੇ ਸਾਰੇ ਨਹੀਂ ਮਾਰੇ।

ਜੀਨ ਪਾਸਕਰ ਨੇ ਦੱਸਿਆ- ਉਸਨੇ ਤੀਰ ਦੇ ਪਿਛਲੇ ਸਿਰੇ ਉਪਰ ਧਾਗੇ ਨਾਲ ਇਹ ਖਤ ਤਹਿ ਕਰਕੇ ਬੰਨ੍ਹਿਆ ਤੇ ਧਨੁਖ ਵਿਚੋਂ ਦੁਸ਼ਮਣ ਵੱਲ ਛੱਡ ਦਿੱਤਾ। ਅੰਗਰੇਜ਼ਾਂ ਨੇ ਖ਼ਤ ਖੋਲ੍ਹ ਕੇ ਪੜ੍ਹਿਆ, ਗੁੱਸੇ ਵਿਚ ਚਿਲਾ ਚਿਲਾ ਜੋਨ ਨੂੰ ਗਾਲਾਂ ਦੇਣ ਲੱਗੇ। ਕੁੱਤੀ, ਹਰਾਮਜ਼ਾਦੀ, ਕੰਜਰੀ ਆਦਿਕ ਲਫਜ਼ ਕਹੇ। ਜੋਨ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਲੱਗੇ। ਮੈਂ ਧਰਵਾਸ ਦਿੱਤਾ। ਸ਼ਾਂਤ ਹੋ ਕੇ ਮੈਨੂੰ ਕਿਹਾ- ਸਵੇਰੇ ਜਲਦੀ ਉਠ ਕੇ ਤਿਆਰ ਹੋਈਂ, ਹੱਲਾ ਬੋਲਾਂਗੇ। 6 ਮਈ ਨੂੰ ਸਵਖਤੇ ਤਿਆਰ ਹੋ ਗਏ। ਜੋਨ ਨੇ ਪਾਠ ਕੀਤਾ, ਭੁੱਲਾਂ ਦੀ ਖਿਮਾਂ ਮੰਗੀ ਤੇ ਪ੍ਰਾਰਥਨਾ ਕਰਕੇ ਹਮਲਾ ਕਰਨ ਵਾਸਤੇ ਕਿਹਾ। ਸ਼ਾਮ ਤੱਕ ਗਹਿਗੱਚ ਖੂਨੀ ਯੁੱਧ ਹੋਇਆ। ਅਸੀਂ ਅਗਸਤਿਨ ਦਾ ਕਿਲਾ ਖਾਲੀ ਕਰਵਾਉਣ ਵਿੱਚ ਕਾਮਯਾਬ ਹੋ ਗਏ। ਸ਼ੁਕਰਵਾਰ ਜੋਨ ਵਰਤ ਰੱਖਿਆ ਕਰਦੀ ਸੀ। ਅੱਜ ਏਨੀ ਥੱਕ ਗਈ ਤੇ ਏਨੀ ਭੁੱਖ ਲੱਗੀ ਕਿ ਭੁਲ ਬਖਸ਼ਾ ਕੇ ਖਾਣਾ ਖਾਧਾ। ਭਾਰੀ ਗਿਣਤੀ ਵਿਚ ਅੰਗਰੇਜ਼ ਮਰੇ, ਰਹਿੰਦੇ ਗ੍ਰਿਫਤਾਰ ਕਰ ਲਏ ਗਏ। ਸਾਰੀ ਰਾਤ ਸ਼ਹਿਰ ਵਾਸੀ ਫਰਾਂਸੀਸੀ ਸੈਨਿਕਾਂ ਦੀ ਟਹਿਲ ਸੇਵਾ ਕਰਦੇ ਰਹੇ।

ਜੀਨ ਪਾਸਕਰ ਨੇ ਦੱਸਿਆ- ਬਾਦਸ਼ਾਹ ਦਾ ਸੁਨੇਹਾ ਆਇਆ ਹੈ। ਅੱਜ ਦੀ ਜਿੱਤ ਤੋਂ ਖੁਸ਼ ਹਨ ਪਰ ਕਿਹਾ ਹੈ ਕਿ ਹੁਣ ਹੋਰ ਹਮਲੇ ਨਹੀਂ ਕਰਨੇ ਅਜੇ। ਮੇਰੇ ਸਲਾਹਕਾਰ ਹੋਰ ਤਿਆਰੀ ਕਰਨ ਵਾਸਤੇ ਆਖ ਰਹੇ ਹਨ। ਜੋਨ ਬੋਲੀ- ਮੇਰੇ ਸਲਾਹਕਾਰ ਬਾਦਸ਼ਾਹ ਦੇ ਸਲਾਹਕਾਰਾਂ ਨਾਲੋਂ ਵੱਡੇ ਹਨ। ਕੱਲ੍ਹ ਨੂੰ ਹੋਰ ਵੀ ਸਵਖਤੇ ਉਠ ਕੇ ਤਿਆਰ ਹੋਈਂ ਜੀਨ। ਆਪਾਂ ਹੱਲਾ ਬੋਲਾਂਗੇ। ਕੱਲ੍ਹ ਨੂੰ ਹਮਲੇ ਵਕਤ ਮੇਰੇ ਨਜ਼ਦੀਕ ਰਹੀਂ। ਮੇਰੀ ਛਾਤੀ ਦੇ ਉਪਰਲੇ ਪਾਸੇ ਜ਼ਖਮ ਹੋਵੇਗਾ।

ਸਵੇਰ ਸਾਰ ਹੱਲਾ ਬੋਲ ਦਿਤਾ। ਸ਼ਾਮ ਤੱਕ ਖਤਰਨਾਕ ਟੱਕਰ ਹੁੰਦੀ ਰਹੀ। ਇਕ ਤੀਰ ਜੋਨ ਦੀ ਛਾਤੀ ਦੇ ਉਪਰ ਵੱਲ ਲੱਗਾ, ਜ਼ਖਮ ਡੂੰਘਾ ਸੀ। ਕੁਝ ਸਿਪਾਹੀ ਦੌੜ ਕੇ ਮੱਦਦ ਲਈ ਆਏ ਤੇ ਕਿਹਾ- ਮੰਤਰ ਪੜ੍ਹ ਕੇ ਇਥੇ ਇਕ ਸਿਆਣਾ, ਜ਼ਖਮ ਠੀਕ ਕਰ ਦਿੰਦਾ ਹੈ। ਲੈ ਆਈਏ? ਗੁੱਸੇ ਵਿਚ ਬੋਲੀ- ਮੰਤਰਾਂ ਨਾਲ ਇਲਾਜ ਕਰਾਉਣ ਦੀ ਥਾਂ ਮਰਨਾ ਵਧੀਕ ਠੀਕ ਰਹੇਗਾ। ਇਸ ਦਾ ਇਲਾਜ ਕਰੋ। ਜ਼ੈਤੂਨ ਦਾ ਤੇਲ ਲਾ ਕੇ ਮੱਲ੍ਹਮ ਪੱਟੀ ਕੀਤੀ ਗਈ। ਜੋਨ ਨੇ ਪ੍ਰਾਰਥਨਾ ਕਰਦਿਆਂ ਭੁੱਲਾਂ ਦੀ ਖਿਮਾ ਮੰਗੀ। ਓਰਲੀਨ ਦੇ ਕਪਤਾਨ ਦੀ ਇਛਾ ਸੀ ਕਿ ਅੱਜ ਦੇ ਦਿਨ ਲੜਾਈ ਬੰਦ ਕਰਕੇ ਵਾਪਸ ਚੱਲੀਏ ਕਿਉਂਕਿ ਦਿਨ ਬੀਤ ਗਿਆ ਸੀ ਤੇ ਜੋਨ ਜ਼ਖਮੀ ਸੀ। ਅਚਾਨਕ ਜੋਨ ਘੋੜੇ ਤੇ ਸਵਾਰ ਹੋਈ, ਹੱਥ ਵਿਚ ਝੰਡਾ ਫੜਿਆ ਤੇ ਹੱਲਾ ਕਰਨ ਲਈ ਕਿਹਾ। ਘਮਸਾਣ ਦੇ ਯੁੱਧ ਦੌਰਾਨ ਦੁਸ਼ਮਣ ਦੇ ਪੈਰ ਉਖੜ ਗਏ। ਜ਼ਖਮੀ ਜੋਨ ਵਿਜਈ ਪਰਤੀ। ਪੰਜ ਸੌ ਦੇ ਕਰੀਬ ਅੰਗਰੇਜ਼ ਮਰੇ ਤੇ ਇੰਨੇ ਕੁ ਗ੍ਰਿਫਤਾਰ ਕੀਤੇ ਗਏ। ਦਰਿਆ ਪਾਰ ਕਰਨ ਲਈ ਕਿਨਾਰੇ ਤੇ ਅੰਗਰੇਜ਼ ਕਪਤਾਨ ਕਲਾਸੀਦਸ ਨੂੰ ਖਲੋਤਾ ਦੇਖ ਕੇ ਜੋਨ ਨੇ ਉਚੀ ਅਵਾਜ਼ ਵਿਚ ਕਿਹਾ- ਕਲਾਸੀਦਸ, ਤੂੰ ਮੈਨੂੰ ਕੰਜਰੀ ਕਿਹਾ ਸੀ। ਹੁਣ ਆ ਕੇ ਮੁਕਾਬਲਾ ਕਰ। ਦੌੜਨ ਕਿਉਂ ਲੱਗੈਂ? ਡਰੇ ਕਲਾਸੀਦਸ ਨੇ ਦਰਿਆ ਵਿਚ ਘੋੜੇ ਦੀ ਛਾਲ ਲੁਆ ਦਿੱਤੀ, ਘੋੜਾ ਅਤੇ ਸਵਾਰ ਦੋਵੇਂ ਡੁੱਬ ਕੇ ਮਰ ਗਏ। ਕਈ ਹੋਰ ਇਸ ਤਰ੍ਹਾਂ ਡੁਬਦੇ ਦੇਖ ਕੇ ਜੋਨ ਦੀਆ ਅੱਖਾਂ ਭਰ ਆਈਆਂ। ਉਸਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਵਾਸਤੇ ਪ੍ਰਾਰਥਨਾ ਕੀਤੀ। ਦਰਿਆ ਪਾਰ ਕਰਨ ਵਾਲੇ ਸਾਰੇ ਮਰੇ। ਬਚਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਾਰੀ ਰਾਤ ਸ਼ੁਕਰਾਨੇ ਵਜੋਂ ਸ਼ਹਿਰ ਦੇ ਚਰਚਾਂ ਦੀਆਂ ਘੰਟੀਆਂ ਵੱਜਦੀਆਂ ਰਹੀਆਂ ਤੇ ਜੋਨ ਦੀ ਜੈ ਜੈ ਕਾਰ ਹੁੰਦੀ ਰਹੀ। ਉਹ ਆਪਣੀ ਸੈਨਾ ਸਮੇਤ ਸਾਰੀ ਰਾਤ ਜਾਗੀ ਕਿ ਕਿਤੇ ਦੁਸ਼ਮਣ ਨਵਾਂ ਲਸ਼ਕਰ ਲੈ ਕੇ ਹੱਲਾ ਕਰਨ ਨਾ ਆ ਜਾਵੇ, ਪਰ ਏਨੀ ਖਤਰਨਾਕ ਖੂਨੀ ਝੜਪ ਹੋਈ ਸੀ ਕਿ ਅੰਗਰੇਜ਼ ਭੈਭੀਤ ਸਨ। ਮੁੜ ਹੱਲਾ ਹੋਣ ਦਾ ਸਵਾਲ ਨਹੀਂ ਸੀ।

ਜੋਨ ਦਾ ਜ਼ਖਮ ਵਾਈਨ ਨਾਲ ਧੋ ਕੇ ਸਿਉਂ ਦਿੱਤਾ ਤਦ ਉਸਨੇ ਹਲਕਾ ਖਾਣਾ ਖਾਧਾ। ਅੱਠ ਮਈ ਐਤਵਾਰ ਦੀ ਸਵੇਰ ਨੂੰ ਜੋਨ ਨੇ ਉੱਚੀ ਥਾਂ ਤੇ ਖਲੋ ਕੇ ਦੇਖਿਆ, ਅੰਗਰੇਜ਼ ਹਰੇਕ ਮੋਰਚਾ ਖਾਲੀ ਕਰਕੇ ਵਾਪਸ ਪਰਤ ਰਹੇ ਸਨ। ਜੋਨ ਨੇ ਆਪਣੀ ਸੈਨਾ ਨੂੰ ਕਿਹਾ- ਐਤਵਾਰ ਦੇ ਪਵਿੱਤਰ ਦਿਨ ਜਾਂਦੇ ਦੁਸ਼ਮਣ ਤੇ ਵਾਰ ਨਹੀਂ ਕਰਨਾ, ਜੇ ਉਨ੍ਹਾਂ ਦਾ ਦਿਮਾਗ ਖਰਾਬ ਹੋ ਜਾਵੇ, ਇਧਰ ਹਮਲਾ ਕਰ ਦੇਣ, ਤਦ ਮੂੰਹ ਤੋੜਵਾਂ ਜਵਾਬ ਦਿਆਂਗੇ। ਕਿਸੇ ਪਾਸਿਓਂ ਹਮਲਾ ਨਹੀਂ ਹੋਇਆ। ਇਉਂ, ਲਗਭਗ ਇਕ ਸਾਲ ਤੋਂ ਹੋਈ ਸ਼ਹਿਰ ਦੀ ਘੇਰਾਬੰਦੀ ਚੁੱਕੀ ਗਈ। ਓਰਲਿਨ ਸ਼ਹਿਰ ਦੀਆਂ ਔਰਤਾਂ ਨੇ ਫੌਜੀਆਂ ਨੂੰ ਇਸ ਤਰ੍ਹਾਂ ਖਾਣੇ ਪਰੋਸੇ ਜਿਵੇਂ ਉਨ੍ਹਾਂ ਦੇ ਪੁੱਤਰ ਵਿਜਈ ਹੋ ਕੇ ਆਪਣੇ ਘਰ ਪਰਤੇ ਹੋਣ।

ਗ੍ਰਿਫਤਾਰੀ ਤੋਂ ਬਾਅਦ ਅੰਗਰੇਜ਼ ਜੱਜਾਂ ਨੇ ਓਰਲਿਨ ਸ਼ਹਿਰ ਉਪਰ ਜਿੱਤ ਬਾਰੇ ਸਵਾਲ ਨਹੀਂ ਪੁੱਛੇ ਕਿਉਂਕਿ ਉਨ੍ਹਾਂ ਦੀ ਸ਼ਰਮਨਾਕ ਹਾਰ ਹੋਈ ਸੀ। ਬਿਨਾਂ ਪੁੱਛਣ ਦੇ ਹੀ ਗੱਲਾਂ ਕਰਦਿਆਂ ਜੋਨ ਨੇ ਕਿਹਾ- ਹਮਲਾ ਕਰਨ ਵੇਲੇ ਜਦੋਂ ਦਰਿਆ ਪਾਰ ਕਰਨਾ ਪਿਆ ਪਾਣੀ ਵਿਚ ਆਪਣੇ ਘੋੜੇ ਦਾ ਕਦਮ ਸਭ ਤੋਂ ਪਹਿਲਾਂ ਮੈਂ ਪੁਆਇਆ ਸੀ।

ਬੇਸ਼ੱਕ ਫਰਾਂਸ ਉਪਰ ਅੰਗਰੇਜ਼ਾਂ ਨੇ ਕਈ ਵਾਰ ਕਬਜ਼ਾ ਕੀਤਾ, ਹਰ ਸਾਲ ਓਰਲਿਨ ਵਾਸੀ 8 ਮਈ ਨੂੰ ਵਿਜੈ-ਦਿਵਸ ਵਜੋਂ ਮਨਾਉਂਦੇ ਹਨ।

ਐਲਨ ਚਾਰਟਰ ਨਾਮ ਦੇ ਇਕ ਫਰਾਂਸੀਸੀ ਨੇ ਜੁਲਾਈ 1429 ਨੂੰ ਆਪਣੇ ਵਿਦੇਸੀ ਦੋਸਤ ਨੂੰ ਲਾਤੀਨੀ ਵਿਚ ਖਤ ਲਿਖਿਆ- ਸਾਡੇ ਵਿਚਕਾਰ ਕੁਆਰੀ ਕੰਨਿਆਂ ਹੈ ਜਿਹੜੀ ਧਰਤੀ ਦੇ ਕਿਸੇ ਕੋਨੇ ਵਿਚ ਨਹੀਂ ਜੰਮੀ, ਜ਼ਮੀਨ ਉਪਰ ਡਿਗੇ, ਜ਼ਖਮੀ, ਲਤਾੜੇ ਹੋਏ ਫਰਾਂਸ ਨੂੰ ਮੁੜ ਸਵੈਮਾਣ ਨਾਲ ਖੜ੍ਹਾ ਕਰਨ ਲਈ ਅਸਮਾਨੋਂ ਉਤਰੀ ਹੈ। ਓ ਅਦੁੱਤੀ ਕੰਨਿਆ, ਸਾਰੇ ਮਾਨਾਂ ਸਨਮਾਨਾਂ ਦੀ ਮਾਲਕ, ਤੂੰ ਧਰਤੀ ਦੀ ਇੱਜ਼ਤ ਹੈਂ, ਤੂੰ ਫੁੱਲਾਂ ਲਈ ਰੌਸ਼ਨੀ ਹੈਂ, ਕੇਵਲ ਫਰਾਂਸ ਲਈ ਨਹੀਂ, ਸਾਰੇ ਈਸਾਈ ਜਗਤ ਦੇ ਸਿਰ ਉਪਰਲਾ ਤਾਜ ਹੈਂ। ਟਰਾਇ ਆਪਣੇ ਹੈਕਟਰ ਉਪਰ, ਯੂਨਾਨ ਸਿਕੰਦਰ ਉਪਰ, ਇਟਲੀ ਸੀਜ਼ਰ ਉਪਰ ਫਖਰ ਕਰਨ, ਬੇਸ਼ੱਕ ਫਰਾਂਸ ਵਿਚ ਹੋਰ ਵੱਡੀਆਂ ਹਸਤੀਆਂ ਵੀ ਹੋਈਆਂ, ਇਕੱਲੀ ਜੋਨ ਦਾ ਨਾਮ ਸਾਡੇ ਲਈ ਕਾਫੀ ਹੈ। ਇਕ ਕੁੜੀ ਨੇ ਪੂਰੀ ਮਨੁੱਖਤਾ ਦੀ ਲਾਜ ਰੱਖੀ। 21 ਜੂਨ ਨੂੰ ਬੋਲੇਨ ਵਿਲੀਅਰ ਨੇ ਲਿਖਿਆ - ਉਸ ਦੀ ਸ਼ਖਸੀਅਤ ਸ਼ਾਨਾਮੱਤੀ ਹੈ। ਘੱਟ ਬੋਲਦੀ ਹੈ, ਥੋੜੇ ਕੁ ਲਫਜ਼ਾਂ ਵਿਚ ਤਾਕਤ ਹੈ। ਸੰਜਮ ਨਾਲ ਘੱਟ ਖਾਂਦੀ ਪੀਂਦੀ ਹੈ, ਚਿਹਰੇ ਉਪਰ ਸ੍ਵੈਮਾਣ ਝਲਕਦਾ ਹੈ, ਸਭ ਤੋਂ ਵਧੀਕ ਖੁਸ਼ ਉਦੋਂ ਦਿਸਦੀ ਹੈ ਜਦੋਂ ਹਥਿਅਰ ਸਜਾ ਕੇ ਯੋਧਿਆਂ ਦੀ ਅਗਵਾਈ ਵਾਸਤੇ ਨਿਕਲਦੀ ਹੈ। ਔਰਤ ਹੋਣ ਦੇ ਬਾਵਜੂਦ ਤਕੜੀ ਏਨੀ ਹੈ ਕਿ ਛੇ ਦਿਨ ਛੇ ਰਾਤਾਂ ਉਸਨੇ ਹਥਿਆਰ ਨਹੀਂ ਉਤਾਰੇ ਸਨ।

ਪੈਰਿਸ ਯੂਨੀਵਰਸਿਟੀ ਵਿਚ ਅੰਗਰੇਜ਼ਾਂ ਨੇ ਆਪਣੇ ਪੱਖ ਦੇ ਪ੍ਰੋਫੈਸਰ ਅਤੇ ਧਰਮ ਸ਼ਾਸਤਰੀ ਭਰਤੀ ਕਰ ਲਏ ਸਨ ਤਾਂ ਵੀ ਇਸ ਯੂਨੀਵਰਸਿਟੀ ਦੇ ਚਾਂਸਲਰ ਜੀਨ ਜਰਸਨ ਨੇ ਜੋਨ ਉਪਰ ਕਿਤਾਬ ਲਿਖੀ। ਉਹ ਥੀਆਲੋਜੀ ਵਿਚ ਪੀਐਚ.ਡੀ. ਸੀ ਜਿਸਦੀਆਂ ਲਿਖਤਾਂ ਦੇ ਹਵਾਲੇ ਦਿੱਤੇ ਜਾਂਦੇ। ਜਿਸਤੀਨੀ ਨਾਂ ਦੇ ਇਕ ਬੰਦੇ ਨੇ ਆਪਣੇ ਮਿੱਤਰ ਨੂੰ ਲਿਖਿਆ- ਪੈਰਿਸ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਰੋਮ ਦੇ ਪੋਪ ਨੂੰ ਲਿਖਿਆ ਹੈ ਕਿ ਜੋਨ ਨਾਮ ਦੀ ਇਹ ਕੁੜੀ ਕਾਫਰ ਹੈ, ਭਵਿੱਖਬਾਣੀਆਂ ਕਰਦੀ ਹੈ ਜੋ ਈਸਾਈ ਧਰਮ ਦੇ ਵਿਰੁੱਧ ਹਨ ਪਰ ਇਸ ਯੂਨੀਵਰਸਿਟੀ ਦੇ ਚਾਂਸਲਰ ਨੇ ਇਸ ਬਾਰੇ ਸ਼ਾਨਦਾਰ ਕਿਤਾਬ ਲਿਖੀ ਹੈ ਜਿਸ ਵਿਚ ਜੋਨ ਦੀਆ ਸਿਫ਼ਤਾਂ ਅਤੇ ਪ੍ਰਾਪਤੀਆਂ ਦਾ ਵਿਸਤ੍ਰਿਤ ਵਰਣਨ ਹੈ। ਇਸ ਪੱਤਰ ਨਾਲ ਤੁਹਾਨੂੰ ਇਹ ਕਿਤਾਬ ਭੇਜ ਰਿਹਾ ਹਾਂ, ਤੁਸੀਂ ਦੇਖੋਗੇ ਕਿੰਨੀ ਦਿਲਚਸਪ ਹੈ। ਇਸ ਤਰਾਂ ਦੇ ਕਾਰਨਾਮੇ ਤੁਸੀਂ ਕਿਸੇ ਕਿਤਾਬ ਵਿਚ ਨਹੀਂ ਪੜ੍ਹੇ ਹੋਣੇ।

*ਓਰਲਿਨ ਦੀ ਘੇਰਾਬੰਦੀ* ਨਾਮ ਦਾ ਮਹਾਂਕਾਵਿ ਜੋਨ ਦੀ ਸਿਫਤ ਵਿਚ ਲਿਖਿਆ ਗਿਆ ਜਿਸ ਦੀਆਂ 25 ਹਜਾਰ ਪੰਕਤੀਆਂ ਹਨ। ਵੈਟਕਿਨ ਲਾਇਬਰੇਰੀ ਵਿਚ ਹੱਥ-ਲਿਖਤ ਸੁਰੱਖਿਅਤ ਹੈ। ਜਿਸ ਨੂੰ ਸ਼ੁਰੂ ਵਿਚ ਜੋਨ ਆਫ ਆਰਕ, ਫਿਰ ਜੋਨ ਦੀ ਮੇਡ ਕਿਹਾ ਗਿਆ ਸੀ, ਬਾਦ ਦੀਆਂ ਸਦੀਆਂ ਨੇ ਉਸਨੂੰ ਜੋਨ ਆਫ ਓਰਲਿਨ ਕਿਹਾ ਬੇਸ਼ਕ ਨਾ ਉਹ ਇਥੇ ਜੰਮੀ ਨਾ ਲੰਮਾ ਸਮਾਂ ਰਹੀਂ। ਓਰਲਿਨ ਵਾਸੀ ਅੱਜ ਤੱਕ ਉਸ ਨੂੰ ਆਪਣੀ ਧੀ ਵਜੋਂ ਯਾਦ ਕਰਦੇ ਹਨ।

11 ਮਈ 1429 ਨੂੰ ਉਹ ਅਪਣੇ ਕਪਤਾਨਾ ਸਮੇਤ ਵਿਜਈ ਕਮਾਂਡਰ ਦੇ ਰੂਪ ਵਿਚ ਬਾਦਸ਼ਾਹ ਦੇ ਮਹਿਲ ਵਿਚ ਗਈ, ਝੁਕ ਕੇ ਸਲਾਮ ਕੀਤਾ, ਬਾਦਸ਼ਾਹ ਨੇ ਆਪਣੇ ਹੱਥਾ ਨਾਲ ਉਸਦਾ ਮੱਥਾ ਉੱਪਰ ਚੁੱਕਿਆ, ਮੁਬਾਰਕਾਂ ਦਿਤੀਆਂ। ਜੋਨ ਨੇ ਕਿਹਾ- ਤੁਹਾਡੀ ਤਾਜਪੋਸ਼ੀ ਰੇਮਜ਼ ਸ਼ਹਿਰ ਦੇ ਮਹੱਲ ਵਿਚ ਕਰਾਂਗੇ। ਰਸਤਾ ਲੋਇਰੀ ਦਰਿਆ ਦੇ ਕਿਨਾਰੇ ਕਿਨਾਰੇ ਜਾਂਦਾ ਹੈ। ਦਰਿਆ ਕਿਨਾਰੇ ਕਿਲਿਆਂ ਉਪਰ ਅੰਗਰੇਜਾਂ ਦਾ ਕਬਜ਼ਾ ਹੈ। ਮੈਨੂੰ ਹੋਰ ਹਥਿਆਰ ਅਤੇ ਸੈਨਾ ਦਿਉ ਤਾਂ ਕਿ ਬਕਾਇਆ ਕੰਮ ਜਲਦੀ ਨਿਬੇੜ ਸਕਾਂ। ਬਾਦਸ਼ਾਹ ਨੇ ਕੁਝ ਦਿਨ ਆਰਾਮ ਕਰਨ ਲਈ ਕਿਹਾ। ਉਹ 23 ਮਈ ਤੱਕ ਉਥੇ ਰਹੀ। ਬਾਦਸ਼ਾਹ ਦੇ ਸਲਾਹਕਾਰ ਚਾਹੁੰਦੇ ਸਨ ਕਿ ਤਾਜਪੋਸ਼ੀ ਨੋਰਮੰਡੀ ਸ਼ਹਿਰ ਦੇ ਕਿਲੇ ਵਿਚ ਕੀਤੀ ਜਾਵੇ ਪਰ ਜੋਨ ਦਾ ਕਹਿਣਾ ਸੀ- ਨੋਰਮੰਡੀ ਦੂਰ ਹੈ, ਰੇਮਜ਼ ਨੇੜੇ ਹੈ। ਰਸਤੇ ਵਿਚ ਲੜਾਈਆਂ ਲੜਦਿਆਂ ਨੋਰਮੰਡੀ ਪੁੱਜਣ ਵਿਚ ਮਹੀਨੇ ਲਗ ਜਾਣਗੇ ਪਰ ਜੇ ਰੇਮਜ਼ ਜਾਕੇ ਜਲਦੀ ਤਾਜਪੋਸ਼ੀ ਕਰ ਦੇਈਏ ਤਦ ਦੁਸ਼ਮਣਾ ਦੇ ਹੌਸਲੇ ਟੁੱਟ ਜਾਣਗੇ ਤੇ ਦੋਸਤਾਂ ਵਿਚ ਹਿੰਮਤ ਆਏਗੀ, ਪਰਜਾ ਦਾ ਮੂਡ ਬਦਲ ਜਾਏਗਾ, ਵਿਸ਼ਵਾਸ ਵਧ ਜਾਏਗਾ। ਜੋਨ ਦੀ ਸਲਾਹ ਮੰਨੀ ਗਈ। ਇਹ ਫੈਸਲਾ ਜਲਦਬਾਜ਼ੀ ਵਿਚ ਨਹੀਂ ਕੀਤਾ ਗਿਆ, ਬਾਦਸ਼ਾਹ ਨੇ ਮੰਤਰੀ ਮੰਡਲ ਦੀ ਪੂਰੀ ਟੀਮ ਨਾਲ ਮੀਟਿੰਗ ਕੀਤੀ ਜਿਸ ਵਿਚ ਜੋਨ ਦੀਆਂ ਦਲੀਲਾਂ ਕੋਈ ਨਹੀਂ ਕੱਟ ਸਕਿਆ।

ਸ਼ਾਹੀ ਸੈਨਾ ਦੀ ਅਗਵਾਈ ਕਰਦਿਆ ਉਹ ਲੋਇਰੀ ਦਰਿਆ ਦੇ ਕਿਨਾਰੇ ਕਿਨਾਰੇ ਰੇਮਜ਼ ਵਲ ਚੱਲ ਪਈ। ਲੋਕਾਂ ਨੂੰ ਉਸ ਦੇ ਕ੍ਰਿਸ਼ਮਿਆਂ ਵਿਚ ਏਨਾ ਵਿਸ਼ਵਾਸ ਹੋ ਗਿਆ ਸੀ ਕਿ ਰਸਤੇ ਵਿਚ ਹਥਿਆਰਬੰਦ ਵਲੰਟੀਅਰ ਆਪਣੇ ਆਪ ਰਲਦੇ ਗਏ। ਉਹ ਫਰਾਂਸ ਦਾ ਭਵਿੱਖ ਦਿਸਣ ਲੱਗੀ।

ਰਾਜੇ ਦੇ ਸਰਦਾਰ ਗਾਈ ਡੀ ਲਾਵਲ ਅਤੇ ਆਂਦਰੇ, ਦੋ ਭਰਾ, ਬਾਦਸ਼ਾਹ ਨੂੰ ਮਿਲਣ ਗਏ। ਬਾਦਸ਼ਾਹ ਨੇ ਦੋਵਾਂ ਨੂੰ ਆਦਰ ਦਿਤਾ ਤੇ ਕਿਹਾ- ਜੋਨ ਦੀ ਮੇਡ ਨੂੰ ਮਿਲੋ। ਆਂਦਰੇ ਲਿਖਦਾ ਹੈ- ਅਸੀਂ ਜੋਨ ਨੂੰ ਸਲਾਮ ਕਿਹਾ ਤੇ ਆਪਣੀ ਵਾਕਫੀ ਕਰਾਈ। ਉਸਨੇ ਵਾਈਨ ਦੇ ਦੋ ਪਿਆਲੇ ਸਾਡੇ ਹੱਥਾਂ ਵਿਚ ਫੜਾਉਂਦਿਆਂ ਕਿਹਾ- ਅਗਲੀ ਵਾਰ ਦੋ ਪਿਆਲੇ ਪੈਰਿਸ ਦੇ ਮਹਿਲ ਪੁੱਜ ਕੇ ਦਿਆਂਗੀ। ਹਥਿਆਰਾਂ ਨਾਲ ਪੂਰੀ ਤਰਾਂ ਲੈਸ ਸੀ। ਕਾਲੇ

ਰੰਗ ਦਾ ਤਾਕਤਵਰ ਘੋੜਾ ਉਸ ਦੀ ਸਵਾਰੀ ਵਾਸਤੇ ਲਿਆਂਦਾ ਗਿਆ। ਬੜਾ ਅੜੀਅਲ ਘੋੜਾ ਸੀ, ਜੋਨ ਨੂੰ ਚੜ੍ਹਨ ਨਾ ਦੇਵੇ। ਜੋਨ ਨੇ ਕਿਹਾ- ਉਸ ਕਰਾਸ ਨੇੜੇ ਲੈ ਜਾਉ। ਕਰਾਸ ਨੇੜੇ ਜਾਕੇ ਉਹ ਇਉਂ ਸਾਊ ਬਣ ਕੇ ਖਲੋ ਗਿਆ ਜਿਵੇਂ ਚਾਰੇ ਲੱਤਾਂ ਨੂੜ ਦਿਤੀਆਂ ਹੋਣ। ਛਾਲ ਮਾਰ ਕੇ ਕਾਠੀ ਤੇ ਬੈਠ ਗਈ। ਆਲੇ ਦੁਆਲੇ ਖਲੋਤੇ ਪਾਦਰੀਆਂ ਨੂੰ ਕਿਹਾ- ਸਾਡੀ ਫਤਿਹਯਾਬੀ ਲਈ ਅਰਦਾਸ ਕਰਦੇ ਰਹਿਣਾ। ਇਹ ਕਹਿਕੇ ਉਸਨੇ ਉਚੀ ਆਵਾਜ਼ ਵਿਚ ਕਿਹਾ- ਕੂਚ। ਸੈਨਿਕ ਕਾਰਵਾਂ ਤੁਰ ਪਿਆ, ਅਗੇ ਸਫੈਦ ਝੰਡਾ ਲਹਿਰਾਉਂਦਾ ਜਾ ਰਿਹਾ ਸੀ।

ਡਿਊਕ ਆਫ ਐਲਨ ਲਿਖਦਾ ਹੈ- ਜਰਗੂ ਸ਼ਹਿਰ ਉਪਰ ਹਮਲਾ ਕਰਨ ਵੇਲੇ ਸਾਡੇ ਕੋਲ 6 ਸੌ ਘੋੜ ਸਵਾਰ ਸਨ ਤੇ ਪਤਾ ਲੱਗਾ ਅੰਗਰੇਜ਼ ਸਾਡੇ ਤੋਂ ਦੁੱਗਣੀ ਗਿਣਤੀ ਵਿਚ ਹਨ। ਹਮਲਾ ਕਰਨ ਵੇਲੇ ਅਸੀਂ ਘਬਰਾਹਟ ਵਿਚ ਸਾਂ। ਜੋਨ ਨੇ ਉਚੀ ਆਵਾਜ਼ ਵਿਚ ਕਿਹਾ- ਗਿਣਤੀਆਂ ਵਿਚ ਨਾ ਜਾਓ, ਰੱਬ ਸਾਡੇ ਨਾਲ ਹੈ। ਇਸ ਗੱਲ ਵਿਚ ਜੇ ਸੱਚ ਨਾ ਹੁੰਦਾ ਤਾਂ ਮੈਂ ਇਥੇ ਲੜਨ ਦੀ ਥਾਂ ਆਪਣੇ ਖੇਤਾਂ ਵਿਚ ਭੇਡਾਂ ਚਾਰਦੀ ਨਾ ਫਿਰਦੀ ਹੁੰਦੀ? ਅਸੀਂ ਹਮਲਾ ਕਰ ਦਿਤਾ। ਜਿਥੇ ਮੈਂ ਖਲੋਤਾ ਸਾਂ, ਜੋਨ ਨੇ ਆਵਾਜ਼ ਮਾਰੀ- ਭੱਜ ਆ, ਉਥੇ ਖਤਰਾ ਹੈ। ਜਦੋਂ ਮੈਂ ਘੋੜਾ ਭਜਾਕੇ ਜੋਨ ਕੋਲ ਆਇਆ, ਐਨ ਉਸੇ ਥਾਂ ਤੋਪ ਦਾ ਗੋਲਾ ਡਿੱਗਾ ਜਿਥੋਂ ਮੈਂ ਆਇਆ ਸਾਂ। ਇਕ ਸਿਪਾਹੀ ਦੀ ਮੌਤ ਹੋ ਗਈ। ਹੱਥ ਵਿਚ ਝੰਡਾ ਲਹਿਰਾਉਂਦੀ ਉਹ ਕਿਲੇ ਤੱਕ ਸਾਡੇ ਅਗੇ ਅਗੇ ਵਧਦੀ ਗਈ, ਫਿਰ ਕਿਲੇ ਦੀ ਕੰਧ ਨਾਲ ਪੌੜੀ ਲਾਕੇ ਉਪਰ ਚੜ੍ਹਨ ਲੱਗੀ ਤਾਂ ਸਿਰ ਉਪਰ ਜਬਰਦਸਤ ਪੱਥਰ ਵੱਜਾ, ਜ਼ਖਮੀ ਹੋ ਕੇ ਹੇਠਾਂ ਡਿਗ ਪਈ ਪਰ ਛੇਤੀ ਸੰਭਲ ਗਈ ਤੇ ਉਠਕੇ ਫੇਰ ਲਲਕਾਰਾ ਮਾਰਿਆ। ਸਾਡੀ ਫੌਜ ਨੇ ਕਿਲੇ ਦੇ ਬੂਹੇ ਭੰਨ ਦਿਤੇ। ਘਮਸਾਣ ਦਾ ਯੁੱਧ ਹੋਇਆ। ਗਿਆਰਾਂ ਸੌ ਅੰਗਰੇਜ਼ ਮਰੇ, 10 ਜੂਨ 1429, ਸ਼ਾਮ ਤੱਕ ਸ਼ਹਿਰ ਕਾਬੂ ਕਰ ਲਿਆ।

ਦੂਜੇ ਪਾਸੇ ਅੰਗਰੇਜ਼ ਵੇਵਰਿਨ ਲਿਖਦਾ ਹੈ- ਇਸ ਕੁੜੀ ਕਾਰਨ ਅੰਗਰੇਜ਼ਾਂ ਦਾ ਹੌਸਲਾ ਢਹਿ ਰਿਹਾ ਹੈ। ਉਨ੍ਹਾਂ ਨੂੰ ਲਗਦਾ ਹੈ ਕਿਸਮਤ ਖਿਲਾਫ ਹੋ ਗਈ ਹੈ। ਉਨ੍ਹਾਂ ਪਾਸੋਂ ਸ਼ਹਿਰ ਅਤੇ ਕਿਲੇ ਖੁੱਸ ਰਹੇ ਹਨ। ਕਿਤੇ ਲੜ ਕੇ ਹਰਾ ਦਿੰਦੀ ਹੈ ਕਿਤੇ ਸੰਧੀ ਕਰਕੇ ਸ਼ਹਿਰੋਂ ਕੱਢ ਦਿੰਦੀ ਹੈ।

ਅਗਲਾ ਹਮਲਾ ਬੀਜੈਂਸੀ ਸ਼ਹਿਰ ਤੇ ਕਰਨਾ ਸੀ। ਪਤਾ ਲੱਗਾ ਇਥੇ ਅੰਗਰੇਜਾਂ ਦੀ ਫੌਜ ਵੱਡੀ ਗਿਣਤੀ ਵਿਚ ਹੈ। ਪਹਾੜੀ ਉਪਰੋਂ ਜੋਨ ਹੇਠਾਂ ਅੰਗਰੇਜ਼ੀ ਸੈਨਾ ਦੀ ਫਾਰਮੇਸ਼ਨ ਦੇਖ ਰਹੀ ਸੀ ਕਿ ਦੋ ਸਿਪਾਹੀ ਉਸ ਕੋਲ ਆਏ ਤੇ ਕਿਹਾ- ਜੋਨ, ਸਾਡੇ ਤਿੰਨ ਅੰਗਰੇਜ ਜਰਨੈਲ ਤੁਹਾਡੇ ਤਿੰਨ ਜਰਨੈਲਾਂ ਨਾਲ ਲੜਨ ਵਾਸਤੇ ਤਿਆਰ ਹਨ, ਇਸੇ ਨਾਲ ਜਿੱਤ ਹਾਰ ਦਾ ਫੈਸਲਾ ਹੋ ਜਾਏ। ਜੋਨ ਨੇ ਕਿਹਾ- ਅੱਜ ਤਾਂ ਸ਼ਾਮ ਹੋ ਚੱਲੀ ਹੈ, ਦੇਰ ਹੋ ਗਈ। ਕੱਲ੍ਹ ਸਵੇਰ ਸਾਰ ਤੁਹਾਨੂੰ ਸਾਰਿਆਂ ਨੂੰ ਨੇੜੇ ਆਕੇ ਦੇਖਾਂਗੇ। ਅਗਲੀ ਸਵੇਰ ਜੋਨ ਨੇ ਹਮਲੇ ਦਾ ਇਸ਼ਾਰਾ ਕੀਤਾ। ਜਲਦੀ ਅੰਗਰੇਜ਼ਾਂ ਦੇ ਪੈਰ ਉਖੜ ਗਏ, ਜਿਸ ਦਾ ਜਿਧਰ ਮੂੰਹ ਹੋਇਆ ਭੱਜ ਉਠਿਆ। ਦੋ ਹਜ਼ਾਰ ਸਿਪਾਹੀ ਮਰੇ, ਇਕ ਜਰਨੈਲ ਮਰਿਆ, ਇਕ ਬੰਦੀ ਬਣਾ ਲਿਆ। ਜੋਨ ਦੇ ਕੇਵਲ ਤਿੰਨ ਸੈਨਿਕ ਮਰੇ। ਇਸ ਸ਼ਾਨਦਾਰ ਜਿੱਤ ਬਾਦ ਜੋਨ ਆਪਣੇ ਕਪਤਾਨਾ ਸਮੇਤ ਬਾਦਸ਼ਾਹ ਨੂੰ ਮਿਲਣ ਗਈ। ਭਰਪੂਰ ਦਾਦ ਮਿਲੀ।

ਫੈਸਲਾ ਹੋਇਆ ਕਿ ਤਾਜਪੋਸ਼ੀ ਵਾਸਤੇ ਰੇਮਜ਼ ਵੱਲ ਕੂਚ ਕੀਤਾ ਜਾਵੇ। ਟਰਾਇ ਸ਼ਹਿਰ ਰਸਤੇ ਵਿਚ ਪੈਂਦਾ ਸੀ ਜੋ ਅਜੇ ਅੰਗਰੇਜ਼ਾ ਦੇ ਕਬਜ਼ੇ ਵਿਚ ਸੀ। ਮੰਤਰੀ ਮੰਡਲ ਨੇ ਸਲਾਹ ਦਿਤੀ ਕਿ ਟਰਾਇ ਦੇ ਬਾਹਰੋ ਬਾਹਰ ਨਿਕਲ ਜਾਵਾਂਗੇ, ਰਾਹ ਵਿਚ ਲੜਾਈ ਦਾ ਖਤਰਾ ਮੁੱਲ ਕਾਹਨੂੰ ਲੈਣਾ? ਜੋਨ ਨੇ ਕਿਹਾ- ਜੇ ਨਿਕੇ ਮੋਟੇ ਸ਼ਹਿਰਾਂ ਤੋਂ ਡਰਦਿਆਂ ਲੰਘਣਾ ਹੈ, ਫਿਰ ਕਾਹਦੀ ਤਾਜਪੋਸ਼ੀ ਹੋਈ? ਪਹਿਲੋਂ ਮੈਂ ਸ਼ਹਿਰ ਵਿਚ ਸੈਨਾ ਸਮੇਤ ਜਾਵਾਂਗੀ, ਦੇਖਦੀ ਹਾਂ ਮੇਰਾ ਕੀ ਵਿਗੜਦਾ ਹੈ। ਉਹ ਸ਼ਹਿਰ ਵਿਚ ਗਈ, ਸ਼ਹਿਰ ਦੇ ਪਤਵੰਤੇ, ਪਾਦਰੀ ਅਤੇ ਅਫਸਰਾਂ ਨੇ ਕੰਬਦੇ ਹੋਠਾਂ ਨਾਲ ਸਵਾਗਤ ਕੀਤਾ। ਜੋਨ ਨੇ ਕਿਹਾ- ਤੁਸੀਂ ਬੇਕਸੂਰ ਫਰਾਂਸੀਸੀ ਹੋ, ਜੇ ਅੰਗਰੇਜ਼ਾਂ ਨੇ ਤੁਹਾਡੇ ਸ਼ਹਿਰ ਤੇ ਕਬਜ਼ਾ ਕਰ ਲਿਆ ਤਾਂ ਤੁਹਾਡਾ ਕੀ ਅਪਰਾਧ? ਤੁਹਾਡਾ ਸਹੀ ਬਾਦਸ਼ਾਹ ਆ ਰਿਹਾ ਹੈ। ਉਸਦਾ ਸਵਾਗਤ ਕਰੋ। ਇਵੇਂ ਹੋਇਆ। ਟਰਾਇ ਦੇ ਦਰਵਾਜ਼ੇ ਖੋਲ੍ਹ ਕੇ ਚਾਰਲਸ ਦਾ ਸਵਾਗਤ ਕੀਤਾ ਗਿਆ। ਇਸ ਪਿਛੋਂ ਰੇਮਜ਼ ਗਏ। ਰੇਮਜ਼ ਵਾਸੀਆਂ ਨੂੰ ਕੁਝ ਕਹਿਣ ਦੀ ਲੋੜ ਨਹੀਂ ਪਈ। ਸ਼ਹਿਰ ਸਵਾਗਤ ਵਾਸਤੇ ਬਾਹਰ ਆਇਆ ਖਲੋਤਾ ਸੀ। ਪਾਦਰੀ ਨੇ ਸ਼ਹਿਰ ਦੇ ਦਰਵਾਜ਼ੇ ਦੀਆਂ ਚਾਬੀਆਂ ਬਾਦਸ਼ਾਹ ਦੇ ਸਪੁਰਦ ਕਰ ਦਿੱਤੀਆਂ।

ਜੋਨ ਨੂੰ ਪੁੱਛਿਆ ਗਿਆ- ਤੂੰ ਬਾਦਸ਼ਾਹ ਨੂੰ ਡਾਫਿਨ, ਯਾਨੀ ਕਿ ਉਸਦੇ ਨਾਮ ਨਾਲ ਕਿਉਂ ਬੁਲਾਉਂਦੀ ਹੈਂ ? ਉਸਨੇ ਕਿਹਾ- ਜਦੋਂ ਤਾਜਪੋਸ਼ੀ ਦੀ ਰਸਮ ਅਦਾ ਕਰ ਲਈ, ਉਸ ਪਿਛੋਂ ਨਾਮ ਲੈਣ ਦੀ ਥਾਂ ਮਹਾਰਾਜਾ ਕਿਹਾ ਕਰਾਂਗੀ। ਜੋਨ ਨੂੰ ਪੁੱਛਿਆ ਗਿਆ- ਤਾਜਪੋਸ਼ੀ ਵੇਲੇ ਤੇਰਾ ਝੰਡਾ ਬਾਕੀ ਕਪਤਾਨਾ ਤੋਂ ਉਚਾ ਕਿਉਂ ਸੀ? ਜੋਨ- ਕਿਉਂਕਿ ਇਸ ਝੰਡੇ ਨੇ ਵਧੀਕ ਭਾਰ ਝੱਲਿਆ ਸੀ, ਵਧੀਕ ਸੇਕ ਵਿਚੋਂ ਲੰਘਿਆ ਸੀ।

ਤਾਜਪੋਸ਼ੀ ਉਪਰੰਤ ਗੋਡਿਆਂ ਭਾਰ ਹੋ ਕੇ ਜੋਨ ਨੇ ਬਾਦਸ਼ਾਹ ਦੀਆਂ ਲੱਤਾ ਦੁਆਲੇ ਬਾਹਵਾਂ ਵਲ ਲਈਆਂ, ਕਿਹਾ- ਦਿਆਲੂ ਬਾਦਸ਼ਾਹ, ਰੱਬ ਦੀ ਰਜ਼ਾ ਪੂਰੀ ਹੋਈ, ਕੌਣ ਜਾਣਦਾ ਸੀ ਮੈਂ ਓਰਲਿਨ ਨੂੰ ਆਜ਼ਾਦ ਕਰਵਾ ਲਵਾਂਗੀ? ਕਿਸਨੂੰ ਪਤਾ ਸੀ ਇਥੇ ਤੁਹਾਡੀ ਤਾਜਪੋਸ਼ੀ ਹੋਵੇਗੀ? ਇਹ ਕਹਿੰਦਿਆਂ ਰੋ ਪਈ। ਜੋਨ ਦੇ ਮਾਪੇ ਇਸ

ਘਟਨਾ ਵਕਤ ਸ਼ਾਹੀ ਮਹਿਮਾਨਾ ਵਜੋਂ ਮੌਜੂਦ ਸਨ। ਬਾਦਸ਼ਾਹ ਨੇ ਜੋਨ ਨੂੰ ਪੁੱਛਿਆ- ਤੈਨੂੰ ਕੀ ਇਨਾਮ ਦਿਆਂ? ਜੋਨ ਨੇ ਕਿਹਾ- ਮੇਰੇ ਪਿੰਡ ਦਾ ਮਾਲੀਆ ਮਾਫ ਕਰ ਦਿਉ। ਬੱਸ? ਹੱਸ ਕੇ ਬਾਦਸ਼ਾਹ ਨੇ ਪਿੰਡ ਨੂੰ ਟੈਕਸ-ਫਰੀ ਕਰ ਦਿੱਤਾ। ਸਤਾਰਾਂ ਜੁਲਾਈ 1429, ਐਤਵਾਰ ਦੇ ਦਿਨ ਤਾਜਪੋਸ਼ੀ ਦੀ ਰਸਮ ਧੂਮਧਾਮ ਨਾਲ ਹੋਈ।

ਫਿਲਿਪੀ ਅਤੇ ਬਰਗੰਡੀ, ਬਰਿਟਿਸ਼ ਵਲੋਂ ਮਾਨਤਾ ਪ੍ਰਾਪਤ ਸਰਦਾਰਾਂ ਨੂੰ ਜੋਨ ਨੇ ਖਤ ਲਿਖੇ- ਸਤਿਕਾਰਯੋਗ ਪ੍ਰਿੰਸ, ਸੱਚੇ ਪਾਤਸ਼ਾਹ ਦੇ ਨਾਮ ਤੇ, ਜੋ ਕਾਇਨਾਤ ਦਾ ਮਾਲਕ ਹੈ, ਖਤ ਲਿਖ ਰਹੀ ਹਾਂ। ਭਲਾ ਇਸੇ ਵਿਚ ਹੈ ਕਿ ਸਥਾਈ ਅਮਨ ਹੋਵੇ। ਸੱਚੇ ਈਸਾਈਆਂ ਵਾਂਗ ਇਕ ਦੂਜੇ ਨੂੰ ਖਿਮਾ ਕਰੋ। ਹੱਥ ਜੋੜ ਕੇ ਤੁਹਾਡੇ ਅਗੇ ਬੇਨਤੀ ਕਰਦੀ ਹਾਂ ਹੁਣ ਸਾਡੇ ਉਪਰ ਹਮਲਾ ਨਾ ਕਰਨਾ। ਜਿੰਨੀ ਮਰਜ਼ੀ ਗਿਣਤੀ ਵਿਚ ਸੈਨਾ ਚਾੜ੍ਹ ਲਿਆਓ, ਜੇਤੂ ਨਹੀਂ ਹੋਵੋਗੇ। ਵਿਅਰਥ ਖ਼ੂਨ ਡੋਲ੍ਹਣ ਵਿਚ ਕਿਸ ਦਾ ਭਲਾ ਹੋਵੇਗਾ?

ਜੋਨ ਦੇ ਖਤ ਦਾ ਜਵਾਬ ਨਹੀਂ ਦਿਤਾ, ਸਰਦਾਰਾਂ ਨੇ ਬਾਦਸ਼ਾਹ ਕੋਲ ਆਪਣੇ ਦੂਤ ਭੇਜ ਕੇ ਸੁਲਾਹ ਸਫਾਈ ਵਾਸਤੇ ਦੋ ਹਫਤਿਆਂ ਦਾ ਸਮਾਂ ਮੰਗਿਆ। ਗੱਲਾਂ ਬਾਤਾਂ ਦੌਰਾਨ ਉਹ ਆਖ ਰਹੇ ਸਨ ਕਿ ਪੈਰਿਸ ਵਿਚੋਂ ਅੰਗਰੇਜ਼ੀ ਫੌਜ ਕੱਢ ਰਹੇ ਹਾਂ। ਅਸਲ ਵਿਚ ਬਰਤਾਨੀਆਂ ਹੋਰ ਫੌਜ ਭੇਜ ਰਿਹਾ ਸੀ ਜੋ 15 ਨੂੰ ਚਲ ਪਈ ਸੀ ਤੇ 25 ਜੁਲਾਈ ਨੂੰ ਪੁੱਜ ਜਾਣੀ ਸੀ। ਇਹ ਗੱਲਬਾਤ ਨਿਰਾ ਧੋਖਾ ਸੀ। ਇਸ ਵਿਚਾਰ ਵਟਾਂਦਰੇ ਵਿਚ ਜੋਨ ਨੂੰ ਸ਼ਾਮਲ ਨਹੀਂ ਕੀਤਾ ਗਿਆ। ਜੋਨ ਨੂੰ ਨਹੀਂ, ਬਾਦਸ਼ਾਹ ਖੁਦ ਨੂੰ ਧੋਖਾ ਦੇ ਰਿਹਾ ਸੀ।

ਤਾਜਪੋਸ਼ੀ ਬਾਦ ਬਾਦਸ਼ਾਹ ਜਿਸ ਨਗਰ ਵਿਚ ਜਾਂਦਾ, ਭਰਪੂਰ ਸਵਾਗਤ ਹੁੰਦਾ। ਕਰੇਪੀ ਦੇ ਵਸਨੀਕ ਬਾਦਸ਼ਾਹ ਨੂੰ ਦੇਖ ਕੇ ਖੁਸ਼ੀ ਨਾਲ ਸਵਾਗਤੀ ਜੈਕਾਰੇ ਛੱਡਣ ਲੱਗੇ ਤਦ ਜੋਨ, ਬਾਦਸ਼ਾਹ ਅਤੇ ਰੇਮਜ਼ ਦੇ ਪਾਦਰੀ ਵਿਚਕਾਰ ਘੋੜੇ ਤੇ ਸਵਾਰ ਏਨੀ ਖੁਸ਼ ਸੀ ਕਿ ਪਾਦਰੀ ਨੂੰ ਕਿਹਾ- ਹੋਰ ਹੁਣ ਕੀ ਚਾਹੀਦਾ ਹੈ ਫਾਦਰ? ਦਿਲ ਕਰਦੈ ਮੌਤ ਆ ਜਾਏ ਤੇ ਮੈਨੂੰ ਇਥੇ ਦਫਨ ਕਰ ਦਿਉ। ਪਾਦਰੀ ਨੇ ਕਿਹਾ- ਜੋਨ ਤੇਰੀ ਮੌਤ ਕਿਥੇ ਹੋਵੇਗੀ? ਜੋਨ -ਪਤਾ ਨਹੀਂ ਫਾਦਰ, ਸਮੇਂ ਤੇ ਸਥਾਨ ਦਾ ਪਤਾ ਨਹੀਂ। ਸ਼ਾਇਦ ਤੁਹਾਨੂੰ ਪਤਾ ਹੋਵੇ? ਬਸ ਮੇਰਾ ਮਕਸਦ ਪੂਰਾ ਹੋਇਆ। ਹੁਣ ਮੈਂ ਪਿੰਡ ਆਪਣੇ ਭਰਾਵਾਂ, ਮਾਪਿਆਂ ਕੋਲ ਰਹਿਣਾ ਚਾਹੁੰਦੀ ਹਾਂ। ਮੇਰਾ ਪਿੰਡ ਕਿੰਨਾ ਖੁਸ਼ ਹੋਵੇਗਾ।

8 ਸਤੰਬਰ ਨੂੰ ਪੈਰਿਸ ਉਪਰ ਹਮਲਾ ਕੀਤਾ ਗਿਆ। ਦੋਹਾਂ ਪਾਸਿਆਂ ਵੱਲੋਂ ਜਮ ਕੇ ਲੜਾਈ ਹੋਈ। ਪੈਰਿਸ ਵਸਨੀਕਾਂ ਨੇ ਮਜ਼ਬੂਤ ਕਿਲ੍ਹਾਬੰਦੀ ਕੀਤੀ ਹੋਈ ਸੀ। ਜੋਨ ਦੀ ਲੱਤ ਉਪਰ ਤੀਰ ਵੱਜਾ, ਉਸਦੇ ਝੰਡਾ ਬਰਦਾਰ ਦੇ ਮੱਥੇ ਵਿਚ। ਜੋਨ ਦੀਆਂ ਫੌਜਾਂ ਨੂੰ ਪਿਛੇ ਹਟਣਾ ਪਿਆ। ਬਾਦਸ਼ਾਹ ਨੂੰ ਉਸ ਦੀ ਮਦਦ ਵਾਸਤੇ ਆਉਣਾ ਚਾਹੀਦਾ ਸੀ ਪਰ ਉਸਦੇ ਸਿਆਸੀ ਸਲਾਹਕਾਰਾਂ ਦੀ ਜੁੰਡਲੀ ਉਸਨੂੰ ਆਖਦੀ ਰਹੀਂ ਕਿ ਪੈਰਿਸ ਖਤਰਨਾਕ ਹੈ, ਪੈਰਿਸ ਤੋਂ ਦੂਰ ਰਹੋ। ਜੋਨ ਦੀ ਸੈਨਿਕ ਟੁਕੜੀ ਦੇ ਸਲਾਹਕਾਰਾਂ ਨਾਲ ਸਿਆਸੀ ਸਲਾਹਕਾਰਾਂ ਦੀ ਬਣਦੀ ਨਹੀਂ ਸੀ, ਜੋਨ ਤੇ ਜਰਨੈਲ ਫੀਲਡ ਵਿਚ ਰਹਿੰਦੇ ਸਨ ਤੇ ਮਹਿਲ ਦੇ ਸਲਾਹਕਾਰ ਹਰ ਵਕਤ ਬਾਦਸ਼ਾਹ ਨਾਲ, ਸੋ ਉਹ ਵਧੀਕ ਪ੍ਰਭਾਵਸ਼ਾਲੀ ਸਨ। ਬਾਦਸ਼ਾਹ ਖੁਦ ਫੈਸਲੇ ਲੈਣ ਦੇ ਸਮਰੱਥ ਨਹੀਂ ਸੀ।

ਜੋਨ ਪੜ੍ਹਨਾ ਲਿਖਣਾ ਨਹੀ ਜਾਣਦੀ ਸੀ। ਖਤ ਉਸਦੇ ਕਲਰਕ ਲਿਖਦੇ, 9 ਨਵੰਬਰ 1429 ਦਾ ਇਕ ਖਤ ਮਿਲਿਆ ਹੈ ਜਿਸ ਉਪਰ ਜੋਨ ਦੇ ਦਸਖਤ ਹਨ, ਪਹਿਲਾ ਖਤ ਉਸ ਦੇ ਦਸਖਤਾਂ ਵਾਲਾ, ਯਾਨੀ ਕਿ ਇਸ ਤਰੀਕ ਤੱਕ ਉਹ ਦਸਖਤ ਕਰਨ ਸਿਖ ਗਈ ਸੀ।

ਦਸੰਬਰ ਵਿਚ ਬਾਦਸ਼ਾਹ ਨੇ, ਉਸਦੇ ਸਾਰੇ ਪਰਿਵਾਰ ਨੂੰ ਨੋਬਲਜ਼(ਸ਼ਾਹੀ ਖਾਨਦਾਨ) ਹੋਣ ਦਾ ਸਨਮਾਨ ਦਿੱਤਾ ਜੋ ਆਉਂਦੀਆਂ ਪੀੜ੍ਹੀਆਂ ਤਕ ਚਲਦਾ ਜਾਵੇਗਾ। ਹੋਰ ਫੌਜੀ ਮਦਦ ਨਾ ਮਿਲੀ। ਜੋਨ ਉਦਾਸ ਰਹੀ। ਮਈ 23, 1430 ਨੂੰ ਉਸ ਨੇ ਕੰਪੇਨ ਨਾਮ ਦੇ ਸ਼ਹਿਰ ਉਪਰ ਹਮਲਾ ਕੀਤਾ। ਦੁਸ਼ਮਣ ਕੋਲ ਉਸਦੇ ਮੁਕਾਬਲੇ ਤੇ ਏਨੀ ਫੌਜ ਅਤੇ ਅਸਲਾ ਹੋਵੇਗਾ, ਉਸਨੂੰ ਅੰਦਾਜ਼ਾ ਨਹੀਂ ਸੀ। ਉਸ ਕੋਲ ਖੁਦ ਸੱਤ ਸੌ ਘੋੜ ਸਵਾਰ ਸਨ ਪਰ ਦੁਸ਼ਮਣ ਕੋਲ ਤਿੰਨ ਗੁਣਾ ਵਧੀਕ। ਜਦੋਂ ਸਾਹਮਣਿਓ ਜਬਰਦਸਤ ਟਾਕਰਾ ਹੋਇਆ, ਜੋਨ ਦੀ ਫੌਜ ਦੇ ਪੈਰ ਉਖੜ ਗਏ ਤੇ ਸੈਨਿਕ ਪੁਠੇ ਭੱਜਣ ਲੱਗੇ। ਚੰਗੇ ਜਰਨੈਲ ਵਾਂਗ ਜੋਨ ਪਿਛੇ ਤਾਂ ਹਟੀ ਪਰ ਸਹਿਜੇ ਸਹਿਜੇ, ਤਾਂ ਕਿ ਉਸਦੀ ਨਿਡਰਤਾ ਉਪਰ ਵਿਸ਼ਵਾਸ ਰਹੇ ਤੇ ਸੈਨਾ ਵਿਚ ਭਗਦੜ ਨਾ ਮਚੇ। ਉਹ ਦੁਸ਼ਮਣ ਦੀ ਟੁਕੜੀ ਵਿਚਕਾਰ ਘਿਰ ਗਈ। ਇਕ ਸੈਨਿਕ ਨੇ ਉਸ ਨੂੰ ਘੋੜੇ ਤੋਂ ਖਿਚ ਕੇ ਧਰਤੀ ਤੇ ਸੁੱਟ ਲਿਆ। ਅੰਗਰੇਜਾਂ ਦੇ ਹੋਸ਼ ਉਡਾ ਦੇਣ ਵਾਲੀ ਕੁੜੀ ਗ੍ਰਿਫਤਾਰ ਕਰ ਲਈ ਗਈ। ਜਾਨ ਆਫ ਲਕਸਮਬਰਗ ਦੀ ਨਿਗਰਾਨੀ ਹੇਠ ਉਸਨੂੰ ਬੀਉਲੀ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਅੰਗਰੇਜ਼ਾਂ ਨੇ ਸਾਰੇ ਯੋਰਪ ਵਿਚ ਖੁਸ਼ੀ ਦੇ, ਵਧਾਈਆਂ ਦੇ ਅਣਗਿਣਤ ਖ਼ਤ ਭੇਜੇ- ਕਰਾਮਾਤੀ ਕੁੜੀ ਆਖਰ ਹੱਥ ਆ ਹੀ ਗਈ, ਉਹੀ ਜਿਸ ਨੂੰ ਜੋਨ ਦੀ ਮੇਡ ਕਿਹਾ ਜਾਂਦਾ ਹੈ।

ਬੀਊਲੀ ਦੇ ਕਿਲੇ ਵਿਚੋਂ ਭੱਜਣ ਦਾ ਯਤਨ ਵੀ ਕੀਤਾ ਪਰ ਸਫਲ ਨਾ ਹੋਈ। ਬਦਲ ਕੇ ਬੀਉਰਵਰ ਕਿਲੇ ਵਿਚ ਬੰਦ ਕਰ ਦਿਤੀ। ਇਹ ਕਿਲਾ ਜੰਗਲ ਵਿਚਕਾਰ ਸੀ। ਮੁਕੱਦਮੇ ਦੌਰਾਨ ਇਸ ਘਟਨਾ ਬਾਰੇ ਪੁੱਛੇ ਗਏ ਸਵਾਲ ਜਵਾਬ:

ਸਵਾਲ- ਕਿਲੇ ਵਿਚੋਂ ਭੱਜਣ ਵਾਸਤੇ ਕੀ ਕੀਤਾ ਸੀ?

ਜੋਨ- ਫੁਰਤੀ ਨਾਲ ਸਾਰੇ ਸਿਪਾਹੀਆਂ ਨੂੰ ਮੈਂ ਬੁਰਜ ਵਿਚ ਬੰਦ ਕਰ ਦਿਤਾ। ਇਕ ਨੌਕਰ ਬਾਹਰ ਰਹਿ ਗਿਆ ਜਿਸਨੇ ਮੈਨੂੰ ਦੇਖ ਲਿਆ ਤੇ ਸਫਲ ਨਾ ਹੋ ਸਕੀ।

ਸਵਾਲ- ਦੂਜੀ ਵਾਰ ਫਿਰ ਭੱਜਣ ਦਾ ਯਤਨ ਕੀਤਾ?

ਜੋਨ- ਹਾਂ, ਲਗਭਗ ਚਾਰ ਮਹੀਨੇ ਬੰਦੀ ਰਹੀ। ਮੈਨੂੰ ਪਤਾ ਲੱਗਾ ਕਿ ਮੈਨੂੰ ਅੰਗਰੇਜ਼ਾਂ ਕੋਲ ਵੇਚ ਦਿਤਾ ਹੈ। ਮੈਨੂੰ ਪਤਾ ਸੀ ਮੈਨੂੰ ਜ਼ਲੀਲ ਕਰਕੇ ਮਾਰਿਆ ਜਾਵੇਗਾ, ਸੋ ਮੈਂ ਕਿਲੇ ਦੀ ਕੰਧ ਉਪਰੋਂ ਬਾਹਰ ਵੱਲ ਛਾਲ ਮਾਰ ਦਿਤੀ। ਸੋਚਿਆ ਸੀ ਜੇ ਮਰ ਗਈ ਤਾਂ ਵੀ, ਜੇ ਭੱਜ ਗਈ ਤਾਂ ਵੀ ਠੀਕ ਹੈ।

ਸਵਾਲ- ਕੀ ਭੱਜਣ ਵਾਸਤੇ ਫਰਿਸ਼ਤੇ ਨੇ ਕਿਹਾ ਸੀ?

ਜੋਨ- ਨਹੀਂ। ਫਰਿਸ਼ਤੇ ਨੇ ਕਿਹਾ ਸੀ- ਹਰ ਹਾਲਤ ਵਿਚ ਤੈਨੂੰ ਇੰਗਲੈਂਡ ਦੇ ਬਾਦਸ਼ਾਹ ਸਾਹਮਣੇ ਪੇਸ਼ ਕੀਤਾ ਜਾਵੇਗਾ। ਮੈਂ ਸੋਚਿਆ, ਉਸਦੀ ਸ਼ਕਲ ਦੇਖਣ ਨਾਲੋਂ ਮਰਨਾ ਚੰਗਾ।

ਹੇਮੰਡ ਦੀ ਡਿਊਟੀ ਜੋਨ ਦੀ ਨਿਗਰਾਨੀ ਕਰਨੀ ਸੀ, ਦੱਸਦਾ ਹੈ- ਅਨੇਕ ਵਾਰ ਨੇੜੇ ਜਾ ਕੇ ਮੈਂ ਉਸ ਨਾਲ ਗੱਲਾਂ ਕੀਤੀਆਂ। ਕਈ ਦਫ਼ਾ ਮੈਂ ਉਸਨੂੰ ਹੱਥ ਲਾਇਆ, ਪੂਰੀ ਤਾਕਤ ਨਾਲ ਉਹ ਮੈਨੂੰ ਧੱਕਾ ਦੇ ਦਿੰਦੀ। ਬੋਲ ਅਤੇ ਵਿਹਾਰ ਸ਼ਾਨਦਾਰ।

ਤੀਜੀ ਵਾਰ ਉਸਨੂੰ ਕਰੋਤੇ ਕਿਲੇ ਵਿਚ ਲਿਜਾਇਆ ਗਿਆ ਜਿਸ ਦਾ ਇੰਚਾਰਜ ਮਾਸਟਰ ਨਿਕੋਲਸ ਸੀ। ਇਹ ਆਦਮੀ ਸਿਵਿਲ ਅਤੇ ਧਰਮ ਸ਼ਾਸਤਰੀ ਕਾਨੂੰਨ ਵਿਚ ਡਬਲ ਪੀਐਚ.ਡੀ. ਸੀ। ਜੋਨ ਉਸ ਨੂੰ ਆਖਦੀ- ਪਾਠ ਸੁਣਾ। ਉਸ ਅੱਗੇ ਧਰਮੀ ਈਸਾਈ ਵਾਂਗ ਭੁਲਾਂ ਦੀ ਖਿਮਾ ਮੰਗਦੀ। ਨਿਕੋਲਸ ਅਨੁਸਾਰ ਉਹ ਪਵਿੱਤਰ ਆਤਮਾ ਸੀ, ਪੂਰੀ ਧਰਮੀ, ਪੂਰੀ ਨੇਕ। ਮਰਦਾਵਾਂ ਲਿਬਾਸ ਛੱਡਕੇ ਔਰਤ ਦੇ ਵਸਤਰ ਪਹਿਨਣ ਲਈ ਕਿਹਾ ਗਿਆ ਤਾਂ ਜੋਨ ਨੇ ਇਨਕਾਰ ਕਰ ਦਿਤਾ। ਅੰਗਰੇਜ਼ਾਂ ਨੇ ਪੈਰਿਸ ਯੂਨੀਵਰਸਿਟੀ ਦੇ ਪ੍ਰੋਫੈਸਰ ਕਾਸ਼ੋਂ ਨੂੰ ਜੋਨ ਦੇ ਮੁੱਕਦਮੇ ਦੀ ਰੂਪ ਰੇਖਾ ਤਿਆਰ ਕਰਨ ਲਈ ਕਿਹਾ ਗਿਆ। ਇਸ ਵੇਲੇ ਉਹ ਬਿਸ਼ਪ ਵੀ ਸੀ ਤੇ ਉਸ ਨੂੰ ਉਮੀਦ ਸੀ ਕਿ ਜੋਨ ਦੇ ਕੇਸ ਦੀ ਸਫਲਤਾ ਪਿਛੋਂ ਉਸਨੂੰ ਆਰਕਬਿਸ਼ਪ ਵਜੋਂ ਤਰੱਕੀ ਮਿਲੇਗੀ। ਇਹ ਉਸੇ ਦੀ ਸਲਾਹ ਸੀ ਕਿ ਜੋਨ ਨੂੰ ਜਾਦੂਗਰਨੀ, ਚੁੜੇਲ, ਕਾਫਰ, ਚਰਚ ਵਿਰੋਧੀ ਸਾਬਤ ਕੀਤਾ ਜਾਵੇ ਨਾ ਕਿ ਬਗਾਵਤ ਦਾ ਮੁਕੱਦਮਾ ਚਲਾਇਆ ਜਾਵੇ। ਜੇ ਹਥਿਆਰਬੰਦ ਬਗਾਵਤ ਦਾ ਮੁੱਕਦਮਾ ਚਲਾ ਕੇ ਫਾਂਸੀ ਦੇ ਦਿਤੀ ਗਈ ਫੇਰ ਤਾਂ ਇਸ ਦੀ ਸ਼ਾਨ ਬਣ ਜਾਵੇਗੀ, ਚੁੜੇਲ ਸਾਬਤ ਕਰਕੇ ਅੱਗ ਵਿਚ ਸਾੜਾਂਗੇ। ਤਨਖਾਹ ਤੋਂ ਇਲਾਵਾ ਉਸਨੂੰ ਦੋ ਹਜ਼ਾਰ ਮੁਹਰਾਂ ਸਾਲਾਨਾ ਮਿਲਦੀਆਂ ਸਨ। ਸੁਰੱਖਿਅਤ ਰਿਕਾਰਡ ਅਨੁਸਾਰ ਬਾਦਸ਼ਾਹ ਨੇ ਕਿਹਾ ਸੀ ਕਿ ਦਸ ਹਜਾਰ ਮੁਹਰਾਂ ਤੱਕ ਜੋਨ ਦਾ ਮੁੱਲ ਤਾਰ ਦੇਣਾ ਪਰ ਵਿਚੋਲਿਆਂ ਨੇ ਛੇ ਹਜ਼ਾਰ ਵਿਚ ਸੌਦਾ ਕਰਵਾ ਦਿਤਾ। ਦਿਲਚਸਪ ਗੱਲ ਇਹ ਕਿ ਚਾਰਲਸ ਸੱਤਵੇਂ ਨੂੰ ਜਿਸ ਸਦਕਾ ਤਾਜ ਹਾਸਲ ਹੋਇਆ ਉਹ ਜੋਨ ਨੂੰ ਭੁੱਲ ਹੀ ਗਿਆ ਕਿ ਉਸ ਨਾਲ ਕੀ ਬੀਤ ਰਹੀ ਹੈ। ਫੌਜੀ ਤਾਂ ਕੀ ਉਸਨੇ ਸਿਆਸੀ ਯਤਨ ਵੀ ਨਹੀਂ ਕੀਤਾ ਕਿ ਜੋਨ ਸਲਾਮਤ ਰਹਿ ਸਕੇ।

ਵਕੀਲ ਪੀਅਰੀ, ਜੋ ਇਸ ਮੁਕੱਦਮੇ ਦੌਰਾਨ ਹਾਜ਼ਰ ਸੀ, ਲਿਖਦਾ ਹੈ- ਕੁਝ ਵੀ ਸਹੀ ਨਹੀਂ ਸੀ। ਜੱਜ, ਵਕੀਲ, ਰਿਕਾਰਡ-ਕੀਪਰ, ਕੁਝ ਕੁ ਡਰੇ ਹੋਏ ਸਨ, ਕੁਝ ਲਾਲਚ ਵਸ ਡਿਊਟੀ ਕਰ ਰਹੇ ਸਨ, ਕੁਝ ਜੋਨ ਨੂੰ ਘਿਰਣਾ ਕਰਦੇ ਸਨ, ਸਾਰਾ ਕੁਝ ਬਾਦਸ਼ਾਹ ਦੇ ਹੁਕਮ ਅਨੁਸਾਰ ਹੋ ਰਿਹਾ ਸੀ।

9 ਜਨਵਰੀ ਤੋਂ 30 ਮਈ 1431, ਪੰਜ ਮਹੀਨੇ ਮੁਕੱਦਮਾ ਚੱਲਿਆ। ਦੋ ਜੱਜਾਂ ਦਾ ਬੈਂਚ ਸੀ, ਦੋਵੇਂ ਪਾਦਰੀ ਸਨ। ਇਕ ਕਾਸ਼ੋਂ, ਦੂਜਾ ਲੇਮੈਤਰੇ। ਕਾਸ਼ੋਂ ਬਾਰੇ ਦੱਸਿਆ ਜਾ ਚੁੱਕਾ ਹੈ ਪਰ ਲੇਮੈਤਰੇ ਨੂੰ ਮੁੱਕਦਮੇ ਵਿਚ ਕੋਈ ਦਿਲਚਸਪੀ ਨਹੀਂ ਸੀ। ਪਹਿਲਾ ਇਕ ਮਹੀਨਾ ਤਾਂ ਉਹ ਕਦੀ ਹਾਜ਼ਰ ਹੀ ਨਹੀਂ ਹੋਇਆ। ਵੀਹ ਫਰਵਰੀ ਨੂੰ ਆਉਂਦਿਆਂ ਹੀ ਆਖਿਆ- ਮੈਂ ਆਪਣੀ ਜਮੀਰ ਅਨੁਸਾਰ ਨਿਰਣਾ ਕਰਾਂਗਾ।

13 ਮਾਰਚ ਤੱਕ ਫਿਰ ਗੈਰਹਾਜ਼ਰ ਹੋ ਗਿਆ। ਜਦੋਂ ਕਦੀ ਹਾਜ਼ਰ ਹੁੰਦਾ, ਚੁਪ ਚਾਪ ਬੈਠਾ ਰਹਿੰਦਾ, ਉਸਦੀ ਕੋਈ ਟਿੱਪਣੀ ਰਿਕਾਰਡ ਵਿਚ ਨਹੀਂ। ਸੱਠ ਸਰਕਾਰੀ ਵਕੀਲ ਸਨ ਜੋ ਸ਼ਰੀਅਤ ਵਿਚ ਨਿਪੁੰਨ ਸਨ, ਇਹ ਜੱਜਾਂ ਨੂੰ ਵਕਤ ਬਵਕਤ ਸਲਾਹ ਦਿੰਦੇ।

ਨਿਕੋਲਸ ਬੇਲੀ ਅਨੁਸਾਰ- ਸਾਡੀ ਦੋ ਵਕੀਲਾਂ ਦੀ ਡਿਊਟੀ ਜੋਨ ਦੇ ਪਿਛੋਕੜ ਦੀ ਪੜਤਾਲ ਕਰਨ ਵਾਸਤੇ ਲਾਈ। ਅਸੀਂ ਉਸਦੇ ਪਿੰਡ ਗਏ, ਪੰਦਰਾਂ ਬੰਦਿਆਂ ਦੇ ਬਿਆਨ ਲਏ। ਸਾਰਿਆਂ ਅਨੁਸਾਰ ਜੋਨ ਭਲੇ ਮਾਪਿਆਂ ਦੀ ਨੇਕ ਧੀ ਸੀ। ਜੱਜਾਂ ਨੂੰ ਸਾਡੀ ਰਿਪੋਰਟ ਸਹੀ ਨਹੀਂ ਲੱਗੀ, ਇਹ ਕਹਿਕੇ ਕਿ ਵਕੀਲ ਜੋਨ ਦੇ ਹੱਕ ਵਿਚ ਭੁਗਤ ਰਹੇ ਹਨ, ਸਾਡੀ ਰਿਪੋਰਟ ਮੁਕੱਦਮੇ ਦੇ ਰਿਕਾਰਡ ਵਿਚ ਸ਼ਾਮਲ ਨਹੀਂ ਕੀਤੀ ਗਈ।

ਸਭ ਤੋਂ ਪਹਿਲੀ ਪੜਤਾਲ ਜੋਨ ਦੇ ਕੁਆਰਪਣ ਦੀ ਕੀਤੀ ਗਈ। ਡਾਕਟਰਨੀਆਂ ਨੇ ਡੱਚੈਸ ਆਫ ਬੈਡਫੋਰਡ ਦੀ ਨਿਗਰਾਨੀ ਵਿਚ ਪੜਤਾਲ ਕੀਤੀ। ਜੋਨ ਨੂੰ ਪੁੱਛਿਆ ਗਿਆ- ਕੀ ਇਹ ਸਹੀ ਹੈ ਕਿ ਤੂੰ ਕੁਆਰੀ ਹੈਂ? ਜੋਨ ਨੇ ਕਿਹਾ- ਇਹ ਹੱਤਕਪੂਰਕ ਪ੍ਰੀਖਿਆ ਮੈਂ ਨੇਕ ਔਰਤਾਂ ਹੱਥੋਂ ਕਰਵਾਉਣ ਲਈ ਤਿਆਰ ਹਾਂ।

www.punjabilibrary.com

ਪੜਤਾਲੀਆ ਰਿਪੋਰਟ ਵਿਚ ਲਿਖਿਆ ਗਿਆ- ਜੋਨ ਪੂਰੀ ਵਰਜਿਨ ਹੈ। ਇਹ ਰਿਪੋਰਟ ਮੁਕੱਦਮੇ ਵਿਚ ਸ਼ਾਮਲ ਨਹੀਂ ਕੀਤੀ ਗਈ। ਉਸ ਨੂੰ ਆਮ ਅਪਰਾਧੀਆਂ ਦੀ ਜੇਲ੍ਹ ਵਿਚ ਲੋਹੇ ਦੇ ਪਿੰਜਰੇ ਵਿਚ ਰੱਖਿਆ ਗਿਆ ਜਿਸ ਉਪਰ ਗਾਰਦ ਮਰਦਾਂ ਦੀ ਸੀ। ਇਹ ਕਾਨੂੰਨਨ ਠੀਕ ਨਹੀਂ ਸੀ। ਧਰਮ ਦਾ ਮੁਕੱਦਮਾ ਚਲਾਉਣ ਦੌਰਾਨ ਚਰਚ ਦੀ ਜੇਲ੍ਹ ਵਿਚ ਔਰਤਾਂ ਦੀ ਨਿਗਰਾਨੀ ਵਿਚ ਰੱਖਿਆ ਜਾਣਾ ਚਾਹੀਦਾ ਸੀ। ਉਸ ਨੂੰ ਆਪਣਾ ਵਕੀਲ ਕਰਨ ਦੀ ਆਗਿਆ ਵੀ ਨਹੀਂ ਮਿਲੀ।

ਜੀਨ ਮਸੀਹ ਉਸ ਨੂੰ ਜੇਲ੍ਹ ਵਿਚੋਂ ਕੋਰਟ ਅੱਗੇ ਪੇਸ਼ ਕਰਨ ਵਾਸਤੇ ਲਿਆਇਆ ਕਰਦਾ। ਰਸਤੇ ਵਿਚ ਚਰਚ ਸੀ। ਜੋਨ ਬੇਨਤੀ ਕਰਦੀ- ਮੱਥਾ ਟੇਕ ਲਵਾਂ? ਉਹ ਆਗਿਆ ਦੇ ਦਿੰਦਾ। ਲਿਖਦਾ ਹੈ- ਵਕੀਲ ਨੂੰ ਪਤਾ ਲੱਗਾ ਤਾਂ ਮੈਨੂੰ ਕਿਹਾ- ਗੱਦਾਰਾ, ਇਸ ਕੰਜਰੀ ਨੂੰ ਮੱਥਾ ਕਿਸ ਦੀ ਆਗਿਆ ਨਾਲ ਟੇਕਣ ਦਿੰਨੈਂ? ਮੈਂ ਤੈਨੂੰ ਅਜਿਹੀ ਕਾਲ ਕੋਠੜੀ ਵਿਚ ਤੁੰਨ ਦਿਆਂਗਾ ਜਿਥੋਂ ਕਦੀ ਸੂਰਜ ਨਾ ਦੇਖ ਸਕੇਂ। ਕਦੀ ਕਦੀ ਵਕੀਲ ਖੁਦ ਚਰਚਗੇਟ ਤੇ ਖੱਲੋ ਜਾਂਦਾ, ਜੋਨ ਲੰਘਦੀ, ਜਦੋਂ ਮੱਥਾ ਨਾ ਟੇਕ ਸਕਦੀ, ਉਸ ਨੂੰ ਸੁਣਾ ਕੇ ਕਿਹਾ ਕਰਦੀ- ਇਥੇ ਮੇਰਾ ਯਸੂ ਮਸੀਹ ਹੈ।

ਅਦਾਲਤ ਵਿਚ ਸਵਾਲਾਂ ਦੀ ਬੁਛਾੜ ਹੁੰਦੀ, ਕਰੱਸ ਸਵਾਲ, ਉਲਝਾਉਣ ਵਾਲੇ, ਭੁਲਾਉਣ ਵਾਲੇ, ਬੇਇਜ਼ਤ ਕਰਨ ਵਾਲੇ ਸਵਾਲ। ਪੂਰਨ ਸ਼ਾਂਤ, ਹਰ ਸਵਾਲ ਦਾ ਜਵਾਬ ਸਲੀਕੇ ਨਾਲ ਦਿੰਦੀ। ਵਿਦਵਾਨ ਜਿਥੇ ਉਲਝ ਜਾਣ, ਇਹ ਅਨਪੜ੍ਹ ਕੁੜੀ ਆਤਮ ਵਿਸ਼ਵਾਸ ਵਿਚ ਰਹਿੰਦੀ। ਕਿਸੇ ਸਵਾਲ ਦੇ ਜਵਾਬ ਵਿਚ ਆਖਦੀ- ਇਸ ਦਾ ਜਵਾਬ ਦੇ ਚੁਕੀ ਹਾਂ, ਅਹੁ ਕਲਰਕ ਬੈਠਾ ਹੈ, ਉਸ ਤੋਂ ਸੁਣ ਲਵੋ ਮੈਂ ਕੀ ਆਖਿਆ ਸੀ। ਫਰਾਂਸੀਸੀ ਵਿਚ ਜਵਾਬ ਦਿੰਦੀ, ਉਸ ਦਾ ਜਵਾਬ ਲਾਤੀਨੀ ਵਿਚ ਰਿਕਾਰਡ ਕੀਤਾ ਜਾਂਦਾ ਤੇ ਕਈ ਵਾਰ ਤਰਜਮਾ ਇਸ ਤਰਾਂ ਕਿ ਜੋਨ ਨੇ ਉਹ ਕੁਝ ਕਿਹਾ ਹੀ ਨਾ ਹੁੰਦਾ। ਮਨਸ਼ੋਂ ਨਾਮ ਦਾ ਇਕ ਵਕੀਲ ਇਸ ਮੁੱਦੇ ਤੇ ਅਦਾਲਤ ਵਿਚ ਲੜ ਪਿਆ ਤੇ ਕਿਹਾ- ਜੋ ਲਿਖਿਆ ਜਾ ਰਿਹਾ ਹੈ, ਇਹ ਇਕ ਵਾਰ ਫੇਰ ਜੋਨ ਨੂੰ ਸੁਣਾ ਕੇ ਠੀਕ ਕੀਤਾ ਜਾਏ।

17 ਮਾਰਚ 1431, ਸ਼ਨੀਵਾਰ, ਸਾਰਾ ਦਿਨ ਸਵਾਲ ਜਵਾਬ ਹੋਏ। ਕੁਝ ਕੁ ਨਮੂਨੇ ਵਜੋਂ-

ਸਵਾਲ- ਤੈਨੂੰ ਹੁਕਮ ਦੇਣ ਵਾਸਤੇ ਸੰਤ ਮਾਈਕਲ ਕਿਸ ਲਿਬਾਸ ਵਿਚ ਆਇਆ ਕਰਦਾ ਸੀ?

ਜੋਨ- ਸੰਤ ਅਤੇ ਫਰਿਸ਼ਤੇ ਕਿਸ ਰੰਗ ਰੂਪ ਵਿਚ ਆਉਂਦੇ ਸਨ, ਕੋਈ ਉਤਰ ਨਹੀਂ ਦਿਆਂਗੀ ਕਿਉਂਕਿ ਮੁਕੱਦਮੇ ਨਾਲ ਇਸ ਦਾ ਵਾਸਤਾ ਨਹੀਂ।

ਸਵਾਲ- ਤੇਰੇ ਬਾਰੇ ਚਰਚ ਜੋ ਫੈਸਲਾ ਸੁਣਾਵੇ, ਮਨਜ਼ੂਰ ਕਰੇਂਗੀ?

ਜੋਨ- ਈਸਾਈ ਧਰਮ ਨੂੰ ਅਤੇ ਚਰਚ ਨੂੰ ਮੈਂ ਪਿਆਰ ਕਰਦੀ ਹਾਂ, ਤੁਸੀਂ ਵੀ ਪਿਆਰ ਕਰਦੇ ਹੁੰਦੇ ਤਾਂ ਮੈਨੂੰ ਮੱਥਾ ਟੇਕਣੋਂ ਨਾ ਰੋਕਦੇ। ਸਭ ਤੋਂ ਉਪਰ ਰੱਬ ਸੱਚਾ ਹੈ, ਉਸੇ ਕਰਕੇ ਚਰਚ ਹੈ। ਰੱਬ ਫਰਾਂਸ ਵਿਚ ਫਿਰ ਭਾਣਾ ਵਰਤਾਏਗਾ ਤੇ ਅੰਗਰੇਜ਼ ਖਦੇੜ ਦਿਤੇ ਜਾਣਗੇ। ਜਦੋਂ ਅਜਿਹਾ ਵਾਪਰਿਆ, ਤੁਸੀਂ ਯਾਦ ਕਰੋਗੇ ਜੋਨ ਨੇ ਕੀ ਕਿਹਾ ਸੀ।

ਸਵਾਲ- ਅਜਿਹਾ ਕਦੋਂ ਵਾਪਰੇਗਾ?

ਜੋਨ- ਸੱਤ ਸਾਲ ਦੇ ਅੰਦਰ ਅੰਦਰ। ਇਸ ਤੋਂ ਪਹਿਲਾਂ ਪਹਿਲਾਂ, ਵਧੀਕ ਦੇਰ ਨਹੀਂ।

ਸਵਾਲ- ਮਰਦਾਨਾ ਲਿਬਾਸ ਕਿਉਂ ਪਹਿਨਿਆਂ?

ਜੋਨ- ਰੱਬ ਦਾ ਹੁਕਮ ਸੀ ਕਿ ਮਰਦਾਨੇ ਲਿਬਾਸ ਵਿਚ ਯੁੱਧ ਲੜਾਂ।

ਸਵਾਲ- ਕੀ ਰੱਬ ਤੇਰੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦੈ?

ਜੋਨ- ਜਿਨ੍ਹਾਂ ਕੌਮਾ ਨੂੰ ਰੱਬ ਪਿਆਰ ਨਹੀਂ ਕਰਦਾ, ਉਨ੍ਹਾਂ ਦੀ ਬੋਲੀ ਨਹੀਂ ਬੋਲਦਾ। ਉਹ ਮੈਨੂੰ ਤੇ ਫਰਾਂਸ ਨੂੰ ਪਿਆਰ ਕਰਦੈ, ਫਰਾਂਸੀਸੀ ਬੋਲਦੈ।

ਸਵਾਲ- ਸੰਤ ਡੈਨੀ ਦੇ ਚਰਚ ਵਿਚ ਕਿਹੜਾ ਹਥਿਆਰ ਭੇਟ ਕੀਤਾ ਸੀ ਤੇ ਕਿਉਂ?

ਜੋਨ- ਇਹ ਰਿਵਾਜ ਹੈ। ਮੈਂ ਜ਼ਖਮੀ ਹੋ ਗਈ ਸਾਂ ਤੇ ਉਥੇ ਕਿਰਪਾਨ ਰੱਖ ਕੇ ਮੱਥਾ ਟੇਕਿਆ ਸੀ। ਇਹ ਇਕ ਤਰਾਂ ਦੀ ਫਰਿਆਦ ਹੁੰਦੀ ਹੈ ਕਿ ਮੇਰੀ ਥਾਂ ਹੁਣ ਸੰਤ ਲੜਨਗੇ।

ਸਵਾਲ- ਕੀ ਤੂੰ ਹਥਿਆਰਾਂ ਦੀ ਪੂਜਾ ਕਰਦੀ ਹੈਂ?

ਜੋਨ- ਹਰਗਿਜ਼ ਨਹੀਂ।

ਸਵਾਲ- ਸੰਤ ਕੈਥਰੀਨ ਦੇ ਚਰਚ ਵਿਚੋਂ ਜਿਹੜੀ ਧਰਤੀ ਵਿਚ ਦਬੀ ਕਿਰਪਾਨ ਮਿਲੀ, ਉਸ ਉਪਰ ਪੰਜ ਕਰੱਸ ਖੁਣੇ ਹੋਏ ਸਨ। ਇਸ ਦਾ ਕੀ ਅਰਥ ਹੈ?

ਜੋਨ- ਮੈਨੂੰ ਕੀ ਪਤਾ।

ਸਵਾਲ- ਤੂੰ ਆਪਣੇ ਝੰਡੇ ਉਤੇ ਫਰਿਸ਼ਤਿਆਂ ਦੇ ਚਿਤਰ ਬਣਵਾਏ। ਕੀ ਇਹ ਚਿਤਰ ਉਨ੍ਹਾਂ ਫਰਿਸ਼ਤਿਆਂ ਦੇ ਸਨ ਜੋ ਤੇਰੇ ਸੁਫਨਿਆਂ ਵਿਚ ਆਇਆ ਕਰਦੇ?

ਜੋਨ- ਨਹੀਂ ਇਹ ਚਿਤਰ ਉਹੀ ਸਨ ਜੋ ਆਮ ਚਰਚਾਂ ਵਿਚ ਚਿਤਰੇ ਹੋਏ ਹਨ।

ਸਵਾਲ- ਜਿਹੜੀ ਰੋਸ਼ਨੀ ਤੇਰੇ ਨਾਲ ਗੱਲਾਂ ਕਰਨ ਆਉਂਦੀ ਸੀ, ਉਹ ਨਹੀਂ ਚਿਤਰੀ?
ਜੋਨ- ਚਿਤਰਨ ਦਾ ਜਾਂ ਦੱਸਣ ਦਾ ਹੁਕਮ ਨਹੀਂ ਹੈ।
ਸਵਾਲ- ਤੇਰੀਆਂ ਜਿੱਤਾਂ ਕਾਰਨ ਝੰਡਾ ਉੱਚਾ ਸੀ ਕਿ ਝੰਡੇ ਕਾਰਨ ਤੂੰ ਜਿੱਤਦੀ ਰਹੀ?
ਜੋਨ- ਮੈਂ ਅਤੇ ਮੇਰਾ ਝੰਡਾ ਰੱਬੀ ਸੁਗਾਤਾਂ ਹਨ। ਰੱਬ ਦੀ ਜਿੱਤ ਹੁੰਦੀ ਸੀ।
ਸਵਾਲ- ਇਹੋ ਝੰਡਾ ਕਿਸੇ ਹੋਰ ਦੇ ਹੱਥ ਹੁੰਦਾ, ਉਹ ਵੀ ਜਿੱਤਦਾ?
ਜੋਨ- ਉਤਰ ਦੇ ਚੁਕੀ ਹਾਂ। ਝੰਡੇ ਜਾਂ ਬੰਦੇ ਦੀ ਨਹੀਂ, ਰੱਬ ਦੀ ਫਤਿਹ ਹੋਇਆ ਕਰਦੀ ਹੈ।
ਸਵਾਲ- ਤੇਰੇ ਖਤਾਂ ਉਪਰ ਯੱਸੂ ਅਤੇ ਮਰੀਅਮ ਲਿਖਿਆ ਹੁੰਦਾ ਸੀ, ਕਿਉਂ?
ਜੋਨ- ਮੈਨੂੰ ਕਿਹੜਾ ਲਿਖਣਾ ਆਉਂਦੈ? ਕਲਰਕ ਲਿਖ ਦਿੰਦੇ, ਉਨ੍ਹਾਂ ਨੂੰ ਇਉਂ ਲਿਖਣਾ ਠੀਕ ਲਗਦਾ ਹੋਏਗਾ।
ਸਵਾਲ- ਕੀ ਤੈਨੂੰ ਹੁਕਮ ਹੋਇਆ ਸੀ ਕਿ ਕੁਆਰੀ ਰਹੇਂਗੀ ਤਾਂ ਫਤਿਹਯਾਬ ਹੋਵੇਂਗੀ?
ਜੋਨ- ਅਜਿਹਾ ਕੋਈ ਹੁਕਮ ਨਹੀਂ ਹੋਇਆ।
ਸਵਾਲ- ਸਾਡੇ ਕਈ ਸਵਾਲਾਂ ਦੇ ਜਵਾਬ ਤੂੰ ਨਹੀਂ ਦਿਤੇ। ਜੇ ਪੋਪ ਤੈਨੂੰ ਇਹੋ ਸਵਾਲ ਪੁੱਛੇ ਉਤਰ ਦਏਂਗੀ?
ਜੋਨ- ਯਕੀਨਨ। ਕੇਵਲ ਪੋਪ ਨੂੰ ਹਰੇਕ ਸਵਾਲ ਦਾ ਉੱਤਰ ਮਿਲੇਗਾ।
ਸਵਾਲ- ਤੇਰੇ ਕੜੇ ਉਪਰ ਜੀਸਸ ਅਤੇ ਮਰੀਅਮ ਲਿਖਿਆ ਹੋਇਆ ਸੀ, ਇਹ ਕਿਸ ਧਾਤ ਦਾ ਸੀ?
ਜੋਨ- ਇਹ ਮੇਰੇ ਮਾਪਿਆਂ ਦੀ ਨਿਸ਼ਾਨੀ ਕਾਰਨ ਪਿਆਰਾ ਸੀ। ਸੋਨੇ ਦਾ ਨਹੀਂ ਸੀ ਕਿਉਂਕਿ ਮੇਰੇ ਮਾਪੇ ਏਨੇ ਅਮੀਰ ਨਹੀਂ। ਇਸ ਉਪਰ ਤਿੰਨ ਕਰਾਸ ਵੀ ਖੁਣੇ ਹੋਏ ਸਨ।
ਸਵਾਲ- ਇੰਜੀਲ ਤੇ ਹੱਥ ਰੱਖ ਕੇ ਕਹਿ- ਸੱਚ ਬੋਲਾਂਗੀ।
ਜੋਨ- ਨਿਰਭਰ ਕਰਦਾ ਹੈ ਕੀ ਪੁਛੋਗੇ। ਦੁਨੀਆਂ ਵਿਚਲੀ ਹਰ ਘਟਨਾ, ਜਿਸ ਦਾ ਮੈਨੂੰ ਪਤਾ ਹੈ, ਸੱਚ ਦੱਸਾਂਗੀ। ਮੇਰੇ ਇਲਹਾਮ ਬਾਰੇ ਪੁੱਛੋਗੇ ਤਾਂ ਚੁਪ ਕਰ ਜਾਵਾਂਗੀ, ਨਾ ਦੱਸਾਂਗੀ, ਨਾ ਝੂਠ ਬੋਲਾਂਗੀ।
ਜੱਜ ਕਾਸ਼ੋਂ ਨੇ ਕਿਹਾ- ਪੇਤਰ ਨਾਸਤਰ ਅਤੇ ਏਵੀ ਮਾਰੀਆ ਦਾ ਭਜਨ ਪੜ੍ਹ।
ਜੋਨ- ਤੂੰ ਪਾਦਰੀ ਹੈਂ। ਪਾਦਰੀ ਹੋਣ ਦੇ ਨਾਤੇ ਪਹਿਲੋਂ ਮੈਥੋਂ ਮੇਰਾ ਕਨਫੈਸ਼ਨ ਸੁਣ।

ਇਹ ਸੁਣਕੇ ਜੱਜ ਚੁਪ ਕਰ ਗਿਆ। ਜੇ ਉਹ ਕਨਫੈਸ਼ਨ ਸੁਣ ਲੈਂਦਾ ਤਾਂ ਸਾਬਤ ਹੋ ਜਾਂਦਾ ਕਿ ਜੋਨ ਸੱਚੀ ਈਸਾਈ ਹੈ। ਫਿਰ ਉਹ ਕੁਫਰ ਦਾ ਇਲਜ਼ਾਮ ਲਾ ਕੇ ਸਜ਼ਾ ਨਾਂ ਦੇ ਸਕਦਾ।

ਜੱਜ- ਇਉਂ ਕਰਦੇ ਹਾਂ, ਦੋ ਫਰਾਂਸੀਸੀ ਜਾਣਨ ਵਾਲੇ ਪਾਦਰੀ ਲੈ ਆਉਂਦੇ ਹਾਂ। ਉਨ੍ਹਾਂ ਸਾਹਮਣੇ ਭਜਨ ਪੜ੍ਹੇਂਗੀ?
ਜੋਨ- ਪਹਿਲਾਂ ਮੇਰਾ ਕਨਫੈਸ਼ਨ ਸੁਣਨਗੇ, ਫਿਰ ਮੈਂ ਭਜਨ ਪੜ੍ਹਾਂਗੀ।
ਜੱਜ- ਇਹ ਸਵਾਲ ਅਤੇ ਜਵਾਬ ਰਿਕਾਰਡ ਵਿਚੋਂ ਖਾਰਜ ਕਰ ਦਿਤੇ ਜਾਣ।
ਸਵਾਲ- ਕੀ ਤੇਰੇ ਉਪਰ ਰੱਬ ਮਿਹਰਬਾਨ ਹੈ?
ਜੋਨ- ਜੇ ਨਹੀਂ ਹੈ ਤਾਂ ਦੁਆ ਕਰੋ ਮਿਹਰਬਾਨ ਹੋਵੇ, ਜੇ ਮਿਹਰਬਾਨ ਹੈ ਤਾਂ ਹਮੇਸ਼ਾਂ ਮਿਹਰਬਾਨ ਰਹੇ। ਉਸ ਦੀ ਮਿਹਰਬਾਨੀ ਬਗੈਰ ਸਾਹ ਲੈਣ ਦਾ ਕੀ ਹੱਕ? ਇਸ ਨਾਲੋਂ ਤਾਂ ਮੌਤ ਚੰਗੀ।

ਉਤਰ ਸੁਣਕੇ ਅਦਾਲਤ ਵਿਚ ਸੱਨਾਟਾ ਛਾ ਗਿਆ। ਵਕੀਲ ਅਤੇ ਜੱਜ ਸਵਾਲ ਕਰਨੋ ਹਟ ਗਏ। ਅਗਲੇ ਦਿਨ ਤੱਕ ਅਦਾਲਤ ਬਰਖਾਸਤ ਕਰ ਦਿਤੀ।

ਸਵਾਲ- ਔਰਤ ਦਾ ਲਿਬਾਸ ਪਹਿਨ ਲਏਂਗੀ?
ਜੋਨ- ਇਹ ਬਹੁਤ ਵੱਡਾ ਮਸਲਾ ਨਹੀਂ। ਲਿਆਉ, ਔਰਤ ਦੇ ਵਸਤਰ ਫੜਾਉ।
ਸਵਾਲ- ਫਰਿਸ਼ਤੇ ਆਉਂਦੇ ਤੈਨੂੰ ਸਾਫ ਦਿਸਦੇ?
ਜੋਨ- ਇਨੇ ਸਾਫ ਜਿਵੇਂ ਤੁਸੀਂ। ਗੱਲਾਂ ਕਰਕੇ ਚਲੇ ਜਾਂਦੇ, ਮੈਂ ਰੋ ਪੈਂਦੀ ਕਿ ਮੈਨੂੰ ਆਪਣੇ ਨਾਲ ਕਿਉਂ ਨੀ ਲਿਜਾਂਦੇ।
ਸਵਾਲ- ਕੁਝ ਖਤਾਂ ਉਪਰ ਕਰੱਸ ਬਣਾਇਆ ਕਰਦੀ ਸੈਂ, ਕਰੱਸ ਪਵਿੱਤਰ ਹੈ ਇਸ ਕਰਕੇ?

ਜੋਨ ਹੱਸ ਪਈ।

- ਪਵਿੱਤਰ ਤਾਂ ਹੈ ਈ, ਇਸ ਵਿਚ ਕੀ ਸ਼ੱਕ? ਕਦੀ ਕਦੀ ਮੈਂ ਇਸ ਕਰਕੇ ਵੀ ਕਰਾਸ ਬਣਾ ਦਿੰਦੀ ਕਿ ਜੋ ਕੁਝ ਮੈਂ ਲਿਖਵਾਇਆ ਹੈ, ਉਹ ਨਹੀਂ ਕਰਨਾ, ਉਲਟ ਕਰਨਾ ਹੈ। ਇਹ ਮੇਰੀ ਯੁੱਧਨੀਤਕ ਚਾਲ ਹੁੰਦੀ ਤਾਂ ਕਿ ਖਤ ਫੜੇ ਜਾਣ ਦੀ ਸੂਰਤ ਵਿਚ ਦੁਸ਼ਮਣ ਨੂੰ ਕੁਝ ਪਤਾ ਨਾ ਲੱਗੇ।

ਸਵਾਲ- ਤੈਨੂੰ ਕਿਸੇ ਫਰਿਸ਼ਤੇ ਨੇ ਕਿਹਾ ਸੀ ਕਿ ਕਿਲੇ ਵਿਚੋਂ ਭੱਜ ਜਾਹ?
ਜੋਨ- ਮੇਰੇ ਮੂਹੋਂ ਮੇਰੇ ਖਿਲਾਫ ਕਿਵੇਂ ਕੁੱਝ ਕਢਵਾ ਸਕਦੇ ਹੋ?
ਸਵਾਲ- ਬਾਦਸ਼ਾਹ ਦੀ ਤਾਜਪੋਸ਼ੀ ਤੇਰੇ ਹੱਥੋਂ ਹੋਈ, ਕਿਸੇ ਹੋਰ ਰਾਹੀਂ ਕਿਉਂ ਨਹੀਂ?
ਜੋਨ- ਰੱਬ ਦਾ ਫੈਸਲਾ ਇਹੋ ਸੀ ਕਿ ਇਕ ਅਨਪੜ੍ਹ ਪੇਂਡੂ ਕੁੜੀ ਅੰਗਰੇਜ਼ਾਂ ਦਾ ਸਫਾਇਆ ਕਰੇ।
ਸਵਾਲ- ਹੁਣ ਰੱਬ ਤੇਰੀ ਮਦਦ ਕਿਉਂ ਨਹੀਂ ਕਰਦਾ?

ਜੋਨ- ਮੇਰਾ ਮਦਦਗਾਰ ਉਸ ਤੋਂ ਬਿਨਾ ਹੋਰ ਕੌਣ ਹੈ? ਮੈਂ ਸ਼ਹੀਦ ਹੋ ਕੇ ਉਸ ਦੇ ਬਾਗ ਵਿਚ ਰਿਹਾ ਕਰਾਂਗੀ।
ਸਵਾਲ- ਤੈਨੂੰ ਪੱਕਾ ਪਤੈ ਤੂੰ ਨਰਕ ਦੀ ਥਾਂ ਸੁਰਗ ਵਿਚ ਜਾਏਂਗੀ?
ਜੋਨ- ਜਾਵਾਂਗੀ? ਮੈਂ ਹੁਣ ਵੀ ਸੁਰਗ ਵਿਚ ਹਾਂ, ਉਸ ਦੇ ਭਾਣੇ ਵਿਚ।
ਸਵਾਲ- ਤੇਰੇ ਕੋਲ ਰੱਬ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ, ਫਿਰ ਪਸ਼ਚਾਤਾਪ ਕਰਨ ਦੀ ਕੀ ਲੋੜ?
ਜੋਨ- ਮਨੁਖ ਨੂੰ ਹਮੇਸ਼ ਪ੍ਰਵਾਨ ਕਰਨਾ ਚਾਹੀਦਾ ਹੈ ਕਿ ਉਹ ਗਲਤੀਆਂ ਦਾ ਪੁਤਲਾ ਹੈ।
ਸਵਾਲ- ਜੇ ਚਰਚ ਨੂੰ ਲੱਗੇ ਕਿ ਤੂੰ ਈਸਾਈ ਧਰਮ ਦੇ ਖਿਲਾਫ ਕੰਮ ਕੀਤੇ ਹਨ ਤਾਂ ਦਿਤੀ ਗਈ ਸਜ਼ਾ ਪ੍ਰਵਾਨ ਕਰੇਂਗੀ?
ਜੋਨ- ਯਕੀਨਨ, ਪਰ ਪਹਿਲੋਂ ਮੈਨੂੰ ਦੱਸਿਆ ਜਾਵੇ ਮੈਂ ਕੀ ਗੁਨਾਹ ਕੀਤੇ।
ਸਵਾਲ- ਇਕ ਚਰਚ ਰੱਬ ਦੇ ਸੁਰਗ ਵਿਚ ਹੈ, ਇਕ ਚਰਚ ਧਰਤੀ ਉਪਰ ਹੈ, ਪੋਪ ਦੀ ਨਿਗਰਾਨੀ ਵਿਚ। ਧਰਤੀ ਉਪਰਲੇ ਚਰਚ ਵਿਚ ਤੇਰਾ ਯਕੀਨ ਹੈ?
ਜੋਨ- ਜੋ ਉਤਰ ਦੇ ਚੁਕੀ ਹਾਂ, ਉਸ ਤੋਂ ਬਿਨਾ ਹੋਰ ਕੁਝ ਨਹੀਂ ਕਹਾਂਗੀ।

ਹਰ ਰੋਜ਼ ਪੁਛੇ ਜਾਣ ਵਾਲੇ ਸਵਾਲਾਂ ਵਿਚ ਵਧੇਰੇ ਵਾਰ ਮਰਦਾਵੇਂ ਲਿਬਾਸ ਦਾ ਜ਼ਿਕਰ ਹੁੰਦਾ, ਜਿਸ ਬਾਰੇ ਜੋਨ ਦਾ ਦੋ ਟੁਕ ਜਵਾਬ ਸੀ- ਇਸ ਲਿਬਾਸ ਨੇ ਮੇਰੀ ਆਤਮਾ ਉਪਰ ਬੋਝ ਨਹੀਂ ਪਾਇਆ ਤੇ ਮੇਰਾ ਯਕੀਨ ਹੈ ਇਹ ਪਹਿਰਾਵਾ ਚਰਚ ਵਿਰੁੱਧ ਨਹੀਂ। ਸਵਾਲ ਪੁਛਣ ਵਾਲਿਆਂ ਵਿਚ ਜੀਨ ਬਿਊਪਰ ਵੀ ਸੀ। ਜੋਨ ਦੀ ਮੌਤ ਪਿਛੋਂ ਜਦੋਂ ਇਹ ਮੁਕੱਦਮਾ 1450 ਵਿਚ ਦੁਬਾਰਾ ਖੋਲ੍ਹਿਆ ਗਿਆ ਉਹ ਸੱਤਰ ਸਾਲ ਦਾ ਸੀ। ਉਸ ਨੇ ਬਿਆਨ ਦਿਤਾ- ਜੋਨ ਸਹੀ ਸੀ, ਸੂਖਮ ਸੀ, ਉਹੀ ਸੂਖਮਤਾ ਜਿਹੜੀ ਔਰਤ ਵਿਚ ਹੋਇਆ ਕਰਦੀ ਹੈ, ਸੀ ਉਸ ਵਿਚ।

ਮਾਰਟਿਨ ਨੇ ਬਿਆਨ ਦਿਤਾ- ਮੈਂ ਉਸ ਦੇ ਦਿਤੇ ਜਵਾਬ ਸੁਣੇ, ਉਨੀ ਵੀਹ ਸਾਲ ਦੀ ਹੋਵੇਗੀ, ਪੂਰੀ ਸਪਸ਼ਟ ਅਤੇ ਚੌਕਸ। ਜੀਨ ਰਿੱਕਰ ਨੇ ਕਿਹਾ- ਧਰਮ ਦਰਸ਼ਨ ਦੇ ਵਿਦਵਾਨ ਇਨ੍ਹਾਂ ਸਵਾਲਾਂ ਦੇ ਉਤਰ ਦੇਣ ਵਿਚ ਉਲਝ ਜਾਣਗੇ, ਉਹ ਕਿਤੇ ਨਹੀਂ ਘਬਰਾਈ, ਪਾਕਿ ਸਾਫ ਦ੍ਰਿਸ਼ਟੀ। ਵਕੀਲ ਪੀਅਰੀ ਦਾਰੋਂ ਦਸਦਾ ਹੈ- ਉਸ ਨੂੰ ਸਵਾਲ ਪੁੱਛਿਆ ਗਿਆ, ਜੋਨ ਨੇ ਕਿਹਾ ਕਿ ਹਫਤਾ ਪਹਿਲਾਂ ਉਹ ਇਸ ਦਾ ਜਵਾਬ ਦੇ ਚੁਕੀ ਹੈ। ਵਕੀਲ ਨੇ ਇਨਕਾਰ ਕੀਤਾ ਤਾਂ ਜੋਨ ਨੇ ਕਲਰਕ ਨੂੰ ਕਿਹਾ- ਪਿਛਲੇ ਹਫਤੇ ਦੀ ਕਾਰਵਾਈ ਪੜ੍ਹ ਕੇ ਸੁਣਾ। ਇਹ ਸਵਾਲ ਤੇ ਜਵਾਬ ਰਿਕਾਰਡ ਵਿਚ ਸੀ। ਸੁਣ ਕੇ ਹੱਸ ਪਈ, ਵਕੀਲ ਨੂੰ ਕਿਹਾ- ਜੇ ਦੁਬਾਰਾ ਇਹੋ ਜਿਹੀ ਗਲਤੀ ਕੀਤੀ ਕੰਨ ਖਿਚਾਂਗੀ।

ਜੋਨ ਨੂੰ ਬੁਖਾਰ ਹੋ ਗਿਆ, ਉਲਟੀਆਂ ਆਈਆਂ। ਡਾਕਟਰਨੀਆਂ ਇਲਾਜ ਵਾਸਤੇ ਗਈਆਂ, ਹਾਲ ਚਾਲ ਪੁਛਿਆ, ਜੋਨ ਨੇ ਕਿਹਾ- ਖਾਣਾ ਮਾੜਾ ਸੀ। ਮੈਨੂੰ ਗਾਲਾਂ ਵੀ ਦਿੰਦੇ ਨੇ। ਦਵਾਈ ਦਿਤੀ, ਬੁਖਾਰ ਲੱਥ ਗਿਆ। ਕੁਝ ਠੀਕ ਹੋਈ, ਮਾਸਟਰ ਏਸਤੀਵਤ ਅੰਦਰ ਗਿਆ, ਉਚੀ ਦੇ ਕੇ ਗਾਲ ਦਿੱਤੀ, ਕਿਹਾ- ਅਵਾਰਾਗਰਦ ਕੰਜਰੀ। ਜੋਨ ਨੂੰ ਮੁੜ ਬੁਖਾਰ ਹੋ ਗਿਆ। ਦੁਬਾਰਾ ਦਵਾਦਾਰੂ ਨਾਲ ਠੀਕ ਕੀਤੀ ਤੇ ਸਾਰਿਆਂ ਨੂੰ ਤਾੜਨਾ ਹੋਈ- ਖਬਰਦਾਰ ਕਿਸੇ ਨੇ ਬੁਰਾ ਲਫਜ਼ ਮੂਹੋਂ ਕੱਢਿਆ।
ਅਦਾਲਤ ਨੇ ਪੁੱਛਿਆ- ਪੋਪ ਦਾ ਹੁਕਮ ਮੰਨੇਗੀ?
ਜੋਨ ਨੇ ਕਿਹਾ- ਮੈਨੂੰ ਪੋਪ ਕੋਲ ਲਿਜਾਓ, ਪਤਾ ਤਾਂ ਲੱਗੇ ਕੀ ਹੁਕਮ ਦਿੰਦੈ? ਜੋ ਪੁੱਛੇਗਾ ਦੱਸਾਂਗੀ। ਅਦਾਲਤ ਨੇ ਕਿਹਾ- ਪਰ ਇਥੇ ਹੋ ਰਹੀ ਸਾਰੀ ਕਾਰਵਾਈ ਪੋਪ ਕੋਲ ਲਿਖਤੀ ਭੇਜੀ ਜਾਵੇਗੀ।
ਜੋਨ ਨੇ ਕਿਹਾ- ਮੈਨੂੰ ਕੀ ਪਤਾ ਕੀ ਲਿਖਿਆ ਜਾ ਰਿਹੈ? ਮੈਨੂੰ ਕੀ ਪਤਾ ਪੋਪ ਕੀ ਪੜ੍ਹੇਗਾ?

ਅਪਰਾਧੀ ਨੂੰ ਤਸੀਹੇ ਦੇਣ ਦੀ ਕਾਨੂੰਨਨ ਆਗਿਆ ਸੀ। ਮਈ ਦੇ ਪਹਿਲੇ ਹਫਤੇ ਟਾਰਚਰ ਕੀਤੀ ਗਈ, ਟਸ ਤੋਂ ਮਸ ਨਹੀਂ ਹੋਈ। ਕਹਿੰਦੀ ਰਹੀ- ਤੁਸੀਂ ਮੇਰੀਆਂ ਹੱਡੀਆਂ ਤੋੜ ਸਕਦੇ ਹੋ, ਜਾਨੋ ਮਾਰ ਸਕਦੇ ਹੋ, ਰੱਬ ਅਤੇ ਮੇਰੇ ਵਿਚਕਾਰਲੇ ਰਹੱਸ ਮੇਰੇ ਮੂਹੋਂ ਨਹੀਂ ਕਢਵਾ ਸਕਦੇ।

ਉਸਦੇ ਉੱਤਰ ਮਨੁਖੀ ਦਿਮਾਗ ਨੂੰ ਸੁੰਨ ਕਰਨ ਵਾਲੇ ਸਨ।

ਉਹ ਰਜਿਸਟਰ ਮੌਜੂਦ ਹੈ ਜਿਸ ਵਿਚ ਜੋਨ ਦੇ ਮੁਕੱਦਮੇ ਦਾ ਖਰਚਾ ਲਿਖਿਆ ਹੋਇਆ ਹੈ। ਇਸ ਲੇਖੇ ਵਿਚ 30 ਮਈ 1431 ਦਾ ਖਰਚਾ ਦੇਖਣ ਯੋਗ ਹੈ। ਇਹ ਉਹ ਦਿਨ ਹੈ ਜਿਸ ਦਿਨ ਉਸ ਨੂੰ ਅੱਗ ਵਿਚ ਸਾੜਿਆ ਗਿਆ। ਭਾਰੀ ਦਾਅਵਤ ਦਿਤੀ ਗਈ ਸੀ, ਜਸ਼ਨ ਮਨਾਏ ਗਏ ਸਨ।

ਕਾਊਂਟ ਆਫ ਲਿਗਨੀ, ਜੇਲ੍ਹ ਵਿਚ ਮੁਲਾਕਾਤ ਕਰਨ ਗਿਆ, ਦਸਦਾ ਹੈ- ਮੈਂ ਜੋਨ ਨੂੰ ਕਿਹਾ- ਜੇ ਤੂੰ ਵਾਅਦਾ ਕਰੇਂ ਕਿ ਸਾਡੇ ਵਿਰੁੱਧ ਮੁੜ ਹਥਿਆਰ ਨਹੀਂ ਚੁਕੇਂਗੀ ਤਾਂ ਮੈਂ ਮੋਟੀ ਰਕਮ ਤਾਰ ਕੇ ਤੈਨੂੰ ਛੁਡਾ ਸਕਦਾ ਹਾਂ। ਜੋਨ ਬੋਲੀ- ਮੇਰੀ ਕੀਮਤ ਤਾਰਨ ਦੀ ਨਾ ਤੇਰੀ ਇੱਛਾ, ਨਾ ਸਮਰੱਥਾ। ਹੋਰ ਗੱਲ ਕਰ।

ਅਦਾਲਤ ਨੇ ਕਿਹਾ- ਤੈਨੂੰ ਸਜ਼ਾ ਦਿਤੀ ਗਈ ਹੈ, ਅੱਗ ਵਿਚ ਸਾੜ ਕੇ ਮਾਰਨ ਦੀ ਸਜ਼ਾ। ਇਸ ਜੱਜਮੈਂਟ ਤੇ ਦਸਖ਼ਤ ਕਰ। ਜੋਨ ਨੇ ਕਿਹਾ- ਇਨ੍ਹਾਂ ਕਾਗਜ਼ਾਂ ਤੇ ਕੀ ਲਿਖਿਆ ਹੈ, ਮੈਨੂੰ ਨਹੀਂ ਪਤਾ। ਜੋ ਮੈਂ ਕੀਤਾ, ਰੱਬ ਦੇ ਹੁਕਮ ਅਨੁਸਾਰ ਕੀਤਾ। ਮੈਨੂੰ ਕਿਸੇ ਨੇ ਨਾ ਉਕਸਾਇਆ, ਨਾ ਕੁਰਾਹੇ ਪਾਇਆ। ਜੇ ਕਿਸੇ ਨੂੰ ਲਗਦਾ

ਹੈ ਮੈਂ ਕੋਈ ਗਲਤ ਕੰਮ ਕੀਤਾ ਤਦ ਉਸ ਦੀ ਜ਼ਿਮੇਵਾਰ ਮੈਂ ਖੁਦ ਹਾਂ, ਹੋਰ ਕੋਈ ਨਹੀਂ। ਇਹ ਕਹਿਕੇ ਉਸ ਨੇ ਦਸਖਤ ਕਰ ਦਿਤੇ। ਕਿਸੇ ਪਾਸਿਉਂ ਉਸ ਵੱਲ ਦੋ ਤਿੰਨ ਪੱਥਰ ਸੁਟੇ ਗਏ। ਪਤਾ ਨਹੀਂ ਲੱਗਾ ਕਿਸ ਨੇ ਮਾਰੇ ਸਨ। ਦਸਖਤ ਕਰਨ ਪਿਛੋਂ ਜੋਨ ਨੇ ਕਰਾਸ ਦਾ ਨਿਸ਼ਾਨ ਬਣਾ ਦਿਤਾ ਤੇ ਹੱਸ ਪਈ। ਪਾਠਕ ਹੱਸਣ ਦਾ ਕਾਰਨ ਜਾਣ ਗਏ ਹੋਣਗੇ। ਪਹਿਲਾਂ ਦੱਸ ਚੁਕੇ ਹਾਂ ਕਿ ਕਰਾਸ ਦਾ ਨਿਸ਼ਾਨ ਉਹ ਕਿਉਂ ਬਣਾਇਆ ਕਰਦੀ ਸੀ।

ਇਹ ਦੇਖਣ ਵਾਸਤੇ ਕਿ ਉਸ ਨੂੰ ਦਹਿਲ ਪੈਂਦਾ ਹੈ ਕਿ ਨਹੀਂ, ਉਸ ਨੂੰ ਖੰਭੇ ਕੋਲ ਲਿਜਾਇਆ ਗਿਆ ਜਿਸ ਨਾਲ ਬੰਨ੍ਹਣਾ ਸੀ। ਨੇੜੇ ਲੱਕੜਾਂ ਪਈਆਂ ਦਿਖਾਈਆਂ, ਜਲਾਦ ਦਿਖਾਇਆ। ਕੋਈ ਅਸਰ ਨਹੀਂ। ਸ਼ਾਂਤ, ਧੀਰਜਵਾਨ, ਨਿਰਮਲ ਫਕੀਰਨੀ ਦੀਆਂ ਨਜ਼ਰਾਂ ਇਨ੍ਹਾਂ ਚੀਜ਼ਾਂ ਉਪਰੋਂ ਦੀ ਲੰਘੀਆਂ, ਅਸਰ ਨਹੀਂ।

ਜਦੋਂ ਅਦਾਲਤ ਉਸ ਨੂੰ ਪੁੱਛਣੋ ਨਾ ਹਟੀ ਕਿ ਤੈਨੂੰ ਔਰਤ ਦਾ ਲਿਬਾਸ ਦਿਤਾ ਗਿਆ ਸੀ ਤਾਂ ਵੀ ਮਰਦਾਵਾਂ ਲਿਬਾਸ ਕਿਉਂ ਪਹਿਨਿਆਂ, ਉਸ ਨੇ ਦੱਸਿਆ- ਮੈਂ ਔਰਤ ਦਾ ਲਿਬਾਸ ਪਹਿਨ ਲਿਆ ਸੀ। ਇਕ ਰਿਸ਼ਟ ਪੁਸ਼ਟ ਅੰਗਰੇਜ਼ ਮੇਰੇ ਪਿੰਜਰੇ ਵਿਚ ਆਇਆ ਤੇ ਜਬਰਦਸਤੀ ਕਰਨੀ ਚਾਹੀ। ਮੈਂ ਉਸ ਨੂੰ ਬਾਹਰ ਧੱਕ ਦਿਤਾ। ਔਰਤ ਦੇ ਲਿਬਾਸ ਵਿਚ ਹੁੰਦੀ, ਮੈਂ ਵਧੀਕ ਗਾਲਾਂ ਸੁਣਦੀ। ਮਰਦਾਵਾਂ ਲਿਬਾਸ ਮੈਂ ਫੇਰ ਪਹਿਨ ਲਿਆ। ਮੇਰੇ ਆਲੇ ਦੁਆਲੇ ਜੇ ਔਰਤਾਂ ਪਹਿਰੇਦਾਰ ਹੁੰਦੀਆਂ, ਫੇਰ ਮੈਂ ਔਰਤ ਦਾ ਲਿਬਾਸ ਪਹਿਨੀ ਰੱਖਣਾ ਸੀ।

ਸਜ਼ਾ ਸੁਣਨ ਪਿਛੋਂ ਉਸ ਨੇ ਜੱਜਾਂ ਨੂੰ ਕਿਹਾ- ਤੁਹਾਡੇ ਖਿਲਾਫ ਰੱਬ ਕੋਲ ਅਪੀਲ ਕਰਾਂਗੀ। ਜਿਸ ਪੁਰਾਣੀ ਮਾਰਕੀਟ ਵਿਚ ਉਸ ਨੂੰ ਸਾੜਨਾ ਸੀ, ਅੱਠ ਸੌ ਹਥਿਆਰਬੰਦ ਫੌਜੀ ਤੈਨਾਤ ਕੀਤੇ ਗਏ। ਜੋਨ ਨੇ ਕਿਹਾ- ਕਰਾਸ-ਮਸੀਹਾ ਲੈ ਕੇ ਆਉ, ਮਰਨ ਤੋਂ ਪਹਿਲਾਂ ਪ੍ਰਾਰਥਨਾ ਕਰਨੀ ਹੈ। ਅਜਿਹਾ ਕੀਤਾ ਗਿਆ। ਅੱਧਾ ਘੰਟਾ ਪ੍ਰਾਰਥਨਾ ਕੀਤੀ- ਸੱਚੇ ਪ੍ਰਮੇਸ਼ਰ, ਮੇਰੇ ਯਸੂ ਮਸੀਹ, ਇਨ੍ਹਾਂ ਲੋਕਾਂ ਨੇ ਬੁਰਾ ਕੀਤਾ ਹੈ ਪਰ ਤੂੰ ਬਖਸ਼ਣਹਾਰ ਹੈਂ। ਇਨ੍ਹਾਂ ਦੇ ਗੁਨਾਹ ਮੁਆਫ ਕਰੀਂ।

ਭੀੜ ਵਿਚ ਖਲੋਤੇ ਕਈ ਜੱਜ, ਵਕੀਲ ਅਤੇ ਦੁਸ਼ਮਣ ਅੰਗਰੇਜ਼ ਉਸ ਦੀ ਪ੍ਰਾਰਥਨਾ ਸੁਣ ਕੇ ਰੋ ਪਏ। ਕੁੱਝ ਗੁਸੈਲੇ ਅੰਗਰੇਜ਼ਾਂ ਨੇ ਲਲਕਾਰਾ ਮਾਰਿਆ- ਕੀ ਸਾਨੂੰ ਇਥੇ ਲੰਚ ਕਰਨ ਲਈ ਬੁਲਾਇਐ? ਇਸ ਚੁੜੇਲ ਨੂੰ ਅੱਗ ਕਿਉਂ ਨੀ ਲਾਉਂਦੇ? ਪਾਦਰੀਓ, ਇਹਨੂੰ ਸਾਡੇ ਹਵਾਲੇ ਕਰ ਦਿਉ ਫੇਰ। ਜਲਾਦ ਆਇਆ। ਖੰਭੇ ਨਾਲ ਨੂੜ ਕੇ ਲੱਕੜਾਂ ਚਿਣ ਦਿਤੀਆਂ। ਅੱਗ ਲਾ ਦਿਤੀ। ਛੇ ਵਾਰ ਉਚੀ ਆਵਾਜ਼ ਵਿਚ ਯਸੂ ਮਸੀਹ ਦਾ ਨਾਮ ਲਿਆ। ਆਖਰੀ ਆਵਾਜ਼ ਬਹੁਤ ਦੂਰ ਤਕ ਗਈ। ਲੋਕਾਂ ਨੂੰ ਇਹ ਦਿਖਾਣ ਵਾਸਤੇ ਕਿ ਉਹ ਭੱਜੀ ਨਹੀਂ, ਯਕੀਨਨ ਮਰ ਗਈ ਹੈ, ਜਲਾਦ ਨੂੰ ਕਿਹਾ- ਲੱਕੜਾਂ ਪਰੇ ਹਟਾ। ਲੋਕਾਂ ਨੇ ਅਧਜਲਿਆ ਜਿਸਮ ਲਟਕਦਾ ਦੇਖਿਆ। ਲੱਕੜਾਂ ਫੇਰ ਨੇੜੇ ਕੀਤੀਆਂ ਗਈਆਂ। ਹੱਡੀਆਂ ਰਾਖ ਹੋ ਗਈਆਂ ਤਾਂ ਹੂੰਝ ਕੇ ਸੇਨ ਦਰਿਆ ਵਿਚ ਵਹਾ ਦਿਤੀਆਂ।

ਰੁਏਂ ਦੇ ਧਰਮ-ਸ਼ਾਸਤਰੀ, ਮਾਸਟਰ ਜੀਨ ਏਲਪੀ ਨੇ ਰੋਂਦਿਆਂ ਕਿਹਾ- ਜਿਥੇ ਇਸ ਕੁੜੀ ਦੀ ਰੂਹ ਪੁੱਜੀ ਹੈ, ਪਰਮੇਸ਼ਰ ਮੇਰੀ ਰੂਹ ਉਥੇ ਪੁਚਾਏ। ਬਾਦਸ਼ਾਹ ਦਾ ਸੈਕਟਰੀ ਜੀਨ ਤ੍ਰੈਸਰ ਇਹ ਦ੍ਰਿਸ਼ ਦੇਖ ਕੇ ਬੜਾ ਰੋਇਆ- ਅਸੀਂ ਬਰਬਾਦ ਹੋਵਾਂਗੇ। ਇਕ ਪਵਿਤਰ ਕੁੜੀ ਨੂੰ ਅੱਗ ਵਿਚ ਸਾੜ ਆਏ ਹਾਂ। ਜਲਾਦ, ਪਾਦਰੀ ਮਾਰਵਿਨ ਨੂੰ ਮਿਲਿਆ, ਕਿਹਾ- ਮੈਂ ਨਰਕ ਵਿਚ ਜਾਵਾਂਗਾ। ਮੇਰੇ ਤੋਂ ਪਵਿਤਰ ਕੁੜੀ ਮਰਵਾ ਦਿਤੀ।

1454 ਵਿਚ ਫਰਾਂਸੀਸੀ ਸਰਕਾਰ ਨੇ ਫੈਸਲਾ ਕੀਤਾ ਕਿ ਜੋਨ ਦਾ ਮੁਕੱਦਮਾ ਮੁੜ ਖੋਲ੍ਹਿਆ ਜਾਵੇ ਤਾਂ ਕਿ ਅੰਗਰੇਜ਼ਾਂ ਵਲੋਂ ਉਸ ਉਪਰ ਲਾਏ ਇਲਜ਼ਾਮ ਰੱਦ ਕੀਤੇ ਜਾਣ। ਇਸ ਵਾਸਤੇ ਪੋਪ ਕੋਲ ਅਪੀਲ ਕਰਨੀ ਪੈਣੀ ਸੀ। ਅਪੀਲ ਕੌਣ ਕਰੇ? ਧਰਮ ਸ਼ਾਸਤਰੀਆਂ ਨੇ ਸਲਾਹ ਦਿਤੀ- ਜੋਨ ਦਾ ਪਰਿਵਾਰ। ਦੋ ਭਰਾ ਅਤੇ ਮਾਂ ਈਸਾਬੇਲੀ ਜਿਉਂਦੇ ਸਨ। ਮਾਂ ਵੱਲੋਂ ਪੋਪ ਦੇ ਨਾਮ ਪਟੀਸ਼ਨ ਦੇ ਮੁਢਲੇ ਲਫਜ਼ ਹਨ- ਈਸਾਈ ਪਰੰਪਰਾਵਾਂ ਅਨੁਸਾਰ ਮੇਰੇ ਵਿਆਹ ਬਾਦ ਮੇਰੇ ਘਰ ਨੇਕ ਧੀ ਨੇ ਜਨਮ ਲਿਆ ਜਿਸ ਦਾ ਨਾਮ ਅਸੀਂ ਜੋਨ ਰੱਖਿਆ। ਇਸ ਪਵਿੱਤਰ ਕੁੜੀ ਉਪਰ ਝੂਠੇ ਇਨਜ਼ਾਮ ਲਾਕੇ ਮਾਰਿਆ ਗਿਆ ਤੇ ਪਰਿਵਾਰ ਦੀ ਬਦਨਾਮੀ ਕੀਤੀ। ਇਸ ਕੇਸ ਦੇ ਤੱਥ ਇਸ ਪ੍ਰਕਾਰ ਹਨ... ...। ਬੇਨਤੀ ਹੈ ਕਿ ਕੇਸ ਮੁੜ ਵਿਚਾਰਨ ਲਈ ਖੋਲ੍ਹਿਆ ਜਾਵੇ।

ਪੋਪ ਵਲੋਂ ਮਨਜ਼ੂਰੀ ਮਿਲਣ ਬਾਦ ਪਹਿਲੀ ਅਦਾਲਤ 17 ਨਵੰਬਰ ਨੂੰ ਪੈਰਿਸ ਵਿਚ ਲੱਗੀ। ਇਸ ਅਦਾਲਤ ਦੇ ਸੈਸ਼ਨ ਵੱਖ ਵੱਖ ਥਾਵਾਂ ਤੇ ਬੈਠੇ ਕਿਉਂਕਿ ਇਕੋ ਥਾਂ ਗਵਾਹੀਆਂ ਅਤੇ ਤੱਥ ਨਹੀਂ ਭੁਗਤਾਏ ਜਾ ਸਕਦੇ ਸਨ। ਅਦਾਲਤ ਨੇ ਐਲਾਨ ਕੀਤਾ- ਮਈ 30, 1456 ਨੂੰ ਜੋਨ ਦੇ ਖਿਲਾਫ ਭੁਗਤਣ ਵਾਲੇ ਗਵਾਹ ਪੁੱਜਣ ਅਤੇ ਉਸ ਵਿਰੁੱਧ ਦਸਤਾਵੇਜੀ ਸਬੂਤ ਲਿਆਉਣ। ਸਾਰਾ ਦਿਨ ਅਦਾਲਤ ਉਡੀਕਦੀ ਰਹੀ, ਕੋਈ ਗਵਾਹ ਨਹੀਂ ਆਇਆ।

7 ਜੁਲਾਈ ਨੂੰ ਤਿੰਨ ਮੈਂਬਰੀ ਬੈਂਚ ਨੇ ਫੈਸਲਾ ਸੁਣਾਇਆ।

ਰੇਮਜ਼ ਦੇ ਆਰਕਬਿਸ਼ਪ ਮੁੱਖ ਜੱਜ ਨੇ ਬੁਲੰਦ ਆਵਾਜ਼ ਵਿਚ ਜੱਜਮੈਂਟ ਪੜ੍ਹੀ- ਜੋਨ ਆਫ ਆਰਕ ਦੇ ਪਰਿਵਾਰ ਵਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਅਸੀਂ ਐਲਾਨ ਕਰਦੇ ਹਾਂ ਕਿ ਉਸ ਉਪਰ ਲਾਏ ਦੋਸ਼ ਮਨਘੜਤ ਸਨ ਤੇ ਚਲਾਇਆ ਗਿਆ ਮੁਕੱਦਮਾ ਫਰਾਡ ਸੀ। ਪਵਿਤਰ ਜੋਨ ਪੂਰਨ

ਨਿਰਦੋਸ਼ ਸੀ ਤੇ ਉਸ ਨੂੰ ਐਲਾਨੀ ਗਈ ਸਜ਼ਾ ਗ਼ੈਰਕਾਨੂੰਨੀ। ਉਸ ਵਿਰੁਧ ਦਿਤੀ ਗਈ ਜੱਜਮੈਂਟ ਨੂੰ ਅਸੀਂ ਹਮੇਸ਼ਾਂ ਵਾਸਤੇ ਨਸ਼ਟ ਕਰਦੇ ਹਾਂ।

ਇਹ ਆਖਦਿਆਂ ਚੀਫ ਜਸਟਿਸ ਨੇ ਜੋਨ ਵਿਰੁੱਧ ਦਿਤੀ ਗਈ ਪੁਰਾਣੀ ਜੱਜਮੈਂਟ ਦੇ ਟੁਕੜੇ ਕਰਕੇ ਸੰਕੇਤ ਵਜੋਂ ਫਰਸ਼ ਤੇ ਖਲਾਰ ਦਿਤੇ। ਜੁਲਾਈ 27 ਨੂੰ ਸਾਰੇ ਫਰਾਂਸ ਨੇ ਜੋਨ ਦੇ ਯਾਦਗਾਰੀ ਜਸ਼ਨ ਮਨਾਏ। ਓਰਲਿਨ ਸ਼ਹਿਰ ਦੇ ਜਸ਼ਨਾ ਦੀ ਕੇਂਦਰ ਜੋਨ ਦੀ ਮਾਂ ਸੀ। ਮਾਂ ਦੀ 28 ਨਵੰਬਰ 1458 ਵਿਚ ਮੌਤ ਹੋਈ। ਹੁਣ 10 ਜੁਲਾਈ ਨੂੰ ਹਰ ਸਾਲ ਜੋਨ ਦੀ ਯਾਦ ਵਿਚ ਛੁੱਟੀ ਹੁੰਦੀ ਹੈ।

ਅੰਗਰੇਜ਼ੀ ਮੁਕੱਦਮੇ ਅਤੇ ਸਾਹਿਤ ਵਿਚ ਉਸ ਵਿਰੁੱਧ ਸਾਰੇ ਅਸ਼ਲੀਲ ਲਫਜ਼ਾਂ ਦੀ ਵਰਤੋਂ ਹੋਈ। ਇਤਿਹਾਸਕਾਰਾਂ ਨੇ ਸਾਬਤ ਕਰਨ ਦਾ ਯਤਨ ਕੀਤਾ ਕਿ ਉਹ ਹਰਾਮ ਦੀ ਔਲਾਦ ਸੀ। ਇਕ ਔਰਤ ਨੇ ਗਵਾਹੀ ਦਿਤੀ ਕਿ ਗਾਂ ਦਾ ਕੱਚਾ ਦੁੱਧ ਪੀਣ ਕਰਕੇ ਜੋਨ ਨੂੰ ਦਿਮਾਗ ਦੀ ਤਪਦਿਕ ਹੋ ਗਈ ਸੀ। ਉਸ ਉਪਰ ਵੇਸਵਾ ਹੋਣ ਦਾ ਇਲਜ਼ਾਮ ਲਗਿਆ ਤਾਂ ਹੋਰ ਬਾਕੀ ਕੀ ਰਿਹਾ? ਕੰਜਰੀ, ਗਸ਼ਤੀ ਆਦਿਕ ਸ਼ਬਦ ਤਾਂ ਉਸਦੇ ਸਾਹਮਣੇ ਬੋਲੇ ਗਏ।

ਜਾਰਜ ਬਰਨਾਰਡ ਸ਼ਾਅ (1856-1950) ਖੱਬੇ ਪੱਖੀ ਖਿਆਲਾਂ ਦਾ ਧਾਰਨੀ, ਧਰਮਾਂ ਦੇ ਅਡੰਬਰਾਂ ਦਾ ਵਿਰੋਧੀ ਸੀ ਜਿਸ ਨੂੰ ਰੱਬ ਅਤੇ ਰੱਬ ਨਾਲ ਸਬੰਧਤ ਵਿਸ਼ਵਾਸਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਫਰਾਂਸ ਦੇ ਨਿਕੇ ਜਿਹੇ ਪਿੰਡ ਵਿਚ ਜੰਮੀ ਅਨਪੜ੍ਹ ਕੁੜੀ ਜੋਨ ਨੇ ਅਠਾਰਾਂ ਸਾਲ ਦੀ ਉਮਰ ਵਿਚ ਜਦੋਂ ਫਰਾਂਸ ਵਿਚ ਅੰਗਰੇਜ਼ਾਂ ਦੀ ਹਕੂਮਤ ਨੂੰ ਖਦੇੜਨ ਦਾ ਫੈਸਲਾ ਕਰ ਲਿਆ, ਇਹ ਕਰਾਮਾਤ ਤੋਂ ਘੱਟ ਨਹੀਂ ਸੀ। ਉਹ ਦਾਅਵਾ ਕਰਦੀ ਸੀ ਕਿ ਰੱਬ ਉਸ ਨਾਲ ਗੱਲਾਂ ਕਰਦਾ ਹੈ ਤੇ ਉਸ ਦੇ ਹੁਕਮ ਤਹਿਤ ਉਹ ਯੁੱਧ ਲੜ ਰਹੀ ਹੈ। ਉਸ ਨੇ ਯੋਰਪ ਵਿਚ ਪਹਿਲੀ ਵਾਰ ਨਾਅਰਾ ਦਿਤਾ - *ਇੰਗਲੈਂਡ ਅੰਗਰੇਜ਼ਾਂ ਦਾ, ਫਰਾਂਸ ਫਰਾਂਸੀਸੀਆਂ ਦਾ।* ਉਦੋਂ ਇਸ ਤਰਾਂ ਦੀ ਰਾਸ਼ਟਰੀ ਭਾਵਨਾ ਮੌਜੂਦ ਨਹੀਂ ਸੀ। ਛੋਟੇ ਛੋਟੇ ਨਗਰ-ਰਾਜ (ਸਿਟੀ ਸਟੇਟਸ) ਹੋਇਆ ਕਰਦੇ ਸਨ ਜਿਨ੍ਹਾਂ ਦਾ ਇਕ ਕੇਂਦਰੀ ਰਾਜਾ ਹੋਇਆ ਜਰੂਰ ਕਰਦਾ ਸੀ ਪਰ ਉਸ ਦੀ ਨਗਰ-ਰਾਜਾਂ ਉਪਰ ਸਖਤ ਪਕੜ ਨਹੀਂ ਸੀ। ਇਉਂ ਜਗੀਰਦਾਰ ਖੁਦਮੁਖਤਾਰ ਹੋਣ ਕਾਰਨ ਮਨਮਰਜ਼ੀ ਦੇ ਮਾਲਕ ਸਨ।

ਜੋਨ ਦਾ ਰੱਬ ਨਾਲ ਸਿੱਧਾ ਸੰਪਰਕ ਹੋਵੇ, ਚਰਚ ਲਈ ਇਹ ਤੱਥ ਬਰਦਾਸ਼ਤ ਕਰਨਾ ਮੁਸ਼ਕਲ ਸੀ ਕਿਉਂਕਿ ਰੱਬ ਦਾ ਪ੍ਰਤੀਨਿਧ ਕੇਵਲ ਪੋਪ ਹੈ। ਚਰਚ ਉਸ ਵਿਰੁੱਧ ਹੋ ਗਿਆ ਕਿਉਂਕਿ ਜੋਨ ਪ੍ਰੋਟੈਸਟੈਂਟ ਧਾਰਾ ਦੇ ਬੀਜ ਬੀਜ ਰਹੀ ਸੀ। ਦੂਜੇ ਪਾਸੇ ਜਾਗੀਰਦਾਰ ਖਿਲਾਫ ਹੋ ਗਏ ਸਨ ਕਿਉਂਕਿ ਉਹ ਕੇਂਦਰੀ ਸੱਤਾ ਦੀ ਬੁਨਿਆਦ ਰੱਖ ਰਹੀ ਸੀ ਜਿਸ ਨਾਲ ਨਗਰ-ਰਾਜਾਂ ਦੀਆਂ ਸ਼ਕਤੀਆਂ ਨੂੰ ਨਕੇਲ ਪੈ ਜਾਣੀ ਸੀ। ਉਸ ਵਿਰੁੱਧ ਇਹ ਦੋਵੇਂ ਧਿਰਾਂ ਲਾਮਬੰਦ ਹੋ ਗਈਆਂ ਜਿਸ ਕਾਰਨ ਉਸ ਨੂੰ ਕਤਲ ਕੀਤਾ ਗਿਆ। ਬਰਨਾਰਡ ਸ਼ਾਅ ਵਰਗੇ ਬੰਦੇ ਵਲੋਂ *ਸੇਂਟ ਜੋਨ* ਨਾਮ ਦੇ ਨਾਟਕ ਦੀ ਸਿਰਜਣਾ ਇਸੇ ਗੱਲ ਦਾ ਸਬੂਤ ਹੈ ਕਿ ਜੋਨ ਕਿੰਨੀ ਸ਼ਕਤੀਸ਼ਾਲੀ ਨਾਇਕਾ ਹੈ। ਇਸ ਨਾਟਕ ਨੂੰ ਦੁਨੀਆਂ ਭਰ ਵਿਚ ਸਨਮਾਨ ਮਿਲਿਆ।

16 ਮਈ 1920 ਨੂੰ ਜੋਨ ਆਫ ਆਰਕ ਨੂੰ ਪੋਪ ਬੇਨਿਡਿਕਟ ਵਲੋਂ ਸੇਂਟ ਦਾ ਖਿਤਾਬ ਪ੍ਰਦਾਨ ਕੀਤਾ ਗਿਆ। ਸ਼ਾਅ ਅਨੁਸਾਰ ਜੋਨ ਨੂੰ ਬੁਰੇ ਬੰਦਿਆਂ ਨੇ ਬੁਰੇ ਇਰਾਦੇ ਨਾਲ ਕਤਲ ਨਹੀਂ ਕੀਤਾ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜੋਨ ਚਰਚ ਦੀ ਸ਼ਕਤੀ ਨੂੰ ਵੰਗਾਰ ਰਹੀ ਹੈ। ਨਾਟਕ ਵਿਚ ਨਾਇਕਾ ਅਤੇ ਖਲਨਾਇਕ ਨਹੀਂ ਦਿਸਦੇ। ਇਕ ਪਾਸੇ ਨਿੱਜ ਅਨੁਭਵ ਦੀ ਸੁਤੰਤਰਤਾ ਦਾ ਦਾਅਵਾ ਹੈ, ਦੂਜੇ ਪਾਸੇ ਚਰਚ ਅਤੇ ਸਟੇਟ ਦੀ ਸੁਤੰਤਰਤਾ ਹੈ। ਇਹ ਦੋ ਸੱਤਾਂਵਾਂ ਦੀ ਟੱਕਰ ਹੈ ਜਿਸ ਵਿਚ ਵਿਅਕਤੀ ਦੀ ਬਲੀ ਹੋਣੀ ਹੈ।

ਰਿਵਾਜ ਇਹ ਸੀ ਕਿ ਬਾਦਸ਼ਾਹ ਨਿਰਵਸਤਰ ਹੋਕੇ ਤਾਜ ਪਹਿਨੇਗਾ। ਨਿਰਵਸਤਰ ਹੋਕੇ ਫਰਾਂਸ ਦਾ ਬਾਦਸ਼ਾਹ ਚਾਰਲਸ ਜਦੋਂ ਅਪਣੇ ਦਰਬਾਰ ਵਿਚ ਹਾਜ਼ਰ ਹੋਇਆ, ਜੋਨ ਤੁਰੰਤ ਥਮਲੇ ਉਹਲੇ ਲੁਕ ਗਈ। ਸ਼ਾਅ ਅਨੁਸਾਰ ਉਸ ਦੇ ਕੁਆਰਪਣ ਦੇ ਟੈਸਟ ਲੈਣ ਦੀ ਕੀ ਜ਼ਰੂਰਤ ਸੀ। ਇਹੋ ਇਕ ਘਟਨਾ ਉਸਦੀ ਪਵਿੱਤਰਤਾ ਵਾਸਤੇ ਕਾਫੀ ਮਜ਼ਬੂਤ ਸਬੂਤ ਹੈ। ਦੋਸਤਾਂ ਦੁਸ਼ਮਣਾਂ ਦੋਵੇਂ ਧਿਰਾਂ ਨੇ ਉਸਦੇ ਇਹ ਟੈਸਟ ਲਏ।

ਫਰਾਂਸੀਸੀਆਂ ਨੇ ਜਦੋਂ ਦੁਬਾਰਾ ਜੋਨ ਦਾ ਮੁਕੱਦਮਾ ਖੋਲ੍ਹ ਕੇ ਉਸਨੂੰ ਬਰੀ ਕੀਤਾ ਤਦ ਬਾਦਸ਼ਾਹ ਚਾਰਲਸ ਇਸ ਕਰਕੇ ਖੁਸ਼ ਨਹੀਂ ਹੋਇਆ ਕਿ ਜੋਨ ਨੂੰ ਇਨਸਾਫ ਮਿਲਿਆ। ਉਹ ਇਸ ਗੱਲੋਂ ਸੰਤੁਸ਼ਟ ਹੋਇਆ ਕਿ ਉਸਦੀ ਬਾਦਸ਼ਾਹਤ ਨੂੰ ਧਾਰਮਿਕ ਮਾਨਤਾ ਪ੍ਰਾਪਤ ਹੋ ਗਈ ਕਿਉਂਕਿ ਜੋਨ ਬਰੀ ਨਾ ਕੀਤੀ ਜਾਂਦੀ ਤਦ ਮੰਨਿਆ ਜਾਣਾ ਸੀ ਕਿ ਚੁੜੇਲ ਵਲੋਂ ਕੀਤੀ ਉਸਦੀ ਤਾਜਪੋਸ਼ੀ ਗੈਰਕਾਨੂੰਨੀ ਹੈ।

ਪਹਿਲੀ ਵਾਰ ਰਾਬਰਟ ਬਰੇਸਨ(1901-1999) ਨੇ 1962 ਵਿਚ ਉਸ ਉਪਰ ਸ਼ਾਨਦਾਰ ਫਰੈਂਚ ਫਿਲਮ ਬਣਾਈ। ਪੁੱਛਿਆ ਗਿਆ- ਕੀ ਤੁਸੀਂ ਸਹੀ ਤਰੀਕੇ ਜੋਨ ਦੀ ਮਹਾਨਤਾ ਪ੍ਰਗਟਾਈ? ਰਾਬਰਟ ਨੇ ਕਿਹਾ- ਆਰਟ ਕੁਝ ਪ੍ਰਗਟ ਨਹੀਂ ਕਰਿਆ ਕਰਦਾ। ਆਰਟ ਨੇ ਮਹਾਨਤਾ ਨਾਲ ਇਕਸੁਰ ਹੋਣਾ ਹੁੰਦਾ ਹੈ। ਮੇਰੀ ਫਿਲਮ ਦੇਖਕੇ ਦਰਸ਼ਕ ਜੋਨ ਨਾਲ ਇਕਸੁਰ ਹੋਣਗੇ ਕਿ ਨਹੀਂ, ਦੇਖਾਂਗੇ।

www.punjabilibrary.com

# ਮਿਲੇਨਾ

*(ਕਿੰਨਾ ਸਮਰੱਥ, ਕਿੰਨਾ ਵਜ਼ਨਦਾਰ ਨਾਮ ਹੈ ਮਿਲੇਨਾ, ਇੰਨਾ ਭਾਰੀ ਕਿ ਚੁਕ ਨਾ ਸਕੋ। ਪਹਿਲਾਂ ਇਹ ਨਾਮ ਮੈਨੂੰ ਖ਼ਾਸ ਚੰਗਾ ਨਾ ਲੱਗਾ, ਜਿਵੇਂ ਯੂਨਾਨੀ ਜਾਂ ਕੋਈ ਰੋਮਨ ਨਾਮ ਭਟਕਦਾ ਭਟਕਦਾ ਬੋਹਿਮੀਆਂ ਚਲਾ ਗਿਆ ਹੋਵੇ ਜਿਥੇ ਚੈਕਾਂ ਨੇ ਦਰਿੰਦਗੀ ਨਾਲ ਇਸ ਨੂੰ ਕੁਚਲਿਆ ਹੋਵੇ ਤੇ ਧੱਕੇ ਨਾਲ ਕਿਸੇ ਕੁੜੀ ਦੇ ਸੰਘ ਵਿਚੋਂ ਬਾਹਰ ਖਿੱਚਿਆ ਹੋਵੇ। ਜੋ ਵੀ ਹੈ, ਰੰਗ ਤੇ ਨੈਣ ਨਕਸ਼ ਅਜਿਹੇ ਕਿ ਇਸ ਸ਼ਾਨਾਮੱਤੀ ਔਰਤ ਨੂੰ ਬਾਹਾਂ ਵਿਚ ਲਿਆ ਜਾ ਸਕੇ। ਦੁਨੀਆਂ ਤੋਂ ਦੂਰ, ਅੱਗ ਤੋਂ ਦੂਰ, ਮੈਂ ਨਹੀਂ ਜਾਣਦਾ ਉਹ ਕੌਣ ਸੀ, ਮਨਮਰਜੀ ਨਾਲ ਆਤਮ ਵਿਸ਼ਵਾਸ ਨਾਲ ਉਹ ਬਾਹਾਂ ਵਿਚ ਸਮਾ ਜਾਂਦੀ। ਉਸ ਅੰਦਰ ਪਿਆਰ ਬਹਾਦਰੀ ਅਤੇ ਬਰੀਕ ਦ੍ਰਿਸ਼ਟੀ ਦੇ ਗੁਣ ਹਨ।ਇਹ ਸਾਰੇ ਗੁਣ ਉਹ ਆਪਣੇ ਤਿਆਗ ਵਿਚ ਸੁੱਟ ਦਿੰਦੀ ਹੈ ਜਾਂ ਫਿਰ ਇਹ ਕਹੋ ਕਿ ਉਹ ਤਿਆਗਣ ਹੈ ਜਿਸ ਕਰਕੇ ਇਹ ਗੁਣ ਉਸਦੇ ਇਰਦ ਗਿਰਦ ਇਕੱਠੇ ਹੋ ਗਏ ਹਨ- ਕਾਫਕਾ)*

ਕਾਫਕਾ ਨਾਲ ਜਿਸ-ਜਿਸ ਦਾ ਨੇੜੇ ਦਾ ਸੰਪਰਕ ਰਿਹਾ, ਉਸ ਉਪਰ ਕੁੱਝ ਨਾ ਕੁਝ ਲਿਖਿਆ ਅਤੇ ਪੜ੍ਹਿਆ ਜਾ ਸਕਦਾ ਹੈ ਕਿਉਂਕਿ ਬੌਧਿਕ ਰੋਸ਼ਨੀ ਤੋਂ ਸੱਖਣਾ ਉਸਦੇ ਸੰਪਰਕ ਵਿਚ ਰਹਿ ਨਹੀਂ ਸੀ ਸਕਦਾ। ਵਧੀਕ ਮਰਦ ਅਤੇ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਕਾਫਕਾ ਦਾ ਪ੍ਰਭਾਵ ਕਬੂਲਿਆ ਤੇ ਅਜਿਹਾ ਕਰਨ ਵਿਚ ਮਾਣ ਹੋਇਆ। ਲੇਖਕਾਂ ਵਿਚੋਂ ਸ਼੍ਰੋਮਣੀ ਮੈਕਸ ਬਰੋਦ ਹੈ ਤੇ ਦੂਜੀ ਆਮ ਜਿਹੀ ਦਸਵੀਂ ਪਾਸ ਕੁੜੀ ਦੋਰਾ ਜੋ ਧੱਕੇ ਨਾਲ ਉਸਦੀ ਪਤਨੀ ਬਣੀ । ਗਿਆਹਰਵੀਂ ਕਲਾਸ ਵਿਚ ਫਿਜ਼ਿਕਸ ਦੇ ਪ੍ਰੋਫਸਰ ਨੇ ਮੈਗਨੇਟਿਜ਼ਮ ਦਾ ਅਧਿਆਇ ਸ਼ੁਰੂ ਕਰਨ ਵਕਤ ਮੇਰੀ ਕਲਾਸ ਨੂੰ ਪੁੱਛਿਆ- ਵਿਦਿਆਰਥੀਓ, ਮੈਗਨਟ ਕਿਸ ਵਸਤੂ ਨੂੰ ਆਪਣੇ ਵੱਲ ਖਿਚਦਾ ਹੈ? ਸਾਰੀ ਕਲਾਸ ਦੇ ਹੱਥ ਖੜ੍ਹੇ, ਇਕ ਜ਼ਬਾਨ ਵਿਚ ਬੋਲੇ- ਲੋਹੇ ਨੂੰ। ਪ੍ਰੋਫੈਸਰ ਨੇ ਕਿਹਾ- ਇਹੀ ਗਲਤ ਗੱਲ ਤੁਹਾਡੇ ਚੇਤੇ ਵਿਚੋਂ ਬਾਹਰ ਕੱਢਣੀ ਹੈ। ਸਕੂਲ ਵਿਚ ਤੁਹਾਨੂੰ ਇਹੋ ਦੱਸਿਆ ਗਿਆ ਸੀ। ਸੁਣੋ। ਚੁੰਬਕ ਹੋਰ ਕਿਸੇ ਵਸਤੂ ਨੂੰ ਨਹੀਂ ਖਿਚਦਾ, ਸਿਵਾਇ ਚੁੰਬਕ ਦੇ। ਲੋਹਾ ਜਦੋਂ ਚੁੰਬਕੀ ਖੇਤਰ ਵਿਚ ਆਉਂਦਾ ਹੈ ਤਾਂ ਚੁੰਬਕੀ ਲਹਿਰਾਂ ਦੇ ਪ੍ਰਭਾਵ ਸਦਕਾ ਚੁੰਬਕ ਬਣ ਜਾਂਦਾ ਹੈ ਤਦ ਆਪਣੇ ਵਿਰੋਧੀ ਧਰੁਵ ਨੂੰ ਚੁੰਬਕ ਆਪਣੇ ਵੱਲ ਖਿੱਚ ਲੈਂਦਾ ਹੈ। ਧਾਤਾਂ ਵਿਚੋਂ ਕੇਵਲ ਲੋਹਾ, ਚੁੰਬਕ ਬਣਨ ਲਈ ਤਿਆਰ ਹੋ ਜਾਂਦਾ ਹੈ ਇਸ ਕਰਕੇ ਚੁੰਬਕ ਵੱਲ ਖਿਚਿਆ ਜਾਂਦਾ ਹੈ। ਜੋ ਧਾਤਾਂ ਚੁੰਬਕੀ ਖੇਤਰ ਵਿਚ ਆ ਕੇ ਵੀ ਨਿਊਟਰਲ ਰਹਿੰਦੀਆਂ ਹਨ, ਚੁੰਬਕ ਦਾ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ।

ਬਾਕੀ ਸਾਰਿਆਂ ਨਾਲੋਂ ਮਿਲੇਨਾ ਇਸ ਕਰਕੇ ਵਿਸ਼ੇਸ਼ ਹੈ ਕਿ ਉਹ ਕਾਫਕਾ ਤੋਂ ਪ੍ਰਭਾਵਿਤ ਨਹੀਂ ਹੋਈ, ਨਾ ਕਾਫਿਕਾ ਉਸ ਤੋਂ, ਤਦ ਵੀ ਦੋਵਾਂ ਦਾ ਸੰਪਰਕ ਲੰਮਾ ਸਮਾਂ ਰਿਹਾ। ਦੋਵੇਂ ਆਪਣੇ ਆਪ ਵਿਚ ਸੰਪੂਰਨ ਸੰਤੁਸ਼ਟ ਟਾਪੂ ਸਨ ਜਿਨ੍ਹਾਂ ਨੇ ਇਕ ਦੂਜੇ ਦੀ ਹੋਂਦ ਨੂੰ ਸਵੀਕਾਰਿਆ ਵੀ ਸਤਿਕਾਰਿਆ ਵੀ ਪਰ ਨਿਰਲੇਪ ਅਤੇ ਸੁਤੰਤਰ ਰਹੇ। ਕਾਫਕਾ ਦਾ ਜੀਵਨ, ਸ਼ੁੱਧ ਸਿਧਾਂਤ, ਨਿਰਮਲ ਅਨੁਭਵ ਹੈ ਜਿਹੜਾ ਅਮਲ ਵਿਚ ਨਹੀਂ ਆਇਆ। ਮਿਲੇਨਾ ਨੇ ਕੋਈ ਦਾਰਸ਼ਨਿਕ ਸਿਧਾਂਤ ਨਹੀਂ ਸਿਰਜਿਆ। ਉਸਦਾ ਜੀਵਨ ਉਹ ਕਰਮ ਖੇਤਰ ਸੀ ਜਿਸਨੂੰ ਫਲ ਦੀ ਪ੍ਰਵਾਹ ਨਹੀਂ। ਵਿਸ਼ਵ ਸਭਿਆਤਾ ਦੀਆਂ ਥੋੜ੍ਹੀਆਂ ਜਿਹੀਆਂ ਉਨ੍ਹਾਂ ਔਰਤਾਂ ਵਿਚੋਂ ਹੈ ਮਿਲੇਨਾ ਜਿਨ੍ਹਾਂ ਤੋਂ ਪ੍ਰੇਰਨਾ ਲਈ ਜਾ ਸਕੇ।

ਮਿਲੇਨਾ ਦੀ ਪ੍ਰਮਾਣਿਕ ਜੀਵਨੀ ਉਸਦੀ ਸਹੇਲੀ ਮਾਰਗ੍ਰੇਟ ਬੂਬਰ ਨਿਊਮਨ ਨੇ ਲਿਖੀ ਹੈ। ਕਦੀ ਦੋਵੇਂ ਕਮਿਊਨਿਸਟ ਸਨ, ਇਕ ਦੂਜੀ ਨੂੰ ਰਵੇਂਸ ਬਰੁੱਕ ਤਸੀਹਾ ਕੇਂਦਰ ਵਿਚ ਮਿਲੀਆਂ। ਮਿਲੇਨਾ ਨੇ ਕਿਹਾ, ਆਪਾਂ ਦੋਵੇਂ ਮਿਲ ਕੇ ਇਥੋਂ ਦੇ ਜੀਵਨ ਬਾਰੇ ਲਿਖਾਂਗੀਆਂ। ਜਦੋਂ ਮਿਲੇਨਾ ਨੂੰ ਪੱਕਾ ਯਕੀਨ ਹੋ ਗਿਆ ਕਿ ਮੈਂ ਹੁਣ ਬਚਾਂਗੀ ਨਹੀਂ ਤਾਂ ਮਾਰਗ੍ਰੇਟ ਨੂੰ ਕਿਹਾ- ਤੈਨੂੰ ਇਕੱਲੀ ਨੂੰ ਲਿਖਣੀ ਪਵੇਗੀ ਕਿਤਾਬ। ਮਾਰਗ੍ਰੇਟ ਨੇ ਕਿਹਾ-ਪਰ ਮੈਨੂੰ ਲਿਖਣਾ ਨੀ ਆਉਂਦਾ। ਮਿਲੇਨਾ ਹੱਸ ਪਈ - ਤੈਨੂੰ ਪਤਾ ਨੀ, ਮਿਲੇਨਾ ਨਾਲ ਦੋਸਤੀ ਕਰਨ ਵਾਲਾ ਬੰਦਾ ਜੀਨੀਅਸ ਹੋ ਜਾਂਦੈ। ਤੂੰ ਕਿਤਾਬ ਲਿਖੇਂਗੀ ਤੇ ਸੰਸਾਰ ਤੇਰੀ ਕਿਤਾਬ ਪੜ੍ਹੇਗਾ। ਮਾਰਗ੍ਰੇਟ ਬਚ ਗਈ। ਰਿਹਾ ਹੋ ਕੇ ਉਸਨੇ ਮਿਲੇਨਾ ਦੀਆਂ ਯਾਦਾਂ ਦੇ ਕਦਮਾਂ ਵਿਚ ਬੈਠ ਕੇ ਕਿਤਾਬ ਲਿਖੀ।

ਕਿਤਾਬ ਦੇ ਪਹਿਲੇ ਅਧਿਆਇ ਦਾ ਸਿਰਲੇਖ ਹੈ- 'ਲਿਖਾਂਗੇ ਦੁੱਖਾਂ ਦੀ ਕਿਤਾਬ'। ਮੁਢਲੇ ਸ਼ਬਦ ਹਨ- ਇਕ ਦੂਜੀ ਨੂੰ ਅਜੇ ਥੋੜੇ ਕੁ ਦਿਨਾਂ ਤੋਂ ਜਾਣਨ ਲੱਗੀਆਂ ਸਾਂ। ਪਰ ਉਦੋਂ ਦਿਨਾਂ ਦੇ ਕੀ ਮਾਇਨੇ ਜਦੋਂ ਸਮਾਂ ਘੰਟਿਆਂ ਅਤੇ ਮਿੰਟਾਂ ਦੀ ਥਾਂ ਦਿਲ ਦੀਆਂ ਧੜਕਣਾਂ ਨਾਲ ਮਿਣਿਆ ਜਾਂਦੈ।

ਮਿਲੇਨਾ, ਚੈਕੋਸਲਵਾਕੀਆ ਦੀ ਸੀ ਤੇ ਮਾਰਗ੍ਰੇਟ ਜਰਮਨ। ਪੂਰਾ ਨਾਮ ਮਿਲੇਨਾ ਜੇਸੈਂਸਕੀ। ਪਤਾ ਲੱਗਾ ਕਿ ਮਿਲੇਨਾ ਪੱਤਰਕਾਰ ਸੀ। ਇਕ ਜਰਮਨ ਔਰਤ ਰਾਹੀਂ ਮਿਲੇਨਾ ਨੇ ਮਾਰਗ੍ਰੇਟ ਤੱਕ ਸੁਨੇਹਾ ਭੇਜਿਆ, ਮਿਲਣਾ ਹੈ। ਉਹ ਜਾਣਨਾ ਚਾਹੁੰਦੀ ਸੀ ਕਿ ਕੀ ਇਹ ਸੱਚ ਹੈ ਕਿ ਸੋਵੀਅਤ ਦੇਸ ਵਿੱਚ ਜਰਮਨੀ ਦੇ ਫਾਸ਼ਿਜ਼ਮ ਵਿਰੋਧੀ ਕਾਮਰੇਡ ਸ਼ਰਨਾਰਥੀ ਸਟਾਲਿਨ ਨੇ ਹਿਟਲਰ ਦੇ ਹਵਾਲੇ ਕਰ ਦਿੱਤੇ ਹਨ?

ਤਸੀਹਾ ਕੇਂਦਰ ਦੀਆਂ ਉੱਚੀਆਂ ਕੰਧਾਂ ਉਪਰ ਲੋਹੇ ਦੀਆਂ ਕੰਡੇਦਾਰ ਵਾੜਾਂ ਸਨ ਜਿਨ੍ਹਾਂ ਵਿਚ ਬਿਜਲੀ ਛੱਡੀ ਹੁੰਦੀ। ਪਹਿਲੀ ਮੁਲਾਕਾਤ ਦਾ ਪਹਿਲਾ ਵਾਕ- ਮੈਂ ਹਾਂ ਪਰਾਗ ਦੀ ਮਿਲੇਨਾ। ਹੱਥ ਮਿਲਾਇਆ ਤਾਂ ਮਿਲੇਨਾ ਨੇ ਕਿਹਾ - ਸਹਿਜੇ ਮਾਰਗ੍ਰੇਟ! ਜਰਮਨ ਤਰੀਕੇ ਨਾਲ ਹੱਥ ਨਾ ਮਿਲਾ, ਮੇਰੀਆਂ ਉਂਗਲੀਆਂ ਸੁੱਜੀਆਂ ਹੋਈਆਂ ਨੇ। ਉਸਦਾ ਦਾ ਬਦਰੰਗ ਚਿਹਰਾ ਤਕਲੀਫਾਂ ਨਾਲ ਭਰਿਆ ਹੋਇਆ ਸੀ ਪਰ ਅੱਖਾਂ ਵਿਚ ਚਮਕ ਅਤੇ ਬੋਲਾਂ ਵਿਚ ਉਹ ਤਾਕਤ ਕਿ ਮਾਰਗ੍ਰੇਟ ਭੁੱਲ ਗਈ ਇਹ ਔਰਤ ਕਮਜ਼ੋਰ ਹੈ। ਲੰਮਾ ਕੱਦ, ਤਰਾਸ਼ੇ ਹੋਂਠ, ਤਿੱਖਾ ਨੱਕ, ਚੌੜਾ ਮੱਥਾ ਤੇ ਘੁੰਗਰਾਲੇ ਵਾਲ ਦਸਦੇ ਕਿ ਦਿਲ ਦਿਮਾਗ ਦੀ ਅਮੀਰੀ ਸਾਹਮਣੇ ਖਲੋਤੀ ਹੈ।

ਇਕ ਦੂਜੀ ਨਾਲ ਗੱਲ ਕਰਨ ਦੀ ਮਨਾਹੀ ਸੀ। ਪਹਿਰੇਦਾਰ ਲਗਾਤਾਰ ਚੌਕਸੀ ਰਖਦੇ, ਮਾਰਗ੍ਰੇਟ ਡਰਦੀ ਰਹੀ, ਕੋਈ ਦੇਖ ਨਾ ਲਵੇ, ਪਰ ਮਿਲੇਨਾ ਇਸ ਤਰ੍ਹਾਂ ਸ਼ਾਂਤ ਜਿਵੇਂ ਕਿਸੇ ਸ਼ਹਿਰ ਦੇ ਵੱਡੇ ਪਾਰਕ ਵਿਚ ਅਰਾਮ ਨਾਲ ਖਲੋਤੀ ਗੱਲਾਂ ਕਰੀ ਜਾਏ, ਆਲੇ ਦੁਆਲੇ ਤੋਂ ਅਨਜਾਣ। ਇਸ ਪਲ ਬਾਰੇ ਮਾਰਗ੍ਰੇਟ ਲਿਖਦੀ ਹੈ-ਮੇਰੇ ਸਾਹਮਣੇ ਅਖੰਡ ਆਤਮਾ ਸੀ, ਅਪਮਾਨਿਤ ਅਤੇ ਕੁਚਲੀਆਂ ਹੋਈਆਂ ਔਰਤਾਂ ਵਿਚ ਕੇਵਲ ਇਕ ਅਜ਼ਾਦ ਔਰਤ।

ਮਿਲੇਨਾ ਨੂੰ ਕੰਮ ਚਲਾਊ ਜਰਮਨ ਆਉਂਦੀ ਸੀ ਪਰ ਮਾਰਗ੍ਰੇਟ ਨਾਲ ਗੱਲਾਂ ਕਰਦਿਆਂ ਥੋੜ੍ਹੇ ਸਮੇਂ ਵਿਚ ਉਸਦੀ ਸ਼ਬਦਾਵਲੀ ਅਤੇ ਉਚਾਰਣ ਅਸਾਧਾਰਣ ਹੱਦ ਤੱਕ ਸ਼ੁੱਧ ਹੋ ਗਏ। ਪਹਿਲੀ ਮੁਲਾਕਾਤ ਤੋਂ ਬਾਦ ਮਾਰਗ੍ਰੇਟ ਜਦੋਂ ਆਪਣੀ ਬੈਰਕ ਵਿਚ ਵਾਪਸ ਆਈ ਤਾਂ ਲਿਖਦੀ ਹੈ, "ਮੈਂ ਬਾਕੀ ਸਭ ਵਾਸਤੇ ਅੰਨ੍ਹੀ ਤੇ ਬੋਲੀ ਹੋ ਗਈ ਸਾਂ। ਮੇਰੇ ਵਜੂਦ ਵਿਚ ਇਕ ਵਾਕ ਦਾ ਬਾਰ ਬਾਰ ਸਚਾਰ ਹੋ ਰਿਹਾ ਸੀ- ਮੈਂ ਹਾਂ ਪਰਾਗ ਦੀ ਮਿਲੇਨਾ। ਬਾਰ ਬਾਰ ਇਹ ਲਫਜ਼ ਦੁਹਰਾਉਂਦੀ, ਮੇਰਾ ਨਸ਼ਾ ਵਧੀ ਜਾਂਦਾ।"

ਪਹਿਲੀ ਸੰਸਾਰ ਜੰਗ ਵਿਚ ਯਹੂਦੀਆਂ ਦਾ ਕਤਲਿਆਮ ਸ਼ੁਰੂ ਹੋਇਆ ਤਾਂ ਮਾਰਗ੍ਰੇਟ ਆਪਣੇ ਬਚਾ ਵਾਸਤੇ ਸੋਵੀਅਤ ਦੇਸ ਚਲੀ ਗਈ ਸੀ। ਹਜ਼ਾਰਾਂ ਕਮਿਊਨਿਸਟਾਂ ਨੇ ਇਸ ਆਸ ਨਾਲ ਸ਼ਰਣ ਲਈ ਸੀ ਕਿ ਸੋਵੀਅਤ ਦੇਸ਼ ਉਨ੍ਹਾਂ ਨੂੰ ਬਚਾ ਲਵੇਗਾ। ਪਰ ਉਥੇ ਇਨ੍ਹਾਂ ਨੂੰ ਤਸੀਹਾ ਕੇਂਦਰਾਂ ਵਿਚ ਰੱਖਿਆ ਗਿਆ ਤੇ ਆਖਰ 1940 ਵਿਚ ਸਟਾਲਿਨ ਨੇ ਜਰਮਨ ਗੇਸਟਾਪੋ (ਪੁਲਸ) ਦੇ ਹਵਾਲੇ ਕਰ ਦਿੱਤੇ। ਮਾਰਗ੍ਰੇਟ ਨੇ ਸਟਾਲਿਨ ਦੀਆਂ ਕਰਤੂਤਾਂ ਦਾ ਪ੍ਰੈੱਸ ਵਿਚ ਪਰਦਾਫਾਸ਼ ਕਰ ਦਿੱਤਾ। ਜਰਮਨਾ ਨੇ ਤਾਂ ਉਸ ਉਪਰ ਕਹਿਰ ਢਾਹੁਣਾ ਹੀ ਸੀ, ਕਮਿਊਨਿਸਟ ਕੈਦੀ ਔਰਤਾਂ ਨੇ ਉਸਨੂੰ ਇਸ ਕਰਕੇ ਤਸੀਹੇ ਦਿੱਤੇ ਕਿ ਉਹ ਸਟਾਲਿਨ ਵਿਰੁੱਧ ਝੂਠਾ ਪਰਚਾਰ ਕਰ ਰਹੀ ਸੀ। ਕਜ਼ਾਕਸਤਾਨ ਦੇ ਕਾਰਾਗੰਡਾ ਤਸੀਹਾ ਕੇਂਦਰ ਤੋਂ ਬਾਦ ਉਹ ਇਸ ਜਰਮਨ ਤਸੀਹਾ ਕੇਂਦਰ ਵਿਚ ਆਈ। ਜਰਮਨ ਕੈਦਣਾਂ ਨੇ ਉਸ ਨੂੰ ਗੱਦਾਰ, ਦੇਸ਼ ਧ੍ਰੋਹਣ ਦਾ ਖਿਤਾਬ ਦਿੱਤਾ। ਇਸ ਦੂਹਰੀ ਹੱਤਕ ਤੋਂ ਬੇਪ੍ਰਵਾਹ ਮਾਰਗ੍ਰੇਟ ਨੇ ਲਿਖਿਆ- ਜੇ ਮੈਂ ਇਸ ਜੇਲ ਦੀ ਥਾਂ ਕਿਸੇ ਹੋਰ ਜੇਲ੍ਹ ਵਿਚ ਬੰਦੀ ਕੀਤੀ ਜਾਂਦੀ ਤਦ ਮੈਂ ਮਿਲੇਨਾ ਨੂੰ ਕਿਵੇਂ ਮਿਲਦੀ?

ਬਰਲਿਨ ਤੋਂ 50 ਮੀਲ ਦੂਰ ਇਸ ਕੇਂਦਰ ਵਿਚ ਪੰਜ ਹਜ਼ਾਰ ਔਰਤਾਂ ਬੰਦੀ ਸਨ। ਯੁੱਧ ਖਤਮ ਹੋਣ ਤਕ ਇਨ੍ਹਾਂ ਦੀ ਗਿਣਤੀ ਪੰਜਾਹ ਹਜ਼ਾਰ ਹੋ ਗਈ ਸੀ। ਵਧੀਕ ਔਰਤਾਂ ਉਹ ਸਨ ਜਿਨ੍ਹਾਂ ਨੂੰ ਪਤਾ ਨਹੀਂ ਸੀ ਉਨ੍ਹਾਂ ਨੂੰ ਇਥੇ ਕਿਉਂ ਲਿਆਂਦਾ ਗਿਆ। ਬੰਦੀਆਂ ਨੂੰ ਠੰਢ ਵਿਚ ਰੱਖਿਆ ਜਾਂਦਾ, ਭੁੱਖੇ ਮਾਰਿਆ ਜਾਂਦਾ ਤੇ ਕੁੱਤਿਆਂ ਵਰਗਾ ਵਿਹਾਰ ਹੁੰਦਾ। ਗਾਲਾਂ, ਕੁੱਟਮਾਰ ਆਮ ਗੱਲ ਸੀ। ਜਿਉਂਦੇ ਰਹਿਣ ਵਾਸਤੇ ਆਮ ਕੈਦੀ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ, ਸਾਥੀਆਂ ਦੀ ਮੁਖਬਰੀ ਤਾਂ ਕੀ, ਹਾਕਮਾਂ ਦੇ ਕਹਿਣ ਤੇ ਕੁੱਟਮਾਰ ਕਰ ਦਿੰਦੇ। ਕੇਵਲ ਮਿਲੇਨਾ ਬਚੀ, ਜੋ ਟੁੱਟੀ ਨਹੀਂ। ਉਹ ਸਾਰਿਆਂ ਨੂੰ ਧਰਵਾਸ ਦਿੰਦੀ। ਆਪਣੇ ਬਾਬਤ ਦੱਸਣ ਵਿਚ ਉਹ ਇਕ ਮਿੰਟ ਵੀ ਬਰਬਾਦ ਨਾਂ ਕਰਦੀ। ਉਹ ਜਾਣਨਾ ਚਾਹੁੰਦੀ ਹੁੰਦੀ। ਕਾਮਲ ਪੱਤਰਕਾਰ ਵਾਂਗ ਉਹ ਇਸ ਤਰ੍ਹਾਂ ਸਵਾਲ ਕਰਦੀ ਕਿ ਸਾਹਮਣੇ ਵਾਲੀ ਔਰਤ ਉਸਨੂੰ ਆਪਣੀ ਸਹੇਲੀ ਸਮਝਣ ਲੱਗੇ। ਉਸਨੇ ਮਾਰਗ੍ਰੇਟ ਨੂੰ ਜੋ ਸਵਾਲ ਪੁਛੇ, ਅਜਿਹੇ ਸਨ ਕਿ ਉੱਤਰ ਦਿੰਦਿਆਂ ਉਸਨੂੰ ਉਹ ਕੁਝ ਯਾਦ ਆ ਗਿਆ ਜੋ ਕਦੇ ਦਾ ਭੁੱਲ ਵਿਸਰ ਗਿਆ ਹੋਇਆ ਸੀ।ਇਸ ਆਸ ਨਾਲ ਉਸਨੇ ਸਾਥੀ ਕੈਦੀਆਂ ਦੇ ਨਾਮ ਲਿਖੇ ਜੋ ਰੂਸ ਦੇ ਮੁਸ਼ੱਕਤ ਕੈਂਪਾਂ ਵਿਚ ਬੰਦ ਸਨ, ਕਿ ਕਦੀ ਉਨ੍ਹਾਂ ਨੂੰ ਮਿਲੇਗੀ। ਉਹ ਤਾਂ ਉਹ ਗੀਤ ਵੀ ਲਿਖ ਲੈਂਦੀ ਜਿਹੜੇ ਕੈਦੀ ਗਾਇਆ ਕਰਦੇ

ਸਨ। ਮਾਰਗ੍ਰੇਟ ਤੋਂ ਉਸਨੇ ਪੁੱਛਿਆ, ਕਿੰਨੀ ਦੇਰ ਤੱਕ ਕਮਿਊਨਿਜ਼ਮ ਵਿਚ ਤੇਰਾ ਵਿਸ਼ਵਾਸ ਥਿਰ ਰਿਹਾ? ਕੀ ਤੈਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਕਮਿਊਨਿਸਟ ਹਰੇਕ ਨੂੰ ਕੰਮ, ਰੋਟੀ ਅਤੇ ਅਜ਼ਾਦੀ ਦੇਣਗੇ? ਦੋਵੇਂ ਹੈਰਾਨ ਹੁੰਦੀਆਂ ਕਿ ਪਾਰਟੀ ਦੀ ਭਟਕਣ ਅਤੇ ਅਸਫਲਤਾਵਾਂ ਵਾਸਤੇ ਕਮਿਊਨਿਸਟ ਨੇਤਾ ਕਿਸ ਹੱਦ ਤਕ ਬਹਾਨੇ ਘੜਨ ਵਿਚ ਮਾਹਰ ਹਨ। ਦੋਵਾਂ ਨੇ ਕਮਿਊਨਿਸਟ ਚਰਿਤਰਹੀਣਤਾ ਦੀਆਂ ਜੜ੍ਹਾਂ ਖੋਜੀਆਂ।

ਮਿਲੇਨਾ ਕਾਰਡ ਹੋਲਡਰ ਪਾਰਟੀ ਮੈਂਬਰ ਸੀ। ਉਸ ਵਕਤ ਰੂਸੀ ਕਮਿਊਨਿਸਟ ਇਨਕਲਾਬ ਦੁਨੀਆਂ ਭਰ ਲਈ ਪ੍ਰੇਰਨਾ ਸਰੋਤ ਬਣ ਗਿਆ। ਮਿਲੇਨਾ ਪਾਰਟੀ ਵਲੋਂ ਦਿੱਤਾ ਹਰ ਫਰਜ਼ ਅਦਾ ਕਰਦੀ। ਉਸਨੇ ਕਦੀ ਕਮਿਊਨਿਸਟ ਰੂਸ ਦਾ ਦੌਰਾ ਨਹੀਂ ਕੀਤਾ ਪਰ ਪੱਤਰਕਾਰੀ ਦੌਰਾਨ ਜੋ ਤੱਥ ਉਸਦੇ ਸਾਹਮਣੇ ਆਏ, ਉਸਨੇ ਆਪਣਾ ਕਾਰਡ ਟੁਕੜੇ ਕਰਕੇ ਪਾਰਟੀ ਦੇ ਦਫਤਰ ਵਿਚ ਵਗਾਹ ਦਿੱਤਾ। ਪਾਰਟੀ ਨੇ ਐਲਾਨ ਕੀਤਾ ਕਿ ਉਸਨੂੰ ਕੱਢ ਦਿੱਤਾ ਗਿਆ ਹੈ। ਸਟਾਲਿਨ ਦੀ ਸ਼ੁੱਧੀਕਰਨ ਲਹਿਰ ਦੇ ਉਸਨੇ ਬਖੀਏ ਉਧੇੜਨੇ ਸ਼ੁਰੂ ਕਰ ਦਿੱਤੇ। ਰੇਡੀਓ ਮਾਸਕੋ ਦੇ ਪ੍ਰਚਾਰ ਵਿੰਗ ਅਗੇ ਉਸਨੇ ਪ੍ਰਸ਼ਨ ਰੱਖੇ- ਚੈੱਕ ਕਮਿਊਨਿਸਟ ਅਤੇ ਸਾਧਾਰਨ ਕਾਮੇ ਜਿਹੜੇ ਸੋਵੀਅਤ ਰੂਸ ਗਏ ਸਨ ਓਨ੍ਹਾਂ ਦਾ ਕੀ ਹੋਇਆ? ਕੀ ਇਹ ਸੱਚ ਨਹੀਂ ਕਿ ਉਨ੍ਹਾਂ ਵਿਚੋਂ ਵਧੀਕਤਰ ਜੇਲ੍ਹਾਂ ਵਿਚ ਹਨ? ਲੋਕਾਂ ਨਾਲ ਨਿਪਟਣ ਦਾ ਰੂਸੀ ਤਰੀਕਾ ਇਹੋ ਹੈ। ਲੋਕ ਇੰਨੇ ਮਾਸੂਮ ਹੁੰਦੇ ਨੇ, ਭਰੋਸਾ ਕਰ ਬੈਠਦੇ ਨੇ ਕਿ ਰੂਸ ਵਿਚ ਸੁਰੱਖਿਆ ਮਿਲੇਗੀ। ਕਮਿਊਨਿਸਟ ਸ਼ਰਨਾਰਥੀਆਂ ਵਿਚ ਬਹੁਤ ਸਾਰੇ ਅਜਿਹੇ ਲੋਕ ਰੂਸ ਵਿਚ ਹਨ ਜਿਨ੍ਹਾਂ ਦੀ ਮੈਂ ਬੜੀ ਇਜ਼ਤ ਕਰਦੀ ਹਾਂ। ਇਹੋ ਜਿਹੇ ਵੀ ਨੇ ਜਿਨ੍ਹਾਂ ਨੂੰ ਮੈਂ ਬਿਲਕੁਲ ਪਸੰਦ ਨਹੀਂ ਕਰਦੀ। ਮੇਰੀ ਪਸੰਦ ਜਾਂ ਨਾ ਪਸੰਦ ਦਾ ਕੀ ਹੈ? ਮੈਂ ਸਾਰਿਆਂ ਦੀ ਸਲਾਮਤੀ ਲਈ ਦੁਆ ਕਰਦੀ ਹਾਂ।' ਉਸਦੇ ਇਹ ਕਥਨ 8 ਮਾਰਚ 1939 ਨੂੰ ਛਪੇ।

ਦਿਨ ਰਾਤ ਉਹ ਠੰਢ ਅਤੇ ਭੁੱਖ ਕਾਰਨ ਕੰਬਦੀ ਰਹਿੰਦੀ। ਪੀਲਾ ਚਿਹਰਾ ਤੇ ਸੁੱਜੇ ਹੱਥ ਦੇਖ ਕੇ ਮਾਰਗ੍ਰੇਟ ਇਕ ਦਿਨ ਆਪਣੇ ਹਿੱਸੇ ਦੀ ਬਰੈਡ ਰਾਸ਼ਣ ਮਿਲੇਨਾ ਕੋਲ ਲੈ ਗਈ। ਮਿਲੇਨਾ ਨੇ ਨਾਰਾਜ਼ ਹੋਕੇ ਇਹ ਸਮਾਨ ਹੱਥ ਨਾਲ ਪਰੇ ਸਰਕਾ ਦਿੱਤਾ। ਉਸਨੂੰ ਕੋਈ ਕੁੱਛ ਦੇ ਸਕਦਾ ਹੈ, ਇਹ ਮੰਨਣ ਲਈ ਉਹ ਤਿਆਰ ਨਹੀਂ ਸੀ। ਉਸਦਾ ਕੋਈ ਨਹੀਂ ਸੀ, ਇਕਦਮ ਇਕੱਲੀ ਸੀ ਪਰ ਮਾਰਗ੍ਰੇਟ ਦਾ ਭਰਿਆ ਭਕੁੰਨਾ ਪਰਿਵਾਰ ਸੀ ਜਿਸ ਨੂੰ ਮਿਲਣ ਵਾਸਤੇ ਉਹ ਆਸਵੰਦ ਸੀ, ਫਿਰ ਵੀ, ਮਿਲੇਨਾ ਉਪਰ ਕੋਈ ਤਰਸ ਕਰੇ ਉਸਨੂੰ ਮਨਜ਼ੂਰ ਨਹੀਂ ਸੀ।

ਉਹ ਸਮੇਂ ਦੀ ਪਾਬੰਦ ਨਾ ਰਹਿੰਦੀ, ਪਰੇਡ ਵਿਚ ਅੱਗੇ ਪਿਛੇ ਆਪਣੀ ਮਸਤੀ ਵਿਚ ਆਲੇ ਦੁਆਲੇ ਤੋਂ ਬੇਖਬਰ ਹੁੰਦੀ। ਜੇਲ੍ਹ ਅਫਸਰਾਂ ਦਾ ਹੁਕਮ ਮੰਨਣਾ ਤਾਂ ਦਰਕਿਨਾਰ ਉਨ੍ਹਾਂ ਦੀ ਡਾਂਟ ਡਪਟ ਕਰ ਦਿੰਦੀ। ਇਕ ਦਿਨ ਸਭ ਕੈਦਣਾਂ ਪ੍ਰੇਡ ਕਰਨ ਜਾ ਰਹੀਆਂ ਸਨ ਤਾਂ ਮਿਲੇਨਾ ਦੀ ਨਜ਼ਰ ਬਸੰਤ ਦੀਆਂ ਕੁੰਬਲਾਂ ਅਤੇ ਫੁੱਲਾਂ ਉਪਰ ਪਈ। ਉਹ ਖਲੋ ਕੇ ਗੌਣ ਲੱਗ ਪਈ। ਸਾਥੀ ਕੈਦਣਾਂ ਗੁੱਸੇ ਵਿਚ ਝਪਟ ਕੇ ਪਈਆਂ ਤਾਂ ਬੋਲੀ- ਤੁਸੀਂ ਜੰਮੀਆਂ ਹੀ ਕੈਦ ਕੱਟਣ ਵਸਤੇ ਹੋ। ਗੁਲਾਮੀ ਤੁਹਾਡੀਆਂ ਹੱਡੀਆਂ ਵਿਚ ਵੜ ਚੁੱਕੀ ਹੈ।

ਕੈਦੀਆਂ ਉਪਰ ਕੈਦੀ ਨਿਗਰਾਨ, ਕੈਦੀ ਨਰਸਾਂ, ਕੈਦੀ ਡਾਕਟਰ ਤੇ ਕੈਦੀ ਮੁਖਬਰ ਰੱਖੇ ਜਾਂਦੇ। ਮਿਲੇਨਾ ਕਿਹਾ ਕਰਦੀ- ਕਿੰਨੀ ਅਸਾਨੀ ਨਾਲ ਕੈਦੀ ਆਪਣੇ ਸਾਥੀਆਂ ਦੇ ਖਿਲਾਫ ਆਪਣੇ ਦੁਸ਼ਮਣ ਦੀ ਮਦਦ ਕਰਨ ਲੱਗ ਜਾਂਦੇ ਹਨ। ਦੋ ਕਮਿਊਨਿਸਟ ਔਰਤਾਂ ਮਿਲੇਨਾਂ ਨੂੰ ਬਾਹਰੋਂ ਮਿਲਣ ਆਈਆਂ ਇਹ ਕਹਿ ਕੇ ਗਈਆਂ- ਸਾਨੂੰ ਪਤਾ ਲੱਗ ਗਿਆ ਹੈ ਤੂੰ ਤਾਸਕੀ ਦੀ ਚੇਲੀ ਹੈ ਇਸ ਕਰਕੇ ਸੋਵੀਅਤ ਦੇਸ ਦੀ ਬਦਨਾਮੀ ਕਰਦੀ ਹੈਂ। ਮਿਲੇਨਾ ਨੂੰ ਧਮਕੀ ਦੇਂਦਿਆਂ ਇਨ੍ਹਾਂ ਔਰਤਾਂ ਵਿਚੋਂ ਇਕ ਬੋਲੀ- ਚੈਕ ਸਮਾਜ ਦੀ ਇਜ਼ੱਤਦਾਰ ਮੈਂਬਰ ਰਹੇਂਗੀ ਕਿ ਬਦਨਾਮ ਮਾਰਗ੍ਰੇਟ ਦੀ ਸਹੇਲੀ? ਦੋਹਾਂ ਵਿਚੋਂ ਇਕ ਚੁਣ ਲੈ। ਸੋਚਣ ਦੀ ਲੋੜ ਨਹੀਂ, ਮਿਲੇਨਾ ਨੇ ਕਿਹਾ - ਮਾਰਗ੍ਰੇਟ ਨਾਲ ਦੋਸਤੀ। ਦਫਾ ਹੋ ਜਾਉ ਹੁਣ।

ਜਨਮ 1896 ਈ. ਨੂੰ ਪਰਾਗ ਵਿਚ ਹੋਇਆ। ਮਾਂ ਬੜੀ ਸੁਹਣੀ ਸੀ, ਕਾਲੇ ਘੁੰਗਰਾਲੇ ਵਾਲ, ਮਿਲੇਨਾ ਨੂੰ ਯਾਦ ਹੈ ਜਦੋਂ ਤਿੰਨ ਕੁ ਸਾਲ ਦੀ ਨੂੰ ਉਹ ਗੋਦ ਵਿਚ ਬਿਠਾ ਕੇ ਦੇਰ ਤੱਕ ਉਸਦੇ ਕੇਸ ਵਾਹੁੰਦੀ ਰਹਿੰਦੀ। ਮਿਲੇਨਾ ਮਾਰਗ੍ਰੇਟ ਨੂੰ ਦਸਿਆ ਕਰਦੀ- ਕੇਸ ਵਾਹੁਣ ਬਾਦ ਇਸ ਥਾਂ ਤੋਂ ਮਾਂ ਮੇਰਾ ਵਾਲਾਂ ਦਾ ਛੱਲਾ ਚੁੰਮਦੀ। ਇਹ ਛੱਲਾ ਮੈਨੂੰ ਕਦੀ ਨਹੀਂ ਭੁੱਲਦਾ... ਕਰਮਾਂ ਵਾਲਾ ਛੱਲਾ। ਇਕੱਲੀ ਸੰਤਾਨ, ਅਕਸਰ ਇਕੱਲੀ ਖੇਡਦੀ। ਭਰ ਜਵਾਨੀ ਵਿਚ ਮਾਂ ਚਲ ਵਸੀ। ਮਿਲੇਨਾ ਦੇ ਪੇਕੇ ਵਿਗਿਆਨ, ਕਲਾ ਥਿਏਟਰ, ਸੰਗੀਤ ਦੇ ਸ਼ੈਦਾਈ ਪਰ ਸਹੁਰੇ ਘਰ ਇਸ ਸਭ ਕੁਝ ਦੇ ਉਲਟ। ਮਿਲੇਨਾ ਦੱਸਿਆ ਕਰਦੀ- ਚਪੇੜ ਮਾਰਨ ਦੀ ਗੱਲ ਛੱਡੋ, ਮਾਂ ਕਦੇ

ਝਿੜਕਦੀ ਵੀ ਨਹੀਂ ਸੀ। ਮਾਰਕੁੱਟ ਦੀ ਡਿਊਟੀ ਪਾਪਾ ਨਿਭਾਇਆ ਕਰਦੇ। ਸਿਲਾਈ ਕਢਾਈ, ਲੱਕੜ ਉਪਰ ਖੁਦਾਈ ਦਾ ਕੰਮ ਮਾਂ ਬਹੁਤ ਸੁਹਣਾ ਕਰਦੀ।

ਪਿਤਾ ਦੰਦਾਂ ਦਾ ਡਾਕਟਰ ਸੀ। ਮੂੰਹ ਦੇ ਹਰੇਕ ਆਪ੍ਰੇਸ਼ਨ ਦਾ ਮਾਹਿਰ ਸਰਜਨ। ਉਸ ਦਾ ਕਲਿਨਿਕ ਵਧੀਆ ਚੱਲਿਆ। ਉਸਨੇ ਡੈਂਟਲ ਕਾਲਜ ਵੀ ਖੋਲ੍ਹਿਆ ਜੋ ਅਜ ਤਕ ਡਾਕਟਰ ਜਾੱਨ ਜੇਸਿੰਸਕੀ ਦੇ ਨਾ ਨਾਲ ਚੱਲ ਰਿਹਾ ਹੈ। ਮਿਲੇਨਾ ਪਿਤਾ ਉਪਰ ਗਈ, ਅਕਲ ਸ਼ਕਲ ਦੋਹਾਂ ਵਿਚ। ਪਿਤਾ ਵਾਂਗ ਹਸਦਿਆਂ ਗੱਲ੍ਹਾਂ ਵਿਚ ਟੋਏ ਪੈਂਦੇ, ਗੱਲ ਕਰਨ ਅਤੇ ਫੈਸਲੇ ਲੈਣ ਵਿਚ ਦ੍ਰਿੜ੍ਹ।

ਮਿਲੇਨਾ ਨੂੰ ਯਾਦ ਹੈ ਕਿ ਜਦੋਂ ਉਸਦੇ ਭਰਾ ਨੇ ਜਨਮ ਲਿਆ ਤਾਂ ਸਾਰੇ ਪਰਿਵਾਰ ਦਾ ਧਿਆਨ ਮਰੀਅਲ ਜਿਹੇ ਮੁੰਡੇ ਵੱਲ ਹੋ ਗਿਆ, ਮਿਲੇਨਾ ਜਿਵੇਂ ਘਰ ਵਿਚ ਰਹੀ ਹੀ ਨਾਂ। ਭਰਾ ਦੀ ਮੌਤ ਹੋ ਗਈ। ਮਿਲੇਨਾ ਜ਼ਿੱਦੀ ਹੋ ਗਈ। ਪਿਤਾ ਅਕਸਰ ਕੁੱਟ ਮਾਰ ਕਰਦਾ। ਪਿਤਾ ਪਰੰਪਰਾ ਦਾ ਪੁਜਾਰੀ, ਪੁਰਾਣੇ ਢੰਗ ਦਾ ਹੈਟ ਅਤੇ ਸੂਟ ਪਹਿਨਦਾ, ਮਿਲੇਨਾ ਉਪਰ ਹਰ ਪਾਬੰਦੀ।

ਤੇਰ੍ਹਾਂ ਸਾਲ ਦੀ ਸੀ ਜਦੋਂ ਮਾਂ ਨੂੰ ਖਤਰਨਾਕ ਨਮੂਨੀਆਂ ਹੋਇਆ, ਫਿਰ ਅਧਰੰਗ ਦਾ ਹੱਲਾ। ਸਾਰਾ ਸਾਰਾ ਦਿਨ ਮਿਲੇਨਾ ਮਾਂ ਨੂੰ ਸੰਭਾਲਦੀ ਥੱਕ ਜਾਂਦੀ। ਆਖਰ ਮਾਂ ਦਾ ਵਿਛੋੜਾ ਸਾਹਮਣੇ ਆਇਆ। ਮਿਲੇਨਾ ਨੂੰ ਸਾਰੀ ਉਮਰ ਕਬਰਸਤਾਨ ਚੰਗਾ ਲਗਦਾ ਰਿਹਾ। ਸਾਰਾ ਸਾਰਾ ਦਿਨ ਉਹ ਕਬਰਸਤਾਨ ਵਿਚ ਬੈਠੀ ਬਿਤਾ ਦਿੰਦੀ। ਜਿੱਧਰ ਮੂੰਹ ਹੁੰਦਾ, ਫਿਰ ਉਧਰ ਤੁਰ ਪੈਂਦੀ। ਪਿਤਾ ਨੂੰ ਇਹ ਹਰਕਤਾਂ ਪਸੰਦ ਨਹੀਂ ਸਨ। ਘਰ ਵਿਚ ਅਕਸਰ ਤਕੜੇ ਹੰਗਾਮੇ ਹੁੰਦੇ। ਮਿਲੇਨਾ ਕਈ ਕਈ ਦਿਨ ਘਰ ਨਾ ਪਰਤਦੀ। ਕਦੀ ਸਟੇਜ ਦਾ ਸ਼ੌਕ ਕਦੀ ਚਿਤਰਕਾਰਾਂ ਲਈ ਮਾਡਲਿੰਗ ਕਰਨ ਦਾ ਕੰਮ। ਉਹ ਸਾਹਿਤ ਦੀ ਗੰਭੀਰ ਪਾਠਕ ਸੀ। ਪੰਦਰਾਂ ਤੋਂ ਵੀਹ ਸਾਲ ਦੀ ਉਮਰ ਤੱਕ ਜੋ ਮਿਲਿਆ, ਪੜ੍ਹਿਆ। ਹਾਮਸਨ, ਦੋਸਤੋਵਸਕੀ, ਮੇਰੇਡਿਥ, ਤਾਲਸਤਾਇ, ਜੈਕਬਸਨ, ਟਾਮਸ ਮਾਨ, ਉਸਦੇ ਪਸੰਦੀਦਾ ਸਾਹਿਤਕਾਰ ਸਨ।

ਆਸਟਰੀਆ ਪ੍ਰਸ਼ਾਸਨ ਦੇ ਮਿਨਰਵਾ ਸਕੂਲ ਵਿਚ ਮਿਲੇਨਾ ਨੂੰ ਦਾਖਲ ਕਰਵਾਇਆ ਗਿਆ ਜੋ ਕੁੜੀਆਂ ਦਾ ਉਚਕੋਟੀ ਸਟੈਂਡਰਡ ਹਾਈ ਸਕੂਲ ਸੀ। ਲੈਟਿਨ ਅਤੇ ਗਰੀਕ ਭਾਸ਼ਾਵਾਂ ਪੜ੍ਹਨੀਆਂ ਲਾਜ਼ਮੀ ਸਨ। ਇਸ ਸਕੂਲ ਦੀ ਸਥਾਪਨਾ ਚੈੱਕ ਬੁੱਧੀਜੀਵੀਆਂ ਨੇ ਕੀਤੀ ਸੀ। ਇਸ ਸਕੂਲ ਵਿਚ ਪੜ੍ਹੀਆਂ ਕੁੜੀਆਂ ਵਿਚੋਂ ਪ੍ਰਸਿੱਧ ਅਧਿਆਪਕਾਵਾਂ ਸਮਾਜ ਸੇਵਕਾਵਾਂ ਅਤੇ ਡਾਕਟਰ ਬਣੀਆਂ।

ਮਿਲੇਨਾ ਇਸ ਸਕੂਲ ਦੀ ਯੋਗ ਵਿਦਿਆਰਥਣ ਨਹੀਂ ਮੰਨੀ ਗਈ। ਇਹ ਨਹੀਂ ਕਿ ਦਿਮਾਗੀ ਤੌਰ ਤੇ ਕੋਈ ਕਮੀ ਹੋਵੇ, ਉਸਨੂੰ ਪਰੰਪਰਾਗਤ ਨਿਯਮਾਂ ਤੋਂ ਚਿੜ੍ਹ ਸੀ, ਸੁਭਾਵਿਕ ਤੌਰ ਤੇ ਬਾਗੀਆਨਾ ਸੁਰ ਦੀ ਮਾਲਕ। ਦੋ ਹੋਰ ਕੁੜੀਆਂ ਸਤਾਸਾ ਤੇ ਜਰਮਿਲਾ ਉਸਦੀਆਂ ਸਹੇਲੀਆਂ ਬਣ ਗਈਆਂ। ਇਹ ਤਿੱਕੜੀ ਪ੍ਰਬੰਧਕਾਂ ਲਈ ਵੱਡੀ ਸਿਰਦਰਦੀ ਬਣੀ। ਤਿੰਨੇ ਹਰ ਵਕਤ ਇਕੱਠੀਆਂ ਰਹਿੰਦੀਆਂ ਹੋਣ ਕਰਕੇ ਸ਼ੱਕ ਕੀਤਾ ਗਿਆ ਕਿ ਹਮਜਿਣਸੀ ਹਨ। ਉਨ੍ਹਾਂ ਦੀਆਂ ਹਰਕਤਾਂ ਤੋਂ ਅਜਿਹਾ ਪ੍ਰਤੀਤ ਕੀਤਾ ਜਾਂਦਾ ਜਿਵੇਂ ਉਹ ਨਲਾਇਕੀ ਵਲ ਵਧ ਰਹੀਆਂ ਹਨ। ਬਾਕੀ ਤਾਂ ਠੀਕ, ਮਿਲੇਨਾ ਆਪਣੇ ਕਲਿਨਿਕ ਵਿਚੋਂ ਨਸ਼ੇ ਦੀਆਂ ਗੋਲੀਆਂ ਚੁਰਾਂ ਕੇ ਲਿਆਉਂਦੀ ਅਤੇ ਤਿੰਨੇ ਰਲਕੇ ਖਾਂਦੀਆਂ ਤੇ ਉਡੀਕਦੀਆਂ ਕਿ ਕੀ ਹੋਵੇਗਾ। ਕੋਕੀਨ ਤੱਕ ਦੀ ਵਰਤੋਂ ਕੀਤੀ। ਮਾਪਿਆਂ ਨੇ ਇਸ ਤਿਕੱੜੀ ਨੂੰ ਤੋੜਨ ਦਾ ਯਤਨ ਕੀਤਾ ਪਰ ਵਿਅਰਥ।

ਪਿਤਾ ਦੀ ਇਛਾ ਸੀ ਕਿ ਮਿਲੇਨਾ ਡਾਕਟਰ ਬਣੇ ਜਿਸ ਕਰਕੇ ਸਕੂਲ ਪਿਛੋਂ ਮੈਡੀਕਲ ਕਾਲਜ ਵਿਚ ਦਾਖਲ ਕਰਵਾ ਦਿੱਤਾ। ਪਹਿਲੀ ਸੰਸਾਰ ਜੰਗ ਦੇ ਜ਼ਖਮੀ ਸਿਪਾਹੀਆਂ ਦੇ ਚਿਹਰਿਆਂ ਦਾ ਆਪ੍ਰੇਸ਼ਨ ਪਿਤਾ ਕਰਦਾ ਤਾਂ ਮਿਲੇਨਾ ਨੂੰ ਸਹਾਇਕ ਰਖਦਾ। ਪਰ ਮਿਲੇਨਾ ਨੂੰ ਜ਼ਖਮਾਂ ਤੋਂ ਘਿਰਣਾ ਹੁੰਦੀ। ਸਾਲ ਕੁ ਬਾਦ ਉਸਨੇ ਮੈਡੀਕਲ ਕਾਲਜ ਛੱਡ ਦਿੱਤਾ।

ਲੰਮਾ ਕੱਦ, ਸੁਹਣੇ ਨੈਣ ਨਕਸ਼ ਅਤੇ ਆਤਮਵਿਸ਼ਵਾਸ ਨਾਲ ਭਰੀ ਉਸਦੀ ਤੋਰ ਸੀ। ਉਹ ਅਤੇ ਉਸਦੀਆਂ ਸਹੇਲੀਆਂ ਦੇ ਵਰਤਾਰੇ ਸਦਕਾ ਇਹੋ ਜਿਹੀਆਂ ਟਿੱਪਣੀਆਂ ਅਕਸਰ ਸੁਣਨ ਨੂੰ ਮਿਲਦੀਆਂ - ਇਹ ਛੋਕਰੀਆਂ ਪਰਾਗ ਦੇ ਖਾਨਦਾਨਾਂ ਦੀ ਇਜ਼ੱਤ ਨੂੰ ਲਾਜ਼ਮੀ ਦਾਗੀ ਕਰਨਗੀਆਂ। ਇਨ੍ਹਾਂ ਦਿਨਾਂ ਵਿਚ ਸਾਰਾ ਯੂਰਪ ਪਰੰਪਰਾ ਦੀ ਪਖੰਡੀ ਕੈਦ ਵਿਚੋਂ ਮੁਕਤ ਹੋਣ ਦਾ ਯਤਨ ਕਰ ਰਿਹਾ ਸੀ ਤੇ ਇਸ ਮਨੋਰਥ ਵਾਸਤੇ ਲੀਡਰਸ਼ਿਪ ਪਰਾਗ ਕੋਲ ਸੀ। ਦੁਨੀਆਂ ਪਰਾਗ ਵਲ ਦੇਖ ਰਹੀ ਸੀ। ਉਨ੍ਹਾਂ ਦਿਨਾਂ ਦਾ ਜ਼ਿਕਰ ਜੋਸਫ ਕੋਡਿਸਿਕ ਨੇ ਕੀਤਾ ਹੈ - ਬਿਖਰੀ ਧੁੱਪ ਵਾਲਾ ਦਿਨ। ਮੈਨੂੰ ਇਉਂ ਯਾਦ ਹੈ ਜਿਵੇਂ ਅੱਜ ਦੀ ਘਟਨਾ ਹੋਵੇ। ਰੰਗ ਬਿਰੰਗੇ ਲਿਬਾਸ

ਪਹਿਨੀ ਅਨੇਕ ਕੌਮ ਦੇ ਲੋਕ, ਫੌਜੀ, ਸਿਵਲੀਅਨ ਅਤੇ ਵਿਦਿਆਰਥੀ। ਚੌਕ ਵਿਚ ਗਵਰਨਰ ਦਾ ਉੱਚਾ ਬੁੱਤ ਵੀ ਇਸ ਰੌਣਕ ਨੂੰ ਦੇਖਣ ਵਿਚ ਮਗਨ। ਇਸੇ ਸਮੇਂ ਬਾਹਾਂ ਵਿਚ ਬਾਹਾਂ ਪਾਈ ਦੋ ਕੁੜੀਆਂ ਟਹਿਲਦੀਆਂ ਹੋਈਆਂ ਅਜੀਬ ਲੱਗ ਰਹੀਆਂ ਹਨ ਕਿਉਂਕਿ ਦੋਵਾਂ ਨੇ ਮੁੰਡਿਆਂ ਵਾਲਾ ਲਿਬਾਸ ਪਹਿਨਿਆਂ ਹੋਇਆ ਹੈ, ਵਾਲ ਅੰਗਰੇਜੀ ਢੰਗ ਦੇ, ਨਾਜ਼ਕ ਤੂਤ ਦੀਆਂ ਛਟੀਆਂ ਵਾਂਗ ਅਮੀਰ, ਠਾਠ ਬਾਠ, ਦਿਖਾਵਾ ਬਿਲਕੁਲ ਨਹੀਂ, ਮਿਲਾਨਾ ਅਤੇ ਸਤਾਸਾ, ਦੋਵਾਂ ਵਿਚੋਂ ਮਿਲੇਨਾ ਗਜ਼ਬ।

ਪਿਤਾ ਦਾ ਪੈਸਾ ਪਾਣੀ ਵਾਂਗ ਵਹਾਉਂਦੀ ਮਿਲੇਨਾ। ਮਿਲਣ ਦਾ ਵਕਤ ਤੈਅ, ਦੇਖਿਆ ਕਿ ਦੇਰ ਹੋ ਰਹੀ ਹੈ, ਸਣੇ ਕੱਪੜਿਆਂ ਦੇ ਵਲਵਾ ਦਰਿਆ ਵਿਚ ਛਾਲ ਮਾਰੀ ਤੇ ਦੂਜੇ ਕਿਨਾਰੇ ਜਾ ਨਿਕਲੀ। ਅਜਿਹਾ ਕਰਨਾ ਕਿਉਂਕਿ ਜੁਰਮ ਸੀ, ਸੋ ਅਗਲੇ ਸਵੇਰੇ ਪੰਜ ਵਜੇ ਗ੍ਰਿਫਤਾਰ ਕਰ ਲਈ।

ਮਿਨਰਵਾ ਸਕੂਲ ਦੀਆਂ ਬਥੇਰੀਆਂ ਕੁੜੀਆਂ ਨੇ ਨਾਮ ਖੱਟਿਆ ਪਰ ਮਿਲੇਨਾ ਮਿਲੇਨਾ ਸੀ। ਉਸ ਅੰਦਰ ਕੋਈ ਅਜਿਹੀ ਤਾਕਤ ਸੀ ਜਿਸ ਸਦਕਾ ਉਹ ਪਛਾਣ ਲੈਂਦੀ ਕਿਸ ਕਿਸ ਨੇ ਕਿਹੜਾ ਕਿਹੜਾ ਮੁਖੌਟਾ ਪਹਿਨਿਆ ਹੋਇਆ ਹੈ। ਪਿਤਾ ਪੁਰਖੀ ਪਰੰਪਰਾਵਾਂ ਦੇ ਬਖੀਏ ਉਧੇੜ ਕੇ ਉਹ ਕੋਈ ਨਵਾਂ ਰਸਤਾ ਬਣਾ ਰਹੀ ਸੀ। ਉਸ ਵਾਸਤੇ ਦੇਸ਼ਾਂ, ਧਰਮਾਂ ਅਤੇ ਜ਼ਬਾਨ ਦੀ ਕੋਈ ਕੰਧ ਨਹੀਂ ਸੀ। ਇਹੀ ਕਾਰਨ ਹੈ ਕਿ ਈਮਾਨਦਾਰ ਲੋਕਾਂ ਵਾਸਤੇ ਉਹ ਕੀਮਤੀ ਸੀ ਤੇ ਮੱਕਾਰਾਂ ਲਈ ਕੰਚਨੀ। ਪਰਾਗ ਵਿਚ ਬੁੱਧੀਜੀਵੀਆਂ ਦੇ ਅਨੇਕ ਸੰਗਠਨ ਸਨ, ਚੈੱਕ ਅਤੇ ਜਰਮਨ ਦੋਵੇਂ ਪਰ ਮਿਲੇਨਾ ਹਰ ਗੁੱਟ ਵਿਚ ਜਾਂਦੀ, ਸੁਣਦੀ, ਸੁਣਾਉਂਦੀ। ਇੰਨੀ ਤਾਕਤਵਰ ਕਿ ਕਿਸੇ ਗੁੱਟਬੰਦੀ ਦੀ ਮਦਦ ਦੀ ਲੋੜ ਨਹੀਂ ਸਮਝੀ। ਫੈਸਲੇ ਲੈਣ ਵਿਚ ਕਾਫਕਾ, ਜਿੰਨਾ ਕਮਜੋਰ ਸੀ, ਮਿਲੇਨਾ ਉਨੀ ਹੀ ਮੂੰਹਜ਼ੋਰ। ਇਹੀ ਕਾਰਨ ਹੈ ਕਿ ਮਿਲੇਨਾ ਨੇ ਕਾਫਕਾ ਨੂੰ ਰੱਦ ਕੀਤਾ। ਮਿਲੇਨਾ ਦੇ ਇਕ ਵਾਕਫ ਨੇ ਤਾਂ ਇਹ ਟਿੱਪਣੀ ਵੀ ਦਿੱਤੀ, "ਮੈਨੂੰ ਲਗਦਾ ਹੁੰਦਾ ਜਿਵੇਂ ਉਹ ਘੋੜੇ ਤੇ ਸਵਾਰ ਹੈ ਤੇ ਲੱਕ ਨਾਲ ਰਿਵਾਲਵਰ ਲਟਕ ਰਿਹੈ।" ਉਨ੍ਹਾਂ ਦਿਨਾਂ ਵਿਚ ਇਕ ਪੁਰਾਣੀ ਘਟਨਾ ਦਾ ਅਕਸਰ ਜ਼ਿਕਰ ਆਉਂਦਾ। ਪੁਰਾਤਨ ਬੋਹੀਮਿਆਂ ਉਪਰ ਰਾਜਕੁਮਾਰੀ ਲਿਬਿਊਸ ਦਾ ਰਾਜ ਸੀ। ਉਸ ਦੇ ਸ਼ਾਸਨ ਵਿਚ ਔਰਤਾਂ ਦਾ ਸਤਿਕਾਰ ਸੀ। ਰਾਜਕੁਮਾਰੀ ਨੇ ਪਰੰਪਰਾ ਦੇ ਉਲਟ ਮਨ-ਮਰਜ਼ੀ ਦੇ ਵਿਆਹ ਲਈ ਸਵੰਬਰ ਰਚ ਕੇ ਪ੍ਰੇਮਿਸਲ ਨਾਮ ਦੇ ਇਕ ਸਿੱਧ ਸਾਦੇ ਕਿਸਾਨ ਦੀ ਚੋਣ ਕੀਤੀ। ਰਾਜਕੁਮਾਰੀ ਦੀ ਮੌਤ ਤੋਂ ਬਾਦ ਪ੍ਰੇਮਿਸਲ ਨੇ ਰਾਜਗੱਦੀ ਸੰਭਾਲੀ। ਉਸ ਦੇ ਰਾਜਕਾਲ ਵਿਚ ਔਰਤਾਂ ਨੂੰ ਲੱਗਿਆ ਜਿਵੇਂ ਉਨ੍ਹਾਂ ਦੇ ਸਨਮਾਨ ਨੂੰ ਠੇਸ ਵੱਜੀ ਹੋਵੇ। ਉਨ੍ਹਾਂ ਨੇ ਮਰਦਾਂ ਖਿਲਾਫ ਯੁੱਧ ਲੜਿਆ ਤੇ ਸੈਂਕੜੇ ਕੁੜੀਆਂ ਸੈਨਾਵਾਂ ਹੱਥੋਂ ਮਾਰੀਆਂ ਗਈਆਂ। ਮਿਲੇਨਾ ਨੂੰ ਦੇਖ ਕੇ ਲੋਕ ਇਹ ਕਹਾਣੀ ਯਾਦ ਕਰਦੇ।

ਮਿਲੇਨਾ ਦੀ ਭੂਆ ਰੂਜ਼ੇਨਾ ਜੇਸਿੰਸਕੀ ਆਪਣੇ ਸਮੇਂ ਦੀ ਪ੍ਰਸਿੱਧ ਕਵੀ ਅਤੇ ਨਾਵਲਕਾਰ ਸੀ ਜਿਸ ਬਾਰੇ ਲੇਖਕ ਆਰਨੇ ਨੋਵਾਕ ਨੇ ਲਿਖਿਆ- ਉਸਦੇ ਨਾਵਲਾਂ ਦੇ ਪਾਤਰ ਏਨੇ ਜਾਂਬਾਜ ਹਨ ਕਿ ਚਾਹੇ ਖੁਸ਼ੀਆਂ ਦਾ ਮੌਕਾ ਹੋਵੇ ਚਾਹੇ ਉਸ ਜਹਾਜ਼ ਉਪਰ ਸਵਾਰ ਹੋਣ ਜੋ ਡੁੱਬ ਰਿਹਾ ਹੋਵੇ, ਉਹ ਆਪਣੇ ਦਿਲ ਦੀ ਗੱਲ ਮੰਨਦ ਨੇ ਕੇਵਲ। ਮਿਲੇਨਾ ਆਪਣੀ ਭੂਆ ਨਾਲ ਕਦੀ ਸਹਿਮਤ ਨਾ ਹੋਈ। ਮਿਲੇਨਾ ਕਿਹਾ ਕਰਦੀ, ਤੇਰੇ ਹੰਝੂ-ਮਾਰਕਾ ਨਾਵਲ ਬੇਕਾਰ ਨੇ ਭੂਆ। ਪਰ ਭੂਆ ਉਸਨੂੰ ਲਗਾਤਾਰ ਪਿਆਰ ਕਰਦੀ ਰਹੀ, ਕਿਹਾ ਕਰਦੀ ਮੈਂ ਉਸਨੂੰ ਉਸਦੀਆਂ ਨਲਾਇਕੀਆਂ ਦੇ ਬਾਵਜੂਦ ਪਿਆਰ ਕਰਦੀ ਹਾਂ ਕਿ ਉਸ ਦੀਆਂ ਨਾਲਾਇਕੀਆਂ ਕਰਕੇ ਹੀ? ਪਤਾ ਨਹੀਂ, ਪਰ ਚੰਗੀ ਲਗਦੀ ਹੈ। ਹੁਣ ਮੈਂ ਤਿਹੱਤਰ ਸਾਲ ਦੀ ਹਾਂ, ਤੀਹ ਸਾਲ ਹੋ ਗਏ ਨੇ ਮਿਲੇਨਾ ਨੂੰ ਪਿਆਰ ਕਰਦਿਆਂ। ਕਾਫੀ ਹੈ ਇੰਨਾ।

ਇਸ ਖਾਨਦਾਨ ਦਾ ਵਡੇਰਾ, ਜਾਨ ਜੈਸੇਨਿਅਸ (ਜਨਮ 1566) ਪਰਾਗ ਦਾ ਮੰਨਿਆ ਹੋਇਆ ਸਰਜਨ ਸੀ ਜੋ ਪਰਾਗ ਵਿਚ ਰਹਿੰਦਿਆਂ ਵੀ ਕੇਵਲ ਜਰਮਨ ਅਤੇ ਲਾਤੀਨੀ ਬੋਲੀਆਂ ਬੋਲਦਾ। ਇਹ ਆਪਣੀ ਕਿਸਮ ਦੀ ਬੌਧਿਕ ਸ਼ੇਖੀ ਸੀ। ਉਹ ਸਮਰਾਟ ਰੁੱਡੋਲਫ ਦੂਜੇ ਦਾ ਸ਼ਾਹੀ ਸਰਜਨ ਰਿਹਾ। ਬਾਦਸ਼ਾਹ ਦੇ ਆਪਹੁਦਰੇਪਣ ਦੇ ਖਿਲਾਫ ਅੰਦੋਲਨ ਛਿੜਿਆ ਤਾਂ ਸਰਜਨ, ਵਿਰੋਧੀਆਂ ਵਿਚ ਸੀ। ਆਖਰ ਬਾਗੀਆਂ ਨੂੰ ਫੜਿਆ ਗਿਆ। ਜਦੋਂ ਮੌਤ ਦੀ ਸਜ਼ਾ ਦਾ ਐਲਾਨ ਹੋਇਆ ਤਾਂ ਡਾਕਟਰ ਨੇ ਉਚੀ ਆਵਾਜ਼ ਵਿਚ ਕਿਹਾ- "ਜਿਵੇਂ ਤੁਸੀਂ ਅਪਮਾਨਜਕ ਤਰੀਕੇ ਨਾਲ ਸਾਡੇ ਸਿਰਾਂ ਦੀ ਨਮਾਇਸ਼ ਦਿਖਾ ਰਹੇ ਹੋ, ਉਹ ਲੋਕ ਆਉਣ ਵਾਲੇ ਨੇ ਜਿਹੜੇ ਸਤਿਕਾਰ ਨਾਲ ਸਾਡੇ ਸਿਰਾਂ ਨੂੰ ਦਫਨ ਕਰਨਗੇ।" ਇਸ ਕਥਨ ਦੀ ਸਜ਼ਾ, ਪਹਿਲੋਂ ਜਾਨ ਦੀ ਜੀਭ ਕੱਟੀ ਗਈ ਫਿਰ ਸਿਰ। ਜਦੋਂ ਕਾਫਕਾ ਨੇ ਲਿਖਿਆ। "ਮਿਲੇਨਾ ਸ਼ਬਦ ਮੈਨੂੰ ਇਉਂ ਲੱਗਾ ਜਿਵੇਂ ਪਰਾਗ ਦਾ ਨਹੀਂ ਗਰੀਕ ਜਾਂ ਰੋਮਨ ਭਾਸ਼ਾ ਦਾ ਹੋਵੇ, ਜੋ ਭਟਕਦਾ ਭਟਕਦਾ ਬੋਹਿਮੀਆਂ ਵਿਚ ਆ ਗਿਆ ਹੋਏ, ਜਿਸਨੂੰ ਚੈੱਕਾਂ ਨੇ ਦਰਿੰਦਗੀ ਨਾਲ

www.punjabilibrary.com

ਕੁਚਲ ਕੇ ਜਬਰਦਸਤੀ ਗਲੋਂ ਬਾਹਰ ਕੱਢਿਆ ਹੋਵੇ, ਉਦੋਂ ਉਸਦਾ ਇਸ਼ਾਰਾ ਮਿਲੇਨਾ ਦੇ ਇਸ ਸ਼ਹੀਦ ਬਾਬੇ ਵੱਲ ਸੇਧਿਤ ਲਗਦਾ ਹੈ।

ਐਤਵਾਰ ਨੂੰ ਮਾਰਗ੍ਰੇਟ ਅਤੇ ਮਿਲੇਨਾ, ਕੈਦੀਆਂ ਦੀਆਂ ਧਾਰੀਦਾਰ ਵਰਦੀਆਂ ਪਹਿਨੀ ਇਕ ਦੂਜੀ ਨਾਲ ਗੱਲਾਂ ਕਰਦੀਆਂ ਜਾਂਦੀਆਂ ਸਨ- ਕੀ ਆਪਾਂ ਕਦੀ ਕਿਸੇ ਕਾਫੀ ਹਾਊਸ ਵਿਚ ਫੇਰ ਬੈਠ ਕੇ ਵੀ ਗੱਲਾਂ ਕਰ ਸਕਾਂਗੀਆਂ? ਕਿਸੇ ਸੰਗੀਤ ਮਹਿਫਲ ਦਾ ਅਨੰਦ ਮਿਲੇਗਾ? ਆਲੇ-ਦੁਆਲੇ ਵਰਦੀਆਂ ਪਾਈ ਕੈਦਣਾ ਸੈਂਕੜਿਆਂ ਦੀ ਗਿਣਤੀ ਵਿਚ ਭੂਤਾਂ ਵਾਂਗ ਫਿਰ ਤੁਰ ਰਹੀਆਂ ਸਨ। ਅਚਾਨਕ ਤੇਜ਼ੀ ਨਾਲ ਜਰਮਨ ਸੁਪਰਵਾਈਜ਼ਰ ਆਈ ਤੇ ਦੋਹਾਂ ਨੂੰ ਬੇਦਰਦੀ ਨਾਲ ਕੁੱਟਣ ਲੱਗੀ। ਜੇਲ੍ਹ ਵਿਚ ਬਾਂਹ ਵਿਚ ਬਾਂਹ ਪਾਕੇ ਮਟਰਗਸ਼ਤੀ ਦਾ ਕੀ ਮਤਲਬ? ਕੁੱਟ ਖਾ ਕੇ ਦੋਵੇਂ ਸਹੇਲੀਆਂ ਭੀੜ ਤੋਂ ਪਰੇ ਕੰਧ ਉਹਲੇ ਬੈਠ ਗਈਆਂ। ਭੀੜ ਦੇ ਦੋਜਖ ਵਿਚੋਂ ਨਿਕਲ ਕੇ ਮਾਰਗ੍ਰੇਟ ਗੀਤ ਗਾਉਣ ਲੱਗੀ, ਮਿਲੇਨਾ ਕੇ ਕਿਹਾ- ਕਲੋਵਕ ਬੋਜ਼ੀ! ਇਨ੍ਹਾਂ ਰੂਸੀ ਲਫ਼ਜ਼ਾਂ ਦੇ ਅਰਥ ਹਨ-ਦੈਵੀ ਔਰਤ। ਮਾਰਗ੍ਰੇਟ ਨੇ ਪੁਛਿਆ-ਮੇਰੇ ਵਿਚ ਤੈਨੂੰ ਕੀ ਸਿਫਤ ਦਿਸੀ ਮਿਲੇਨਾ? ਉਸਨੇ ਕਿਹਾ-ਪਿਆਰ ਕਰਨ ਦੀ ਦਾਤ। ਹਰੇਕ ਨੂੰ। ਧਰਤੀ ਵਾਂਗ...ਮਜ਼ਬੂਤ ਅਤੇ ਚੰਗੀ, ਫਲ ਹੀ ਫਲ, ਪੇਂਡੂ ਮੈਡੋਨਾ। ਸਾਰੇ ਬੰਧਨਾਂ ਤੋਂ ਪਾਰ। ਕੁਮਾਰੀ ਮਰੀਅਮ।

ਮਾਰਗ੍ਰੇਟ ਲਿਖਦੀ ਹੈ- ਮੈਂ ਸੋਚਿਆ ਕਰਦੀ, ਉਸਦੀ ਬੌਧਿਕਤਾ ਕਰਕੇ ਮੈਨੂੰ ਚੰਗੀ ਲਗਦੀ ਹੈ ਮਿਲੇਨਾ ਸ਼ਾਇਦ। ਪਰ ਛੇਤੀ ਮੈਨੂੰ ਪਤਾ ਲੱਗ ਗਿਆ ਉਸਦੇ ਆਲੇ ਦੁਆਲ ਰੂਹਾਨੀ ਆਭਾ ਮੰਡਲ ਸੀ ਕੋਈ, ਉਹ ਨਿਸ਼ਚਿਤ ਕਦਮਾਂ ਨਾਲ ਉਲਟੇ ਰੁਖ ਵਗਦੀ ਤੇਜ਼ ਹਵਾ ਨੂੰ ਚੀਰਦੀ ਜਾਂਦੀ। ਕਦੀ ਅਚਾਨਕ ਸਾਹਮਣੇ ਦਿਸ ਜਾਂਦੀ, ਜਿਵੇਂ ਸੁੰਨ ਪੁਲਾੜ ਵਿਚੋਂ ਪ੍ਰਗਟ ਹੋਈ ਹੋਏ। ਖੁਸ਼ ਵੀ ਹੁੰਦੀ ਤਾਂ ਅੱਖਾਂ ਵਿਚਲੀ ਉਦਾਸੀ ਥਿਰ ਰਹਿੰਦੀ। ਬੰਦੀ ਹੋਣ ਦਾ ਜਾਂ ਤਸੀਹੇ ਝੱਲਣ ਦਾ ਦੁਖ ਨਹੀਂ, ਇਹ ਹੋਰ ਕਿਸਮ ਦਾ ਦੁਖ ਸੀ - ਉਸ ਬੰਦੇ ਦਾ ਦੁਖ ਜੋ ਸਾਰੇ ਸੰਸਾਰ ਵਿਚ ਇਕੱਲਾ ਹੋਵੇ ਤੇ ਜੋ ਜਾਣਦਾ ਹੋਵੇ- ਮੁਕਤੀ ਕਿਤੇ ਨਹੀਂ। ਮੈਂ ਜਾਣਦੀ ਹੁੰਦੀ, ਜਲਪਰੀ ਵਰਗੀ ਉਸਦੀ ਗ੍ਰਿਫਤ ਵਿਚੋਂ ਮੈਂ ਕਦੀ ਬਾਹਰ ਨਹੀਂ ਨਿਕਲ ਸਕਾਂਗੀ। ਕਦੀ ਨਹੀਂ।

ਕਾਫਕਾ ਨੇ ਲਿਖਿਆ-ਡੂੰਘੇ ਸਮੁੰਦਰ ਹੇਠ ਨਿੱਕੇ ਤੋਂ ਨਿੱਕਾ ਕਣ ਬਹੁਤ ਵਧੀਕ ਦਬਾਉ ਬਰਦਾਸ਼ਤ ਕਰਦਾ ਹੈ ਮਿਲੇਨਾ। ਇਹੋ ਤੇਰੇ ਨਾਲ ਹੋਇਆ। ਪਰ ਇਸ ਤੋਂ ਵੱਖਰੀ ਹੋਰ ਕੋਈ ਜ਼ਿੰਦਗੀ ਸ਼ਰਮਨਾਕ ਹੋਣੀ ਸੀ।

ਪਿਤਾ ਦੀ ਇੱਛਾ ਦੇ ਖਿਲਾਫ ਉਸਨੇ ਅਰਨੈੱਸਟ ਪੋਲਕ ਨਾਲ ਪਿਆਰ ਵਿਆਹ ਕੀਤਾ। ਪੋਲਕ ਯਹੂਦੀ ਸੀ, ਪਿਤਾ ਨੇ ਧੀ ਨਾਲੋਂ ਸਭ ਨਾਤੇ ਤੋੜ ਲਏ ਤੇ ਲੋਕਾਂ ਨੂੰ ਕਿਹਾ, ਕੁੜੀ ਮਨੋਰੋਗ ਦਾ ਸ਼ਿਕਾਰ ਹੋ ਗਈ ਹੈ। ਖਰਚਾ ਬੰਦ। ਪੋਲਕ ਵੀ ਅਮੀਰ ਆਦਮੀ ਨਹੀਂ ਸੀ, ਪਿਛੋਂ ਪਤਾ ਲੱਗਾ ਕਿ ਗੈਰ ਜ਼ਿੰਮੇਵਾਰ ਵੀ ਹੈ। ਉਹ ਸ਼ਿਕਾਰੀ ਕਿਸਮ ਦਾ ਬੰਦਾ ਸੀ। ਮਿਲੇਨਾ ਦੁਰਵਿਹਾਰ ਤੇ ਗਰੀਬੀ ਦੇ ਮਾਹੌਲ ਵਿਚ ਘਿਰ ਗਈ। ਫੇਰ ਵੀ ਉਹ ਲੋੜਵੰਦ ਦੋਸਤਾਂ ਦੀ ਮਦਦ ਕਰਦੀ ਰਹਿੰਦੀ ਬੇਸ਼ੱਕ ਉਧਾਰ ਪੈਸੇ ਲੈਣੇ ਪੈਣ। ਉਸਦੀ ਮਦਦ ਕਿਸੇ ਨੇ ਨਾ ਕੀਤੀ।

ਵਿੱਲੀ ਹਾੱਸ ਨੂੰ ਪੈਸਿਆਂ ਦੀ ਲੋੜ ਸੀ। ਮਿਲੇਨਾ ਤੋਂ ਇਲਾਵਾ ਕਿਸੇ ਨੇ ਮਦਦ ਨਾ ਕੀਤੀ। ਫੌਜ ਵਿਚ ਭਰਤੀ ਹੋ ਗਿਆ। ਛੁਟੀ ਆਇਆ ਮਿਲੇਨਾ ਨੂੰ ਮਿਲਣ ਗਿਆ। ਖੁਸ਼ੀ ਖੁਸ਼ੀ ਦੱਸਿਆ, ਮੇਰੇ ਕੋਲ ਅੱਠ ਸੌ ਰੁਪਏ ਹਨ। ਕਰਜ਼ੇ ਵਿਚ ਗ੍ਰਸਤ ਮਿਲੇਨਾ ਤੇ ਕਿਹਾ-ਅੱਧੇ ਪੈਸੇ ਮੈਨੂੰ ਦੇਹ। ਉਹ ਹਿਚਕਚਾਇਆ ਤਾਂ ਕਰੋਧਵਾਨ ਹੋ ਕੇ ਮਿਲੇਨਾ ਨੇ ਉਸ ਤੋਂ ਜ਼ਬਰਦਸਤੀ ਸਾਰੀ ਰਕਮ ਖੋਹ ਲਈ। ਪਹਿਲਾਂ ਤਾਂ ਉਹ ਅੱਗਬਗੋਲਾ ਹੋ ਗਿਆ ਫਿਰ ਸ਼ਰਮਸਾਰ ਹੋ ਕੇ ਕਹਿਣ ਲੱਗਾ- ਮੈਂ ਸ਼ਰਮਿੰਦਾ ਹਾਂ ਮਿਲੇਨਾ। ਮੈਨੂੰ ਚਾਹੀਦਾ ਸੀ ਬਿਨਾਂ ਮੰਗੇ ਮੈਂ ਤੈਨੂੰ ਸਾਰੇ ਪੈਸੇ ਦੇ ਦਿੰਦਾ। ਤੂੰ ਤਾਂ ਅੱਧ ਮੰਗਿਆ ਸੀ। ਮੈਂ ਅਪਮਾਨਿਤ ਹਾਂ ਮਿਲੇਨਾ। ਤੂੰ ਮੈਨੂੰ ਸਬਕ ਸਿਖਾ ਦਿੱਤਾ ਹੈ।

ਪਿਤਾ ਤੋਂ ਬਾਦ ਪਤੀ ਪੋਲਕ ਨੇ ਪੈਸੇ ਦੇਣੇ ਬੰਦ ਕਰ ਦਿਤੇ। ਉਸਨੇ ਚੈੱਕ ਭਾਸ਼ਾ ਪੜ੍ਹਾਉਣੀ ਸ਼ੁਰੂ ਕੀਤੀ ਪਰ ਇਸ ਨਾਲ ਗੁਜ਼ਾਰਾ ਨਾ ਚਲਦਾ। ਜਿਸਮ ਅਜੇ ਤਕੜਾ ਸੀ। ਰੇਲਵੇ ਸਟੇਸ਼ਨ ਚਲੀ ਜਾਂਦੀ ਤੇ ਕੁਲੀ ਦਾ ਕੰਮ ਕਰਦੀ। ਘਟੀਆ ਕੰਮ ਕਰਦਿਆਂ ਕੋਕੀਨ ਖਾਣ ਦੀ ਆਦਤ ਪੈ ਗਈ।

ਪਹਿਲੀ ਵਾਰ 1920 ਵਿਚ ਮਿਲੇਨਾ ਨੇ ਕਾਫਕਾ ਦੀਆਂ ਕਹਾਣੀਆਂ ਪੜ੍ਹੀਆਂ। ਇਨ੍ਹਾਂ ਕਹਾਣੀਆਂ ਨੇ ਉਸਨੂੰ ਕੀਲ ਲਿਆ। ਉਹ ਕਿਹਾ ਕਰਦੀ- ਕਾਫਕਾ ਸੰਪੂਰਣ ਲੇਖਕ ਹੈ। ਉਸਨੇ, ਦ *ਸਟੋਕਰ, ਦ ਜੱਜਮੈਂਟ,*

*ਮੈਟਾਮਾਰਫਾਸਿਸ* ਅਤੇ *ਕੰਟੈਂਪਲੇਸ਼ਨ* ਦਾ ਪਹਿਲੀ ਵਾਰ ਚੈੱਕ ਭਾਸ਼ਾ ਵਿਚ ਅਨੁਵਾਦ ਕੀਤਾ। ਕਾਫਕਾ ਨੂੰ ਅਨੁਵਾਦ ਪਸੰਦ ਨਹੀਂ ਆਇਆ।

ਮਿਲੇਨਾ ਨੇ ਲੇਖ ਲਿਖਿਆ, *ਕਰਸ ਆਫ ਦ ਸਟਰਲਿੰਗ ਕੁਆਲਿਟੀਜ਼।* ਲਿਖਦੀ ਹੈ "ਸਦਾਚਾਰੀ ਲੋਕ ਦਿਆਲੂ ਨਹੀਂ ਹੁੰਦੇ ਸਗੋਂ ਉਲਟ, ਅਜਿਹੇ ਲੋਕ ਖਤਰਨਾਕ ਅਤੇ ਦੁਸ਼ਟ ਹੁੰਦੇ ਹਨ, ਅਖੌਤੀ ਖਾਮੀਆਂ ਵਾਲੇ ਲੋਕ ਵਧੀਕ ਦਿਆਲੂ ਅਤੇ ਵਧੀਕ ਸਹਿਣਸ਼ੀਲ ਹੁੰਦੇ ਹਨ।" ਇਨ੍ਹਾਂ ਲੋਕਾਂ ਵਿਚ ਉਹ ਆਪਣੇ ਪਿਤਾ ਨੂੰ ਵੀ ਸ਼ਾਮਲ ਕਰਦੀ ਹੈ ਜਿਨ੍ਹਾਂ ਨੇ ਸਦਾਚਾਰੀ, ਖਾਨਦਾਨੀ ਹੋਣ ਦਾ ਲਿਬਾਸ ਪਹਿਨਿਆਂ ਹੋਇਆ ਹੈ। "ਮੇਰੇ ਪਿਤਾ ਨੇ ਜਿੰਦਗੀ ਭਰ ਇਕ ਵਾਰੀ ਵੀ ਝੂਠ ਨਹੀਂ ਬੋਲਿਆ। ਇਹ ਵੱਡੀ ਗੱਲ ਹੈ। ਮੈਂ ਝੂਠ ਬੋਲ ਦਿੰਦੀ। ਤਾਂ ਵੀ ਮੈਨੂੰ ਲੋਕਾਂ ਨੇ ਪਸੰਦ ਕੀਤਾ। ਮੇਰਾ ਸੱਚਾ ਪਿਤਾ ਏਨਾ ਬੇਰਹਿਮ, ਮੈਂ ਸੋਚਦੀ, ਕਿੰਨਾ ਚੰਗਾ ਹੁੰਦਾ ਜੇ ਇਹ ਇਕ ਅੱਧ ਵਾਰ ਝੂਠ ਬੋਲਣ ਦਾ ਕਸ਼ਟ ਕਰ ਲਿਆ ਕਰਦਾ। ਫਿਰ ਉਹ ਕੁਝ ਪਿਆਰਾ ਲਗ ਸਕਦਾ। ਇਸ ਦੇ ਉਲਟ ਕਾਫਕਾ ਸਰਬੋਤਮ ਸੀ ਪਰ ਆਪਣੇ ਗੁਣਾ ਨੂੰ ਛੁਪਾ ਲੈਂਦਾ ਤੇ ਆਪਣੇ ਅਜਿਹੇ ਔਗੁਣਾ ਦਾ ਜ਼ਿਕਰ ਕਰਦਾ ਜੋ ਉਸ ਵਿਚ ਸਨ ਹੀ ਨਹੀਂ। ਉਸਨੂੰ ਆਪਣੀ ਨੇਕੀ ਉਪਰ ਸ਼ਰਮਿੰਦਗੀ ਹੁੰਦੀ ਸੀ। ਉਹ ਲੁਕ ਛੁਪ ਕੇ ਹੋਰਾਂ ਦੀ ਸਹਾਇਤਾ ਕਰਦਾ। ਸਹੁੰ ਖਾ ਜਾਂਦਾ ਕਿ ਉਸਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ। ਜਦੋਂ ਮੈਂ ਉਸਦੀ ਮੌਤ ਦੀ ਖਬਰ ਸੁਣੀ, ਮੈਨੂੰ ਲੱਗਾ, ਚੰਗਾ ਹੋਇਆ। ਇਹ ਦੁਨੀਆਂ ਉਸਦੇ ਰਹਿਣ ਲਾਇਕ ਨਹੀਂ ਸੀ।"

ਮਿਲੇਨਾ ਨੇ ਮਾਰਗ੍ਰੇਟ ਨੂੰ ਕਾਫਕਾ ਦੇ ਬਚਪਨ ਦੀ ਘਟਨਾ ਸੁਣਾਈ। ਗਰੀਬ ਮਾਂ ਨੇ ਮਜਦੂਰੀ ਕਰਕੇ ਇਕ ਸ਼ਲਿੰਗ ਕਮਾਇਆ। ਉਨ੍ਹਾਂ ਦਿਨਾਂ ਵਿਚ ਇਹ ਤਕੜੀ ਰਕਮ ਸੀ। ਕੁਝ ਖਰੀਦਣ ਵਾਸਤੇ ਮਾਂ ਪੁੱਤ ਬਜ਼ਾਰ ਵੱਲ ਤੁਰੇ, ਰਸਤੇ ਵਿਚ ਮੰਗਤੀ ਬੈਠੀ ਸੀ। ਏਨੀ ਗਰੀਬ, ਮਾਂ ਪੁੱਤ ਨੂੰ ਲੱਗਾ ਜਿਵੇਂ ਦੁਨੀਆਂ ਵਿਚ ਸਭ ਤੋਂ ਉਤਮ ਕਰਨ ਯੋਗ ਕੰਮ ਇਹ ਸੀ ਕਿ ਬੁੱਢੀ ਨੂੰ ਸ਼ਲਿੰਗ ਦੇ ਦੇਈਏ। ਪਰ ਏਨੀ ਵੱਡੀ ਰਕਮ ਲੈ ਕੇ ਬੁੱਢੀ ਜਿੰਨੀ ਖੁਸ਼ ਹੋਵੇਗੀ ਤੇ ਅਸੀਸਾਂ ਦੇ ਢੇਰ ਲਾ ਦੇਵੇਗੀ, ਇਹ ਵੀ ਚੰਗੀ ਗੱਲ ਨਹੀਂ ਹੋਣੀ ਸੀ। ਉਨ੍ਹਾਂ ਨੇ ਸ਼ਲਿੰਗ ਤੁੜਾ ਕੇ ਬਾਰਾਂ ਪੈਨੀਆਂ ਲੈ ਲਈਆਂ। ਮੰਗਤੀ ਲਾਗਿਓਂ ਤੇਜੀ ਨਾਲ ਅੱਗੇ ਲੰਘਦੇ, ਪਿਛੇ ਮੁੜਦੇ, ਪੈਨੀ ਸੁੱਟਦੇ, ਫੇਰ ਵਾਪਸ ਮੁੜ ਆਉਂਦੇ, ਇਉਂ ਕੁਝ ਚੱਕਰ ਲਾ ਕੇ ਸਭ ਪੈਨੀਆਂ ਦੇ ਆਏ। ਆਪਣੇ ਕੋਲ ਕੁਝ ਨਹੀਂ ਰੱਖਿਆ। ਘਰ ਆ ਕੇ ਦੋਵੇਂ ਜਣੇ ਰੱਜ ਕੇ ਰੋਏ।

ਕਾਫਕਾ ਨੇ ਖਤ ਵਿਚ ਲਿਖਿਆ- ਤੇਰੇ ਖਤ ਚੰਗੇ ਲਗਦੇ ਹਨ ਮਿਲੇਨਾ। ਤੇਰਾ ਖ਼ਤ ਪੜ੍ਹਦਿਆਂ ਥੋੜ੍ਹੀ ਦੇਰ ਲਈ ਮੈਂ ਡਰਨੋਂ ਹਟ ਜਾਨਾ। ਡਰ ਨਾਲ ਮੈਂ ਐਨਾ ਸਹਿਮਤ ਹੋ ਜਾਇਆ ਕਰਦਾਂ ਕਿ ਉਸਦੇ ਹੱਕ ਵਿਚ ਦਲੀਲਾਂ ਦੇਣ ਲੱਗ ਜਾਨਾ। ਤੇਰੇ ਖ਼ਤ ਮੈਨੂੰ ਤਕੜਾ ਕਰ ਦਿੰਦੇ ਨੇ ਤਾਂ ਮੈਂ ਡਰਨ ਦੇ ਵਿਰੁੱਧ ਹੋ ਜਾਨਾ। ਤੈਨੂੰ ਮਿਲਕੇ ਮੈਂ ਬੇਹੱਦ ਸ਼ਾਂਤ ਹੋ ਜਾਨਾ। ਮੇਰੀ ਬੇਚੈਨੀ ਦੀ ਵੀ ਇਹੀ ਵਜਾ ਹੈ। ਤੇਰੇ ਬੰਧਨ ਵਿਚ ਫਸ ਕੇ ਮੈਂ ਸੁਤੰਤਰ ਮਹਿਸੂਸ ਕਰਦਾਂ। ਇਹ ਗੱਲ ਸਮਝਣ ਤੋਂ ਬਾਦ ਜੀਵਨ ਤਿਆਗ ਦੇਣਾ ਚੰਗਾ ਲਗਦਾ ਹੈ। ਕਾਫਕਾ ਨੇ ਲਿਖਿਆ- ਮਿਲੇਨਾ ਸਮੁੰਦਰ ਵਾਂਗ ਹੈ ਸ਼ਕਤੀਸ਼ਾਲੀ, ਤਹਿ ਵਿਚ ਜਹਾਨ ਦੇ ਖਜ਼ਾਨੇ ਛੁਪੇ ਹੋਏ, ਪਰ ਸਮੁੰਦਰ ਨੂੰ ਨਾ ਆਪਣੀ ਤਾਕਤ ਦਾ ਪਤਾ, ਨਾ ਖਜ਼ਾਨਿਆਂ ਦਾ ਮਾਣ। ਬੇਵਕੂਫ ਏਨਾ ਕਿ ਚੰਦ ਦੀ ਕਮਜ਼ੋਰ ਜ਼ਿਹੀ ਸ਼ਕਲ ਦੇਖ ਕੇ ਨੱਚਣ ਲੱਗ ਪੈਂਦੈ।

ਮਿਲੇਨਾ ਨੇ ਦੱਸਿਆ- ਕਾਫਕਾ ਨੂੰ ਪਤਾ ਨਹੀਂ ਲਗਦਾ। ਜਿਸ ਕਾਸੇ ਨੂੰ ਅਸੀਂ ਮਮੂਲੀ ਸਮਝਦੇ ਹਾਂ ਉਸ ਲਈ ਉਹ ਗੁੰਝਲਦਾਰ ਹੈ। ਅਸੀਂ ਦੋਵੇਂ ਜਾ ਰਹੇ ਸਾਂ। ਰਾਹ ਵਿਚ ਬੁੱਢੀ ਮੰਗਤੀ ਦੇਖੀ। ਉਸਨੂੰ ਦੋ ਕ੍ਰਾਊਨ ਦਾ ਸਿੱਕਾ ਦੇ ਕੇ ਕਹਿਣ ਲੱਗਾ- ਇਕ ਕ੍ਰਾਊਨ ਵਾਪਸ ਕਰ। ਬੁੱਢੀ ਕੋਲ ਵਾਪਸ ਕਰਨ ਲਈ ਇਕ ਕ੍ਰਾਊਨ ਹੈ ਨਹੀਂ ਸੀ। ਦੇਰ ਤੱਕ ਉਥੇ ਖਲੋਤਾ ਰਿਹਾ। ਮੈਂ ਕਹਿੰਦੀ ਰਹੀ ਚਲ ਛੱਡ। ਇਕ ਨਹੀਂ ਤਾਂ ਦੋ ਦੇ ਦਿੱਤੇ ਸਮਝ। ਉਹ ਤੁਰ ਪਿਆ। ਬੁੜ ਬੁੜਾਉਂਦਾ ਰਿਹਾ- ਮੰਗਤੀ ਹੀ ਨਿਕਲੀ ਆਖਰ। ਇਕ ਕ੍ਰਾਊਨ ਮਾਰ ਗਈ ਕੰਬਖਤ। ਦੋ ਦੀ ਛਡੋ ਇਕ ਕ੍ਰਾਊਨ ਦੀ ਵੀ ਹੱਕਦਾਰ ਨੀ ਇਹ।

ਮਿਲੇਨਾ ਨੇ ਕਿਹਾ - ਸਾਡੇ ਸਾਰਿਆਂ ਵਿਚ ਜੀ ਸਕਣ ਦੀ ਤਾਕਤ ਹੈ ਮਾਰਗੇਟ, ਕਿਉਂਕਿ ਅਸੀਂ ਸਹਾਰੇ ਲਭਦੇ ਰਹਿੰਦੇ ਹਾਂ, ਕਦੇ ਚੋਰੀ ਦਾ, ਕਦੇ ਝੂਠ ਦਾ, ਕਦੇ ਸੱਚ ਦਾ, ਕਦੀ ਨਿਰਾਸਤਾ ਦਾ....। ਕਾਫਕਾ ਨੇ ਕਦੇ ਕੋਈ ਆਸਰਾ ਨਹੀਂ ਤੱਕਿਆ। ਉਹ ਕਦੇ ਝੂਠ ਨਹੀਂ ਬੋਲਿਆ, ਕਦੇ ਨਸ਼ੇ ਵਿਚ ਬੇਹੋਸ਼ ਨਹੀਂ ਹੋਇਆ, ਕਦੇ ਕਿਸੇ ਦੀ ਸ਼ਰਣ ਵਿਚ ਨਹੀਂ ਗਿਆ, ਇਉਂ ਸਮਝੋ ਜਿਵੇਂ ਆਪਾਂ ਸਾਰਿਆਂ ਨੇ ਕੱਪੜੇ ਪਹਿਨ ਰੱਖੇ ਹੋਣ ਤੇ ਉਹ ਨੰਗਾ ਹੋਣ ਕਰਕੇ ਲੁਕਦਾ ਫਿਰਦਾ ਹੋਵੇ। ਛਲ ਕਪਟ ਤੋਂ ਪਰੇ...ਪੂਰਨ ਸਨਿਆਸੀ। ਸਨਿਆਸ ਉਸਦੀ ਮੰਜ਼ਲ ਨਹੀਂ। ਉਸਦੀ ਡਰੀ ਹੋਈ ਪਵਿਤਰ ਨਜਰ, ਸਮਝੌਤੇ ਕਰਨ ਦੀ ਅਯੋਗਤਾ ਕਰਕੇ ਸਨਿਆਸ ਆਪੇ ਉਸਦੀ

ਝੋਲੀ ਵਿਚ ਆ ਡਿਗਿਆ। ਕਾਫਕਾ ਤਾਂ ਜਾਣਦਾ ਵੀ ਨਹੀਂ ਸਨਿਆਸ ਹੁੰਦਾ ਕੀ ਹੈ। ਔਰਤ ਨ ਦੇਖਕੇ ਉਹ ਜਿੰਨਾ ਹੈਰਾਨ ਹੁੰਦਾ ਹੈ ਉਨਾਂ ਹੀ ਟਾਈਪ ਰਾਈਟਰ ਨੂੰ ਦੇਖਕੇ ਅਚੰਭਿਤ ਹੋ ਜਾਂਦਾ ਹੈ। ਜਾਨਦਾਰ ਜਾਂ ਬੇਜਾਨ, ਉਸ ਵਾਸਤੇ ਕੋਈ ਫਰਕ ਨਹੀਂ।

ਕਾਫਕਾ ਨੇ ਉਸਦੇ ਖਤਾਂ ਦਾ ਜਵਾਬ ਦੇਣਾ ਬੰਦ ਕਰ ਦਿਤਾ ਕਿ ਕਿਤੇ ਉਸਦਾ ਪਤੀ ਪੋਲਕ ਇਤਰਾਜ ਨਾ ਕਰੇ। ਦੋ ਸਾਲ ਨਿਰੰਤਰ ਡਾਕਘਰ ਦੀ ਉਸ ਖਿੜਕੀ ਅੱਗੇ ਜਾ ਕੇ ਖਲੋ ਜਾਂਦੀ ਜਿਥੋਂ ਡਾਕ ਮਿਲੇਨਾ ਦੇ ਮੁਹੱਲੇ ਵਲ ਜਾਂਦੀ। ਉਸਦੀ ਸਹੇਲੀ ਵਿਲਮਾ ਨੇ ਦੱਸਿਆ ਕਿ 1922 ਵਿਚ ਮੈਂ ਕਾਰ ਵਿਚ ਜਾ ਰਹੀ ਸਾਂ, ਮਿਲੇਨਾ ਤੇਜ਼ੀ ਨਾਲ ਡਾਕਘਰ ਵਲ ਤੁਰੀ ਜਾਂਦੀ ਦੇਖੀ। ਮੈਂ ਆਵਾਜ਼ ਮਾਰੀ, ਮਿਲੇਨਾ ਨੇ ਸੁੰਨ ਅੱਖਾਂ ਨਾਲ ਮੇਰੇ ਵੱਲ ਦੇਖਿਆ। ਮੈਨੂੰ ਪਛਾਣਿਆਂ ਨਹੀਂ। ਚਿਹਰਾ ਪੀਲਾ, ਨੁੱਚੜਿਆ ਹੋਇਆ, ਆਸਪਾਸ ਤੋਂ ਪੂਰਨ ਬੇਖ਼ਬਰ।

ਉਹ ਜਨਵਰੀ ਤੋਂ ਲੈ ਕੇ ਮਈ 1922 ਤੱਕ ਕਾਫਕਾ ਦੇ ਘਰ ਅਤੇ ਹਸਪਤਾਲ ਵਿਚ ਖਬਰਸਾਰ ਲੈਣ ਜਾਂਦੀ ਰਹੀ। ਮੌਤ ਦੀ ਖਬਰ ਸੁਣਕੇ ਲਿਖਿਆ- ਪਰਾਗ ਵਿਚ ਥੋੜ੍ਹੇ ਲੋਕ ਉਸਨੂੰ ਜਾਣਦੇ ਹਨ। ਉਸਨੇ ਇਕ ਵਾਰ ਕਿਹਾ ਸੀ ਜਦੋਂ ਆਤਮਾ ਦਾ ਬੋਝ ਚੁਕਣ ਦੇ ਸਮਰੱਥ ਦਿਲ ਨਾ ਰਹੇ ਤਾਂ ਫੇਫੜੇ ਭਾਰ ਵੰਡਾਉਣ ਲਗਦੇ ਹਨ ਪਰ ਉਨ੍ਹਾਂ ਦੇ ਵਸ ਦੀ ਗੱਲ ਨਹੀਂ ਨਾ ਹੁੰਦੀ, ਛੇਤੀ ਹਾਰ ਜਾਂਦੇ ਹਨ।

"ਕਾਫਕਾ ਇੰਨਾ ਚੰਗਾ ਸੀ ਕਿ ਜਿਉ ਨਾ ਸਕਿਆ, ਕਮਜ਼ੋਰ ਇੰਨਾ ਕਿ ਲੜ ਨਾ ਸਕਿਆ। ਉਹ ਏਨਾ ਈਮਾਨਦਾਰ, ਏਨਾ ਨਿਰਮਲ ਕਿ ਆਪਣੀਆਂ ਕਮਜ਼ੋਰੀਆਂ ਉਪਰ ਪਰਦਾ ਪਾਣਾ ਤਾਂ ਦਰ ਕਿਨਾਰ ਉਹ ਆਪੇ ਉਨ੍ਹਾਂ ਬਾਰੇ ਦੱਸਣ ਲੱਗ ਜਾਦਾ। ਉਸਨੇ ਮੌਤ ਅੱਗੇ ਖੁਸ਼ੀ ਨਾਲ ਹਥਿਆਰ ਸੁੱਟੇ, ਮੌਤ ਨੂੰ ਸ਼ਰਮਿੰਦਾ ਕਰਨ ਲਈ।

1924 ਵਿਚ ਮਿਲੇਨਾ ਨੇ ਆਪਣੇ ਘਰ ਨੂੰ ਪੇਇੰਗ ਗੈੱਸਟ ਵਿਚ ਬਦਲ ਲਿਆ। ਇਕ ਨੌਕਰਾਣੀ ਰੱਖ ਲਈ। ਖੁਦ ਖਾਣਾ ਪਕਾਉਂਦੀ। ਉਸਨੇ ਪੋਲਕ ਨੂੰ ਤਲਾਕ ਦੇ ਦਿੱਤਾ। ਪਿਤਾ ਨੇ ਉਸਦੀ ਲਿਖਤ ਵਿਚਲੀ ਤਾਕਤ ਨੂੰ ਪਛਾਣ ਲਿਆ। ਮਿਲੇਨਾ ਵੀ ਚਾਹੁੰਦੀ ਸੀ ਪਿਤਾ ਤੋਂ ਦੂਰ ਨਾ ਹਟਿਆ ਜਾਵੇ। ਸਾਲ 1926 ਵਿਚ ਉਸਨੇ *ਦ ਵੇ ਟੂ ਸੰਪਲੀਸਿਟੀ* ਨਾਮ ਦੀ ਕਿਤਾਬ ਛਪਵਾਈ। ਜਿਵੇਂ ਕਾਫਕਾ ਨੇ ਪਿਤਾ ਦੇ ਨਾਮ ਪੱਤਰ ਲਿਖਿਆ ਸੀ, ਇਹ ਕਿਤਾਬ ਉਸੇ ਤਰ੍ਹਾਂ ਦਾ ਪੱਤਰ ਹੈ। ਕਾਫਕਾ ਦੇ ਪਿਤਾ ਨੇ ਪੁੱਤਰ ਦਾ ਪੱਤਰ ਪੜ੍ਹਿਆ ਨਹੀਂ, ਮਿਲੇਨਾ ਦੇ ਪਿਤਾ ਨੇ ਪੜ੍ਹਿਆ ਅਤੇ ਧੀ ਨੂੰ ਗਲ ਲਾਇਆ। ਗਰੀਬ ਵਿਆਨਾ ਸ਼ਹਿਰ ਛੱਡ ਕੇ ਉਹ ਆਪਣੇ ਪਿਆਰੇ ਪਰਾਗ ਵਿੱਚ ਪਰਤ ਆਈ ਜਿਥੇ ਸਾਰਾ ਸ਼ਹਿਰ ਉਸਨੂੰ ਜਾਣਦਾ ਸੀ। ਉਸਦੇ ਦੋਸਤਾਂ ਅਤੇ ਦੁਸ਼ਮਣਾ ਦੀ ਗਿਣਤੀ ਆਮ ਨਾਲੋਂ ਬਹੁਤ ਵਧੀਕ ਸੀ। ਉਹ ਚਾਹੁੰਦੀ ਸੀ ਕਿ ਜਾਂ ਕੋਈ ਉਸਨੂੰ ਪਿਆਰ ਕਰੇ ਜਾਂ ਨਫਰਤ। ਵਿਚ ਵਿਚਾਲਾ ਪਸੰਦ ਨਹੀਂ। ਚੈੱਕ ਕਮਿਊਨਿਸਟ ਕਵੀ ਨੇਜਲ, ਮਿਲੇਨਾ ਨੂੰ ਤੇ ਮਿਲੇਨਾ ਨੇਜਲ ਨੂੰ ਨਾਪਸੰਦ ਕਰਦੇ ਸਨ। ਇਕ ਪਾਰਟੀ ਵਿਚ ਵਧੀਕ ਸ਼ਰਾਬ ਪੀ ਕ ਉਹ ਖਰੂਦ ਕਰਨ ਲੱਗਾ ਤਾਂ ਚੁਕ ਕੇ ਹਾਲ ਦੇ ਬਾਹਰ ਸੁੱਟ ਦਿੱਤਾ। ਮਿਲੇਨਾ ਨੇ ਐਂਬੂਲੈਂਸ ਮੰਗਵਾਈ, ਸਹਾਰਾ ਦੇਕੇ ਉਸਨੂੰ ਵਿਦਾ ਕੀਤਾ। ਕੀ ਪਸੰਦ ਹੈ, ਕੀ ਨਾ ਨਾਪਸੰਦ, ਇਸਦਾ ਖਿਆਲ ਨਹੀਂ, ਜੋ ਸਹੀ ਹੈ ਉਹੀ ਕਰੇਗੀ।

1927 ਵਿਚ ਉਸਨੇ ਤੀਖਣਬੁੱਧ ਇਮਾਰਤਸਾਜ ਜੇਰੋਮਰ ਨਾਲ ਸ਼ਾਦੀ ਕੀਤੀ। ਇਹ ਸਾਦਾ ਬੰਦਾ ਸੀ ਜਿਸਨੇ ਬਿਲਕੁਲ ਹੇਠੋਂ ਰਾਜ ਮਿਸਤਰੀ ਵਜੋਂ ਕੰਮ ਸ਼ੁਰੂ ਕੀਤਾ ਤੇ ਮੁਢਲਾ ਕੰਮ ਸਿੱਖ ਕੇ ਸੈਕੰਡਰੀ ਸਕੂਲ ਪਾਸ ਕੀਤਾ, ਉਪਰੰਤ ਪਰਾਗ ਅਕੈਡਮੀ ਆਫ ਫਾਈਨ ਆਰਟਸ ਦੇ ਡਿਗਰੀ ਕੋਰਸ ਵਿਚ ਦਾਖਲ ਹੋਇਆ। ਇਥੇ ਸੰਸਾਰ ਦੇ ਪ੍ਰਸਿੱਧ ਇਮਾਰਤਸਾਜ਼ ਲੇ ਕਾਰਬੂਜ਼ੀਏ ਨਾਲ ਮੁਲਾਕਾਤ ਹੋਈ। ਕਾਰਬੂਜੀਏ ਦੇ ਹੁਨਰ ਦੀ ਸਿਫਤ ਸਭ ਤੋਂ ਪਹਿਲਾਂ ਜਰੋਮਰ ਨੇ ਕੀਤੀ ਸੀ। ਜੇਰੋਮਰ ਇਸ ਤੋਂ ਵੱਡਾ ਕਲਾਕਾਰ ਸੀ। ਇਹ ਦੋ ਸਾਲ ਮਿਲੇਨਾ ਦੀ ਜ਼ਿੰਦਗੀ ਦੇ ਉਤਮ ਦਿਨ ਸਨ। ਉਸਨੇ ਤਿੰਨ ਕਿਤਾਬਾਂ ਛਪਵਾਈਆਂ ਤੇ ਸਚਿਤਰ ਮੈਗਜ਼ੀਨ ਚਲਾਇਆ *ਪੇਸਟ੍ਰੀ ਟਾਈਡਨ*।ਇਸ ਵਿਆਹ ਤੋਂ ਮਿਲੇਨਾ ਨੂੰ ਮਾਨਸਿਕ ਸੰਤੋਖ ਮਿਲਿਆ ਪਰ ਗਰਭਵਤੀ ਹੋਣ ਦੇ ਸ਼ੁਰੂਆਤੀ ਮਹੀਨਿਆਂ ਵਿਚ ਦਰਦ ਸ਼ੁਰੂ ਹੋ ਗਿਆ। ਉਸਨੇ ਪਿਤਾ ਅਤੇ ਪਿਤਾ ਦੇ ਸਹਿਯੋਗੀ ਮਾਹਿਰ ਡਾਕਟਰਾਂ ਦੀ ਰਾਇ ਲਈ। ਪਿਤਾ ਨੇ ਕਿਹਾ- ਜਾਂਚ ਨੇ ਦੱਸ ਦਿੱਤਾ ਹੈ ਕਿ ਸਭ ਠੀਕ ਹੈ। ਤੂੰ ਜੁਆਕੜੀ ਵਾਂਗ ਵਰਤਾਉ ਨਾ ਕਰ ਸਭ ਠੀਕ ਹੈ। ਪਰ ਸੁਧਾਰ ਨਹੀਂ ਹੋਇਆ। ਹਾਲਤ ਬਦਤਰ ਹੁੰਦੀ ਗਈ। ਅੱਠਵੇਂ ਮਹੀਨੇ ਜੇਰੋਮਰ ਉਸਨੂੰ ਪਹਾੜੀ ਵਾਦੀਆਂ ਵਿਚ ਲੈ ਗਿਆ ਕਿ ਸ਼ਾਇਦ ਹਵਾ ਬਦਲੀ ਨਾਲ ਠੀਕ ਹੋ ਜਾਏ। ਇਹ ਦੱਸਣ ਲਈ ਕਿ ਉਹ ਜੁਆਕੜੀ ਨਹੀਂ, ਝੀਲ ਦੇ ਠੰਢੇ ਪਾਣੀ ਵਿਚ ਇਸ਼ਨਾਨ ਕਰ ਲਿਆ। ਸਾਰੇ ਜਿਸਮ ਉਪਰ ਛਾਲੇ ਨਿਕਲ ਆਏ, ਬੁਖਾਰ ਹੋਇਆ ਤੇ ਇਕ ਪਾਸਾ ਖੜ੍ਹ ਗਿਆ। ਡਾਕਟਰਾਂ ਨੇ ਦੱਸਿਆ-ਸੇਫਟੀਮੋਨੀਆਂ ਹੈ। ਦਰਦ ਬੇਅੰਤ ਸੀ।

ਪਤਾ ਲੱਗਣ ਤੇ ਪਿਤਾ ਭੱਜਾ ਆਇਆ। ਸਾਲਾਂ ਦਾ ਰੁਕਿਆ ਪਿਤਾ-ਪਿਆਰ ਫਿਰ ਪ੍ਰਗਟਿਆ। ਦਿਨ ਰਾਤ ਸਿਰ੍ਹਾਣੇ ਬੈਠਾ ਰਹਿੰਦਾ। ਦਰਦ ਘਟਾਣ ਲਈ ਮਾਰਫੀਨ ਦਿੱਤੀ ਜਾਂਦੀ। ਸੁਹਣੀ ਨਾਜ਼ਕ ਧੀ ਦਾ ਜਨਮ ਹੋਇਆ ਪਰ ਡਾਕਟਰਾਂ ਨੇ ਦੱਸਿਆ ਕਿ ਮਿਲੇਨਾ ਦੇ ਬਚਣ ਦੀ ਉਮੀਦ ਘੱਟ ਹੈ।

ਪਿਤਾ ਨੇ ਦੇਖਿਆ ਕਿ ਵੱਡੇ ਕਲਾਕਾਰਾਂ ਵਾਂਗ ਉਸਦਾ ਜਵਾਈ ਬੇਪ੍ਰਵਾਹ ਹੈ ਤੇ ਮਿਲੇਨਾ ਦੀ ਮੌਤ ਤੋਂ ਬਾਦ ਬੱਚੀ ਦੀ ਦੇਖਭਾਲ ਨਹੀਂ ਕਰੇਗਾ। ਉਸਨੇ ਕਿਹਾ- ਮਿਲੇਨਾ, ਇਸ ਗੱਲ ਦਾ ਫਿਕਰ ਨਾ ਕਰੀਂ ਬੱਚੀ ਨੂੰ ਕੌਣ ਪਾਲੇਗਾ। ਮੈਂ, ਇਸਦਾ ਨਾਨਾ ਇਸ ਨੂੰ ਗੋਦ ਲਵਾਂਗਾ। ਠੀਕ ਹੈ ਜੇਰੋਮਰ? ਜਵਾਈ ਚੁੱਪ ਰਿਹਾ ਪਰ ਮਿਲੇਨਾ ਬੋਲੀ- ਤੁਹਾਨੂੰ ਸੌਂਪਣ ਦੀ ਥਾਂ ਪਿਆਰੇ ਪਾਪਾ ਇਹਨੂੰ ਵਲਵਾ ਦਰਿਆ ਵਿਚ ਸੁੱਟਣਾ ਬਿਹਤਰ। ਮੈਨੂੰ ਦੁਖ ਦੇਣ ਵਿਚ ਜਿਵੇਂ ਤੁਸੀਂ ਕਾਮਯਾਬ ਹੋ ਗਏ ਸੀ, ਹੁਣ ਮੈਂ ਉਹ ਦੁਖ ਆਪਣੀ ਧੀ ਉਪਰ ਹਰਗਿਜ਼ ਦੁਹਰਾਉਣ ਨਹੀਂ ਦਿਆਂਗੀ।

ਉਹ ਬਚ ਗਈ ਪਰ ਖੱਬੇ ਗੋਡੇ ਦੀਆਂ ਹੱਡੀਆਂ ਤੇ ਪੱਠੇ ਸਖਤ ਹੋ ਗਏ। ਲੱਤ ਕੱਟਣ ਬਾਬਤ ਸੋਚਿਆ ਗਿਆ, ਪਿਤਾ ਨਹੀਂ ਮੰਨਿਆ। ਮਾਹਿਰਾਂ ਨੂੰ ਬੁਲਾ ਕੇ, ਫੈਸਲਾ ਕੀਤਾ ਗਿਆ ਕਿ ਸੁੰਨ ਕਰਨ ਪਿਛੋਂ ਪੈਰ ਅਤੇ ਗੋਡੇ ਨੂੰ ਜ਼ਬਰਦਸਤੀ ਅੱਗੇ ਪਿੱਛੇ ਮੋੜਿਆ ਜਾਵੇ। ਕੜਾਕੇ ਨਿਕਲ ਗਏ ਪਰ ਤਜਰਬਾ ਸਫਲ ਰਿਹਾ। ਪਿਤਾ ਦੀਆਂ ਅੱਖਾਂ ਵਿਚ ਹੰਝੂ ਆ ਗਏ, ਉਸਨੇ ਸਰਜਨ ਨੂੰ ਜੱਫੀ ਵਿਚ ਲੈ ਲਿਆ। ਮਿਲੇਨਾ ਬੇਹੋਸ਼ੀ ਵਿਚੋਂ ਜਾਗੀ ਤਾਂ ਯਕੀਨ ਨਾ ਆਇਆ ਕਿ ਠੀਕ ਹੋ ਗਈ ਹਾਂ। ਇਕ ਸਾਲ ਫਹੁੜੀਆਂ ਦੇ ਸਹਾਰੇ ਉਹ ਹਸਪਤਾਲ ਵਿਚ ਤੁਰਨ ਦਾ ਅਭਿਆਸ ਕਰਨ ਪਿਛੋਂ ਧੀ ਸਮੇਤ ਘਰ ਆਈ ਤਾਂ ਉਸ ਨੂੰ ਇਕ ਹੋਰ ਸਦਮਾ ਲੱਗਾ। ਇਲਾਜ ਦੌਰਾਨ ਉਸਨੂੰ ਕੋਕੀਨ ਦਿੱਤੀ ਜਾਂਦੀ ਰਹੀ, ਹੁਣ ਉਸਨੂੰ ਇਸ ਦੀ ਆਦਤ ਪੈ ਗਈ ਹੋਈ ਸੀ। ਜਿਸ ਤੋਰ ਦੀ ਸ਼ਾਨ ਤੋਂ ਕੁੜੀਆਂ ਈਰਖਾ ਕਰਦੀਆਂ ਸਨ, ਉਹ ਖਤਮ। ਚਾਲ ਬੇਢੰਗੀ, ਚਿਹਰਾ ਇਕ ਪਾਸਿਓਂ ਸੁੱਜਿਆ ਹੋਇਆ। ਕਿਹਾ ਕਰਦੀ, ਜੇਰੋਮਰ ਨਾਲ ਕੁਝ ਸਮਾਂ ਖੁਸ਼ੀ ਦਾ ਬਿਤਾਇਆ ਸੀ ਨਾ, ਉਸ ਦੀ ਸਜ਼ਾ ਮਿਲੀ। ਕੁਦਰਤ ਪਲ-ਪਲ ਦੀ ਕੀਮਤ ਵਸੂਲੇਗੀ। ਉਸਨੇ ਫੈਸਲਾ ਕੀਤਾ ਕਿ ਹਮੇਸ਼ ਲਈ ਮਾਰਫੀਨ ਬੰਦ ਕਰਾਂਗੀ। ਪਤੀ ਨੂੰ ਮਦਦ ਵਾਸਤੇ ਕਿਹਾ। ਨਸ਼ੇੜੀ ਜਦੋਂ ਅਚਾਨਕ ਨਸ਼ਾ ਬੰਦ ਕਰ ਦਏ ਤਾਂ ਉਸ ਨਾਲ ਕੀ ਵਾਪਰਦੀ ਹੈ, ਲੱਤਾਂ ਤੋਂ ਲੈ ਕੇ ਸਿਰ ਤੱਕ ਤਿਖੇ ਦਰਦ ਦੀਆਂ ਲਹਿਰਾਂ ਚੀਕਾਂ ਕਢਾ ਦਿੰਦੀਆਂ। ਦਿਨ ਰਾਤ ਰੋਣ ਧੋਣ ਵਿਚ ਲੰਘਦੇ। ਜੇਰੋਮਰ ਤੋਂ ਬਰਦਾਸ਼ਤ ਨਾਂ ਹੁੰਦਾ। ਇਕ ਦਿਨ ਮਿਲੇਨਾ ਨੇ ਦੇਖਿਆ, ਦਵਾਈਆਂ ਵਾਲੇ ਮੇਜ਼ ਉਪਰ ਪਲੰਘ ਦੇ ਨੇੜੇ ਭਰਿਆ ਹੋਇਆ ਰਿਵਾਲਵਰ ਪਿਆ ਸੀ। ਜੇਰੋਮਰ ਦਾ ਸੰਕੇਤ! ਜੇ ਜੀਵਨ ਕਠਿਨ ਲਗਦਾ ਹੈ ਤਾਂ ਖਤਮ ਕਰੇ। ਮਿਲੇਨਾ ਨੇ ਆਤਮਘਾਤ ਨਹੀਂ ਕੀਤਾ, ਜੇਰੋਮਰ ਚਲਾ ਗਿਆ। ਉਸਨੂੰ ਛੱਡ ਕੇ ਉਸ ਰੂਸ ਰਲਾ ਗਿਆ ਜਿਥੇ ਉਸਨੂੰ ਲਗਦਾ ਸੀ ਬਾਸਤੀਆਂ ਆਬਾਦ ਹੋ ਰਹੀਆਂ ਹਨ, ਚੰਗਾ ਕੰਮ ਮਿਲਦਾ ਰਹੇਗਾ। ਲੇ ਕਾਰਬੂਜ਼ੀਆ, ਗਰੁਪਿਉ, ਹਾਨਿਸ ਮੇਅਰ ਅਤੇ ਮੇਅ ਪਹਿਲਾਂ ਉਥੇ ਜਾ ਚੁੱਕੇ ਸਨ।

ਜੇਰੋਮਰ ਛੇਤੀ ਰੂਸ ਦੀ ਅਫਸਰਸ਼ਾਹੀ ਤੋਂ ਤੰਗ ਆ ਗਿਆ। ਉਸ ਦੇ ਨਕਸ਼ਿਆਂ ਦੀ ਨਿਗਰਾਨੀ ਉਹ ਲੋਕ ਕਰਦੇ ਜਿਨ੍ਹਾਂ ਨੂੰ ਇਸ ਕੰਮ ਦਾ ਊੜਾ ਆੜਾ ਨਹੀਂ ਆਉਂਦਾ ਸੀ। ਦੋ ਸਾਲ ਤੱਕ ਉਸ ਦਾ ਇਕ ਵੀ ਨਕਸ਼ਾ ਪਾਸ ਨਾਂ ਹੋਇਆ। ਉਹ ਰੂਸ ਦੀ ਅੰਦਰੂਨੀ ਹਿੰਸਕ, ਉਦਾਸ ਸੰਗੀਨ ਹਾਲਤ ਬਾਬਤ ਦੋਸਤਾਂ ਨੂੰ ਖ਼ਤ ਲਿਖਦਾ ਰਹਿੰਦਾ ਪਰ ਯੋਰਪ ਦੇ ਕਿਸੇ ਕਮਿਊਨਿਸਟ ਦੋਸਤ ਨੇ ਜਵਾਬ ਦੇਣਾ ਵਾਜਬ ਨਹੀਂ ਸਮਝਿਆ ਕਿਉਂਕਿ ਸਭ ਦਾ ਇਹ ਖਿਆਲ ਸੀ ਕਿ ਉਹ ਸਫੈਦ ਝੂਠ ਬੋਲ ਰਿਹਾ ਸੀ, ਕਿ ਉਹ ਕਮਿਊਨਿਮ ਦਾ ਵਿਰੋਧੀ ਨਿੰਦਕ ਹੋ ਗਿਆ ਸੀ। ਸਾਲ 1936 ਵਿਚ ਭੱਜ ਕੇ ਵਾਪਸ ਆ ਗਿਆ ਜੋ ਇਕ ਚਮਤਕਾਰ ਸੀ ਕਿਉਂਕਿ ਇਸ ਵੇਲੇ ਸਟਾਲਿਨ ਦੀ ਸ਼ੁੱਧੀਕਰਨ ਲਹਿਰ ਸਿਖਰ ਤੇ ਸੀ, ਯਾਨਿ ਕਿ ਥੋਕ ਵਿਚ ਕਤਲਿਆਮ।

ਮਿਲੇਨਾ ਕਮਿਉਨਿਸਟ ਪਾਰਟੀ ਮੈਂਬਰ ਜ਼ਰੂਰ ਬਣੀ ਅੰਨ੍ਹੀ ਭਗਤਣੀ ਨਹੀਂ। ਹਰ ਗਤੀਵਿਧੀ ਪਾਰਖੂ ਨਜਰ ਨਾਲ ਦੇਖਦੀ। ਉਸਨੂੰ ਸਟਾਲਿਨ ਦੇ ਕੰਮਕਾਜ ਉਪਰ ਸ਼ੱਕ ਸੀ ਤੇ ਜਦੋਂ ਸਟਾਲਿਨ ਨੇ ਸਰਵਜਨਕ ਮੁਕੱਦਮੇ ਵਿਚ ਜੀਨੋਵੀਵ ਅਤੇ ਕਾਮੇਨੀਵ ਨੂੰ ਗੋਲੀ ਮਰਵਾਈ ਤਾਂ ਉਸਦਾ ਸ਼ੱਕ ਸੱਚ ਵਿਚ ਬਦਲ ਗਿਆ। ਬਾਕੀ ਕਾਮਰੇਡਾਂ ਵਾਂਗ ਨਾਂ ਉਹ ਦੁਚਿੱਤੀ ਵਿਚ ਪਈ ਨਾ ਹੰਝੂ ਵਹਾਏ। ਕਾਰਡ ਪਾਰਟੀ ਦਫਤਰ ਵਿਚ ਸੁੱਟ ਆਈ।

ਇਕ ਦਿਨ ਉਸਨੇ ਆਪਣੇ ਦੋਸਤ ਫਰੇਡੀ ਮਾਇਰ ਨੂੰ ਕਿਹਾ- "ਜਿਸ ਦੀ ਮੈਨੂੰ ਤਾਲਾਸ਼ ਸੀ, ਸੋ ਮਰਦ ਨਹੀਂ ਮਿਲਿਆ। ਗਾਹਲੜੀ ਮਿਲੇ, ਮਨੋਰੋਗੀ ਮਿਲੇ, ਬੁਜ਼ਦਿਲ ਮਿਲੇ। ਇਹ ਸਾਰੇ ਮੇਰੇ ਉਪਰ ਨਿਰਭਰ ਹੋ ਜਾਂਦੇ ਜਦੋਂ ਕਿ ਮੈਂ ਚਾਹੁੰਦੀ ਸਾਂ ਮੈਨੂੰ ਕੋਈ ਸਹਾਰਾ ਮਿਲਦਾ। ਮੈਂ ਸੁਫਨੇ ਲੈਂਦੀ, ਮੇਰੇ ਕਾਫੀ ਬੱਚੇ ਹੋਣ, ਮੈਂ ਧਾਰਾਂ ਚੋ

ਰਹੀ ਹਾਂ, ਪਸ਼ੂ ਚਾਰ ਰਹੀ ਹਾਂ, ਮੇਰਾ ਪਤੀ ਆਉਂਦੇ ਜਾਂਦੇ ਮੈਨੂੰ ਛੇੜ ਛਾੜ ਜਾਵੇ, ਦਿਲੋਂ ਮੈਂ ਚੈੱਕ ਕਿਸਾਨ ਔਰਤ ਹਾਂ। ਮੇਰੇ ਅੰਦਰ ਜਿਹੜਾ ਅਖੌਤੀ ਬੌਧਿਕ ਕੀੜਾ ਵੜ ਗਿਆ ਉਹ ਬਦਕਿਸਮਤ ਦੁਰਘਟਨਾ ਸੀ।

ਜਦੋਂ ਉਸਦੇ ਬਾਕੀ ਕਾਮਰੇਡ ਸਾਥੀ ਸਮਾਜਵਾਦ ਦੇ ਸੁਫਨੇ ਦੇਖ ਰਹੇ ਸਨ, ਸਾਲ 1937 ਵਿਚ ਉਸਨੇ ਕਿਹਾ- ਮੈਨੂੰ ਪਤੈ ਜਰਮਨ ਫਾਸਿਸਟ ਸਾਨੂੰ ਗ੍ਰਿਫਤਾਰ ਕਰਨਗੇ, ਪਰ ਜੇ ਲਾਲ ਫੌਜ ਸਾਨੂੰ ਆਜ਼ਾਦ ਕਰਾਉਣ ਆਈ ਤਾਂ ਮੈਂ ਆਤਮ-ਹੱਤਿਆ ਕਰਾਂਗੀ।

ਮਈ 1936 ਨੂੰ ਜਰਮਨ ਨੇ ਚੈਕੋਸਲਵਾਕੀਆ ਉਪਰ ਹਮਲਾ ਕਰ ਦਿੱਤਾ। ਇਸ ਯੁੱਧ ਦੀ ਸ਼ਾਨਦਾਰ ਰਿਪੋਰਟਿੰਗ ਮਿਲੇਨਾ ਖਤਰੇ ਉਠਾ ਕੇ ਕਰਦੀ ਰਹੀ। ਜਰਮਨਾ ਨੇ ਬਹਾਨਾ ਇਹ ਲਾਇਆ ਕਿ ਚੈੱਕ ਲੋਕ ਉਥੇ ਵਸਦੇ ਜਰਮਨਾ ਉਪਰ ਜ਼ੁਲਮ ਢਾ ਰਹੇ ਹਨ। ਬਹੁਤ ਥਾਈਂ ਚੈਕੋਸਲਵਾਕੀਆ ਵਿਚ ਜੇ ਪਤੀ ਚੈੱਕ ਸੀ ਤਾਂ ਪਤਨੀ ਜਰਮਨ ਤੇ ਜੇ ਪਤੀ ਜਰਮਨ ਸੀ ਤਾਂ ਪਤਨੀ ਚੈਕ। ਬੱਚੇ ਆਪਸ ਵਿਚ ਇਸ ਮੁੱਦੇ ਤੇ ਲੜ ਪੈਂਦੇ।

ਮਾਰਚ 1939 ਵਿਚ ਜਦੋਂ ਜਰਮਨਾ ਨੇ ਚੈਕੋਸਲਵਾਕੀਆ ਉਪਰ ਕਬਜ਼ਾ ਕਰ ਲਿਆ ਤਾਂ ਬੇਅੰਤ ਫੁਰਤੀ ਨਾਲ ਮਿਲੇਨਾ ਨੇ ਉਨ੍ਹਾਂ ਫੌਜੀਆਂ ਨਾਲ ਸੰਪਰਕ ਕੀਤਾ ਜਿਨ੍ਹਾਂ ਨੂੰ ਅਜੇ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ। ਉਨ੍ਹਾਂ ਨੂੰ ਕਿਹਾ ਕਿ ਇੰਗਲੈਂਡ ਦੀਆਂ ਫੌਜਾਂ ਦੀ ਮਦਦ ਕਰੋ। ਇਥੇ ਉਸਨੇ ਪੈਗੰਬਰੀ ਰੋਲ ਅਦਾ ਕੀਤਾ। ਉਹ ਜਬਰਦਸਤ ਦਲੀਲਾਂ ਨਾਲ ਲੈਸ ਲੇਖ ਅਖਬਾਰਾਂ ਨੂੰ ਭੇਜਦੀ ਪਰ ਜਰਮਨ ਸੈਂਸਰ ਅਧਿਓਂ ਵੱਧ ਕੱਟ ਦਿੰਦਾ।

ਸਹੇਲੀ ਵਿਲਮਾ ਉਸ ਤੋਂ ਪਰੇ ਹਟ ਗਈ ਸੀ ਕਿਉਂਕਿ ਵਿਲਮਾ ਨੂੰ ਮਾਰਕਸੀ ਸਿਧਾਂਤ ਜਚਿਆ ਨਹੀਂ ਸੀ। ਜਦੋਂ ਪਤਾ ਲੱਗਾ ਕਿ ਮਿਲੇਨਾ ਨੇ ਪਾਰਟੀ ਛੱਡ ਦਿੱਤੀ ਹੈ ਤੇ ਕਾਮਰੇਡ ਉਸਨੂੰ ਤਾਸਕੀ ਦੀ ਚੇਲੀ ਹੋਣ ਦਾ ਫਤਵਾ ਦੇ ਚੁਕੇ ਹਨ ਉਹ ਮਿਲਣ ਆਈ। ਦੋਵੇਂ ਸਹੇਲੀਆਂ ਮੁੱਦਤ ਬਾਦ ਮਿਲੀਆਂ ਤਾਂ ਇਸ ਤਰ੍ਹਾਂ ਜਿਵੇਂ ਕਦੀ ਵਿਛੜੀਆਂ ਹੀ ਨਹੀਂ ਸਨ। ਵਿਲਮਾ ਬੋਲੀ- ਮੋਰਾਵੀਆ ਦੀ ਨਦੀ ਪੁੰਕਵਾ ਨੂੰ ਅਚਾਨਕ ਜ਼ਮੀਨ ਨਿਗਲ ਜਾਂਦੀ ਹੈ, ਪਤਾ ਨਹੀਂ ਲਗਦਾ ਕਿਧਰ ਗਾਇਬ ਹੋ ਗਈ। ਘਾਟੀਆਂ ਅਤੇ ਦੱਰਿਆਂ ਵਿਚ ਉਹ ਅੰਡਰਗਰਾਉਂਡ ਵਗਦੀ ਜਾਂਦੀ ਫਿਰ ਜ਼ਮੀਨ ਵਿਚੋਂ ਬਾਹਰ ਨਿਕਲ ਕੇ ਵਗਣ ਲੱਗਦੀ ਹੈ। ਆਪਣੀ ਦੋਸਤੀ ਇਸੇ ਤਰ੍ਹਾਂ ਦੀ ਹੈ। ਜਦੋਂ ਵਖ ਹੋਈਆਂ ਤਾਂ ਪਤਾ ਨੀ ਕਿਧਰ ਗਈਆਂ, ਜਦੋਂ ਮਿਲੀਆਂ, ਤਾਂ ਇਉਂ ਜਿਵੇਂ ਇਥੇ ਹੀ ਸਾਂ, ਇਕੱਠੀਆਂ। ਮਿਲੇਨਾ ਨੇ ਲਿਖਿਆ- ਚੈੱਕ ਹੋਣ ਕਰਕੇ ਮੈਨੂੰ ਆਪਣਾ ਦੇਸੀ ਸੰਗੀਤ ਚੰਗਾ ਲਗਦਾ ਹੈ। ਸ਼ਬਦ ਦੀ ਥਾਂ ਸ਼ਬਦ ਦੀ ਧੁਨ ਸੁਣ ਕੇ ਮੈਂ ਪੂਰੇ ਅਰਥਾਂ ਤਕ ਪੁੱਜ ਜਾਂਦੀ ਹਾਂ। ਇਕ ਸ਼ਬਦ ਮੈਨੂੰ ਪੂਰੇ ਸਪੇਸ ਤੱਕ ਫੈਲਾ ਦਿੰਦਾ ਹੈ। ਲੋਕਾਂ ਵਾਸਤੇ ਸਪੇਸ ਦਾ ਅਰਥ ਹਵਾ ਜਾਂ ਆਕਾਸ਼ ਹੋਵੇਗਾ, ਸਾਡੇ ਵਾਸਤੇ ਸਾਡੀ ਮਿੱਟੀ ਸਪੇਸ ਹੈ। ਅਸੀਂ ਚੈੱਕ ਇਹ ਸ਼ੇਖੀ ਨੀਂ ਮਾਰਦੇ ਕਿ ਅਸੀਂ ਜਰਮਨਾਂ ਅਤੇ ਸਲਾਵਕਾਂ ਵਿਚਕਾਰ ਪੁਲ ਬਣਾਂਗੇ। ਅਸੀਂ ਪੁਸ਼ਤਾਂ ਤੋਂ ਖੇਤੀ ਕਰਦੇ ਕਿਸਾਨ ਹਾਂ, ਬਾਬੇ ਨੇ ਹਲ ਦਾ ਮੁੰਨਾ ਸਾਡੇ ਪਿਤਾ ਨੂੰ ਤੇ ਪਿਤਾ ਨੇ ਆਪਣੇ ਪੁੱਤਰ ਨੂੰ ਫੜਾਇਆ, ਉਹ ਅਗੋਂ ਆਪਣੀ ਸੰਤਾਨ ਨੂੰ ਫੜਾਏਗਾ। ਅੱਜ ਦਾ ਚੈੱਕ ਬੀਤੇ ਚੈਕ ਅਤੇ ਭਵਿੱਖ ਦੇ ਚੈਕ ਵਿਚਕਾਰ ਪੁਲ ਬਣ ਸਕਦਾ ਹੈ ਕੇਵਲ। ਵਧੀਕ ਸ਼ੇਖੀਆਂ ਮਾਰਨ ਦੀ ਕੋਈ ਤੁਕ ਨਹੀਂ। ਆਪਣੇ ਬੱਚਿਆਂ ਨੂੰ ਅਸੀਂ ਸੁਣਾਵਾਂਗੇ ਚੈੱਕ ਲੋਕ ਗੀਤ ਜਾਂ ਫਿਰ ਸੰਤ ਵੇਂਚੇਸਲਾਸ ਦੀ ਬਾਣੀ। ਸਾਨੂੰ ਹੋਰ ਕਾਸੇ ਦੀ ਲੋੜ ਨੀਂ।

ਮਿਲੇਨਾ ਜਰਮਨ ਫੌਜਾਂ ਤਾਂ ਪਰਾਗ ਵਿਚੋਂ ਕੱਢ ਨਹੀਂ ਸਕਦੀ ਸੀ ਉਸਨੇ ਆਪਣੇ ਚੈੱਕ ਬੁੱਧੀਜੀਵੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਵਿਉਂਤ ਬਣਾਈ ਜਿਨ੍ਹਾਂ ਦੇ ਸਿਰਾਂ ਉਪਰ ਜਰਮਨਾਂ ਨੇ ਇਨਾਮ ਰੱਖੇ ਹੋਏ ਸਨ। ਮਿਲੇਨਾ ਨੇ 22 ਮਾਰਚ 1939 ਦੇ ਕਾਲਮ ਵਿਚ ਲਿਖਿਆ- "ਜਰਮਨਾ ਦੇ ਕਬਜ਼ੇ ਦਾ ਦੂਜਾ ਦਿਨ ਸੀ। ਸਭ ਬੇਚੈਨ ਸਨ। ਸਿਪਾਹੀ ਗਲੀਆਂ ਵਿਚ ਘੁੰਮ ਰਹੇ ਸਨ। ਇਕ ਚੈੱਕ ਕੁੜੀ ਘਰੋਂ ਬਾਹਰ ਕੋਈ ਚੀਜ਼ ਖਰੀਦਣ ਲਈ ਨਿਕਲੀ ਤਾਂ ਫੌਜ ਦੇਖਕੇ ਘਬਰਾ ਗਈ ਤੇ ਰੋਣ ਲੱਗੀ। ਇਕ ਫੌਜੀ ਉਸ ਕੋਲ ਆਇਆ ਤੇ ਪਿਆਰ ਨਾਲ ਬੋਲਿਆ-ਰੋ ਨਾ ਕੁੜੀਏ। ਜੋ ਹੋਇਆ, ਉਸ ਵਾਸਤੇ ਅਸੀਂ ਦੋਸ਼ੀ ਨਹੀਂ। ਉਸਨੇ ਕੁੜੀ ਨੂੰ ਉਵੇਂ ਦਿਲਾਸਾ ਦਿੱਤਾ ਜਿਵੇਂ ਕੋਈ ਆਪਣੀ ਧੀ ਨੂੰ ਹੌਂਸਲਾ ਰੱਖਣ ਲਈ ਕਹੇ। ਇਹੋ ਜਿਹੇ ਬੰਦਿਆਂ ਨੂੰ ਮੈਂ ਕਿਵੇਂ ਦੋਸ਼ੀ ਠਹਿਰਾ ਸਕਦੀ ਹਾਂ? ਹਜ਼ਾਰਾਂ ਦੀ ਗਿਣਤੀ ਵਿਚ ਚੈੱਕ ਨਾਗਰਿਕ ਅਗਿਆਤ ਸੈਨਿਕ ਦੇ ਬੁੱਤ ਵਲ ਤੁਰ ਪਏ, ਹੱਥਾਂ ਵਿਚ ਗੁਲਦਸਤੇ, ਸਾਰਿਆਂ ਦੀਆਂ ਅੱਖਾਂ ਵਿਚ ਹੰਝੂ, ਨਾ ਉਚੀ ਉਚੀ ਰੋਣ ਧੋਣ, ਨਾ ਉਚੀ ਆਵਾਜ਼ ਵਿਚ ਸਿਸਕੀਆਂ, ਨਾ ਡਰ ਦਾ ਕੋਈ ਨਿਸ਼ਾਨ, ਸਿਰਫ ਦੁਖ, ਮੂਕ ਵੇਦਨਾ। ਜਦੋਂ ਸਾਡਾ ਇਹ ਕਾਫਲਾ ਤੁਰਿਆ ਜਾ ਰਿਹਾ ਸੀ, ਪਹਿਰੇ ਉਪਰ ਤੈਨਾਤ ਇਕ ਜਰਮਨ ਸਿਪਾਹੀ ਦਾ ਹੱਥ ਖੁਦ ਬਖੁਦ ਆਪਣੀ ਟੋਪੀ ਵਲ ਵਧਿਆ, ਸਤਿਕਾਰ ਨਾਲ ਸਿਰ ਨੀਵਾਂ ਕੀਤਾ, ਉਸਨੂੰ ਅਹਿਸਾਸ ਸੀ ਕਿ ਉਸਦੀ ਮੌਜੂਦਗੀ ਕਾਰਨ ਚੈੱਕਾਂ ਦੀਆਂ ਅੱਖਾਂ ਡੁਬਡੁਬਾਈਆਂ ਹੋਈਆਂ ਹਨ।"

www.punjabilibrary.com

ਜ਼ੈਡਵਿਚ ਨੇ ਉਨ੍ਹੀ ਦਿਨੀਂ ਲਿਖਿਆ- ਚੈਕੋਸਲਾਵਾਕੀਆ ਨੂੰ ਬਚਾਉਂਦੀ ਮਿਲੇਨਾ ਬਿਲਕੁਲ ਚਰਚਲ ਵਾਂਗ ਲਗਦੀ, ਰੌਸ਼ਨ ਮੱਥਾ, ਮਿਹਰਬਾਨ ਅੱਖਾਂ, ਬੇਡੌਲ ਜਿਹਾ ਮੂੰਹ, ਪੂਰਨ ਆਤਮ ਵਿਸ਼ਵਾਸ, ਸਹੀ ਰਾਜਨੀਤਕ ਸੂਝ ਬੂਝ ਉਸਨੂੰ ਚਰਚਿਲ ਵਰਗੀ ਬਣਾਉਂਦੀ। ਉਸਦੀ ਹੱਥ ਲਿਖਤ ਦੇਖਕੇ ਮੈਕਸ ਬਰੋਦ ਨੇ ਲਿਖਿਆ- "ਪੂਰੀ ਟਾਮਸ ਮਾਨ ਵਰਗੀ ਲਿਖਤ।" ਟਾੱਮਸ ਮਾਨ ਦੀ ਹੱਥ ਲਿਖਿਤ ਅਦੁੱਤੀ ਮੰਨੀ ਜਾਂਦੀ ਸੀ।

ਉਸਨੇ ਬਹੁਤ ਚਿੰਤਕਾਂ ਨੂੰ ਸੁਰੱਖਿਅਤ ਸੀਮਾ ਪਾਰ ਕਰਵਾਇਆ, ਖੁਦ ਨਹੀਂ ਗਈ। ਉਸਦਾ ਫੈਸਲਾ ਪਰਾਗ ਵਿੱਚ ਮਰਨ ਦਾ ਸੀ। ਉਸਨੂੰ ਪਤਾ ਸੀ ਗੋਲੀ ਖਾ ਕੇ ਮਰਨਾ ਬੜਾ ਸੌਖਾ ਹੈ, ਵਾਲਾਂ ਤੋਂ ਫੜਕੇ ਘਸੀਟਣਾ, ਗਾਲਾਂ, ਲੱਤਾਂ ਘਸੁੰਨ, ਵਧੀਕ ਜ਼ਲਾਲਤ ਭਰਿਆ ਹੈ, ਪਰ ਕਿਸੇ ਨੂੰ ਤਾਂ ਕੁਰਬਾਨੀ ਦੇਣੀ ਪਵੇਗੀ ਹੀ। ਮਿਲੇਨਾ ਤਿਆਰ ਸੀ। ਇਕ ਦਿਨ ਪਿਤਾ ਦਾ ਫੋਨ ਆਇਆ, ਕਿਹਾ- ਕਿਉਂ ਕੀ, ਹੋਇਐ ਕੁੜੀਏ? ਤੈਨੂੰ ਹੁਣ ਤੱਕ ਗ੍ਰਿਫਤਾਰ ਕਿਉਂ ਨੀਂ ਕੀਤਾ ਜਰਮਨਾ ਨੇ? ਤੇਰੇ ਵਰਗੀ ਸ੍ਵੈਮਾਣ ਵਾਲੀ ਕੁੜੀ ਏਨੀ ਦੇਰ ਜੇਲ੍ਹ ਤੋਂ ਬਾਹਰ ਰਹਿਣੀ ਤਾਂ ਨੀ ਸੀ ਚਾਹੀਦੀ।" ਮਿਲੇਨਾ ਨੇ ਕੀ ਕਿਹਾ, ਪਤਾ ਨਹੀਂ ਪਰ ਕੁਝ ਦਿਨ ਬਾਅਦ ਗੈਸਟਾਪੋ ਨੇ ਇੰਟੈਰੋਗੇਸ਼ਨ ਵਾਸਤੇ ਬੁਲਾ ਲਿਆ। ਇਹ ਸਵਾਲ ਜਵਾਬ ਹੋਏ।

? : ਤੇਰਾ ਯਹੂਦੀਆਂ ਨਾਲ ਕੋਈ ਸੰਪਰਕ ਹੈ?

ਮਿ.: ਹਾਂ ਹੈ। ਕੋਈ ਇਤਰਾਜ?

? : ਤੇਰਾ ਪ੍ਰੇਮੀ ਕਿੱਥੇ ਹੈ?

ਮਿ.: ਦੇਰ ਪਹਿਲਾਂ ਦੇਸ ਛੱਡ ਗਿਐ।

? : ਤੇਰੀ ਧੀ ਦਾ ਪਿਤਾ ਯਹੂਦੀ ਹੈ?

ਮਿ.: ਅਫਸੋਸ, ਯਹੂਦੀ ਨਹੀਂ ਹੈ।

?: ਬਕਵਾਸ ਬੰਦ ਕਰ। ਅਸੀਂ ਇਹੋ ਜਿਹੇ ਜਵਾਬ ਸੁਣਨ ਦੇ ਆਦੀ ਨਹੀਂ।

ਮਿ.: ਮੈਨੂੰ ਵੀ ਇਹੋ ਜਿਹੇ ਸਵਾਲ ਚੰਗੇ ਨਹੀਂ ਲੱਗਦੇ।

ਮਿਲੇਨਾ ਨੂੰ ਨਾ ਗ੍ਰਿਫਤਾਰੀ ਖ਼ੌਫਜ਼ਦਾ ਲੱਗਦੀ ਸੀ ਨਾ ਤਸੀਹਿਆਂ ਦਾ ਸਾਹਮਣਾ, ਕੋਈ ਆਫਤ। ਫਿਕਰ ਸੀ ਤਾਂ ਕੇਵਲ ਆਪਣੀ ਧੀ ਹੌਂਜ਼ਾ ਦਾ। ਇਸ ਦਾ ਕੀ ਬਣੇਗਾ? ਆਖਰ ਜਦੋਂ ਮਿਲੇਨਾ ਨੂੰ ਗੈਸਟਾਪੋ ਗ੍ਰਿਫਤਾਰ ਕਰਕੇ ਤਸੀਹਾ ਕੇਂਦਰ ਵਿਚ ਲੈ ਗਈ ਤਾਂ ਨਾਨਾ ਦੋਹਤੀ ਨੂੰ ਲੈ ਗਿਆ। ਪਰਾਗ ਦੀ ਯੂਨੀਵਰਸਿਟੀ ਅਤੇ ਸਾਰੇ ਕਾਲਜ ਹਮੇਸ਼ਾ ਵਾਸਤੇ ਬੰਦ ਕਰ ਦਿੱਤੇ ਗਏ। ਵਿਰੋਧ ਵਿਚ ਵਿਦਿਆਰਥੀਆਂ ਨੇ ਰੈਲੀ ਕੀਤੀ ਤਾਂ ਇਕ ਸੌ ਵੀਹ ਵਿਦਿਆਰਥੀ, ਜਰਮਨਾ ਦੀਆਂ ਗੋਲੀਆਂ ਨਾਲ ਮਰੇ ਤੇ ਹਜ਼ਾਰਾਂ ਨੂੰ ਤਸੀਹਾ ਕੇਂਦਰਾਂ ਵਿਚ ਭੇਜ ਦਿੱਤਾ ਗਿਆ।

ਜਰਮਨਾ ਹੱਥੋਂ ਜੋ ਜ਼ਲਾਲਤ ਸਹਿਣੀ ਪੈਂਦੀ ਉਸ ਦਾ ਅਸਰ ਨਹੀਂ, ਮਿਲੇਨਾ ਨੂੰ ਉਦੋਂ ਦੁਖ ਹੁੰਦਾ ਜਦੋਂ ਚੈੱਕ ਕਮਿਊਨਿਸਟ ਕੈਦਣਾਂ ਉਸਦੀ ਬੇਇਜ਼ਤੀ ਕਰਦੀਆਂ, ਘਸੁੰਨ ਮੁੱਕੇ ਆਮ ਗੱਲ ਹੁੰਦੀ। ਕਸੂਰ ਮਿਲੇਨਾ ਦਾ ਸੀ। ਉਹ ਏਨੀ ਖੁੱਦਾਰ ਸੀ ਕਿ ਅੱਖਾਂ ਅਤੇ ਸਿਰ ਨਹੀਂ ਝੁਕਾਉਂਦੀ ਸੀ। ਕੁਝ ਕੈਦਣਾ ਉਸਦੀ ਇੱਜ਼ਤ ਵੀ ਕਰਦੀਆਂ, ਚੋਰੀ ਚੋਰੀ, ਡਰਦੀਆਂ ਡਰਦੀਆਂ। ਸ਼ਾਮ, ਬੰਦੀ ਵਕਤ ਕੈਦਣਾਂ ਦੀ ਗਿਣਤੀ ਹੋ ਰਹੀ ਸੀ। ਮਿਲੇਨਾ ਲੇਟ ਹੋ ਗਈ। ਚਲੋ ਲੇਟ ਹੋ ਗਈ ਤਾਂ ਹੋ ਗਈ ਘੱਟੋ ਘੱਟ ਤੇਜ਼ੀ ਨਾਲ ਪੁੱਜ ਜਾਂਦੀ ਤਾਂ ਇੰਨਾ ਤਾਂ ਹੁੰਦਾ ਕਿ ਨਿਗਰਾਨ ਸਮਝ ਜਾਂਦੀ, ਇਸ ਨੂੰ ਲੇਟ ਆਉਣ ਦਾ ਪਛਤਾਵਾ ਹੈ। ਆਰਾਮ ਨਾਲ ਆਈ ਤੇ ਚੁਪਚਾਪ ਖਲੋ ਗਈ ਸ਼ਾਂਤ। ਨਿਗਰਾਨ ਨੂੰ ਏਨਾ ਗੁੱਸਾ ਆਇਆ ਕਿ ਮੁੱਕਾ ਤਾਣ ਕੇ ਉਸ ਸਾਹਮਣੇ ਆ ਖਲੋਤੀ। ਮਿਲੇਨਾ ਨੇ ਉਸਦੀਆਂ ਅੱਖਾਂ ਵੱਲ ਦੇਖਿਆ ਤਾਂ ਸੁਪਰਵਾਈਜ਼ਰ ਦਾ ਹੱਥ ਹੇਠਾਂ ਆ ਗਿਆ ਤੇ ਖੁੱਲ੍ਹੇ ਮੂੰਹ ਨੀਵੀਂ ਪਾ ਕੇ ਵਾਪਸ ਪਰਤ ਗਈ।

ਮਿਲੇਨਾ ਨੇ ਮਾਗ੍ਰੇਟ ਨੂੰ ਕਿਹਾ- ਡਰ ਅਜਿਹਾ ਅਨੁਭਵ ਹੈ ਜੋ ਤੁਹਾਨੂੰ ਸਿੱਧਾ ਖੜ੍ਹਾ ਨਹੀਂ ਹੋਣ ਦਿੰਦਾ। ਸ਼ਾਂਤ ਚਿੱਤ ਜਦੋਂ ਮੈਂ ਜਲਾਦ ਵੱਲ ਦੇਖਦੀ ਹਾਂ, ਉਹ ਸਮਝ ਜਾਂਦਾ ਹੈ ਮਿਲੇਨਾ ਜ਼ੁਲਮ ਸਹਿਣ ਲਈ ਤਿਆਰ ਹੈ।

ਸੋਨਟਾਗ ਪੱਥਰ-ਦਿਲ ਅਫਸਰ ਸੀ। ਹੱਥ ਵਿਚਲੀ ਛਟੀ ਕੈਦੀਆਂ ਉਪਰ ਬਰਸਦੀ ਰਹਿੰਦੀ। ਮਿਲੇਨਾ ਦੇ ਲਾਗਿਓਂ ਲੰਘਣ ਲੱਗਾ ਤਾਂ ਰੋਮਾਂਚਿਤ ਮੁਦਰਾ ਵਿਚ ਛਟੀ ਮਿਲੇਨਾ ਦੀ ਠੋਡੀ ਹੇਠ ਛੁਹਾ ਦਿੱਤੀ।

ਮਿਲੇਨਾ ਨੇ ਛਟੀ ਫੜੀ, ਬਾਂਹ ਫੜੀ ਤੇ ਪਰੇ ਧੱਕਾ ਦੇ ਦਿੱਤਾ। ਇਸ ਬਦਤਮੀਜ਼ੀ ਦੀ ਸਜ਼ਾ ਕਾਲਕੋਠੜੀ ਸੀ, ਪਰ ਚੁਪ ਚਾਪ ਚਲਾ ਗਿਆ।

ਅਕਤੂਬਰ 1941 ਵਿਚ ਚੈੱਕ ਸੰਗੀਤਕਾਰ ਬੀਬੀ ਅੰਨਕਾ ਕੁਆਪਲੋਵਾ ਗ੍ਰਿਫਤਾਰ ਹੋ ਕੇ ਇਸ ਜੇਲ੍ਹ ਵਿਚ ਆਈ, ਲਿਖਦੀ ਹੈ, ਅਸੀਂ ਡਰੀਆਂ ਹੋਈਆਂ ਆਪਣੀ ਹੋਣੀ ਦੀ ਉਡੀਕ ਕਰ ਰਹੀਆਂ ਸਾਂ, ਪਤਾ ਨਹੀਂ ਕੀ ਕਰਨਗੇ ਸਾਡੇ ਨਾਲ। ਮਿਲੇਨਾ ਸਾਡੇ ਨੇੜੇ ਆਈ ਤੇ ਬੋਲੀ, "ਸੁਆਗਤ ਹੈ ਕੁੜੀਓ ਤੁਹਾਡਾ ਮੇਰੇ ਘਰ ਵਿਚ।" ਇਸ ਦਹਿਸ਼ਤਜ਼ਦਾ ਕੋਠੜੀ ਵਿਚ ਕੋਈ ਇਹੋ ਜਿਹਾ ਵੀ ਸੀ ਜਿਸਨੇ ਇਸਨੂੰ ਆਪਣਾ ਘਰ ਕਹਿ ਕੇ ਸਾਡਾ ਸੁਆਗਤ ਕੀਤਾ। ਕੈਦਣਾਂ ਦੇ ਪੇਟ ਸੁੱਕੇ ਹੋਏ ਸਨ ਤੇ ਲੱਤਾਂ ਸੁੱਜੀਆਂ ਹੋਈਆਂ।

ਮਿਲੇਨਾ ਮਾਰਗ੍ਰੇਟ ਨੂੰ ਅਕਸਰ ਆਖਦੀ- ਹੁਣ ਤਕ ਤਾਂ ਮੈਂ ਚਲੰਤ ਮਸਲਿਆਂ ਤੇ ਕਲਮ ਧਰੂਈ ਹੈ। ਰਿਹਾਈ ਤੋਂ ਬਾਦ ਚੰਗਾ ਲਿਖਾਂਗੀ। ਕਵਿਤਾ ਲਿਖਣ ਦੀ ਉਮਰ ਤਾਂ ਬੀਤ ਗਈ ਪਰ ਤਾਂ ਕੀ, ਵਾਰਤਕ ਕਿਹੜਾ ਮਾੜੀ ਹੈ। ਕਾਫਕਾ ਵਰਗੀ ਨਾ ਸਹੀ, ਤਾਂ ਵੀ ਚੰਗਾ ਹੋਏਗਾ ਜੋ ਲਿਖਾਂਗੀ। ਹੁਣ ਮੇਰੇ ਕੋਲ ਵਧੀਕ ਸੂਚਨਾ ਵਧੀਕ ਤਜਰਬਾ ਹੈ। ਜਿਸ ਗੱਲ ਦਾ ਮੈਨੂੰ ਤਸੀਹਾ ਕੇਂਦਰ ਵਿੱਚ ਪਤਾ ਲੱਗਾ ਉਹ ਇਹ ਕਿ ਇਹ ਗੱਲ ਗਲਤ ਹੈ ਕਿ ਤਕਲੀਫਾਂ ਵਿਚ ਆਦਮੀ ਸੰਵਰ ਜਾਂਦਾ ਹੈ, ਇਹ ਬਕਵਾਸ ਹੈ। ਅੱਗ ਚੋਂ ਦੀ ਨਿਕਲਕੇ ਕੁੰਦਨ ਤਾਂ ਕੀ ਬਣਨਾ ਆਦਮੀ ਜਾਨਵਰ ਬਣ ਜਾਂਦੈ।

ਜਿਹੜੀਆਂ ਕੈਦਣਾ ਕਟਰੋਲ ਤੋਂ ਬਾਹਰ ਹੋ ਜਾਂਦੀਆਂ ਯਾਨੀ ਕਿ ਮਾਨਸਿਕ ਤਵਾਜ਼ਨ ਗੁਆ ਬਹਿੰਦੀਆਂ ਜਾਂ ਫਿਰ ਲਾਇਲਾਜ ਬਿਮਾਰੀ ਵਿੱਚ ਗ੍ਰਸਤ ਹੋ ਜਾਂਦੀਆਂ ਉਨ੍ਹਾਂ ਨੂੰ ਜੇਲ੍ਹ ਦੇ ਹਸਪਤਾਲ ਵਿੱਚ ਦਾਖਲ ਕਰਵਾ ਦਿੰਦੇ ਜਿਥੇ ਇਲਾਜ ਇਕੋ ਸੀ। ਜ਼ਹਿਰ ਦਾ ਟੀਕਾ। ਇਲਾਜ ਲਈ ਗਈ ਕੈਦਣ ਵਾਪਸ ਨਹੀਂ ਆਉਂਦੀ ਸੀ। ਇੱਕ ਡਾਕਟਰਾਂ ਦੀ ਵਿਸ਼ੇਸ਼ ਟੀਮ ਜੇਲ੍ਹ ਵਿੱਚ ਆਈ ਤੇ ਕਿਹਾ ਕਿ ਵਧੀਕ ਗੰਭੀਰ ਕੈਦੀਆਂ ਨੂੰ ਵਡੇ ਹਸਪਤਾਲ ਵਿੱਚ ਲਿਜਾ ਕੇ ਇਲਾਜ ਕਰਨਾ ਹੈ। ਇਨ੍ਹਾਂ ਵਿੱਚ ਅਪਾਹਜ, ਟੀਬੀ, ਸਿਫਲਿਸ ਦੀਆਂ ਮਰੀਜ਼, ਮਾਨਸਿਕ ਰੋਗਣਾ, ਦਮੇ ਦੀਆਂ ਮਰੀਜ਼ ਔਰਤਾਂ ਸਨ। ਦੋ ਟਰੱਕ ਆਏ, ਲੱਦ ਕੇ ਲੈ ਗਏ। ਅਗਲੇ ਦਿਨ ਉਨ੍ਹਾਂ ਦੀਆਂ ਵਰਦੀਆਂ ਵਾਪਸ ਜੇਲ੍ਹ ਪੁੱਜੀਆਂ ਤਾਂ ਪਤਾ ਲੱਗਾ ਕਿ ਟਰੱਕਾਂ ਵਿੱਚ ਲੱਦ ਕੇ ਉਨ੍ਹਾਂ ਨੂੰ ਕਬਰਸਤਾਨ ਵਿੱਚ ਦਫਨਾ ਦਿੱਤਾ ਗਿਆ। ਇਸ ਪਿਛੋਂ ਯਹੂਦੀ ਜ਼ਨਾਨੀਆਂ ਦੀਆਂ ਸੂਚੀਆਂ ਬਣੀਆਂ। ਸਭ ਦਫਨ ਕੀਤੀਆਂ ਗਈਆਂ। ਗਰਭਵਤੀ ਔਰਤਾਂ ਗ੍ਰਿਫਤਾਰ ਹੋ ਕੇ ਅੰਦਰ ਆਉਂਦੀਆਂ। ਕੰਮ ਅਤੇ ਭੁਖਮਾਰੀ ਕਾਰਨ ਜੇ ਗਰਭਪਾਤ ਨਾ ਹੁੰਦਾ ਤੇ ਬੱਚਾ ਜੰਮ ਪੈਂਦਾ, ਹਸਪਤਾਲ ਦਾ ਡਾਕਟਰ ਦਸਦਾ- ਮਰਿਆ ਹੋਇਆ ਬੱਚਾ ਪੈਦਾ ਹੋਇਆ। ਵਾਸਤਵ ਵਿੱਚ ਨਵਜਾਤ ਹਰੇਕ ਬੱਚਾ ਇਸ਼ਨਾਨ ਕਰਵਾਉਣ ਵਾਲੇ ਟੱਬ ਵਿੱਚ ਡਬੋ ਕੇ ਮਾਰਿਆ ਜਾਂਦਾ।

ਪੱਤਰਕਾਰ ਹੋਣ ਕਾਰਨ ਉਹ ਕੁਝ ਨਾ ਭੁੱਲਦੀ, ਅਣਗਿਣਤ ਸਨਸਨੀਖੇਜ਼ ਘਟਨਾਵਾਂ ਸੁਣਾ ਕੇ ਦੁਖੀ ਹੁੰਦੀ, ਦੁਖੀ ਇਸ ਲਈ ਨਹੀਂ ਕਿ ਹੈਵਾਨੀਅਤ ਪਸਰ ਗਈ ਹੈ, ਦੁਖੀ ਇਸ ਕਰਕੇ ਹੁੰਦੀ ਕਿ ਉਹ ਇਸ ਵਿਰੁੱਧ ਕੁਝ ਕਰ ਨਹੀਂ ਸਕਦੀ। ਫਿਰ ਕਹਿ ਦਿੰਦੀ, ਹੋਰ ਕੁਝ ਨੀ ਕਰ ਸਕਦੀ, ਕਿਤਾਬ ਤਾਂ ਲਿਖਾਂਗੀ ਹੀ ਲਿਖਾਂਗੀ।

ਜਰਮਨਾ ਨੇ ਰੂਸ ਤੇ ਹੱਲਾ ਬੋਲ ਦਿੱਤਾ। ਬਹੁਤ ਸਾਰੀਆਂ ਰੂਸੀ ਔਰਤਾਂ ਇਸੇ ਤਸੀਹਾ ਕੇਂਦਰ ਵਿੱਚ ਲਿਆਂਦੀਆਂ ਗਈਆਂ। ਚੈੱਕ ਤੇ ਜਰਮਨ ਕਮਿਊਨਿਸਟ ਔਰਤਾਂ ਨੇ ਇਨ੍ਹਾਂ ਦਾ ਸਵਾਗਤ ਕੀਤਾ। ਖੁਸ਼ ਹੋਈਆਂ ਕਿ ਅਸਲੀ ਦੇਸ ਦੀਆਂ ਅਸਲੀ ਕਮਿਊਨਿਸਟ ਇਨਕਲਾਬਣਾ ਆਈਆਂ ਹਨ। ਇਨ੍ਹਾਂ ਤੋਂ ਬਾਕੀ ਕੈਦਣਾ ਬੜਾ ਕੁਝ ਸਿੱਖਣਗੀਆਂ। ਉਨ੍ਹਾਂ ਦੇ ਬਦਬੂ ਮਾਰਦੇ ਕੱਪੜੇ ਧੋਏ ਤੇ ਜੂਆਂ ਕੱਢੀਆਂ। ਇਨ੍ਹਾਂ ਔਰਤਾਂ ਦੀ ਜ਼ਬਾਨ ਏਨੀ ਗੰਦੀ ਕਿ ਮਰਦਾਂ ਨੂੰ ਸ਼ਰਮਾ ਜਾਏ। ਨਾ ਇਨ੍ਹਾਂ ਨੂੰ ਇਨਕਲਾਬ ਦਾ ਕੋਈ ਪਤਾ ਸੀ ਨਾ ਸਮਾਜਵਾਦ ਦਾ। ਇਹ ਸਿਆਸਤ ਤੋਂ ਕੋਰੀਆਂ ਅਨਪੜ੍ਹ ਔਰਤਾਂ ਸਨ। ਕੁਝ ਕੁ ਨੇ ਸਟਾਲਿਨ ਅਤੇ ਉਸਦੀ ਸਰਕਾਰ ਨੂੰ ਉਹ ਗਾਲਾਂ ਵਾਹੀਆਂ ਕਿ ਮਲਾਹਾਂ ਦੀ ਬਦ ਜ਼ਬਾਨ ਮਾਤ ਖਾ ਜਾਏ। ਚੈੱਕ ਕਮਿਊਨਿਸਟ ਨੇਤਾ ਬੀਬੀ ਪਲੈਕੋਵਾ ਪਹਿਲਾਂ ਤਾਂ ਕੁੱਝ ਦਿਨ ਕਹਿੰਦੀ ਰਹੀ ਕਿ ਸਾਰੀਆਂ ਰੂਸਣਾ ਏਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ ਪਰ ਹਫਤੇ ਕੁ ਬਾਅਦ ਉਸਦਾ ਵੀ ਮਾਨਸਿਕ ਤਵਾਜਨ ਵਿਗੜ ਗਿਆ। ਮਿਲੇਨਾ ਨੇ ਉਸਨੂੰ ਹਸਪਤਾਲ ਵਿੱਚ ਨਹੀਂ ਜਾਣ ਦਿੱਤਾ ਕਿਉਂਕਿ ਉਥੇ ਉਸਨੂੰ ਟੀਕਾ ਲਾ ਕੇ ਮਾਰ ਦੇਣਾ ਸੀ। ਜਦੋਂ ਹਾਲਤ ਬਦਤਰ ਹੋ ਗਈ, ਉਸਨੂੰ ਨਸ਼ੇ ਦਾ ਟੀਕਾ ਲਾਇਆ ਗਿਆ, ਉਹ ਚੀਕਦੀ ਰਹੀ-ਮੈਂ ਠੀਕ ਹਾਂ... ਮੈਂ ਠੀਕ ਹਾਂ ਕਿਉਂਕਿ ਉਸਨੂੰ ਲੱਗਿਆ ਇਹ ਜ਼ਹਿਰ ਦਾ ਟੀਕਾ ਹੈ। ਫਿਰ ਉਸਨੂੰ ਹਸਪਤਾਲ ਲੈ ਗਏ। ਇੱਕ ਔਰਤ ਨੇ ਦੱਸਿਆ- ਉਸਦੀ ਹਾਲਤ ਬਦਤਰ ਹੁੰਦੀ ਗਈ।

ਉਸਨੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਘੰਟਿਆਂ ਬੱਧੀ ਕੰਧ ਨਾਲ ਢੋਅ ਲਾਕੇ ਖਲੋਤੀ ਰਹਿੰਦੀ, ਫਿਰ ਚੀਕਣ ਲਗਦੀ, "ਸਟਾਲਿਨ ਆਈ ਲਵ ਯੂ।" ਦੋ ਹਫਤਿਆਂ ਬਾਦ ਜਦੋਂ ਉਸਦੀ ਲਾਸ਼ ਹਸਪਤਾਲੋਂ ਬਾਹਰ ਆਈ ਉਹ ਹੱਡੀਆਂ ਦੀ ਮੁੱਠੀ ਸੀ। ਆਪੇ ਮਰੀ ਕਿ ਟੀਕਾ ਲਾਕੇ ਮਾਰੀ ਗਈ ਕਿਸੇ ਨ ਪਤਾ ਨਹੀਂ।

ਕਮਿਊਨਿਸਟ ਔਰਤ ਕੈਦੀਆਂ ਦਾ ਵਰਤਾਰਾ ਅਜੀਬ ਸੀ। ਉਹ ਕੈਦਣਾ ਨੂੰ ਇਹ ਨਹੀਂ ਸਨ ਪੁਛਦੀਆਂ ਕਿ ਭੁਖੀਆਂ ਹੋ, ਜਾਂ ਦਰਦ ਕੁਝ ਘਟਿਆ ਕਿ ਨਹੀਂ, ਉਹ ਪੁਛਿਆ ਕਰਦੀਆਂ- ਤੂੰ ਕਾਮਰੇਡ ਹੈਂ ਕਿ ਨਹੀਂ। ਉਨ੍ਹਾਂ ਦੇ ਖਿਆਲ ਵਿੱਚ ਬਾਕੀ ਲੋਕ, ਕੁਲੀ, ਮਜ਼ਦੂਰ, ਬਿਮਾਰ, ਮਰਦੇ ਨੇ ਤਾਂ ਮਰਨ, ਕਮਿਊਨਿਸਟ ਬਚਣੇ ਚਾਹੀਦੇ ਨੇ, ਇਹ ਵਰਤਾਰਾ ਮਿਲੇਨਾ ਨੂੰ ਦੁਖੀ ਕਰਦਾ, ਉਹ ਹੋਰ ਸਖਤ ਹੋ ਜਾਂਦੀ। ਮਿਲੇਨਾ ਅੰਦਰਲਾ ਜੱਜ ਉਨ੍ਹਾਂ ਨੂੰ ਲਾਹਨਤਾ ਪਾਉਂਦਾ। ਕਮਿਊਨਿਸਟ ਕੈਦਣਾ ਉਸ ਨੂੰ "ਬੁਰਜੁਆ ਜ਼ਨਾਨੀ" ਸ਼ਬਦਾਂ ਦੀ ਅਕਸਰ ਗਾਲ ਦਿੰਦੀਆਂ।

ਜਰਮਨੀ ਨੇ ਰੂਸ ਤੇ ਹੱਲਾ ਬੋਲਿਆ ਤਾਂ ਮਿਲੇਨਾ ਤੋਂ ਇਲਾਵਾ ਸਾਰੀਆਂ ਕੈਦਣਾ ਖੁਸ਼ ਹੋਈਆਂ ਕਿ ਜਿੱਤ ਯਕੀਨਨ ਰੂਸ ਦੀ ਹੋਵੇਗੀ ਤੇ ਫਿਰ ਉਨ੍ਹਾ ਦੀ ਰਿਹਾਈ ਹੋਏਗੀ। ਮਿਲੇਨਾ ਦੀ ਰਾਜਨੀਤਕ ਸਮਝ ਅਥਾਹ ਸੀ। ਉਸਨੇ ਕਿਹਾ- ਜੇ ਸਟਾਲਿਨ ਜਿੱਤ ਗਿਆ ਤਾ ਯੋਰਪ ਉਸਦੇ ਸਾਰੇ ਪੁਰਾਣੇ ਗੁਨਾਹ ਮਾਫ ਕਰ ਦਏਗਾ ਤੇ ਨਵੇਂ ਗੁਨਾਹ ਕਰਨ ਦੀ ਇਜਾਜ਼ਤ ਦਏਗਾ, ਰਾਸ਼ਟਰੀ ਸਮਾਜਵਾਦ ਤੇ ਕਮਿਊਨਿਜ਼ਮ ਵਖ ਵਖ ਨਹੀਂ ਹਨ। ਕਾਮਰੇਡ ਔਰਤਾਂ ਇਹ ਗੱਲਾਂ ਸਣ ਕੇ ਬਾਕੀਆਂ ਨੂੰ ਆਖਦੀਆਂ- ਜਦੋਂ ਆਪਾਂ ਸਭ ਰਿਹਾਅ ਹੋਵਾਂਗੀਆਂ ਤਾਂ ਮਿਲੇਨਾ ਅਤੇ ਮਾਰਗ੍ਰੇਟ ਨੂੰ ਕੰਧ ਵਲ ਮੂੰਹ ਕਰਵਾਕੇ ਗੋਲੀਆਂ ਨਾਲ ਭੁੰਨ ਦਿਤਾ ਜਾਏਗਾ।

ਆਖਰ ਮਿਲੇਨਾ ਇਸ ਨਰਕ ਵਿੱਚ ਹਾਰ ਗਈ। ਉਸਨੂੰ ਅਧਰੰਗ ਦਾ ਦੌਰਾ ਪਿਆ। ਉਸਦਾ ਚਿਹਰਾ ਨੁੱਚੜ ਗਿਆ, ਉਸਨੂੰ ਬਿਮਾਰੀ ਦਾ ਦੁਖ ਨਹੀਂ ਸੀ, ਸੋਚਦੀ ਸੀ ਜ਼ਹਿਰ ਦਾ ਟੀਕਾ ਲਾਉਣਗੇ। ਸ਼ੀਸ਼ਾ ਦੇਖਕੇ ਕਹਿਣ ਲੱਗੀ- ਮੈਂ ਬਿਲਕੁਲ ਉਸ ਬਾਂਦਰ ਵਰਗੀ ਹੋ ਗਈ ਹਾਂ ਜਿਹੜਾ ਸਾਡੀ ਗਲੀ ਵਿੱਚ ਮੰਗਤੇ ਸਾਹਮਣੇ ਨੱਚਿਆ ਕਰਦਾ ਸੀ ਤੇ ਅਸੀਂ ਹੱਸ ਹੱਸ ਕੇ ਲੋਟ ਪੋਟ ਹੋ ਹੋ ਕੇ ਭੀਖ ਦਿੰਦੇ। ਜੀਵਨ ਛੋਟਾ ਮਾਰਗ੍ਰੇਟ, ਮੌਤ ਵੱਡੀ।

ਇਸੇ ਹਸਪਤਾਲ ਵਿੱਚ ਇੱਕ ਦਿਨ ਮਰਦ ਕੈਦੀਆਂ ਨੂੰ ਇਲਾਜ ਵਾਸਤੇ ਲਿਆਂਦਾ ਗਿਆ। ਇੱਕ ਮਰੀਜ਼ ਨੂੰ ਮਿਲੇਨਾ ਨੇ ਪਛਾਣ ਲਿਆ, ਇਹ ਤਾਂ ਪ੍ਰਸਿੱਧ ਚੈੱਕ ਇਤਿਹਾਸਕਾਰ ਜ਼ੇਵਿਸ ਕਲੰਦਰਾ ਸੀ। ਨਰਸ ਦੀ ਮਿੰਨਤ ਕਰਕੇ ਮਿਲੇਨਾ ਨੇ ਉਸ ਕੋਲ ਪਰਚੀ ਭੇਜੀ, ਲਿਖਿਆ ਸੀ-ਖਾਣ ਲਈ ਕੁੱਝ ਭੇਜਾਂ? ਜ਼ੇਵਿਸ ਨੇ ਜਵਾਬ ਦਿਤਾ, ਦੁਬਾਰਾ ਪਰਚੀ ਨਾ ਭੇਜੀਂ ਮਿਲੇਨਾ। ਤੂੰ ਤੇ ਮੈਂ ਵਡੀ ਮੁਸੀਬਤ ਵਿੱਚ ਫਸ ਜਾਂਗੇ। ਚੰਗੀ ਕਿਸਮਤ ਨੂੰ 1945 ਵਿੱਚ ਜ਼ੇਵਿਸ ਰਿਹਾ ਹੋਕੇ ਪਰਾਗ ਪੁੱਜ ਗਿਆ ਜਿਥੇ 1949 ਵਿੱਚ ਕਮਿਊਨਿਸਟਾਂ ਨੇ ਗ੍ਰਿਫਤਾਰ ਕਰਕੇ ਉਸਨੂੰ ਗੱਦਾਰ ਐਲਾਨ ਕੇ ਮੌਤ ਦੀ ਸਜ਼ਾ ਦਿੱਤੀ।

ਜੇਲ੍ਹ ਕਮਾਂਡੈਂਟ ਨੇ ਮਿਲੇਨਾ ਅਤੇ ਮਾਰਗ੍ਰੇਟ ਗੱਲਾਂ ਕਰਦੀਆਂ ਦੇਖ ਲਈਆਂ। ਉਸਨੇ ਗਰਜਦਿਆਂ ਮਾਰਗ੍ਰੇਟ ਨੂੰ ਕਿਹਾ- ਮੇਰੇ ਪਿਛੇ ਆ। ਉਹ ਤੁਰ ਪਈ। ਉਸਦ ਗਰਮ ਕੱਪੜੇ ਉਤਰਵਾ ਕੇ ਠੰਢੇ ਸੂਤੀ ਕੱਪੜੇ ਪੁਆਏ ਗਏ ਤੇ ਤਹਿਖਾਨੇ ਵਿੱਚ ਬੰਦ ਕਰ ਦਿਤੀ। ਇਹ ਇਮਾਰਤ ਪਹਿਲੋਂ ਬੈਂਕ ਹੁੰਦੀ ਸੀ ਤੇ ਇਹ ਜ਼ਮੀਨਦੋਜ਼ ਲੋਹੇ ਦਾ ਬਕਸਾ ਸਟਰਾਂਗ ਰੂਮ ਸੀ। ਉਹ ਨਾ ਰੋਈ ਕੁਰਲਾਈ, ਨਾ ਤਰਸ ਕਰਨ ਲਈ ਮਿੰਨਤਾਂ ਕੀਤੀਆਂ, ਕਿਹਾ ਕਰਦੀ- ਸਾਇਬੇਰੀਆ ਦਾ ਪੰਜ ਸਾਲਾ ਨਰਕ ਭੁਗਤ ਚੁਕੀ, ਫਿਰ ਇਸ ਸਭ ਕੁਝ ਦਾ ਕੀ ਮਾਇਨਾ? ਭੁਖੀ ਰੱਖਿਆ ਗਿਆ ਕਈ ਦਿਨਾਂ ਤੱਕ, ਤਾਂ ਸੁਫਨੇ ਆਉਂਦੇ ਜਿਵੇਂ ਆਲੇ ਦੁਆਲੇ ਡਬਲ ਰੋਟੀਆਂ ਦੇ ਪਹਾੜ ਹੋਣ। ਠੰਢ ਹੋਣ ਕਰਕੇ ਸੁਫਨਿਆਂ ਵਿੱਚ ਰੇਸ਼ਮੀ ਰਜਾਈਆਂ ਦਿਸਦੀਆਂ। ਕੁਝ ਦਿਨਾਂ ਬਾਦ ਇਹ ਸਭ ਬੰਦ। ਨਾ ਭੁਖ ਰਹੀ ਨਾਂ ਠੰਢ ਲੱਗੀ, ਆਲਾ ਦੁਆਲਾ ਸ਼ਾਂਤ ਹੋ ਗਿਆ, ਇਸ ਨੂੰ ਮੌਤ ਦੀ ਸ਼ਾਂਤੀ ਕਹੋਗੇ ਕਿ ਜੀਵਨ ਦੀ ਆਸ, ਪਤਾ ਨਹੀਂ, ਪਰ ਅਜੇ ਮਿਲੇਨਾ ਵਾਸਤੇ ਜਿਉਣਾ ਚਾਹੁੰਦੀ ਸੀ। ਉਸਨੂੰ ਮਾਰਗ੍ਰੇਟ ਦੀ ਲੋੜ ਸੀ। ਇੱਕ ਦਿਨ ਬੰਕਰ ਦਾ ਦਰਵਾਜਾ ਖੁੱਲ੍ਹਿਆ, ਇੱਕ ਕੈਦੀ ਔਰਤ ਨੇ ਨਿਕਾ ਜਿਹਾ ਪੈਕਟ ਦਿਤਾ। ਕਿਹਾ- ਮਿਲੇਨਾ ਨੇ ਭੇਜਿਆ ਹੈ, ਲੁਕਾ ਲੈ। ਮੈਂ ਚੱਲੀ। ਇੱਕ ਮੁੱਠੀ ਚੀਨੀ, ਥੋੜੀ ਕੁ ਬਰੈੱਡ ਤੇ ਦੋ ਬੰਦ। ਮਿਲੇਨਾ ਦੇ ਪਾਪਾ ਨੇ ਜੋ ਭੇਜਿਆ, ਉਸ ਵਿੱਚੋਂ ਹਿੱਸਾ। ਇੱਕ ਦਿਨ ਇਹੀ ਕੈਦਣ ਫੇਰ ਕੁਝ ਦੇਣ ਆਈ, ਮਾਰਗ੍ਰੇਟ ਨੇ ਪੋਟਲੀ ਹੱਥ ਵਿੱਚ ਫੜ ਲਈ, ਉਹ ਔਰਤ ਗਿੜਗਿੜਾਈ, ਕਹਿਣ ਲੱਗੀ- ਗ੍ਰੇਟ, ਮੈਂ ਮਿਲੇਨਾ ਨੂੰ ਤੇਰੇ ਵਲੋਂ ਕਹਿ ਦਿਆਂ ਕਿ ਤੈਨੂੰ ਕਿਸੇ ਚੀਜ਼ ਦੀ ਲੋੜ ਨੀ? ਇਹ ਖਤਰਨਾਕ ਕੰਮ ਹੈ ਗ੍ਰੇਟ, ਕਹਿਦਾਂ? ਉਸਨੇ ਹਾਂ ਵਿੱਚ ਸਿਰ ਹਿਲਾਇਆ। ਇਸ ਨੇਰ੍ਹੇ ਨਰਕ ਵਿੱਚ ਉਹ ਚਾਰ ਮਹੀਨੇ ਬੰਦ ਰਹੀ।

ਮਿਲੇਨਾ ਨੂੰ ਪਤਾ ਨਹੀਂ ਸੀ ਕਿ ਮਾਰਗ੍ਰੇਟ ਜਿਉਂਦੀ ਹੈ ਕਿ ਨਹੀਂ। ਉਹ ਕਮਾਂਡਰ ਰੈਮਡੋਰ ਕੋਲ ਗਈ। ਕਮਾਂਡਰ ਪੂਰਾ ਜਲਾਦ ਸੀ। ਮਿਲੇਨਾ ਨੇ ਕਿਹਾ- ਜੇ ਤੂੰ ਮੈਨੂੰ ਗ੍ਰੇਟ ਨੂੰ ਮਿਲਵਾ ਦਏਂ ਤਾਂ ਤੈਨੂੰ ਅਜਿਹਾ ਭੇਦ ਦੱਸਾਂਗੀ ਕਿ ਤੇਰੀ ਨੌਕਰੀ ਬਚ ਸਕੇ। ਰੈਮ ਉਛਲਿਆ, ਇਕ ਬਿਮਾਰ ਕੈਦਣ ਦੀ ਇਹ ਹਿੰਮਤ? ਜਦੋਂ ਉਲਟਾ ਸਿੱਧਾ ਬਕਵਾਸ ਕਰਨ ਲੱਗਾ ਤਾਂ ਮਿਲੇਨਾ ਨੇ ਕਿਹਾ- ਠੀਕ ਹੈ, ਤੇਰੀ ਮਰਜ਼ੀ। ਉਹ ਵਾਪਸ ਤੁਰਨ ਲੱਗੀ ਤਾਂ ਰੈਮ ਨੇ ਕਿਹਾ-ਅੱਛਾ, ਤਾਂ ਦੱਸ। ਮਿਲੇਨਾ ਨੇ ਕਿਹਾ- ਪਹਿਲਾਂ ਗ੍ਰੇਟ ਨੂੰ ਤਾਂ ਮਿਲਾ। ਰੈਮ ਨੇ ਕਿਹਾ- ਬਾਦ ਵਿਚ ਮਿਲਾਵਾਂਗਾ। ਮਿਲੇਨਾ ਨੇ ਕਿਹਾ- ਮੰਨ ਲਵਾਂ ਕਿ ਇਹ ਜਰਮਨ ਨਾਗਰਿਕ ਦਾ ਵਾਅਦਾ ਹੈ? ਰੈਮ ਨੇ ਹਾਂ ਵਿਚ ਸਿਰ ਹਿਲਾਇਆ। ਇਹੋ ਜਿਹੀ ਗੱਲ ਤੇ ਜਰਮਨ ਜਲਦੀ ਫੂਕ ਛਕ ਜਾਂਦੇ ਹਨ-ਪ੍ਰਾਮਿਸ ਆਫ ਏ ਜਰਮਨ! ਮਿਲੇਨਾ ਨੇ ਦੱਸਿਆ ਕਿ ਬਿਮਾਰ ਕੈਦਣਾਂ ਨੂੰ ਜ਼ਹਿਰ ਦੇ ਟੀਕੇ ਨਾਲ ਮਾਰਿਆ ਜਾ ਰਿਹਾ ਹੈ। ਜੋ ਕੈਦੀ ਕੈਦਣਾਂ ਬਿਮਾਰ ਨਹੀਂ ਪਰ ਸੋਨੇ ਦਾ ਕੋਈ ਦੰਦ ਹੈ, ਡਾ. ਰੇਜ਼ਨਥਾਲ ਤੇ ਨਰਸ ਗੇਰਡਾ ਜੋ ਡਾਕਟਰ ਦੀ ਰਖੇਲ ਹੈ ਮਾਰ ਦਿੰਦੇ ਹਨ। ਨਵਜਾਤ ਬੱਚੇ ਪਾਣੀ ਵਿਚ ਡੋਬ ਕੇ ਮਾਰੇ ਜਾਂਦੇ ਹਨ। ਇਕ ਕੈਦਣ ਨੇ ਖੁਦ ਬੱਚਾ ਜੰਮ ਦਿੱਤਾ, ਬੱਚੇ ਦੀਆਂ ਚੀਕਾਂ ਸਭ ਨੇ ਸੁਣੀਆਂ ਪਰ ਨਰਸ ਨੇ ਐਲਾਨ ਕੀਤਾ ਕਿ ਮਰਿਆ ਹੋਇਆ ਬੱਚਾ ਪੈਦਾ ਹੋਇਐ।

ਰੈਮ ਨੂੰ ਕਿਹੜਾ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਸੀ। ਪਰ ਓਹ ਡਰ ਗਿਆ ਕਿ ਗੱਲ ਹੁਣ ਨਸ਼ਰ ਹੋ ਗਈ ਹੈ, ਮੈਂ ਆਪਣੇ ਸਿਰ ਖਤਰਾ ਕਿਉਂ ਲਵਾਂ? ਖ਼ੈਰ ਉਸਨੇ ਮਿਲੇਨਾ ਅਤੇ ਗ੍ਰੇਟ ਦੀ ਮੁਲਾਕਾਤ ਕਰਵਾ ਦਿੱਤੀ ਤੇ ਡਾਕਟਰ ਅਤੇ ਨਰਸ ਨੂੰ ਗ੍ਰਿਫਤਾਰ ਕਰ ਲਿਆ। ਜੇ ਕਿਤੇ ਰੈਮ ਡਾਕਟਰ ਦੀ ਤਰਫਦਾਰੀ ਕਰਨ ਦਾ ਫੈਸਲਾ ਕਰ ਲੈਂਦਾ ਤਾਂ ਮਿਲੇਨਾ ਦੇ ਸਿਰ ਵਿਚ ਗੋਲੀ ਵੱਜਣੀ ਸੀ, ਇਸ ਗੱਲ ਦਾ ਮਿਲੇਨਾ ਨੂੰ ਪਤਾ ਸੀ, ਪਰ ਫਿਰ ਕੀ? ਇਸ ਨਾਲ ਵੀ ਕੀ ਫਰਕ ਪੈਂਦਾ? ਮਿਲੇਨਾ ਸਭ ਕਾਸੇ ਲਈ ਤਿਆਸ ਸੀ। ਪਰ ਗ੍ਰੇਟ ਨੂੰ ਮਿਲਣਾ ਜ਼ਰੂਰੀ ਸੀ। ਉਸਦੀ ਜ਼ਿੰਦਗੀ ਕੀਮਤੀ ਸੀ ਕਿਉਂਕਿ ਮਿਲੇਨਾ ਨੇ ਉਸ ਤੋਂ ਕਿਤਾਬ ਲਿਖਵਾਣੀ ਸੀ। ਮਿਲੇਨਾ ਖੁਦ ਲਿਖਣ ਤੋਂ ਅਪਾਹਜ ਹੋ ਗਈ ਸੀ।

ਇੱਕ ਦਿਨ ਰੈਮਡੋਰ ਮਿਲੇਨਾ ਕੋਲ ਆ ਕੇ ਬੋਲਿਆ- ਜੇ ਤ ਕੈਦਣਾਂ ਦੀ ਜਸੂਸੀ ਕਰਨ ਲਗ ਜਾਵੇਂ ਤੈਨੂੰ ਰਿਆਇਤਾਂ ਦਿਆਂ। ਮਿਲੇਨਾ ਹੱਸ ਪਈ- ਗਲਤ ਸਿਰਨਾਵੇਂ ਤੇ ਪੁੱਜ ਗਿਐ ਰੈਮ। ਮੈਂ ਦੁਖ ਵਿਚ ਤਾਂ ਹਾਂ, ਨਾ ਬੁਜ਼ਦਿਲ ਹਾਂ, ਨਾਂ ਮੂਰਖ। ਰੈਮ ਗੁੱਸਾ ਤਾਂ ਪੀ ਗਿਆ ਪਰ ਆਖਰ ਹੋਰ ਕੀ ਕਹਿੰਦਾ, ਬੋਲਿਆ- ਕੋਈ ਇਸ ਗੱਲ ਤੋਂ ਮੁਨਕਿਰ ਨਹੀਂ ਹੋ ਸਕਦਾ ਮਿਲੇਨਾ ਕਿ ਤੂੰ ਸ਼ਾਨਦਾਰ ਇਨਸਾਨ ਹੈਂ। ਮਿਲੇਨਾ ਨੇ ਕਿਹਾ- ਜੇ ਤੂੰ ਮੁਨਕਿਰ ਹੋ ਜਾਵੇਂ ਤਾਂ ਵੀ ਕੀ ਫਰਕ? ਮੈਂ ਹਾਂ ਈ ਜਦੋਂ ਸ਼ਾਨਦਾਰ।

ਕਾਫਕਾ ਨੇ ਮਿਲੇਨਾ ਨੂੰ ਖ਼ਤ ਵਿਚ ਦੇਰ ਪਹਿਲਾਂ ਲਿਖਿਆ ਸੀ- ਮੌਤ ਤਾਂ ਹੋਵੇ ਪਰ ਮੌਤ ਦੀ ਤਕਲੀਫ ਨਾ ਹੋਵੇ, ਇਹ ਇੱਛਾ ਗਲਤ ਹੈ। ਇਸ ਇੱਛਾ ਨੂੰ ਨਜ਼ਰਅੰਦਾਜ਼ ਕਰਕੇ ਵੀ ਮੌਤ ਦਾ ਜ਼ਿਕਰ ਹੋ ਸਕਦੈ।

ਇਕ ਦਿਨ ਮਿਲੇਨਾ ਨ ਮਾਰਗ੍ਰੇਟ ਨੂੰ ਕਿਹਾ- ਮੈਨੂੰ ਆਪਣੀ ਧੀ ਹੌਂਜ਼ਾ ਦੀ ਕੋਈ ਖਬਰ ਨੀਂ ਮਿਲੀ। ਕਿਸ ਰੰਗ ਦੇ ਕੱਪੜੇ ਪਹਿਨਦੀ ਹੋਵੇਗੀ? ਕੀ ਲੰਮੀਆਂ ਜੁਰਾਬਾਂ ਪਾਉਂਦੀ ਹੈ ਉਹ? ਖਾਸ ਖਾਸ ਦਿਨੀਂ ਕੀ ਕਰਿਆ ਕਰਦੀ ਹੈ? ਕੀ ਪਤਾ ਸਕੂਲ ਜਾਣੋ ਹਟ ਕੇ ਪਿਆਨੋ ਵਜਾਉਂਦੀ ਰਹਿੰਦੀ ਹੋਏ ਸਾਰਾ ਦਿਨ? ਨਾਨਾ ਆਪਣੀ ਦੋਹਤੀ ਉਪਰ ਉਵੇਂ ਸਖਤੀ ਕਰਦਾ ਹੋਇਗਾ ਜਿਵੇਂ ਮੇਰੇ ਉੱਪਰ?

ਇਕ ਦਿਨ ਮਿਲੇਨਾ ਨੇ ਪਿਤਾ ਦਾ ਖ਼ਤ ਗ੍ਰੇਟ ਨੂੰ ਪੜ੍ਹਨ ਲਈ ਦਿੱਤਾ। ਇਸ ਖਤ ਵਿਚ ਫਿਕਰ, ਧੀ ਪ੍ਰਤੀ ਪਿਆਰ ਅਤੇ ਸੱਚੇ ਦੁਖ ਤੋਂ ਇਲਾਵਾ ਕੁਝ ਨਹੀਂ ਸੀ। ਮਿਲੇਨਾ ਨੇ ਕਿਹਾ- ਖੂਨ ਦੇ ਰਿਸ਼ਤੇ ਬਾਬਤ ਪਿਆਰ ਪ੍ਰਗਟਾਉਣ ਦਾ ਮੇਰੇ ਪਾਪਾ ਦਾ ਆਪਣਾ ਹੀ ਅੰਦਾਜ਼ ਹੈ। ਇਸ ਨਾਲ ਕੀ ਫਰਕ ਪੈਂਦੇ? ਸਾਫ ਗੱਲ ਕੇਵਲ ਇਹ ਹੈ ਕਿ ਉਹ ਨਿਰਦਈ ਹੈ ਹੋਰ ਕੁਝ ਨਹੀਂ। ਮਿਲੇਨਾ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਗੈੱਸਟਾਪੋ ਨੇ ਉਸਦੀ ਮਾਸੂਮ ਧੀ ਉਪਰ ਜ਼ੁਲਮ ਢਾਏ ਪਰ ਉਹ ਟੁੱਟੀ ਨਹੀਂ ਕੋਈ ਭੇਦ ਨਹੀਂ ਦਿੱਤਾ, ਗੁੰਗੀ ਅਤੇ ਬੋਲੀ ਹੋ ਗਈ ਸੀ ਸਿਪਾਹੀਆਂ ਸਾਹਮਣੇ। ਉਸ ਦਾ ਨਾਨਾ ਫਖ਼ਰ ਨਾਲ ਦੋਸਤਾਂ ਵਿਚ ਇਸ ਗੱਲ ਦਾ ਜ਼ਿਕਰ ਕਰਿਆ ਕਰਦਾ ਸੀ।

ਸਾਰੀਆਂ ਸਖੀਆਂ ਨੇ ਫੈਸਲਾ ਕੀਤਾ ਕਿ 10 ਅਗਸਤ 1943 ਨੂੰ ਮਿਲੇਨਾ ਦਾ ਜਨਮ ਦਿਨ ਮਨਾਇਆ ਜਾਵੇ। ਡਰਦਿਆਂ, ਕਿਤੇ ਮਿਲੇਨਾ ਦਾ ਆਖਰੀ ਜਨਮ ਦਿਨ ਹੋਵੇ, ਸਾਰੀਆਂ ਉਸ ਵਾਸਤੇ ਤੁਹਫੇ ਤਿਆਰ ਕਰਦੀਆਂ ਰਹੀਆਂ। ਇਕ ਨੇ ਕਢਾਈ ਮਸ਼ੀਨ ਉਪਰ ਨਿੱਕੇ ਰੁਮਾਲ ਤੇ ਮਿਲੇਨਾ ਦਾ ਕੈਦੀ ਨੰਬਰ ਉਕਰਿਆ, ਇਕ ਨੇ ਕੱਪੜੇ ਉਪਰ ਲਾਲ ਰੰਗ ਦੀ ਟਾਕੀ ਕੱਟ ਕੇ ਨਿਕਾ ਜਿਹਾ ਦਿਲ ਬਣਾਇਆ, ਉਪਰ ਲਿਖਿਆ-

ਮਿਲੇਨਾ। ਗੱਲ ਕੀ ਮੇਜ਼ ਸੁਗਾਤਾਂ ਨਾਲ ਭਰ ਗਿਆ। ਇਸ ਪਾਰਟੀ ਵਿਚ ਨਰਤਕੀਆਂ, ਪੱਤਰਕਾਰ, ਚਿਤਰਕਾਰ, ਸਹਿਤਕਾਰ, ਸਿਆਸਤਦਾਨ ਹਰ ਕਿਸਮ ਦੀਆਂ ਕੈਦਣਾਂ ਸਨ। ਦੰਦਾਂ ਦੇ ਬੁਰਸ਼ ਨਾਲ ਹੀ ਅਨੇਕ ਚਿਤਰ ਤਿਆਰ ਕਰ ਲਏ ਗਏ। ਮਿਲੇਨਾ ਇਹ ਸਾਰਾ ਕੁਝ ਦੇਖ ਕੇ ਰੋ ਪਈ- ਏਨਾ ਵੱਡਾ ਸਰਪ੍ਰਾਈਜ਼? ਫਿਰ ਮਾਫੀ ਮੰਗੀ ਕਿ ਮੈਂ ਕਿੰਨੇ ਕਿੰਨੇ ਦਿਨ ਤੁਹਾਨੂੰ ਮਿਲ ਨੀਂ ਸਕਦੀ। ਪਰ ਹੁਣ ਮੈਂ ਠੀਕ ਹੋ ਜਾਵਾਂਗੀ।

ਉਹ ਕਿਹਾ ਕਰਦੀ- ਤੁਹਾਡੇ ਕੋਲ ਦੋ ਤਿੰਨ ਜਣੇ ਹੋਣ ਜੇ, ਮੇਰਾ ਮਤਲਬ ਹੈ, ਬਸ ਇਕ ਸਹੀ ਦੋਸਤ ਹੋਵੇ ਜਿਸ ਦੇ ਸਾਹਮਣੇ ਕਮਜ਼ੋਰ ਹੋਣ ਵਿਚ ਸ਼ਰਮ ਨਾ ਆਵੇ, ਜਿਹੜਾ ਦਿਆਲੂ ਹੋਵੇ ਕਿ ਉਸ ਅੱਗੇ ਪਸ਼ਚਾਤਾਪ ਕਰ ਸਕੋ, ਫਿਰ ਤੁਹਾਡੇ ਵਰਗਾ ਕੌਣ ਹੈ ਹੋਰ? ਤੁਸੀਂ ਉਸੇ ਤੋਂ ਕਿਸੇ ਰਿਆਇਤ ਦੀ ਉਮੀਦ ਕਰ ਸਕਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੋਵੇ। ਬਾਕੀਆਂ ਤੋਂ ਕੌਣ ਰਿਆਇਤ ਮੰਗਦਾ ਹੈ? ਆਪਣੇ ਆਪ ਨਾਲ ਤਾਂ ਕੋਈ ਰਿਆਇਤ ਕਰਦਾ ਵੀ ਨਹੀਂ।

ਸਾਲ 1944 ਦੀਆਂ ਸਰਦੀਆਂ ਕਹਿਰਵਾਨ ਸਨ। ਹਿਟਲਰ ਥਾਂ ਥਾਂ ਹਾਰ ਰਿਹਾ ਸੀ ਪਰ ਇਧਰ ਕੈਦੀ ਵੀ ਕਿਹੜਾ ਬਚਣ ਲਗੇ ਸਨ। ਇਕ ਇਕ ਦਿਨ ਵਿਚ ਪੰਜਾਹ ਪੰਜਾਹ ਮੌਤਾਂ ਹੁੰਦੀਆਂ। ਕੈਦੀ ਆਪਣੇ ਮੁਰਦੇ ਢੋਂਦੇ।ਬਹੁਤੇ ਤਾਬੂਤ ਕੀ ਕਰਨੇ? ਇਕ ਇਕ ਕੱਫਨ ਵਿਚ ਦੋ ਦੋ ਪਿੰਜਰ ਵੜ ਜਾਂਦੇ। ਕਈ ਵਾਰ ਇਨ੍ਹਾਂ ਦੀ ਵੀ ਲੋੜ ਨਾਂ ਪੈਂਦੀ। ਟੋਆ ਪੁਟਿਆ, ਮੁਰਦੇ ਸੁੱਟੇ ਤੇ ਮਾੜੀ ਮੋਟੀ ਮਿਟੀ ਪਾ ਦਿੱਤੀ। ਕਬਰਾਂ ਦੀ ਖੁਦਾਈ ਕੈਦੀ ਕਰਦੇ। ਠੇਕੇਦਾਰ ਵੇਡਲੈਂਡ ਆਪਣੀ ਘੋੜਾ ਗੱਡੀ ਉਪਰ ਲਾਸ਼ਾਂ ਢੋਇਆ ਕਰਦਾ ਸੀ ਪਰ ਕੰਮ ਵਧ ਜਾਣ ਕਰਕੇ ਉਸਨੇ ਟਰੱਕ ਲੈ ਲਿਆ।

ਮਿਲੇਨਾ ਇਸ ਕਰਕੇ ਘਸਰਦੀ ਘਸਰਦੀ ਕੰਮ ਤੇ ਜਾਂਦੀ ਕਿ ਕਿਤੇ ਉਸਨੂੰ ਪੂਰਨ ਅਪਾਹਜ ਸਮਝ ਕੇ ਟੀਕਾ ਨਾ ਲਾ ਦੇਣ। ਉਂਜ ਉਸ ਅੰਦਰਲੀ ਜੀਵਨ ਰੌਂ ਖਤਮ ਹੋ ਗਈ ਸੀ। ਕਦੀ ਹਉਕਾ ਲੈ ਕੇ ਕਹਿੰਦੀ- ਮੈਂ ਜਿਉਂਦੀ ਪਰਾਗ ਨਹੀਂ ਜਾ ਸਕਦੀ ਹੁਣ। ਜੇ ਕਿੱਤੇ ਵੇਡਲੈਂਡ ਆਖਾ ਮੰਨ ਲਵੇ, ਮੇਰੀ ਲਾਸ਼ ਪਰਾਗ ਪੁਚਾ ਦੇਵੇ? ਉਹਦੀ ਜਾਕਟ ਕਿੰਨੀ ਸੁਹਣੀ ਐ, ਕਿੰਨਾ ਭਲਾ ਮਨੁੱਖ ਹੈ ਉਹ।

ਪਹਿਲੇ ਡਾਕਟਰ ਦੀ ਬਦਲੀ ਪਿਛੋਂ ਅੰਗਰੇਜ਼ ਡਾਕਟਰ ਟ੍ਰਾਇਟ ਆਇਆ। ਉਹ ਭਲਾ ਜੁਆਨ ਸੀ। ਉਸਨੇ ਮਿਲੇਨਾ ਨੂੰ ਦੱਸਿਆ ਕਿ ਉਹ ਮਿਲੇਨਾ ਦੇ ਪਾਪਾ ਦਾ ਵਿਦਿਆਰਥੀ ਰਿਹਾ ਹੈ। ਮਿਲੇਨਾ ਨੂੰ ਇਤਬਾਰ ਆ ਗਿਆ। ਉਸਦਾ ਡਾਕਟਰ ਨੇ, ਮੁਕੰਮਲ ਮੁਆਇਨਾ ਕੀਤਾ। ਇਕ ਗੁਰਦਾ ਪੂਰੀ ਤਰ੍ਹਾਂ ਅਲਸਰ ਨੇ ਨਕਾਰਾ ਕਰ ਦਿੱਤਾ ਸੀ। ਇਹ ਕੱਢਣਾ ਜ਼ਰੂਰੀ ਸੀ। ਤਿਆਰੀਆਂ ਹੋ ਗਈਆਂ। ਖੂਨ ਕਿਥੇ ਸੀ? ਚੜ੍ਹਾਇਆ ਗਿਆ। ਇਹ ਜਨਵਰੀ 1944 ਦੀ ਗੱਲ ਹੈ। ਉਸਨੇ ਖੂਨ ਚੜ੍ਹਨ ਤੋਂ ਬਾਦ ਖੁਸ਼ੀ ਖੁਸ਼ੀ ਆਪਣੇ ਲਾਲ ਲਾਲ ਹੱਥ ਕੈਦਣਾਂ ਨੂੰ ਦਿਖਾਏ। ਆਪ੍ਰੇਸ਼ਨ ਸ਼ੁਰੂ ਹੋਇਆ ਤਾਂ ਬਦਕਿਸਮਤੀ ਨਾਲ ਬੇਹੋਸ਼ੀ ਦੌਰਾਨ ਵਿਚਕਾਰੋਂ ਜਾਗ ਪਈ ਤੇ ਡਾਕਟਰ ਨੂੰ ਕੱਟ ਕੇ ਕੱਢੀ ਕਿਡਨੀ ਦਿਖਾਉਣ ਲਈ ਕਿਹਾ। ਡਾਕਟਰ ਨੇ ਦਿਖਾ ਦਿੱਤੀ, ਫਿਰ ਬੇਹੋਸ਼ ਕਰ ਦਿੱਤੀ। ਚਿਹਰਾ ਪੀਲਾ ਸੀ। ਪੂਰੀ ਹੋਸ਼ ਵਿਚ ਆਉਣ ਤੋਂ ਪਹਿਲਾਂ ਉਸਦੇ ਬੁੱਲ੍ਹ ਕਰਕੇ, ਚੈੱਕ ਭਾਸ਼ਾ ਵਿਚ ਇਹ ਸ਼ਬਦ ਕਹੇ- ਸ਼ੁਕਰ ਹੈ ਤੇਰਾ ਪਰਮੇਸ਼ਰ ਪਿਤਾ, ਮਿਹਰਬਾਨ ਪਿਤਾ।

ਉਹ ਰਾਜੀ ਹੋਣ ਲੱਗੀ। ਉਸਦੇ ਵਾਰਡ ਵਿਚ ਛੇ ਔਰਤਾਂ ਮੌਤ ਅਤੇ ਜਿੰਦਗੀ ਵਿਚਕਾਰ ਘਿਰੀਆਂ ਘੁਲ ਰਹੀਆਂ ਸਨ। ਮਿਲੇਨਾ ਦੀ ਜਿੰਦਗੀ ਮੁੜੀ ਦੇਖਕੇ ਉਹਨਾਂ ਦੀਆਂ ਅੱਖਾਂ ਵਿਚ ਚਮਕ ਆ ਗਈ, ਜੀਵਨ ਫਿਰ ਧੜਕਣ ਲੱਗਾ। ਮਿਲੇਨਾ ਦੇ ਪਿਤਾ ਨੇ ਪਾਰਸਲ ਭੇਜਿਆ, ਸਭ ਕੁਝ ਮਰੀਜਾਂ ਵਿਚ ਵੰਡ ਦਿੱਤਾ ਗਿਆ। ਮਨਹੂਸ ਕਮਰਾ ਤਿਉਹਾਰ ਵਿਚ ਬਦਲ ਗਿਆ। ਇਕ ਮਾਸੂਮ ਕੁੜੀ ਨੂੰ ਜੇਲ੍ਹ ਦਾ ਖਾਣਾ ਕਦੀ ਨਹੀਂ ਪਚਿਆ, ਮਰਨ ਕਿਨਾਰੇ ਪੁੱਜੀ ਹੋਈ ਸੀ- ਮਿਲੇਨਾ ਦੇ ਪਿਤਾ ਵਲੋਂ ਆਈਆਂ ਖਾਣ ਚੀਜਾਂ ਵੱਲ ਉਹ ਦੇਖਣੋ ਹਟੀ ਹੀ ਨਾ। ਉਸਨੂੰ ਉਸਦਾ ਹਿੱਸਾ ਦਿੱਤਾ ਗਿਆ ਤਾਂ ਉਸਨੇ ਰੱਬ ਦੇ ਸ਼ੁਕਰਾਨੇ ਦਾ ਗੀਤ ਗਾਇਆ। ਸਾਰੀਆ ਕੈਦਣਾਂ ਉਸ ਨਾਲ ਮਿਲ ਕੇ ਗਾਉਣ ਲੱਗੀਆਂ।

ਮਿਲੇਨਾ ਮੰਜੀ ਤੋਂ ਉਠ ਕੇ ਦਰਵਾਜ਼ੇ ਸਾਹਮਣੇ ਬੈਠ ਕੇ ਸੀਖਾਂ ਵਿਚੋਂ ਦੀ ਬਾਹਰਲੀ ਆਜ਼ਾਦ ਦੁਨੀਆਂ ਦੇਖਣ ਲਈ ਉਠਣ ਵਾਸਤੇ ਤਾਣ ਲਾਉਣ ਲੱਗੀ, ਵਿਅਰਥ। ਫਿਰ ਉਹ ਰੋਸ਼ਨਦਾਨ ਵਿਚੋਂ ਦੀ ਆਕਾਸ਼ ਵਿਚ ਉਡਦੇ ਬੱਦਲ ਦੇਖਣ ਲੱਗੀ ਜੋ ਮਰਜੀ ਨਾਲ ਇੱਧਰ ਉਧਰ ਜਾ ਸਕਦੇ ਸਨ। ਇੰਨੇ ਨੂੰ ਭਾਰ ਢੋਂਦੀਆਂ ਕੈਦਣਾਂ ਨੇ ਇਕ ਗੀਤ ਛੇੜ ਲਿਆ:

ਖਿੜ ਗਏ ਨੇ ਦੇਸ਼ ਦੇ ਗੁਲਾਬ।

www.punjabilibrary.com

ਜਾਣਾ ਹੈ ਜਨਾਬ, ਉਥੇ ਜਾਵਾਂਗੇ ਜਨਾਬ।
ਰੰਗ ਬਰੰਗੇ ਖੁਸ਼ਬੂ ਭਿੰਨੇ ਖਿੜ ਗਏ ਗੁਲਾਬ
ਜਾਨੂੰ ਖਿੜ ਗਏ ਗੁਲਾਬ।

ਇਹ ਬੋਲ ਸੁਣ ਕੇ ਮਿਲੇਨਾ ਨੇ ਦੋਵਾਂ ਹੱਥਾਂ ਨਾਲ ਮੂੰਹ ਢਕ ਲਿਆ ਤੇ ਖੂਬ ਰੋਈ।

ਅਪ੍ਰੈਲ ਦੇ ਮਹੀਨੇ ਦੂਜਾ ਗੁਰਦਾ ਖਰਾਬ ਹੋ ਗਿਆ। ਹੁਣ ਸਭ ਉਮੀਦਾਂ ਖਤਮ। ਕੈਦਣਾਂ ਨੇ ਰਲ ਕੇ ਸੂਰਜ ਅੱਗੇ ਅਰਦਾਸ ਕੀਤੀ, ਰਾਤ ਪਈ ਤਾਂ ਤਾਰਿਆਂ ਅੱਗੇ ਹੱਥ ਜੋੜੇ। ਜਿੰਨੀ ਵਧੀਕ ਹਾਲਤ ਵਿਗੜਦੀ, ਮਿਲੇਨਾ ਉਨੇ ਹੀ ਵਿਸ਼ਵਾਸ ਨਾਲ ਕਿਹਾ ਕਰਦੀ ਮੈਂ ਠੀਕ ਹੋ ਰਹੀ ਆਂ। ਮੇਰੇ ਪੈਰਾਂ ਦਾ ਰੰਗ ਦਖੋ, ਇਹ ਮਰਦੀ ਹੋਈ ਔਰਤ ਦੇ ਪੈਰ ਨੇ? ਮੇਰੇ ਹੱਥ ਦੀਆਂ ਲਕੀਰਾਂ ਮਿਟ ਰਹੀਆਂ ਨੇ, ਮਿਟਿਆ ਈ ਕਰਦੀਆਂ ਨੇ।

ਪਿਤਾ ਨੇ ਕੁਝ ਕੁ ਦਿਨਾਂ ਦੇ ਵਕਫੇ ਬਾਦ ਤਿੰਨ ਖੂਬਸੂਰਤ ਦ੍ਰਿਸ਼ਾਂ ਵਾਲੇ ਪੋਸਟਕਾਰਡ ਭੇਜੇ, ਇਹ ਮੋਜ਼ਾਰਟ ਦੀਆਂ ਕਲਾਕ੍ਰਿਤਾਂ ਦੀਆਂ ਫੋਟੋਆਂ ਸਨ, ਮਿਲੇਨਾ ਕੈਦਣਾਂ ਨੂੰ ਦਸਦੀ ਰਹਿੰਦੀ- ਦੇਖੋ, ਇਹ ਪੁਲ। ਆਪਣੇ ਦੋਸਤ ਫਰੇਡੀ ਮੇਅਰ ਨਾਲ ਮੈਂ ਇਹ ਪੁਲ ਪਾਰ ਕਰਦੀ ਹੁੰਦੀ, ਅਹਿ ਸੰਤ ਜਾੱਨ ਦਾ ਬੁੱਤ ਹੈ ਜਿਸਦੇ ਪਿਛੇ ਤੰਗ ਗਲੀ ਪਰਾਗ ਦੇ ਬਜ਼ਾਰ ਵੱਲ ਜਾਂਦੀ ਹੈ। ਇਹ ਪੇਂਟਿੰਗ ਦੇਖੋ- ਚਾਰ ਦੇਵਤਿਆਂ ਦੇ ਹੱਥਾਂ ਵਿਚ ਤਲਵਾਰਾਂ ਹਨ, ਦਰਵਾਜ਼ਾ ਲੰਘ ਕੇ ਅਸੀਂ ਮਹੱਲ ਅੰਦਰ ਚਲੇ ਜਾਂਦੇ, ਪੌੜੀਆਂ ਚੜ੍ਹਨੀਆਂ ਪੈਂਦੀਆਂ ਸਨ।

ਫਿਰ ਪਿਤਾ ਦਾ ਖ਼ਤ ਆਇਆ, ਖੂਬਸੂਰਤ ਬਸੰਤ ਦੀਆਂ ਗੱਲਾਂ ਲਿਖੀਆਂ ਹੋਈਆਂ, ਬਾਗ ਵਿਚ ਪਿਉ ਧੀ ਵਲੋਂ ਪੁਰਾਣੇ ਦਿਨਾਂ ਦੀ ਸਵੇਰ ਦੀ ਸੈਰ, ਜੰਗਲ ਦੀ ਸੈਰ, ਗੱਲਾਂ ਪੜ੍ਹਕੇ ਕਿਹਾ- ਮਾਰਗ੍ਰੇਟ, ਪਾਪਾ ਹੋਰ ਕਿਉਂ ਨਹੀਂ ਲਿਖਦੇ?

ਕੁਝ ਦਿਨਾਂ ਬਾਦ ਪਿਤਾ ਦਾ ਫਿਰ ਖਤ ਆਇਆ।ਲਿਖਿਆ ਸੀ-ਮੁਬਾਰਕ ਧੀਏ। ਮੇਰੀ ਦੋਹਤੀ ਨੇ ਬਾਹਰਵੀਂ ਪਾਸ ਕਰ ਲਈ ਹੈ। ਪੜ੍ਹਨ ਨੂ ਚੰਗੀ ਨਿਕਲੀ ਐ। ਪਿਤਾ ਨੇ ਝੂਠ ਲਿਖਿਆ, ਮਿਲੇਨਾ ਨੇ ਝੂਠ ਫੜ ਲਿਆ ਤੇ ਅਗੋਂ ਚਿੱਠੀ ਨਹੀਂ ਪੜ੍ਹੀ।

15 ਮਈ 1944 ਨੂੰ ਵਾਨ ਜ਼ੇਵਿਟ ਦਾ ਭੇਜਿਆ ਪਾਰਸਲ ਆਇਆ। ਮਿਲੇਨਾ ਨੂੰ ਸੁਣਨੋ ਤੇ ਦਿੱਸਣੋ ਘਟ ਗਿਆ ਸੀ। ਬਾਰ ਬਾਰ ਪੁੱਛਦੀ, ਕਿਸਦਾ ਪਾਰਸਲ? ਬਾਰ ਬਾਰ ਦੱਸਿਆ ਜਾਂਦਾ- ਜ਼ੇਵਿਟ ਦਾ। ਉਹ ਦਾ ਜੀ ਕਰਦਾ ਸੀ ਬਾਰ ਬਾਰ ਕੋਈ ਇਹੋ ਨਾਮ ਸੁਣਾਈ ਜਾਵੇ। ਫਿਰ ਸ਼ੁਕਰਾਨੇ ਵਿਚ ਠੰਢਾ ਸਾਹ ਲਿਆ, ਖੁਸ਼ ਹੋ ਕੇ ਕਿਹਾ- ਸ਼ੁਕਰ ਰੱਬ ਸੱਚੇ ਦਾ ਕਿ ਉਹ ਜਿਉਂਦਾ ਹੈ। ਮੈਂ ਸਮਝਦੀ ਰਹੀ ਉਸਨੂੰ ਗੋਲੀ ਮਾਰ ਦਿੱਤੀ ਗਈ।

ਮਿਲੇਨਾ ਦੇ ਪਿਤਾ ਨੂੰ ਜ਼ੇਵਿਟ ਨੇ ਹੀ ਦੱਸਿਆ ਸੀ ਕਿ ਮਿਲੇਨਾ ਕਿਸ ਤਸੀਹਾ ਕੇਂਦਰ ਵਿਚ ਹੈ। ਮਿਲੇਨਾ ਤੋਂ ਬਾਦ ਉਹ ਵੀ ਫੜਿਆ ਗਿਆ ਸੀ ਪਰ ਚੰਗੀ ਕਿਸਮਤ ਜ਼ਮਾਨਤ ਹੋ ਗਈ। ਮਿਲੇਨਾ ਦੀ ਜ਼ਮਾਨਤ ਵਾਸਤੇ ਉਸਨੇ ਇੰਤਜ਼ਾਮ ਕਰ ਲਏ, ਅਦਾਲਤ ਦੀ ਪ੍ਰਵਾਨਗੀ, ਜ਼ਮਾਨਤੀ ਬਾਂਡ। ਵਕੀਲ ਦੇ ਘਰ ਬੰਬ ਡਿਗਿਆ, ਸਭ ਖਤਮ। ਮਾਰਗ੍ਰੇਟ ਆਪਣੀ ਜੇਲ੍ਹ ਡਿਊਟੀ ਦੀ ਮਸ਼ੱਕਤ ਤੇ ਗਈ ਹੋਈ ਸੀ ਕਿ ਇਕ ਕੈਦਣ ਦੌੜੀ ਗਈ- ਮਿਲੇਨਾ ਮਰ ਰਹੀ ਹੈ ਗ੍ਰੇਟ, ਮਿਲੇਨਾ ਮਰ ਰਹੀ ਹੈ ਗ੍ਰਟ। ਮਿਲੇਨਾ ਦਾ ਚਿਹਰਾ ਸ਼ਾਂਤ, ਅਨੰਦਿਤ, ਚਮਕਦਾ, ਚਮਕਦੀਆਂ ਨੀਲੀਆਂ ਅੱਖਾਂ ਨਾਲ ਮਾਰਗ੍ਰੇਟ ਵੱਲ ਦੇਖਕੇ ਮਿਲਣ ਲਈ ਬਾਹਾਂ ਫੈਲਾਈਆਂ। ਆਲੇ-ਦੁਆਲੇ ਚੈੱਕ ਕੈਦਣਾਂ ਘੇਰਾ ਪਾਈ ਖਲੋਤੀਆਂ ਸਨ। ਫਿਰ ਬੇਹੋਸ਼ ਹੋ ਗਈ। ਦੋ ਦਿਨ ਬਾਦ 17 ਮਈ ਨੂੰ ਹਮੇਸ਼ ਵਾਸਤੇ ਅੱਖਾਂ ਬੰਦ ਹੋ ਗਈਆਂ।

ਡਾਕਟਰ ਨੇ ਪਿਤਾ ਜੇਸੈਂਸਕੀ ਨੂੰ ਟੈਲੀਗ੍ਰਾਮ ਦਿੱਤੀ- ਚਾਹੋ ਤਾਂ ਮਿਲੇਨਾ ਦਾ ਤਾਬੂਤ ਪਰਾਗ ਲਿਜਾ ਸਕਦੇ ਹੋ।

ਮਾਰਗ੍ਰੇਟ, ਵੱਡੇ ਜੇਲ੍ਹ-ਦਰਵਾਜ਼ੇ ਤੱਕ ਲਾਸ਼ ਵਿਦਾ ਕਰਨ ਗਈ ਲਿਖਦੀ ਹੈ, "ਹਲਕੀ ਬੂੰਦਾ ਬਾਂਦੀ ਹੋ ਰਹੀ ਸੀ। ਮੈਂ ਚਾਹੁੰਦੀ ਸਾਂ ਮੇਰੀਆਂ ਗੱਲ੍ਹਾਂ ਉਪਰਲੀਆਂ ਬੂੰਦਾਂ ਨੂੰ ਕਣੀਆਂ ਸਮਝਿਆ ਜਾਵੇ। ਮੌਤ ਤੋਂ ਕੁਝ ਦਿਨ ਪਹਿਲਾਂ ਮਿਲੇਨਾ ਨੇ ਮੈਨੂੰ ਕਿਹਾ, ਯਾਦ ਐ ਨਾ ਤੈਨੂੰ? ਕਿਤਾਬ ਲਿਖਣੀ ਯਾਦ ਹੈ ਨਾ? ਘੱਟੋ ਘੱਟ ਤੂੰ ਮੈਨੂੰ ਨਹੀਂ ਭੁੱਲੇਂਗੀ। ਤੇਰੇ ਰਾਹੀਂ ਮੈਂ ਜਿਉਂਦੀ ਰਹਾਂਗੀ। ਤੇਰੇ ਰਾਹੀਂ ਲੋਕਾਂ ਨੂੰ ਪਤਾ ਲੱਗੇਗਾ ਮਿਲੇਨਾ ਕੁੜੀ ਕੌਣ ਸੀ। ਤੂੰ ਮੇਰੀ ਹਮਦਰਦ ਹੈ, ਮੇਰੀ ਜੱਜ। ਉਸਦੇ ਇਹਨਾਂ ਬੋਲਾਂ ਨੇ ਮੈਨੂੰ ਉਸਦੀ ਕਥਾ ਲਿਖਣ ਦੀ ਹਿੰਮਤ ਦਿੱਤੀ।"

# ਦੋਰਾ

*(ਜੋ ਸੰਭਵ ਹੈ, ਵਾਪਰਕੇ ਰਹੇਗਾ ਯਕੀਨਨ,*
*ਜੋ ਵਾਪਰਿਆ, ਉਹੀ ਸੰਭਵ ਸੀ- ਕਾਫਕਾ)*

ਕਾਫਕਾ ਦੀ ਪਤਨੀ ਦੋਰਾ ਦੇ ਜੀਵਨ ਬਾਬਤ ਲਿਖਤਾਂ ਪ੍ਰਾਪਤ ਹਨ ਪਰ ਕੈਥੀ ਦਾਇਮੰਤ ਦੀ ਲਿਖਤ ਸਭ ਤੋਂ ਵਧੀਕ ਭਰੋਸੇਯੋਗ ਹੈ। ਕਿਤਾਬ ਦਾ ਨਾਮ ਹੈ, *ਕਾਫਕਾ'ਜ਼ ਲਾਸਟ ਲਵ* । ਇਹ ਕਿਤਾਬ ਉਸਨੇ ਮੂਲ ਸਰੋਤ ਲੱਭ ਕੇ ਲਿਖੀ ਹੈ ਤੇ ਉਨ੍ਹਾਂ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ ਹਨ ਜਿਹੜੇ ਦੋਰਾ ਦੇ ਨਜ਼ਦੀਕ ਰਹੇ, ਇਨ੍ਹਾਂ ਵਿਚ ਉਸ ਦੇ ਪਰਿਵਾਰ ਦੇ ਮੈਂਬਰ ਵੀ ਹਨ। ਯਹੂਦੀਆਂ ਦੇ ਪੁਰਾਤਨ ਧਰਮ ਗ੍ਰੰਥ ਹਿਬਰੂ ਭਾਸ਼ਾ ਵਿਚ ਹਨ ਪਰ ਜਿਹੜੀ ਬੋਲੀ ਹੁਣ ਯਹੂਦੀ ਬਸਤੀਆਂ ਵਿਚ ਬੋਲੀ ਜਾਂਦੀ ਹੈ ਉਹ ਯਿੱਦਿਸ਼ ਹੈ ਜੋ ਹਿਬਰੂ ਦੇ ਨੇੜੇ ਹੈ। ਹਿਬਰੂ ਅਤੇ ਅਰਬੀ ਵੀ ਆਪਸ ਵਿਚ ਇਕ ਦੂਜੀ ਦੇ ਬਹੁਤ ਨੇੜੇ ਹਨ, ਹਿਬਰੂ ਦੇ ਪਹਿਲੇ ਅੱਖਰ ਅਲਿਫ, ਬੇ, ਵੇ, ਜੀਮ, ਦਾਲ, ਹੇ, ਆਦਿਕ ਹੀ ਹਨ। ਦੋਰਾ ਦੀਆਂ ਯਿਦਿਸ਼ ਲਿਖਤਾਂ ਵਿਚੋਂ ਹਵਾਲੇ ਦਿੱਤੇ ਹਨ। ਉਸਨੇ ਜਰਮਨ ਵਿਚ ਵੀ ਆਪਣੀਆਂ ਲਿਖਤਾਂ ਛਪਵਾਈਆਂ, ਉਨ੍ਹਾਂ ਦਾ ਅਧਿਐਨ ਹੈ। ਕੈਥੀ ਨੇ ਰੂਸ, ਇਜ਼ਰਾਈਲ, ਪੋਲੈਂਡ, ਜਰਮਨ ਅਤੇ ਅਮਰੀਕਾ ਦੇ ਪੁਰਾ-ਖੋਜ ਕੇਂਦਰ ਛਾਣੇ ਹਨ। ਕੈਥੀ ਦੱਸਦੀ ਹੈ ਜਦੋਂ ਉਹ 1971 ਵਿਚ ਕਾਫਕਾ ਦੀ ਕਹਾਣੀ *ਮੈਟਾਮਾਰਫੋਸਿਸ* ਨੂੰ ਅਨੁਵਾਦ ਕਰ ਰਹੀ ਸੀ ਤਾਂ ਉਸਦੇ ਅਧਿਆਪਕ ਨੇ ਪੁੱਛਿਆ, ਤੂੰ ਵੀ ਦਾਇਮੰਤ ਹੈਂ ਕੈਥੀ, ਤੂੰ ਦੋਰਾ ਦਾਇਮੰਤ ਦੀ ਰਿਸ਼ਤੇਦਾਰ ਹੈਂ ? ਕੈਥੀ ਨੇ ਕਿਹਾ- ਮੈਂ ਤਾਂ ਇਹ ਨਾਮ ਪਹਿਲੀ ਵਾਰ ਸੁਣਿਆਂ ਹੈ, ਕੌਣ ਸੀ ਦੋਰਾ? ਅਧਿਆਪਕ ਨੇ ਕਿਹਾ- ਕਾਫਕਾ ਦੇ ਜੀਵਨ ਵਿਚ ਆਖਰੀ ਔਰਤ, ਉਸਦੀਆਂ ਬਾਹਵਾਂ ਵਿਚ ਕਾਫਕਾ ਨੇ ਆਖਰੀ ਸਾਹ ਲਿਆ, ਦੋਰਾ ਨੇ ਉਸਦੀਆਂ ਲਿਖਤਾਂ ਨੂੰ ਅੱਗ ਲਾ ਦਿੱਤੀ ਸੀ। ਅਧਿਆਪਕ ਦੀ ਗੱਲ ਸੁਣ ਕੇ ਕੈਥੀ ਨੇ ਮੈਕਸਬਰੋਦ ਲਿਖਤ ਕਾਫਕਾ ਦੀ ਜੀਵਨੀ ਪੜ੍ਹੀ ਤਾਂ ਜਾਣਿਆਂ ਕਿ ਦੋਰਾ ਜਦੋਂ ਕਾਫਕਾ ਨੂੰ ਮਿਲੀ, ਉੱਨੀ ਸਾਲ ਦੀ ਸੀ। ਇਹੀ ਹੁਣ ਕੈਥੀ ਦੀ ਉਮਰ।

ਕੈਥੀ ਲਿਖਦੀ ਹੈ- ਇਹ ਕਿਤਾਬ ਲਿਖਣ ਵਿਚ ਸਹਾਇਤਾ ਬਹੁਤ ਭਲੇ ਲੋਕਾਂ ਨੇ ਕੀਤੀ ਪਰ ਸਚ ਜਾਣਨਾ, ਦੋਰਾ ਮੇਰੀ ਸਹੇਲੀ ਬਣ ਗਈ, ਉਹ ਹਰ ਵਕਤ ਮੇਰੇ ਨਾਲ ਨਾਲ ਤੁਰਦੀ, ਮੈਂ ਉਸ ਤੋਂ ਸਿੱਖਿਆ, ਕਿਸੇ ਦੇ ਕੰਮ ਕਿਵੇਂ ਆਉਣਾ ਹੈ, ਆਪਣੇ ਆਪ ਨੂੰ ਬਦਲੀਦਾ ਕਿਵੇਂ ਹੈ। ਸਾਲ 1948 ਵਿਚ ਕਾਫਕਾ ਬਾਰੇ ਉਸਦੀ ਪਹਿਲੀ ਇੰਟਰਵਿਊ ਛਪੀ ਸੀ ਜਿਸ ਵਿਚ ਉਸਨੇ ਕਿਹਾ ਸੀ- ਮੈਂ ਨਿਰਪੱਖ ਨਹੀਂ ਹਾਂ, ਹੋ ਈ ਨਹੀਂ ਸਕਦੀ, ਇਸ ਕਰਕੇ ਜਿਹੜੇ ਤੱਥ ਦੱਸਾਂਗੀ ਉਨ੍ਹਾਂ ਦਾ ਕੋਈ ਮਹੱਤਵ ਨਹੀਂ, ਇਕ ਪਵਿੱਤਰ ਮਾਹੌਲ ਸਿਰਜਾਂਗੀ ਮੈਂ। ਜਿਹੜੀ ਕਹਾਣੀ ਤੁਹਾਨੂੰ ਸੁਣਾਵਾਂਗੀ ਉਸਦੇ ਧੁਰ ਅੰਦਰ ਵੱਖਰੀ ਤਰ੍ਹਾ ਦਾ ਸੱਚ ਹੈ ਤੇ ਮੈਂ ਉਸ ਸੱਚ ਦਾ ਨਿੱਕਾ ਹਿੱਸਾ ਹਾਂ, ਸੋ ਨਿਰਪੱਖ ਨਹੀਂ। ਇਹ ਸਤਰਾਂ ਲਿਖਦੀ ਹੋਈ ਕੈਥੀ ਆਖਦੀ ਹੈ, ''ਮੈਂ ਦੋਰਾ ਦੇ ਦਾਇਮੰਤ ਪਰਿਵਾਰ ਨੂੰ ਮਿਲੀ, ਉਨ੍ਹਾਂ ਤੋਂ ਬਹੁਤ ਹੌਸਲਾ ਮਿਲਿਆ। ਮੈਨੂੰ ਸਬੂਤ ਤਾਂ ਨਹੀਂ ਮਿਲੇ ਪਰ ਅਹਿਸਾਸ ਹੋਇਆ ਕਿ ਮੈਂ ਦੋਰਾ ਦਾਇਮੰਤ ਦੀ ਰਿਸ਼ਤੇਦਾਰ ਹਾਂ, ਸੋ ਮੈਂ ਵੀ ਨਿਰਪੱਖ ਨਹੀਂ ਹਾਂ।''

ਤਿੰਨ ਜੂਨ 1924 ਅੱਧੀ ਰਾਤ, ਕਾਫਕਾ, ਸੈਨੇਟੋਰੀਅਮ ਵਿਚ ਸੁੱਤਾ ਪਿਆ ਸੀ। ਦੋਰਾ ਲਾਗੇ ਬੈਠੀ ਬੱਚਿਆਂ ਨਾਲ ਖੇਡਦਾ ਦੇਖਿਆ ਸੀ। ਖੁਦ ਇਹ ਕੁੜੀ ਦਰਮਿਆਨੇ ਕੱਦ ਤੇ ਦਰਮਿਆਨੀ ਦਿੱਖ ਵਾਲੀ ਸੀ। ਡੂੰਘੀਆਂ ਕਾਲੀਆਂ ਅੱਖਾਂ, ਜਦੋਂ ਮੁਸਕ੍ਰਾਉਂਦੀ, ਮੋਨਾਲਿਜ਼ਾ ਵਰਗੀ ਉਦਾਸੀ ਉਦੋਂ ਵੀ ਉਸਦੇ ਚਿਹਰੇ ਉਪਰ ਟਿਕੀ ਹੁੰਦੀ। ਆਪਣੀ ਇਹ ਸ਼ਕਲ ਉਸਨੂੰ ਖੁਦ ਵੀ ਚੰਗੀ ਲੱਗਦੀ ਸੀ ਕਿਉਂਕਿ ਬਹੁਤੀਆਂ ਫੋਟੋਆਂ ਵਿਚ ਇਹੋ ਉਦਾਸ ਮੁਸਕਣੀ ਹੈ। ਇਹ ਯਤੀਮ ਰਫਿਊਜੀ ਬੱਚਿਆਂ ਦਾ ਕੈਂਪ ਸੀ ਜਿਹੜੇ ਦੂਜੀ ਸੰਸਾਰ ਜੰਗ ਵਿਚ ਉਜੜ ਗਏ ਸਨ। ਐਤਵਾਰ ਦਾ ਦਿਨ ਹੋਣ ਕਰਕੇ ਵੱਡਾ ਖਾਣਾ ਤਿਆਰ ਕਰਨਾ ਸੀ। ਉਹ ਖਪਰੇ ਨਾਲ ਮੱਛੀਆਂ ਦੇ ਸਿਰ ਧੜ ਤੋਂ ਵੱਖ ਕਰਨ ਲੱਗੀ। ਪਿਛੋਕੜ ਪੋਲੈਂਡ ਦਾ ਸੀ ਪਰ ਦਸਵੀਂ ਪਾਸ ਇਸ ਕੁੜੀ ਨੇ ਇਸ਼ਤਿਹਾਰ ਪੜ੍ਹੇ ਜਿਨ੍ਹਾਂ ਰਾਹੀਂ ਅਨਾਥ ਯਹੂਦੀ ਬੱਚਿਆਂ ਦੀ ਦੇਖ ਭਾਲ ਵਾਸਤੇ ਵਾਲੰਟੀਅਰਾਂ ਦੀ ਮੰਗ ਕੀਤੀ ਸੀ। ਇਹ ਕੁੜੀ ਖੁਦ ਵਿਤਕਰੇ ਅਤੇ ਨਫਰਤ ਦਾ ਜ਼ਾਇਕਾ ਚੱਖ ਚੁੱਕੀ ਸੀ ਇਸ ਕਰਕੇ ਬਿਨਾਂ ਪਰਿਵਾਰ ਨੂੰ ਦੱਸਿਆਂ ਪੁੱਛਿਆਂ, ਕੈਂਪ ਵਿਚ ਆ ਗਈ। ਬੱਚੇ ਇਹਨੂੰ ਏਸ ਕਰਕੇ ਪਿਆਰ ਕਰਦੇ ਸਨ ਕਿਉਂਕਿ ਇਸ ਜਿੰਨੀਆਂ ਕਹਾਣੀਆਂ ਕਿਸੇ ਨੂੰ ਨਹੀਂ ਆਉਂਦੀਆਂ ਸਨ।

ਦੋਰਾ ਉਸਨੂੰ ਦੇਖ ਰਹੀ ਸੀ, ਤਿੱਖਾ ਨੱਕ, ਡੂੰਘੀਆਂ ਅੱਖਾਂ, ਲੰਮਾ ਕੱਦ, ਜਿਵੇਂ ਗੋਰੇ ਰੰਗ ਦਾ ਕੋਈ ਹਿੰਦੁਸਤਾਨੀ ਹੋਵੇ। ਪਹਿਲੀ ਵਾਰ ਦੇਖਣ ਵਕਤ ਦੋਰਾ ਨੂੰ ਉਹ ਹਿੰਦੁਸਤਾਨੀ ਹੀ ਲੱਗਿਆ ਸੀ। ਸਾਹਮਣੇ ਖਿੜਕੀ ਖੁੱਲ੍ਹੀ ਸੀ ਜਿਸ ਵਿਚੋਂ ਤਾਜ਼ੀ ਹਵਾ ਅੰਦਰ ਆ ਰਹੀ ਸੀ, ਛਾਤੀ ਹੌਲੀ ਹੌਲੀ ਹੇਠ ਉਪਰ ਉਠ ਬੈਠ ਰਹੀ ਸੀ।

ਹੁਣ ਉਹ ਨਿਰੰਤਰ ਮੌਤ ਵੱਲ ਵਧ ਰਿਹਾ ਸੀ ਪਰ ਦੋਰਾ ਬਜ਼ਿਦ ਸੀ ਕਿ ਉਹ ਉਸਨੂੰ ਮੌਤ ਦੇ ਪੰਜੇ ਵਿਚੋਂ ਛੁਡਾ ਲਏਗੀ। ਇਸ ਯਹੂਦੀ ਕੁੜੀ ਨੇ ਬਚਪਨ ਵਿਚ ਇੰਜੀਲ ਦੀਆਂ ਸਾਖੀਆਂ ਸੁਣੀਆਂ ਤੇ ਪੜ੍ਹੀਆਂ ਸਨ ਜਿਨ੍ਹਾਂ ਵਿੱਚ ਕਰਾਮਾਤਾਂ ਹੀ ਕਰਾਮਾਤਾਂ ਸਨ। ਇਥੇ ਵੀ ਕਰਾਮਾਤ ਹੋਏਗੀ ਤੇ ਕਾਫਕਾ ਤੰਦਰੁਸਤ ਹੋ ਕੇ ਘਰ ਜਾਏਗਾ। ਨਿਕੀ ਜਿਹੀ ਘੁੱਟ ਅੰਦਰ ਲੰਘਾਦਿਆਂ ਬਹੁਤ ਦਰਦ ਹੁੰਦਾ ਸੀ, ਤਾਂ ਵੀ ਕਾਫਕਾ ਦੀ ਇੱਛਾ ਸੀ ਜਿਊਂਦਾ ਰਹਾਂ। ਉਸ ਨੂੰ ਸਾਹ ਔਖਾ ਔਣ ਲੱਗਾ ਤਾਂ ਦੋਰਾ ਨੇ ਉਸਦੇ ਮੱਥੇ ਤੇ ਹੱਥ ਰੱਖ ਕੇ ਕਿਹਾ, ''ਜੇ ਤੂੰ ਨਾ ਬਚਿਆ ਮੈਂ ਖੁਦਕੁਸ਼ੀ ਕਰ ਲਵਾਂਗੀ ਫਰਾਂਜ਼।'' ਮਾਸੂਮ ਬਲੈਕਮੇਲ। ਕਾਫਕਾ ਮਰ ਗਿਆ। ਦੋਰਾ ਦੇਰ ਤੱਕ ਜਿਊਂਦੀ ਰਹੀ। ਗਿਆਰਾਂ ਮਹੀਨੇ ਪਹਿਲਾਂ ਜਦੋਂ ਉਹ ਕਾਫਕਾ ਨੂੰ ਮਿਲੀ, ਉਸੇ ਦਿਨ ਉਸ ਅੰਦਰ ਇਕ ਸੁਫਨੇ ਨੇ ਜਨਮ ਲਿਆ ਸੀ ਕਿ ਇਕੱਠੇ ਫਲਸਤੀਨ ਜਾਵਾਂਗੇ।

13 ਜੁਲਾਈ 1923 ਨੂੰ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਵਾਸਤੇ ਬਾਲਟਿੱਕ ਸਾਗਰ ਕਿਨਾਰੇ ਕੈਂਪ ਦੀ ਰਸੋਈ ਵਿਚ ਮੱਛੀਆਂ ਸਾਫ ਕਰ ਰਹੀ ਸੀ। ਦਿਨ ਵਿਚ ਪਤਲੇ ਲੰਮੇ ਕੱਦ ਦਾ ਇਕ ਬੰਦਾ ਉਸਨੇ ਦੋ ਪੁਰਾਣੀ ਬਾਈਬਲ ਦੀਆਂ ਸਾਖੀਆਂ ਸੁਣਾਉਂਦੀ ਸੁਣਾਉਂਦੀ ਉਹ ਯੈਰੋਸ਼ਲਮ ਪਹੁੰਚ ਜਾਂਦੀ, ਕਿਹਾ ਕਰਦੀ- ਗੈਲੀਲੀ ਦੇ ਖੇਤ, ਕੈਨਾਨ ਦੇਸ, ਵਡੇਰਿਆਂ ਦੀ ਪਵਿਤਰ ਧਰਤੀ। ਸੁਣਿਐ ਰੇਗਿਸਤਾਨ ਹੈ, ਤਾਂ ਕੀ, ਅਸੀਂ ਬਾਗ ਲਾਵਾਂਗੇ, ਸਾਡੇ ਬੱਚੇ, ਫਿਰ ਬੱਚਿਆਂ ਦੇ ਬੱਚੇ ਉਥੇ ਬੇਖੌਫ ਖੇਡਿਆ ਕਰਨਗੇ।

ਭੈਣ ਭਰਾਵਾਂ ਵਿਚੋਂ ਵੱਡੀ ਦੋਰਾ ਸੀ, ਮਾਂ ਦੀ ਮੌਤ ਹੋਈ ਤਾਂ ਬੱਚਿਆਂ ਦੀ ਪਰਿਵਰਸ਼ ਦਾ ਭਾਰ ਦੋਰਾ ਨੇ ਢੋਇਆ। ਕਠਿਨ ਕੰਮ ਤਾਂ ਸੀ ਪਰ ਇਸ ਨਾਲ ਉਸ ਅੰਦਰ ਮਮਤਾ ਦੇ ਅੰਸ਼ ਬਲਵਾਨ ਹੋ ਗਏ, ਉਸਨੂੰ ਜ਼ਿੰਮੇਵਾਰੀ ਸੰਭਾਲਣੀ ਬਚਪਨ ਵਿਚ ਆ ਗਈ। ਯਹੂਦੀ ਪਿਤਾ ਹਠ-ਧਰਮੀ ਸੀ। ਕੁੜੀਆਂ ਦੀ ਪੜ੍ਹਾਈ ਦੇ ਖਿਲਾਫ, ਧਰਮ ਗ੍ਰੰਥਾਂ ਦਾ ਪਾਠ ਤਾਂ ਬਿਲਕੁਲ ਨਹੀਂ। ਕਿਹਾ ਕਰਦਾ- ਪੈਗੰਬਰਾਂ ਦੀਆਂ ਗੱਲਾਂ ਦਾ ਨਿਆਣਿਆਂ ਨਾਲ ਕੀ ਵਾਸਤਾ? ਪਹਿਲੀ ਪਤਨੀ ਦੀ ਮੌਤ ਤੋਂ ਦਸ ਸਾਲ ਬਾਦ ਉਸਨੇ ਦੂਜਾ ਵਿਆਹ ਕਰਵਾ ਲਿਆ ਤਦ ਦੋਰਾ ਜੁਆਨ ਹੋ ਚੁਕੀ ਸੀ। ਪਿਤਾ ਨੇ ਆਗਿਆ ਨਹੀਂ ਦੇਣੀ ਸੀ, ਬਿਨਾਂ ਦੱਸੇ ਇਸ ਕੈਂਪ ਵਿਚ ਆ ਗਈ। ਥੋੜਾ ਕੁ ਚਿਰ ਥਿਏਟਰ ਵਿਚ ਵੀ ਕੰਮ ਕੀਤਾ। ਉਸਨੇ ਪਰੰਪਰਾ ਤੋਂ ਹਟ ਕੇ ਨਵਾਂ ਯੋਰਪੀਅਨ ਜੀਵਨ ਬਤੀਤ ਕਰਨ ਦਾ ਫੈਸਲਾ ਕੀਤਾ, ਖੁਦ ਕਮਾਏਗੀ, ਖਾਏਗੀ, ਆਪਣੇ ਫੈਸਲੇ ਆਪ ਕਰੇਗੀ। ਪੋਲੈਂਡ ਛੱਡ ਕੇ ਜਰਮਨੀ ਆ ਗਈ, ਕਿਹਾ ਕਰਦੀ ਸੀ - ਦੋਸਤੋਵਸਕੀ ਦੇ ਨਾਵਲ ਦਾ ਕੋਈ ਆਮ ਜਿਹਾ ਪਾਤਰ ਅੱਖਾਂ ਵਿਚ ਸੁਫਨੇ ਸੰਜੋਅ ਕੇ ਜਿਵੇਂ ਹਨ੍ਹੇਰੇ ਰਸਤੇ ਵੱਲ ਤੁਰ ਪੈਂਦਾ ਹੈ, ਮੈਂ ਇਸ ਤਰ੍ਹਾਂ ਤੁਰੀ ਅਨਜਾਣ ਰਾਹਾਂ ਉਪਰ। ਪਿਤਾ ਨੇ ਮੋੜਨ ਦਾ ਯਤਨ ਕੀਤਾ, ਵਿਅਰਥ। ਪਿਤਾ ਅਨੁਸਾਰ ਕਲੰਕ ਲਾ ਗਈ।

ਮੱਛੀਆਂ ਦੇ ਟੁਕੜੇ ਕਰਦਿਆਂ ਫਿਰ ਉਸਦਾ ਖਿਆਲ ਸਾਗਰ ਕੰਢੇ ਬੱਚਿਆਂ ਨਾਲ ਖੇਡਦੇ ਲੰਮ ਸਲੰਮੇ ਜੁਆਨ ਵੱਲ ਚਲਾ ਗਿਆ। ਕੈਂਪ ਵਿਚ ਐਲਾਨ ਹੋਇਆ ਸੀ ਕਿ ਅੱਜ ਪਰਾਗ ਦਾ ਡਾ. ਕਾਫਕਾ ਨਾਮ ਦਾ ਲੇਖਕ ਆਏਗਾ। ਕਮਰੇ ਵਿਚ ਬੂਹੇ ਥਾਣੀ ਆਉਂਦੀ ਰੌਸ਼ਨੀ ਮੱਧਮ ਪਈ ਤਾਂ ਉਸਨੇ ਦੇਖਿਆ ਦਰਵਾਜ਼ੇ ਉਪਰ ਉਹੀ ਲੰਮਾ ਬੰਦਾ ਖਲੋਤਾ ਸੀ, ਸਿਰ ਰਤਾ ਕੁ ਟੇਢਾ। ਕੱਲ੍ਹ ਨਾਲੋਂ ਰਤਾ ਕੁ ਵਧੀਕ ਲੰਮਾ, ਛੇ ਫੁੱਟ ਤੋਂ ਵਧੀਕ। ਉਸਨੇ ਰਸੋਈ ਅੰਦਰ ਕਦਮ ਰੱਖਿਆ ਤਾਂ ਦੋਰਾ ਦੇ ਦਿਲ ਅੰਦਰ ਕੁਝ ਘਬਰਾਹਟ ਹੋਈ। ਉਸਦੀ ਨਜ਼ਰ ਕਿਸੇ ਜਾਦੂਗਰ ਵਰਗੀ ਸੀ। ਬੰਦੇ ਨੇ ਕਿਹਾ - ਨਾਜ਼ੁਕ ਹੱਥਾਂ ਨੂੰ ਕਿਹਾ ਖੂਨੀ ਕੰਮ ਕਰਨਾ ਪੈ ਗਿਆ। ਸਿਰ ਨੀਵਾ ਕਰਕੇ ਆਪਣੇ ਟੋਪ ਨੂੰ ਹੱਥ ਨਾਲ ਛੂਹ ਕੇ ਸਲਾਮ ਕੀਤਾ। ਫਿਰ ਚਲਾ ਗਿਆ।

ਸ਼ਾਮ ਦੇ ਖਾਣੇ ਵੇਲੇ ਸਾਰੇ ਬੱਚੇ ਬੈਂਚਾਂ ਤੇ ਖਾਮੋਸ਼ ਬੈਠੇ ਸਨ ਤਾਂ ਦੋਰਾ ਨੇ ਦੇਖਿਆ ਉਹੀ ਅਜਨਬੀ ਕੁਝ ਗੱਲਾਂ ਕਰਨ ਆਇਆ ਹੈ। ਇਹ ਹੈ ਪਰਾਗ ਤੋਂ ਡਾ. ਕਾਫਕਾ। ਨਜ਼ਦੀਕ ਹੋਟਲ ਵਿਚ ਰਹਿੰਦਾ ਹੈ। ਕੈਂਪ ਦੇ ਰਸਤੇ ਦਾ ਪਤਾ ਨਹੀਂ ਸੀ ਇਸ ਲਈ ਟਹਿਲਦਾ ਟਹਿਲਦਾ ਰਸੋਈ ਵੱਲ ਲੰਘ ਗਿਆ ਸੀ। ਕੱਲ੍ਹ ਜਦੋਂ ਦੋਰਾ ਨੇ ਇਸ ਨੂੰ ਦੇਖਿਆ ਸੀ ਤਾਂ ਇਕ ਮੁੰਡਾ ਇਕ ਕੁੜੀ ਇਸ ਨਾਲ ਖੇਡ ਰਹੇ ਸਨ ਤੇ ਇਕ ਔਰਤ ਲਾਗੇ ਖਲੋਤੀ ਸੀ। ਦੋਰਾ ਨੇ ਸਮਝਿਆ ਇਹ ਇਸ ਦਾ ਪਰਿਵਾਰ ਹੈ। ਪਰ ਅੱਜ ਇਹ ਇਕੱਲਾ ਕਿਉਂ ਆਇਆ ਹੈ ਹਾਲ ਵਿਚ? ਬਾਦ ਵਿਚ ਪਤਾ ਲੱਗਾ ਕਿ ਹੋਟਲ ਵਿਚ ਉਹ ਆਪਣੀ ਭੈਣ ਅਤੇ ਭਾਣਜੀ ਨਾਲ ਰਹਿ ਰਿਹਾ ਹੈ, ਅਜੇ ਵਿਆਹਿਆ ਹੋਇਆ ਨਹੀਂ। ਇਹ ਖਬਰ ਸੁਣ ਕੇ ਦੋਰਾ ਨੂੰ ਖੁਸ਼ੀ ਹੋਈ। ਪ੍ਰਾਰਥਨਾ, ਕੀ ਪਤਾ ਸੁਣੀ ਜਾਵੇ। ਇਹ ਤਾਂ ਪਹਿਲੇ ਦਿਨ ਮੱਛੀਆਂ ਵਾਲੀ ਟਿੱਪਣੀ ਤੋਂ ਜਾਣ ਗਈ ਕਿ ਉਹ ਮਾਸਾਹਾਰੀ ਨਹੀਂ, ਉਸ ਨੂੰ ਪਤਾ ਲੱਗਦਾ ਗਿਆ ਕਾਫਕਾ ਨੇ ਵਕਾਲਤ ਵਿਚ ਡਾਕਟਰੇਟ ਦੀ ਡਿਗਰੀ ਲੈ ਕੇ ਬੀਮਾ ਕੰਪਨੀ ਵਿਚ ਅਫਸਰ ਦੀ ਨੌਕਰੀ ਸ਼ੁਰੂ ਕਰ ਦਿੱਤੀ ਹੈ ਤੇ ਲੇਖਕ ਵਜੋਂ ਆਪਣੀ ਸਾਖ ਬਣਾ ਚੁੱਕਾ ਹੈ।

ਹਾਲ ਵਿਚ ਦਾਖਲ ਹੋਇਆ ਤਾਂ ਸਾਰੇ ਬੱਚੇ ਉਤਸੁਕਤਾ ਨਾਲ ਉਸ ਵੱਲ ਦੇਖਣ ਲੱਗੇ। ਪੰਜ ਸਾਲ ਦਾ ਇਕ ਬੱਚਾ ਖਲੋ ਕੇ ਕੁਝ ਕਹਿਣ ਹੀ ਲੱਗਾ ਸੀ ਕਿ ਲੱਤਾਂ ਕੰਬੀਆਂ, ਡਿੱਗ ਪਿਆ, ਸਾਰਾ ਹਾਲ ਹੱਸਣ ਲੱਗਾ। ਮੁੰਡੇ ਦੀ ਖਿੱਲੀ ਉੱਡ ਗਈ। ਕਾਫਕਾ ਉਸ ਦੇ ਨੇੜੇ ਗਿਆ। ਪਿਆਰ ਨਾਲ ਗੱਲ੍ਹਾਂ ਥਪ-ਥਪਾਂਦਿਆਂ ਕਿਹਾ - ਯਾਰ ਤੂੰ ਕਿੰਨੇ ਅਰਾਮ ਨਾਲ ਡਿਗਿਆ ਤੇ ਕਿੰਨੀ ਸ਼ਾਨ ਨਾਲ ਆਪੇ ਫਿਰ ਖੜਾ ਹੋ ਗਿਆ, ਕਮਾਲ ਐਂ ਤੂੰ। ਸਾਰਿਆਂ

ਨੇ ਤਾੜੀਆਂ ਅਤੇ ਕਿਲਕਾਰੀਆਂ ਨਾਲ ਬੱਚੇ ਨੂੰ ਦਾਦ ਦਿੱਤੀ ਤਾਂ ਉਹ ਵੀ ਹੱਸਣ ਲੱਗ ਗਿਆ। ਦੋਰਾ ਇਸ ਘਟਨਾ ਨੂੰ ਕਦੀ ਨਹੀਂ ਭੁੱਲੀ। ਕਾਫਕਾ ਦੀ ਮੌਤ ਦੇ ਪੱਚੀ ਸਾਲ ਬਾਦ ਉਸਨੇ ਇਹ ਘਟਨਾ ਦੁਹਰਾਉਂਦਿਆਂ ਕਿਹਾ ਸੀ – ਕਾਫਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਉਸ ਸਦਕਾ ਸੰਸਾਰ ਬਚ ਸਕੇ, ਆਪ ਉਸਨੇ ਨਹੀਂ ਬਚਣਾ ਸੀ।

ਬੱਚਿਆਂ ਦੇ ਸੈਸ਼ਨ ਤੋਂ ਬਾਦ ਦੋਰਾ ਉਸ ਨਾਲ ਗੱਲੀਂ ਲੱਗ ਗਈ। ਉਹ ਖੁਸ਼ ਹੋਈ ਕਿ ਕਾਫਕਾ ਨੂੰ ਹਿਬਰੂ ਨਹੀਂ ਆਉਂਦੀ, ਸਿੱਖਣ ਦਾ ਇਛੁੱਕ ਹੈ। ਦੋਰਾ ਨੂੰ ਹਿਬਰੂ ਆਉਂਦੀ ਸੀ, ਕਾਫਕਾ ਨੇ ਕਿਹਾ – ਪੜ੍ਹ ਕੇ ਸੁਣਾ। ਦੋਰਾ ਸੁਣਾਈ ਗਈ। ਨਾਲੇ ਦੱਸਿਆ ਕਿ ਪਿਤਾ ਜੀ ਭਰਾਂਵਾਂ ਨੂੰ ਹਿਬਰੂ ਪੜ੍ਹਾਇਆ ਕਰਦੇ ਸਨ, ਮੈਂ ਧੱਕੇ ਨਾਲ ਬੈਠ ਜਾਂਦੀ, ਪਿਤਾ ਦੀ ਡਾਂਟ ਫਟਕਾਰ ਦੀ ਪਰਵਾਹ ਨਹੀਂ। ਪਿਤਾ ਕਿਹਾ ਕਰਦਾ ਸੀ – ਗੰਵਾਰਾਂ, ਬਜ਼ਾਰਾਂ ਤੇ ਬੱਚਿਆਂ ਵਾਸਤੇ ਇਹ ਬੋਲੀ ਨਹੀਂ ਬਣੀ, ਕੁੜੀਆਂ ਦਾ ਇਸ ਨਾਲ ਕੀ ਮਤਲਬ? ਯਹੂਦੀਆਂ ਦੀ ਪੁਨਰ ਜਾਗਰਣ ਲਹਿਰ ਜਿਊਨਿਜ਼ਮ, ਸਿੰਘ ਸਭਾ ਵਰਗੀ ਸੀ ਜੋ ਕੁੜੀਆਂ ਨੂੰ ਹਿਬਰੂ ਸਿੱਖਣ ਲਈ ਉਤਸ਼ਾਹਿਤ ਕਰਦੇ ਸਨ। ਪਿਤਾ ਇਸੇ ਕਾਰਨ ਸਦਕਾ ਜ਼ਿਓਨਿਸਟਾਂ ਨੂੰ ਪਸੰਦ ਨਹੀਂ ਕਰਦਾ ਸੀ। ਦੋਰਾ ਨੇ ਬਗਾਵਤ ਕਰਕੇ ਹਿਬਰੂ ਸਕੂਲ ਵਿਚ ਦਾਖਲਾ ਲਿਆ ਤੇ ਇਹ ਸਨਾਤਨੀ ਜ਼ਬਾਨ ਸਿੱਖੀ। ਕੈਂਪ ਹਾਲ ਦੇ ਇਕ ਕੋਨੇ ਵਿਚ ਬੈਠ ਕੇ ਦੋਰਾ ਨੇ ਪੈਗੰਬਰ ਈਸਾਈਆਹ ਦੀ ਪੋਥੀ ਖੋਲ੍ਹੀ ਤੇ ਪੜ੍ਹਨੀ ਸ਼ੁਰੂ ਕਰ ਦਿੱਤੀ। ਕਾਫਕਾ ਦੀਆਂ ਅੱਖਾਂ ਵਿਚ ਲਿਸ਼ਕ, ਹੋਠਾਂ ਉਪਰ ਮੁਸਕਾਨ ਨੱਚੀ। ਫੇਰ ਦੋਰਾ ਨੇ ਕਿਤਾਬ ਬੰਦ ਕਰਕੇ ਕਿਹਾ – ਕਿਤਾਬ ਤਾਂ ਮੈਂ ਐਵੇਂ ਖੋਲ੍ਹ ਲਈ ਸੀ, ਇਹ ਸਾਰੇ ਬੋਲ ਤਾਂ ਮੈਨੂੰ ਯਾਦ ਨੇ, ਇਹ ਕਹਿਕੇ ਉਸਨੇ ਕਿਤਾਬ ਬੰਦ ਕਰ ਦਿੱਤੀ ਤੇ ਪੜ੍ਹੇ ਹੋਏ ਪ੍ਰਵਚਨ ਜ਼ਬਾਨੀ ਸੁਣਾ ਦਿੱਤੇ। ਕਾਫਕਾ ਨੇ ਭਰਪੂਰ ਦਾਦ ਦਿੱਤੀ, ਕਿਹਾ – ਲੱਗਿਆ ਇਹ ਬੋਲ ਕਿਸੇ ਹੋਰ ਦੁਨੀਆਂ ਵਿਚੋਂ ਆਏ ਤੇ ਸੁਣੇ।

ਕਾਫਕਾ ਨੇ ਇਥੋਂ ਆਪਣੇ ਇਕ ਖਤ ਵਿਚ ਲਿਖਿਆ, ''ਦਰੱਖਤਾਂ ਵਿਚੋਂ ਪਰਲੇ ਪਾਰ ਨਿੱਕੇ ਬੱਚੇ ਖੇਡਦੇ ਦਿਸ ਰਹੇ ਹਨ। ਖੁਸ਼, ਸਿਹਤਮੰਦ, ਉਤਸ਼ਾਹਿਤ ਪੂਰਬੀ ਯੂਰਪ ਦੇ ਇਨ੍ਹਾਂ ਯਹੂਦੀ ਯਤੀਮ ਬੱਚਿਆਂ ਨੂੰ ਪੱਛਮੀ ਯੂਰਪ ਦੇ ਯਹੂਦੀ, ਬਰਲਿਨ ਦੀ ਮਾਰ ਤੋਂ ਬਚਾਉਣਾ ਚਾਹੁੰਦੇ ਨੇ। ਸਾਰਾ ਦਿਨ ਤੇ ਅੱਧੀ ਰਾਤ ਤੱਕ, ਇਨ੍ਹਾਂ ਦੇ ਹਾਸਿਆਂ ਅਤੇ ਗੀਤਾਂ ਨਾਲ ਗੂੰਜਦਾ ਰਹਿੰਦਾ ਹੈ ਜੰਗਲ ਅਤੇ ਸਮੁੰਦਰ ਦਾ ਕਿਨਾਰਾ। ਇਹ ਦਾਅਵਾ ਤਾਂ ਮੈਂ ਨਹੀਂ ਕਰਦਾ ਕਿ ਮੈਂ ਖੁਸ਼ ਹਾਂ। ਲਗਦਾ ਹੈ ਮੈਂ ਖੁਸ਼ੀ ਦੀ ਦਹਿਲੀਜ਼ ਉਤੇ ਪੁੱਜ ਗਿਆ ਹਾਂ। ਅੱਜ ਜੀਵਨ ਵਿਚ ਪਹਿਲੀ ਵਾਰ ਆਪਣੀ ਮਨਮਰਜ਼ੀ ਨਾਲ, ਖੁਸ਼ੀ ਨਾਲ, ਮੈਂ ਵੱਡਾ ਪਵਿੱਤਰ ਦਿਨ ਸੈਬਥ ਮਨਾਵਾਂਗਾ।'' ਇਸ ਕੈਂਪ ਵਿਚ ਸਹਾਇਤਾ ਕਰਨ ਵਾਸਤੇ ਉਸ ਨੇ ਕਈਆਂ ਨੂੰ ਖਤ ਲਿਖੇ ਕਿਹਾ– ਇਨ੍ਹਾਂ ਬੱਚਿਆਂ ਦਾ ਭਲਾ ਬਾਦ ਵਿਚ ਹੋਵੇਗਾ, ਤੁਹਾਡਾ ਭਲਾ ਤੁਰੰਤ ਹੋ ਜਾਏਗਾ।'' ਪੂਰੀ ਤਨਦੇਹੀ ਨਾਲ ਕੈਂਪ ਦੀ ਸੇਵਾ ਵਿਚ ਮਗਨ ਦੋਰਾ ਚੰਗੀ ਲੱਗੀ।

ਕਾਫਕਾ ਨੇ ਹਿਬਰੂ ਸਿੱਖਣ ਦਾ ਕਈ ਵਾਰ ਯਤਨ ਕੀਤਾ ਪਰ ਸਫਲ ਨਾ ਹੋਇਆ। ਦੋਰਾ ਇਹ ਬੋਲੀ ਇਉਂ ਬੋਲਦੀ ਜਿਵੇਂ ਉਸਦੀ ਮਾਤ ਭਾਸ਼ਾ ਹੋਵੇ। ਉਹ ਪ੍ਰਵਚਨ ਸੁਣਾਉਂਦੀ, ਸਾਖੀਆਂ ਸੁਣਾਉਂਦੀ ਇਉਂ ਲੱਗਦੀ ਜਿਵੇਂ ਕੋਈ ਏਸ਼ੀਅਨ ਸਾਧੂ ਤਪੋਬਣ ਵਿਚ ਹਜ਼ਾਰ ਸਾਲ ਪੁਰਾਣੇ ਯੁੱਗ ਵਿਚ ਲੈ ਗਿਆ ਹੋਵੇ। ਦੋਰਾ ਵਿਚੋਂ ਯਹੂਦੀ ਦਾਦੀਆਂ ਨਾਨੀਆਂ ਦਿਖਾਈ ਦਿੰਦੀਆਂ। ਅਦਭੁਤ ਰਸਮਈ ਮਾਹੌਲ ਦੀ ਸਿਰਜਣਾ ਹੁੰਦੀ। ਉਹ ਸੋਚਦਾ ਰਹਿੰਦਾ – ਮੇਰੇ ਨਾਲੋਂ ਅੱਧੀ ਉਮਰ ਛੋਟੀ ਇਹ ਕੁੜੀ ਕਿੰਨੀ ਅਸਾਨੀ ਨਾਲ ਮਾਨਸਿਕ ਤੇ ਭਾਵੁਕ ਸੰਗਲ ਤੋੜ ਦਿੰਦੀ ਹੈ, ਇਹ ਉਹ ਕੰਮ ਕਰ ਰਹੀ ਹੈ ਜੋ ਮੇਰੇ ਤੋਂ ਨਾ ਹੋਏ, ਨਾ ਹੋਣਗੇ। ਅਰਾਮ ਨਾਲ ਇਸ ਕੁੜੀ ਨੇ ਪਿਤਾ ਵਿਰੁੱਧ ਬਗਾਵਤ ਕਰ ਦਿੱਤੀ, ਮੇਰੇ ਅੰਦਰ ਅਜਿਹਾ ਹੌਸਲਾ ਕਦੀ ਨਹੀਂ ਬਣ ਸਕਿਆ। ਉਸਨੇ ਕਿਹਾ, ''ਦੋਰਾ, ਬਚਪਨ ਵਿਚ ਪਿਤਾ ਨੇ ਮੇਰੇ ਖਿਲਾਫ ਯੁੱਧ ਕਰਕੇ ਮੈਨੂੰ ਹਰਾ ਦਿੱਤਾ। ਮੈਂ ਰਣਭੂਮੀ ਵਿਚੋਂ ਹੁਣ ਤੱਕ ਬਾਹਰ ਨਹੀਂ ਨਿਕਲਿਆ। ਨਿਰੰਤਰ ਹਾਰਦਾ ਆ ਰਿਹਾ ਹਾਂ।'' ਹਰ ਰੋਜ਼ ਥੋੜਾ ਬਹੁਤ ਸਮਾਂ ਇਕੱਠਿਆਂ ਬਿਤਾਉਂਦੇ। ਉਮਰ ਦੇ ਅਖੀਰ ਵਿਚ ਦੋਰਾ ਨੇ ਡਾਇਰੀ ਵਿਚ ਲਿਖਿਆ, ''ਮੇਰੇ ਨਾਲ ਆਲੂ ਛਿੱਲ ਰਿਹਾ ਹੈ, ਚੁੱਲ੍ਹੇ ਦੇ ਲਾਗੇ ਬੈਠਾ ਹੈ, ਜੰਗਲ ਦੇ ਬੈਂਚ ਉਪਰ ਮੇਰੇ ਲਾਗੇ ਗੱਲਾਂ ਕਰ ਰਿਹਾ ਉਹ ਦਿੱਸਦਾ ਰਹਿੰਦਾ ਹੈ''। ਕਾਫਕਾ ਨੇ ਆਪਣੇ ਇਕ ਖਤ ਵਿਚ ਲਿਖਿਆ, ''ਦੋਰਾ ਮੇਰੇ ਨਾਲ ਸੀ। ਅਸੀਂ ਥੋੜੀ ਦੇਰ ਹਿਬਰੂ ਪੜ੍ਹੀ। ਦੇਰ ਬਾਦ ਇੱਕ ਨਿੱਘੀ ਸ਼ਾਮ ਬਿਤਾਈ। ਦੇਰ ਤੱਕ ਇਸ ਦਾ ਨਿੱਘ ਮੈਨੂੰ ਸੁਖ ਦਿੰਦਾ ਰਹੇਗਾ। ਪਰਦੇਸ ਵਿਚ ਇਉਂ ਰਹਿ ਰਹੀ ਹੈ ਜਿਵੇਂ ਉਸਦਾ ਪੁਸ਼ਤੈਨੀ ਘਰ ਹੋਵੇ। ਸਾਡੇ ਦੋਹਾਂ ਵਿਚ ਵੱਡਾ ਫਰਕ ਹੈ। ਉਹ ਥਿਰ ਹੈ ਮੈਂ ਅਸਥਿਰ।

ਦੋਰਾ ਦੱਸਦੀ ਹੈ– ਘੰਟਿਆਂ ਬੱਧੀ ਅਸੀਂ ਇਕੱਠੇ ਬੈਠੇ ਗੱਲਾਂ ਕਰਦੇ। ਉਹ ਬਹੁਤ ਸਵਾਲ ਪੁੱਛਦਾ। ਉਸਨੂੰ ਪੁੱਛਣ ਦਾ ਤਰੀਕਾ ਆਉਂਦਾ ਸੀ। ਉਹ ਬੱਚਿਆਂ ਵਾਂਗ ਸਵਾਲ ਕਰੀ ਜਾਂਦਾ। ਮੈਂ ਉਤਰ ਦੇਈ ਜਾਂਦੀ। ਉਲਟ ਹੋਣਾ ਚਾਹੀਦਾ ਸੀ। ਉਸਦੇ ਮੁਕਾਬਲੇ ਮੈਂ ਅਨਪੜ੍ਹ ਕੁੜੀ। ਚਾਹੀਦਾ ਤਾਂ ਇਹ ਸੀ, ਮੈਂ ਸਵਾਲ ਪੁੱਛਦੀ। ਉਹ ਦੋਵਾ ਕੰਨਾਂ ਨਾਲ ਉੱਤਰ ਸੁਣਿਆ ਕਰਦਾ ਸੀ ਤੇ ਮੇਰੇ ਵੱਲੋਂ ਦਿਤੇ ਜਵਾਬ ਉਸਨੂੰ ਸ਼ਾਇਦ ਠੀਕ ਲੱਗਦੇ ਹੋਣਗੇ। ਪੁਰਾਤਨ ਇੰਜੀਲ ਦੀਆਂ ਕਹਾਣੀਆਂ ਤਾਂ ਉਹ ਬਾਰ ਬਾਰ ਸੁਣੀ ਜਾਂਦਾ। ਯਹੂਦੀ ਲੋਕ-ਕਹਾਣੀਆਂ ਸੁਣਾਉਂਦੀ ਤਾਂ ਉਸਨੂੰ ਸਜਿੰਦ ਪਾਤਰ ਸਾਹਮਣੇ ਦਿਖਾਈ ਦੇਣ ਲੱਗਦੇ।

ਕਾਫਕਾ ਨੂੰ ਉਸਦੀ ਤੰਦਰੁਸਤ ਸਖਸ਼ੀਅਤ, ਇਕ ਦਮ ਦੇਸੀ, ਸਿੱਧੀ ਸਪਾਟ, ਬਗੈਰ ਵਲ ਵਿੰਗ ਦੇ, ਕੋਈ ਦਿਖਾਵਾ ਨਹੀਂ ਬਣਾਵਟ ਨਹੀਂ, ਪ੍ਰਾਚੀਨ ਕੁਦਰਤ ਜਿਵੇਂ ਕੁੜੀ ਦੇ ਲਿਬਾਸ ਵਿਚ ਖੇਡਣ ਆ ਜਾਏ। ਦੋਰਾ ਦਾ ਪ੍ਰਭਾਵ ਇਹ ਸੀ, ''ਕਾਫਕਾ ਘੜਿਆ ਤਰਾਸ਼ਿਆ ਹੋਇਆ, ਪਾਲਿਸ਼ ਕੀਤਾ ਹੋਇਆ ਬਰੀਕ ਸੁਭਾਅ ਵਾਲਾ ਬੰਦਾ ਸੀ, ਹਸਮੁਖ, ਥੋੜਾ ਕੁ ਸ਼ਰਮਾਕਲ, ਤੁਹਾਥੋਂ ਸਭ ਕੁਝ ਪੁੱਛੀ ਜਾਏਗਾ, ਆਪਣੇ ਬਾਰੇ ਮੂੰਹ ਨਹੀਂ ਖੋਲ੍ਹਦਾ। ਜਾਣਨ ਦੀ ਉਸ ਵਰਗੀ ਪਿਆਸ ਕਿਸੇ ਵਿਚ ਨਹੀਂ ਦੇਖੀ। ਉਸ ਤੋਂ ਉਸ ਬਾਰੇ ਕੁਝ ਪੁੱਛੋ ਤਾਂ ਇੱਧਰ ਉਧਰ ਦੇਖਣ ਲੱਗ ਜਾਂਦੈ, ਜਿਵੇਂ ਡਰ ਗਿਆ ਹੋਵੇ, ਗੱਲ ਹੋਰ ਪੁੱਛੀ ਸੀ ਜਵਾਬ ਕੋਈ ਹੋਰ ਮਿਲ ਗਿਆ। ਉਸ ਨਾਲ ਗੱਲਾਂ ਕਰਨ ਵਾਲਾ ਬੰਦਾ ਸਹਿਜੇ ਸਹਿਜੇ ਗੱਲ ਕਰਨ ਵਾਸਤੇ ਖੁਦ ਮਜਬੂਰ ਹੋ ਜਾਂਦਾ, ਕਾਫਕਾ ਕਿਹੜਾ ਕਿਸੇ ਨੂੰ ਕੋਈ ਹਦਾਇਤ ਦਿੰਦਾ ਸੀ। ਖੜਾਕ ਨਾ ਹੋਵੇ, ਜਿਵੇਂ ਕੋਈ ਪੱਬਾਂ ਭਾਰ ਤੁਰਦਾ ਤੁਰਦਾ ਲੰਘੇ, ਜਿਵੇਂ ਮੀਲਾਂ ਤੱਕ ਮਖਮਲ ਦਾ ਕਾਲੀਨ ਵਿਛਿਆ ਹੋਵੇ, ਹੌਲੀ ਹੌਲੀ ਨੰਗੇ ਪੈਰੀਂ ਤੁਰੀਏ।

ਦੋਰਾ ਇਸ ਕਰਕੇ ਜਰਮਨੀ ਵਿਚ ਗਈ ਸੀ ਕਿਉਂਕਿ ਉਸਨੂੰ ਪ੍ਰਭਾਵ ਮਿਲਿਆ ਸੀ ਕਿ ਜਰਮਨ ਲੋਕ ਮਜ਼ਬੂਤ ਇਰਾਦੇ, ਥਿਰ ਸ਼ਖਸੀਅਤ ਵਾਲੇ ਬੰਦੇ ਹਨ ਪਰ ਜਲਦ ਉਸਨੂੰ ਪਤਾ ਲੱਗ ਗਿਆ ਇਹ ਉਸਦਾ ਭਰਮ ਸੀ। ਉਹ ਜ਼ਰੂਰੀ ਚੀਜ਼ ਜਿਸ ਸਦਕਾ ਆਦਮੀ ਨੂੰ ਆਦਮੀ ਕਿਹਾ ਜਾਂਦਾ ਹੈ, ਗੈਰਹਾਜ਼ਰ ਸੀ। ਉਸਨੇ ਦੇਖਿਆ, ''ਕਾਫਕਾ ਵਿਚ ਬਹੁਤ ਕੁਝ ਕੀਮਤੀ ਸੀ ਪਰ ਉਹ ਇਸ ਨੂੰ ਨਜ਼ਰਅੰਦਾਜ਼ ਕਰਕੇ ਅਬਿਨਾਸ਼ੀ ਦੀ ਤਲਾਸ਼ ਵਿਚ ਘੁੰਮ ਰਿਹਾ ਸੀ। ਜਦੋਂ ਉਹ ਤੁਹਾਨੂੰ ਸੁਣ ਰਿਹਾ ਹੁੰਦੈ, ਮੱਤ ਸੋਚੋ ਉਸਨੂੰ ਇਸਦਾ ਪਹਿਲਾਂ ਪਤਾ ਨਹੀਂ ਸੀ, ਉਸ ਦਾ ਅਰਥ ਇਹ ਸੀ ਕਿ ਜਦੋਂ ਉਹ ਕਿਸੇ ਦੀ ਗੱਲ ਸੁਣਦਾ ਹੈ, ਉਦੋਂ ਉਹ ਬਾਹਰਲੇ ਜਗਤ ਨਾਲ ਹੱਥ ਮਿਲਾਉਂਦਾ ਹੈ, ਉਦੋਂ ਉਸਨੂੰ ਲਗਦਾ ਹੈ ਕਿ ਉਹ ਵੀ ਜਿਉਂਦਾ ਹੈ, ਮੈਂ ਉਸਨੂੰ ਚੰਗੀ ਲੱਗਦੀ ਸਾਂ ਕਿਉਂਕਿ ਉਸ ਨੂੰ ਮਹਿਸੂਸ ਹੁੰਦਾ ਸੀ ਜਿਵੇਂ ਉਸਨੂੰ ਗਾਰਾ ਮਿਲ ਗਿਆ ਹੋਵੇ ਤੇ ਉਹ ਉਸ ਵਿਚੋਂ ਮਨਚਾਹੀ ਮੂਰਤ ਘੜੇਗਾ। ਉਹ ਸੰਪੂਰਨ ਸੀ, ਮੈਂ ਜ਼ੀਰੋ।

ਦੋਰਾ ਨੇ ਲਿਖਿਆ- ਪੱਛਮੀ ਯੋਰਪ ਦੇ ਲੋਕ ਸਾਨੂੰ ਪੂਰਬੀਆਂ ਨੂੰ ਜਾਹਲ ਸਮਝਦੇ ਨੇ। ਮੈਂ ਵੀ ਇਸੇ ਖਿਆਲ ਨਾਲ ਗਈ ਸੀ ਕਿ ਮੈਨੂੰ ਅਕਲ ਆ ਜਾਏਗੀ। ਮੈਂ ਦੇਖਿਆ ਉਹ ਤਾਂ ਥੱਕੇ ਟੁੱਟੇ ਅਧੇ ਅਧੂਰੇ ਲਾਚਾਰ ਬੰਦੇ ਨੇ, ਜਦੋਂ ਵੱਡੀ ਮੁਸੀਬਤ ਵਿਚ ਘਿਰ ਜਾਂਦੇ ਨੇ, ਜਿਵੇਂ ਸੰਸਾਰ ਜੰਗ ਵਿਚ, ਉਦੋਂ ਉਨ੍ਹਾਂ ਨੂੰ ਲਗਦੈ ਕਿ ਪੂਰਬ ਉਨ੍ਹਾਂ ਨੂੰ ਬਚਾ ਲਏਗਾ। ਮੈਂ ਪੱਛਮ ਵਿਚ ਰੌਸ਼ਨੀ ਦੀ ਤਲਾਸ਼ ਵਿਚ ਗਈ ਸਾਂ, ਉਥੇ ਦੇ ਹਨ੍ਹੇਰ ਖਾਤੇ ਵਿਚੋਂ ਮੈਨੂੰ ਕੁਝ ਨਹੀਂ ਦਿਸਿਆ, ਸਗੋਂ ਮੈਨੂੰ ਅਹਿਸਾਸ ਹੋਇਆ, ਇਨ੍ਹਾਂ ਲਾਚਾਰ ਲੋਕਾਂ ਨੂੰ ਦੇਣ ਵਾਸਤੇ ਮੇਰੇ ਕੋਲ ਬਹੁਤ ਕੁਝ ਹੈ। ਪੱਛਮ ਵਿਚ ਲਿਖਣ ਬੋਲਣ ਦੀ ਪੂਰਨ ਆਜ਼ਾਦੀ ਹੈ ਪਰ ਉਨ੍ਹਾਂ ਕੋਲ ਕਹਿਣ ਵਾਸਤੇ ਕੁਝ ਹੋਵੇ ਤਾਂ ਸਹੀ। ਅਸੀਂ ਪੂਰਬੀ ਲੋਕ ਘੱਟ ਬੋਲਦੇ ਹਾਂ ਪਰ ਸਾਨੂੰ ਕਰਤਾਰ ਅਤੇ ਉਸਦੀ ਰਚਨਾ ਵਿਚ ਭਰੋਸਾ ਹੈ, ਇਸ ਭਰੋਸੇ ਸਦਕਾ ਸੰਸਾਰ ਸੁਹਣਾ ਲਗਦਾ ਹੈ। ਮੇਰੇ ਸਾਹਮਣੇ ਪੱਛਮ ਦਾ ਬਿਹਤਰੀਨ ਦਿਮਾਗ ਕਾਫਕਾ ਹੈ, ਇਹ ਵੀ ਮੰਗਤੇ ਵਾਂਗ ਮੇਰੇ ਅੱਗੇ ਭਿੱਖਿਆ ਪਾਤਰ ਕਰ ਦਿੰਦਾ ਹੈ, ਮੈਂ ਇਸ ਵਿਚ ਪੈਗੰਬਰਾਂ ਦੀ ਬਾਣੀ, ਇੰਜੀਲ ਦੀ ਸਾਖੀ ਪਾ ਦਿੰਦੀ ਹਾਂ, ਮੇਰੇ ਕੋਲ ਹੋਰ ਕੀ ਹੈ ਇਸ ਨੂੰ ਦੇਣ ਵਾਸਤੇ? ਇਹ ਸੰਤੁਸ਼ਟ ਹੋ ਜਾਂਦਾ ਹੈ।

ਪੰਜ ਸਾਲ ਤੋਂ ਉਹ ਤਪਦਿਕ ਤੋਂ ਪੀੜਿਤ ਸੀ। ਬਾਲਟਿਕ ਸਾਗਰ ਕੰਢੇ ਉਹ ਰਾਜੀ ਹੋਣ ਵਾਸਤੇ ਨਹੀਂ, ਇਹ ਪਰਖ ਕਰਨ ਵਾਸਤੇ ਆਇਆ ਸੀ ਕਿ ਉਹ ਫਲਸਤੀਨ ਤੱਕ ਦੀ ਯਾਤਰਾ ਕਰਨ ਦੇ ਕਾਬਲ ਹੈ ਕਿ ਨਹੀਂ। ਇਕ ਸਾਲ ਤੋਂ ਤਾ ਉਹ ਮੰਜੇ ਤੇ ਪਿਆ ਸੀ। ਹਿਉਗੋ ਬਰਗਮਾਨ, ਹਿਬਰੂ ਯੂਨੀਵਰਸਿਟੀ ਯੇਰੋਸ਼ਲਮ ਵਿਚ ਪ੍ਰੋਫੈਸਰ ਸੀ, ਉਸਦੀ ਪਤਨੀ ਨੇ ਕਾਫਕਾ ਨੂੰ ਖਤ ਰਾਹੀਂ ਸੱਦਦਿਆਂ ਕਿਹਾ ਸੀ ਕਿ ਸਾਡੇ ਘਰ ਵਿਚ ਰਹੀਂ, ਇਥੋਂ ਦੇ ਮਾਰੂਥਲ ਦੀ ਗਰਮ ਹਵਾ ਖੁਸ਼ਕ ਹੈ, ਉਹ ਤੇਰੇ ਇਲਾਜ ਲਈ ਸਹਾਈ ਹੋਵੇਗੀ। ਉਹ ਮੰਨ ਗਿਆ, ਉਸ ਨੂੰ ਲੱਗਾ ਉਹ ਰਾਜ਼ੀ ਹੋ ਜਾਏਗਾ, ਫਿਰ ਯਹੂਦੀ ਧਰਮ ਵਿਚ ਆਪਣੀਆਂ ਜੜਾਂ ਲੱਭੇਗਾ, ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋਵੇਗਾ ਜਿਹੜੇ ਫਲਸਤੀਨ ਵਿਚ ਯਹੂਦੀ ਕੌਮ ਦਾ ਘਰ ਉਸਾਰਨਗੇ। ਉਸਨੇ ਲਿਖ ਦਿੱਤਾ ਕਿ ਅਕਤੂਬਰ 1923 ਵਿਚ ਆਵਾਂਗਾ। ਦੋਰਾ ਨਾਲ ਫਲਸਤੀਨ ਜਾਣ ਦਾ ਪ੍ਰੋਗਰਾਮ ਤੈਅ ਹੋਵੇਗਾ।

ਛੁੱਟੀਆਂ ਮੁੱਕ ਗਈਆਂ, ਉਹ ਵਾਪਸ ਪਰਾਗ ਨਹੀਂ ਸੀ ਜਾਣਾ ਚਾਹੁੰਦਾ। ਉਹ ਤਾਂ ਦਸ ਸਾਲ ਪਹਿਲਾਂ, ਤੀਹ ਸਾਲ ਦੀ ਉਮਰ ਵਿਚ ਜਰਮਨੀ ਵਿਚ ਵਸਣ ਦਾ ਇਛੁੱਕ ਸੀ, ਬਿਮਾਰ ਹੋਣ ਕਰਕੇ ਇਕੱਲਿਆਂ ਜਾਣ ਦੀ ਹਿੰਮਤ ਨਹੀਂ ਸੀ, ਦੋਸਤਾਂ ਨੂੰ ਮਨਾਇਆ, ਕੋਈ ਨਾ ਮੰਨਿਆਂ ਤਾਂ ਆਖਰ ਕੁਝ ਦਿਨਾਂ ਵਾਸਤੇ ਆਪਣੀ ਭੈਣ ਨੂੰ ਨਾਲ ਲੈ ਕੇ ਆ ਗਿਆ। ਹੁਣ ਦੋਰਾ ਮਿਲ ਗਈ। ਦੋਰਾ ਨੇ ਅਕਾਦਮੀ ਆਫ ਹਿਬਰੂ ਸਟੱਡੀਜ਼ ਵਿਚ ਦਾਖਲਾ ਲੈ ਲਿਆ ਸੀ। ਕਾਫਕਾ ਦੀ ਇੱਛਾ ਹੋਈ ਕਿ ਉਹ ਵੀ ਦਾਖਲ ਹੋਵੇਗਾ। ਦੋਰਾ ਨੇ ਦੱਸ ਦਿੱਤਾ ਸੀ ਕਿ ਮੁਫਤ ਫਲੈਟ ਦਾ ਬੰਦੋਬਸਤ ਉਹ ਕਰ ਦਏਗੀ। ਫਿਰ ਤਾਂ ਠੀਕ ਹੋ ਗਿਆ ਸਭ। ਉਹ ਇਕੱਲਾ ਨਹੀਂ ਹੋਏਗਾ। ਜਦੋਂ ਇਹ ਅਹਿਸਾਸ ਹੋਇਆ ਕਿ ਟੁਟਦੀ ਜਾਂਦੀ ਸਾਹਾਂ ਦੀ ਡੋਰ ਫਿਰ ਗੰਢੀ ਜਾ ਸਕਦੀ ਹੈ ਤਾਂ ਇਨਕਾਰ ਕਿਸ ਵਾਸਤੇ? ਇਕ ਦੂਜੇ ਨੂੰ ਜਾਣਨ ਦੇ ਤਿੰਨ ਹਫਤੇ ਬੀਤ ਗਏ। ਫੈਸਲਾ ਹੋ ਗਿਆ ਕਿ ਹੁਣ ਬਰਲਿਨ ਰਿਹਾ ਕਰਾਂਗੇ। ਪਹਿਲਾਂ ਦੋਰਾ ਕਿਸੇ ਮਰਦ ਨਾਲ ਕਦੀ ਨਹੀਂ ਰਹੀ ਸੀ। ਉਸਨੂੰ ਅਚੰਭਾ ਲਗਦਾ ਸੀ, ਬਿਨਾ ਵਿਆਹ

www.punjabilibrary.com

ਦੇ ਮਰਦ ਔਰਤ ਇਕੱਠੇ ਰਹੀ ਜਾਂਦੇ, ਕੋਈ ਇਤਰਾਜ਼ ਨਾ ਕਰਦਾ। ਜੇ ਕਿਤੇ ਦੋਰਾ ਦੇ ਨਗਰ ਵਿਚ ਇਸ ਗੱਲ ਦਾ ਪਤਾ ਲੱਗ ਜਾਂਦਾ, ਉਸਦੇ ਮਾਪਿਆਂ ਦੀ ਇੱਜ਼ਤ ਖੇਹ ਹੋ ਜਾਣੀ ਸੀ।

ਕਾਫਕਾ ਦੀ ਇੱਛਾ ਸੀ ਵਿਆਹ ਕਰੇ, ਪਿਤਾ ਬਣੇ ਪਰ ਛੇ ਸਾਲ ਪਹਿਲਾਂ ਤਪਦਿਕ ਦਾ ਪਤਾ ਲੱਗ ਗਿਆ ਸੀ, ਲਾਇਲਾਜ, ਸਜ਼ਾਇ ਮੌਤ, ਕੌਣ ਆਪਣੀ ਧੀ ਨੂੰ ਜਵਾਨ ਵਿਧਵਾ ਹੋਣ ਦੀ ਆਗਿਆ ਦੇਵੇਗਾ? ਲਿਖਦਾ ਹੈ, ''ਜਦੋਂ ਖਬਰ ਸੁਣੀ ਕਿ ਭਾਣਜੀ ਦਾ ਜਨਮ ਹੋਇਆ ਹੈ, ਮੈਨੂੰ ਗੁੱਸਾ ਆ ਗਿਆ, ਈਰਖਾ ਹੋਈ, ਗੱਲ ਕੋਈ ਨਹੀਂ ਹੋਰ, ਬਸ ਇਕ ਆਤਮ ਗਿਲਾਨੀ ਕਿ ਮੈਂ ਆਪਣੇ ਬੱਚੇ ਦਾ ਮੂੰਹ ਨਹੀਂ ਦੇਖ ਸਕਾਂਗਾ।'' ਦੋਰਾ, ਸਿਹਤਮੰਦ, ਦ੍ਰਿੜ੍ਹਵਿਸ਼ਵਾਸੀ ਤੇ ਪਿਆਰੀ ਕੁੜੀ ਨੂੰ ਦੇਖਕੇ ਉਸ ਅੰਦਰ ਇਕ ਵਾਰ ਫਿਰ ਆਤਮ-ਵਿਸ਼ਵਾਸ ਜਾਗਿਆ। ਮਿਲੇਨਾ ਨੂੰ ਖਤ ਵਿਚ ਲਿਖਿਆ, ''ਆਪਣੀ ਵੱਡੀ ਭੈਣ ਨਾਲ ਪਰਾਗ ਤੋਂ ਬਾਲਟਿਕ ਗਿਆ। ਬੰਦ ਕਮਰੇ ਤੋਂ ਖਹਿੜਾ ਛੁਟਿਆ। ਉਥੇ ਸਬੱਬ ਇਉਂ ਬਣਿਆ ਕਿ ਅਕਤੂਬਰ ਵਿਚ ਫਲਸਤੀਨ ਜਾਵਾਂਗਾ। ਮੈਂ ਮੰਜਾ ਨਹੀਂ ਛੱਡ ਸਕਦਾ ਪਰ ਜਿਹੜਾ ਮਰੀਜ਼ ਮੰਜੇ ਦਾ ਮੁਥਾਜ ਹੈ ਉਸ ਉਪਰ ਇਹ ਪਾਬੰਦੀ ਤਾਂ ਨਹੀਂ ਲੱਗਣੀ ਚਾਹੀਦੀ ਕਿ ਫਲਸਤੀਨ ਜਾਣ ਦਾ ਸੁਫਨਾ ਵੀ ਨਾ ਲਵੇ। ਦੋਰਾ ਫਲਸਤੀਨ ਜਾਣ ਦੀ ਇਛੁਕ ਹੈ, ਕਹਿੰਦੀ ਹੈ ਰਾਜ਼ੀ ਹੋ ਜਾਹ ਜਲਦੀ। ਉਹ ਤੰਦਰੁਸਤ ਹੈ। ਤੰਦਰੁਸਤਾਂ ਨੂੰ ਹੀ ਹੱਕ ਹੈ ਸੁਫਨੇ ਲੈਣ।''

ਹਾਰਨ ਆਰੋਨ ਦਾਇਮੰਤ ਪਿਤਾ ਅਤੇ ਫਰੀਦਾ ਦਾਇਮੰਤ ਮਾਂ ਦੇ ਘਰ ਦੋਰਜਾ ਦਾਇਮੰਤ ਦਾ ਜਨਮ 4 ਮਾਰਚ 1898 ਨੂੰ ਹੋਇਆ। ਦੋਰਜਾ ਸ਼ਬਦ ਨੂੰ ਬੋਲਣ ਵੇਲੇ ਦੋਰਾ ਕਿਹਾ ਗਿਆ ਤੇ ਇਹੀ ਨਾਮ ਪ੍ਰਚਲਿਤ ਹੋਇਆ। ਪੋਲੈਂਡ ਦਾ ਇਹ ਲਫਜ਼ ਦਾਇਮੰਤ, ਜਿਹੜਾ ਉਨ੍ਹਾਂ ਦਾ ਖਾਨਦਾਨੀ ਨਾਮ ਹੈ ਅੰਗਰੇਜ਼ੀ ਵਿਚ ਡਾਇਮੰਡ (ਹੀਰਾ) ਹੈ। ਜਦੋਂ ਉਹ ਪਹਿਲੀ ਵਾਰੀ ਕਾਫਕਾ ਨੂੰ ਮਿਲੀ ਉਦੋਂ ਉਸਦੀ ਉਮਰ 25 ਸਾਲ ਸੀ। ਸਰੀਰ ਦੀ ਬਣਤਰ ਅਜਿਹੀ ਸੀ ਕਿ ਉਹ ਛੋਟੀ ਲੱਗਦੀ ਸੀ, ਗਲਤੀ ਖਾ ਕੇ ਲੇਖਕ ਬਰੋਦ ਨੇ ਉਸਨੂੰ ਉਨੀ ਸਾਲ ਦੀ ਲਿਖ ਦਿੱਤਾ। ਦੋਰਾ ਇਹ ਗਲਤੀ ਕਿਉਂ ਦਰੁਸਤ ਕਰਦੀ? ਉਸਨੂੰ ਇਹੋ ਠੀਕ ਲੱਗਾ। ਦੋਰਾ ਦੇ ਵੱਡੇ ਭਰਾ ਦਾ ਨਾਮ ਦਾਊਦ ਸੀ ਤੇ ਛੋਟਿਆਂ ਦਾ ਨਾਮ ਯਾਕੂਬ, ਇਬਰਾਹੀਮ ਤੇ ਅਰਜ। ਅਰਜ ਦਾ ਜਨਮ 1905 ਵਿਚ ਹੋਇਆ ਤੇ ਉਸਦੇ ਜਨਮ ਵਕਤ ਮਾਂ ਦੀ ਮੌਤ ਹੋਈ ਹਾਲਾਂਕਿ ਉਸਦੀ ਮੌਤ ਦਾ ਰਿਕਾਰਡ ਕਿਤੇ ਨਹੀਂ ਮਿਲਦਾ। ਜਿਸ ਕਬਰਿਸਤਾਨ ਵਿਚ ਦਫਨ ਹੋਈ ਉਸਨੂੰ ਯਹੂਦੀਆਂ ਵਿਰੁੱਧ ਦੰਗਿਆਂ ਦੌਰਾਨ ਨਸ਼ਟ ਕਰ ਦਿੱਤਾ ਗਿਆ ਸੀ।

ਪਿਤਾ ਨੂੰ ਪੋਲਿਸ਼, ਜਰਮਨ, ਯਿੱਦਿਸ਼ ਅਤੇ ਹਿਬਰੂ ਜ਼ਬਾਨਾਂ ਆਉਂਦੀਆਂ ਸਨ। ਅੰਮ੍ਰਿਤ ਵੇਲੇ ਚਾਰ ਵਜੇ ਉਠ ਕੇ ਮੂੰਹ ਵਿਚ ਬੁਰਕੀ ਪਾਉਣ ਤੋਂ ਪਹਿਲਾਂ ਪਾਠ ਕਰਦਾ। ਲੋਕ ਉਸਦੀ ਸਲਾਹ ਲੈਣ ਆਉਂਦੇ, ਉਸਨੂੰ ਯਹੂਦੀ ਮੰਦਰ ਦਾ ਮੁਖੀ ਚੁਣ ਲਿਆ ਗਿਆ, ਦਾਨੀ ਲੋਕ ਪੈਸੇ ਜਮ੍ਹਾਂ ਕਰਾਉਂਦੇ। ਉਸਦੇ ਘਰ ਚਾਹ-ਪਾਣੀ ਦਾ ਲੰਗਰ ਚੱਲਦਾ ਹੀ ਰਹਿੰਦਾ ਜਿਥੇ ਤਾਲਮੂਦ ਗ੍ਰੰਥ ਦੀਆਂ ਸਾਖੀਆਂ ਦੀ ਵਿਆਖਿਆ ਹੁੰਦੀ, ਵਿਚਾਰ ਵਟਾਂਦਰੇ ਹੁੰਦੇ। ਬੰਦੇ ਦੀ ਪਰਖ ਉਸਦੀਆਂ ਰੁਚੀਆਂ, ਵਿਦਵਤਾ ਜਾਂ ਪਹਿਰਾਵੇ ਤੋਂ ਨਹੀਂ, ਉਸਦੇ ਇਖਲਾਕ ਤੋਂ ਕੀਤੀ ਜਾਂਦੀ ਸੀ। ਪਵਿੱਤਰ ਦਿਨ (ਸੈਬਥ) ਸਾਰਾ ਦਿਨ ਮਾਂ ਖਾਣ ਚੀਜ਼ਾਂ ਬਣਾ ਬਣਾ ਬੱਚਿਆਂ ਦੇ ਹੱਥ ਟੋਕਰੀਆਂ ਫੜਾ ਕੇ ਗਰੀਬ ਬਸਤੀਆਂ ਵਿਚ ਵੰਡਣ ਲਈ ਭੇਜਦੀ - ਰੱਬ ਕਿਸੇ ਬੱਚੇ ਨੂੰ ਭੁੱਖਾ ਨਾ ਰੱਖੇ, ਅਰਦਾਸ ਕਰੀ ਜਾਂਦੀ। ਇਹ ਪੱਕਾ ਧਰਮੀ ਖਾਨਦਾਨ ਇੱਨਾ ਹਠੀ ਸੀ ਕਿ ਨਵੀਂ ਪਰੰਪਰਾ ਦੀ ਆਗਿਆ ਨਹੀਂ ਦਿੰਦਾ ਸੀ।

ਪਰ ਅਚਾਨਕ ਪੁਨਰ-ਜਾਗਰਣ ਦੀਆਂ ਲਹਿਰਾਂ ਨੇ ਯੋਰਪੀਨ ਯਹੂਦੀਆਂ ਨੂੰ ਝੰਜੋੜ ਦਿੱਤਾ, 1820 ਵਿਚ ਯਹੂਦੀਆਂ ਨੂੰ ਬਰਾਬਰੀ ਦੇ ਅਧਿਕਾਰ ਮਿਲੇ ਤਾਂ ਉਨ੍ਹਾਂ ਨੂੰ ਨਵਾਂ ਜਹਾਨ ਮਿਲਿਆ। ਸਿਆਸਤ, ਫਲਸਫਾ, ਉਦਯੋਗ, ਵਿਤ, ਆਰਟ, ਵਿਗਿਆਨ ਅਤੇ ਤਕਨਾਲੋਜੀ ਵਿਚ ਯਹੂਦੀਆਂ ਨੇ ਕਦਮ ਰੱਖੇ ਤਾਂ ਇਨ੍ਹਾਂ ਵਰਜਿਤ ਖੇਤਰਾਂ ਵਿਚ ਇਨ੍ਹਾਂ ਨੇ ਅਕਲ ਦਾ ਲੋਹਾ ਮਨਵਾਇਆ। ਬਰਲਿਨ, ਵੀਆਨਾ, ਪਰਾਗ, ਬੁਡਾਪੈਸਟ ਅਤੇ ਵਾਰਸਾ ਵਿਚ ਯਹੂਦੀ ਵਪਾਰ ਅਤੇ ਸਭਿਆਚਾਰ ਛਾਲਾਂ ਮਾਰਦਾ ਅੱਗੇ ਵਧਿਆ। ਯਹੂਦੀ ਬਜ਼ੁਰਗ ਨਵੇਂ ਸਕੂਲ, ਨਵੇਂ ਲਿਬਾਸ, ਨਵੇਂ ਸਾਹਿਤ ਦੇ ਪੱਕੇ ਵਿਰੋਧੀ ਸਨ ਪਰ ਉਹ ਬੇਬਸ ਹੋ ਗਏ। ਨਵਾਂ ਸਭਿਆਚਾਰ ਰੁਕਣ ਦਾ ਨਾਮ ਨਹੀਂ ਲੈਂਦਾ ਸੀ। ਇਸ ਬੰਦ ਮਾਹੌਲ ਵਿਚ ਦੋਰਾ ਜ਼ਵਾਨ ਹੋਈ। ਉਸਨੇ ਪੁਜਾਰੀਆਂ ਤੋਂ ਸੁਣਿਆਂ ਹੋਇਆ ਸੀ ਕਿ ਰੱਬ ਦੀ ਪ੍ਰਾਪਤੀ ਵਾਸਤੇ ਵਿਦਵਾਨ ਹੋਣਾ ਜ਼ਰੂਰੀ ਨਹੀਂ। ਵਰਤ ਰੱਖਣੇ, ਸਨਿਆਸੀ ਹੋਣਾ ਜ਼ਰੂਰੀ ਨਹੀਂ, ਰੱਬ ਹਰ ਵਕਤ ਤੁਹਾਡੇ ਨਾਲ ਹੈ। ਖਾਂਦੀ ਪੀਂਦੀ, ਹੱਸਦੀ ਖੇਡਦੀ, ਨੱਚਦੀ ਗਾਉਂਦੀ, ਉਹ ਰੱਬ ਦੇ ਨਾਲ ਨਾਲ ਰਿਹਾ ਕਰਦੀ।

ਬਗਾਵਤ ਕਰਕੇ ਦੋਰਾ ਜਦੋਂ ਸੈਕੂਲਰ ਸਕੂਲ ਵਿਚ ਦਾਖਲ ਹੋ ਗਈ, ਪਿਤਾ ਦੁਖੀ ਹੋਇਆ, ਪਰ ਨਹੀਂ ਰੁਕੀ ਤਾਂ ਅੱਕ ਕੇ ਕਿਹਾ - ਚਲੋ ਠੀਕ ਹੈ ਫਿਰ। ਨਰਕ ਵਿਚ ਜਾਣ ਦਾ ਫੈਸਲਾ ਕਰਦੀ ਹੈ ਕਰੇ। ਸਮਾਂ ਬਰਬਾਦ ਕਰਦੀ ਹੈ ਕਰੇ, ਘੱਟੋ ਘੱਟ ਮੁੰਡੇ ਕਹਿਣੇ ਵਿਚ ਹਨ, ਸ਼ੁਕਰ ਹੈ, ਤਾਲਮੂਦ ਗ੍ਰੰਥ ਦਾ ਪਾਠ ਕਰਦੇ ਹਨ।

ਇੰਨੇ ਵਿਚ ਹੰਗੇਰੀਅਨ ਸਲਤਨਤ ਦੇ ਰਾਜਕੁਮਾਰ ਫਰਾਂਜ਼ ਫਰਡੀਨੰਡ ਦਾ ਕਤਲ ਹੋ ਗਿਆ। ਜਰਮਨੀ ਅਤੇ ਰੂਸ ਵਿਚਕਾਰ ਯੁੱਧ ਦਾ ਮੈਦਾਨ ਪੋਲੈਂਡ, ਕੌਣ ਮੰਨੇਗਾ ਕਿ ਪਹਿਲੇ ਇਕੋ ਮਹੀਨੇ ਦੌਰਾਨ ਦੋਵਾਂ ਪਾਸਿਆਂ ਦੇ ਪੰਜ ਪੰਜ ਲੱਖ ਬੰਦੇ ਕਤਲ ਹੋਏ?

1896 ਵਿਚ ਯਹੂਦੀ ਦਾਰਸ਼ਨਿਕ ਥਿਓਡੋਰ ਹਰਜ਼ਲ ਨੇ *ਯਹੂਦੀ ਸਟੇਟ* ਨਾਮ ਦਾ ਪੈਂਫਲਿਟ ਲਿਖਿਆ ਜਿਸ ਵਿਚ ਇਸ ਗੱਲ ਦੀ ਵਕਾਲਤ ਕੀਤੀ ਗਈ ਕਿ ਫਲਸਤੀਨ ਵਿਖੇ ਯਹੂਦੀਆਂ ਦਾ ਦੇਸ ਹੋਵੇ। ਹਰਜ਼ਲ ਤੋਂ ਪਹਿਲਾਂ ਵੀ ਅਜਿਹੀਆਂ ਗੱਲਾਂ ਹੁੰਦੀਆਂ ਰਹੀਆਂ ਸਨ ਪਰ ਇਸ ਲੇਖ ਦੀਆਂ ਦਲੀਲਾਂ ਅਤੇ ਵਿਉਂਤਾਂ ਨੇ ਹਲਚਲ ਮਚਾ ਦਿੱਤੀ। ਆਪਣੀਆਂ ਅਰਦਾਸਾਂ ਵਿਚ ਪਹਿਲਾਂ ਵੀ ਯੇਰੋਸ਼ਲਮ ਯਹੂਦੀਆਂ ਨੂੰ ਵਿੱਸਰਿਆ ਨਹੀਂ ਸੀ। ਉਨ੍ਹਾ ਦੀ ਇੰਜੀਲ ਵਿਚ ਉਸ ਵੇਲੇ ਦੀ ਪ੍ਰਾਰਥਨਾ ਦਰਜ ਹੈ ਜਦੋਂ ਰੋਮਨਾ ਨੇ ਯੇਰੋਸ਼ਲਮ ਦਾ ਮੰਦਰ ਢਾਹ ਕੇ ਯਹੂਦੀਆਂ ਨੂੰ ਦੇਸ ਨਿਕਾਲਾ ਦੇ ਦਿਤਾ ਸੀ, ਲਿਖਿਆ ਹੈ, ''ਓ ਯੇਰੋਸ਼ਲਮ, ਜੇ ਮੈਂ ਤੈਨੂੰ ਭੁਲਾ ਦਿਆਂ ਤਾਂ ਮੇਰੇ ਸੱਜੇ ਹੱਥ ਨੇ ਜੋ ਵਿੱਦਿਆ ਸਿੱਖੀ ਹੈ, ਉਹ ਭੁੱਲ ਜਾਏ।'' ਹਰ ਅਰਦਾਸ ਵਿਚ ਵਾਕ- ਅਗਲਾ ਸਾਲ ਯੇਰੋਸ਼ਲਮ ਵਿਚ।'' ਜੀਓਨਿਸਟ ਲਹਿਰ ਵਿਚ ਨਵੇਂ ਪੁਰਾਣੇ ਹਰ ਰੰਗ ਦੇ ਯਹੂਦੀ ਤਾਂ ਸ਼ਾਮਲ ਹੋਏ ਹੀ, ਯਹੂਦੀ ਕਾਮਰੇਡ ਵੀ ਹਿਬਰੂ ਸਿਖਣ ਲਈ ਦਾਖਲ ਹੋ ਗਏ। ਲਹਿਰ ਏਨੀ ਤੇਜ਼ ਹੋ ਗਈ ਕਿ ਦੋ ਨਵੰਬਰ ਨੂੰ ਬਰਤਾਨੀਆਂ ਦੇ ਵਿਦੇਸ਼ ਸਕੱਤਰ ਆਰਥਰ ਜੇਮਜ਼ ਨੇ ਐਲਾਨ ਕਰ ਦਿੱਤਾ ਕਿ ਸਰਕਾਰ ਪਹਿਲੀ ਸੰਸਾਰ ਜੰਗ ਖਤਮ ਹੋਣ ਸਾਰ ਯਹੂਦੀਆਂ ਨੂੰ ਫਲਸਤੀਨ ਦੇ ਦਏਗੀ। ਇਸ ਐਲਾਨ ਨੇ ਲੋਕਾਂ ਦਾ ਵਿਸ਼ਵਾਸ ਥਿਓਡੋਰ ਹਰਜ਼ਲ ਦੇ ਐਲਾਨਨਾਮੇ ਵਿਚ ਪੱਕਾ ਕਰ ਦਿੱਤਾ।

ਫਿਰ ਵੀ, ਫਲਸਤੀਨ ਅਜੇ ਦੂਰ ਸੀ। ਹਰਜ਼ਲ ਨੇ ਕਿਹਾ ਸੀ, ''ਅਚਾਨਕ ਇਕੋ ਵਕਤ ਦੁਨੀਆਂ ਭਰ ਦੇ ਯਹੂਦੀ ਨਹੀਂ ਜਾਣਗੇ। ਸਭ ਤੋਂ ਪਹਿਲਾਂ ਭੁੱਖੀ ਨੰਗੀ ਆਬਾਦੀ ਜਾਏਗੀ, ਸੜਕਾਂ ਬਣਾਏਗੀ, ਦਰਿਆਵਾ ਦੇ ਵਹਿਣ ਦਾ ਰੁਖ ਬਦਲੇਗੀ, ਮਾਰੂ ਜ਼ਮੀਨ ਵਿਚ ਖੇਤੀ ਹੋਣ ਲੱਗੇਗੀ। ਪੁਲ ਬਣਨਗੇ, ਰੇਲਵੇ ਲਾਈਨਾਂ ਵਿਛਣਗੀਆਂ ਮਾਰੂਥਲ ਵਿਚ। ਉਸ ਪਿਛੋਂ ਮੱਧ ਵਰਗ ਤੇ ਅਖੀਰ ਵਿਚ ਅਮੀਰ ਆ ਕੇ ਵੱਸਣਗੇ। ਦੋਰਾ, ਕਰਾਕੋਵ ਯਹੂਦੀ ਸਕੂਲ ਵਿਚ ਦਾਖਲ ਹੋਈ ਤਾਂ ਪਤਾ ਲੱਗਾ ਕਿ ਜਿਨ੍ਹਾਂ ਯਹੂਦੀਆਂ ਨੇ ਪੋਲੈਂਡ ਦੀ ਆਜ਼ਾਦੀ ਦੇ ਹੱਕ ਵਿਚ ਯੁੱਧ ਲੜਿਆ ਸੀ, ਆਜ਼ਾਦ ਹੋਣ ਪਿਛੋਂ ਪੋਲੈਂਡ ਦੇ ਫੌਜੀਆਂ ਨੇ ਉਹ ਭੇਡਾਂ ਵਾਂਗ ਵੱਢ ਸੁਟੇ। ਇਹ ਦੋਰਾ ਦੀ ਜ਼ਿੰਦਗੀ ਦੇ ਮੋੜ ਦਾ ਅਹਿਮ ਨੁਕਤਾ ਸੀ।

ਯਹੂਦੀਆਂ ਨੇ ਜਰਮਨੀ ਨੂੰ ਹਰ ਲੋੜੀਂਦਾ ਸਮਰਥਨ ਦਿੱਤਾ ਸੀ ਤਾਂ ਵੀ ਨਫਰਤ ਦਾ ਸ਼ਿਕਾਰ ਸਨ। ਸਾਲ 1297 ਵਿਚ ਸਰਕਾਰ ਨੇ ਜੁਲਾਹਿਆਂ ਨੂੰ ਹੁਕਮ ਦੇ ਦਿੱਤਾ ਕਿ ਉਹ ਯਹੂਦੀਆਂ ਦੀ ਰੂੰ ਜਾ ਸੂਤ ਨਾ ਖਰੀਦਣ। ਹਰ ਆਫਤ ਦਾ ਕਾਰਨ ਯਹੂਦੀ ਸਮਝੇ ਜਾਂਦੇ। ਚੌਧਵੀਂ ਸਦੀ ਦੇ ਅੱਧ ਵਿਚਕਾਰ ਪਲੇਗ ਪੈ ਗਈ ਤਾਂ ਇਸ ਦੇ ਕਸੂਰਵਾਰ ਯਹੂਦੀ ਸਮਝੇ ਗਏ ਤੇ ਦੇਸ ਨਿਕਾਲਾ ਦਿਤਾ ਗਿਆ, 1671 ਵਿਚ ਖਾਸ ਮਿਹਰਬਾਨ ਹੋ ਕੇ ਸਰਕਾਰ ਨੇ 50 ਯਹੂਦੀ ਪਰਿਵਾਰਾਂ ਨੂੰ ਰਹਿਣ ਦੀ ਆਗਿਆ ਦਿੱਤੀ, ਸਾਲ 1800 ਤੱਕ ਯਹੂਦੀਆਂ ਦੀ ਗਿਣਤੀ ਤੇਤੀ ਸੌ ਹੋ ਗਈ। ਜਦੋਂ ਦੋਰਾ ਬਰਲਿਨ ਗਈ, ਉਦੋਂ ਯਹੂਦੀ ਇਕ ਲੱਖ ਸੱਤਰ ਹਜ਼ਾਰ ਹੋ ਗਏ ਸਨ ਤੇ ਇਹ ਗਿਣਤੀ 5 ਪ੍ਰਤੀਸ਼ਤ ਹੋ ਗਈ। ਹਰ ਅਦਾਰੇ ਵਿਚ ਉਨ੍ਹਾਂ ਲਾਜਵਾਬ ਮਿਹਨਤ ਕੀਤੀ, ਬੈਂਕਾਂ, ਸਕੂਲਾਂ, ਸਟੋਰਾਂ ਅਤੇ ਵਪਾਰ ਕੇਂਦਰਾਂ ਦੇ ਮਾਲਕ ਹੋ ਗਏ। ਜਰਮਨੀ ਦੇ ਦੋ ਸਭ ਤੋਂ ਵੱਡੇ ਅਖਬਾਰ *ਉਲਸਟੀਨ* ਅਤੇ *ਮੋਸੇ* ਦੇ ਮਾਲਕ ਯਹੂਦੀ ਸਨ। ਇਹ ਸਮਝੋ ਕਿ 1920 ਦਾ ਜਰਮਨ ਕਲਚਰ, ਯਹੂਦੀ ਕਲਚਰ ਸੀ।

ਦੋਰਾ ਨੇ ਆਪਣੀ ਪੜ੍ਹਾਈ ਅਤੇ ਕੈਂਪ ਦੀਆਂ ਜ਼ਿੰਮੇਵਾਰੀਆਂ ਜਾਰੀ ਰੱਖੀਆਂ ਤੇ ਕਾਫਕਾ ਬਰਲਿਨ ਹੋ ਕੇ ਵਾਪਸ ਪਰਾਗ ਚਲਾ ਗਿਆ ਕਿਉਂਕਿ ਸਿਹਤ ਨਿਰੰਤਰ ਜਵਾਬ ਦੇ ਰਹੀ ਸੀ। ਕਾਫਕਾ ਦੀ ਭੈਣ ਆਪਣੇ ਭਰਾ ਨੂੰ ਮਿਲਣ ਪਰਾਗ ਆਈ ਤਾਂ ਮੰਜੇ ਤੇ ਪਿਆ ਛੇ ਫੁੱਟਾ ਪਿੰਜਰ ਦੇਖਿਆ, ਉਸਨੂੰ ਦਹਿਲ ਪੈ ਗਿਆ। ਬਿਨਾ ਕਿਸੇ ਨਾਲ ਗੱਲ ਕੀਤਿਆਂ ਉਹ ਉਸਨੂੰ ਆਪਣੇ ਪਿੰਡ ਲੈ ਗਈ। ਇਹ ਕਾਫਕਾ ਤੋਂ ਨੌਂ ਸਾਲ ਛੋਟੀ, ਆਤਮ ਵਿਸ਼ਵਾਸੀ, ਅਜ਼ਾਦ, ਦੂਰਅੰਦੇਸ਼, ਗਜ਼ਬ ਦੇ ਮਾਨਸਿਕ ਤਵਾਜ਼ਨ ਵਾਲੀ ਕੁੜੀ ਸੀ ਜਿਸਨੇ ਪਿਓ ਦਾ ਕਾਨੂੰਨ ਵਾਲਾ ਡੰਡਾ ਵਗਾਹ ਕੇ ਮਰਜ਼ੀ ਨਾਲ, ਈਸਾਈ ਨਾਲ ਵਿਆਹ ਕੀਤਾ। ਕਾਫਕਾ ਕਿਹਾ ਕਰਦਾ ਸੀ - ਬੀਬੀ ਤੇਰੇ ਨਾਲ ਈਰਖਾ ਹੈ ਮੈਨੂੰ। ਮੇਰੇ ਵਿਚ ਤੇਰੇ ਜਿੰਨਾ ਹੌਸਲਾ ਕਦੀ ਨਹੀਂ ਪੈਦਾ ਹੋਇਆ। ਓਟਲਾ ਖੇਤੀ ਵਿਗਿਆਨ ਪੜ੍ਹਕੇ ਯੇਰੋਸ਼ਲਮ ਵਿਚ ਵਸਣਾ ਚਾਹੁੰਦੀ ਸੀ, ਕਾਫਕਾ ਨੇ ਕਿਹਾ- ਪਿਤਾ ਨਾਲ ਗੱਲ ਨਾ ਕਰੀਂ, ਤੇਰੀ ਪੜ੍ਹਾਈ ਦਾ ਖਰਚਾ ਮੇਰੇ ਜ਼ਿੰਮੇ। ਪਰਿਵਾਰ ਦੇ ਸਾਰੇ ਬਾਕੀ ਜੀਅ ਕਿਹਾ ਕਰਦੇ ਸਨ ਕਿ ਇਹ ਭੈਣ ਭਰਾ ਜਦੋਂ ਮਿਲਦੇ ਹਨ ਸਾਡੇ ਖਿਲਾਫ ਸਾਜ਼ਸ਼ ਰਚਦੇ ਹਨ। ਕਾਫਕਾ ਨੇ ਓਟਲਾ ਨੂੰ ਕਿਹਾ- ਜੇ ਥੋੜ੍ਹੇ ਕੁ ਦਿਨ ਤੇਰੇ ਘਰ ਮੈਂ ਇਕੱਲਾ ਰਹਿ ਲਵਾਂ? ਕੁੜੀ ਨੇ ਮਕਾਨ ਕਿਰਾਏ ਤੇ ਲੈ ਲਿਆ, ਪਰਿਵਾਰ ਸਮੇਤ ਚਲੀ ਗਈ ਤੇ ਕਾਫਕਾ ਉਸਦੇ ਘਰ ਵਿਚ ਕੁਝ ਦਿਨ ਨਹੀਂ, 1916-17 ਦੀਆਂ ਸਰਦੀਆਂ ਦੇ ਛੇ ਮਹੀਨੇ ਰਿਹਾ। ਇਸ ਸਮੇਂ ਦੌਰਾਨ ਇਹ ਘਰ ਤਪੋਬਣ (ਹਰਮਿਟੇਜ) ਹੋ ਗਿਆ ਸੀ ਜਿਥੇ ਉਸਨੇ ਗੰਭੀਰ ਰਚਨਾ ਕੀਤੀ।

ਕਾਫਕਾ ਤੋਂ ਬਾਦ ਉਸਦੇ ਦੋ ਭਰਾ ਜੰਮੇ ਜੋ ਮਰ ਗਏ ਸਨ। ਮਾਂ ਪਿਓ ਦੀ ਖਾਮੋਸ਼ੀ, ਉਦਾਸੀ ਦੇਖਦਾ ਦੇਖਦਾ, ਇਉਂ ਸੋਚਦਾ ਜਿਵੇਂ ਇਨ੍ਹਾਂ ਦੋ ਛੋਟਿਆਂ ਦਾ ਕਾਤਲ ਉਹੀ ਹੈ, ਉਸਨੂੰ ਆਪਣੇ ਆਪ ਨਾਲ ਨਫਰਤ ਬਚਪਨ ਵਿਚ ਹੀ ਹੋ ਗਈ ਸੀ।

ਅਗਸਤ ਮਹੀਨੇ ਦੋਰਾ ਨੇ ਬਰਲਿਨ ਵਿਚ ਸੁਹਣਾ ਫਲੈਟ ਕਾਫਕਾ ਵਾਸਤੇ ਕਿਰਾਏ ਤੇ ਲੱਭ ਲਿਆ, ਹਵਾਦਾਰ, ਆਲੇ ਦੁਆਲੇ ਬਗੀਚਾ, ਵੱਡਾ ਕਮਰਾ, ਰਸੋਈ, ਗੁਸਲਖਾਨਾ, ਇਕ ਪਾਸੇ ਪਿਆਨੋ ਪਿਆ ਸੀ ਜਿਹੜਾ ਚੁਪ ਦੇ ਬਾਵਜੂਦ ਸੰਗੀਤ ਵੰਡਦਾ ਲਗਦਾ। ਉਸਨੇ ਕਾਫਕਾ ਨੂੰ ਸੱਦਾ ਭੇਜ ਦਿਤਾ ਤੇ ਉਡੀਕਣ ਲੱਗੀ। ਕਾਫਕਾ ਦੀ ਸਿਹਤ ਠੀਕ ਨਹੀਂ ਸੀ। ਮੈਕਸਬਰੋਦ ਨੂੰ ਪੋਸਟ ਕਾਰਡ ਉਪਰ ਲਿਖਿਆ, ''ਲਗਾਤਾਰ ਆਵਾਜ਼ਾਂ ਆ ਰਹੀਆਂ ਹਨ, ਕੋਈ ਦਰਵਾਜ਼ੇ ਤੇ ਦਸਤਕ ਦੇ ਰਿਹੈ।'' ਸਾਲ 1919 ਦੀ ਜਨਵਰੀ ਵੀ ਲੰਘ ਗਈ, ਉਹ ਨਾ ਜਾ ਸਕਿਆ। ਨਵੰਬਰ ਵਿਚ ਬਰੋਦ ਨੂੰ ਨਾਲ ਲੈ ਕੇ ਸ਼ੇਲਟਨ ਆਪਣੀ ਭੈਣ ਦੇ ਘਰ ਸ਼ਹਿਰ ਚਲਾ ਗਿਆ, ਇਹ ਸਿਹਤ ਲਈ ਠੀਕ ਥਾਂ ਸੀ। ਉਸਨੂੰ ਦੋਰਾ ਦੇ ਖਤ ਮਿਲਦੇ ਰਹੇ ਪਰ ਬਰਲਿਨ ਨਾ ਜਾ ਸਕਿਆ। ਸਤੰਬਰ 20, 1921 ਯਹੂਦੀਆਂ ਦਾ ਦਸ ਦਿਨ ਦਾ ਧਾਰਮਿਕ ਤਿਉਹਾਰ ਸ਼ੁਰੂ ਹੁੰਦਾ ਸੀ। ਧਰਮ ਗ੍ਰੰਥ ਵਿਚ ਰੱਬ ਨੇ ਲਿਖਿਆ ਹੋਇਆ ਸੀ, ਅਗਲੇ ਸਾਲ ਕੌਣ ਰਹੇਗਾ, ਕੌਣ ਮਰੇਗਾ। ਪੁਜਾਰੀ ਵਰਤ ਰੱਖਦਾ ਸੀ, ਪ੍ਰਾਰਥਨਾ ਕਰਦਾ ਸੀ। ਦੋਰਾ ਦਾ ਮੰਨਣਾ ਸੀ ਕਿ ਰੱਬ ਮੇਰੇ ਅਤੇ ਕਾਫਕਾ ਦਾ ਨਾਮ ਜਿਊਣ ਵਾਲੇ ਬੰਦਿਆਂ ਦੀ ਲਿਸਟ ਵਿਚ ਲਿਖੇਗਾ। ਦੋਰਾ ਨੂੰ ਕਾਫਕਾ ਦੀ ਤਾਰ ਮਿਲੀ ਕਿ ਮੈਂ ਆ ਰਿਹਾ ਹਾਂ। ਸਟੇਸ਼ਨ ਤੇ ਲੈਣ ਜਾਏਗੀ। ਸ਼ੇਲਸਨ ਤੋਂ ਪਰਾਗ ਤੇ ਪਰਾਗ ਤੋਂ ਬਰਲਿਨ। ਕਾਫਕਾ ਨੇ ਲਿਖਿਆ – ਕੱਲ੍ਹ ਨੂੰ ਮੈਂ ਬਰਲਿਨ ਪੁੱਜ ਜਾਵਾਂਗਾ ਬਸ਼ਰਤਿ ਹਨ੍ਹੇਰੀ ਝਾੜੀ ਪਿਛੋਂ ਮੌਤ ਨੇ ਘਾਤ ਲਾ ਕੇ ਹਮਲਾ ਨਾ ਕੀਤਾ। ਪਿਤਾ ਨੇ ਬਰਲਿਨ ਵਿਚ ਸ਼ੁਰੂ ਹੋਏ ਕਤਲਿਆਮ ਦੀਆਂ ਖਬਰਾਂ ਸੁਣਾ ਕੇ ਜਾਣ ਤੋਂ ਮਨ੍ਹਾਂ ਕੀਤਾ ਪਰ ਵਿਅਰਥ। ਤੁਰਨ ਤੋਂ ਪਹਿਲਾਂ ਕਾਫਕਾ ਨੇ ਆਪਣੇ ਮਿੱਤਰ ਆਸਕਰ ਬਾਮ ਨੂੰ ਲਿਖਿਆ, ''ਯਾਤਰਾ ਓਨੀ ਹੀ ਖਤਰਨਾਕ ਹੈ ਜਿੰਨਾ ਨੈਪੋਲੀਅਨ ਵਲੋਂ ਰੂਸ ਉਪਰ ਫੌਜਾਂ ਦੀ ਚੜ੍ਹਾਈ ਜ਼ੋਖਮ ਭਰੀ ਮੁਹਿੰਮ ਸੀ।''

ਬਿਮਾਰ ਹੋਣ ਤੇ ਬਾਵਜੂਦ ਹਾਰਡੀ ਦਾ ਪਾਤਰ ਜੂਡ ਇਕ ਰਾਤ ਮਹਿਬੂਬਾ ਸੂ ਨੂੰ ਮਿਲਣ ਵਾਸਤੇ ਰੇਲ ਗੱਡੀ ਚੜ੍ਹਿਆ, ਉਸਨੂੰ ਦੂਰੋਂ ਦੇਖਕੇ ਵਾਪਸ ਆ ਗਿਆ। ਤੇਜ਼ ਬੁਖਾਰ। ਗੁਸੈਲੀ ਪਤਨੀ ਐਰਾਬੇਲਾ ਨੇ ਕਿਹਾ– ਕਿਉਂ ਗਿਆ ਸੀ ਉਸ ਹਰਾਮਜ਼ਾਦੀ ਕੋਲ? ਸ਼ਾਂਤ ਜੂਡ ਨੇ ਕਿਹਾ – ਦੋ ਕੰਮ ਕਰਨੇ ਜ਼ਰੂਰੀ ਸਨ, ਪਹਿਲਾਂ ਸੂ ਨੂੰ ਦੇਖਣਾ, ਫੇਰ ਮਰ ਜਾਣਾ। ਇਕ ਫੇਰੀ ਨਾਲ ਦੋਵੇਂ ਕੰਮ ਹੋ ਗਏ। ਜੂਡ ਦੀ ਮੌਤ ਹੋਈ।

ਭੈਣ ਓਟਲਾ ਨੂੰ ਲਿਖਿਆ – ''ਤੁਰਨ ਲੱਗਾ ਹਾਂ ਪਰ ਲਗਦਾ ਹੈ ਇਸ ਵਾਰ ਜਿਹੋ ਜਿਹੀ ਖਤਰਨਾਕ ਫੌਜ ਨਾਲ ਮੁਕਾਬਲਾ ਹੋਵੇਗਾ, ਪਹਿਲਾਂ ਨਹੀਂ ਹੋਇਆ ਸੀ। ਪਿਤਾ ਮੇਰੇ ਜਾਣ ਵਿਰੁੱਧ ਝਗੜਦਾ ਰਿਹਾ, ਮਾਂ ਹਮੇਸ਼ ਵਾਂਗ ਉਦਾਸ ਦੇਖਦੀ ਰਹੀ, ਤੁਰ ਪਿਆ ਹੈ। ਉਸਨੂੰ ਮਿਲਣ ਵਾਸਤੇ ਮੈਕਸਬਰੋਦ ਵੀ ਬਰਲਿਨ ਦੀ ਗੱਡੀ ਸਵਾਰ ਹੋ ਗਿਆ। ਬਰਲਿਨ ਵਿਚ ਬਰੋਦ ਦੀ ਇਕ ਸਹੇਲੀ ਐਮੀ ਰਹਿੰਦੀ ਸੀ, ਉਸ ਨੂੰ ਵੀ ਮਿਲੇਗਾ। ਕਾਫਕਾ ਨੇ ਬਰੋਦ ਨੂੰ ਸਖਤ ਲਫਜ਼ਾਂ ਵਿਚ ਇਸ ਰੋਮਾਂਸ ਦੇ ਨੁਕਸਾਨ ਸਮਝਾਏ। ਕਾਫਕਾ ਨੇ ਇਸ ਕੁੜੀ ਉਪਰ ਕਿਤਾਬ ਲਿਖੀ, *ਪਰੀ ਨਾਲ ਬਿਤਾਈ ਜ਼ਿੰਦਗੀ* । ਕਾਫਕਾ ਦੀਆਂ ਦਲੀਲਾਂ ਦਾ ਬਰੋਦ ਉਪਰ ਅਸਰ ਹੋਇਆ, ਲਿਖਦਾ ਹੈ – ''ਉਸਦੀ ਦਲੀਲ ਨੂੰ ਕੋਈ ਨਹੀਂ ਕੱਟ ਸਕਦਾ, ਮੈਂ ਤਾ ਚੀਜ਼ ਹੀ ਕੀ ਹਾਂ। ਆਰਾਮ ਨਾਲ ਉਹ ਦੁਨੀਆਂ ਨੂੰ ਸਿੱਧੇ ਰਾਹ ਤੇ ਪਾ ਦਿੰਦਾ ਹੈ ਪਰ ਖੁਦ ਉਸ ਦਾ ਰਸਤਾ ਵਿੰਗ ਤੜਿੰਗਾ ਰਿਹਾ। ਬਰੋਦ ਅਤੇ ਕਾਫਕਾ ਦੀ ਦੋਸਤੀ ਨੂੰ ਸਾਹਿਤ ਦੇ ਇਤਿਹਾਸ ਵਿਚ ਬੇਮਿਸਾਲ ਪ੍ਰਸ਼ੰਸਾ ਮਿਲੀ ਹੈ ਜਿਵੇਂ ਜਾਨਸਨ ਅਤੇ ਬੋਸਵੈਲ ਦੀ ਦੋਸਤੀ ਨੂੰ। ਕਾਫਕਾ ਉਪਰ ਜਿਹੜਾ ਮੈਂ ਸ਼ਬਦ ਚਿਤਰ ਲਿਖਿਆ ਸੀ ਉਸ ਵਿਚ ਉਨ੍ਹਾਂ ਦੋਵਾਂ ਦੀ ਪਹਿਲੀ ਮੁਲਾਕਾਤ ਦਾ ਵੇਰਵਾ ਦਿਲਕਸ਼ ਹੈ, ਬਰੋਦ 18 ਸਾਲ ਦਾ ਸੀ ਤੇ ਕਾਫਕਾ 19 ਸਾਲ ਦਾ। ਬਰੋਦ ਨੇ ਜਰਮਨ ਵਿਦਿਆਰਥੀਆਂ ਸਾਹਮਣੇ ਨੀਤਸ਼ੇ ਉਪਰ ਲਿਖਿਆ ਪੇਪਰ ਪੜ੍ਹਦਿਆਂ ਬਾਕੀ ਤਲਖ ਟਿਪਣੀਆਂ ਤੋਂ ਇਲਾਵਾ ਇਹ ਵੀ ਕਿਹਾ ਸੀ, ''ਅਵਾਰਾਗਰਦ, ਸਿਵਾਇ ਜ਼ਨਾਨੀਬਾਜ਼ ਦੇ ਹੋਰ ਕੁਝ ਨਹੀਂ ਉਹ।'' ਨੀਤਸ਼ੇ ਉਪਰ ਟਿੱਪਣੀਆਂ ਕਰਦਿਆਂ ਕਾਫਕਾ ਨੇ ਬਰੋਦ ਦੇ ਪੇਪਰ ਦੀ ਉਹ ਤੂੜੀ ਉਡਾਈ ਕਿ ਬਰੋਦ ਸਦਾ ਲਈ ਕਾਫਕਾ ਦਾ ਮੁਰੀਦ ਹੋ ਗਿਆ। ਹਮੇਸ਼ ਸ਼ਾਂਤ ਰਹਿਣ ਵਾਲਾ ਕਾਫਕਾ ਉਸ ਦਿਨ ਪੂਰਾ ਤੂਫਾਨ ਹੋ ਗਿਆ ਸੀ। ਪੈਂਤੀ ਸਾਲ ਬਾਦ ਜਦੋਂ ਬਰੋਦ ਨੇ ਉਸਦੀ ਜੀਵਨੀ ਲਿਖੀ ਉਸ ਵਿਚ ਇਸ ਘਟਨਾ ਨੂੰ ਯਾਦ ਕਰਦਿਆਂ ਕਿਹਾ, ''ਮੇਰੇ ਵਿਚਾਰ ਧੁੰਧਲੇ ਅਤੇ ਉਲਝੇ ਹੋਏ ਸਨ, ਮੇਰੇ ਵਿਚ ਬਚਗਾਨਾ ਹੰਕਾਰ, ਭਰਿਸ਼ਟ ਈਰਖਾ ਅਤੇ ਬਣਾਉਟੀ ਸਿਆਣਪ ਸੀ, ਕਾਫਕਾ ਦੇ ਤੂਫਾਨ ਤੋਂ ਬਾਦ ਅਸਮਾਨ ਨਿਰਮਲ ਹੋ ਗਿਆ। ਇਸ ਪਿਛੋਂ ਮੈਂ ਪੜ੍ਹਨ ਦੀ ਅਕਲ ਹਾਸਲ ਕੀਤੀ। ਕੁਦਰਤ ਜਿਵੇਂ ਹੌਲੀ ਦੇਣੀ ਬੂਟਿਆਂ ਦੇ ਕੰਨ ਵਿਚ ਕੁਝ ਆਖਦੀ ਹੈ ਤਾਂ ਫੁੱਲ ਖਿੜ ਜਾਂਦੇ ਹਨ, ਕਾਫਕਾ ਦੇ ਬੋਲ ਇਸ ਤਰ੍ਹਾਂ ਦੇ ਸਨ, ਇਹੋ ਜਿਹੇ ਬੋਲ ਉਹ ਸੁਣਨੇ ਚਾਹੁੰਦਾ ਹੁੰਦਾ। ਉਸਨੇ ਕਿਸ ਕਿਸ ਥਾਂ ਕੀ ਕੀ ਗੱਲ ਕੀਤੀ, ਮੈਨੂੰ ਸਾਫ ਦਿਸੀ ਜਾਂਦੀ ਹੈ। ਉਸ ਦੀ ਹਾਜ਼ਰੀ ਵਿਚ ਕਿਸੇ ਨਾਲ ਬੇਇਨਸਾਫੀ ਹੋਵੇ, ਅਸੰਭਵ।''

ਕਿਤਾਬਾਂ ਬਾਰੇ ਕਾਫਕਾ ਕਿਹਾ ਕਰਦਾ, ''ਮੇਰੇ ਕਿਲ੍ਹੇ ਦੇ ਕਮਰੇ ਮੈਥੋਂ ਨਹੀਂ ਖੁੱਲ੍ਹੇ, ਕਿਤਾਬਾਂ ਉਨ੍ਹਾਂ ਦੀਆਂ ਚਾਬੀਆਂ ਹਨ।''

ਟਾਈਲ ਤੇ ਸਬਾਈਨ ਦੋ ਸਹੇਲੀਆਂ ਕਾਫਕਾ ਨੂੰ ਕੈਂਪ ਵਿਚ ਆਉਂਦਿਆਂ ਜਾਂਦਿਆਂ ਦੇਖਦੀਆਂ, ਉਨ੍ਹਾਂ ਨੂੰ ਲਗਦਾ ਹੁੰਦਾ, ਇਹ ਇਸ ਕਰਕੇ ਅਨਾਥਾਂ ਦੇ ਕੈਂਪ ਵਿਚ ਆ ਜਾਂਦੈ ਤਾਂ ਕਿ ਕੈਂਪ ਸਨਮਾਨਯੋਗ ਬਣ ਜਾਵੇ।

ਰੇਸਤਰਾਂ ਵਿਚ ਆਈਸਕਰੀਮ ਖਾ ਰਹੀਆਂ ਸਨ, ਲਾਲ ਰਤਨਾ ਨਾਲ ਮੜ੍ਹਿਆ ਆਈਸਕਰੀਮ ਦਾ ਸ਼ੀਸ਼ੇ ਦਾ ਕੱਪ ਗਜ਼ਬ ਦਾ ਸੁਹਣਾ ਸੀ। ਸੋਲਾਂ ਸਾਲਾਂ ਦੀ ਟਾਈਲ ਨੇ ਹਉਕਾ ਲੈ ਕੇ ਆਪਣੀ ਸਹੇਲੀ ਨੂੰ ਕਿਹਾ - ਇਹ ਕੱਪ ਹਾਸਲ ਕਰਨ ਲਈ ਮੈਂ ਸਭ ਕੁਝ ਦੇਣ ਨੂੰ ਤਿਆਰ ਹਾਂ। ਸਬਾਈਲ ਨੇ ਹੱਸ ਕੇ ਪੁੱਛਿਆ - ਤੇਰੇ ਕੋਲ ਹੈ ਕੀ ਦੇਣ ਲਈ? ਫਿਰ ਦੋਵਾਂ ਨੇ ਦੇਖਿਆ, ਪਰੇ ਕਾਫਕਾ ਖਲੋਤਾ ਸੀ। ਇਹ ਸੋਚ ਕੇ ਕਿ ਕਿਤੇ ਕਾਫਕਾ ਉਨ੍ਹਾਂ ਦੀਆਂ ਗੱਲਾਂ ਸੁਣ ਨਾ ਰਿਹਾ ਹੋਵੇ, ਝੱਟ ਬਾਹਰ ਖਿਸਕ ਗਈਆਂ। ਮਹੀਨੇ ਕੁ ਮਗਰੋਂ ਟਾਈਲ ਖਬਰ ਲੈਣ ਉਸਦੇ ਫਲੈਟ ਵਿਚ ਗਈ। ਦਰਵਾਜ਼ਾ ਖੋਲ੍ਹ ਕੇ ਕਾਫਕਾ ਨੇ ਕਿਹਾ - ਰਤਾ ਠਹਿਰ। ਉਹ ਰੁਕ ਗਈ। ਕਾਫਕਾ ਅੰਦਰ ਗਿਆ, ਇਕ ਪੈਕਟ ਟਾਈਲ ਨੂੰ ਫੜਾਇਆ, ਖੋਲ੍ਹ ਕੇ ਦੇਖਿਆ, ਗਜ਼ਬ, ਉਹੀ ਲਾਲ ਜੜਾਊ ਆਈਸ-ਕਰੀਮ ਕੱਪ। ਖੁਸ਼ ਹੋਈ ਟਾਈਲ ਨੂੰ ਕਾਫਕਾ ਨੇ ਕਿਹਾ - ਆਪਣੀ ਪੁਰਾਣੀ ਕਹਾਵਤ ਹੈ ਨਾ, ਵਿਆਹ ਵਾਲੇ ਦਿਨ ਇਸ ਨੂੰ ਚੂਰ ਚੂਰ ਕਰ ਦੇਈਂ।

ਇਕ ਦਿਨ ਉਸਨੇ ਦੋਰਾ ਨੂੰ ਕਿਹਾ - ਬਰਲਿਨ ਆ ਕੇ ਵੱਸਣ ਦਾ ਮੇਰਾ ਸੁਫਨਾ ਪੂਰਾ ਹੋ ਗਿਆ। ਪਰਾਗ ਦੇ ਪੰਜਿਆਂ ਵਿਚੋਂ ਕਦੀ ਨਿਕਲ ਸਕਾਂਗਾ, ਉਮੀਦ ਨਹੀਂ ਸੀ, ਬਰਲਿਨ ਮੇਰੀ ਪ੍ਰਾਪਤੀ ਹੈ, ਇਸ ਨੂੰ ਪ੍ਰਾਪਤ ਕਰਨ ਤੋਂ ਬਿਨਾਂ ਮੈਂ ਮਰਨਾ ਨਹੀਂ। ਦੋਰਾ ਨੇ ਦੱਸਿਆ, ''ਉਸਦੀਆਂ ਸਾਰੀਆਂ ਲਿਖਤਾ ਇਕ ਪਾਸੇ, ਉਸ ਨਾਲ ਬਿਤਾਇਆ ਇਕ ਦਿਨ, ਦੂਜੇ ਪਾਸੇ, ਦੂਜਾ ਪਾਸਾ ਵਜ਼ਨਦਾਰ ਹੈ। ਕਿਸੇ ਲੇਖਕ ਨੂੰ ਮਿਲਣ ਨਹੀਂ, ਇਕ ਸ਼ਾਨਦਾਰ ਮਰਦ ਨੂੰ ਮਿਲਣ ਗਈ ਸਾਂ ਮੈਂ।

ਕਾਫਕਾ ਦੋਰਾ ਦੇ ਪਿਛਲੇ ਜੀਵਨ ਬਾਬਤ ਸਵਾਲ ਤੇ ਸਵਾਲ ਪੁੱਛਦਾ ਰਹਿੰਦਾ, ਦੋਰਾ ਦੱਸਦੀ ਹੈ, ''ਪੂਰੇ ਧਿਆਨ ਨਾਲ ਸੁਣਦਾ, ਮੇਰਾ ਸਧਾਰਨ ਜਿਹਾ ਵਾਕ ਸੁਣ ਕੇ ਕਦੀ ਕਦਾਈਂ ਸੁੰਨ ਹੋ ਜਾਂਦਾ। ਉਹਨੂੰ ਪੂਰਬ ਦੀਆਂ ਦੇਸੀ ਗੱਲਾਂ ਦੀ ਭੁੱਖ ਸੀ, ਜਿਵੇਂ ਉਸ ਅੰਦਰਲੇ ਦੱਬੇ ਹੋਏ ਖਜਾਨਿਆਂ ਨਾਲ ਮਿਲਦਾ ਜੁਲਦਾ ਹੋਵੇ ਪੂਰਬ... ਅਨੰਤ ਭੇਦ, ਅਨੰਤ ਰਮਜ਼ਾਂ। ਉਹ ਗੱਲਾਂ ਕਰਨ ਦਾ ਸ਼ੁਕੀਨ ਸੀ, ਗੱਲਾਂ ਕਰਦਿਆਂ ਅੱਖਾਂ ਵਿਚ ਲਿਸ਼ਕ ਅਤੇ ਹੋਠਾਂ ਤੇ ਮੁਸਕਾਨ ਦੋਵੇ ਨੱਚਦੀਆਂ ਰਹਿੰਦੀਆਂ। ਕਦੀ ਕਦਾਈਂ ਇਉਂ ਵੀ ਮੁਸਕਰਾਉਂਦਾ ਜਿਵੇਂ ਆਪਣੇ ਵਾਕਾਂ ਵਿਚ ਉਂਗਲਾਂ ਰਾਹੀਂ ਰੰਗ ਭਰਨ ਲੱਗਾ ਹੈ। ਜਦੋਂ ਉਸਨੂੰ ਯਕੀਨ ਹੋ ਜਾਂਦਾ ਸਰੋਤਾ ਉਹ ਰਮਜ਼ ਸਮਝ ਗਿਆ ਹੈ ਜੋ ਉਹ ਸਮਝਾਉਣਾ ਚਾਹੁੰਦਾ, ਬਹੁਤ ਸੰਤੁਸ਼ਟ ਹੁੰਦਾ। ਬੋਲਾਂ ਵਿਚ ਸੰਗੀਤ ਸੀ, ਮੱਧਮ ਜਿਹੀਆਂ ਸੁਰਾਂ। ਮੌਤ ਐਨ ਸਾਹਮਣੇ, ਰੋਮ ਰੋਮ ਵਿਚ ਦਰਦ, ਆਪਣਾ ਦੁਖ ਨਾ ਦੱਸਕੇ ਮਿਲਣ ਵਾਲੇ ਨੂੰ ਸੁਖਦਾਈ ਗੱਲਾਂ ਸੁਣਾਉਂਦਾ ਕਾਫਕਾ ਮੈਂ ਹੁਣ ਵੀ ਦੇਖ ਰਹੀ ਹਾਂ। ਉਸ ਵਿਚ ਕੁਝ ਅਬਿਨਾਸ਼ੀ ਸੀ ਜਿਸ ਕਰਕੇ ਉਸ ਬਾਰੇ ਕਥਨ ਕਰਨਾ ਔਖਾ ਕੰਮ ਹੈ। ਸਮਾਂ ਬੀਤਣ ਨਾਲ ਨੈਣ ਨਕਸ਼ ਤੇ ਗੱਲਾਂ ਧੁੰਦਲੀਆਂ ਹੋ ਜਾਇਆ ਕਰਦੀਆਂ ਹਨ, ਉਸਦੀ ਸ਼ਖਸੀਅਤ ਦਿਨ ਬਦਿਨ ਨਿੱਖਰ ਨਿੱਖਰ ਸਾਹਮਣੇ ਆ ਰਹੀ ਹੈ।

ਜਦੋਂ ਲਿਖਣ ਲਗਦਾ, ਦੋਰਾ ਆਪਣੇ ਆਪ ਉਸਨੂੰ ਇਕਾਂਤ ਵਿਚ ਛੱਡ ਕੇ ਬਾਹਰ ਚਲੀ ਜਾਂਦੀ, ਕਾਫਕਾ ਨੇ ਕਦੀ ਉਸਨੂੰ ਕਿਹਾ ਨਹੀਂ ਸੀ। ਉਹ ਜਾਣ ਜਾਂਦੀ। ਦੋਰਾ ਨੇ ਪੁੱਛਿਆ, ''ਫੇਲਿਸ ਨੂੰ ਪਿਆਰ ਕੀਤਾ, ਉਸ ਵਿਚ ਕੀ ਨੁਕਸਸ਼ ਸੀ, ਤੁਸੀਂ ਵਿਆਰ ਤੋਂ ਇਨਕਾਰ ਕੀਤਾ? ਕਾਫਕਾ ਨੇ ਕਿਹਾ, ''ਉਹ ਚੰਗੀ ਸੀ ਪਰ ਪੂਰੀ ਦੁਨੀਆਂਦਾਰ, ਜੋੜ ਘਟਾ ਵਿਚ ਪ੍ਰਬੀਨ, ਉਸ ਨੂੰ ਵਿਆਹੁਣ ਦਾ ਅਰਥ ਹੋਣਾ ਸੀ ਪੂਰਾ ਯੋਰਪ ਆਪਣੇ ਘਰ ਵਿਚ ਲੈ ਆਉਣਾ, ਯੋਰਪ, ਜਿਸਦਾ ਮਾਇਨਾ ਹੈ ਝੂਠ ਤੇ ਫਰੇਬ। ਉਸਨੂੰ ਸੁਹਣਾ ਘਰ, ਚੰਗੀ ਆਮਦਨ ਤੇ ਸਮੇਂ ਦਾ ਪਾਬੰਦ ਪਤੀ ਚਾਹੀਦਾ ਸੀ। ਮੈਂ ਆਪਣੀ ਘੜੀ ਡੇਢ ਘੰਟਾ ਅੱਗੇ ਰੱਖਦਾ ਹਾਂ। ਜਦੋਂ ਉਹਦਾ ਦਾਅ ਲੱਗਦਾ, ਘੜੀ ਠੀਕ ਕਰ ਦਿੰਦੀ, ਮੇਰਾ ਸਾਰਾ ਪ੍ਰੋਗਰਾਮ ਗਲਤ ਹੋ ਜਾਂਦਾ। ਜਾਂ ਮੈਂ ਗਲਤ ਸੀ ਜਾਂ ਉਹ, ਇਹ ਪੱਕੀ ਗੱਲ ਹੈ ਕਿ ਸਾਡੇ ਦੋਵਾਂ ਵਿਚੋਂ ਇਕ ਸਹੀ ਨਹੀਂ ਸੀ।''

ਦੋਰਾ ਨੇ ਲਿਖਿਆ, ''ਜਦੋਂ ਮੈਂ ਦੇਖਦੀ ਉਹ ਲਿਖਣੋਂ ਹਟ ਗਿਐ, ਉਸਦੇ ਕਮਰੇ ਵਿਚ ਚਲੀ ਜਾਂਦੀ। ਜੋ ਲਿਖਿਆ, ਪੜ੍ਹ ਕੇ ਸੁਣਾਉਂਦਾ। ਅਖੀਰ ਵਿਚ ਆਖਦਾ, ਪਤਾ ਨੀ ਕਿਵੇਂ ਲਿਖੀ ਗਿਆ ਮੈਂ, ਭੂਤ ਆਲੇ ਦੁਆਲੇ ਘੁੰਮਦੇ ਰਹੇ, ਬਚ ਗਿਆ, ਇਹ ਗੱਲ ਕਰਨ ਵੇਲੇ ਉਸਦੇ ਹੋਠਾਂ ਤੇ ਬੱਚੇ ਵਰਗੀ ਮੁਸਕਾਨ ਹੁੰਦੀ, ਬੱਚਾ ਇਉਂ ਗੱਲ ਕਰਿਆ ਕਰਦੈ ਜਿਵੇਂ ਉਹਨੂੰ ਭੂਤਾਂ ਪ੍ਰੇਤਾਂ, ਸਭ ਦਾ ਪੂਰਾ ਪਤਾ ਹੈ, ਵੱਡੇ ਕੁਝ ਨਹੀਂ ਜਾਣਦੇ। ਮਹਿੰਗੇ ਦਰਜੀ ਤੋਂ ਕੱਪੜੇ ਸਿਲਾਉਂਦਾ, ਵਧੀਆ ਸੂਟ, ਬੂਟ ਅਤੇ ਟਾਈ, ਨਹੀਂ ਤਾਂ ਬਾਹਰ ਨਹੀਂ ਨਿਕਲੇਗਾ। ਇਕ ਦਿਨ ਕਹਿਣ ਲੱਗਾ ''ਦੋਰਾ, ਮੇਰੇ ਤੋਂ ਕਦੀ ਕਦਾਈਂ ਚੰਗੀ ਚੀਜ਼ ਲਿਖੀ ਜਾਂਦੀ ਐ, ਜਿਵੇਂ ਅੰਨ੍ਹੇ ਚੂਚੇ ਨੂੰ ਦਾਣਾ ਲੱਭ ਜਾਏ।''

ਦੋਰਾ ਨੇ ਦੱਸਿਆ, ''ਬਰਲਿਨ ਦੀਆਂ ਸੜਕਾਂ ਉਪਰ ਅਮੀਰਾਂ ਦੇ ਵੱਡੇ, ਭਰੇ-ਭਕੁੰਨੇ ਸਟੋਰਾਂ ਦੇ ਬਾਹਰ ਅੰਗਹੀਣ ਮੰਗਤੇ, ਭੁੱਖੇ ਬੱਚੇ, ਬੇਸਹਾਰੇ ਬੁੱਢੇ ਵਿਲਕਦੇ, ਰੋਟੀ ਮੰਗਦੇ ਦੇਖਦਾ ਰਹਿੰਦਾ, ਮਹਿੰਗਾਈ ਸਦਕਾ ਰੋਟੀ ਹਰ ਰੋਜ਼ ਹੋਰ ਨਿੱਕੀ ਹੋ ਜਾਂਦੀ, ਸਿਤਾਰ ਦੀ ਇਕ ਤਾਰ ਛੁਹੋ, ਬਾਕੀ ਸਾਰੀਆਂ ਖੁਦ ਬ ਖੁਦ ਕੰਬਣ ਲੱਗ ਜਾਂਦੀਆਂ ਨੇ। ਇਨ੍ਹਾ ਸੜਕਾਂ ਦਾ ਦੌਰਾ ਕਰਕੇ ਕਾਫਕਾ ਘਰ ਆਉਂਦਾ, ਹਾਲਤ ਇਸ ਤਰ੍ਹਾਂ ਹੁੰਦੀ ਜਿਵੇਂ ਜੰਗ ਦੇ ਮੈਦਾਨ ਵਿਚੋਂ ਹਜ਼ਾਰ ਵਾਰ ਮਰ ਕੇ ਮੁੜਿਆ ਹੋਵੇ, ਰੰਗ ਨੀਲਾ ਹੋ ਜਾਂਦਾ ਸੀ। ਯਸੂ ਮਸੀਹ ਮੋਢੇ ਉਪਰ ਆਪਣਾ ਕਰੌਸ ਆਪ ਚੁੱਕ ਪਹਾੜੀ ਉਪਰ ਚੜ੍ਹਿਆ ਸੀ, ਇਸ ਗੱਲ ਵਿਚ ਕੋਈ ਅਤਿਕਥਨੀ ਤਾਂ ਨਹੀਂ ਨਾ।''

ਕਾਫਕਾ ਹੋਰ ਸਾਰੇ ਮਸਲਿਆਂ ਵਿਚ ਉਲਝ ਜਾਂਦਾ ਸੀ, ਸਾਹਿਤ ਰਚਨਾ ਵੇਲੇ ਉਹ ਪੂਰਨ ਪਾਰਦਰਸ਼ੀ ਹੁੰਦਾ, ਬੇਲਿਹਾਜ਼, ਦ੍ਰਿੜ੍ਹ ਇਰਾਦੇ ਵਾਲਾ, ਸਾਹਿਤ ਉਸ ਵਾਸਤੇ ਧਰਮ ਸੀ, ਕਿਹਾ ਕਰਦਾ ਸੀ ''ਇਹ ਜਿਹੜਾ ਕੁਝ ਲਿਖਿਆ ਜਾ ਰਿਹੈ ਦੋਰਾ, ਇਹ ਸਾਹਿਤ ਨਹੀਂ ਹੈ, ਇਹ ਤਾਂ ਵਰਤਮਾਨ ਦੇ ਨਿਕੇ ਨਿਕੇ ਪਰਛਾਵੇਂ ਮਾਤਰ ਹਨ।'' ਸਾਹਿਤ ਰਚਨਾ ਵੇਲੇ ਉਹ ਅਨੰਤ ਅਪਹੁੰਚ ਹੁੰਦਾ।

ਦੋਰਾ ਨੇ ਡਾਇਰੀ ਵਿਚ ਲਿਖਿਆ, ''ਅਖੀਰਲੇ ਦਿਨਾਂ ਵਿਚ ਉਸਨੇ ਮੈਨੂੰ ਕਹਿ ਦਿੱਤਾ ਸੀ ਕਿ ਹੁਣ ਮੈਂ ਇਕੱਲਾ ਨਹੀਂ ਰਹਿ ਸਕਦਾ, ਸੋ ਜਦੋਂ ਮੈਂ ਲਿਖਦਾ ਹੋਵਾਂ ਉਦੋਂ ਮੇਰੇ ਕੋਲ ਰਿਹਾ ਕਰ। ਮੈਂ ਨਿਕੇ ਮੋਟੇ ਕੰਮ ਕਰਦੀ ਰਹਿੰਦੀ, ਕਿਤਾਬ ਪੜ੍ਹਦੀ ਰਹਿੰਦੀ। ਉਹ ਲਿਖ ਰਿਹਾ ਸੀ, ਇਕ ਰਾਤ ਮੈਂ ਪੜ੍ਹਦੀ ਪੜ੍ਹਦੀ ਸੋਫੇ ਉਪਰ ਸੌਂ ਗਈ। ਜਦੋਂ ਅੱਖ ਖੁੱਲ੍ਹੀ, ਉਹ ਆਪਣਾ ਕੰਮ ਮੁਕਾ ਕੇ ਮੇਰੇ ਲਾਗੇ ਬੈਠਾ ਦੇਖਿਆ। ਉਸ ਦਾ ਅਸਾਧਾਰਨ ਚਿਹਰਾ ਲਿਸ਼ਕ ਰਿਹਾ ਸੀ, ਬਿਲਕੁਲ ਉਸ ਤਰ੍ਹਾਂ ਜਿਵੇਂ ਤਸਵੀਰਾਂ ਵਿਚ ਫਕੀਰ ਦਾ ਵਿਸਮਾਦ ਦਿਖਾਇਆ ਹੁੰਦਾ ਹੈ, ਕਾਫਕਾ ਨਹੀਂ, ਇਹ ਕੋਈ ਹੋਰ ਸੀ। ਕਾਫਕਾ ਨੇ ਇਕ ਦਿਨ ਕਿਹਾ, ''ਟੱਕਰਾਂ ਮਾਰ ਮਾਰ ਜਦੋਂ ਮੱਥਾ ਲਹੂ ਲੁਹਾਣ ਹੋ ਜਾਵੇ ਉਦੋਂ ਮੈਨੂੰ ਤਸੱਲੀ ਹੁੰਦੀ ਹੈ। ਦੋਰਾ ਇਹ ਸਬੂਤ ਹੁੰਦਾ ਹੈ ਇਸ ਗੱਲ ਦਾ ਕਿ ਜਿਸ ਚਟਾਨ ਨਾਲ ਟਕਰਾਇਆ, ਉਹ ਸਖਤ ਸੀ।''

ਮੈਕਸ ਬਰੋਦ ਕਾਫਕਾ ਅਤੇ ਦੋਰਾ ਨੂੰ ਮਿਲਣ ਬਰਲਿਨ ਗਿਆ, ਲਿਖਦਾ ਹੈ, ''ਦੋਰਾ ਨਾਲ ਬਿਤਾਏ ਉਸਦੇ ਦਿਨ ਸਭ ਤੋਂ ਵਧੀਕ ਸੁਖਦਾਈ ਪਲ ਸਨ, ਮੈਨੂੰ ਆਪਣੀਆਂ ਤਾਜ਼ੀਆਂ ਰਚਨਾਵਾ ਪੜ੍ਹ ਕੇ ਸੁਣਾਈਆਂ। ਮੈਂ ਉਸ ਦੀਆਂ ਲਿਖਤਾਂ ਹੁਣ ਪੜ੍ਹਦਾ ਹਾਂ ਤਾਂ ਉਸ ਦੇ ਬੋਲ, ਅੰਦਾਜ਼ ਸਾਹਮਣੇ ਆ ਜਾਂਦਾ ਹੈ। ਵਾਕ ਸਜਿੰਦ ਹੋ ਜਾਂਦੇ, ਚਫੇਰ ਸੰਗੀਤ ਪਸਰ ਜਾਂਦਾ। ਉਹ ਛਪਣ ਲਈ ਤਿਆਰ ਨਾ ਹੁੰਦਾ ਤਾਂ ਕਦੀ ਮੈਂ ਮੰਗਤੇ ਵਾਂਗ ਭੀਖ ਮੰਗਦਾ, ਕਦੀ ਚੋਰੀ ਕਰਦਾ, ਕਦੀ ਧੱਕੇ ਨਾਲ ਖੋਹ ਲਿਆਉਂਦਾ, ਉਹ ਕਹੀ ਜਾਂਦਾ- ਇਹ ਠੀਕ ਨਹੀਂ, ਗਲਤੀਆਂ ਨੇ।

ਪ੍ਰਕਾਸ਼ਕ ਕੁਰਟ ਵੋਫ ਵਰਲੇਗ ਨੇ ਕਾਫਕਾ ਨੂੰ ਖਤ ਲਿਖਿਆ, ''ਤੁਹਾਡੀਆਂ ਕਿਤਾਬਾਂ ਵਿਕ ਨਹੀਂ ਰਹੀਆਂ। ਦੇਰ ਬਾਦ ਤੁਹਾਡੇ ਪਾਠਕ ਪੈਦਾ ਹੋਣਗੇ। ਸਾਨੂੰ ਇਨ੍ਹਾਂ ਵਿਚਲੇ ਵਾਕਾਂ ਦੀ ਕੀਮਤ ਦਾ ਪਤਾ ਹੈ। ਸਾਨੂੰ ਫਖਰ ਹੈ ਅਸੀਂ ਤੁਹਾਡੇ ਪ੍ਰਕਾਸ਼ਕ ਹਾਂ।''

ਬਰੋਦ ਨੇ ਖਤ ਲਿਖ ਕੇ ਸਿਹਤ ਬਾਬਤ ਪੁੱਛਿਆ ਤਾਂ ਉਤਰ ਦਿੱਤਾ, ''ਬਾਕੀ ਅੰਗਾਂ ਦਾ ਕੰਮ ਤਾਂ ਤਮਾਮ ਹੈ, ਸਿਰ ਬਚਿਆ ਹੈ ਅਜੇ, ਸਿਰ ਇਸ ਤਰ੍ਹਾਂ ਦਾ ਜਿਵੇਂ ਸ਼ੇਰ ਨੇ ਲੋਹ-ਟੋਪ ਪਹਿਨ ਲਿਆ ਹੋਵੇ। ਹਨ੍ਹੇਰ ਖਾਤੇ ਵਿਚ ਅਕਸਰ ਡੁੱਬ ਜਾਨਾ, ਦੇਰ ਬਾਦ ਫੇਰ ਚਾਨਣ ਦਿਖਾਈ ਦੇਣ ਲੱਗ ਜਾਂਦੈ।

ਭੈਣ ਓਟਲਾ ਦੋਹਾਂ ਨੂੰ ਮਿਲ ਕੇ ਪੇਕੇ ਗਈ ਤਾਂ ਮਾਪਿਆਂ ਨੂੰ ਦੁੱਖ ਹੋਇਆ ਕਿ ਕਿਸ ਫਜ਼ੂਲ ਕੁੜੀ ਨੂੰ ਘਰ ਰੱਖ ਲਿਐ। ਓਟਲਾ ਨੇ ਸਿਫਤਾਂ ਕੀਤੀਆਂ, ਪਰ ਮਾਪਿਆਂ ਨੂੰ ਇਤਬਾਰ ਨਹੀਂ ਆਇਆ, ਦੁਖੀ ਹੋਏ।

1924 ਦੇ ਨਵੇਂ ਸਾਲ ਭੈਣਾਂ ਅਤੇ ਮਾਪਿਆਂ ਵਲੋਂ ਏਨੇ ਤੁਹਫੇ, ਏਨੀਆਂ ਖਾਣ ਚੀਜ਼ਾਂ ਆਈਆਂ ਕਿ ਪੈਕਟ ਖੋਲ੍ਹਦੀ ਖੋਲ੍ਹਦੀ ਦੋਰਾ ਰੋ ਪਈ। ਕਾਫਕਾ ਦੀ ਭਾਣਜੀ ਦਸਦੀ ਹੈ ਕਿ ਨਾਨਾ ਨਾਨੀ ਨੂੰ ਇਹ ਪੂਰਬਣੀ ਪਸੰਦ ਨਹੀਂ ਸੀ। ਕਿਹਾ ਕਰਦੇ ਸਨ - ਇਹ ਠੀਕ ਨਹੀਂ ਖੁਆਉਂਦੀ ਪਿਲਾਉਂਦੀ, ਮਾਰ ਦਏਗੀ ਸਾਡੇ ਪੁੱਤਰ ਨੂੰ।

ਜਨਵਰੀ ਦੇ ਦੂਜੇ ਹਫਤੇ ਬੁਖਾਰ ਤੇਜ਼ ਹੋ ਗਿਆ। ਦੋਰਾ ਨੇ ਸਭ ਤੋਂ ਵੱਡਾ ਡਾਕਟਰ ਜੋ ਪ੍ਰੋਫੈਸਰ ਵੀ ਸੀ, ਸੱਦਿਆ। ਆਪ ਤਾਂ ਉਹ ਆਇਆ ਨਹੀਂ, ਆਪਣਾ ਤੀਹ ਸਾਲ ਦਾ ਸਹਾਇਕ ਭੇਜ ਦਿੱਤਾ। ਸਾਰਾ ਕੁਝ ਚੈੱਕ ਕਰਨ ਤੋਂ ਬਾਦ ਸਹਾਇਕ ਨੇ ਕਿਹਾ, ਬੁਖਾਰ ਤੋਂ ਬਿਨਾਂ ਹੋਰ ਕੋਈ ਤਕਲੀਫ ਨਹੀਂ। ਕੱਢੋ 160 ਚੈਕ ਕ੍ਰਾਊਨ। ਕਾਫਕਾ ਨੇ ਕਿਹਾ - ਦੋਰਾ, ਚੰਗਾ ਹੋਇਆ ਵੱਡਾ ਡਾਕਟਰ ਨਹੀਂ ਆਇਆ, ਮਾਂਜ ਦੇਣਾ ਸੀ ਆਪਾਂ ਨੂੰ ਜੇ ਖੁਦ ਆ ਜਾਂਦਾ। ਮੈਨੂੰ ਮਹਿੰਗਾਹੀ ਦਾ ਇਕ ਫਾਇਦਾ ਵੀ ਹੈ। ਸਸਤਾ, ਫਜ਼ੂਲ ਖਾਣਾ ਸੁਆਦ ਲੱਗਣ ਲੱਗ ਜਾਂਦੈ।

ਹਰ ਸ਼ਨੀਵਾਰ ਦੀ ਸ਼ਾਮ ਅਰਦਾਸ ਵਿਚ ਬੀਤਦੀ। ਬੱਚਾ ਇਕ ਕਹਾਣੀ ਜਿਵੇਂ ਬਾਰ ਬਾਰ ਸੁਣੀ ਜਾਂਦਾ ਹੈ, ਉਹ ਦੋਰਾ ਤੋਂ ਅਰਦਾਸ ਸੁਣੀ ਜਾਂਦਾ, - ਹਿਬਰੂ ਭਾਸ਼ਾ ਦੇ ਪਰਮੇਸ਼ਰ, ਇਜ਼ਰਾਈਲ ਦੇ ਯਹੂਦੀਆਂ ਨੂੰ ਤੇਰੀ ਮੱਦਦ ਦੀ ਲੋੜ ਹੈ, ਆਉਣ ਵਾਲੇ ਸੱਤੇ ਦਿਨ ਭਾਗਾਂ ਭਰੇ ਹੋਣ, ਤੇਰੀ ਪਵਿਤਰਤਾ ਸਾਡੀ ਦੁਨੀਆਂਦਾਰੀ ਨੂੰ ਸਿੰਜਦੀ ਰਹੇ, ਆਪਦੇ ਮੁਰੀਦਾਂ ਦੀ ਮੁਰਾਦ ਪੂਰੀ ਕਰ ਪਿਤਾ। ਸਿਹਤ ਮਿਲੇ, ਜੀਵਲ ਮਿਲੇ, ਸਭ ਨੂੰ ਅੰਨ ਦੇਹ, ਧਨ ਦੇਹ, ਸ਼ਾਨਾਂ ਬਖਸ਼। ਜੇਰੂਸਲਮ ਦੇ ਦਰਵਾਜੇ ਖੋਲ੍ਹਦੇ, ਹਮੇਸ਼ਾਂ ਖੁੱਲ੍ਹੇ ਰੱਖੀਂ।''

ਫਿਰ ਖੁਦ ਅਰਦਾਸ ਕਰਨ ਲੱਗ ਜਾਂਦਾ, ''ਜੇਰੂਸਲਮ ਦੇ ਦਰ ਖੁੱਲ੍ਹਣਗੇ, ਅਸੀਂ ਜਾਵਾਂਗੇ। ਸਗਲ ਸੰਸਾਰਾਂ ਦੇ ਪਿਤਾ, ਕੇਵਲ ਤੂੰ ਸਾਡਾ ਰਾਖਾ ਹੈਂ। ਕੌੜੀ ਜੁਦਾਈ ਮਿੱਠੇ ਮਿਲਾਪਾਂ ਵਿਚ ਬਦਲੇਗੀ, ਅਗਲਾ ਹਫਤਾ, ਅਗਲਾ ਮਹੀਨਾ, ਅਗਲਾ ਸਾਲ, ਸੁਖਦਾਈ ਹੋਵੇ।'' ਦੋਰਾ ਨੇ ਇਕ ਦਿਨ ਕਿਹਾ- ਦੇਖਿਆ ਅਰਦਾਸ ਨਾਲ ਕਿੰਨਾ ਸੁਖ, ਕਿੰਨੀ ਸ਼ਾਂਤੀ ਮਿਲਦੀ ਹੈ। ਤੂੰ ਸਾਰੀ ਉਮਰ ਅਰਦਾਸ ਨਹੀਂ ਕੀਤੀ, ਸੰਗਤ ਵਿਚ ਨਹੀਂ ਗਿਆ, ਹੁਣ ਲੱਗਾ ਨਾ ਪਤਾ ਇਸ ਦੀ ਮਿਠਾਸ ਦਾ? ਜੇ ਸ਼ੁਰੂ ਤੋਂ ਰੱਬ ਨੂੰ ਯਾਦ ਰੱਖਿਆ ਹੁੰਦਾ ਤਾਂ ਕਾਹਨੂੰ ਕਸ਼ਟ ਆਉਂਦੇ।

www.punjabilibrary.com

ਕਾਫਕਾ ਨੇ ਬਰੋਦ ਨੂੰ ਲਿਖਿਆ, ''ਮਹਿੰਗਾਈ ਕਰਕੇ ਇਹੀ ਸੁਹਣਾ ਫਲੈਟ 1 ਫਰਵਰੀ 1924 ਨੂੰ ਛੱਡਣਾ ਪਵੇਗਾ। ਤੰਗੀ ਏਨੀ ਹੈ ਕਿ ਸਾਡੀ ਮਾਲਕ ਮਕਾਨ ਨੇ ਆਪਣਾ ਇਕੋ ਇਕ ਬੈਡ-ਰੂਮ ਵੀ ਕਿਰਾਏ ਤੇ ਦੇ ਦਿੱਤਾ। ਬਾਰ ਬਾਰ ਫਲੈਟ ਬਦਲਣ ਨਾਲ ਮੈਂ ਸਾਰਾ ਬਰਲਿਨ ਸ਼ਹਿਰ ਦੇਖ ਲਊਂਗਾ। ਪਰਾਗ ਵਿਚ ਨੀ ਮੈਂ ਜਾਣਾ ਹੁਣ ਕਦੇ।''

ਬਰੋਦ ਨੇ ਸੁਆਦਲੇ ਖਾਣੇ ਦਾ ਵੱਡਾ ਪੈਕਟ ਭੇਜਿਆ, ਧੰਨਵਾਦ ਕਰਦਿਆਂ ਕਾਫਕਾ ਨੇ ਕਿਹਾ, ''ਅਸੀਂ ਇਕੱਲਿਆਂ ਨਹੀਂ ਖਾਧਾ। ਆਪਣੇ ਜੋਗਾ ਰੱਖ ਕੇ ਦੋਰਾ ਬਾਕੀ ਸਾਰਾ ਯਤੀਮਖਾਨੇ ਲੈ ਗਈ। ਦੱਸਦੀ ਸੀ, ਉਦਾਸ ਬੱਚੇ ਖਿੜ ਗਏ ਸਨ। ਪਹਿਲਾਂ ਵੀ ਇਕ ਦਿਨ 20 ਕਰਾਊਨ ਦੇ ਕੇ ਆਈ ਸੀ। ਪੰਜ ਦਿਨ ਬਾਦ ਮਕਾਨ ਖਾਲੀ ਕਰਨਾ ਹੈ ਪਰ ਅਜੇ ਨਵਾਂ ਲੱਭਾ ਨਹੀਂ। ਚੰਗੇ ਮਕਾਨ ਤੇਜ਼ ਕਦਮੀਂ ਸਾਡੇ ਕੋਲੋਂ ਦੀ ਲੰਘ ਜਾਂਦੇ ਹਨ, ਮਾੜੇ ਵਿਚ ਰਹਿਣ ਨੂੰ ਦਿਲ ਨੀ ਕਰਦਾ। ਮੇਰਾ ਜੀ ਨੌਕਰੀ ਕਰਨ ਨੂੰ ਕਰਦਾ ਹੈ, ਪਰ ਉਠਿਆ ਨਹੀਂ ਜਾਂਦਾ। ਮੰਜੀ ਤੇ ਪਏ ਬੰਦੇ ਨੂੰ ਥੋੜਾ ਨੌਕਰੀ ਦਏਗਾ ਕੋਈ।''

ਉਸਨੂੰ ਕਵੀ ਹਾਰਤ ਪਸੰਦ ਸੀ ਜੋ ਗਜ਼ਬ ਦੇ ਅੰਦਾਜ਼ ਵਿਚ ਪੁਰਾਣੀਆਂ ਨਜ਼ਮਾਂ ਸਟੇਜ ਤੇ ਪੇਸ਼ ਕਰਦਾ, ਨਿਰਾ ਜਾਦੂਗਰ। ਜੀਨੀਅਸ। ਹਾਰਤ ਨੇ ਸੱਦਾ ਪੱਤਰ ਭੇਜਿਆ ਕਿ ਬਰਲਿਨ ਵਿਚ ਸ਼ੋਅ ਦੇਖਣ ਆਓ। ਧੰਨਵਾਦ ਕਰਦਿਆਂ ਕਾਫਕਾ ਨੇ ਲਿਖਿਆ, ''ਆ ਨੀ ਸਕਦਾ। ਦੋਰਾ ਦਾਇਮੰਤ ਆਏਗੀ। ਉਸ ਨਾਲ ਮੇਰੇ ਘਰ ਆ ਜਾਹ। ਤੈਨੂੰ ਮਿਲਿਆਂ ਮੁੱਦਤ ਹੋ ਗਈ।''

ਦੋਰਾ ਉਸਦਾ ਸ਼ੋਅ ਦੇਖਣ ਗਈ, ਆ ਕੇ ਹੂਬਹੂ, ਉਹ ਸਾਰਾ ਕੁਝ ਕਾਫਕਾ ਅੱਗੇ ਦੁਹਰਾ ਦਿਤਾ ਜੋ ਹਾਰਤ ਨੇ ਕੀਤਾ ਤੇ ਕਿਹਾ। ਦੋਰਾ ਨੇ ਸੋਚਿਆ, ਐਕਟਿੰਗ ਦੁਆਰਾ ਰੋਟੀ ਕਮਾਈ ਜਾ ਸਕਦੀ ਹੈ।

ਕੈਸਰ ਵਿਦਵਾਨ ਵੀ ਸੀ, ਪ੍ਰਕਾਸ਼ਕ ਵੀ। ਉਸਨੇ ਲਿਖਿਆ, ''ਕਾਫਕਾ ਜਿੱਡਾ ਕੱਦਾਵਰ ਲੇਖਕ ਅੱਜ ਕੋਈ ਨਹੀਂ, ਉਸਦੇ ਵਾਕਾਂ ਵਿਚ ਅਲੰਕਾਰ ਨਹੀਂ, ਵਿਉਂਤਬੰਦੀ ਨਹੀਂ, ਬਿਨਾਂ ਕਿਸੇ ਕੋਸ਼ਿਸ਼ ਦੇ ਉਹ ਅਣਘੜੇ ਸੋਨੇ ਦੇ ਢੇਰ ਲਾ ਰਿਹੈ। ਮੈਂ ਉਸ ਨੂੰ 1924 ਦੀਆਂ ਸਰਦੀਆਂ ਵਿਚ ਮਿਲਿਆ। ਬਿਮਾਰ ਸੀ। ਕਮਜ਼ੋਰ। ਨਿਰਾ ਬੱਚਾ ਲੱਗ ਰਿਹਾ ਸੀ। ਬੱਚੇ ਵਾਂਗ ਖੁਸ਼ ਸੀ। ਮੈਨੂੰ ਇਉਂ ਲੱਗਣ ਲੱਗਾ ਜਿਵੇਂ ਇਹ ਬਿਮਾਰੀ ਨੂੰ ਵੀ ਪਿਆਰ ਕਰਨ ਲੱਗ ਪਿਐ। ਉਸਨੇ ਮੈਨੂੰ ਕਿਹਾ - ਆਦਮੀ ਸੁੰਦਰਤਾ ਦੇਖਣ ਦੇ ਸਮਰੱਥ ਰਹੇ, ਤਾਂ ਬੁੱਢਾ ਨਹੀਂ ਹੁੰਦਾ।''

ਪ੍ਰਸਿੱਧ ਲੇਖਕ ਵਰਫਲ ਉਸਨੂੰ ਮਿਲਣ ਆਇਆ। ਦੇਰ ਤੱਕ ਦੋਵੇਂ ਅੰਦਰ ਬੈਠੇ ਰਹੇ, ਫਿਰ ਅਚਾਨਕ ਫਟੱਕ ਦਰਵਾਜਾ ਖੁੱਲ੍ਹਿਆ ਤੇ ਵਰਫਲ ਰੋਂਦਾ ਰੋਂਦਾ ਬਾਹਰ ਨਿਕਲ ਗਿਆ। ਦੋਰਾ ਨੇ ਪੁੱਛਿਆ, ਕਿਹਾ - ''ਕਾਫਕਾ ਨੂੰ ਮੇਰੀ ਰੋਈ ਰਚਨਾ ਪਸੰਦ ਨਹੀਂ। ਨਹੀਂ ਤਾਂ ਨਾਂ ਸਹੀ, ਮੇਰੀ ਖੱਲ ਤਾਂ ਨਹੀਂ ਉਤਾਰਨੀ ਚਾਹੀਦੀ ਸੀ। ਦੋਰਾ ਨੇ ਕਿਹਾ - ਉਹ ਹੈ ਈ ਇਸ ਤਰ੍ਹਾਂ ਦਾ। ਉਹ ਤਾਂ ਆਪਣੀ ਖੱਲ ਆਪ ਉਤਾਰਦਾ ਰਹਿੰਦੈ। ਆਪਣੀ ਲਿਖਤ ਨੂੰ ਅੱਗ ਲਾ ਦਿੰਦੈ। ਛਪਣ ਲਈ ਨਹੀਂ ਭੇਜਦਾ, ਕਹਿੰਦਾ ਰਹਿੰਦੈ - ਇਹ ਬਕਵਾਸ ਹੈ। ਤੂੰ ਉਹਦੀ ਗੱਲ ਦਾ ਬੁਰਾ ਨਾ ਮਨਾ। ਉਹ ਠੀਕ ਨਹੀਂ ਨਾ। ਉਹਨੇ ਤਾਂ ਮੇਰੇ ਹੱਥੋਂ ਆਪਣੀਆਂ ਡਾਇਰੀਆਂ ਨੂੰ ਅੱਗ ਲੁਵਾ ਦਿੱਤੀ ਸੀ। ਸੁਆਹ ਦੇਖ ਕੇ ਸ਼ਾਂਤ ਹੋ ਗਿਆ ਤੇ ਕਿਹਾ - ਲਿਖਤ ਆਦਮੀ ਦੇ ਅਨੁਭਵ ਦੀ ਸੁਆਹ ਹੁੰਦੀ ਹੈ।

1919 ਵਿਚ ਦੋਰਾ ਡਾ. ਨੈਲਕਨ ਨੂੰ ਮਿਲੀ ਸੀ। ਦੋਵੇਂ ਇਕ ਦੂਜੇ ਨੂੰ ਚੰਗੇ ਲੱਗੇ। ਦੋਰਾ ਨੂੰ ਉਸਦਾ ਫੋਨ ਨੰਬਰ ਲੱਭ ਗਿਆ। ਫੋਨ ਕੀਤਾ, ''ਦੋਰਾ ਹਾਂ, ਪਛਾਣਿਆਂ? ਮੇਰਾ ਦੋਸਤ ਫਰਾਂਜ਼ ਬਹੁਤ ਬਿਮਾਰ ਹੈ। ਦੇਖਣ ਆਏਂਗਾ? ਸਾਡੇ ਕੋਲ ਫੀਸ ਦੇਣ ਵਾਸਤੇ ਪੈਸੇ ਨਹੀਂ। ਆ ਜਾਏਂਗਾ?'' ਨੈਲਕਨ ਆਇਆ, ਦੱਸਦਾ ਹੈ, ''ਬਹੁਤ ਕਮਜ਼ੋਰ ਸੀ ਪਰ ਦੋਸਤਾਨਾ ਮੁਸਕਾਨ ਹੋਠਾਂ ਤੇ। ਬੋਲਿਆ ਤਾਂ ਨਹੀਂ ਪਰ ਨਜ਼ਰਾਂ ਕਹਿ ਰਹੀਆਂ ਸਨ - ਕਿਉਂ ਆਪਣਾ ਸਮਾਂ ਖਰਾਬ ਕਰਦੈਂ ਜੁਆਨ। ਹੁਣ ਕੁਝ ਨਹੀਂ ਸੰਵਰਨਾ। 1974 ਵਿਚ ਡਾ. ਨੈਲਕਨ ਦੀ ਜਦੋਂ ਬਤੌਰ ਹਕੀਮ ਧੁੰਮ ਮਚੀ ਹੋਈ ਸੀ ਲਿਖਦਾ ਹੈ - ਅਫਸੋਸ, ਮੈਂ ਏਡੇ ਵੱਡੇ ਲੇਖਕ ਦੇ ਕੰਮ ਨਹੀਂ ਆ ਸਕਿਆ। ਫੀਸ ਨਹੀਂ ਸੀ, ਆਪਣੀ ਕਿਤਾਬ ਦਸਤਖਤ ਕਰਕੇ ਮੈਨੂੰ ਫੜਾ ਦਿੱਤੀ। ਦੋਰਾ ਘਰੋਂ ਬਾਹਰ ਜਾਣੋਂ ਹਟ ਗਈ ਸੀ। ਘਰ ਬੈਠੀ ਕੱਪੜੇ ਸੀ ਕੇ ਕੁਝ ਕਮਾ ਲੈਂਦੀ।

17 ਮਾਰਚ 1924 ਨੂੰ ਉਸਨੇ ਹਾਰ ਮੰਨ ਲਈ, ਬਰਲਿਨ ਤੋਂ ਪਰਾਗ ਜਾਣ ਦਾ ਫੈਸਲਾ ਕੀਤਾ। ਉਹ ਨਹੀਂ ਚਾਹੁੰਦਾ ਸੀ ਦੋਰਾ ਉਸ ਨਾਲ ਜਾਏ। ਦੋਰਾ ਗੁਲਾਮ ਜ਼ਿੰਦਗੀ ਕਿਉਂ ਬਿਤਾਵੇ? ਮੇਰੇ ਮਾਪਿਆਂ ਹੱਥੋਂ ਬੇਇਜ਼ਤ ਕਿਉਂ ਹੋਵੇ। ਦੋਰਾ ਨਾਲ ਜਾਣ ਲਈ ਬਜ਼ਿਦ ਸੀ, ਆਖਰ ਕਾਫਕਾ ਨੇ ਕਿਹਾ - ਨਹੀਂ। ਇੱਥੇ ਰਹਿ। ਹਰ ਰੋਜ਼ ਖਤ ਲਿਖਿਆ ਕਰਾਂਗਾ। ਚੰਗਾ ਇਉਂ ਕਰੀਂ, ਮਾਪਿਆਂ ਨੂੰ ਮਿਲ ਕੇ ਜਦੋਂ ਮੈਂ ਸੈਨੇਟੋਰੀਅਮ ਵਿਚ ਦਾਖਲ ਹੋ ਗਿਆ, ਉਦੋਂ ਆ ਜਾਈਂ। ਜਦੋਂ ਤੱਕ ਟਰੇਨ ਅੱਖੋਂ ਪਰੇ ਨਹੀਂ ਹੋਈ, ਦੋਰਾ ਦੇਰ ਤੱਕ ਪਲੇਟਫਾਰਮ ਤੇ ਖਲੋਤੀ ਦੇਖਦੀ ਰਹੀ।

30 ਸਾਲ ਬਾਦ ਦੋਰਾ ਨੇ ਡਾਇਰੀ ਵਿਚ ਲਿਖਿਆ, ''ਉਹ ਯਾਦ ਆ ਜਾਂਦੈ ਤਾਂ ਮੈਂ ਕਲਪਨਾ ਦੇ ਸੰਸਾਰ ਵਿਚ ਖੋ ਜਾਂਦੀ ਹਾਂ, ਅੰਦਰਲਾ ਸੰਸਾਰ ਦਿਸਦੇ ਸੰਸਾਰ ਤੋਂ ਵਧੀਕ ਅਸਲੀ ਹੈ।

ਤਿੰਨ ਹਫਤੇ ਬੀਤ ਗਏ। ਕਾਫਕਾ ਮਾਪਿਆਂ ਪਾਸ ਰਿਹਾ। ਦੋਰਾ ਦਾ ਬੜਾ ਦਿਲ ਕਰਦਾ ਸੀ ਕਿ ਪਰਾਗ ਚਲੀ ਜਾਏ, ਬੇਇਜ਼ਤੀ ਹੁੰਦੀ ਹੈ ਹੋਣ ਦਿਓ, ਫੇਰ ਕੀ ਹੋਇਆ। ਪਰ ਨਹੀਂ ਗਈ। ਗਵਾਂਢਣਾਂ ਨੂੰ ਦੱਸ ਦਿੰਦੀ ਕਿ ਜਾ ਰਹੀ ਹਾਂ, ਪਰ ਕਾਫਕਾ ਦਾ ਹੁਕਮ ਮੋੜਨ ਦੀ ਸਮਰੱਥਾ ਨਹੀਂ ਸੀ। ਵਿਗੜਦੀ ਹਾਲਤ ਦੇਖ ਕੇ ਮਾਪਿਆਂ ਨੇ ਸੈਨੇਟੋਰੀਅਮ ਭੇਜਣ ਦਾ ਫੈਸਲਾ ਕਰ ਲਿਆ। ਦੋਰਾ ਨੂੰ ਪਤਾ ਲੱਗਾ, ਕਾਫਕਾ ਤੋਂ ਪਹਿਲਾਂ ਉਥੇ ਪੁੱਜ ਗਈ।

ਸਾਹ ਨਾਲੀ ਤੱਕ ਤਪਦਿਕ ਪੁੱਜ ਗਈ। ਪਾਣੀ ਦੀ ਘੁੱਟ ਇਉਂ ਲੰਘਦੀ ਸੀ ਜਿਵੇਂ ਸ਼ੀਸ਼ੇ ਦੇ ਟੁਕੜੇ ਨਿਗਲੇ ਹੋਣ। ਮੌਤ ਦੇ ਨਿਸ਼ਾਨ ਪ੍ਰਗਟ ਹੋਣ ਲੱਗੇ ਤਾਂ ਵੀਆਨਾਂ ਦੇ ਹਸਪਤਾਲ ਵਿਚ ਲਿਜਾਣ ਦਾ ਫੈਸਲਾ ਹੋਇਆ। ਬਗੈਰ ਛੱਤ ਦੇ ਜੀਪ ਵਿਚ ਪਿਛਲੀ ਸੀਟ ਤੇ ਬਿਠਾ ਕੇ ਦੋਰਾ ਨੇ ਦੋ ਕੰਬਲ ਉਸ ਦੁਆਲੇ ਲਪੇਟ ਦਿੱਤੇ। ਹਵਾ ਨਾ ਲੱਗੇ, ਆਪ ਅੱਗੇ ਖਲੋ ਗਈ। ਕਣੀਆਂ ਡਿੱਗ ਰਹੀਆਂ ਸਨ ਨਿੱਕੀਆਂ ਨਿੱਕੀਆਂ, ਬਰਫਾਨੀ ਠੱਕਾ ਵਗ ਰਿਹਾ ਸੀ। ਚਾਰ ਘੰਟਿਆਂ ਵਿਚ ਇਹ ਸਫਰ ਮੁਕਾਇਆ। ਹਸਪਤਾਲ ਦੇ ਉਸ ਵੱਡੇ ਕਮਰੇ ਵਿਚ ਲੈ ਗਏ ਜਿੱਥੇ ਮਰੀਜ਼ ਮਰ ਰਹੇ ਸਨ। ਦੋਰਾ ਨੂੰ ਕੇਵਲ ਦੋ ਘੰਟੇ ਉਸ ਕੋਲ ਬੈਠਣ ਦੀ ਆਗਿਆ ਸੀ।

ਇਕ ਰਿਸ਼ਟ ਪੁਸ਼ਟ ਹਸਮੁੱਖ ਮਰੀਜ਼ ਇਸ ਹਾਲ ਵਿਚ ਟਹਿਲਦਾ ਫਿਰਦਾ ਰਹਿੰਦਾ ਸੀ। ਤਰਲ ਖਾਣਾ ਟਿਊਬ ਰਾਹੀਂ ਅੰਦਰ ਪਹੁੰਚਾਉਂਦੇ ਸਨ ਬਾਕੀ ਸਭ ਠੀਕ ਸੀ। ਇਕ ਦਿਨ ਉਹ ਮਰ ਗਿਆ। ਜਦੋਂ ਦੋਰਾ ਆਈ, ਕਾਫਕਾ ਨੇ ਉਸਦੀ ਲਾਸ਼ ਵੱਲ ਇਸ਼ਾਰਾ ਕੀਤਾ ਤੇ ਗੁਸੈਲੀਆਂ ਨਜ਼ਰਾਂ ਘੁੰਮਾਈਆਂ। ਮੌਤ ਕਾਰਨ ਡਰਨ ਦੀ ਥਾਂ ਉਹ ਮਰੀਜ਼ ਉਪਰ ਗੁੱਸੇ ਸੀ ਕਿ ਇਹੋ ਜਿਹੀ ਸਿਹਤ ਹੁੰਦਿਆਂ ਕਿਉਂ ਮਰਿਆ। ਕਈ ਦਿਨ ਮਾਪਿਆਂ ਨੂੰ ਖਤ ਨਾ ਲਿਖ ਸਕਿਆ, ਦੋਰਾ ਨੇ ਲਿਖਿਆ- ਕਾਫਕਾ ਦੇ ਮਾਤਾ ਪਿਤਾ ਜੀਓ। ਖਿਮਾ ਮੰਗਦੀ ਹਾਂ, ਕਾਫਕਾ ਦੀ ਥਾਂ ਲਿਖਣਾ ਪੈ ਰਿਹਾ ਹੈ। ਉਸਦੀ ਥਾਂ ਨਹੀਂ ਹਾਂ ਮੈਂ। ਸੋਚਿਆ ਕਾਫਕਾ ਵਲੋਂ ਬਿਲਕੁਲ ਨਾ ਲਿਖਣ ਦੀ ਥਾਂ ਤੇ ਜੇ ਮੈਂ ਲਿਖਦਿਆਂ? ਅੱਜ ਤਬੀਅਤ ਠੀਕ ਰਹੀ। ਲਗਦੈ ਥੋੜੇ ਦਿਨ, ਫਿਰ ਛੁੱਟੀ ਦੇ ਦੇਣਗੇ।
- ਦੋਰਾ।

ਹਰ ਰੋਜ਼ ਕਿਸੇ ਨਾ ਕਿਸੇ ਦੀ ਮੌਤ ਹੁੰਦੀ। ਦੋਰਾ ਸਵੇਰ ਸਾਰ ਆਈ ਤਾਂ ਨਾਲ ਵਾਲਾ ਬੈਡ ਖਾਲੀ ਸੀ। ਕਾਫਕਾ ਨੇ ਦੱਸਿਆ- ਡਾਕਟਰ ਤਾਂ ਕਦੋਂ ਦੇ ਭੱਜ ਗਏ ਸਨ। ਪਾਦਰੀ ਬਹੁਤ ਧੀਰਜਵਾਨ ਸੀ। ਚਾਰ ਘੰਟੇ ਬੈਠਾ ਬਾਈਬਲ ਦੇ ਵਾਕਾਂ ਨਾਲ ਸ਼ਾਂਤੀ ਦਿੰਦਾ ਰਿਹਾ। ਪਾਦਰੀ ਉਦੋਂ ਗਿਆ, ਜਦੋਂ ਮਰੀਜ਼ ਚਲਾ ਗਿਆ।

ਪ੍ਰਸਿੱਧ ਸਾਹਿਤਕਾਰ ਵਰਫਲ ਨੇ ਚੀਫ ਸਰਜਨ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਕਾਫਕਾ ਨੂੰ ਵੱਖਰਾ ਕਮਰਾ ਦਿੱਤਾ ਜਾਵੇ। ਡਾਕਟਰ ਨੇ ਕਿਹਾ - ਕਿਸੇ ਵਰਫਲ ਨੇ ਕਿਸੇ ਕਾਫਕਾ ਦੀ ਸਿਫਾਰਸ਼ ਕੀਤੀ ਹੈ। ਕਾਫਕਾ ਦਾ ਤਾਂ ਮੈਨੂੰ ਪਤੈ ਕਿ ਉਹ ਮਰੀਜ਼ ਨੰਬਰ ਬਾਰਾਂ ਹੈ, ਇਹ ਵਰਫਲ ਕੌਣ ਹੋਇਆ?

ਬਰੋਦ ਨੂੰ ਲਿਖਿਆ, ''ਦੂਜਿਆਂ ਨਾਲੋਂ ਮੇਰੇ ਜੀਵਨ ਵਿਚ ਮਿਠਾਸ ਵਧੀਕ ਸੀ ਸੋ ਦੂਜਿਆਂ ਦੀ ਮੌਤ ਨਾਲੋਂ ਮੇਰੀ ਮੌਤ ਵਧੀਕ ਕੌੜੀ ਹੋਏਗੀ।'' ਬਰੋਦ ਦੀ ਸਿਫਾਰਸ਼ ਕਾਰਨ ਫੇਫੜਿਆਂ ਦੇ ਮਾਹਿਰ ਦੋ ਡਾਕਟਰ ਆਏ, ਬਹੁਤ ਮਹਿੰਗੇ, ਪਰ ਕਿਉਂਕਿ ਬਰੋਦ ਨੇ ਕਿਹਾ ਸੀ, ਸੋ ਮੰਨ ਗਏ। ਦਿਨ ਰਾਤ ਸੇਵਾ ਵਿਚ ਲੱਗੀ ਇਹ ਕੁੜੀ ਕਾਫਕਾ ਦੇ ਮਾਪਿਆਂ ਨੂੰ ਚੰਗੀ ਲੱਗਣ ਲੱਗੀ। ਚਿੱਠੀਆਂ ਵਿਚ ਅਸੀਸਾਂ ਦੇਣ ਲੱਗੇ। ਦੋਰਾ ਨੇ ਲਿਖਿਆ, ''ਤੁਹਾਡੀਆਂ ਅਸੀਸਾਂ ਮੈਨੂੰ ਕਿੰਨੀ ਖੁਸ਼ੀ ਦਿੰਦੀਆਂ ਹਨ, ਮੇਰੇ ਬੇਰੰਗੇ ਅੱਖਰ ਦੱਸ ਨਹੀਂ ਸਕਦੇ।''

ਨਣਦ ਓਟਲਾ ਨੂੰ ਲਿਖਿਆ, ''ਮੈਂ ਚਾਹੁੰਦੀ ਹਾਂ ਕਾਫਕਾ ਰਾਜ਼ੀ ਹੋਵੇ ਤਾਂ ਕਿ ਤੁਹਾਨੂੰ ਦੁੱਖ ਨਾ ਪੁੱਜੇ, ਬਸ ਇਹੀ ਸੋਚਦੀ ਰਹਿੰਦੀ ਹਾਂ। ਹੋਰ ਮੇਰੇ ਦਿਮਾਗ ਵਿਚ ਕੋਈ ਗੱਲ ਨਹੀਂ ਆਉਂਦੀ। ਮੈਨੂੰ ਪੱਕਾ ਪਤੈ ਇਹ ਜਲਦੀ ਰਾਜ਼ੀ ਹੋਵੇਗਾ।''

ਕਾਫਕਾ ਨੇ ਦੋਰਾ ਨੂੰ ਕਿਹਾ - ਆਪਾਂ ਨੂੰ ਵਿਆਹ ਕਰਵਾ ਲੈਣਾ ਚਾਹੀਦੈ। ਦੋਰਾ ਨੇ ਕਿਹਾ - ਸਾਲ ਤੋਂ ਇਕੱਠੇ ਹਾਂ, ਰਸਮਾਂ ਰੀਤਾਂ ਉਪਰੋਂ ਮੇਰਾ ਇਤਬਾਰ ਉਠ ਗਿਆ। ਪਿਤਾ ਮੰਨੇਗਾ ਨਹੀਂ। ਇਵੇਂ ਠੀਕ ਹਾਂ। ਕਾਫਕਾ ਨਹੀਂ ਮੰਨਿਆਂ, ਦੋਰਾ ਦੇ ਪਿਤਾ ਨੂੰ ਲਿਖਿਆ, ''ਸਨਮਾਨਯੋਗ ਪਿਤਾ, ਮੈਂ ਤੁਹਾਡੇ ਪਰਿਵਾਰ ਦੇ ਜੀਆਂ ਵਾਂਗ ਪੱਕਾ ਯਹੂਦੀ ਤਾਂ ਨਹੀਂ - ਪਰ ਮੈਂ ਪ੍ਰਾਰਥਨਾ ਕਰਦਾ ਹੁੰਨਾ। ਕਿਸੇ ਦਿਨ ਤੁਹਾਡੇ ਵਰਗਾ ਵੀ ਹੋ ਜਾਵਾਂਗਾ। ਮੈਨੂੰ ਉਮੀਦ ਹੈ ਦੋਰਾ ਨੂੰ ਮੇਰੇ ਨਾਲ ਵਿਆਹ ਦੀ ਆਗਿਆ ਦੇ ਕੇ ਤੁਸੀਂ ਮੈਨੂੰ ਆਪਣੇ ਪਰਿਵਾਰ ਵਿਚ ਪ੍ਰਵਾਨ ਕਰ ਲਵੋਗੇ।'' ਇੰਨੇ ਸਤਿਕਾਰ ਨਾਲ ਲਿਖੇ ਵਾਕ ਪੜ੍ਹ ਕੇ ਇਕ ਵਾਰ ਤਾਂ ਦੋਰਾ ਨੂੰ ਲੱਗਿਆ ਕਿ ਆਗਿਆ ਮਿਲ ਜਾਏਗੀ। ਆਪਣੇ ਪੁਤਰ ਦੇ ਹੱਥ ਪਵਿੱਤਰ ਪਾਦਰੀ ਨੇ ਖਤ ਦਾ ਜਵਾਬ ਭੇਜਿਆ। ਭਰਾ ਵੀ ਪਿਤਾ ਜਿੰਨਾ ਧਰਮੀ ਬੰਦਾ ਸੀ, ਭੈਣ ਨਾਲ ਕੋਈ ਗੱਲ ਨਹੀਂ ਕੀਤੀ, ਉਸਦੀ ਝੋਲੀ ਵਿਚ ਜਵਾਬ ਸੁੱਟ ਗਿਆ, ਦੋਰਾ ਨੇ ਕਾਗਜ਼ ਖੋਲ੍ਹ ਕੇ ਪੜ੍ਹਿਆ। ਕੇਵਲ ਇਕ ਲਫਜ਼ ਲਿਖਿਆ ਹੋਇਆ ਸੀ - ''ਨਹੀਂ''।

ਡਾਕਟਰ ਹੋਫਮੈਨ ਨੇ ਕਿਹਾ, ''ਕਾਫਕਾ ਦੀ ਮੌਤ ਬਹੁਤ ਨੇੜੇ ਆ ਗਈ ਹੈ ਦੋਰਾ। ਪਾਦਰੀ ਆ ਗਿਐ। ਤੂੰ ਵਿਆਹ ਦੀ ਰਸਮ ਲਈ ਹਾਂ ਕਰ। ਮੈਂ ਤੇ ਮੇਰੀ ਪਤਨੀ ਗਵਾਹਾਂ ਵਜੋਂ ਦਸਤਖਤ ਕਰਾਂਗੇ।'' ਦੋਰਾ ਨੇ ਕਿਹਾ, ''ਤੁਹਾਡੀ ਇਹ ਗੱਲ ਹਮਦਰਦੀ ਭਰੀ ਲਗਦੀ ਹੈ ਡਾਕਟਰ, ਪਰ ਮੇਰੇ ਈਮਾਨ ਅਨੁਸਾਰ ਮਰਦੇ ਆਦਮੀ ਨੂੰ ਆਰਾਮ ਨਾਲ ਮਰਨ ਦੇਣਾ ਵੱਡਾ ਪੁੰਨ ਹੈ। ਮੇਰੀ ਅਤੇ ਉਸਦੀ ਰੂਹ ਨੂੰ ਕਸ਼ਟ ਨਾ ਦਿਉ।''

ਕਾਫਕਾ ਨੇ ਡਾ. ਰਾਬਰਟ ਨੂੰ ਕਿਹਾ, ''ਹੁਣ ਆਖਰੀ ਟੀਕਾ ਲਾ ਡਾਕਟਰ। ਮੈਨੂੰ ਤਸੀਹੇ ਨਾ ਦੇਹ''। ਡਾਕਟਰ ਨੇ ਦੋਰਾ ਨੂੰ ਡਾਕਖਾਨੇ ਜਾ ਕੇ ਮਾਪਿਆਂ ਨੂੰ ਖਬਰ ਦੇਣ ਲਈ ਕਿਹਾ। ਉਹ ਜਾਣਾ ਨਹੀਂ ਚਾਹੁੰਦੀ ਸੀ ਪਰ ਡਾਕਟਰ ਦਾ ਹੁਕਮ ਸੀ। ਤਿੰਨ ਜੂਨ, ਮਾਰਫੀਨ ਦਾ ਵੱਡਾ ਟੀਕਾ ਲਾਇਆ ਗਿਆ।

ਜਦੋਂ ਦੋਰਾ ਗੁਲਦਸਤਾ ਲੈ ਕੇ ਵਾਪਸ ਆਈ, ਪੂਰਾ ਬੇਹੋਸ਼ ਹੋ ਚੁੱਕਾ ਸੀ। ਦੋਰਾ ਨੇ ਫੁੱਲ ਉਸਦੇ ਚਿਹਰੇ ਨੇੜੇ ਕਰ ਦਿਤੇ। ਕਾਫਕਾ ਨੇ ਅੱਖਾਂ ਖੋਲ੍ਹੀਆਂ, ਦੋਰਾ ਨੇ ਕਿਹਾ - ਦੇਖ ਕਾਫਕਾ, ਕਿੰਨੀ ਸੁਹਣੀ ਖੁਸ਼ਬੂ ਹੈ, ਸੁੰਘ ਕੇ ਦੇਖ। ਬੇਹੋਸ਼ ਬੰਦੇ ਨੇ ਆਪਣਾ ਸਿਰ ਫੁੱਲਾਂ ਦੀ ਸੁਗੰਧੀ ਵਾਸਤੇ ਉਪਰ ਚੁੱਕਿਆ। ਫੁੱਲ ਸੁੰਘੇ। ਬੋਲਣ ਦੀ ਸਮਰੱਥਾ ਨਹੀਂ ਰਹੀ ਸੀ, ਹੱਥਾਂ ਅੱਖਾਂ ਅਤੇ ਸਿਰ ਵਿਚ ਅਜੇ ਜਾਨ ਸੀ। ਦੋਰਾ ਨੇ ਦਿਲ ਤੇ ਹੱਥ ਰੱਖ ਦਿਤਾ। ਧੜਕਣ ਹੌਲੀ ਹੋ ਰਹੀ ਸੀ। ਫਿਰ ਕਾਫਕਾ ਦੀ ਛਾਤੀ ਉਪਰ ਆਪਦਾ ਕੰਨ ਟਿਕਾ ਦਿੱਤਾ। ਆਖਰੀ ਸਾਹ ਤੇ ਆਖਰੀ ਧੜਕਣ ਸੁਣ ਕੇ ਦੋਰਾ ਨੇ ਕਿਹਾ - ਤੇਰੇ ਦੁਖ ਖਤਮ ਕਾਫਕਾ, ਮੇਰੇ ਸ਼ੁਰੂ।

ਦੋਰਾ ਜਦੋਂ ਖੁਦ ਮੌਤ ਦਾ ਸਾਹਮਣਾ ਕਰ ਰਹੀ ਸੀ, ਨੇ ਲਿਖਿਆ, ''ਫਰਾਂਜ਼ ਦੀ ਮੌਤ ਮੇਰੀ ਮੌਤ ਸੀ। ਸਭ ਖਤਮ। ਮੇਰੀ ਲਈ ਹਨ੍ਹੇਰਾ ਸੀ ਚੁਫੇਰੇ। ਹੁਣ ਦੂਜੀ ਵਾਰ ਫੇਰ ਮਰਨਾ ਪਵੇਗਾ। ਨਰਸ ਨੇ ਜਦੋਂ ਕਾਫਕਾ ਦੀਆਂ ਪਲਕਾਂ ਬੰਦ ਕੀਤੀਆਂ, ਮੈਂ ਦੇਖਿਆ, ਉਸਦੇ ਸਿਰ ਦੇ ਵਾਲ ਉਲਝੇ ਹੋਏ ਸਨ। ਕਾਫਕਾ ਨੂੰ ਇਸ ਤਰ੍ਹਾਂ ਰਹਿਣਾ ਪਸੰਦ ਨਹੀਂ ਸੀ, ਮੈਂ ਦਰਾਜ ਵਿਚੋਂ ਤੁਰਤ ਬਰਸ਼ ਕੱਢ ਕੇ ਉਸ ਦੇ ਵਾਲ ਵਾਹ ਦਿੱਤੇ। ਪਿਤਾ ਨੇ ਪਰਾਗ ਲਿਜਾ ਕੇ ਕਾਫਕਾ ਨੂੰ ਦਫਨ ਕੀਤਾ। ਅਖਬਾਰਾਂ ਵਿਚ ਉਸਦੀ ਮੌਤ ਦੀ ਸੂਚਨਾ ਲਿਖੀ, ਪਰ ਨਾਲ ਇਹ ਵੀ ਲਿਖਿਆ, ''ਮੇਰੇ ਘਰ ਅਫਸੋਸ ਕਰਨ ਨਾ ਆਉਣਾ ਜੀ।''

ਤਾਬੂਤ ਧਰਤੀ ਅੰਦਰ ਉਤਾਰ ਦਿਤਾ ਤਾਂ ਦੋਰਾ ਨੇ ਚੀਕ ਮਾਰੀ, ਜ਼ਮੀਨ ਤੇ ਡਿਗ ਪਈ, ਯਹੂਦੀ ਪ੍ਰਾਰਥਨਾਵਾਂ ਵਿਚ ਉਸਦੀਆਂ ਸਿਸਕੀਆਂ ਗੁੰਮ ਹੋ ਗਈਆਂ। ਪ੍ਰੋ. ਉਰਜ਼ੀਦਿਲ, ਜੋ ਇਥੇ ਮੌਜੂਦ ਸੀ ਲਿਖਦਾ ਹੈ, ''ਮੈਂ ਮੌਤ ਬਾਰੇ ਪੜ੍ਹਿਆ ਸੀ, ਮੌਤ ਉਪਰ ਕਵਿਤਾਵਾਂ ਲਿਖੀਆਂ ਸਨ, ਇਹ ਹੁੰਦੀ ਕੀ ਹੈ, ਕਾਫਕਾ ਦੀ ਮੌਤ ਪਿਛੋਂ ਪਤਾ ਲੱਗਾ। ਹਫਤੇ ਬਾਦ ਸ਼ਰਧਾਂਜਲੀ ਦਿੰਦਿਆਂ ਮੈਕਸਬਰੋਦ ਨੇ ਕਿਹਾ, ''ਮੂਸਾ ਨੂੰ ਝਾੜੀ ਦੀਆਂ ਲਾਟਾਂ ਵਿਚੋਂ ਜੋ ਦਿਸਿਆ, ਸਾਨੂੰ ਕਾਫਕਾ ਵਿਚੋਂ ਦਿਸਿਆ। ਕਾਫਕਾ ਖਤਮ ਹੋ ਗਿਐ, ਕਾਫਕਾ ਦਾ ਦੌਰ ਹੁਣ ਸ਼ੁਰੂ ਹੋਵੇਗਾ।''

ਕਾਫਕਾ ਦੇ ਮਾਪਿਆਂ ਕੋਲ ਦੋ ਮਹੀਨੇ ਪਰਾਗ ਵਿਚ ਬਿਤਾਉਣ ਬਾਦ ਦੋਰਾ ਬਰਲਿਨ ਗਈ। ਉਸ ਦੀ ਇੱਛਾ ਸੀ ਥਿਏਟਰ ਸਿਖੇਗੀ।

ਮਿਲਿਕ ਰੇਵਿਚ ਨੇ ਕਾਫਕਾ ਦੀ ਜਾਣ ਪਛਾਣ ਅਤੇ ਇਕ ਕਹਾਣੀ ਦਾ ਅਨੁਵਾਦ ਮੈਗਜ਼ੀਨ ਵਿਚ ਛਪਵਾਇਆ। ਲਿਖਦਾ ਹੈ, ''ਅਨੁਵਾਦ ਵਧੀਆ ਨਹੀਂ ਸੀ ਇਸ ਕਰਕੇ ਮੈਂ ਫੈਸਲਾ ਕੀਤਾ ਆਪਣਾ ਨਾਮ ਨਾ ਛਪਵਾਵਾਂ। ਛਪੀ ਲਿਖਤ ਪੜ੍ਹ ਕੇ ਹੋਰ ਵੀ ਨਿਰਾਸਤਾ ਹੋਈ, ਕਾਹਨੂੰ ਛਪਵਾਉਣਾ ਸੀ, ਪਰ ਚਲੋ ਹੁਣ ਕਾਫਕਾ ਕਿਹੜਾ ਜਿਉਂਦਾ ਹੈ, ਮੈਂ ਕੁਝ ਰਾਹਤ ਮਹਿਸੂਸ ਕੀਤੀ। ਰੂਸੀ ਬਾਰਡਰ ਦੇ ਲਾਗੇ ਯਹੂਦੀ ਪੋਲਿਸ਼ ਆਬਾਦੀ ਵਿਚ ਮੇਰਾ ਰੂਬਰੂ ਹੋਣਾ ਸੀ। ਪ੍ਰੋਗਰਾਮ ਸ਼ੁਰੂ ਹੋਣ ਵਿਚ ਕੁਝ ਸਮਾਂ ਸੀ, ਇਕ ਜੁਆਨ ਕੁੜੀ ਮੇਰੇ ਨੇੜੇ ਆਈ, ਉਸਦਾ ਚਿਹਰਾ ਹਾਵ ਭਾਵ ਤੋਂ ਇਕਦਮ ਖਾਲੀ, ਪੀਲਾ, ਉਸਨੇ ਇਉਂ ਗੱਲ ਸ਼ੁਰੂ ਕੀਤੀ ਜਿਵੇਂ ਦੂਰੋਂ ਖਲਾਅ ਵਿਚੋਂ ਆਵਾਜ਼ ਆਏ, ਬੇਰੰਗ ਆਵਾਜ਼। ਉਸਨੇ ਕਿਹਾ - ਮੈਂ ਕਾਫਕਾ ਬਾਰੇ ਤੁਹਾਡੀ ਲਿਖਤ ਪੜ੍ਹੀ ਹੈ। ਮੈਂ ਸ਼ਰਮਿੰਦਾ ਹੋ ਗਿਆ, ਇਸ ਨੂੰ ਕਿਥੋਂ ਪਤਾ ਲੱਗ ਗਿਆ ਇਹ ਮੇਰੀ ਲਿਖਤ ਸੀ? ਮੈਂ ਇਸ ਬਾਰੇ ਗੱਲ ਕਰਨ ਦਾ ਇੱਛੁਕ ਨਹੀਂ ਸਾਂ। ਆਖਰ ਮੈਂ ਪੁੱਛਿਆ - ਤੂੰ ਕਾਫਕਾ ਨੂੰ ਕਿੰਨਾ ਕੁ ਪੜ੍ਹਿਆ ਹੈ? ਉਹ ਸ਼ਰਮਾ ਗਈ, ਸ਼ੁੱਧ ਜਰਮਨ ਜ਼ਬਾਨ ਵਿਚ ਬੋਲੀ - ਮੈਂ ਕਾਫਕਾ ਦੀ ਪਤਨੀ ਦੋਰਾ ਹਾਂ।

''ਸਟੇਜ ਉਪਰ ਮੇਰੇ ਤੋਂ ਕਾਫਕਾ ਬਾਰੇ ਮਾਣ ਕਰਨ ਯੋਗ ਕੋਈ ਗੱਲ ਨਾ ਹੋਈ, ਬਾਰਮਬਾਰ ਇਕ ਵਾਕ ਮੇਰੇ ਕੰਨ ਵਿਚ ਆ ਗੂੰਜਦਾ - ਮੈਂ ਕਾਫਕਾ ਦੀ ਪਤਨੀ ਹਾਂ। ਓ ਰੱਬਾ ਜਿੱਥੇ ਸਰੋਤਿਆਂ ਵਿਚ ਦੋਰਾ ਦਾਇਮੰਤ ਬੈਠੀ ਹੋਵੇ, ਉਥੇ ਮੈਂ ਕੀ ਕਹਾਂ। ਲੈਕਚਰ ਪਿਛੋਂ ਕਿਸੇ ਨੇ ਸਵਾਲ ਨਹੀਂ ਪੁੱਛੇ। ਮੈਂ ਬਾਹਰ ਨਿਕਲਿਆ, ਇੱਛਾ ਸੀ ਇਕ ਵਾਰ ਫਿਰ ਮਿਲਾਂ, ਉਹ ਆਪੇ ਆ ਗਈ, ਉਹੀ ਕੁੜੀ ਜਿਹੜੀ ਕਾਫਕਾ ਨੂੰ ਯਿੱਦਿਸ਼ ਅਤੇ ਹਿਬਰੂ ਸਿਖਾਇਆ ਕਰਦੀ ਸੀ, ਪੁਰਾਣੀ ਇੰਜੀਲ ਦੀਆਂ ਸਾਖੀਆਂ ਸੁਣਾਇਆ ਕਰਦੀ ਸੀ। ਦੋਰਾ ਨੇ ਦੱਸਿਆ - ਉਸਦੇ ਮਾਪੇ ਮੈਨੂੰ ਪਸੰਦ ਨਹੀਂ ਕਰਦੇ ਸਨ ਪਰ ਮੌਤ ਪਿਛੋਂ ਧਰਵਾਸ ਦੇਣ ਵਾਸਤੇ ਮੈਂ ਉਨ੍ਹਾਂ ਦੇ ਘਰ ਲੰਮਾ ਸਮਾਂ ਬਿਤਾਇਆ। ਬੇਸ਼ੱਕ ਉਲਝਿਆ ਹੋਇਆ ਆਦਮੀ ਸੀ ਪਰ ਸੀ ਤਾਂ ਉਨ੍ਹਾਂ ਦਾ ਪਿਆਰਾ ਸ਼ਾਨਾਮੱਤਾ ਪੁੱਤਰ। ਫਿਰ ਉਹ ਚਲੀ ਗਈ। ਅਲਿਜ਼ਬੇਥ ਬੈਟੀ, ਦੋਰਾ ਤੋਂ ਚਾਰ ਸਾਲ ਛੋਟੀ ਉਸਦੀ ਸਹੇਲੀ ਸੀ, 1995 ਵਿਚ ਬੈਟੀ ਨੇ ਦੱਸਿਆ - ਉਹ ਦ੍ਰਿੜ੍ਹ ਆਤਮਵਿਸ਼ਵਾਸ ਵਾਲੀ ਕੁੜੀ ਸੀ, ਕਾਫਕਾ ਦੀਆਂ ਗੱਲਾਂ ਮੁੱਕਣ ਨਾ ਦਿੰਦੀ - ਉਸਦੇ ਹੱਥ ਕਿੰਨੇ ਸੁਹਣੇ ਸਨ... ਉਸਦੀਆਂ ਅੱਖਾਂ ਕਿੰਨੀਆਂ ਸੁਹਣੀਆਂ...। ਕੁਝ ਲੋਕ ਆਮ ਸੋਚਦੇ, ਇਹ ਸ਼ੇਖੀ ਮਾਰ ਰਹੀ ਹੈ। ਮਾਮੂਲੀ ਪੜ੍ਹੀ, ਗਰੀਬ ਯਹੂਦੀ ਘਰ ਵਿਚ ਯਿਦਿਸ਼ ਬੋਲਦੀ ਕੁੜੀ ਨੂੰ ਕਾਫਕਾ ਵਰਗਾ ਜੀਨੀਅਸ ਕਿਵੇਂ ਪਸੰਦ ਕਰ ਸਕਦਾ ਹੈ? ਬੈਟੀ ਦੱਸਦੀ ਹੈ - ਉਮਰ ਬੀਤਣ ਨਾਲ ਯਾਦਾਂ ਧੁੰਦਲੀਆਂ ਪੈ ਜਾਂਦੀਆਂ ਹਨ, ਦੋਰਾ ਦੀਆਂ ਦੱਸੀਆਂ ਗੱਲਾਂ ਸ਼ੀਸ਼ੇ ਵਾਂਗ ਸਾਫ ਹਨ ਅਜੇ।

ਅਠਾਈ ਸਾਲ ਦੀ ਉਮਰ ਵਿਚ ਬਰਲਿਨ ਦੇ ਇਕ ਥਿਏਟਰ ਵਿਚ ਕੰਮ ਕਰਨ ਲੱਗ ਪਈ। ਥਿਏਟਰ ਉਸਦੀ ਸਹੇਲੀ ਦਾ ਸੀ, ਸੋ ਰਹਿਣ ਸਹਿਣ ਖਾਣ ਪੀਣ ਮੁਫਤ ਦਾ ਸੀ ਤੇ ਜੇਬ ਖਰਚਾ ਚਲਾਉਣ ਵਾਸਤੇ ਤਿੰਨ ਸਾਲ ਦੇ ਇਕ ਬੱਚੇ ਦੀ ਖਿਡਾਵੀ ਵਜੋਂ ਵੀ ਕੰਮ ਕਰਦੀ। ਸਿਹਤ ਅਕਸਰ ਵਿਗੜ ਜਾਂਦੀ। ਪੀਐਚ.ਡੀ ਵਾਸਤੇ ਕੰਮ ਕਰ ਰਿਹਾ ਕਲਾਪਸਟੱਕ ਦੋਰਾ ਨੂੰ ਕਈ ਵਾਰ ਮਿਲਿਆ। ਕਾਫਕਾ ਦੀ ਭੈਣ ਓਟਲਾ ਨੂੰ ਉਸਨੇ ਇਕ ਖਤ ਵਿਚ ਲਿਖਿਆ, ''ਦੋਰਾ ਹਸਮੁਖ ਹੈ, ਰੌਣਕੀ ਹੈ, ਆਲਾ ਦੁਆਲਾ ਮਹਿਕਾ ਦਿੰਦੀ ਹੈ, ਪਰ ਇਸ ਸਾਰੇ ਉਪਰ ਉਦਾਸੀ ਦੀ ਚਾਦਰ ਵਿਛੀ ਰਹਿੰਦੀ ਹੈ। ਵਿਚੋਂ ਦੀ ਕਈ ਮਹੀਨੇ ਬਿਮਾਰ ਰਹੀ ਪਰ ਹੁਣ ਉਂਨੀ ਸੁਹਣੀ ਹੋ ਗਈ ਹੈ ਜਿੰਨੀ ਕਾਫਕਾ ਵੇਲੇ ਹੁੰਦੀ ਸੀ। ਤੇਰੇ ਵਾਂਗ ਸੁਆਦ ਖਾਣੇ ਬਣਾਉਂਦੀ ਹੈ।

*ਕੈਸਲ* ਦੀ ਪਹਿਲੀ ਐਡੀਸ਼ਨ 1500 ਕਾਪੀਆਂ ਛਪੀਆਂ ਤੇ ਕੀਮਤ ਰੱਖੀ ਗਈ 350 ਡਾਲਰ, ਦੋਰਾ ਨੂੰ 150 ਮਾਰਕ ਮਹੀਨੇ ਦੀ ਰਾਇਲਟੀ ਮਿਲਣ ਲੱਗ ਗਈ। ਇਹ ਬੰਦੋਬਸਤ ਕਾਪਸਟਾਕ ਅਤੇ ਵਿੱਲੀਹਾਸ ਨੇ ਕਰਵਾਇਆ ਸੀ। ਉਹ ਖੁਸ਼ ਹੋ ਗਈ, ਜਿਹੜੇ 30 ਵਧੀਆ ਕਲਾਕਾਰ ਥਿਏਟਰ ਕੰਪਨੀ ਨੇ ਕੰਮ ਲਈ ਚੁਣੇ ਉਨ੍ਹਾਂ ਵਿਚ ਦੋਰਾ ਵੀ ਸੀ। ਇਸ ਥਿਏਟਰ ਕੰਪਨੀ ਨੇ ਵੀਹ ਸਾਲ ਯੋਰਪ ਵਿਚ ਕਲਾਸਿਕ ਨਾਟਕ ਖੇਡੇ। ਇਬਸਨ ਦੇ ਨਾਟਕਾਂ ਨੇ ਤਰਥੱਲੀ ਮਚਾ ਦਿੱਤੀ ਸੀ।

1927 ਵਿਚ ਇਸੇ ਥਿਏਟਰ ਕੰਪਨੀ ਵਿਚ ਬਰਟਾ ਲਾਸਕ ਨਾਮ ਦੀ 45 ਸਾਲਾ ਔਰਤ ਆਈ ਸੀ ਜੋ ਨਾਟਕ ਲਿਖਦੀ। ਪਹਿਲੀ ਸੰਸਾਰ ਜੰਗ ਵਿਚ ਉਸਦਾ ਭਰਾ ਏਮਿਲ ਲਾਸਕ, ਜਿਸਨੇ ਫਿਲਾਸਫੀ ਵਿਚ ਪੀਐਚ.ਡੀ. ਹੀਡਲਬਰਗ ਯੂਨੀਵਰਸਿਟੀ ਤੋਂ ਕੀਤੀ ਸੀ ਜ਼ਾਰ ਦੀਆਂ ਫੌਜਾਂ ਵਿਰੁੱਧ ਜੰਗ ਲੜਦਾ ਮਾਰਿਆ ਗਿਆ ਸੀ। ਦੋ ਸਾਲ ਬਾਦ ਦੂਜਾ ਭਰਾ ਹਾਂਸ, ਪੂਰਬੀ ਫਰੰਟ ਤੇ ਲੜਦਾ ਮਰਿਆ। ਬਰਟਾ, ਯੁੱਧ ਦੇ ਖਿਲਾਫ ਕਵਿਤਾਵਾਂ ਅਤੇ ਨਾਟਕ ਲਿਖਦੀ ਲਿਖਦੀ ਪੱਕੀ ਸੋਸ਼ਲਿਸਟ ਹੋ ਗਈ। ਇਹੋ ਔਰਤ ਬਾਦ ਵਿਚ ਦੋਰਾ ਦੀ ਸੱਸ ਬਣੀ। ਬਰਟਾ ਦਾ ਇਤਿਹਾਸਕ ਨਾਟਕ ਲਿਉਨਾ-21 ਇਕ ਸ਼ੋ ਤੋਂ ਬਾਦ ਪੁਲੀਸ ਨੇ ਬੰਦ ਕਰਵਾ ਦਿੱਤਾ ਕਿਉਂਕਿ ਇਸ ਵਿਚ ਮਜ਼ਦੂਰਾਂ ਦੀ ਤਰਾਸਦੀ ਦੇ ਦ੍ਰਿਸ਼ ਬਗਾਵਤ ਕਰਵਾ ਸਕਦੇ ਸਨ। ਇਹ ਨਾਟਕ ਦੂਜੀ ਵਾਰ ਵਈਮਾਰ ਨੈਸ਼ਨਲ ਥਿਏਟਰ ਵਿਚ, ਜਦੋਂ ਬਰਟਾ 78 ਸਾਲ ਦੀ ਹੋ ਗਈ ਸੀ, ਫਿਰ ਖੇਡਿਆ ਗਿਆ ਸੀ ।

ਦੋਰਾ ਨੇ ਸ਼ਿੱਲਰ, ਗੇਟੇ, ਹੀਨ, ਇਬਸਨ ਅਤੇ ਸ਼ੇਕਸਪੀਅਰ ਦੇ ਨਾਟਕ ਖੇਡੇ। ਨਾਲ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ। ਇਸੇ ਥਿਏਟਰ ਵਿਚ ਕੰਮ ਕਰਦੀ ਉਸ ਤੋਂ 12 ਸਾਲ ਛੋਟੀ ਲੂਸੀ, ਜਦੋਂ 92 ਸਾਲ ਦੀ ਸੀ, ਨੇ 2002 ਵਿਚ ਦੱਸਿਆ ''ਮੈਂ ਉਸ ਨੂੰ ਦੋਰੀ ਕਿਹਾ ਕਰਦੀ। ਉਸ ਵਰਗੀ ਤਾਕਤਵਰ ਸ਼ਖਸੀਅਤ ਮੈਂ ਨਹੀਂ ਦੇਖੀ ਕੋਈ, ਸੰਪੂਰਨ, ਸੰਤੁਸ਼ਟ, ਆਤਮ-ਸਨਮਾਨਿਤ, ਉਹ ਸਭ ਕੁਝ ਸੀ ਬਸ।''

ਨਾਟਕ ਵਿਚ ਗਰੈਜੂਏਸ਼ਨ ਮੁਕੰਮਲ ਕਰਕੇ ਦੋਰਾ ਨੇ ਕੁਲੈਕਟਿਵ ਥਿਏਟਰ ਕੰਪਨੀ ਵਿਚ 1928 ਵਿਚ ਨੌਕਰੀ ਲੈ ਲਈ। ਇਕ ਸਾਲ ਵਿਚ 36 ਥਿਏਟਰਾਂ ਵਿਚ ਨਾਟਕ ਕੀਤੇ। ਕੁਝ ਨਾਟਕਾਂ ਵਿਚ ਡਬਲ ਰੋਲ ਵੀ ਕੀਤੇ। ਉਸਦਾ ਸਿੱਕਾ ਚੱਲ ਪਿਆ, ਔਖੇ ਤੋਂ ਔਖੇ ਰੋਲ ਸਫਲ ਨਿਭਾਏ। ਉਹ ਉਸਦੀ ਚੜ੍ਹਤ ਦਾ ਸਾਲ ਸੀ।

30 ਅਪ੍ਰੈਲ 1929 ਨੂੰ ਕੰਪਨੀ ਦਾ ਕੰਟਰੈਕਟ ਖਤਮ ਹੋਇਆ ਤਾਂ ਉਹ ਬਰਲਿਨ ਇਕ ਸੁਹਣੇ ਫਲੈਟ ਵਿਚ ਰਹਿਣ ਲੱਗੀ। ਆਰਥਿਕ ਮੰਦਾ ਚੱਲ ਰਿਹਾ ਸੀ। ਹੜਤਾਲਾਂ ਤੇ ਪ੍ਰਦਰਸ਼ਨਾਂ ਦੀ ਭਰਮਾਰ ਸੀ। ਪੁਲਸ ਚੀਫ ਕਾਰਲ ਜ਼ਿਰਾਬਲ, ਜਿਸਨੇ ਬਰਟਾ ਲਾਸਕ ਦਾ ਨਾਟਕ ਲਿਊਨਾ-21 ਬੰਦ ਕਰਵਾ ਦਿੱਤਾ ਸੀ ਐਲਾਨ ਕਰ ਰਿਹਾ ਸੀ - ਮੈਂ ਹੜਤਾਲੀਆਂ ਨੂੰ ਸਬਕ ਸਿਖਾ ਦਿਆਂਗਾ। ਹਰ ਰੋਜ਼ ਗਲੀਆਂ ਮੁਹੱਲਿਆਂ ਵਿਚ ਫਾਇਰਿੰਗ ਹੁੰਦੀ।

ਦੋਰਾ ਕਈ ਥਾਈਂ ਗਈ, ਥਿਏਟਰ ਵਿਚ ਕੰਮ ਨਾ ਮਿਲਿਆ। ਥਿਏਟਰ ਬਦਲ ਚੁੱਕਾ ਸੀ, ਬਰਤੋਲ ਬਰੈਖਤ ਛਾ ਰਿਹਾ ਸੀ, ਦੋਰਾ ਦਾ ਕਲਾਸੀਕਲ ਥਿਏਟਰ ਪੁਰਾਣਾ ਹੋ ਚੁੱਕਾ ਸੀ। ਕਮਿਊਨਿਸਟ, ਥਿਏਟਰ ਰਾਹੀਂ ਇਨਕਲਾਬ ਲਿਆਉਣ ਦੇ ਯਤਨ ਕਰ ਰਹੇ ਸਨ ਤੇ ਲੋਕ ਲਗਾਤਾਰ ਉਨ੍ਹਾਂ ਵਲ ਝੁਕ ਰਹੇ ਸਨ, ਮਧ ਵਰਗ ਵਾਸਤੇ ਇਹੋ ਆਸ ਦੀ ਕਿਰਨ ਸੀ। ਗੋਬਲਜ਼ ਨੇ ਨਵੀਂ ਪਾਰਟੀ ਖੜ੍ਹੀ ਕਰ ਦਿੱਤੀ ਤੇ ਨਜ਼ਰਬੰਦ ਹਿਟਲਰ ਰਿਹਾ ਹੋ ਕੇ ਸਰਗਰਮ ਹੋ ਗਿਆ। ਉਸਦੀ ਪਹਿਲੀ ਹਿਟ-ਲਿਸਟ ਤੇ ਕਾਮਰੇਡ ਸਨ। ਬੇਰੁਜ਼ਗਾਰ ਦੋਰਾ ਨੂੰ ਕਾਮਰੇਡਾਂ ਦੀਆਂ ਗੱਲਾਂ ਤੇ ਯੋਜਨਾਵਾਂ ਸਹੀ ਲੱਗਣ ਲੱਗ ਪਈਆਂ। ਉਹ ਮੰਝਧਾਰ ਵਿਚ ਫਸੀ ਹੋਈ ਸੀ। ਅਖਬਾਰਾਂ ਵਿਚ ਕਾਫਕਾ ਬਾਰੇ ਇੰਟਰਵਿਊਜ਼ ਛਪਦੀਆਂ, ਭਾਸ਼ਣ, ਵਿਚ ਉਹ ਕਾਫਕਾ ਨੂੰ ਜ਼ਮਾਨੇ ਦਾ ਸੁਪਰਮਾਈਂਡ ਮੰਨਦੀ, ਪਰ ਕਾਫਕਾ ਕਮਿਊਨਿਸਟਾਂ ਦੇ ਖਿਲਾਫ ਸੀ।

ਜਰਮਨ ਵਿਚ ਜਨਵਰੀ 1930 ਵਿਚ ਭਿਆਨਕ ਮੰਦਾ ਆਇਆ, ਵਿਆਪਕ ਬੇਰੁਜ਼ਗਾਰੀ, ਮਹਿੰਗਾਈ, ਫੈਕਟਰੀਆਂ, ਕੰਪਨੀਆਂ ਬੰਦ, ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਸੜਕਾਂ ਉਪਰ। ਲਾਲ ਝੰਡਿਆਂ ਦੀ ਗਿਣਤੀ ਵਧਣ ਲੱਗੀ। ਦੋਰਾ ਦੀ ਰੋਟੀ ਰਾਇਲਟੀ ਕਾਰਨ ਚੱਲਦੀ ਸੀ। ਦੋਰਾ ਨੇ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਦਾ ਕਾਰਡ ਲੈ ਲਿਆ, ਉਸਦਾ ਗੁਪਤ ਨਾਮ ਮਾਰੀਆ ਰੱਖਿਆ ਗਿਆ। ਮਾਸਕੋ ਪਾਰਟੀ ਹੈਡ ਆਫਿਸ ਨੇ ਦੋਰਾ ਬਾਰੇ ਸੂਚਨਾ ਮੰਗੀ, ਇਹ ਸੂਚਨਾ ਭੇਜੀ ਗਈ:

*ਕਾਮਰੇਡ ਮਾਰੀਆ ਨੂੰ ਮੈਂ 1930 ਤੋਂ ਜਾਣਦਾ ਹਾਂ। ਡੇਢ ਸਾਲ ਤੋਂ ਉਹ ਪਾਰਟੀ ਦੇ ਕੰਮਾਂ ਵਿਚ ਸਰਗਰਮ ਹੈ। ਉਸਦੀਆਂ ਹੋਰ ਗਤੀਵਿਧੀਆਂ ਦਾ ਮੈਨੂੰ ਪਤਾ ਨਹੀਂ। ਇਹ ਮੈਂ ਨਿਜੀ ਤੌਰ ਤੇ ਜਾਣਦਾ ਹਾਂ ਕਿ ਉਹ ਆਪਣੇ ਪਹਿਲੇ ਪਤੀ ਕਾਫਕਾ ਦੀ ਜਾਇਦਾਦ ਅਤੇ ਰਾਇਲਟੀ ਵਿਚੋਂ ਹਿੱਸਾ ਲੈਂਦੀ ਰਹੀ ਹੈ ਤੇ ਜ਼ਿਉਨਿਸਟ ਯਹੂਦੀ ਮੈਕਸਬਰੋਦ ਉਸਦਾ ਹਮਦਰਦ ਹੈ।*

ਕਾਮਰੇਡਾਂ ਨੂੰ ਉਸਦੀ ਮੰਚ ਯੋਗਤਾ ਦਾ ਇਲਮ ਸੀ, ਉਨ੍ਹਾਂ ਨੇ ਨੁੱਕੜ ਨਾਟਕਾਂ ਰਾਹੀਂ ਪਾਰਟੀ ਦਾ ਪ੍ਰਚਾਰ ਕਰਨਾ ਸੀ, ਉਸਨੂੰ ਮੰਚ ਅਧਿਆਪਕਾ ਰੱਖ ਲਿਆ। ਰੂਸ ਦੇ ਇਨਕਲਾਬ ਵਾਸਤੇ ਮੰਚ ਦਾ ਹਥਿਆਰ ਕਾਮਯਾਬ ਹੋਇਆ ਸੀ, ਨਾਜ਼ੀਆਂ ਦੀ ਮੱਦਦ ਦੇਸੀ ਵਿਦੇਸੀ ਧਨਵਾਨ ਕਰ ਰਹੇ ਸਨ, ਕਮਿਊਨਿਸਟ ਉਨ੍ਹਾਂ ਦੇ ਪ੍ਰਾਪੇਗੰਡੇ ਦਾ ਮੁਕਾਬਲਾ ਪ੍ਰੈਸ, ਰੇਡੀਓ ਰਾਹੀਂ ਨਹੀਂ ਕਰ ਸਕਦੇ ਸਨ, ਨੁੱਕੜ ਨਾਟਕ ਕਾਰਗਰ ਹੋ ਸਕਦਾ ਸੀ, ਪੁਲਸ ਨੇ ਸਟੇਟ ਨੂੰ ਸੂਚਨਾ ਭੇਜੀ,

*''ਇਹ ਨੌਟੰਕੀਏ ਦਿਨੋ ਦਿਨ ਭਰਵੀਆਂ ਭੀੜਾਂ ਖਿੱਚ ਰਹੇ ਨੇ। ਇਨ੍ਹਾਂ ਦੇ ਨਾਟਕ ਭਾਸ਼ਣਾਂ ਨਾਲੋਂ ਵਧੀਕ ਧੂਹ ਪਾਉਂਦੇ ਹਨ। ਇਨ੍ਹਾਂ ਵਿਰੁੱਧ ਸਰਕਾਰ ਨੂੰ ਕੁਝ ਕਰਨਾ ਪਵੇਗਾ ਨਹੀਂ ਤਾਂ ...।''*

ਫਲਸਰੂਪ ਨੁੱਕੜ ਨਾਟਕਾਂ ਵਿਰੁੱਧ ਐਕਟ ਪਾਸ ਹੋ ਗਿਆ ਗਿਆ। ਪਾਰਟੀ ਵਾਸਤੇ ਦੋਰਾ ਹਰ ਦਿੱਤੀ ਜ਼ਿੰਮੇਵਾਰੀ ਨਿਭਾ ਰਹੀ ਸੀ ਪਰ ਇਕ ਕਾਮਰੇਡ ਨੇ ਟਿੱਪਣੀ ਦਿੱਤੀ, ''ਦਿਲੋਂ ਨਹੀਂ ਇਹ ਸਾਡੇ ਨਾਲ।''

ਅਰਥ ਸ਼ਾਸਤਰੀ ਲੁੱਜ਼ ਲਾਸਕ, ਦੋਰਾ ਦੇ ਕਮਰੇ ਵਿਚ ਨਵੇਂ ਕਾਮਰੇਡ ਰੰਗਰੂਟਾਂ ਨੂੰ ਪੜ੍ਹਾਉਣ ਆਇਆ ਕਰਦਾ ਸੀ। ਇਹ ਨਾਸਤਕ ਯਹੂਦੀ ਦੋਰਾ ਤੋਂ ਪੰਜ ਸਾਲ ਛੋਟਾ ਸੀ। ਚੰਗਾ ਪੜ੍ਹ ਕੇ ਵੀ ਨੌਕਰੀ ਨਾ ਮਿਲੀ ਤਾਂ ਮਾਂ ਦੀ ਪ੍ਰੇਰਨਾ ਸਦਕਾ ਕਮਿਊਨਿਸਟਾਂ ਵਾਸਤੇ ਕੰਮ ਕਰਨ ਲੱਗ ਪਿਆ। ਉਹ ਸੁਹਣਾ ਸਿਹਤਵੰਦ ਜੁਆਨ ਸੀ। ਉਸਦਾ ਸੁਭਾਅ ਸ਼ਾਂਤ, ਦੂਰਦਰਸ਼ੀ, ਬਰਦਾਸ਼ਤ ਕਰਨ ਵਾਲਾ ਸੀ, ਦੋਰਾ ਤੋਂ ਭਿੰਨ। ਦੋਰਾ ਤੋਂ ਕਿਤੇ ਵਧੀਕ ਪੜ੍ਹਿਆ ਲਿਖਿਆ। ਫਰੈਂਚ ਅਤੇ ਅੰਗਰੇਜ਼ੀ ਸਮੇਤ ਇਹ ਜਰਮਨ ਮੁੰਡਾ ਯੂਨਾਨੀ ਤੇ ਲਾਤੀਨੀ ਭਾਸ਼ਾਵਾਂ ਪੜ੍ਹ ਲੈਂਦਾ ਸੀ। ਪਹਿਲਾਂ ਪੰਜ ਸਾਲ ਉਸਨੇ ਕਾਨੂੰਨ ਪੜ੍ਹਿਆ ਪਰ 1925 ਵਿਚ *ਦਾਸ ਕੈਪੀਟਾ* ਪੜ੍ਹਕੇ ਅਰਥ ਸ਼ਾਸਤਰ ਵਿਚ ਦਾਖਲਾ ਲੈ ਲਿਆ, ਸਾਲ 1930 ਵਿਚ ਉਸਨੇ *ਬਰਾਮਦਾਂ ਦਾ ਟੈਕਸ* ਕਿਤਾਬ ਛਪਵਾਈ, ਖੁਸ਼ਹਾਲ ਪਰਿਵਾਰ ਦਾ ਮੁੰਡਾ ਸੀ ਇਹ। ਪਿਤਾ ਡਾਕਟਰ ਸੀ ਤੇ ਯਹੂਦੀ ਮਾਂ ਬਰਟਾ ਲਾਸਕ ਵਿਦਵਾਨ, ਕਲਾਕਾਰ, ਸ਼ਾਇਰ, ਪੱਕੀ ਕਮਿਊਨਿਸਟ। ਦੋ ਬੇਟੇ ਦੋ ਬੇਟੀਆਂ ਦੀ ਮਾਂ। ਦੋਰਾ ਇਸੇ ਘਰ ਵਿਚ ਸਾਮਾਨ ਲੈ ਆਈ ਤੇ ਲੁੱਜ਼ ਨਾਲ ਮਾਰਕਸੀ ਸਾਹਿਤ ਵੰਡਣਾ ਸ਼ੁਰੂ ਕਰ ਦਿੱਤਾ। ਲੁੱਜ਼ ਦਾ ਜਨਮ 1903 ਵਿਚ ਹੋਇਆ। ਦੋਰਾ ਇਕੱਲਤਾ ਮਹਿਸੂਸ ਕਰਨ ਲੱਗੀ ਸੀ। ਇਹ ਵੱਡਾ ਘਰ ਬੱਚੇ ਬੱਚੀਆਂ ਨਾਲ ਭਰਿਆ ਰੌਣਕਾਂ ਵਾਲਾ ਸੀ।

ਜਰਮਨੀ ਬੇਰੁਜ਼ਗਾਰੀ ਤੇ ਗਰੀਬੀ ਨਾਲ ਘੁਲ ਰਿਹਾ ਸੀ, ਅੰਦਾਜ਼ੇ ਸਨ ਕਿ ਡਿਕਟੇਟਰਸ਼ਿਪ ਲਾਗੂ ਹੋ ਸਕਦੀ ਹੈ, ਵਿਸਫੋਟ ਹੋ ਸਕਦੇ ਹਨ, ਸਿਵਲ-ਵਾਰ ਲੱਗ ਸਕਦੀ ਹੈ, ਪਰ ਅਜਿਹਾ ਕੁਝ ਨਹੀਂ ਹੋਇਆ। ਚੋਣਾਂ ਹੋਈਆਂ, ਸੋਸ਼ਲ ਡੈਮੋਕਰੈਟ ਹਾਰ ਗਏ, ਨਾਜ਼ੀਆਂ ਹੱਥ ਪਾਰਲੀਮੈਂਟ ਆ ਗਈ। ਸਾਮੀ ਲੋਕ ਹਿਟਲਰ ਤੋਂ ਭੈਭੀਤ ਸਨ। ਯਹੂਦੀਆਂ ਵਿਚ ਬੇਚੈਨੀ ਸੀ। ਅਮਰੀਕਾ ਦੀ ਯੂਨੀਵਰਸਿਟੀ ਤੋਂ ਅਧਿਆਪਕ ਵਜੋਂ ਨੌਕਰੀ ਦਾ ਪੱਤਰ ਪ੍ਰਾਪਤ ਕਰਕੇ ਆਈਨਸਟੀਨ ਨੇ ਆਪਣੀ ਪਤਨੀ ਨੂੰ ਮੁਸਕਰਾਂਦਿਆਂ ਕਿਹਾ, ''ਇਕ ਵਾਰੀ ਧਿਆਨ ਨਾਲ ਦੇਖ ਲੈ ਆਪਣਾ ਇਹ ਜਰਮਨੀ ਵਾਲਾ ਘਰ।'' ਪਤਨੀ ਨੇ ਪੁੱਛਿਆ - ਕਿਉਂ? ਆਈਨਸਟੀਨ ਨੇ ਉਤਰ ਦਿੱਤਾ - ਸ਼ਾਇਦ ਕਦੀ ਫੇਰ ਦੇਖ ਈ ਨਾ ਸਕੀਏ।

ਦੋਰਾ ਨਿਸ਼ਚਿੰਤ ਰਹੀ। ਹਰੇਕ ਯਹੂਦੀ ਨੂੰ ਅਤੇ ਕਮਿਊਨਿਸਟ ਨੂੰ ਮਾਸਕ ਚੰਦਾ ਦੇਣਾ ਪੈਂਦਾ ਸੀ। ਦੋਰਾ ਨੇ ਯਹੂਦੀਆਂ ਨੂੰ ਚੰਦਾ ਦੇਣਾ ਬੰਦ ਕਰ ਦਿੱਤਾ, ਉਹ ਦੋ ਭਾਰ ਨਹੀਂ ਉਠਾ ਸਕਦੀ ਸੀ। ਬਿਨਾਂ ਧਾਰਮਿਕ ਰਸਮਾਂ ਦੇ ਉਸਨੇ ਲੁੱਜ਼ ਨਾਲ ਵਿਆਹ ਕਰਵਾ ਲਿਆ। ਰਜਿਸਟਰਾਰ ਨੇ ਲਿਖਿਆ - ''ਅਰਥ-ਸ਼ਾਸਤਰੀ ਲੁੱਜ਼ ਅਤੇ ਰੰਗ-ਕਰਮੀ ਦੋਰਾ ਦਾ ਵਿਆਹ ਦਰਜ ਹੋਇਆ, 30 ਜੂਨ 1932 ''

28 ਫਰਵਰੀ 1933 ਨੂੰ ਜਰਮਨ ਪਾਰਲੀਮੈਂਟ ਦੀ ਇਮਾਰਤ ਵਿਚ ਧਮਾਕਾ ਹੋਇਆ ਤੇ ਅੱਗ ਦੀਆਂ ਲਪਟਾਂ ਉਠੀਆਂ। ਨਾਜ਼ੀਆਂ ਨੇ ਕਾਮਰੇਡਾਂ ਵਿਰੁੱਧ ਦੋਸ਼ ਥੋਪ ਦਿਤਾ - ਉਨ੍ਹਾਂ ਦੀ ਕਰਤੂਤ ਹੈ। ਹਿਟਲਰ ਨੇ ਪੁਲੀਸ ਫੋਰਸ ਦੇ ਮੁਖੀ ਨੂੰ ਸ਼ਸ਼ਕੀਰਿਆ- ਹੁਣ ਅਸੀਂ ਦੱਸਾਂਗੇ ਅਸੀਂ ਕੀ ਹਾਂ। ਜਿਹੜਾ ਸਾਡੇ ਰਾਹ ਵਿਚ ਆਏ ਵੱਢ ਦਿਉ। ਕਮਿਊਨਿਸਟਾਂ ਨੂੰ ਫਾਹੇ ਲਾ ਦਿਉ ਤੇ ਇਨ੍ਹਾਂ ਦੇ ਹਮਦਰਦਾਂ ਨੂੰ ਜੇਲ੍ਹਾ ਵਿਚ ਸੁੱਟੋ। ਪੁਲਿਸ ਫ਼ੋਰਸ ਦਾ ਨਾਮ ਗੈਸਟਾਪੋ ਰੱਖ ਦਿੱਤਾ। ਐਮਰਜੈਂਸੀ ਲਾਗੂ ਹੋ ਗਈ। ਦੋਰਾ ਰਾਤੋ ਰਾਤ ਅਪਰਾਧਣ ਹੋ ਗਈ। ਗ੍ਰਿਫਤਾਰੀਆਂ, ਮੁੱਕਦਮਿਆ ਦੀ ਕੋਈ ਲੋੜ ਨਹੀਂ, ਪੁਲਸ ਨੂੰ ਜਿਸਤੇ ਸ਼ੱਕ ਹੋਵੇ, ਫੜੇ ਤੇ ਗੋਲੀ ਮਾਰੇ। ਭਾਰੀ

www.punjabilibrary.com

ਗਿਣਤੀ ਵਿਚ ਫੜ ਫੜ ਲੋਕ ਮਾਰੇ ਜਾਣ ਲੱਗੇ। ਭੀੜਾਂ ਇਕੱਠੀਆਂ ਹੁੰਦੀਆਂ, ਪਹਿਲੀ ਸੰਸਾਰ ਜੰਗ ਵਿਚ ਮਾਰਿਆ ਜਾਣ ਵਾਲਾ ਗੀਤ ਫਿਰ ਅਸਮਾਨ ਵੱਲ ਉਠਣ ਲੱਗਾ- "ਸਾਡਾ ਦ੍ਰਿੜ ਵਿਸ਼ਵਾਸ। ਹਾਰੇਗਾ ਫਰਾਂਸ। "

ਹਜ਼ਾਰਾਂ ਕਮਿਊਨਿਸਟ, ਕਲਾਕਾਰ, ਲੇਖਕ, ਸਿਵਲ ਅਫਸਰ, ਸਿਆਸੀ ਨੇਤਾ ਅਤੇ ਯਹੂਦੀ, ਜਰਮਨੀ ਛੱਡ ਕੇ ਭੱਜਣ ਲੱਗੇ, ਅਜੇ ਬਾਰਡਰ ਸੀਲ ਨਹੀ ਹੋਇਆ ਸੀ। ਬਹੁਤ ਸਾਰੇ ਦੜ ਵਟਣ ਲੱਗੇ, ਸ਼ਾਇਦ ਇਹ ਝੱਖੜ ਬੰਦ ਹੋ ਈ ਜਾਵੇ। ਲੁਜ਼ ਅਤੇ ਦੋਰਾ ਨੇ ਫੈਸਲਾ ਕੀਤਾ- ਇਥੇ ਰਹਾਂਗੇ ਤੇ ਲੜਾਂਗੇ। ਮਾਰਚ 23, 1933 ਨੂੰ ਲੁਜ਼ ਫੜ ਲਿਆ ਗਿਆ। ਇਲਜ਼ਾਮ ਸੀ- ਕਮਿਊਨਿਸਟ ਸਾਹਿਤ ਵੰਡਦਾ ਹੈ। ਚਾਰ ਦਿਨ ਉਸ ਨੂੰ ਤਸੀਹੇ ਦਿਤੇ ਗਏ ਕਿ ਹੋਰ ਬੰਦਿਆਂ ਦੇ ਨਾਮ ਲੈ। ਉਸਨੇ ਬੁੱਲ੍ਹ ਨਾ ਖੋਲ੍ਹੇ। ਘਰ ਦੀ ਤਲਾਸ਼ੀ ਦੌਰਾਨ ਪੁਲਿਸ ਨੇ *ਖਤਰਨਾਕ ਗੱਦਾਰ ਸਮੱਗਰੀ ਫੜੀ।* ਛੋਟਾ ਭਰਾ ਵੀ ਫੜ ਲਿਆ। ਕੁਝ ਹਫਤਿਆਂ ਬਾਦ ਜਦੋਂ ਦੇਖਿਆ ਕਿ ਗੰਭੀਰ ਅਪਰਾਧ ਤਾਂ ਹੈ ਨਹੀਂ, ਰਿਹਾਅ ਕਰ ਦਿਤੇ। ਰਿਹਾਈ ਬਾਦ ਇਨ੍ਹਾਂ ਨੇ ਰੂਸ ਵਿਚ ਜਾਣ ਦਾ ਫੈਸਲਾ ਕੀਤਾ। 55 ਸਾਲ ਦੀ ਬਰਟਾ ਨੂੰ ਇਕ ਮਹੀਨਾ ਠਾਣੇ ਵਿਚ ਰੱਖਕੇ ਛੱਡ ਦਿਤਾ।ਦੋਹਾਂ ਨੂੰ ਜਿਸ ਗੱਲ ਦਾ ਡਰ ਸੀ ਉਹੋ  ਹੋਈ, ਕਾਫਕਾ ਦੀਆਂ ਡਾਇਰੀਆਂ ਅਤੇ ਰਚਨਾਵਾਂ ਪੁਲਸ ਲੈ ਗਈ। ਦੋਰਾ ਨੂੰ ਪਾਗਲਪਣ ਦੇ ਦੌਰੇ ਪੈਂਦੇ । ਇਹ ਸਾਹਿਤ ਉਸਨੇ ਲੁਕਾ ਕੇ ਰੱਖਿਆ ਸੀ, ਮੈਕਸ ਬਰੋਦ ਨੂੰ ਵੀ ਨਹੀਂ ਦੱਸਿਆ ਸੀ, ਦੱਸ ਦਿੰਦੀ, ਬਚ ਜਾਂਦਾ, ਬਰੋਦ ਨੇ ਉਸ ਤੋ ਮੰਗਿਆ ਵੀ, ਉਹ ਝੂਠ ਬੋਲੀ ਗਈ ਕਿ ਮੇਰੇ ਕੋਲ ਕੁਝ ਨਹੀਂ। ਹੁਣ ਦੋ ਰਸਤੇ ਬਚੇ, ਇਕ ਤਾਂ ਸਦਾ ਲਈ ਚੁਪ ਕਰ ਜਾਵੇ। ਕਿਸੇ ਨੂੰ ਪਤਾ ਨਾ ਲੱਗੇ ਕਿ ਦੋਰਾ ਕੋਲ ਕੁਝ ਹੈ ਸੀ।ਪਰ ਫਿਰ ਇਹ ਸਾਹਿਤ ਸਦਾ ਲਈ ਨਸ਼ਟ ਹੋ ਜਾਵੇਗਾ। ਦੂਜਾ ਇਹ ਕਿ ਦੱਸ ਦੇਵੇ, ਫਿਰ ਬਚਣ ਦੀ ਸੰਭਾਵਨਾ ਹੈ। ਇਸ ਨੇ ਦੂਜਾ ਰਾਹ ਚੁਣਿਆਂ। ਬਰੋਦ ਨੂੰ ਗੁਪਤ ਖ਼ਤ ਵਿਚ ਲਿਖਿਆ- ਮੈਂ ਝੂਠ ਬੋਲੀ ਗਈ, ਕਾਫਕਾ ਸਾਹਿਤ ਹੈ ਸੀ ਮੇਰੇ ਕੋਲ, ਪੁਲਸ ਲੈ ਗਈ, ਬਚਾ ਸਕਦੈਂ ਤਾਂ ਬਚਾ ਲੈ।

ਬਰੋਦ ਤੁਰਤ ਸ਼ਾਇਰ ਹੋਫਮੈਨ ਕੋਲ ਗਿਆ ਜੋ ਬਰਲਿਨ ਵਿਚ ਪਰਾਗ ਵਲੋਂ ਰਾਜਦੂਤ ਸੀ। ਉਸਨੇ ਗੈਸਟਾਪੋ ਨਾਲ ਸੰਪਰਕ ਕਰਕੇ ਕਾਫਕਾ ਦੀਆਂ ਲਿਖਤਾਂ ਮੰਗੀਆਂ। ਗੈਸਟਾਪੋ ਤੋਂ ਜਵਾਬ ਮਿਲਿਆ- ਸੈਂਕੜੇ ਮਣ ਕਾਗਜ਼ ਫੜੇ ਹਨ। ਢੇਰ ਲਾਈ ਜਾਂਦੇ ਹਾਂ। ਕੌਣ ਲੱਭੇਗਾ ਇਸ ਪਹਾੜ ਵਿਚੋਂ ਕਾਫਕਾ ਨੂੰ ? ਚਾਰ ਸਾਲ ਬਾਦ ਜਰਮਨ ਅਖਬਾਰ ਵਿਚ ਬਰੋਦ ਨੇ ਲੰਮੇ ਲੇਖ ਰਾਹੀਂ ਕਾਫਕਾ ਸਾਹਿਤ ਭਾਲਣ ਦੀ ਅਪੀਲ ਕੀਤੀ। ਉਸਨੇ ਇਸ ਲੇਖ ਵਿਚ ਦੋਰਾ ਦਾ ਕੋਈ ਜ਼ਿਕਰ ਨਹੀਂ ਕੀਤਾ। ਦੁਖੀ ਔਰਤ ਨੂੰ ਸ਼ਰਮਿੰਦਗੀ ਨਹੀਂ ਦੇਣੀ ਚਾਹੁੰਦਾ ਸੀ।

ਸਟੇਟ ਨੇ ਐਲਾਨ ਕਰ ਦਿਤਾ- ਯਹੂਦੀਆਂ ਦੀਆਂ ਦੁਕਾਨਾ ਵਿਚੋ ਸਾਮਾਨ ਨਹੀ ਖਰੀਦਣਾ, ਯਹੂਦੀ ਅਫ਼ਸਰਾਂ, ਜੱਜਾਂ, ਜੇਲ ਸੁਪਰਡੰਟਾਂ ਆਦਿਕ ਸਾਰੇ ਮੁਲਾਜ਼ਮਾ ਤੋ ਅਸਤੀਫ਼ੇ ਲੈ ਲਏ। ਯਹੂਦੀ ਬੱਚੇ ਸਕੂਲਾਂ ਵਿਚੋ ਕੱਢ ਦਿਤੇ। ਜਿਨ੍ਹਾਂ ਨੇ ਪੀਐਚ.ਡੀ ਖੋਜ ਕਾਰਜ ਕਰ ਲਏ, ਫੈਸਲਾ ਹੋਇਆ ਉਨ੍ਹਾਂ ਨੂੰ ਡਿਗਰੀਆਂ ਨਹੀਂ ਦੇਣੀਆਂ। ਸਾਲ 1925 ਦੇ ਅਪ੍ਰੈਲ ਮਹੀਨੇ  *ਭੀੜ ਘਟਾਉ ਐਕਟ* ਪਾਸ ਹੋਣ ਉਪਰੰਤ ਇਹੋ ਕੁਝ ਹੋਇਆ।ਦਸ ਮਈ ਨੂੰ ਗੋਬਲਜ਼ (ਹਿਟਲਰ ਦਾ ਪ੍ਰਾਪੇਗੰਡਾ ਮੰਤਰੀ) ਨੇ ਐਲਾਨ ਕਰ ਦਿਤਾ- ਕਮਿਊਨਿਸਟਾਂ, ਯਹੂਦੀਆਂ, ਗੈਰ ਆਰੀਆਂ ਅਤੇ ਵਿਦੇਸ਼ੀਆਂ ਦੇ ਗੰਦ ਤੋ ਬਚਾ ਕੇ ਜਰਮਨ ਨੂੰ ਪਵਿਤਰ ਕਰਨਾ ਹੈ। ਉਤਸ਼ਾਹੀ ਨਾਜ਼ੀ ਸੈਨਿਕ ਚਿਲਾ ਰਹੇ ਸਨ- ਮਾਰਕਸ ਨੂੰ ਸਾੜੋ, ਫਰਾਇਡ ਨੂੰ ਸਾੜੋ। ਲਾਇਬਰੇਰੀਆਂ ਵਿਚੋ ਆਈਨਸਟੀਨ, ਜੈਕ ਲੰਡਨ, ਹੈਲਨ ਕੈਲਰ, ਮਾਰਗ੍ਰੇਟ ਸੰਗਰ ਅਤੇ ਐਚ.ਜੀ. ਵੈਲਜ਼ ਦੀਆਂ ਕਿਤਾਬਾਂ ਦੀ ਲੋਹੜੀ ਦੁਆਲੇ ਨਾਚ ਕੀਤਾ। ਕਾਫਕਾ ਸਾਹਿਤ ਬਚ ਗਿਆ ਕਿਉਂਕਿ ਇਨ੍ਹਾਂ ਨੂੰ ਉਸ ਬਾਰੇ ਪਤਾ ਨਹੀਂ ਸੀ ਕੌਣ ਹੈ। ਹੈਨਰਿਕ ਹੀਨ ਨੂੰ ਕਾਫਕਾ ਬਹੁਤ ਪਸੰਦ ਕਰਦਾ ਸੀ, ਉਸ ਨੇ ਲਿਖਿਆ ਸੀ- ਕਿਤਾਬਾਂ ਫੂਕਣ ਵਾਲੇ ਥੋੜ੍ਹੀ ਦੇਰ ਬਾਦ ਬੰਦਿਆਂ ਨੂੰ ਫੂਕਣ ਲੱਗ ਜਾਂਦੇ ਹਨ। ਹੀਨ ਦੀਆਂ ਕਿਤਾਬਾਂ ਸਾੜ ਦਿਤੀਆਂ ਗਈਆਂ। ਦੋਰਾ ਇਨ੍ਹਾਂ ਦਿਨਾ ਵਿਚ ਗਰਭਵਤੀ ਸੀ। ਦੋਰਾ ਅਤੇ ਲੁਜ਼ ਘਰ ਬਦਲ ਬਦਲ ਕੇ ਛੁਪਦੇ ਛੁਪਾਂਦੇ ਦਿਨਕਟੀ ਕਰ ਰਹੇ ਸਨ। ਇਕ ਯਹੂਦੀ ਤੇ ਨਾਲ ਫਿਰ ਕਮਿਊਨਿਸਟ, ਬਚਣ ਦੀ ਕੀ ਸੰਭਾਵਨਾ ? ਅਗਸਤ 8 ਦੀ ਰਾਤ ਰੇਡ ਹੋਇਆ, ਲੁੱਜ਼ ਨੂੰ ਲੈ ਗਏ। ਕੱਪੜਿਆਂ ਦਾ ਨਿੱਕਾ ਅਟੈਚੀ ਨਾਲ ਲਿਜਾਣ ਦਿਤਾ। ਥੁੜ ਦਿਨਾ ਬਾਦ ਅਧ-ਜਲਿਆ ਅਟੈਚੀ ਦੇ ਗਏ। ਇਸ ਵਿਚ ਖੂਨ ਨਾਲ ਲਿਬੜੀ ਨਿੱਕਰ ਮਿਲੀ, ਮਾਰ ਦਿਤਾ ? ਸ਼ਾਇਦ।

1 ਮਾਰਚ 1934 ਨੂੰ ਦੋਰਾ ਨੇ ਸਿਹਤਵੰਦ ਤੇ ਸੁਣੱਖੀ ਧੀ ਨੂੰ ਜਨਮ ਦਿੱਤਾ। ਕਦੀ ਕਦੀ ਸੁਨੇਹਾ ਮਿਲਦਾ, ਲੁੱਜ਼ ਜਿਉਂਦਾ ਹੈ। ਉਸਨੇ ਪੁਲਸ ਚੀਫ ਨੂੰ ਪੱਤਰ ਲਿਖਿਆ, ਇਸ ਜਜ਼ਬਾਤੀ ਪੱਤਰ ਵਿਚ ਅਪੀਲ ਕੀਤੀ ਗਈ ਸੀ ਕਿ ਨਿਰਦੋਸ਼ ਲੁਜ਼ ਉਪਰ ਕਹਿਰ ਢਾਹੁਣੇ ਠੀਕ ਨਹੀਂ। ਅੱਠ ਮਹੀਨਿਆਂ ਬਾਦ ਉਹ ਘਰ ਪਰਤ ਆਇਆ, ਕਰਾਮਾਤ ਤੋ ਘੱਟ ਨਹੀਂ ਸੀ। ਉਸਨੇ ਆਪਣੇ ਸਾਥੀ ਗੋਲੀ ਦਾ ਸ਼ਿਕਾਰ ਹੁੰਦੇ ਅੱਖੀਂ ਦੇਖੇ ਸਨ। ਉਸਨੇ ਦੱਸਿਆ-

ਮੈਨੂੰ ਜੇਲ ਸੁਪਰਡੰਟ ਨੇ ਬੁਲਾ ਕੇ ਕਿਹਾ- ਤੇਰੀ ਜ਼ਨਾਨੀ ਦੇ ਇਸ ਖ਼ਤ ਕਰਕੇ ਤੇਰੇ ਉਪਰ ਤਰਸ ਆ ਗਿਆ ਵਰਨਾ...।

ਪਰਿਵਾਰ ਨੇ ਸਲਾਹ ਕੀਤੀ ਕਿ ਮਜ਼ਦੂਰਾਂ ਦੇ ਸੁਰਗ, ਰੂਸ ਵਿਚ ਜਾਇਆ ਜਾਵੇ। ਸਭ ਤੋਂ ਪਹਿਲਾਂ ਬਰਟਾ ਮਾਂ ਪੁੱਜੀ। ਹਾਲਾਂ ਕਿ ਦਹਾਕਿਆਂ ਤੋ ਉਹ ਕਮਿਊਨਿਸਟ ਲੀਡਰ ਰਹੀ ਸੀ, ਮਾਸਕੋ ਨੇ ਉਸਦੇ ਪਿਛੋਕੜ ਬਾਰੇ ਜਾਣਕਾਰੀ ਲਈ ਤੇ ਰਹਿਣ ਦੀ ਆਗਿਆ ਮਿਲਣ ਵਿਚ ਸਾਲ ਲੱਗਾ। ਚਾਰ ਮਹੀਨਿਆਂ ਬਾਦ ਲੁੱਜ਼ ਨੂੰ ਰੂਸ ਆਂਉਣ ਦੀ ਆਗਿਆ ਮਿਲ ਗਈ। ਉਹ 28 ਫਰਵਰੀ 1935 ਦੇ ਦਿਨ ਰੂਸ ਪੁੱਜ ਗਿਆ। ਮਾਂ ਨੂੰ ਲਾਇਬਰੇਰੀ ਸਹਾਇਕ ਦੀ ਤੇ ਲੁੱਜ਼ ਨੂੰ ਮਾਰਕਸ-ਏਂਜਲਜ਼-ਲੈਨਿਨ ਵਿਦਿਆਲੇ ਵਿਚ ਜੂਨੀਅਰ ਅਕਾਦਮਿਕ ਸਹਾਇਕ ਰੱਖ ਲਿਆ। ਦੋਰਾ ਨੇ ਵੀ ਅਰਜ਼ੀ ਪਾ ਦਿਤੀ। ਸੋਚਿਆ ਕਰਦੀ - ਰੂਸ ਵਿਚ ਜਾਕੇ ਫਿਰ ਰੰਗਮੰਚ ਤੇ ਕੰਮ ਕਰਾਂਗੀ। ਉਥੇ ਯਹੂਦੀ ਡਰਾਮਾ ਅਜੇ ਵੀ ਹਰਮਨ ਪਿਆਰਾ ਸੀ।

ਸਮਾਜਵਾਦ, ਸਾਂਝੇ ਲੰਗਰ, ਸਾਂਝੀ ਜ਼ਮੀਨ, ਬਰਾਬਰੀ ਦੇ ਹੱਕ, ਮੁਫਤ ਇਲਾਜ, ਮੁਫਤ ਵਿੱਦਿਆ, ਵਧੀਆ ਤਨਖਾਹਾਂ, ਦੂਰੋ ਦੂਰੋ ਬੜੇ ਸੁਹਾਵਣੇ ਦ੍ਰਿਸ਼ ਸਨ। ਇਨ੍ਹਾਂ ਮਾਸੂਮਾ ਨੂੰ ਕੀ ਪਤਾ ਸੀ ਕਿ 1934 ਦੇ ਅਖੀਰ ਵਿਚ ਸਟਾਲਿਨ ਰੂਸ ਵਿਚ ਉਹੀ ਕੁਝ ਕਰੇਗਾ ਜੋ ਹਿਟਲਰ ਜਰਮਨੀ ਵਿਚ ਕਰ ਰਿਹਾ ਸੀ। ਹਿਟਲਰ ਨੇ ਆਪਣੇ ਨਾਜ਼ੀ ਸਾਥੀ ਤੇ ਦੋਸਤ ਪਾਰਟੀ ਨੂੰ ਪਵਿਤਰ ਕਰਨ ਵਾਸਤੇ ਗੋਲੀਆਂ ਨਾਲ ਭੁੰਨ ਦਿਤੇ ਸਨ। ਇਵੇਂ ਸਟਾਲਿਨ ਜਰਮਨੀ ਨੂੰ ਕਤਲਾਂ ਰਾਹੀਂ ਪਵਿਤਰ ਕਰ ਰਿਹਾ ਸੀ। ਹਿਟਲਰ ਨੇ 60 ਲੱਖ ਯਹੂਦੀ ਮਾਰੇ। ਰੂਸੀ ਸਰ ਜ਼ਮੀਨ ਨੂੰ ਹਰ ਤਰਾਂ ਦੇ ਕਲਪਿਤ ਸਿਆਸੀ ਬਾਗੀਆਂ ਨੂੰ ਉਨੀ ਹੀ ਬੇਰਹਿਮੀ ਨਾਲ ਹਿਟਲਰ ਤੋਂ ਵਧੀਕ ਗਿਣਤੀ ਵਿਚ ਸਟਾਲਿਨ ਨੇ ਮਾਰਿਆ। ਇਸ ਨੂੰ ਪਾਰਟੀ ਦੀ ਸਫਾਇਆ ਮੁਹਿੰਮ (purges) ਕਿਹਾ ਗਿਆ।

ਦੋਰਾ, ਮੇਰੀਆਨੀ ਧੀ ਨਾਲ ਸੰਤੁਸ਼ਟ ਸੀ। ਸਤੰਬਰ 15 ਨੂੰ ਯਹੂਦੀਆਂ ਵਿਰੁੱਧ ਇਕ ਹੋਰ ਕਾਨੂਨ ਪਾਸ ਹੋਇਆ, ਉਨ੍ਹਾਂ ਤੋਂ ਨਾਗਰਿਕਤਾ ਖੋਹ ਲਈ, ਇਹ ਜਰਮਨਾ ਨਾਲ ਵਿਆਹ ਨਹੀਂ ਕਰਵਾਉਣਗੇ, ਹੋਰ ਸਮਾਜਕ ਸਬੰਧ ਨਹੀਂ ਰਹਿਣਗੇ। ਜੇ ਕੋਈ ਯਹੂਦੀ ਧਰਮ ਬਦਲ ਕੇ ਈਸਾਈ ਹੋਣਾ ਚਾਹੇ, ਆਗਿਆ ਨਹੀਂ। ਇਸ ਘੱਲੂਘਾਰੇ ਦੇ ਇਤਿਹਾਸਕਾਰ ਲੂਸੀ ਦਾਦੋਵਿਚ ਨੇ ਲਿਖਿਆ- ਜਿਹੜਾ ਯਹੂਦੀ ਹੈ, ਉਹ ਯਹੂਦੀ ਹੈ, ਯਹੂਦੀ ਹੈ, ਯਹੂਦੀ ਹੈ, ਮਾਰੋ। ਨਾਜ਼ੀਆਂ ਦਾ ਇਹੋ ਇਕ ਨਾਅਰਾ ਸੀ।

ਦੋਰਾ ਦੇ ਸਹੁਰੇ ਡਾ. ਜੈਕਬਸਨ ਲਾਸਕ ਨੂੰ ਰੂਸੋਂ ਸੱਦਾ ਆ ਗਿਆ ਤੇ ਪੱਤਰ ਵਿਚ ਲਿਖਿਆ ਸੀ ਕਿ ਦੋਰਾ ਅਤੇ ਉਸਦੀ ਧੀ ਵੀ ਉਸ ਨਾਲ ਆ ਸਕਦੇ ਹਨ। ਰਸਮੀ ਪ੍ਰਵਾਨਗੀਆਂ ਫੇਰ ਮਿਲ ਜਾਣਗੀਆਂ। ਦੋਰਾ ਨੇ ਅਟੈਚੀ ਕੇਸ ਵਿਚ ਸਾਮਾਨ ਪਾ ਲਿਆ। ਕਾਫਕਾ ਦੀਆਂ ਕਿਤਾਬਾਂ ਅਤੇ ਵਾਲ ਵਾਹੁਣ ਵਾਲਾ ਸੁਨਹਿਰੀ ਬੁਰਸ਼। ਕਾਫਕਾ ਦੀ ਨਿੱਜੀ ਨਿਸ਼ਾਨੀ ਬਸ ਇਹੋ ਬਚੀ ਸੀ ਇਕ। ਤੁਰਨ ਤੋ ਪਹਿਲਾਂ ਚੰਗੇ ਹੋਟਲ ਵਿਚ ਦੋਸਤਾਂ ਨਾਲ ਖੁਸ਼ ਖੁਸ਼ ਖਾਣਾ ਖਾਧਾ, ਸੁਖੀ ਸਫਰ ਵਾਸਤੇ ਯਹੂਦੀ ਪ੍ਰਾਰਥਨਾ ਕੀਤੀ, ਯਿਦਿਸ਼ ਬੋਲੀ ਵਿਚ ਰਸਮੀ ਯਹੂਦੀ ਗੀਤ ਗਾਏ, ਨਰਕ, ਸੁਰਗ ਬਣ ਗਿਆ, ਥੋੜ੍ਹੀ ਦੇਰ ਲਈ।

ਕਵੀ ਸਟੈਨਸਿਲ ਅਗਲੇ ਦਿਨ ਰੇਲਵੇ ਸਟੇਸ਼ਨ ਤੇ ਇਨ੍ਹਾਂ ਨੂੰ ਵਿਦਾ ਕਰਨ ਗਿਆ। ਧੀ ਦੋ ਸਾਲ ਦੀ ਹੋ ਗਈ ਸੀ। ਦੋਰਾ ਦੀ ਮੁੱਠੀ ਵਿਚ ਜਿੰਨੇ ਚਾਂਦੀ ਦੇ ਸਿੱਕੇ ਆਏ, ਸਟੈਨਸਿਲ ਨੂੰ ਦਿੰਦਿਆਂ ਕਿਹਾ- ਛੋਟਿਆਂ ਨੂੰ ਦਿਆ ਹੀ ਕਰਦੇ ਨੇ ਵੱਡੇ। ਗੈਸਟਾਪੋ ਮੁਲਾਜ਼ਮਾ ਨੇ ਉਨ੍ਹਾਂ ਨੂੰ ਜਾਂਦਿਆਂ ਦੇਖਿਆ, ਥਾਣੇ ਵਿਚ ਰਿਪੋਰਟ ਦਰਜ ਕਰਵਾਈ- ਅੱਜ 11-2-1936 ਨੂੰ ਲਾਸਕ ਪਰਿਵਾਰ ਮਾਸਕੋ ਲਈ ਰਵਾਨਾ ਹੋਇਆ। ਜਰਮਨ ਛੱਡ ਕੇ ਸੋਵੀਅਤ ਬੋਲਸ਼ਵਿਕਾਂ ਦੀ ਨੌਕਰੀ ਕਰਨੀ ਗੱਦਾਰੀ ਹੈ।

ਦੋ ਦਿਨ ਦੋ ਰਾਤ ਸਫਰ ਮੁਕਾ ਕੇ ਕਾਰਵਾਂ ਮਾਸਕੋ ਪੁੱਜਾ। ਜੁਆਨੀ ਵਿਚ ਡਾ, ਲਾਸਕ ਏਨਾ ਰੁਝਿਆ ਰਹਿੰਦਾ ਸੀ ਕਿ ਬੱਚਿਆਂ ਵਲ ਧਿਆਨ ਨਾ ਦਿੰਦਾ। ਨਾਜ਼ੀਆਂ ਨੇ ਉਸ ਨੂੰ ਇੰਨਾਂ ਵਿਹਲਾ ਕਰ ਦਿਤਾ ਕਿ ਪੋਤੀ ਨਾਲ ਖੇਡਦਾ ਰਹਿੰਦਾ। ਪੋਤੀ ਨੂੰ ਆਪਣੇ ਪਿਤਾ ਦਾ ਕੁੱਝ ਪਤਾ ਨਹੀਂ ਸੀ।

ਦੋਰਾ ਨੂੰ ਮਾਸਕੋ ਸੁਫਨਿਆਂ ਦਾ ਸ਼ਹਿਰ ਲੱਗਿਆ, ਤੁਰੀ ਜਾਂਦੀ ਨੇ ਹਿਬਰੂ ਅੱਖਰਾਂ ਵਿਚ ਲਿਸ਼ਕਦਾ ਪੜ੍ਹਿਆ- *ਯਹੂਦੀ ਕਾਮਿਆਂ ਦਾ ਥਿਏਟਰ,* ਪਹਿਲੀ ਵਾਰ ਆਪਣੇ ਯਹੂਦੀ ਹੋਣ ਉਪਰ ਮਾਣ ਹੋਇਆ, ਹੈ ਇਕ ਥਾਂ ਜਿਥੇ ਯਹੂਦੀ ਵੀ ਸਤਿਕਾਰ ਯੋਗ ਹਨ। ਮਾਸਕੋ ਵਿਚ ਨਵੀਨਤਾ ਆ ਰਹੀ ਸੀ, ਮੈਟਰੋ ਰੇਲ ਚੱਲ ਪਈ ਸੀ, ਨਵੀਆਂ ਕਲੋਨੀਆਂ ਆਬਾਦ ਹੋ ਰਹੀਆਂ ਸਨ। ਦੋਰਾ ਦੇ ਦੋਸਤ ਆਏ ਤੇ ਯਹੂਦੀ ਰੂਸੀ ਐਕਟਰ ਡਾਇਰੈਕਟਰ ਸੁਲੇਮਾਨ ਮਿਖਾਈਲ ਨੂੰ ਕਿੰਗ ਲੀਅਰ ਦਾ ਰੋਲ ਕਰਦੀਆਂ ਦਿਖਾਉਣ ਵਾਸਤੇ *ਸਟੇਟ ਯਹੂਦੀ ਥਿਏਟਰ* ਲੈ ਗਏ। ਇਹ ਰਾਤ ਉਸਨੂੰ ਕਦੀ ਨਾ ਭੁੱਲੀ। ਸੁਲੇਮਾਨ ਦੀ ਅਦਾਕਾਰੀ ਤਾਂ ਸੀ ਹੀ ਸਿਖਰਲੀ, ਬਾਕੀ ਸਾਰਾ ਕੁਝ ਵੀ ਸ਼ਾਨਦਾਰ ਸੀ।

ਕਈ ਸਾਲ ਬਾਦ ਸਟੇਨਸਲ ਦੇ ਯਿੱਦੀ ਰਸਾਲੇ ਵਾਸਤੇ ਉਸਨੇ ਲਿਖਿਆ- ਪੀਲੇ, ਬਿਮਾਰ, ਅਪਰਾਧੀ ਜਰਮਨ ਵਿਚੋਂ ਨਿਕਲ ਕੇ ਇਸ ਥਿਏਟਰ ਦੇ ਲੋਕ ਕਿਹੋ ਜਿਹੇ ਲੱਗੇ, ਦੱਸ ਨਹੀਂ ਹੁੰਦਾ, ਹਿਬਰੂ ਅੱਖਰ ਦੇਖ ਦੇਖ ਮੈਂ ਰੱਜਦੀ ਨਾਂ, ਦੁਆ ਕਰਦੀ, ਰੂਸ ਸੁਖੀ ਵੱਸੇ। ਲੰਮੀਆਂ ਕਤਾਰਾਂ ਵਿਚ ਵਖ ਵਖ ਬੋਲੀਆਂ, ਵਖ ਵਖ ਨਸਲਾਂ ਦੇ ਲੋਕ ਟਿਕਟ ਖਰੀਦਣ ਲਈ ਖਲੋਤੇ, ਠੰਢ ਤੋ ਬਚਣ ਲਈ ਕਦੀ ਕਦੀ ਸਹਿਜੇ ਸਹਿਜੇ ਕੁਦਣ ਲਗਦੇ, ਕਿੰਗ ਲੀਅਰ ਦਾ ਯਹੂਦੀ ਨਾਇਕ ਦੇਖਣ ਲਈ ਤਤਪਰ।ਅੱਜ ਜਿਹੜਾ ਇਸ ਦਾ ਨਾਇਕ ਹੈ, ਉਸੇ ਸੁਲੇਮਾਨ ਨੇ 1920 ਵਿਚ ਇਸ ਥਿਏਟਰ ਦੀ ਉਸਾਰੀ ਕੀਤੀ ਸੀ। ਤੁਹਾਡੀ ਕਲਪਣਾ ਜਿੰਨੀ ਮਰਜ਼ੀ ਵੱਡੀ ਹੈ, ਤੁਸੀ ਇਸ ਦੀ ਸੁੰਦਰਤਾ ਤੱਕ ਖਿਆਲਾਂ ਖਿਆਲਾਂ ਵਿਚ ਨਹੀਂ ਪੁੱਜ ਸਕਦੇ। ਡਰਾਮਾ ਕਿਹੋ ਜਿਹਾ ਲੱਗਾ, ਨਹੀ ਲਿਖਾਂਗੀ, ਦੁਨੀਆਂ ਭਰ ਦੇ ਆਰਟ ਕਰਿਟਿਕ ਲਿਖ ਤਾਂ ਚੁਕੇ ਹਨ। ਖਤਮ ਹੋਣ ਤੇ ਲੋਕ ਸੁਲੇਮਾਨ ਦੇ ਦੁਆਲੇ ਇਉ ਚੱਕਰ ਕੱਟਣ ਲੱਗੇ ਜਿਵੇਂ ਘੁੱਗੀਆਂ ਗੇੜੇ ਕੱਢਦੀਆਂ ਹੋਣ। ਸੁਲੇਮਾਨ ਨੂੰ ਪਿਆਰ ਕਰਨੋ ਹਟਿਆ ਈ ਨੀਂ ਜਾਂਦਾ।

ਰੂਸੀ ਨਾਗਰਿਕਤਾ ਲੈਣ ਵਾਸਤੇ ਉਸਨੇ ਫਾਰਮ ਭਰਿਆ, ਹਰ ਤੱਥ ਸਹੀ। ਲਿਖਿਆ ਕਿ ਛੇ ਸਾਲ ਤੋਂ ਜਰਮਨ ਵਿਚ ਕਾਮਰੇਡਾਂ ਦੀ ਲੀਡਰ ਰਹੀ ਹਾਂ। ਅਧਿਕਾਰੀਆਂ ਨੇ ਕਿਹਾ- ਜਰਮਨ ਰਹਿੰਦੇ ਉਨ੍ਹਾਂ ਕਾਮਰੇਡਾਂ ਦੇ ਨਾਮ ਦੱਸੋ ਜਿਹੜੇ ਤੁਹਾਡੇ ਤੱਥਾਂ ਦੇ ਸਹੀ ਹੋਣ ਦੀ ਪੁਸ਼ਟੀ ਕਰਨ। ਦੋਰਾ ਨੇ ਕਿਹਾ- ਕਾਮਰੇਡ ਰੋਸ਼ੀਲਡ, ਪਰ ਉਹ ਹੁਣ ਜੇਲ੍ਹ ਵਿਚ ਹੈ।

ਧੀ ਮੇਰੀਆਨਾ ਨੂੰ ਤੇਜ਼ ਬੁਖਾਰ ਹੋ ਗਿਆ, ਇਕ ਵਾਰ ਤਾਂ ਬਚਣ ਦੀ ਆਸ ਨਹੀਂ ਸੀ ਰਹੀ। ਹਸਪਤਾਲ ਦਾਖਲ ਕਰਵਾਈ।ਦਵਾਈਆਂ ਨਹੀਂ ਸਨ। ਮੈਲੀਆਂ ਚਾਦਰਾਂ ਤੇ ਗੰਦੇ ਕੰਬਲ, ਚਾਦਰਾਂ ਹਫਤੇ ਵਿਚ ਇਕ ਵਾਰ ਧੋਣੀਆਂ, ਕੰਬਲ ਕਦੀ ਵੀ ਨਹੀਂ।ਸੁਕੀ ਉਲਟੀ ਖੁਰਚ ਕੇ ਉਤਾਰ ਦਿੰਦੇ ਨੇ।ਜੀਨ ਲੀਆਨ ਨੇ ਲਿਖਿਆ ਸੀ- ਸਮਾਜਵਾਦ ਵਿਚ ਕਿਉਂਕਿ ਸਾਰੇ ਬਰਾਬਰ ਹਨ, ਤੁਸੀਂ ਸਾਫ ਚਾਦਰ, ਸਾਫ ਕੰਬਲ ਘਰੋਂ ਹਸਪਤਾਲ ਨਹੀਂ ਲਿਆ ਸਕਦੇ। ਭਾਰੀ ਮਸ਼ੀਨਰੀ ਖਰੀਦੀ ਜਾ ਰਹੀ ਹੈ, ਵਡੀ ਗਿਣਤੀ ਵਿਚ ਸਿਆਸੀ ਕਤਲ ਹੋ ਰਹੇ ਹਨ, ਹਸਪਤਾਲਾਂ ਵਲ ਧਿਆਨ ਦੇਣ ਦੀ ਫੁਰਸਤ ਕਿਸਨੂੰ ਹੈ, ਪੈਸੇ ਕਿਥੇ ਹਨ?

ਖੁਫੀਆ ਪੁਲਸ ਅਫਸਰ ਨੇ ਪੁੱਛਿਆ- ਉਲਾ ਨਾਮ ਦੀ ਔਰਤ ਨੂੰ ਜਾਣਦੀ ਹੈਂ ? ਦੋਰਾ ਨੇ ਸਾਬਤ ਕਰਨਾ ਸੀ ਕਿ ਰੂਸ ਦੀ ਪਵਿਤਰ ਧਰਤੀ ਉਪਰ ਕੋਈ ਤੱਥ ਨਹੀਂ ਛੁਪਾਏਗੀ, ਕਿਹਾ- ਹਾਂ, ਉਹ ਮੇਰੇ ਨਾਲ ਥਿਏਟਰ ਕਰਦੀ ਰਹੀ ਹੈ। ਅਫਸਰ ਨੇ ਦੱਸਿਆ- ਤੁਹਾਨੂੰ ਪਤੈ ਉਹ ਡਬਲ ਡਿਊਟੀ ਕਰਦੀ ਰਹੀ? ਇਧਰ ਰੂਸ ਵਿਚ ਪਨਾਹ ਲੈ ਲਈ ਤੇ ਕੰਮ ਨਾਜ਼ੀਆਂ ਕੋਲ ਮੁਖਬਰੀ ਦਾ ਕਰਦੀ ਰਹੀ, ਉਸ ਦਾ ਮੁੰਡਾ ਤੇਰੀ ਧੀ ਜਿਡਾ ਕੁ ਹੈ। ਉਸਦੇ ਪਤੀ ਬੈਕਰ ਨੂੰ ਇਥੇ ਗੱਦਾਰੀ ਦੇ ਦੋਸ਼ ਅਧੀਨ ਦਸ ਸਾਲ ਦੀ ਸਜ਼ਾ ਮਿਲੀ ਹੈ।

30 ਜੂਨ 1935, ਦੋਰਾ ਦੇ ਦਿਉਰ ਅਰਨੈਸਟ ਦੀ ਲਾਸ਼ ਮਾਸਕੋ ਹਸਪਤਾਲ ਦੇ ਇਕ ਮੇਜ ਉਪਰ ਪਈ ਮਿਲੀ, ਸਾਰੇ ਪਰਿਵਾਰ ਵਿਚ ਸਭ ਤੋਂ ਦਲੇਰ ਜੁਆਨ ਸੀ ਇਹ। ਇਸ ਦੀ ਮੌਤ ਦੇ ਕਾਰਨ ਦਾ ਕਿਸੇ ਨੂੰ ਪਤਾ ਨਾ ਲੱਗਾ, ਮਾਂ ਬਰਟਾ ਦੁਖ ਤੋਂ ਰਾਹਤ ਪਾਉਣ ਵਾਸਤੇ ਲਿਖਣ ਲੱਗ ਪਈ।

ਮਾਸਕੋ ਵਿਚ ਪਬਲਿਕ ਮੁਕੱਦਮਿਆਂ ਦੀਆਂ ਖਬਰਾਂ ਗਰਮ ਸਨ, ਕਿਵੇਂ ਪੁਰਾਣੇ ਇਨਕਲਾਬੀ ਹੀਰੋ, ਜ਼ੀਨੋਵੀਵ ਤੇ ਕਾਮੀਨੀਵ ਤੋਂ ਗੱਦਾਰੀ ਕਰਨ ਦੇ ਇਕਬਾਲੀਆ ਬਿਆਨ ਕਰਵਾਏ ਗਏ ਤੇ ਫਿਰ ਗੋਲੀਆਂ ਦਾਗੀਆਂ ਗਈਆਂ, ਉਨ੍ਹਾਂ ਪਿਛੋਂ 60 ਜਰਨੈਲਾਂ ਤੇ ਪਾਰਟੀ ਲੀਡਰਾਂ ਨੂੰ ਸ਼ਰੇਆਮ ਇਸੇ ਤਰਾਂ ਮਾਰਿਆ ਗਿਆ। ਕਾਮਰੇਡ ਨਿਕੋਲਾਈ ਬੁਖਾਰਨ, ਲੈਨਿਨ ਅਤੇ ਤਾਸਕੀ ਤੋਂ ਬਾਦ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਚਿੰਤਕ ਸੀ। ਲੈਨਿਨ ਉਸਨੂੰ ਪਾਰਟੀ ਦਾ ਕੋਹਿਨੂਰ ਕਿਹਾ ਕਰਦਾ ਸੀ। ਸਾਲ 1938 ਵਿਚ ਸਟਾਲਿਨ ਦੁਆਰਾ ਚੌਥੇ ਅਤੇ ਆਖਰੀ ਬਦਨਾਮ ਮਾਸਕੋ ਮੁਕੱਦਮੇ ਵਿਚ ਜਿਵੇਂ ਜ਼ਲੀਲ ਕਰਕੇ ਮਾਰਿਆ, ਪੜ ਕੇ ਕਾਂਬਾ ਛਿੜ ਜਾਂਦਾ ਹੈ। ਇਕ ਰੂਸੀ ਦੂਜੇ ਨਾਲ ਗੱਲ ਕਰਕੇ ਸਹਿਮਦਾ ਸੀ, ਕੀ ਪਤਾ ਕੌਣ ਕੇਜੀਬੀ ਦਾ ਏਜੰਟ ਹੋਵੇ?

ਸਜ਼ਾ ਕੱਟ ਰਹੇ ਬੈਕੱਰ ਨੂੰ ਗੋਲੀ ਨਾਲ ਫੁੰਡ ਦਿਤਾ ਗਿਆ। ਦੋਰਾ, ਬੈਕਰ ਅਤੇ ਇਸ ਦੀ ਪਤਨੀ ਨੂੰ ਜਾਣਦੀ ਸੀ, ਇਹੋ ਤਕੜਾ ਅਪਰਾਧ ਬਣਦਾ ਸੀ।

ਜਰਮਨ ਸਰਕਾਰ ਨੇ *ਬਿਮਾਰ ਯਹੂਦੀ ਦਿਮਾਗ ਦੀਆਂ ਕਿਰਤਾਂ* ਆਖ ਕੇ ਕਾਫਕਾ ਦੇ ਸਾਹਿਤ ਉਪਰ ਪਾਬੰਦੀ ਲਾ ਦਿਤੀ, ਮਾਸਕੋ ਵਿਚ ਇਟਾਲੀਅਨ ਕਾਮਰੇਡ ਲਿਨਾਰੀ ਰਹਿੰਦਾ ਸੀ ਜਿਹੜਾ ਕਾਫਕਾ ਦਾ ਪਾਠਕ ਸੀ, ਮਸੋਲੀਨੀ ਦੇ ਤਸੀਹਾ ਕੇਂਦਰ ਵਿਚ ਉਸਦੀਆਂ ਦੋਵੇਂ ਲੱਤਾਂ ਅਤੇ ਇਕ ਹੱਥ ਕੱਟ ਦਿਤਾ ਗਿਆ ਸੀ। ਦੋਰਾ ਨੇ ਉਸ ਨੂੰ ਪੁੱਛਿਆ- ਕੀ ਰੂਸੀਆਂ ਵਾਸਤੇ ਕਾਫਕਾ ਦੇ ਅਨੁਵਾਦ ਵਧੀਆ ਰਹਿਣਗੇ ? ਲਿਨਾਰੀ ਨੇ ਹਾਂ ਵਿਚ ਸਿਰ ਹਿਲਾਇਆ- ਯਕੀਨਨ, ਉਹ ਬਹੁਤ ਵੱਡਾ ਬੰਦਾ ਸੀ।

ਦੋਰਾ ਦੀ ਘਬਰਾਹਟ ਵੱਧ ਰਹੀ ਸੀ, ਕੁਝ ਸਮੇਂ ਬਾਦ ਉਸ ਦੀ ਜਾਣ ਪਛਾਣ ਦਾ ਬੰਦਾ ਜਾਂ ਗ੍ਰਿਫਤਾਰ ਕਰ ਲਿਆ ਜਾਂਦਾ ਜਾਂ ਮਰੇ ਦੀ ਖਬਰ ਸੁਣਦੀ। ਵਿਦੇਸੀ ਕਾਮਰੇਡਾਂ ਉਪਰ ਕਰੜੀ ਨਿਗਾਹ ਸੀ।

1 ਮਾਰਚ ਨੂੰ ਮੇਰੀਆਨਾ ਦਾ ਤੀਜਾ ਜਨਮ ਦਿਨ ਮਨਾਇਆ ਗਿਆ। ਦੋਰਾ ਨੇ ਧਿਆਨ ਨਾਲ ਦੇਖਿਆ, ਮੇਰੀਆਨਾ ਕਾਫਕਾ ਵਰਗੀ ਬਣਦੀ ਜਾ ਰਹੀਂ ਸੀ, ਉਵੇਂ ਡੂੰਘੀਆਂ ਗੱਲ੍ਹਾਂ, ਉਹੋ ਜਿਹੀਆਂ ਅੱਖਾਂ। ਪਤਲਾ ਜਿਸਮ ਕਿਉਂ ਹੈ, ਟੈਸਟ ਕਰਵਾਏ ਗਏ ਤਾਂ ਤਪਦਿਕ ਦੇ ਲੱਛਣ ਨਿਕਲੇ । ਸਿਰ ਦੇ ਵਾਲ ਝੜਨ ਲੱਗੇ। ਡਾਕਟਰ ਨਾਂਹ ਵਿਚ ਸਿਰ ਹਿਲਾਣ ਲੱਗੇ ... ਰੂਸ ਵਿਚ ਇਲਾਜ ਨਹੀਂ। ਰੂਸ ਵਿਚੋਂ ਬਾਹਰ ਲਿਜਾ ਕੇ ਇਲਾਜ ਕਰਵਾਉਣ ਦੀ ਆਗਿਆ ਨਹੀਂ ਮਿਲੇਗੀ, ਦੋਰਾ ਜਾਣਦੀ ਸੀ, ਤਾਂ ਵੀ ਉਸ ਨੇ ਸਵਿਟਜ਼ਰਲੈਂਡ ਜਾਣ ਵਾਸਤੇ ਅਰਜ਼ੀ ਪਾ ਦਿਤੀ, ਦੋਰਾ ਨੂੰ ਯਕੀਨ ਹੋ ਗਿਆ, ਆਗਿਆ ਮਿਲੇਗੀ, ਧੀ ਬਚੇਗੀ। ਇਕ ਮੁਸ਼ਕਲ ਹੋਰ, ਜੇ ਰੂਸ ਨੇ ਜਾਣ ਦੀ ਆਗਿਆ ਦੇ ਦਿਤੀ ਤਾਂ ਸਵਿਸ ਵੀਜ਼ਾ ਕਿਵੇ ਮਿਲੇਗਾ ? ਦੋਰਾ ਨੇ ਇਕ ਚਲਾਕੀ ਖੇਡੀ ਹੋਈ ਸੀ, ਰੂਸੀ ਪਾਸਪੋਰਟ ਲੈਕੇ ਜਰਮਨ ਪਾਸਪੋਰਟ ਜਮ੍ਹਾ ਕਰਵਾਉਣਾ ਹੁੰਦਾ ਹੈ। ਉਸਨੇ ਨਹੀ ਕਰਵਾਇਆ ਸੀ, ਇਸ ਦੀ ਸਜਾ ਗੋਲੀ ਹੈ। ਹੋਵੇ ਗੋਲੀ ਦੀ ਸਜ਼ਾ। ਤਾਂ ਕੀ।

ਦੋਰਾ ਦੀ ਉਹ ਅਰਜ਼ੀ ਰੱਦ ਹੋ ਗਈ ਜਿਹੜੀ ਉਸਨੇ ਕਮਿਊਨਿਸਟ ਪਾਰਟੀ ਆਫ ਰਸ਼ੀਆ ਦੀ ਮੈਂਬਰਸ਼ਿਪ ਲਈ ਪਾਈ ਸੀ- *ਇਸ ਦਾ ਪਿਛੋਕੜ ਸ਼ੱਕੀ ਹੈ।* ਬਿਨਾ ਪਾਰਟੀ ਮੈਂਬਰਸ਼ਿਪ ਵਿਦੇਸ਼ੀ ਬੰਦੇ ਲਈ ਜੀਣਾ ਔਖਾ ਕੰਮ ਸੀ। ਦੋਰਾ ਦੀ ਉਸ ਅਰਜ਼ੀ ਦਾ ਕੋਈ ਜਵਾਬ ਨਹੀਂ ਆਇਆ ਜੋ ਉਸਨੇ ਰੂਸ ਛੱਡਣ ਦੀ ਆਗਿਆ ਲਈ ਭੇਜੀ ਸੀ।

ਪਤੀ ਲੁੱਜ਼ ਨੂੰ ਗ੍ਰਿਫਤਾਰ ਕਰ ਲਿਆ ਗਿਆ, ਕਿਸੇ ਗਲਤ ਬੰਦੇ ਨਾਲ ਸਬੰਧਾਂ ਦਾ ਪਤਾ ਲੱਗਾ ਸੀ, ਦੋਰਾ ਨੇ ਲਿਨਾਰੀ ਨੂੰ ਕਾਫਕਾ ਦੀਆਂ ਕਿਤਾਬਾਂ ਦਿਤੀਆਂ ਸਨ, ਉਸ ਨੂੰ ਵੀ ਗ੍ਰਿਫਤਾਰ ਕਰਕੇ ਅਣਦੱਸੀ ਥਾਂ ਲੈ ਗਏ। ਦੋਰਾ ਦੇ ਹੱਕ ਵਿਚ ਤਾਂ ਕਿਸੇ ਨੇ ਕੀ ਗੱਲ ਕਰਨੀ ਸੀ, ਦੋਰਾ ਦੀ ਗੱਲ ਕੋਈ ਸੁਣਨ ਲਈ ਤਿਆਰ ਨਹੀਂ ਸੀ। ਕੁਝ ਸਾਹਿਤ ਨਾਜ਼ੀ ਲੈ ਗਏ, ਬਾਕੀ ਬਚਦਾ ਰੂਸੀ। ਫੈਸਲਾ ਸੀ ਤਾਂ ਖਤਰਨਾਕ ਪਰ ਦੋਰਾ ਫੈਸਲੇ ਲੈ ਸਕਦੀ ਸੀ। ਉਸਨੇ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ– ਜਰਮਨੀ ਵਿਚ ਕਾਫਕਾ ਸਾਹਿਤ ਉਤੇ ਪਾਬੰਦੀ ਹੈ। ਮੈਂ ਲਿਨਾਰੀ ਨੂੰ ਉਹ ਕਿਤਾਬਾਂ ਦੇ ਦਿਤੀਆਂ ਜਿਹੜੀਆਂ ਅਜੇ ਛਪੀਆਂ ਨਹੀਂ। ਸਾਰਾ ਸੰਸਾਰ ਜਾਣਦਾ ਹੈ ਇਹ ਲਿਖਤਾਂ ਅਣਮੋਲ ਹਨ, ਲਿਨਾਰੀ ਕੋਲੋਂ ਜੋ ਕਿਤਾਬਾਂ ਤੁਸੀ ਜ਼ਬਤ ਕੀਤੀਆਂ, ਮੈਨੂੰ ਵਾਪਸ ਕਰ ਦਿਉ ਤਾਂ ਤੁਹਾਡੀ ਕੇਵਲ ਮੈਂ ਨਹੀਂ ਦੁਨੀਆਂ ਸ਼ੁਕਰਗੁਜ਼ਾਰ ਹੋਵੇਗੀ। ਦੋਰਾ ਨੂੰ ਨਾ ਖਤ ਦਾ ਜਵਾਬ ਮਿਲਿਆ ਨਾ ਕਿਤਾਬਾਂ। ਮੇਰੀਆਨਾ ਆਸ ਤੋਂ ਉਲਟ ਚੌਥਾ ਜਨਮ ਦਿਨ ਮਨਾਣ ਤੱਕ ਜੀਵੀ ਗਈ, ਵਾਲ ਮੁੜ ਉਗਣੇ ਸ਼ੁਰੂ ਹੋ ਗਏ। 26 ਮਈ ਨੂੰ ਰਸਮੀ ਤੌਰ ਤੇ ਲੁੱਜ਼ ਉਪਰ ਜਸੂਸੀ ਕਰਨ ਦਾ ਦੋਸ਼ ਲੱਗ ਗਿਆ, ਮਹੀਨਿਆਂ ਤੱਕ ਉਸ ਦੀ ਮਾਂ ਬਰਟਾ ਨੂੰ ਵੀ ਪਤਾ ਨਾ ਲੱਗਾ ਕਿਥੇ ਲੈ ਗਏ। ਲੁੱਜ਼ ਸੋਚਦਾ ਰਿਹਾ ਕਿ ਅਦਾਲਤ ਵਿਚ ਜਾ ਕੇ ਆਪਣੇ ਨਿਰਦੋਸ਼ ਹੋਣ ਦੇ ਸਬੂਤ ਦਿਆਂਗਾ ਤਾਂ ਰਿਹਾਈ ਹੋ ਜਾਵੇਗੀ। ਅਦਾਲਤ ਸਾਹਮਣੇ ਪੇਸ਼ੀ ਨਹੀਂ ਹੋਈ, ਪੁਲਸ ਮਹਿਕਮੇ ਨੇ ਪੰਜ ਸਾਲ ਬਾਮੁਸ਼ੱਕਦ ਕੈਦ ਦੀ ਸਜ਼ਾ ਸੁਣਾ ਦਿਤੀ, ਪੂਰਬੀ ਸਾਇਬੇਰੀਆ ਭੇਜ ਦਿਤਾ ਗਿਆ। ਦੋਰਾ ਨੇ ਮੁੜ ਉਸਦੀ ਸ਼ਕਲ ਕਦੀ ਨਹੀਂ ਦੇਖੀ।

1938 ਵਿਚ ਧੀ ਸਮੇਤ ਦੋਰਾ ਰੂਸ ਵਿਚੋਂ ਭੱਜ ਨਿਕਲਣ ਵਿਚ ਕਿਵੇਂ ਕਾਮਯਾਬ ਹੋਈ, ਇਸ ਭੇਦ ਦਾ ਕਿਸੇ ਨੂੰ ਪਤਾ ਨਹੀਂ। ਬਸ ਏਨਾ ਜ਼ਰੂਰ ਹੈ, ਉਸ ਨੇ ਉਹ ਕਰ ਦਿਤਾ ਜੋ ਹੋ ਨਹੀਂ ਸਕਦਾ, ਪਾਵਲ ਲਿਖਦਾ ਹੈ "ਬੱਚੀ ਨੂੰ ਰਾਜ਼ੀ ਕਰ ਲੈਣਾ ਚਮਤਕਾਰ ਹੈ, ਇਸਤੋਂ ਵੀ ਵੱਡਾ ਚਮਤਕਾਰ ਹੈ ਪੋਲਿਸ਼ ਕੁੜੀ, ਕੈਦੀ ਦੀ ਪਤਨੀ ਦਾ ਸਟਾਲਿਨ ਦੀ ਲੋਹ-ਕੰਧ ਟੱਪ ਕੇ ਨਿਕਲ ਜਾਣਾ, ਇਨ੍ਹਾਂ ਨੂੰ ਤਾਸਕੀ ਦੇ ਮੁਰੀਦ ਆਖਕੇ ਗੋਲੀ ਦਾਗਣੀ ਸੀ ਤੇ ਬਸ ਕੰਮ ਫਤਿਹ। ਜੋ ਦੋਰਾ ਨੇ ਕੀਤਾ ਉਹ ਦੋਰਾ ਹੀ ਕਰਸਕਦੀ ਸੀ।

ਸਟਾਲਿਨੀ ਆਤੰਕ ਦੇ ਸ਼ਿਕਾਰ ਵਿਦੇਸ਼ੀਆਂ ਉਪਰ ਰੇਨਰ ਬਾਰਥ ਵੱਡੀ ਅਥਾਰਟੀ ਹੈ, ਉਹ ਅੰਦਾਜ਼ਾ ਲਾਉਂਦਾ ਹੈ ਕਿ ਜਿਹੜੇ ਵਿਦੇਸ਼ੀ ਰੂਸ ਵਿਚੋਂ ਵਾਪਸ ਦੇਸ ਜਾਣਾ ਚਾਹੁੰਦੇ, ਸਰਕਾਰ ਇਹ ਵਾਅਦਾ ਲੈ ਕੇ, ਕਿ ਉਥੇ ਜਾ ਕੇ ਰੂਸ ਵਾਸਤੇ ਜਸੂਸੀ ਕਰੋਗੇ, ਭੇਜ ਦਿਤੇ ਜਾਂਦੇ ਸਨ, ਕਿਉਂਕਿ ਵਿਦੇਸ਼ਾ ਵਿਚ ਏਜੰਟਾਂ ਦੀ ਘਾਟ ਸੀ। ਇਸ ਨੂੰ ਜਸੂਸੀ ਕਰਨਾ ਨਹੀਂ, *ਪਾਰਟੀ ਦੇ ਖਾਸ ਕੰਮ ਕਰਨਾ* ਕਿਹਾ ਜਾਂਦਾ ਸੀ, ਆਪਣੀ ਧੀ ਨੂੰ ਬਚਾਉਣ ਵਾਸਤੇ ਉਹ ਅਜਿਹਾ ਕਰ ਸਕਦੀ ਸੀ। ਜਿਨ੍ਹਾਂ ਦੇ ਪਤੀ ਕੈਦ ਹੋ ਜਾਂਦੇ ਸਨ, ਉਨਾਂ ਦੀਆਂ ਪਤਨੀਆਂ ਅਤੇ ਬੱਚੇ ਜਾ ਤਾਂ ਭੁੱਖ ਨਾਲ ਮਰ ਜਾਂਦੇ ਸਨ ਜਾਂ ਸਟਾਲਿਨ ਦੀ ਸਰਕਾਰ ਜਰਮਨ ਗੈਸਟਾਪੋ ਨੂੰ ਸੌਂਪ ਦਿੰਦੀ, ਉਹ ਮਾਰ ਦਿੰਦੇ। ਪਰ ਦੋਰਾ ਦੇ ਕੇਸ ਵਿਚ ਇਹ ਸਭ ਅੰਦਾਜ਼ੇ ਹਨ, ਪਕਾ ਪਤਾ ਕਿਸੇ ਨੂੰ ਨਹੀਂ ਕੀ ਹੋਇਆ।

ਸਟੀਮਰ ਰਾਹੀਂ ਕਾਲਾ ਸਾਗਰ ਪਾਰ ਕਰਕੇ ਇਸਤੰਬੂਲ ਪੁੱਜੀ। ਫਿਰ ਰੇਲ ਰਾਹੀਂ ਬੁਲਗਾਰੀਆ, ਯੂਗੋਸਲਾਵੀਆ ਤੋਂ ਇਟਲੀ ਹੁੰਦੀ ਹੋਈ ਸਵਿਸ ਬਾਰਡਰ ਲੁਗਾਨੋ ਤੇ ਪੁੱਜੀ, ਸਵਿਟਜ਼ਰਲੈਂਡ ਨੇ ਉਸ ਨੂੰ ਬਾਰਡਰ ਪਾਰ ਕਰਨ ਦੀ ਆਗਿਆ ਨਾ ਦਿੱਤੀ। ਇਥੋਂ ਉਸਨੇ ਹਾਲੈਂਡ ਜਾਣ ਦਾ ਫੈਸਲਾ ਕੀਤਾ ਜਿਥੇ ਨਣਦ ਨਣਦੋਈਆ ਰਹਿੰਦੇ ਸਨ। ਇਸ ਸਫਰ ਦਾ ਖਰਚਾ ਕਿਥੋਂ ਆਇਆ, ਕੋਈ ਨਹੀਂ ਜਾਣਦਾ। ਰੂਥ ਲਾਸਕ ਆਪਣੀ ਭਰਜਾਈ ਅਤੇ ਭਤੀਜੀ ਨੂੰ ਦੇਖਕੇ ਬੇਅੰਤ ਖੁਸ਼ ਹੋਈ। ਭਤੀਜੀ ਤਾਂ ਪਹਿਲੀ ਵਾਰ ਦੇਖੀ, ਉਸਦੇ ਜਨਮ ਤੋਂ ਪਹਿਲੋਂ ਇਹ

ਜਰਮਨੀ ਛੱਡ ਚੁੱਕੀ ਸੀ, ਦੋਰਾ ਨੇ ਛੋਟੇ ਭਰਾ ਦੇ ਕਤਲ ਅਤੇ ਪਤੀ ਨੂੰ ਕੈਦ ਦੀਆਂ ਉਦਾਸ ਖਬਰਾਂ ਦਿਤੀਆਂ, ਰੂਥ ਨੇ ਕਿਹਾ- ਮੈਨੂੰ ਤਾਂ ਲਗਦਾ ਸੀ ਮੈਂ ਹੁਣ ਕਿਸੇ ਨੂੰ ਕਦੀ ਨਹੀਂ ਦੇਖ ਸਕਾਂਗੀ ਪਰ ਦੇਖ ਤੂੰ ਆ ਗਈ। ਭਤੀਜੀ ਆ ਗਈ।

ਦੋਰਾ ਨੇ ਕਿਹਾ- ਜੇ ਧੀ ਦਾ ਇਥੇ ਇਲਾਜ ਨਾ ਹੋਇਆ ਫੇਰ ਮੈਂ ਇਹਨੂੰ ਇੰਗਲੈਂਡ ਲੈ ਜਾਵਾਂਗੀ। ਦੁਨੀਆਂ ਦੇ ਸਭ ਤੋਂ ਵਧੀਆ ਡਾਕਟਰ ਉਥੇ ਨੇ। ਰੂਥ ਨੇ ਕਿਹਾ- ਹਾਂ, ਲੰਡਨ ਦੇ ਪੂਰਬ ਵਿਚ ਯਹੂਦੀ ਬਸਤੀਆਂ ਨੇ, ਉਥੇ ਉਜੜੇ ਲੋਕਾਂ ਵਾਸਤੇ ਰਾਹਤ ਕੈਂਪ ਵੀ ਨੇ।ਜਰਮਨ ਧਮਕੀਆਂ ਦੇ ਰਿਹਾ ਸੀ, ਦੋਰਾ ਸੋਚਣ ਲੱਗੀ ਜੇ ਇੰਗਲੈਂਡ ਵਿਰੁੱਧ ਜਰਮਨੀ ਨੇ ਯੁੱਧ ਛੇੜ ਦਿੱਤਾ, ਫਿਰ ਬਾਰਡਰ ਸੀਲ ਹੋ ਜਾਵੇਗਾ, ਫਿਰ ਮੈਂ ਕਿਵੇਂ ਜਾ ਸਕਾਂਗੀ ? ਫਿਰ ਤਾਂ ਇਥੇ ਫਸ ਜਾਵਾਂਗੀ। ਕੁੱਝ ਦਿਨ ਆਰਾਮ ਕਰਕੇ ਦੋਰਾ ਧੀ ਸਮੇਤ ਲੰਦਨ ਵੱਲ ਰਵਾਨਾ ਹੋ ਗਈ। ਚਾਰ ਘੰਟਿਆਂ ਦਾ ਸਮੁੰਦਰੀ ਸਫਰ ਮੁਕਾਕੇ ਬਾਰਡਰ ਪੁੱਜੀ ਤਾਂ ਦਾਖਲੇ ਤੋਂ ਇਨਕਾਰ । ਇੰਗਲੈਂਡ ਇਕ ਜਰਮਨ ਨੂੰ ਕਿਉਂ ਵੜਨ ਦੇਵੇ? ਵਾਪਸ ਨਣਦ ਦੇ ਘਰ ਪਰਤ ਆਈ।

ਜਦੋਂ ਚੈਕੋਸਲਵਾਕੀਆ ਉਪਰ ਜਰਮਨੀ ਨੇ ਹਮਲਾ ਕਰ ਦਿਤਾ, ਮੈਕਸਬਰੋਦ ਤਲ-ਅਵੀਵ ਨੂੰ ਜਾਣ ਵਾਲੇ ਸਮੁੰਦਰੀ ਜਹਾਜ ਵਿਚ ਬੈਠ ਗਿਆ। ਉਸਦੇ ਹੱਥ ਵਿਚ ਇਕ ਅਟੈਚੀ ਕੇਸ ਸੀ ਜਿਸ ਵਿਚ ਕਾਫਕਾ ਦੀਆਂ ਅਣਛਪੀਆਂ ਲਿਖਤਾਂ ਸਨ। ਚੈਕੋਸਲਵਾਕੀਆ ਬਾਰਡਰ ਤੋਂ ਤੁਰਨ ਵਾਲਾ ਇਹ ਆਖਰੀ ਜਹਾਜ਼ ਸੀ। ਸਾਲ 1937 ਵਿਚ ਬਰੋਦ ਨੇ ਕਾਫਕਾ ਦੀ ਜੀਵਨੀ ਛਪਵਾਈ ਸੀ ਜੋ ਦੋਰਾ ਨੇ ਨਹੀਂ ਪੜ੍ਹੀ ਸੀ। ਹੁਣ ਯੋਰਪ ਆਕੇ ਪੜ੍ਹੀ। ਇਕ ਅਧਿਆਏ ਤਾਂ ਹੈ ਹੀ ਦੋਰਾ ਉਪਰ। ਉਹ ਤਾਂ ਬਰੋਦ ਨੂੰ ਸਮਝ ਹੀ ਨਹੀਂ ਸਕੀ। ਲੜ ਪੈਂਦੀ ਸੀ, ਝੂਠ ਬੋਲਕੇ ਕਾਫਕਾ ਦੀਆਂ ਲਿਖਤਾਂ ਜਾਇਆ ਕਰੀਆਂ, ਮੈਕਸ ਨੂੰ ਦੇ ਦਿੰਦੀ। ਬਰੋਦ ਵਾਸਤੇ ਕਾਫਕਾ ਅਤੇ ਦੋਰਾ ਇਕੋ ਚੀਜ਼ ਦੇ ਦੋ ਨਾਮ ਹਨ। ਇਕ ਵਾਕ- *ਸੈਨੇਟੋਰੀਅਮ ਵਿਚੋਂ ਵੀਆਨਾ ਇਲਾਜ ਵਾਸਤੇ ਬਿਮਾਰ ਕਾਫਕਾ ਲਈ ਜਿਹੜੀ ਟੈਕਸੀ ਮਿਲੀ ਉਸ ਦੀ ਛੱਤ ਨਹੀਂ ਸੀ, ਮੀਂਹ ਪੈ ਰਿਹਾ ਸੀ, ਝੱਖੜ ਝੁੱਲ ਰਿਹਾ ਸੀ, ਕਿਤੇ ਠੰਢ ਨਾ ਲੱਗ ਜਾਵੇ, ਖੁੱਲ੍ਹੀ ਜੀਪ ਵਿਚ ਆਪ ਦੋਰਾ ਖੜੀ ਹੋ ਗਈ, ਆਪਣੇ ਪਿਛੇ ਕਾਫਕਾ ਨੂੰ ਬਿਠਾ ਦਿਤਾ, ਕੁਝ ਕੁ ਹਵਾ ਤਾ ਰੁਕੇ।* ਪੜ੍ਹਕੇ ਰੋ ਪਈ।

ਬਰੋਦ ਨੇ ਲਿਖ ਦਿਤਾ ਸੀ ਕਿ ਜਦੋਂ ਉਹ ਕਾਫਕਾ ਨੂੰ ਪਹਿਲੀ ਵਾਰ ਮਿਲੀ, 19 ਸਾਲ ਦੀ ਸੀ, ਦਰਅਸਲ ਉਹ ਉਦੋਂ 25 ਸਾਲ ਦੀ ਸੀ, ਬਰੋਦ ਨੇ 6 ਸਾਲ ਕੱਟ ਦਿਤੇ। ਦੋਰਾ ਨੇ ਵੀ ਆਪਣੀ ਉਮਰ ਵਿਚੋਂ 6 ਸਾਲ ਕੱਟ ਦਿਤੇ। ਸਾਰੀ ਦੁਨੀਆਂ ਨੇ ਬਰੋਦ ਦੀ ਗੱਲ ਸਹੀ ਮੰਨ ਲਈ।

ਪੰਜ ਵਾਰ ਇੰਗਲੈਂਡ ਦੀ ਹੱਦ ਤੋਂ ਨਿਰਾਸ ਵਾਪਸ ਪਰਤੀ, ਫਿਰ ਉਸਨੇ ਆਖਰੀ ਅਰਜੀ ਆਪਣੀ ਧੀ ਦਾ ਵਾਸਤਾ ਪਾ ਕੇ ਇਹ ਕੀਤੀ ਕਿ ਉਸ ਦਾ ਇਕ ਰਿਸ਼ਤੇਦਾਰ ਹੇਗ ਵਿਚ ਰਹਿੰਦਾ ਹੈ। ਫੋਨ ਕਰਕੇ ਬੁਲਾ ਲਉ। ਮੈਨੂੰ ਨਾ ਜਾਣ ਕਿਉ, ਮੇਰੀ ਬਿਮਾਰ ਧੀ ਨੂੰ ਤਾਂ ਇਲਾਜ ਵਾਸਤੇ ਲੈ ਜਾਵੇ। ਅਫਸਰ ਮੰਨ ਗਿਆ। ਮੇਰੀਆਨਾ ਚਲੀ ਗਈ ਤੇ ਦੋਰਾ ਵਾਪਸ ਪਰਤ ਆਈ, ਤਿੰਨ ਹੋਰ ਕੋਸ਼ਿਸ਼ਾਂ ਕੀਤੀਆਂ, ਤੀਜੀ ਕੋਸ਼ਿਸ਼ ਵਕਤ ਆਗਿਆ ਮਿਲ ਗਈ। ਦੋ ਮਹੀਨੇ ਦੀ ਆਰਜ਼ੀ ਮਨਜੂਰੀ, ਮਨਜ਼ੂਰੀ ਹੋਰ ਵਧਾਉਣ ਵਾਸਤੇ ਜੁਟ ਗਈ, ਛੇ ਮਹੀਨੇ ਹੋਰ ਮਿਲੇ।

ਧੀ ਅਜੇ ਸਫਰ ਜੋਗੀ ਨਹੀਂ ਸੀ, ਕਮਜ਼ੋਰ ਸੀ, ਪਰ ਖਬਰਾਂ ਦੱਸ ਰਹੀਆਂ ਸਨ ਕਿ ਜਰਮਨ, ਪੋਲੈਂਡ ਉਪਰ ਹਮਲਾ ਕਰਨ ਵਾਲਾ ਹੈ। ਜਿਵੇਂ ਵੀ ਹੋਵੇ, ਜਲਦੀ ਨਿਕਲੀਏ। ਬਿਮਾਰ ਧੀ ਸਮੇਤ ਇੰਗਲੈਂਡ ਅੰਦਰ ਲੰਘ ਆਈ, ਇਕ ਹਫਤੇ ਬਾਦ ਪੋਲੈਂਡ ਤੇ ਹੱਲਾ ਹੋ ਗਿਆ, ਸੰਸਾਰ ਯੁੱਧ ਸ਼ੁਰੂ, ਦੁਨੀਆਂ ਭਰ ਦੇ ਬਾਰਡਰ ਸੀਲ, ਦੋਰਾ ਦੇ ਪਿਤਾ ਹਰਸ਼ਲ ਦਾਇਮੰਤ ਦੀ 1938 ਵਿਚ ਮੌਤ ਹੋ ਗਈ ਸੀ, ਸੋ ਪਰਿਵਾਰ ਦੇ ਸੰਕਟਾਂ ਤੋਂ ਬੇਖਬਰ ਖੁਸ਼ਕਿਸਮਤ ਰਿਹਾ। ਪਹਿਲਾ ਘੇਰਾ ਜਰਮਨਾ ਨੇ ਦੋਰਾ ਦੇ ਪੇਕੇ ਬੈਦਜ਼ਿਨ ਸ਼ਹਿਰ ਨੂੰ ਪਾਇਆ, ਵੱਡੀ ਗਿਣਤੀ ਵਿਚ ਯਹੂਦੀ ਆਪਣੇ ਮੰਦਰ (ਸਿਨੇਗਾਗ) ਵਿਚ ਪ੍ਰਾਰਥਨਾ ਕਰਨ ਵਾਸਤੇ ਚਲੇ ਗਏ। ਸਤੰਬਰ 9,
ਅੱਧੀ ਰਾਤ ਪੈਟਰੋਲ ਦੇ ਪੀਪੇ ਪਾਕੇ ਅੱਗ ਲਾ ਦਿਤੀ। ਸਭ ਸੜ ਕੇ ਸੁਆਹ, ਆਲੇ ਦੁਆਲੇ ਦੇ 50 ਘਰ ਨਾਲ ਦੀ ਨਾਲ ਤਬਾਹ, 27 ਹਜ਼ਾਰ ਯਹੂਦੀ ਇਸ ਸ਼ਹਿਰ ਵਿਚ ਵਸਦੇ ਸਨ। ਇਕੱਠੇ ਕਰਕੇ ਇਕ ਕੌਸਲ ਬਣਾ ਦਿਤੀ ਜਿਸ ਦੇ ਮੁਖੀ ਯਹੂਦੀ ਬਣਾਏ, ਕਿਹਾ ਗਿਆ ਕਿ ਕਿਸੇ ਦਾ ਨੁਕਸਾਨ ਨਹੀਂ ਕਰਾਂਗੇ। ਸਭ ਨੂੰ ਵਾਰੀ ਸਿਰ ਕੰਮ ਦਿਆਂਗੇ। ਬੇਸ਼ਕ ਕੰਮ ਜਰਮਨ ਤਸੀਹਾ ਕੇਂਦਰਾਂ ਦੀ ਸੇਵਾ ਕਰਨ ਦਾ ਹੋਵੇਗਾ ਪਰ ਤਨਖਾਹ ਮਿਲੇਗੀ ਤੇ ਜਾਨ ਬਚੇਗੀ। ਕਤਾਰਾਂ ਵਿਚ ਖਲਾਰ ਕੇ ਪਹਿਲੋਂ ਜੁਆਨ ਸੁਣੱਖੇ ਸਿਹਤਮੰਦ ਮੁੰਡੇ ਕੁੜੀਆਂ ਨੂੰ ਚੁਣਿਆਂ ਜਾਂਦਾ ਤੇ ਕੰਮ ਤੇ ਲੈ ਜਾਂਦੇ। ਦੋਰਾ ਦੀ 17 ਸਾਲਾ ਭੈਣ ਸਾਰਾ ਚੁਣੀ ਗਈ, ਸਾਰਾ ਦਾ ਮੁੜ ਕੇ ਪਤਾ ਨਹੀਂ ਲੱਗਾ ਕਿਧਰ ਗਈ।

ਇੰਗਲੈਂਡ ਵਿਚ ਰਹਿੰਦੇ ਪਰਦੇਸੀਆਂ ਦੀਆਂ ਲਿਸਟਾ ਬਣੀਆਂ, ਏ,ਬੀ,ਸੀ ਕਲਾਸਾਂ ਵਿਚ ਵੰਡੇ ਗਏ, ਏ ਕਲਾਸ ਖਤਰਨਾਕ ਦੁਸ਼ਮਣ, ਨਜ਼ਰਬੰਦ ਕਰੋ, ਬੀ ਕਲਾਸ ਉਨ੍ਹਾਂ ਦੇ ਹਮਦਰਦ ਘੱਟ ਖਤਰਨਾਕ, ਪੁਲਸ ਨੂੰ ਦੱਸੇ

www.punjabilibrary.com

ਬਗੈਰ ਰਿਹਾਇਸ਼ ਤੋਂ ਪੰਜ ਮੀਲ ਤੋਂ ਦੂਰ ਨਾ ਜਾਣ, ਕੈਮਰਾ, ਦੂਰਬੀਨ, ਨਕਸ਼ਾ ਰੱਖਣ ਦੀ ਮਨਾਹੀ, ਤੇ ਸੀ ਕਲਾਸ ਲੋਕ ਨਾਜ਼ੀਆਂ ਤੋਂ ਪੀੜਤ ਸਰਣਾਰਥੀ ਹਨ, ਨੁਕਸਾਨਦਾਇਕ ਨਹੀਂ, ਰਹਿਣ ਦਿਉ। ਜਨਵਰੀ 1940 ਨੂੰ ਦੋਰਾ ਨੂੰ ਬੀ ਕਲਾਸ ਮਿਲੀ। ਦੋਰਾ ਦੀ ਨਣਦ ਨੇ 15 ਅਪੈਲ ਨੂੰ ਅਮਰੀਕਾ ਵਿਚ ਪਨਾਹ ਲਈ।

ਜਰਮਨ ਨੇ ਜਿਸ ਦਿਨ ਹਾਲੈਂਡ ਤੇ ਹੱਲਾ ਬੋਲਿਆ, ਪ੍ਰਧਾਨ-ਮੰਤਰੀ ਚਮਰਲੇਨ ਨੇ ਅਸਤੀਫਾ ਦੇ ਦਿਤਾ, ਚਰਚਲ ਨੇ ਕਮਾਨ ਸੰਭਾਲ ਲਈ, ਪਾਰਲੀਮੈਂਟ ਵਿਚ ਸਵਾਲ ਉਠਿਆ ਕਿ 70 ਹਜ਼ਾਰ ਜਰਮਨ ਆਸਟਰੀਅਨ ਰਫੂਜੀਆਂ ਦਾ ਕੀ ਕਰੀਏ? ਫੈਸਲਾ ਹੋਇਆ ਕਿ 16 ਤੋਂ 60 ਸਾਲ ਦੇ ਬੀ ਕਲਾਸ ਮਰਦ ਰਫੂਜੀਆਂ ਨੂੰ ਕੰਡਿਆਲੀ ਤਾਰ ਅੰਦਰ ਰੱਖੋ। ਇਕ ਸਾਂਸਦ ਨੇ ਕਿਹਾ- ਔਰਤਾਂ ਨੂੰ ਕਿਉਂ ਨਹੀਂ? ਔਰਤਾਂ ਮਰਦਾਂ ਤੋਂ ਵਧੀਕ ਖਤਰਨਾਕ ਜਸੂਸ ਹੁੰਦੀਆਂ ਹਨ। ਠੀਕ ਹੈ, ਔਰਤਾਂ ਵੀ ਨਜ਼ਰਬੰਦ, ਦੋਰਾ ਇਨ੍ਹਾਂ ਵਿਚੋਂ ਇਕ। ਆਕਸਫੋਰਡ ਵਰਗੀ ਦਰਿਆ ਦਿਲ ਯੂਨੀਵਰਸਿਟੀ ਦਾ ਬਿਆਨ ਛਪਿਆ, *ਸਾਰੇ ਵਿਦੇਸ਼ੀ ਮੁਸੀਬਤ ਦੀ ਜੜ ਹਨ, ਨਜ਼ਰਬੰਦ ਕੀਤੇ ਜਾਣ।*

ਪੁਲਸ ਨੇ ਦੋਰਾ ਦਾ ਦਰਵਾਜਾ ਖੜਕਾਇਆ ਤੇ ਚੱਲਣ ਦਾ ਇਸ਼ਾਰਾ ਕੀਤਾ। ਦੋਰਾ ਨੇ ਫਟਾਫਟ ਧੀ ਦੇ ਕੱਪੜੇ ਅਟੈਚੀ ਵਿਚ ਤੁੰਨੇ ਤੇ ਕਾਫਕਾ ਦਾ ਬਰੱਸ਼ ਪਰਸ ਵਿਚ ਪਾਕੇ ਪੁਲਸ ਨਾਲ ਚੱਲ ਪਈ, ਉਤਰੀ ਲੰਦਨ ਦੀ ਹੋਲਵੇ ਜੇਲ ਵਿਚ ਬੰਦ ਕਰ ਦਿਤੀਆਂ।

ਪਹਿਲੇ ਦਿਨ ਖਾਣ ਵਾਸਤੇ ਬਸ ਚਾਹ ਅਤੇ ਬਿਸਕੁਟ ਮਿਲੇ। ਦੋਰਾ ਨੇ ਧੀ ਦੇ ਗੁਰਦੇ ਫੇਲ੍ਹ ਹੋਣ ਦਾ ਡਰ ਦੱਸ ਕੇ ਤਾਜ਼ਾ ਪਾਣੀ ਅਤੇ ਸਬਜ਼ੀ ਮੰਗੀ, ਕੋਈ ਅਸਰ ਨਹੀਂ। ਹਿਟਲਰ ਅਤੇ ਸਟਾਲਿਨ ਦੇ ਕਹਿਰ ਤੋਂ ਬਚ ਕੇ ਇੰਗਲੈਂਡ ਗਈ ਦੋਰਾ ਨਾਲ ਇਹ ਬੀਤੀ। ਦੋ ਦਿਨਾ ਬਾਦ ਬੱਸਾਂ ਵਿਚ ਲੱਦ ਕੇ ਕੈਦੀਆਂ ਨੂੰ ਲਿਵਰਪੂਲ ਲਿਜਾਇਆ ਗਿਆ, ਰਾਹ ਵਿਚ ਖਲੋਤੇ ਦਰਸ਼ਕ ਇਨ੍ਹਾਂ ਨੂੰ ਗਾਲਾਂ ਦਿੰਦੇ, ਅੰਡੇ ਸੁੱਟ ਕੇ ਅਪਮਾਨਿਤ ਕਰਦੇ, ਦੋਰਾ ਅਤੇ ਧੀ ਨੂੰ ਸੀਟ ਨਹੀਂ ਮਿਲੀ, ਖਲੋਤੀਆਂ ਸਨ ਕਿ ਇਕ ਪਰੇ ਬੈਠੀ ਔਰਤ ਨੇ ਕਮਜੋਰ ਕੁੜੀ ਨੂੰ ਬੁਲਾਉਣ ਦਾ ਇਸ਼ਾਰਾ ਕੀਤਾ, ਮੇਰੀਆਨਾ ਮਾਂ ਵੱਲ ਝਾਕੀ, ਮਾਂ ਨੇ ਆਗਿਆ ਦਿਤੀ ਤਾਂ ਬੈਠੀ ਔਰਤ ਨੇ ਗੋਦ ਵਿਚ ਬਿਠਾ ਲਈ। ਇਸ ਬੀਬੀ ਦਾ ਨਾਮ ਜੋਹੱਨਾ ਸੀ। ਦੋਰਾ ਇਸ ਨੂੰ ਹੈਂਨੀ ਕਹਿ ਕੇ ਬੁਲਾਉਂਦੀ। ਇਸ ਮਾਮੂਲੀ ਘਟਨਾ ਸਦਕਾ ਦੋਰਾ ਨਾਲ ਉਮਰ ਭਰ ਦੀ ਦੋਸਤੀ ਦਾ ਮੁੱਢ ਬੱਝ ਗਿਆ। 24 ਸਾਲਾ ਹੈਨੀ, ਗਾਉਂਦੀ ਸੀ, ਦੋ ਮਹੀਨੇ ਪਹਿਲਾਂ ਯਹੂਦੀ ਸੰਗੀਤਕਾਰ ਪਾਲ ਨਾਲ ਵਿਆਹ ਹੋਇਆ ਸੀ, ਲਿਵਰਪੂਲ ਤੋਂ ਜਹਾਜ਼ ਵਿਚ ਚਾੜ੍ਹ ਕੇ ਇਨ੍ਹਾਂ ਤਿੰਨ ਹਜਾਰ ਔਰਤਾਂ ਤੇ ਬੱਚਿਆਂ ਨੂੰ *ਆਈਲ ਆਫ ਮੈਨ* ਨਾਮ ਦੇ ਟਾਪੂ ਉਪਰ ਉਤਾਰ ਦਿੱਤਾ, ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਿਚਕਾਰ 33ਗੁਣਾ 12 ਵਰਗ ਮੀਲ ਦਾ ਇਹ ਟਾਪੂ ਅਨੇਕ ਕਹਾਣੀਆਂ ਵਿਚ ਘਿਰਿਆ ਹੋਇਆ ਹੈ। ਕਦੀ ਇਹ ਚੰਗੀ ਸੈਰਗਾਹ ਹੁੰਦੀ ਸੀ, ਅੱਜ ਇਹ ਜੇਲ੍ਹ ਹੈ। ਹੈਨੀ ਇਥੇ ਨੇੜੇ ਨਜ਼ਰਬੰਦ ਸੀ, ਅਕਸਰ ਮਿਲਣ ਆਉਂਦੀ। ਦੋਰਾ ਦੀ ਛੇ ਸਾਲਾ ਧੀ ਬਾਰੇ ਡਾਇਰੀ ਵਿਚ ਲਿਖਿਆ- *ਮੇਰੀਆਨਾ ਜਮਾਦਰੂ ਕਲਾਕਾਰ ਹੈ। ਗੰਭੀਰਤਾ ਅਤੇ ਹਾਸਰਸ ਉਸ ਦੇ ਹੋਠਾਂ ਤੇ ਮਿਲੇ ਜੁਲੇ ਥਰਕਦੇ ਰਹਿੰਦੇ ਹਨ, ਪੂਰੀ ਮੌਲਿਕ ਅਦਾਕਾਰ।*

ਬੈਲਜੀਅਮ, ਨਾਰਵੇ ਅਤੇ ਫਰਾਂਸ ਨੇ ਜਰਮਨਾ ਅਗੇ ਹਾਰ ਮੰਨ ਲਈ। ਪੈਰਿਸ ਦੀ ਲੁੱਟ ਦਾ ਜਾਇਕਾ ਲੈਣ ਲਈ ਮਸੋਲੀਨੀ ਦੀਆਂ ਇਟਾਲੀਅਨ ਫੌਜਾਂ ਆ ਵੜੀਆਂ। ਪੈਰਿਸ ਧੂੰਏਂ ਦਾ ਪਹਾੜ ਲਗਦਾ ਸੀ, ਹੈਨੀ ਅਤੇ ਦੋਰਾ ਸਵੇਰ ਸ਼ਾਮ ਯਹੂਦੀ ਪ੍ਰਾਰਥਨਾਵਾਂ ਕਰਦੀਆਂ, ਫਿਰ ਇਕ ਦੂਜੀ ਨੂੰ ਪੁਛਦੀਆਂ- ਜੇ ਇੰਗਲੈਂਡ ਵੀ ਹਾਰ ਗਿਆ, ਫੇਰ ਆਪਣਾ ਕੀ ਬਣੂ ? ਬਰਤਾਨੀਆਂ ਦੀਆਂ ਕੈਦਣਾ ਬਰਤਾਨੀਆਂ ਦੀ ਖੈਰ ਮੰਗਦੀਆਂ। ਇੰਗਲੈਂਡ ਦੀ ਹਾਰ ਦਾ ਅਰਥ ਤਸੀਹਾ ਕੇਂਦਰ... ਤਸੀਹਾ ਕੇਂਦਰ ਦਾ ਅਰਥ ਗੈਸ ਚੈਂਬਰਾਂ ਵਿਚ ਵਿਆਪਕ ਮੌਤ।

ਹੈਨੀ ਨੇ ਸਮਾਂ ਲੰਘਾਉਣ ਵਾਸਤੇ ਡਾਇਰੀ ਲਿਖਣੀ ਸ਼ੁਰੂ ਕਰ ਦਿਤੀ, ਲਿਖਿਆ, *ਦੋਰਾ ਕਾਫਕਾ ਹੈ ... ਤਾਂ ਸਭ ਕੁਝ ਹੈ।*

ਦੋਰਾ ਦਾ ਫੈਸਲਾ ਸੀ ਕਿ ਰੂਸ ਅਤੇ ਇੰਗਲੈਂਡ ਵਿਚ ਬਿਤਾਈ ਅਉਧ ਬਾਰੇ ਕੁਝ ਨਹੀਂ ਦੱਸੇਗੀ, ਕੁਝ ਨਹੀਂ ਲਿਖੇਗੀ। ਹੈਨੀ ਲਿਖਦੀ ਹੈ- *ਕਾਫਕਾ ਨੂੰ ਮਰਿਆਂ 16 ਸਾਲ ਹੋ ਗਏ ਨੇ, ਇਹ ਉਹਦੀਆਂ ਗੱਲਾਂ ਇਉ ਕਰਦੀ ਹੈ ਜਿਵੇਂ ਉਹ ਜਿਉਂਦਾ ਹੈ, ਜਿਵੇਂ ਉਹ ਸੋਚਦਾ ਸੀ ਬੰਦਾ ਅਜਿਹਾ ਹੋਣਾ ਚਾਹੀਦਾ ਹੈ, ਇਹ ਉਹੋ ਜਿਹੀ ਬਣਨਾ ਚਾਹੁੰਦੀ ਹੈ, ਜੋ ਸਹੀ ਹੈ, ਜੋ ਪਵਿਤਰ ਹੈ, ਜੋ ਰੂਹਾਨੀ ਹੈ, ਉਸ ਨੂੰ ਪਿਆਰ ਕਰ, ਪਿਆਰ ਅਤੇ ਮੌਤ ਇਕੋ ਚੀਜ਼ ਦੇ ਦੋ ਨਾਮ ਹਨ।*

ਇਸ ਟਾਪੂ ਉਪਰ ਆਲੀਸ਼ਾਨ ਹੋਟਲ ਸਨ। ਜਿਹੜੇ ਕੈਦੀਆਂ ਕੋਲ ਪੈਸਾ ਸੀ, ਉਹਨਾ ਨੂੰ ਸਭ ਕੁਝ ਮਿਲਦਾ, ਦੋਰਾ ਨੇ ਇਕ ਹੋਟਲ ਵਿਚ ਕੁੱਕ ਵਜੋਂ ਨੌਕਰੀ ਕਰ ਲਈ ਜਿਸ ਨਾਲ ਚਾਰ ਪੈਸੇ ਮਿਲ ਜਾਂਦੇ, ਨਾਲੇ ਧੀ ਵਾਸਤੇ ਸਬਜੀ ਤੇ ਫਲ ਲੈ ਆਉਂਦੀ। ਧੀ ਅਜੇ ਕਮਜ਼ੋਰ ਸੀ। ਇਕ ਦਿਨ ਉਨ੍ਹਾਂ ਨੂੰ ਫਿਲਮ ਦਿਖਾਈ ਗਈ *ਦ ਵਿਜ਼ਾਰਡ ਆਫ ਓਜ਼* । ਸਭ ਨੂੰ ਚੰਗੀ ਲੱਗੀ। ਮੇਰੀਆਨਾ ਨੇ ਕਿਹਾ - ਨਾਇਕਾ ਏਨੀ ਸੁਹਣੀ ਹੈ, ਪਰੀਆਂ ਵਰਗੀ ਕਿ ਉਸਦੇ ਕੀਤੇ ਗਲਤ ਕੰਮ ਵੀ ਗਲਤ ਨਹੀਂ ਲਗਦੇ। ਇਕ ਦਿਨ ਹੈਨੀ ਅਤੇ ਮੇਰੀਆਨਾ ਨੇ ਇਸ

ਫਿਲਮ ਵਿਚਲੀਆਂ ਕੁੜੀਆਂ ਦੇ ਸੰਵਾਦ ਕੰਠ ਕਰਕੇ ਐਕਟਿੰਗ ਕੀਤੀ, ਸਭ ਨੂੰ ਹਸਾਇਆ, ਮੇਰੀਆਨਾ ਨੇ ਕਿਹਾ– ਹੈਨੀ ਆਂਟੀ, ਇਸ ਫਿਲਮ ਵਿਚਲੀ ਚੁੜੇਲ ਦੀ ਮੌਤ ਮੈਨੂੰ ਚੰਗੀ ਨਹੀਂ ਲਗਦੀ, ਆਪਾਂ ਇਉਂ ਕਰਦੇ ਆਂ, ਆਪਾਂ ਇਹਦਾ ਸੁਭਾਅ ਬਦਲ ਦਿੰਨੇ ਆਂ, ਇਹ ਨੇਕੀ ਕਰਨ ਲੱਗ ਜਾਵੇ ਤਾਂ ਬਚ ਜਾਵੇਗੀ, ਦੋਵਾਂ ਨੇ ਚੁੜੇਲ ਦਾ ਸੁਭਾਅ ਬਦਲ ਕੇ ਉਸ ਨੂੰ ਬਚਾਇਆ। ਮੇਰੀਆਨਾ ਨੇ ਚੁੜੇਲ ਦਾ ਰੋਲ ਕੀਤਾ, ਨੇਕੀ ਕਰਦੀ ਨਿੱਕੀ ਚੁੜੇਲ ਉਤੇ ਕੈਦਣਾ ਨੇ ਫੁਲਾਂ ਦੀ ਬਾਰਸ਼ ਕਰ ਦਿਤੀ। ਛੇ ਸਾਲ ਦੀ ਕੁੜੀ ਦੀ ਸੰਵੇਦਨਾ ਦੇਖ ਕੇ ਹੈਨੀ ਹੈਰਾਨ ਹੋ ਗਈ।

ਕੈਦਣਾ ਜੇਲ੍ਹ ਦੇ ਪ੍ਰਬੰਧ ਦੀ ਆਲੋਚਨਾ ਕਰਦੀਆਂ ਤਾਂ ਦੋਰਾ ਆਖਦੀ- ਤੁਹਾਨੂੰ ਪਤਾ ਨਹੀਂ ਦੁਖ ਕੀ ਹੁੰਦੈ। ਸਾਰੀਆਂ ਕੈਦਣਾ ਯਹੂਦੀ ਨਹੀਂ ਸਨ, ਕਾਫੀ ਜਰਮਨ ਔਰਤਾਂ ਨਾਜ਼ੀਆਂ ਦੀਆਂ ਹਮਦਰਦ ਸਨ, ਨਾਜ਼ੀਆਂ ਦੀ ਜਿੱਤ ਦੀ ਖਬਰ ਸੁਣਕੇ ਖੁਸ਼ੀ ਮਨਾਉਂਦੀਆਂ। ਦੋਰਾ ਨੂੰ ਆਪਣੇ ਪਤੀ, ਸੱਸ, ਸਹੁਰੇ ਦੀ ਕੋਈ ਖਬਰ ਨਹੀਂ ਸੀ, ਕਾਫਕਾ ਦੀਆਂ ਭੈਣਾ ਕਿਵੇਂ ਹਨ, ਕਿਥੇ ਹਨ, ਪਤਾ ਨਹੀਂ, ਸਹੁਰਾ 77 ਸਾਲ ਦੀ ਉਮਰੇ ਤੁਰ ਗਿਆ ਪਰ ਇਸ ਦੀ ਖਬਰ ਦੋਰਾ ਨੂੰ ਅੱਜੇ ਨਹੀਂ ਮਿਲੀ।

ਬਰਤਾਨੀਆਂ ਨੂੰ ਲੱਗਾ ਇਹ ਕੈਦੀ ਬੜਾ ਵੱਡਾ ਭਾਰ ਹਨ। ਕੈਨੇਡਾ ਨੇ ਕਿਹਾ– ਅਸੀਂ ਬਾਰਾ ਹਜ਼ਾਰ ਕੈਦੀ ਲੈਣ ਵਾਸਤੇ ਤਿਆਰ ਹਾਂ। ਇਕ ਦੁਰਘਟਨਾ ਨੇ ਸਭ ਦੇ ਦਹਿਲ ਪਾ ਦਿਤਾ। ਜਹਾਜ਼ 600 ਕੈਦੀਆਂ ਨੂੰ ਕੈਨੇਡਾ ਲਈ ਜਾ ਰਿਹਾ ਸੀ ਕਿ ਜਰਮਨ ਤਾਰਪੀਡੋ ਨੇ ਫੁੰਡ ਦਿਤਾ, ਸਾਰੇ ਡੁੱਬ ਗਏ।

ਦੋਰਾ ਨੇ ਕੈਦਣਾ ਵਿਚੋਂ ਕਲਾਕਾਰ ਲੱਭ ਲਏ। ਖੁਦ ਨਾਟਕ ਦਾ ਨਿਰਦੇਸ਼ਨ ਤੇ ਐਕਟਿੰਗ ਕਰਦੀ। ਹੈਨੀ ਦੀ ਸੁਰੀਲੀ ਆਵਾਜ਼ ਗੂੰਜਦੀ। ਹਰ ਸ਼ਾਮ ਕੋਈ ਨਾ ਕੋਈ ਮਨੋਰੰਜਨ ਆਈਟਮ ਖੇਡੀ ਜਾਂਦੀ। ਹੈਨੀ ਨੇ ਲਿਖਿਆ– ਹੁਣ ਮੈਂ ਸਾਹ ਲੈਣ ਲੱਗ ਪਈ ਹਾਂ, ਹੁਣ ਮੇਰਾ ਮੁੜ ਤੋਂ ਦਿਲ ਧੜਕਣ ਲੱਗਾ ਹੈ। ਤਿੰਨ ਜੁਲਾਈ ਕਾਫਕਾ ਦਾ ਜਨਮ ਦਿਨ ਸੀ। ਦੋਰਾ ਨੇ ਕਿਹਾ- ਅੱਜ ਜਿਉਂਦਾ ਹੁੰਦਾ ਤਾਂ 57 ਸਾਲ ਦਾ ਹੋ ਜਾਣਾ ਸੀ। ਆਉ ਅੱਜ ਆਪਾਂ ਉਸ ਦਾ ਜਨਮ ਦਿਨ ਉਸੇ ਤਰਾਂ ਮਨਾਈਏ ਜਿਵੇਂ ਉਹ ਮਨਾਇਆ ਕਰਦਾ ਸੀ, ਨਾਟਕ ਖੇਡੀਏ, ਕਵਿਤਾਵਾਂ ਸੁਣਾਈਏ। ਸ਼ੁਬੇਅਰ ਦਾ *ਲਾਇਲਕ ਟਾਈਮ* ਤਿਆਰ ਕਰਵਾਇਆ, ਦੋਰਾ ਨੇ ਸੀਗੱਲ ਦਾ ਗੀਤ ਗਾਇਆ, ਮੇਰੀਆਨਾ ਨੇ ਜਰਮਨ ਗੀਤ ਸੁਣਾਇਆ ਜਿਹੜਾ ਮਾਂ ਤੋਂ ਵਿਛੜੀ ਕੁੜੀ ਗਾਉਂਦੀ ਹੈ। ਸਰੋਤੇ ਅਸ਼ ਅਸ਼ ਕਰ ਉਠੇ। ਹਰੇਕ ਦੀਆਂ ਅੱਖਾ ਛਲਕੀਆਂ। ਹੈਨੀ ਲਿਖਦੀ ਹੈ- ਜਦੋ ਯਿੱਦਿਸ਼ ਯਹੂਦੀ ਗੀਤ ਗਾਉਂਦੀ ਹੈ, ਸੰਵਾਦ ਬੋਲਦੀ ਹੈ, ਉਦੋਂ ਦੋਰਾ ਬੇਅੰਤ ਸੁਹਣੀ ਲਗਦੀ ਹੈ, ਉਹ ਵਾਸਤਵ ਵਿਚ ਦਸ ਰਹੀ ਹੁੰਦੀ ਹੈ ਕਿ ਯਹੂਦੀ ਕਲਚਰ ਖਾਮੋਸ਼ ਨਹੀਂ ਹੋਇਆ, ਯਹੂਦੀ ਮਰੇ ਨਹੀਂ। ਉਹ ਸਾਨੂ ਬਲਵਾਨ ਕਰ ਦਿੰਦੀ। ਉਸਨੂੰ ਗੇਟੇ ਦਾ ਗੀਤ *ਚਰਖਾ ਕਤਦੀ ਗਰੈਚਨ* ਯਾਦ ਸੀ, ਮੈਨੂੰ ਫਰਾਂਜ਼ ਸ਼ੁਬੇਅਰ ਦਾ ਸੁਰਬਧ ਕੀਤਾ ਇਹ ਗੀਤ ਗਾ ਕੇ ਸੁਣਾਇਆ, ਫਿਰ ਮੈਨੂ ਕਿਹਾ- ਪਹਿਲਾ ਲਿਖ, ਫਿਰ ਪੜ੍ਹ, ਇਸ ਤੋਂ ਬਾਦ ਗਾ, ਮੈ ਇਵੇਂ ਹੀ ਕੀਤਾ ਤਾਂ ਪਤਾ ਲੱਗਾ ਜੁਆਨ ਕੁੜੀ ਦੇ ਦਿਲ ਵਿਚਲੇ ਭਾਵ ਕਿਵੇਂ ਪ੍ਰਗਟ ਹੁੰਦੇ ਹਨ। ਇਹੋ ਦੋਰਾ ਨੇ ਦੱਸਣਾ ਸੀ।

ਅੱਸੀ ਦਿਨਾਂ ਵਿਚ ਪੰਜ ਦੇਸ ਹਾਰ ਗਏ। ਅਮਰੀਕਾ ਚੁਪ ਬੈਠਾ ਸੀ, ਲੜਾਈ ਵਿਚੋਂ ਪਰੇ ਰਹਿਣ ਦਾ ਫੈਸਲਾ ਸੀ, ਪਰ ਹੁਣ ਇੰਗਲੈਂਡ ਦੀ ਵਾਰੀ ਆ ਗਈ। ਜੂਨ ਵਿਚ ਰਾਸ਼ਟਰਪਤੀ ਰੂਜ਼ਵੇਲਟ ਦਾ ਬਿਆਨ ਆਇਆ– ਲੋੜ ਪਏ ਤਾਂ ਇੰਗਲੈਂਡ ਨੂੰ ਉਧਾਰੇ ਹਧਿਆਰ ਦੇ ਦਿਆਂਗਾ।

ਇੰਗਲੈਂਡ ਉਪਰ ਜੁਲਾਈ ਦੇ ਅੱਧ ਵਿਚ ਹਵਾਈ ਹੱਲੇ ਸ਼ੁਰੂ ਹੋਏ। ਅਗਸਤ ਵਿਚ ਧਮਾਕੇ ਦੇਸ਼ ਦੇ ਅੰਦਰ ਪੁੱਜ ਗਏ। ਹਰ ਰੋਜ 1500 ਬੰਬਰ ਤੇ ਫਾਈਟਰ ਕਾਲੀ ਘਟਾ ਵਾਂਗ ਛਾ ਜਾਂਦੇ। ਇਹ ਉਹ ਦਿਨ ਸਨ ਜਦੋਂ ਲੰਡਨ ਵਰਗਾ ਆਧੁਨਿਕ ਸਭਿਅਤਾ ਵਾਲਾ ਮਹਾਂਨਗਰ ਉਜਾੜ ਕਬਰਿਸਤਾਨ ਬਣ ਗਿਆ ਸੀ। ਇੰਗਲੈਂਡ ਦੇ ਸਾਰੇ ਵਡੇ ਸ਼ਹਿਰਾਂ ਦੀ ਤਬਾਹੀ ਹੋਈ। ਆਮ ਅਫਵਾਹ ਸੀ ਕਿ ਜਰਮਨ ਫੌਜ ਇਸ ਟਾਪੂ ਵਿਚ ਆਈ ਕਿ ਆਈ। ਹੈਨੀ ਅਤੇ ਮੇਰੀਆਨਾ ਕਮਜ਼ੋਰ ਹੋ ਗਈਆਂ, ਇਕ ਮਹੀਨੇ ਵਿਚ ਇਕ ਲਿਫਾਫਾ ਮਿਲਦਾ, ਚਾਰ ਲਾਈਨਾਂ ਦੀ ਚਿੱਠੀ ਭੇਜੀ ਜਾ ਸਕਦੀ ਸੀ, ਦੋਰਾ ਦਾ ਕੋਈ ਨਹੀਂ ਸੀ ਸੋ ਉਹ ਆਪਣਾ ਲਿਫਾਫਾ ਹੈਨੀ ਨੂੰ ਦੇ ਦਿੰਦੀ ਤਾਂ ਕਿ ਦੋ ਖਤ ਲਿਖ ਸਕੇ। ਜਨਵਰੀ 1941 ਨੂੰ ਹੈਨੀ ਦੀ ਰਿਹਾਈ ਆ ਗਈ। ਇਕ ਕਮੇਟੀ ਬਣੀ ਜਿਹੜੀ ਕੈਦਣਾ ਤੋਂ ਪੁਛਦੀ ਸੀ- ਉਹ ਯੁੱਧ ਵਿਚ ਕੀ ਸੇਵਾ ਕਰ ਸਕਦੀਆਂ ਹਨ, ਜੋ ਕੰਮ ਦੀ ਹੁੰਦੀ, ਰਿਹਾਅ ਕਰਕੇ ਉਸ ਤੋਂ ਕੰਮ ਲਿਆ ਜਾਂਦਾ, ਬੀ ਕਲਾਸ ਵਾਲੇ ਸੀ ਵਿਚ ਤਬਦੀਲ ਕਰ ਦਿਤੇ ਜਾਂਦੇ। ਫਰਵਰੀ ਵਿਚ ਕੁਲ ਦਸ ਹਜ਼ਾਰ ਰਫੂਜੀ ਰਿਹਾਅ ਕਰ ਦਿਤੇ, ਹੈਨੀ ਦਾ ਪਤੀ ਪਾਲ ਵੀ। ਮਾਰਚ ਵਿਚ ਹੈਨੀ ਨੇ ਦੋਰਾ ਨੂੰ ਖ਼ਤ ਲਿਖਿਆ, ਸੁਗਾਤਾਂ ਭੇਜੀਆਂ, ਦੋਰਾ ਸੀ ਕਲਾਸ ਵਿਚ ਹੋ ਗਈ ਪਰ ਅਜੇ ਰਿਹਾਈ ਦਾ ਹੁਕਮ ਨਹੀ ਆਇਆ। ਜਦੋਂ ਰਿਹਾਈ ਹੋਈ, ਕਿਥੇ ਜਾਵੇਗੀ ਪਤਾ ਨਹੀਂ।

ਰਿਹਾਈ ਹੋਈ, ਡੋਰਥੀ ਨਾਂ ਦੀ ਕੁੜੀ ਜੋ ਵਾਈਟਹੈੱਡ ਦੀ ਨਿਗਰਾਨੀ ਵਿਚ ਪੀਐਚ.ਡੀ ਕਰ ਰਹੀ ਸੀ ਨੂੰ ਦੋਰਾ ਬਾਰੇ ਪਤਾ ਲੱਗਿਆ। ਉਸਨੇ ਉਹ ਲੱਭ ਲਈ। ਆਪਣੇ ਕਮਰੇ ਵਿਚ ਲੈ ਆਈ, ਇਕ ਕਮਰਾ, ਇਕ ਛੋਟੀ ਰਸੋਈ। ਇਕ ਲੋਹੇ ਦਾ ਮੇਜ਼। ਜਦੋਂ ਹਵਾਈ ਹਮਲੇ ਦਾ ਸਾਇਰਨ ਵਜਦਾ, ਤਿੰਨੇ ਜਣੀਆਂ ਮੇਜ਼ ਹੇਠ ਵੜ

ਜਾਂਦੀਆਂ। ਬਚਾਉ ਵਾਸਤੇ ਇਹੋ ਤਰੀਕਾ ਦੱਸਿਆ ਗਿਆ ਸੀ। ਡੋਰਥੀ ਲਿਖਦੀ ਹੈ- ਮੇਰੀਆਨੀ ਹਮੇਸ਼ਾ ਡਰੀ ਰਹਿੰਦੀ, ਜਦੋਂ ਕੋਈ ਆਉਂਦਾ, ਮਾਂ ਦੇ ਪਿਛੇ ਛੁਪੀ, ਇਕ ਪਾਸਿਉਂ ਆਉਣ ਵਾਲੇ ਨੂੰ ਵੇਖਦੀ।

ਇਕ ਦਿਲ ਡੋਰਥੀ, ਮੇਰੀਆਨੀ ਨੂੰ ਲੰਮੀ ਸੈਰ ਵਾਸਤੇ ਲੈ ਗਈ। ਜਾਂਦੇ ਜਾਂਦੇ ਬੱਚੀ ਨੇ ਕਿਹਾ- ਅੱਜ ਮੇਰੇ ਪਹਿਲੇ ਪਾਪਾ ਦਾ ਜਨਮ ਦਿਨ ਹੈਂ। ਡੋਰਥੀ ਸਮਝ ਗਈ। ਦੋਵਾਂ ਨੇ ਜੰਗਲੀ ਫੁੱਲ ਚੁਣੇ, ਇਕ ਥਾਂ ਗੋਲ ਦਾਇਰੇ ਵਿਚ ਰੱਖ ਕੇ ਮੱਥਾ ਟੇਕਿਆ, ਇਉਂ ਕਾਫਕਾ ਦਾ ਜਨਮ ਦਿਨ ਮਨਾਇਆ।

ਦੋਰਾ ਲੰਡਨ ਵਿਚ ਸਟੈਨਸਲ ਨੂੰ ਮਿਲੀ, ਉਹੀ ਕਵੀ ਜਿਹੜਾ ਉਸਨੂੰ ਰੂਸ ਵਾਲੀ ਗੱਡੀ ਤੇ ਵਿਦਾ ਕਰਨ ਆਇਆ ਸੀ, ਉਹ ਇਕ ਅਖਬਾਰ ਕੱਢ ਰਿਹਾ ਸੀ। ਉਸਨੇ ਦੋਰਾ ਨੂੰ ਦੱਸਿਆ- ਮੇਰੇ ਵਾਸਤੇ ਕੇਵਲ ਦੋ ਬੰਦੇ ਹਨ ਸਾਹਿਤ ਵਿਚ, ਕਾਫਕਾ ਅਤੇ ਫਲਾਬੇਅਰ। ਮੈ ਨੀ ਹੋਰ ਕਿਸੇ ਨੂੰ ਜਾਣਦਾ। ਮੇਰੇ ਵਾਸਤੇ ਇਕੋ ਬੋਲੀ ਜਿਉਂਦੀ ਜਾਗਦੀ ਹੈ, ਉਹ ਹੈ ਯਿਦਿਸ਼। ਸ਼ਨੀਵਾਰ ਨੂੰ ਯਹੂਦੀ ਮੰਦਰ ਵਿਚ ਇਕੱਠੇ ਹੁੰਦੇ । ਦੋਰਾ ਕੁਝ ਨਾ ਕੁਝ ਹਮੇਸ਼ਾ ਸੁਣਾਉਂਦੀ, ਸਰੋਤੇ ਉਸ ਦੀ ਆਵਾਜ਼, ਉਸ ਦਾ ਇਕ ਇਕ ਅੱਖਰ, ਅਰਥ, ਪੀਣ ਵਾਸਤੇ ਪੱਥਰ ਵਾਂਗ ਖਲੋਤੇ ਹੁੰਦੇ।

ਦੋਰਾ ਨੇ ਕਈ ਕੰਮ ਕੀਤੇ। ਉਸਨੇ ਦਰਜੀ ਦੀ ਦੁਕਾਨ ਖੋਲ੍ਹ ਕੇ ਉਸ ਉਪਰ ਕਾਮੇ ਰੱਖੇ। ਦੁਕਾਨ ਖੂਬ ਚੱਲੀ। ਪੈਸਾ ਕਮਾ ਕੇ ਹੋਟਲ ਖੋਲ੍ਹਿਆ, ਖੂਬ ਚੱਲਿਆ, ਉਹ ਵੀ ਕਿਸੇ ਨੂੰ ਵੇਚ ਦਿਤਾ, ਕਾਰਨ ਪੁਛਿਆ ਤਾਂ ਹੱਸ ਪਈ- ਏਨੇ ਪੈਸੇ ਮੈ ਕਿਥੇ ਸੰਭਾਲਦੀ ਫਿਰਦੀ, ਆਪ ਲੰਡਨ ਵਿਚ ਰਹਿੰਦੀ, ਕੰਮ ਕਰਦੀ, ਧੀ ਦੂਰ ਸਕੂਲ ਵਿਚ ਦਾਖਲ ਕਰਵਾ ਦਿਤੀ ਜਿਥੇ ਹਵਾਈ ਹਮਲਿਆਂ ਦਾ ਖਤਰਾ ਨਹੀਂ ਸੀ। 8 ਮਈ 1945 ਨੂੰ ਯੁੱਧ ਖਤਮ ਹੋਇਆ ਤਾਂ ਦੋਰਾ ਨੇ ਸਾਰੇ ਸਕੇ ਸਬੰਧੀਆਂ ਨੂੰ ਖਤ ਲਿਖ ਕੇ ਪੁੱਛਿਆ, ਠੀਕ ਹੋ? ਕੌਣ ਕੌਣ ਬਚਿਆ ? ਕਿਸੇ ਦਾ ਜਵਾਬ ਨਹੀਂ ਆਇਆ, ਉਹ ਡਰ ਗਈ, ਮੈਕਸ ਬਰੋਦ ਨੂੰ ਤਲ-ਅਵੀਵ ਤਾਰ ਪਾਈ, ਤਾਰ ਦਾ ਜਵਾਬ ਆ ਗਿਆ, ਸ਼ੁਕਰ ਹੈ।

ਦੋਰਾ ਨੂੰ ਸੱਦਾ ਮਿਲਿਆ ਕਿ ਯਿੱਦਿਸ਼ ਬੋਲਾਂ ਵਿਚ ਯਹੂਦੀ ਡਰਾਮਾ ਦੇਖਣ ਆ। ਗਈ। ਉਸ ਨੂੰ ਰੀਵੀਉ ਲਿਖਣ ਵਾਸਤੇ ਕਿਹਾ, ਨਾਂਹ ਕਰ ਦਿਤੀ- *ਇਥੇ ਕਿਸੇ ਨੂੰ ਇਹ ਪਿਆਰੀ ਜਬਾਨ ਨਹੀਂ ਆਉਂਦੀ, ਮਿਹਨਤ ਕਰਕੇ ਸੰਵਾਦ ਯਾਦ ਕੀਤੇ ਹੋਏ ਹਨ। ਯਹੂਦੀ ਰੂਹ ਗਾਇਬ ਹੈ। ਮੈ ਦੱਸਾਂਗੀ ਯਿਦਿਸ਼ ਥਿਏਟਰ ਕੀ ਹੁੰਦਾ ਸੀ।* 1946 ਵਿਚ ਡਾਇਨਾ ਹੈਲਪਰਨ ਨੇ ਲੰਡਨ ਵਿਚ ਯਿਦਿਸ਼ ਡਰਾਮੇ ਖੇਡੇ ਤਾਂ ਦੋਰਾ ਨੇ ਕਿਹਾ- *ਇਹ ਹੈ ਸਹੀ ਹੁਨਰ, ਸਹੀ ਰੂਹ, ਇਹ ਜਿਉਂਦੀ ਰਹੇਗੀ। ਤਾਜ਼ੀ ਹਵਾ ਦੀ ਮਹਿਕ ਆਈ। ... ਸ਼ੇਕਸਪੀਅਰ ਦਾ ਮਰਚੈਂਟ ਆਫ ਵੀਨਿਸ ਖੇਡਿਆ ਜਾਂਦਾ ਦੇਖਿਆ। ਖੂਨ ਪੀਣਾ ਯਹੂਦੀ ਸ਼ਾਈਲਾਕ ਦੇਖਿਆ। ਮੈਨੂੰ ਲੱਗਿਆ ਮੇਰੇ ਕੱਪੜਿਆਂ ਨੂੰ ਕਿਸੇ ਨੇ ਅੱਗ ਲਾ ਦਿਤੀ।ਜਿਵੇਂ ਮੈ ਠੱਗੀ ਗਈ, ਅਪਮਾਨਿਤ ਹੋ ਗਈ। ਸ਼ੇਕਸਪੀਅਰ ਵਰਗਾ ਸ਼ਾਇਰ ਸਾਡੀ ਵੱਖੀ ਵਿਚ ਏਡੀ ਸਖਤ ਮੁੱਕੀ ਮਾਰ ਗਿਆ ਕਿ ਪੱਸਲੀਆਂ ਟੁੱਟ ਗਈਆਂ। ਇਸ ਵਿਚੋਂ ਅਨੰਦ ਲੈ ਰਹੇ ਗੈਰਯਹੂਦੀਆਂ ਨਾਲ ਮੈਨੂੰ ਈਰਖਾ ਹੋਈ। ਛੁਰਾ, ਜ਼ਖਮ, ਬਕਵਾਸ, ਬੇਇਜ਼ਤੀ.... ਸਾਰਾ ਕੁਝ ਯਹੂਦੀਆਂ ਖਿਲਾਫ, ਇਹ ਹੈ ਕਲਾ ਕਲਾ ਲਈ, ਬੇਸ਼ਕ ਸਾਨੂੰ ਯੋਰਪੀਅਨ ਕਹੋ ਜਾ ਕਹੋ ਕਿ ਅਸੀ ਯੋਰਪ ਵਿਚ ਘੁਲ ਮਿਲ ਗਏ ਹਾਂ ਪਰ ਸਾਡਾ ਇਹ ਇਖਲਾਕ ਨਹੀਂ। ਯਹੂਦੀ ਆਤਮਾ ਨੂੰ ਸਿੰਜਣ ਵਾਲੀ ਖੁਰਾਕ ਇਖਲਾਕ ਹੈ, ਕਲਾ ਨਹੀਂ। ਜਿਹੜੀ ਕਲਾ ਕੁਦਰਤੀ ਨਿਯਮਾਂ ਦੇ ਖਿਲਾਫ ਹੈ, ਜਿੰਨੇ ਮਰਜ਼ੀ ਰੰਗ ਭਰੋ, ਉਹ ਹੁਨਰ ਨਹੀਂ ਹੁੰਦੀ। ਬਹੁਤ ਵਧੀਕ ਮੰਗ ਨਹੀਂ ਮੇਰੀ, ਮੈ ਕਹਿੰਦੀ ਹਾਂ, ਆਦਮੀ, ਆਦਮੀ ਤਾਂ ਬਣੇ ਘਟੋ ਘੱਟ। ਸਾਡਾ ਯਹੂਦੀਆਂ ਦਾ ਗੁਸੈਲਾ ਈਰਖਾਲੂ ਰੱਬ ਇਸ ਤਰਾਂ ਦਾ ਕਲਾਕਾਰ ਨਹੀਂ। ਮੈ ਅਣਗਿਣਤ ਵਾਰ ਸਟੇਜ ਉਪਰ ਸ਼ਾਈਲਾਕ ਦੇਖ ਚੁਕੀ ਹਾਂ, ਜਿੰਨੀ ਮਰਜ਼ੀ ਕਲਾਕਾਰੀ ਦੀ ਉਪਮਾ ਕਰੀ ਜਾਉ , ਅਸੀ ਬਤੌਰ ਯਹੂਦੀ ਇਸ ਨਾਟਕ ਨੂੰ ਰੱਦ ਕਰਦੇ ਹਾਂ ਕਿਉਂਕਿ ਇਸ ਦੇ ਕਰਤਾ ਅਤੇ ਵਿਆਖਿਆਕਾਰਾਂ ਨੇ ਐਨੀ ਨਫਰਤ, ਡਕੈਤੀ ਤੇ ਹਿੰਸਾ ਦੀ ਸ਼ਾਨ ਦਿਖਾਕੇ ਹੁਨਰ ਨੂੰ ਅਪਵਿੱਤਰ, ਦਾਗੀ ਕੀਤਾ ਹੈ।*

ਮੀਜ਼ਲ ਨੇ ਇਸ ਨਾਟਕ ਦਾ ਯਿਦਿਸ਼ ਵਿਚ ਤਰਜਮਾ ਕਰਕੇ ਖੇਡਿਆ, ਦੋਰਾ ਨੂੰ ਦਿਖਾਇਆ ਤੇ ਟਿੱਪਣੀ ਲਿਖਣ ਲਈ ਕਿਹਾ, ਦੋਰਾ ਨੇ ਲਿਖਿਆ- *ਮੇਰੇ ਕੋਲ ਤਾਂ ਇੰਜੀਲ ਦਾ ਵਾਕ ਹੈ- ਅਜੇ ਅਸੀਂ ਨਿਰਾਸ ਨਹੀ ਹੋਏ। ਇਕ ਪਾਸੇ ਸ਼ੇਕਸਪੀਅਰ ਹੈ, ਉਸ ਦਾ ਸ਼ਾਈਲਾਕ ਹੈ, ਦੂਜੇ ਪਾਸੇ ਇਹ ਹੈ ਸਾਡਾ ਯਿੱਦਿਸ਼ ਥਿਏਟਰ, ਮੇਰਾ ਦਿਲ ਖੁਸ਼ੀ ਨਾਲ ਝੂਮ ਉਠਿਆ, ਨੱਚਣ ਲੱਗਾ। ਇਹ ਹੈ ਨਾ ਸਾਡੀ ਬੋਲੀ, ਸਾਡਾ ਕਲਚਰ, ਸਿਖਰ ਦੀ ਕਲਾ। ਮੀਜ਼ਲ ਦੋਸਤ, ਤੇਰੀ ਉਪਮਾ ਵਾਸਤੇ ਮੇਰੇ ਕੋਲ ਲਫਜ਼ ਨਹੀਂ। ਉਹੀ ਸ਼ੇਕਸਪੀਅਰ ... ਉਹੀ ਸ਼ਾਇਲਾਕ ...। ਸ਼ਾਬਾਸ਼ ਤੈਨੂੰ ਮੀਜ਼ਲ, ਸ਼ਾਬਾਸ਼। ਤੇਰੀ ਜ਼ਬਾਨ, ਤੇਰੀ ਕਲਾ, ਡੇਰਾ ਯਿਦਿਸ਼ ਥਿਏਟਰ ਕਾਇਮ ਰਹਿਣਗੇ। ਮੇਰੀ ਇੱਛਾ ਹੈ ਕਿ ਜਿਥੇ ਮਰਚੈਂਟ ਆਫ ਵੀਨਿਸ ਖੇਡਿਆ ਜਾਏ, ਸ਼ਾਈਲਾਕ ਦਾ ਰੋਲ ਉਹ ਬੰਦਾ ਕਰੇ ਜਿਹੜਾ ਜਮਾਂਦਰੂ ਯਹੂਦੀ ਹੋਵੇ। ਫਿਰ ਇਨਸਾਫ ਹੋਵੇਗਾ, ਫਿਰ ਅਕਾਦਾਰ ਵਿਜਈ ਹੋਵੇਗਾ, ਪਰ ਸਾਡੇ ਨਵੇਂ ਨਿਕੇ ਕਲਾਕਾਰ ਜਦੋਂ ਲਿਸ਼ਕਦੇ ਹਨ, ਉਦੋਂ ਉਨ੍ਹਾਂ ਨੂੰ ਫਿਲਮ ਖਰੀਦ ਲੈਂਦੀ ਹੈ, ਉਦੋਂ ਉਹ ਅਮਰੀਕਾ ਚਲੇ ਜਾਂਦੇ ਹਨ। ਸਾਡੇ ਬੱਚੇ ਸਾਡੇ ਤੋਂ ਖੁੱਸ਼ ਰਹੇ ਹਨ। ਤਮਾਰਾ*

*ਸੋਲੋਮੋਵ ਚਲਾ ਗਿਆ, ਫੇਲਾ, ਸ਼ਲੋਮੋ, ਕੋਹਿਨ, ਸਭ ਗਏ। ਹੁਣ ਯਹੂਦੀ ਰੰਗਮੰਗ ਉਤੇ ਕਿੰਨੇ ਕੁ ਸ਼ਲੋਮੋ, ਕਿੰਨੇ ਕੁ ਕੋਹਿਨ ਹਨ ?"*

ਦੋਰਾ ਨੇ ਜਨਵਰੀ 1947 ਵਿਚ ਆਪਣੇ ਦੋ ਭਰਾ ਤੇ ਇਕ ਭੈਣ ਲੱਭ ਲਈ, ਸੱਸ ਮਿਲ ਗਈ। ਸ਼ੁਕਰ ਹੈ ਮਿਲ ਗਏ। ਉਸਦੇ ਗਿਆਰਾਂ ਭੈਣ ਭਰਾਵਾਂ ਵਿਚੋਂ ਤਿੰਨ ਬਚੇ, ਬਾਕੀ ਮਾਰੇ ਗਏ। ਪੰਜਾਹ ਸਾਲ ਦੀ ਉਮਰ ਦੇ ਭਰਾ ਦਾਊਦ ਦਾਇਮੰਤ ਦਾ ਸਭ ਕੁਝ ਬਰਬਾਦ ਹੋ ਚੁਕਾ ਸੀ...ਰੱਬ ਵੀ... ਇਸ ਦਾ ਰੱਬ ਤੋਂ ਇਤਬਾਰ ਉਠ ਗਿਆ ਸੀ। ਨਾਜ਼ੀਆਂ ਨੇ ਸਭ ਖੋਹ ਲਿਆ। ਚੌਵੀ ਸਾਲ ਦੀ ਛੋਟੀ ਭੈਣ ਸਾਰਾ ਜਿਉਂਦੀ ਸੀ ਕਿਉਂਕਿ ਉਸਨੇ ਰੱਬ ਅਜੇ ਫੜ ਰੱਖਿਆ ਸੀ। ਜਦੋਂ ਯੁੱਧ ਮੁੱਕਣ ਦਾ ਐਲਾਨ ਹੋਇਆ, ਮੁਸ਼ੱਕਤ ਕੈਂਪ ਵਿਚ 80 ਲੱਖ ਲੋਕ ਬੇਘਰੇ, ਬੇਵਤਨੇ ਸਨ। ਇਨ੍ਹਾਂ ਨੂੰ ਆਬਾਦ ਕਰਨਾ ਸੀ। ਸਾਰਾ, ਰੂਸੀ ਕੈਂਪ ਵਿਚੋਂ ਰਿਹਾਅ ਹੋਕੇ ਆਪਣੇ ਘਰ ਪੋਲੈਂਡ ਪਰਤਣਾ ਚਾਹੁੰਦੀ ਸੀ। ਰਿਹਾਈ ਵੇਲੇ ਰੂਸੀ ਫੌਜੀ ਧੂ ਕੇ ਉਸਨੂੰ ਇਕ ਪਾਸੇ ਲੈ ਗਿਆ, ਕਿਹਾ- ਮੈ ਤੈਨੂੰ ਆਜ਼ਾਦੀ ਦਿਤੀ ਹੈ, ਇਸ ਬਦਲੇ ਤੂੰ ਵੀ ਮੈਨੂੰ ਗਿਫਟ ਦੇਹ, ਕੁੜੀ ਨੇ ਚੀਕ ਮਾਰੀ, ਫਿਰ ਫੌਜੀ ਦੇ ਮੂੰਹ ਤੇ ਘਸੁੰਨ ਮਾਰਿਆ। ਫੌਜੀ ਨੇ ਉਸ ਨੂੰ ਠੁਡੇ ਤਾਂ ਮਾਰੇ ਪਰ ਫਿਰ ਛੇੜਿਆ ਨਹੀਂ। ਬੈਦਜ਼ਿਨ ਪੁੱਜ ਕੇ ਸਾਰਾ ਨੇ ਆਪਣੇ ਘਰ ਦਾ ਬੂਹਾ ਖੜਕਾਇਆ, ਅਜੀਬ ਅਵਾਜਾਂ ਸੁਣੀਆ, ਇਥੇ ਤਾਂ ਪੋਲੈਂਡ ਦੇ ਬੰਦੇ ਰਹਿ ਰਹੇ ਸਨ, ਉਨ੍ਹਾਂ ਸਾਰਾ ਨੂੰ ਅੰਦਰ ਆਉਦ ਦੀ ਇਜਾਜ਼ਤ ਨਾਂ ਦਿਤੀ, ਉਸਦੀਆਂ ਅੱਖਾਂ ਸਾਹਮਣੇ ਜਦੋਂ ਤੜਾਕ ਕਰਕੇ ਬੂਹਾ ਬੰਦ ਹੋਇਆ, ਬੇਹੋਸ਼ ਹੋਕੇ ਢੇਰੀ ਹੋ ਗਈ। ਛੇ ਸਾਲ ਤਸੀਹਾ ਕੇਂਦਰਾਂ ਵਿਚ ਉਹ ਇਸ ਆਸ ਨਾਲ ਜਿਉਂਦੀ ਰਹੀ ਸੀ ਕਿ ਘਰੇਂ ਜਾਏਗੀ, ਪਰਿਵਾਰ ਨੂੰ ਮਿਲੇਗੀ। ਏਨੀਆਂ ਮੁਸੀਬਤਾਂ ਵਿਚ ਵੀ ਉਹਨੇ ਭੈਣਾ, ਭਾਣਜਿਆਂ, ਭਾਣਜੀਆਂ ਦੀਆਂ ਫੋਟੋਆਂ ਸੰਭਾਲੀ ਰੱਖੀਆਂ ਸਨ, ਇਨ੍ਹਾਂ ਵਿਚ ਦੋਰਾ ਅਤੇ ਮੇਰੀਆਨਾ ਵੀ ਸੀ। ਉਹ ਪਿੰਡ ਦੀ ਹਥਾਈ ਵੱਲ ਤੁਰ ਪਈ, ਇਸ ਨੂੰ ਦੱਸਿਆ ਗਿਆ ਕਿ ਜਿਹੜੇ ਬੰਦੇ ਜਿਉਂਦੇ ਬਚੇ ਹਨ, ਉਨਾਂ ਦੀ ਲਿਸਟ ਉਥੇ ਕੰਧ ਉਪਰ ਚਿਪਕਾਈ ਹੋਈ ਹੈਂ। ਉਸਨੇ ਲਿਸਟ ਪੜੀ। ਲਿਸਟ ਉਪਰ ਉਸਦਾ ਆਪਣਾ ਨਾਮ ਸੀ, ਕੇਵਲ ਸਾਰਾ, ਬਾਕੀ ਸਭ ਖਤਮ। ਉਹ ਤਾਂ ਸ਼ੁਕਰ ਸਮਝੋ ਕਿ ਸਾਰਾ ਬਚ ਗਈ। ਕੈਂਪਾਂ ਵਿਚੋ ਜਿਊਂਦੇ ਬਚੇ ਜਿਹੜੇ ਯਹੂਦੀ, ਆਪਣੇ ਘਰਾਂ ਨੂੰ ਪਰਤੇ, ਕਬਜ਼ਾਕਾਰੀ ਪੋਲਿਸ਼ਾਂ ਨੇ ਮਾਰੇ। ਨਾਜ਼ੀ ਚਲੇ ਗਏ, ਯਹੂਦੀਆਂ ਖਿਲਾਫ ਨਫਰਤ ਨਹੀਂ ਗਈ। ਢਾਈ ਲੱਖ ਯਹੂਦੀ ਰਫੂਜੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋਏ।

ਅਮਰੀਕਣ ਰਾਸ਼ਟਰਪਤੀ ਨੇ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਕਾਨੂੰਨ ਪੜਾਉਂਦੇ ਪ੍ਰੋਫੈਸਰ ਹੈਰੀਸਨ ਨੂੰ ਕੈਂਪਾਂ ਦੀ ਸਥਿਤੀ ਜਾਣਨ. ਵਾਸਤੇ ਭੇਜਿਆ। ਉਸਨੇ ਦੱਸਿਆ- *ਨਾਜ਼ੀਆਂ ਦੇ ਕੈਂਪਾ ਨਾਲੋਂ ਇਕ ਫਰਕ ਹੈ, ਹੁਣ ਬੰਦੀਆਂ ਨੂੰ ਗੋਲੀ ਨਹੀਂ ਮਾਰੀ ਜਾਂਦੀ। ਬਾਕੀ ਸਭ ਉਵੇਂ ਹੈ। ਯਹੂਦੀ ਕਹਿੰਦੇ ਹਨ ਸਾਨੂੰ ਫਲਸਤੀਨ ਭੇਜੋ। ਮਰਨਾ ਹੈ ਤਾਂ ਪੁਰਖਿਆਂ ਦੇ ਦੇਸ ਵਿਚ ਤਾਂ ਮਰੀਏ। ਇਕ ਲੱਖ ਪਰਮਿਟ ਤੁਰਤ ਚਾਹੀਦੇ ਹਨ। ਉਜਾੜ ਰੇਗਿਸਤਾਨ ਵਿਚ ਵਸਣ ਦੇ ਇਛੁਕ ਹਨ।*

ਸਾਰੀ ਦੁਨੀਆਂ ਯਹੂਦੀਆਂ ਦੀ ਦੁਸ਼ਮਣ। ਕੀੜੀਆ ਵਾਂਗ ਉਹ ਤਲ-ਅਵੀਵ ਵੱਲ ਸਰਕਣ ਲੱਗੇ। ਮੱਧ ਸਾਗਰ ਕਿਨਾਰੇ, ਮਾਰੂਥਲ ਵਿਚ ਇਕ ਸ਼ਹਿਰ ਉਸਰਨ ਲੱਗਾ। ਅੰਗਰੇਜ਼ਾਂ ਦਾ ਖਿਆਲ ਸੀ ਮੁਸਲਮਾਨ ਇਨ੍ਹਾਂ ਨੂੰ ਦੁਰਕਾਰਨਗੇ ਨਹੀਂ ਕਿਉਂਕਿ ਇਕੋ ਸਾਮੀ ਪਿਛੋਕੜ ਹੈ।

ਫਲਸਤੀਨ ਦੇ ਮੁਸਲਮਾਨਾ ਨੇ ਇਨ੍ਹਾਂ ਨੂੰ ਦੁਸ਼ਮਣ ਨੰਬਰ ਇਕ ਵਜੋਂ ਜਾਣਿਆ।ਫਲਸਤੀਨ ਦੇ ਪੂਰਬ ਵੱਲ ਜਾਰਡਨ ਦਰਿਆ ਕਿਨਾਰੇ ਇਨ੍ਹਾਂ ਨੂੰ ਵੱਖ ਵਸਾ ਕੇ ਆਬਾਦੀ ਦਾ ਨਾਮ ਟਰਾਂਸ-ਜਾਰਡਨ ਰੱਖਿਆ। ਵਿਜਈ ਬਰਤਾਨੀਆ ਅਗੇ ਇਨ੍ਹਾਂ ਨੇ ਤਰਲੇ ਪਾਏ ਕਿ ਇਹ ਸਾਡਾ ਪੁਸ਼ਤੈਨੀ ਥਾਂ ਹੈ, ਸਾਨੂੰ ਇਥੇ ਤਾਂ ਵੱਸਣ ਦੀ ਆਗਿਆ ਮਿਲੇ। ਬਰਤਾਨੀਆਂ ਨੇ ਵਾਈਟ ਪੇਪਰ ਜਾਰੀ ਕੀਤਾ ਜਿਸ ਵਿਚ ਵਾਅਦਾ ਕੀਤਾ ਗਿਆ ਕਿ ਪੰਜ ਸਾਲ ਦੇ ਸਮੇ ਅੰਦਰ 75 ਹਜ਼ਾਰ ਯਹੂਦੀਆਂ ਲੂੰ ਇਜਰਾਈਲ ਵਿਚ ਜਾਣ ਦੀ ਆਗਿਆ ਮਿਲੇਗੀ। ਯਹੂਦੀਆਂ ਦੇ ਜੁਆਨ ਨੇਤਾ ਦਾਊਦ ਬਿਨ ਗੁਰੀਆਂ ਨੇ ਪਹਿਲੇ ਸੰਸਾਰ ਯੁੱਧ ਵਿਚ ਯਹੂਦੀਆਂ ਨੂੰ ਤੁਰਕਾਂ ਖਿਲਾਫ ਅੰਗਰੇਜ਼ਾਂ ਦੀ ਮੱਦਦ ਲਈ ਮਨਾਇਆ ਸੀ। ਦਾਊਦ ਨੇ ਐਲਾਨ ਕੀਤਾ- *ਜਦੋਂ ਅਸੀ ਹਿਟਲਰ ਖਿਲਾਫ ਲੜੇ ਮਰੇ, ਉਦੋਂ ਸਾਡੇ ਕੋਲ ਅੰਗਰੇਜਾਂ ਦਾ ਲਿਖਿਆ ਇਹ ਵਾਈਟ ਪੇਪਰ ਨਹੀਂ ਸੀ। ਹੁਣ ਹਿਟਲਰ ਨਹੀਂ, ਹੁਣ ਅਸੀ ਇਸ ਵਾਈਟ ਪੇਪਰ ਖਿਲਾਫ ਲੜਾਂਗੇ ਤੇ ਮਰਾਂਗੇ। ਅਸੀਂ ਸਦੀਆਂ ਤੋਂ ਉਜੜੇ ਫਿਰਦੇ ਹਾਂ, ਮਰਦੇ ਫਿਰਦੇ ਹਾਂ। ਸੱਠ ਲੱਖ ਮੌਤਾਂ ਦੀ ਗਿਣਤੀ ਕਾਫੀ ਹੈ। ਸੰਸਾਰ ਨੇ ਐਲਾਨ ਕਰ ਦਿਤਾ ਹੈ ਕਿ ਯੁੱਧ ਬੰਦ ਹੋ ਗਿਆ ਹੈ। ਅਸੀਂ ਬਚੇ ਹੋਏ ਯਹੂਦੀ, ਤ੍ਰਿਸਕਾਰੇ ਬੰਦੇ, ਦੁਨੀਆਂ ਖਿਲਾਫ ਲੜਾਂਗੇ। ਅਸੀ ਯੁੱਧ ਬੰਦੀ ਦਾ ਐਲਾਨ ਨਹੀਂ ਕੀਤਾ।*

1947 ਤੋਂ ਫਲਸਤੀਨ, ਮੁਸਲਮਾਨਾ ਅਤੇ ਯਹੂਦੀਆਂ ਦਾ ਯੁੱਧ ਖੇਤਰ ਬਣਦਾ ਰਿਹਾ, ਅੰਗਰੇਜਾਂ ਨੇ ਅਰਬਾਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਯਹੂਦੀਆਂ ਨੇ ਆਪਣੇ ਆਪ ਨੂੰ ਬਚਾਉਣ ਲਈ ਆਪੇ ਇਕ ਫੌਜ ਖੜ੍ਹੀ ਕਰ ਲਈ। ਯਹੂਦੀਆਂ ਨੇ ਅਰਬਾਂ ਕੋਲੋਂ ਬੰਜਰ ਜਮੀਨ ਖਰੀਦਣੀ ਸੁਰੂ ਕਰ ਦਿਤੀ। ਇਸ ਦਾ ਵੀ ਅੰਗਰੇਜ਼ਾਂ ਨੇ ਵਿਰੋਧ ਕੀਤਾ।

ਦੋਰਾ ਨੂੰ ਜਦੋਂ ਪਤਾ ਲੱਗਾ ਸਾਰਾ ਜਿਉਂਦੀ ਹੈ, ਉਸਦੇ ਪਤੀ ਦਾ ਨਾਮ ਅਬਰਾਹਮ ਹੈ ਤੇ ਉਨ੍ਹਾਂ ਦੇ ਘਰ ਬੱਚੀ ਜੰਮੀ ਹੈ, ਉਸਨੇ ਲੋਸ਼ੇਨ ਅਖਬਾਰ ਵਿਚ ਇਸ਼ਤਿਹਾਰ ਛਪਵਾਇਆ - *ਵਧਾਈ ਮੇਰੀ ਭੈਣ ਸਾਰਾ, ਨਵੀਂ ਜ਼ਿੰਦਗੀ, ਨਵੀਂ ਰੋਸ਼ਨੀ। ਤੇਰੀ ਵਫਾਦਾਰ ਤੇ ਪਿਆਰੀ ਭੈਣ ਦੋਰਾ ਵਲੋਂ ਚੰਗੇ ਭਵਿਖ ਦੀ ਮੰਗਲਕਾਮਨਾ।*

ਧੀ ਮੇਰੀਆਨੀ ਵਾਂਗ ਮਾਂ ਦੋਰਾ ਨੂੰ ਵੀ ਗੁਰਦੇ ਦੀ ਤਕਲੀਫ ਨੇ ਘੇਰ ਲਿਆ। ਚਿਹਰਾ ਅਤੇ ਲੱਤਾਂ ਸੁੱਜ ਗਈਆਂ, ਮੰਜੇ ਤੋਂ ਉਠਿਆ ਨਾ ਜਾਂਦਾ। ਤਾਂ ਵੀ ਕੱਪੜੇ ਸਿਉਂ ਕੇ ਗੁਜਾਰਾ ਕਰਦੀ। ਉਸਨੇ ਖਬਰ ਪੜ੍ਹੀ ਕਿ ਇੰਗਲੈਂਡ, ਯਹੂਦੀਆਂ ਦੇ ਫਲਸਤੀਨੀ ਵਸੇਬੇ ਦੇ ਖਿਲਾਫ ਹੈ, ਵੀਹ ਹਜ਼ਾਰ ਤੋਂ ਵਧੀਕ ਯਹੂਦੀ ਇਕ ਸਾਲ ਵਿਚ ਨਹੀਂ ਜਾਣਗੇ। ਅਮਰੀਕਾ ਨੇ ਇਕ ਲੱਖ ਯਹੂਦੀਆਂ ਨੂੰ ਸ਼ਰਣ ਦੇ ਦਿਤੀ, ਯਤੀਮਾਂ ਨੂੰ ਪਹਿਲ ਦਿਤੀ ਗਈ। ਸਾਰਾ ਨੂੰ ਫਲਸਤੀਨ ਜਾਣ ਵਾਸਤੇ ਦੋ ਸਾਲ ਉਡੀਕਣਾ ਪਿਆ।

ਦੋਰਾ ਕੁਝ ਸੁਧਰੀ, ਧੀ ਦੀ ਸਿਹਤ ਵਿਗੜ ਗਈ। ਹਰ ਹਫਤੇ ਰੇਲ ਰਸਤੇ ਲਿਊਟਨ ਜਾਕੇ ਟੀਕੇ ਲੁਆਉਣੇ ਪੈਂਦੇ। ਦਹਾਕੇ ਬਾਦ ਬਰੋਦ ਨੇ ਕਾਫਕਾ ਜੀਵਨੀ ਦੀ ਨਵੀਂ ਐਡੀਸ਼ਨ ਛਾਪੀ, ਨਵਾਂ ਅਧਿਆਇ ਲਿਖਿਆ- *ਕਾਫਕਾ ਬਾਰੇ ਏਨਾ ਕੁਝ ਲਿਖਿਆ ਗਿਆ ਹੈ ਕਿ ਸਾਰਾ ਪੜ੍ਹਿਆ ਨਹੀਂ ਜਾ ਸਕਦਾ, ਭ੍ਰਾਂਤੀਆਂ ਤੇ ਆਪਾ ਵਿਰੋਧਾਂ ਨਾਲ ਭਰੀਆਂ ਲਿਖਤਾਂ ਹਨ, ਕੋਈ ਕਾਫਕਾ ਨੂੰ ਨਹੀਂ ਜਾਣ ਸਕਿਆ, ਆਲੇ ਦੁਆਲੇ ਪਰਿਕਰਮਾ ਕਰ ਰਹੇ ਹਨ, ਮੈਂ ਜਿਹੜਾ ਉਸ ਦਾ ਦੋਸਤ ਹਾਂ, ਮੈਂ ਵੀ ਉਸ ਨੂੰ ਇੰਨਾ ਕੁ ਜਾਣਦਾ ਹਾਂ ਕਿ ਉਹ ਆਦਮੀ ਨੂੰ ਸਵੱਛ, ਸੰਪੂਰਨ ਦੇਖਣ ਦਾ ਸੁਫਨਾ ਲੈਂਦਾ ਹੈ।*

ਕਾਫਕਾ ਬਾਰੇ ਊਲ-ਜਲੂਲ ਵਧੀਕ ਛਪ ਰਿਹਾ ਸੀ। ਦੋਰਾ ਦਾ ਦਿਲ ਕੀਤਾ ਉਹ ਆਪਣੀ ਖਾਮੋਸ਼ੀ ਤੋੜੇ। ਹੋਦਿਨ ਉਸਦੇ ਘਰ ਇੰਟਰਵਿਊ ਲੈਣ ਗਿਆ। ਦੋਰਾ ਅੰਗਰੇਜੀ ਚੰਗੀ ਤਰਾਂ ਬੋਲਦੀ, ਪਰ ਉਸਦਾ ਫੈਸਲਾ ਸੀ ਕਿ ਇੰਟਰਵਿਊ ਜਰਮਨ ਭਾਸ਼ਾ ਵਿਚ ਹੋਵੇਗੀ, ਉਹ ਭਾਸ਼ਾ ਜਿਸ ਵਿਚ ਕਾਫਕਾ ਲਿਖਦਾ ਸੀ। ਦੋਰਾ ਦਾ ਖਿਆਲ ਸੀ ਕੇਵਲ ਜਰਮਨ ਜਾਣਨ ਵਾਲਾ ਬੰਦਾ ਉਸਦੇ ਨਜ਼ਦੀਕ ਪੁੱਜ ਸਕਦਾ ਹੈ। ਹੋਦਿਨ ਲਿਖਦਾ ਹੈ- ਦੋਰਾ ਨੇ ਪਹਿਲੀ ਮੁਲਾਕਾਤ ਵਿਚ ਕਹਿ ਦਿਤਾ ਸੀ- *ਮੈਂ ਨਿਰਪੱਖ ਨਹੀਂ ਹਾਂ, ਹੋ ਈ ਨਹੀਂ ਸਕਦੀ, ਉਸਦੀ ਮੌਤ ਹੋਇਆਂ ਵੀਹ ਸਾਲ ਬੀਤ ਗਏ ਹਨ। ਸ਼ਬਦ, ਤੱਥ ਕੀ ਕਰਨਗੇ, ਮਹੱਤਵਪੂਰਨ ਹੈ ਉਹ ਮਾਹੌਲ, ਜਿਹੜਾ ਕਾਫਕਾ ਨੇ ਸਿਰਜਿਆ। ਮੇਰੇ ਅੰਦਰਲਾ ਕਾਫਕਾ ਸੱਚ ਹੈ, ਮੁਹੱਬਤ ਉਸਦੇ ਵਰਣਨ ਵਿਚ ਘੁਲੀ ਹੋਈ ਹੋਵੇਗੀ ਹੀ।*

ਉਸਨੇ ਪਹਿਲੀ ਮੁਲਾਕਾਤ ਤੋਂ ਲੈਕੇ ਅਖੀਰ ਤੱਕ ਦੀਆਂ ਗੱਲਾਂ ਦੱਸੀਆਂ, ਯਾਦਾਂ ਦੇ ਝਰਨੇ ਵਗ ਪਏ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ।

*ਮੈਂ ਮੱਛੀਆਂ ਕੱਟ ਰਹੀ ਸਾਂ। ਉਸਨੇ ਕਿਹਾ- ਇਹ ਕੋਮਲ ਹੱਥ... ਇਹ ਕੰਮ। ਉਹ ਅਵਾਜ਼ ਅਜੇ ਤੱਕ ਮੈਨੂੰ ਸੁਣਾਈ ਦਿੰਦੀ ਹੈ। ਹਮੇਸ਼ ਖੁਸਮਿਜਾਜ਼। ਇਸ ਤਰਾਂ ਦੀਆਂ ਅੱਖਾਂ, ਜਿਵੇਂ ਕਹਿੰਦਾ ਹੋਵੇ- ਜੋ ਮੈਨੂੰ ਪਤਾ ਹੈ ਉਸਦਾ ਤੁਹਾਨੂੰ ਕੀ ਪਤਾ। ਬੱਚਿਆਂ ਵਰਗੀਆਂ ਨਿਕੀਆਂ ਨਿਕੀਆਂ ਸ਼ਰਾਰਤਾਂ। ਉਹ ਸੂਲੀ ਤੋਂ ਬਚਣ ਦਾ ਇਛੁਕ ਸੀ, ਉਸਨੂੰ ਇਹ ਵੀ ਪਤਾ ਸੀ ਕਿ ਸੂਲੀ ਤੋਂ ਬਗੈਰ ਜੀਵਨ, ਜੀਵਨ ਨਹੀਂ ਹੁੰਦਾ, ਉਸ ਨੂੰ ਪਤਾ ਸੀ ਬ੍ਰਹਿਮੰਡ ਦੀ ਸੁਪਰੀਮ ਕੋਰਟ ਵਿਚੋਂ ਕੋਈ ਬਰੀ ਨਹੀਂ ਹੁੰਦਾ। ਮੇਰੇ ਉਪਰ ਉਸਦਾ ਅਸਰ ਕਿਉਂ ਹੋਇਆ ਪਤਾ ਨਹੀਂ। ਲੋਕ ਕਹਿੰਦੇ ਸਨ- ਪੂਰਬ ਸ਼ਾਂਤ ਹੈ।ਖਾਮੋਸ਼ ਹੈ, ਪੂਰਬ ਯੁੱਧ ਨਹੀਂ ਚਾਹੁੰਦਾ। ਮੈਨੂੰ ਪੂਰਬਣੀ ਨੂੰ ਇਉਂ ਲੱਗਾ ਜਿਵੇਂ ਰੌਸ਼ਨੀ ਹੈ ਈ ਪੱਛਮ ਵਿਚ। ਇਹ ਮੈਨੂੰ ਇਥੇ ਆਕੇ ਪਤਾ ਲੱਗਾ ਕਿ ਪੱਛਮ ਬੇਚੈਨ ਹੈ। ਇਥੇ ਕੁਝ ਗੜਬੜ ਹੈ। ਪੂਰਬ ਦੇ ਲੋਕ ਵਧੀਕ ਨਹੀਂ ਬੋਲਦੇ। ਕਾਫਕਾ ਵਿਚੋਂ ਮੈਨੂੰ ਪੂਰਾ ਪੱਛਮ ਮਿਲਿਆ। ਮੈਨੂੰ ਕੁਝ ਸਿਖਾਣ ਦੀ ਥਾ ਉਹ ਮੇਰੇ ਤੋਂ ਸਿੱਖਣ ਲੱਗ ਗਿਆ, ਉਸ ਨੂੰ ਲੱਗਿਆ, ਦੋਰਾ ਸੰਪੂਰਨ ਪੂਰਬ ਹੈ। ਉਸਨੇ ਮੇਰੇ ਤੋਂ ਧਰਮ ਸਿੱਖਿਆ। ਇਕ ਉਮੀਦ ਵਾਂਗ ਉਸ ਨੂੰ ਮੈ ਮਿਲੀ। ਹਰੇਕ ਲਿਖਤ ਸਭ ਤੋਂ ਪਹਿਲਾਂ ਮੈਨੂੰ ਹੀ ਸੁਣਾਉਂਦਾ। ਕਦੀ ਕਹਿ ਦਿੰਦਾ- ਮੇਰੀਆਂ ਲਿਖਤਾਂ ਪ੍ਰੇਤ ਨੇ। ਮੈਂ ਇਨ੍ਹਾਂ ਤੋਂ ਬਚਣਾ ਚਾਹੁੰਨਾ। ਅੱਗ ਲਾ ਦੇਹ ਦੋਰਾ, ਮੈਨੂੰ ਮੁਕਤ ਕਰ। ਮੁਕਤ ਹੋਕੇ ਉਸਨੇ ਕਿਹੋ ਜਿਹਾ ਲਿਖਣਾ ਸੀ, ਕੀ ਪਤਾ, ਉਹ ਮੁਕਤ ਹੋਇਆ ਹੀ ਨਹੀਂ। ਉਸ ਨੂੰ ਹਰੇਕ ਵਸਤੂ ਸ਼ੱਕੀ ਲਗਦੀ, ਸਿਵਾਇ ਸਾਹਿਤ ਰਚਨਾ ਦੇ। ਬ੍ਰਹਿਮੰਡ ਦੇ ਟੁਕੜੇ ਜੋੜਨ ਦਾ ਇਛੁਕ ਸੀ, ਕਿਸੇ ਇੱਕ ਨੂੰ ਦੇਖਣ ਵਾਸਤੇ, ਉਸਨੂੰ ਪਤਾ ਸੀ ਪੂਰਬ ਬ੍ਰਹਿਮੰਡ ਦੀ ਏਕਤਾ ਨੂੰ ਪਛਾਣਦਾ ਹੈ। ਜਿਉਣ ਵਾਸਤੇ ਰੂਹਾਨੀ ਤਾਕਤ ਚਾਹੀਦੀ ਹੈ, ਬਗੈਰ ਕਿਸੇ ਰਾਜ਼ੀਨਾਵੇਂ ਦੇ। ਪੱਛਮ ਇਸ ਤੋਂ ਵੰਚਿਤ ਹੈ।*

ਹੋਦਿਨ ਨੂੰ ਇੰਟਰਵਿਊ ਵਾਸਤੇ ਸਵਾਲ ਨਹੀਂ ਪੁੱਛਣੇ ਪਏ। ਤੁਰ ਪੈਂਦੀ ਤਾਂ ਰੁਕਦੀ ਹੀ ਨਹੀਂ ਸੀ, ਫਟਾਫਟ ਘੰਟੇ ਬੀਤੀ ਜਾਂਦੇ। ਦੋਰਾ ਨੇ ਹੋਦਿਨ ਨੂੰ ਉਹ ਕਹਾਣੀ ਸੁਣਾਈ ਜਿਹੜੀ ਕਾਫਕਾ ਤੋਂ ਸੁਣੀ ਸੀ- *ਖਾਣ ਮਜ਼ਦੂਰ ਆਪਣੀ ਮਾਸ਼ੂਕਾ ਨਾਲ ਖਾਣ ਵੱਲ ਗਿਆ, ਪੈਰ ਫਿਸਲਿਆ, ਡੂੰਘੇ ਹਨੇਰਿਆਂ ਵਿਚ ਚਲਾ ਗਿਆ ਕਦੀ ਨਾ ਪਰਤਿਆ, ਕੁੜੀ ਉਸਦੀ ਯਾਦ ਵਿਚ ਬੁੱਢੀ ਹੋ ਗਈ ਪਰ ਵਿਆਹ ਨਾ ਕਰਵਾਇਆ, ਉਡੀਕਦੀ ਰਹੀ, ਆਏਗਾ। ਇਕ ਦਿਨ ਉਸ ਪਾਸ ਲਾਸ਼ ਪੁੱਜੀ, ਖਾਣ ਦੀਆਂ ਗੈਸਾਂ ਕਾਰਨ ਲਾਸ਼ ਉਵੇਂ ਤਰੋ ਤਾਜ਼ਾ ਸੀ ਜਿਵੇਂ ਵਿਛੜਨ ਵਾਲੇ ਦਿਨ। ਵਿਆਹ ਅਤੇ ਸ਼ਮਸ਼ਾਨ-ਘਾਟ ਇੱਕ ਹੋ ਗਏ।*

www.punjabilibrary.com

*ਜਦੋਂ ਮੈਂ ਉਸਦੀ ਕਿਤਾਬ ਪੜ੍ਹਦੀ ਹਾਂ, ਮੈਨੂੰ ਉਸ ਦੀ ਉਹੀ ਆਵਾਜ਼ ਸੁਣਾਈ ਦਿੰਦੀ ਹੈ ਜਦੋਂ ਉਹ ਮੈਨੂੰ ਸੁਣਾਇਆ ਕਰਦਾ, ਸੁਰੂ ਸੁਰੂ ਵਿਚ ਮੈਨੂੰ ਜਰਮਨ ਘੱਟ ਆਉਂਦੀ ਸੀ, ਇਹ ਕੁਝ ਜ਼ਿਆਦਾ ਹੀ ਨਵੀਨ ਭਾਸ਼ਾ ਸੀ। ਕਾਫਕਾ ਨੂੰ ਖੂਬ ਆਉਂਦੀ ਸੀ, ਪਰ ਉਹ ਪੁਰਾਤਨ ਭਾਸ਼ਾ ਦੀ ਤਲਾਸ਼ ਕਰਦਾ ਰਿਹਾ, ਉਸ ਅੰਦਰ ਪੁਰਾਤਨਤਾ ਛੁਪੀ ਬੈਠੀ ਸੀ। ਉਹ ਕਿਸੇ ਖਾਸ ਯੁੱਗ ਦੀ ਪ੍ਰਤੀਨਿਧਤਾ ਨਹੀ ਕਰਦਾ, ਮਨੁੱਖ ਦੀ ਹੋਣੀ ਦਾ ਪ੍ਰਤੀਨਿੱਧ ਹੈ। ਉਸਦਾ ਯਥਾਰਥ ਰੋਜ਼ਮੱਰਾ ਦੀਆਂ ਘਟਨਾਵਾਂ ਨਹੀਂ, ਜਮੇ ਹੋਏ ਉਸ ਅਨੰਤ ਪਲ ਦਾ ਪ੍ਰਤਿਨਿਧ ਹੈ ਜਿਹੜਾ ਥੋੜ੍ਹੀ ਦੇਰ ਵਾਸਤੇ ਪਕੜ ਵਿਚ ਆਇਆ ਤੇ ਬੀਤ ਗਿਆ।*

1948 ਵਿਚ ਕਾਫਕਾ ਦੀ ਭਾਣਜੀ ਆਪਣੇ ਪਤੀ ਸਮੇਤ ਦੋਰਾ ਨੂੰ ਮਿਲਣ ਆਈ। ਸਾਰੇ ਪਰਿਵਾਰਾਂ ਵਿਚੋਂ ਬਸ ਇਹੋ ਬਚੀ ਸੀ ਇਕ। ਓਟਲਾ ਬਚ ਸਕਦੀ ਸੀ ਕਿਉਂਕਿ ਉਸ ਦਾ ਪਤੀ ਆਰੀਆ ਸੀ। ਨਾਜ਼ੀ, ਆਰੀਆਂ ਨੂੰ ਛੱਡ ਦਿਆ ਕਰਦੇ ਹਨ ਬੇਸ਼ਕ ਉਹਨਾ ਦੇ ਪਤੀ ਪਤਨੀਆਂ ਯਹੂਦੀ ਹੋਣ। ਮਰਨ ਵਾਸਤੇ ਓਟਲਾ ਨੇ ਪਤੀ ਤੋਂ ਤਲਾਕ ਲਿਆ, ਫਿਰ ਖੁਦ ਨਾਜ਼ੀਆਂ ਕੋਲ ਜਾਕੇ ਕਿਹਾ- ਮੈ ਯਹੂਦੀ ਹਾਂ। ਮੈਨੂੰ ਮਾਰੋ। ਬਾਕੀਆਂ ਸਣੇ ਉਸਨੂੰ ਗੈਸ ਚੈਂਬਰ ਵਿਚ ਮਾਰਿਆ ਗਿਆ। ਕਾਫਕਾ ਦੀ ਭੈਣ ਕਾਫਕਾ ਦੇ ਸੁਫਨੇ ਵਾਂਗ ਜਿਉਣ ਅਤੇ ਮਰਨ ਦੀ ਇਛੁਕ ਰਹੀ। ਲੱਖਾਂ ਯਹੂਦੀ ਮਰ ਰਹੇ ਹੋਣ ਤੇ ਮੈ ਇਸ ਕਰਕੇ ਬਚ ਜਾਵਾਂ ਕਿ ਮੇਰਾ ਪਤੀ ਆਰੀਆ ਹੈ। ਇਸ ਵਿਆਹ ਅਤੇ ਇਸ ਜੀਵਨ ਉਤੇ ਲਾਹਣਤ। ਉਹ ਪਿਤਾ ਦੇ ਖਿਲਾਫ, ਕਾਫਕਾ ਦੇ ਹੱਕ ਵਿਚ ਹੋਇਆ ਕਰਦੀ। ਕਾਫਕਾ ਕਿਹਾ ਕਰਦਾ- ਤੂੰ ਬੜੀ ਦਲੇਰ ਕੁੜੀ ਹੈਂ। ਮੈਂ ਡਰ ਜਾਨਾ, ਤੂੰ ਨੀ ਡਰਦੀ, ਓਟਲਾ ਨੇ ਆਪਣੀ ਬਹਾਦਰੀ ਦੀ ਲਾਜ ਰੱਖੀ।

ਕਾਫਕਾ ਦੀ ਭਾਣਜੀ ਮੇਰੀਆਨਾ ਸਟੀਨਰ ਨੇ ਪਹਿਲੀ ਵਾਰ 1990 ਵਿਚ ਦੋਰਾ ਬਾਰੇ ਜ਼ਬਾਨ ਖੋਲ੍ਹੀ, ਕਿਹਾ- ਕਵੀ ਮੂਰ ਨੇ ਮੈਨੂੰ ਦੱਸਿਆ ਦੋਰਾ ਲੰਦਨ ਵਿਚ ਰਹਿੰਦੀ ਹੈ। ਬਿਮਾਰ ਹੈ, ਤੰਗੀ ਤੁਰਸ਼ੀ ਵਿਚ ਹੈ। ਉਸ ਦੀ ਇਕ ਧੀ ਹੈ, ਉਸ ਦਾ ਨਾਮ ਵੀ ਮੇਰੀਆਨਾ ਹੈ। ਸਾਲ 1948 ਵਿਚ ਇਹ ਕੁੜੀ ਲੰਦਨ ਅੰਗਰੇਜ਼ੀ ਦੇ ਪ੍ਰਕਾਸ਼ਕ ਸੈਕੱਰ ਐਂਡ ਵਾਰਬਰ ਨੂੰ ਮਿਲੀ, ਕਿਹਾ- ਮੈਨੂੰ ਪਤੈ ਇੰਗਲੈਂਡ ਵਿਚ ਲੇਖਕਾਂ ਨੂੰ ਰਾਇਲਟੀ ਮਿਲਦੀ ਹੈ ਪਰ ਇਥੇ ਦੋਰਾ ਨਾਮ ਦੀ ਇਕ ਔਰਤ ਗਰੀਬੀ ਭੋਗ ਰਹੀ ਹੈ। ਤੁਹਾਨੂੰ ਉਸ ਦਾ ਸਿਰਨਾਵਾਂ ਪਤੈ? ਪ੍ਰਕਾਸ਼ਕ ਦਾ ਖਤ ਥੋੜ੍ਹੇ ਦਿਨਾ ਬਾਦ ਦੋਰਾ ਦਾ ਸਿਰਨਾਵਾਂ ਲੈਕੇ ਆ ਗਿਆ। ਆਪਣੇ ਵਾਕਫ ਇਕ ਪ੍ਰਾਪਰਟੀ ਡੀਲਰ ਕੋਲ ਮੈਂ ਮਕਾਨ ਲੈਣ ਵਾਸਤੇ ਜਿਧਰ ਜਾਣਾ ਸੀ, ਉਸੇ ਪਾਸੇ ਦਾ ਸੀ ਇਹ ਸਿਰਨਾਵਾਂ। ਇਕ ਸਹੇਲੀ ਨੂੰ ਨਾਲ ਲੈਕੇ ਮੈਂ ਡੀਲਰ ਵੱਲ ਚੱਲ ਪਈ, ਅਸੀਂ ਅਜੇ ਬੈਠੀਆਂ ਈ ਸਾਂ ਕਿ ਇਕ ਔਰਤ ਆਉਂਦੀ ਦਿਸੀ। ਮੈਂ ਆਪਣੀ ਸਹੇਲੀ ਨੂੰ ਕਿਹਾ- ਅਹੁ ਦੋਰਾ ਆ ਰਹੀਂ ਹੈ। ਉਹ ਹਸਕੇ ਕਹਿਣ ਲੱਗੀ- ਜਦੋਂ ਦਾ ਤੈਨੂੰ ਇਹ ਕਾਰਡ ਮਿਲਿਆ, ਹਰੇਕ ਜਨਾਨੀ ਤੈਨੂੰ ਦੋਰਾ ਦਿਸਦੀ ਹੈ।

ਦੋਰਾ ਡੀਲਰ ਕੋਲ ਆਈ, ਕਿਹਾ- ਮੈਨੂੰ ਇਕ ਕਮਰਾ ਕਿਰਾਏ ਤੇ ਚਾਹੀਦੈ। ਉਦੋਂ ਮੈਂ ਗਿਆਰਾਂ ਸਾਲ ਦੀ ਸਾਂ ਜਦੋ 1924 ਵਿਚ ਦੋਰਾ ਨੂੰ ਦੇਖਿਆ ਸੀ। ਅਜੇ ਮੈ ਡੀਲਰ ਤੋਂ ਕਾਰਡ ਤੇ ਲਿਖੇ ਸਿਰਨਾਵੇਂ ਬਾਰੇ ਪੁਛਣਾ ਸੀ ਕਿ ਦੋਰਾ ਆਪੇ ਆ ਗਈ। ਧਰਤੀ ਅਤੇ ਅਕਾਸ਼ ਵਿਚਕਾਰ ਬਹੁਤ ਕੁਝ ਗੈਬੀ ਹੈ, ਮੇਰਾ ਵਿਸ਼ਵਾਸ ਹੈ। ਇਸ ਤਰਾਂ ਦੇ ਮੌਕਾ ਮੇਲ ਮੇਰੇ ਨਾਲ ਬੜੀ ਵਾਰ ਵਾਪਰੇ। ਇਹ ਮੇਲ ਮੈਨੂੰ ਪਿਆਰੇ ਲਗਦੇ ਹਨ। ਇਨ੍ਹਾਂ ਮੇਲਾਂ ਨੂੰ ਮੈਂ ਵੀ ਤਾਂ ਪਸੰਦ ਹਾਂ, ਇਸੇ ਕਰਕੇ ਆਉਂਦੇ ਹਨ।ਮੈਂ ਪੁੱਛਿਆ- ਤੁਸੀਂ ਦੋਰਾ ਹੋ ? ਉਸਨੇ ਕਿਹਾ- ਹਾਂ। ਮੈਂ ਕਿਹਾ, ਮੈ ਮੇਰੀਆਨਾ ਹਾਂ। ਉਸਨੂੰ ਸਮਝ ਨਾਂ ਲੱਗੀ। ਫਿਰ ਮੈ ਕਿਹਾ- ਵੱਲੀ ਦੀ ਧੀ ਹਾਂ। ਉਸਨੂੰ ਫਿਰ ਵੀ ਪਤਾ ਨਾਂ ਲੱਗਾ। ਫਿਰ ਮੈਂ ਕਿਹਾ- ਕਾਫਕਾ ਦੀ ਭਾਣਜੀ, ਉਸ ਦੀ ਭੈਣ ਵੱਲੀ ਦੀ ਧੀ। ਉਹ ਸਮਝ ਗਈ। ਕੰਬਣ ਲੱਗੀ। ਫਿਰ ਹੰਝੂ ਵਗਣ ਲਗ ਪਏ। ਕਮਰੇ ਵਿਚਕਾਰ, ਪੰਜ ਛੇ ਬੰਦਿਆਂ ਦੀ ਮੌਜੂਦਗੀ ਵਿਚ ਜਦੋਂ ਅਸੀਂ ਮਿਲੀਆ, ਸਾਨੂੰ ਯਕੀਨ ਨਾ ਆਇਆ, ਸਾਨੂੰ ਲੱਗਾ ਜਿਵੇਂ ਸੁਫਨਾ ਦਿੱਸਿਐ ਕੋਈ।

15 ਮਈ 1948 ਦੇ ਪਵਿੱਤਰ ਦਿਨ ਨਵਾਂ ਝੰਡਾ ਆਕਾਸ਼ ਵਿਚ ਲਹਿਰਾਇਆ, ਸਫੈਦ ਰੰਗ, ਦਾਊਦ ਦਾ ਨੀਲਾ ਤਾਰਾ ਐਨ ਵਿਚਕਾਰ। ਦੋਰਾ ਸਮੇਤ ਲੱਖਾਂ ਯਹੂਦੀਆਂ ਨੂੰ ਖੁਸ਼ੀ ਮਿਲੀ। ਇਜਰਾਈਲ ਮਿਲ ਗਿਆ। ਲੱਖਾਂ ਅਰਬ ਉਦਾਸ ਹੋਏ- ਨਵੇਂ ਯੁੱਧ ਦੀ ਸੁਰੂਆਤ। ਯੂ.ਐਨ.ਓ ਨੇ ਮਤਾ ਪਾਸ ਕਰਕੇ ਫਲਸਤੀਨ ਦੇ ਦੋ ਟੋਟੇ ਕਰ ਦਿਤੇ। ਇਕ ਅਰਬ ਸਟੇਟ ਦੂਜੀ ਯਹੂਦੀ ਸਟੇਟ। ਜਾਰਡਨ ਦਰਿਆ ਨੇ ਦੋਵੇਂ ਦੇਸਾਂ ਨੂੰ ਵੱਖ ਕੀਤਾ। ਯੇਰੂਸ਼ਲਮ ਨੂੰ ਸਰਬ ਸਾਂਝੀ ਥਾ ਬਣਾਇਆ ਗਿਆ, ਜਿਵੇਂ ਰੋਮ।

ਅਰਬਾਂ ਨੇ ਇਹ ਵੰਡ ਪ੍ਰਵਾਨ ਨਾ ਕੀਤੀ। ਮਿਸਰ, ਲੈਬਨਾਨ, ਈਰਾਕ, ਜਾਰਡਨ ਅਤੇ ਸੀਰੀਆ ਨੇ ਇਕੱਠਿਆਂ ਹਮਲਾ ਕਰ ਦਿਤਾ, ਤਲ-ਅਵੀਵ ਵਾਲੇ ਪਾਸਿਉਂ ਮਿਸਰ ਨੇ, ਗਲੀਲੀ ਉਪਰ ਸੀਰੀਆ ਨੇ, ਨਜ਼ਾਰਥ ਉਪਰ ਲੈਬਨਾਨ ਨੇ ਤੇ ਜਾਰਡਨ ਨੇ ਯੇਰੂਸ਼ਲਮ ਉਪਰ ਧਾਵਾ ਕੀਤਾ। ਜਨਮ ਨੈਣ ਸਾਰ ਨਵਜੰਮਿਆ ਬੱਚਾ ਚੁਫੇਰਿਉਂ ਘਿਰ ਗਿਆ। ਯਹੂਦੀ ਮਰਦੇ ਰਹੇ ਤੇ ਮਰਨ ਵਾਸਤੇ ਬਾਹਰੋਂ ਉਥੇ ਪੁਜਦੇ ਵੀ ਰਹੇ। ਸਾਰਾ ਆਪਣੇ ਪਤੀ ਤੇ ਧੀ ਸਣੇ ਅਵੀਵ ਪੁੱਜ ਗਈ। ਦੋਰਾ ਨੂੰ ਇਹ ਖਬਰਾਂ ਮਿਲਦੀਆਂ ਰਹੀਆਂ। ਉਸ ਦਾ ਮਨ ਬੜੀ ਵਾਰ ਉਥੇ

ਜਾਣ ਨੂੰ ਕੀਤਾ। ਆਜ਼ਾਦ ਦੇਸ ਬਣੇ ਨੂੰ ਸਾਲ ਬੀਤ ਗਿਆ ਸੀ, ਪਰਿਵਾਰ ਦੇ ਜੀਅ ਵੀ ਉਥੇ ਰਹਿ ਰਹੇ ਸਨ, ਹੁਣ ਸਫਰ ਵਾਸਤੇ ਪੈਸੇ ਨਹੀਂ। ਧੀ ਦੇ ਇਲਾਜ ਉਪਰ ਸਾਰਾ ਪੈਸਾ ਲੱਗ ਜਾਂਦਾ।

1947 ਵਿਚ ਰੂਸ ਤੋਂ ਸੁਲੇਮਾਨ ਮਿਸ਼ੋਲ ਲੰਡਨ ਆਇਆ, ਉਹੀ ਸੁਲੇਮਾਨ, ਜਿਸ ਨੂੰ ਦੋਰਾ ਨੇ ਰੂਸ ਵਿਚ ਕਿੰਗ ਲੀਅਰ ਦਾ ਰੋਲ ਕਰਦਿਆ ਦੇਖਿਆ ਸੀ, ਉਸਨੇ ਜਦੋਂ ਦੱਸਿਆ ਕਿ ਜਰਮਨ ਨੇ ਰੂਸ ਦਾ ਜਿਹੜਾ ਪੂਰਬੀ ਯੋਰਪ ਖੋਹਿਆ, ਉਥੇ ਨਾਜ਼ੀ, ਪੁਰਾਣੀ ਇੰਜੀਲ ਦੇ ਵਰਕੇ ਧਰਤੀ ਤੇ ਸੁੱਟ ਕੇ ਉਨ੍ਹਾਂ ਉਪਰ ਨੱਚਿਆ ਕਰਦੇ ਸਨ। ਇਹ ਗੱਲ ਦੱਸਦਿਆਂ ਬੁੱਢਾ ਐਕਟਰ ਕੰਬਣ ਲੱਗ ਪਿਆ। ਦੋਰਾ ਨੇ ਕਿਹਾ- ਬਾਈਬਲ ਦਾ ਵਾਕ ਹੈ- ਭਲੇ ਬਖਸ਼ੇ ਜਾਣ। ਦੂਜਾ ਵਾਕ ਹੈ- ਬੁਰੇ ਨਾ ਬਖਸ਼ੇ ਜਾਣ। ਸੁਲੇਮਾਨ, ਪਹਿਲਾ ਵਾਕ ਰੱਬ ਨੇ ਤੇਰੇ ਵਾਸਤੇ ਭੇਜਿਆ ਹੈ। ਤੂੰ ਆਪਣੀ ਕੌਮ ਨੂੰ ਏਨਾ ਪਿਆਰ ਕਰਦੈਂ। ਮੇਰੇ ਵਾਸਤੇ ਤੂੰ ਕੁਦਰਤ ਦੇ ਕਾਨੂਨ ਦੀ ਤਸਵੀਰ ਹੈਂ। ਗਰਮੀਆਂ ਵਿਚ ਦਰਖਤ ਟਾਹਣੀਆਂ ਨੂੰ ਪੱਤੇ, ਫੁੱਲ ਤੇ ਫਲ ਦਿੰਦੈ। ਸਰਦੀਆਂ ਵਿਚ ਅੱਗ ਲੱਗੇ ਤਾਂ ਆਪ ਵੀ ਬਚਣ ਦਾ ਇਛੁਕ ਨਹੀਂ ਹੁੰਦਾ। ਤੇਰੇ ਨਾਲ ਧੋਖਾ ਨਹੀਂ ਹੋਵੇਗਾ ਕਿਉਂਕਿ ਤੂੰ ਜਹਾਨ ਨੂੰ ਧੋਖਾ ਨਹੀਂ ਦਿਤਾ।

ਜਨਵਰੀ 1948 ਵਿਚ ਖਬਰ ਛਪੀ- ਸੁਲੇਮਾਨ ਮਿਸ਼ੋਲ ਕਾਰ ਦੁਰਘਟਨਾ ਵਿਚ ਮਾਰਿਆ ਗਿਆ। ਸਟਾਲਿਨ ਨੇ ਉਸ ਦਾ ਕਤਲ ਕਰਵਾਇਆ। ਯਹੂਦੀਆਂ ਨੂੰ ਮਾਰਨਾ ਸਟਾਨਿਨ ਦੇ ਏਜੰਡੇ ਵਿਚ ਆ ਗਿਆ ਸੀ। ਦੋਰਾ ਨੇ ਸ਼ਰਧਾਂਜਲੀ ਲਿਖ ਕੇ ਅਖਬਾਰਾਂ ਨੂੰ ਭੇਜੀ, ਟਾਈਟਲ ਸੀ- *ਸੁਲੇਮਾਨ ਮਿਸੋਲ- ਇਕ ਯਹੂਦੀ*। ਖੁਦ ਤੋਂ ਪੁਛਦੀ- ਮੈਂ ਯਹੂਦੀ ਹਾਂ ਕਿ ਨਹੀਂ ? ਕਿਤੇ ਯੋਰਪ ਨੇ ਮੈਨੂੰ ਖੋਰ ਤਾਂ ਨਹੀਂ ਲਿਆ? ਜੇ ਖੁਰਨ ਤੋ ਬਚੀ ਹੋਈ ਹਾਂ ਫਿਰ ਇਜ਼ਰਾਈਲ ਕਿਉ ਨੀ ਜਾਂਦੀ?

ਕਾਫਕਾ ਦੀ ਭਾਣਜੀ ਆਪਣੀ ਕਾਰ ਵਿਚ ਹਰ ਹਫਤੇ ਦੋਰਾ ਨੂੰ ਹਸਪਤਾਲ ਉਸਦੀ ਧੀ ਨਾਲ ਮਿਲਾ ਲਿਆਉਂਦੀ। ਬਿਸਤਰੇ ਉਪਰ ਪਈ 15 ਸਾਲ ਦੀ ਹੋ ਗਈ। ਜੁਆਨੀ ਆਈ ਪਰ ਖਾਮੋਸ਼, ਬਿਨਾ ਆਵਾਜ਼ ਦਿਤਿਆਂ ਲੰਘਦੀ ਗਈ।

ਯਹੂਦੀਆਂ ਨੇ ਐਲਾਨ ਕਰ ਦਿਤਾ- ਇਜ਼ਰਾਈਲ ਵਿਚ ਸਾਰੇ ਯਹੂਦੀ, ਹਿਬਰੂ ਬੋਲਿਆ ਕਰਨਗੇ, ਪੈਗੰਬਰਾਂ ਦੀ ਜ਼ਬਾਨ। ਦੋਰਾ ਨੇ ਹਉਕਾ ਲੈਂਦਿਆ ਕਿਹਾ- ਪਰ ਯਿਦਿਸ਼? ਇਸ ਨੂੰ ਗੰਵਾਰਾਂ ਦੀ ਬੋਲੀ ਕਿਹਾ ਜਾਵੇਗਾ? ਸਾਡਾ ਕਲਚਰ ਕਿਵੇ ਬਚੇਗਾ? ਜਦੋਂ ਵਾਹ ਲਗਦੀ, ਯਹੂਦੀਆਂ ਦੇ ਇਕੱਠ ਵਿਚ ਯਿਦਿਸ਼ ਭਾਸ਼ਾ ਦੇ ਗੀਤ ਗਾਉਂਦੀ, ਸਟੇਜ ਤੇ ਐਕਟਿੰਗ ਕਰਦੀ। ਕਿਹਾ ਕਰਦੀ- ਹਿਬਰੂ ਪੂਰਾ ਸੱਚ ਹੈ, ਮੈ ਮੰਨਦੀ ਹਾਂ, ਯਿਦਿਸ਼ ਨਿਕਾ ਜਿਹਾ ਸੱਚ, ਸੱਚ ਦਾ ਨਿਕਾ ਹਿੱਸਾ ਵੀ ਕਿਉਂ ਮਰੇ ?

ਕਾਫਕਾ ਦੀ ਭਾਣਜੀ ਇਕ ਦਿਨ ਪੈਸੇ ਦੇਣ ਆਈ, ਕਿਹਾ- ਇਹ ਕਾਫਕਾ ਦੀ ਜਾਇਦਾਦ ਵਿਚੋਂ ਨੇ। ਦੋਰਾ ਨੇ ਨਾਂਹ ਨਾ ਕੀਤੀ। ਇਕ ਤਾਂ ਮੇਰੀਆਨੀ ਵਾਸਤੇ ਲੋੜ ਸੀ, ਦੂਜੇ ਇਜ਼ਰਾਈਲ ਜਾਣ ਦੀ ਇਛੁਕ ਸੀ, ਦੋਰਾ ਦਾ ਇਜ਼ਰਾਈਲ ਵਿਚ ਵਸਿਆ ਭਰਾ ਦਾਊਦ ਵੀ ਮਦਦ ਕਰਨਾ ਚਾਹੁੰਦਾ ਸੀ। ਇਜ਼ਰਾਈਲ ਤੋਂ ਰੂਸ ਦਾ ਰਾਜਦੂਤ ਨਮੀਰ, ਦਾਊਦ ਦਾ ਦੋਸਤ ਸੀ।

ਦਾਉਦ ਨੇ ਨਮੀਰ ਨੂੰ ਮਨਾ ਲਿਆ ਕਿ ਦੋਰਾ ਨੂੰ ਸਰਕਾਰੀ ਸੱਦਾ ਦੇ ਕੇ ਕਾਫਕਾ ਉਪਰ ਭਾਸ਼ਣ ਕਰਵਾਉ। ਉਦੋਂ ਤੱਕ ਕਾਫਕਾ ਸਾਹਿਤ ਹਿਬਰੂ ਵਿਚ ਅਨੁਵਾਦ ਹੋਕੇ ਲੋਕਾਂ ਤੱਕ ਪੁੱਜ ਚੁਕਾ ਸੀ। ਅਕਤੂਬਰ ਵਿਚ ਜਾਕੇ ਦਸੰਬਰ ਵਾਪਸੀ ਦਾ ਪਲੈਨ ਬਣਿਆ।

ਦੋਰਾ ਇਜ਼ਰਾਇਲ ਗਈ। ਪਹਿਲੀ ਵਾਰ ਅਹਿਸਾਸ ਹੋਇਆ ਜਿਉਂਦੀ ਹਾਂ ਅਤੇ ਮੈਕਸਬਰੋਦ ਨੇ ਵੱਡੇ ਥਿਏਟਰ ਵਿਚ ਉਸ ਦੇ ਭਾਸਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਸਨੂੰ ਸੁਣਨ ਵਾਸਤੇ ਦੂਰੋਂ ਦੂਰੋਂ ਲੋਕ ਪੁੱਜੇ। ਯੋਰਪ ਨੇ ਕਾਫਕਾ ਨੂੰ ਵਧੀਕ ਪਸੰਦ ਨਹੀਂ ਕੀਤਾ। ਇਜ਼ਰਾਈਲ ਨੇ ਕੀਤਾ, ਯਹੂਦੀਆਂ ਨੇ ਕਿਹਾ- ਉਹ ਸਾਡਾ ਵਡੇਰਾ ਸੀ। ਸਾਨੂੰ ਜਗਾਉਣ ਵਾਸਤੇ ਆਇਆ ਸੀ।

ਭਰਾ ਦਾਊਦ ਪਿਆਰ ਨਾਲ ਮਿਲਿਆ, ਕਹਿਣ ਲੱਗਾ- ਪਿਤਾ ਨੇ ਤੇਰੇ ਨਾਲ ਚੰਗਾ ਨਿਹੀਂ ਕੀਤਾ, ਅਸੀ ਵੀ ਪਿਤਾ ਮਗਰ ਲੱਗੇ। ਭੈਣ ਸਾਰਾ ਇਥੇ ਤਲ-ਅਵੀਵ ਵਿਚ ਹੈ, ਤੈਨੂੰ ਪਤੈ ? ਜਲਦੀ ਮਿਲਾਵਾਂਗਾ।

ਦੋਵੇਂ ਭੈਣਾ ਮਿਲੀਆਂ। ਦੋਰਾ ਨੇ ਦੱਸਿਆ- ਜੇਲ੍ਹ ਕੈਂਪ ਵਿਚ ਵੀ ਮੇਰੇ ਕੋਲ ਤੇਰੀ ਛੋਟੀ ਹੁੰਦੀ ਦੀਆਂ ਤਸਵੀਰਾਂ ਹੁੰਦੀਆਂ, ਇਸ ਤਰੀਕੇ ਤੂੰ ਮੇਰੇ ਵਾਸਤੇ ਜਿਉਂਦੀ ਰਹੀ। ਦੇਖ ਹੁਣ ਆਪਾਂ ਮਿਲ ਗਈਆਂ। ਹੁਣ ਨੀ ਵਿਛੜਨਾ। ਬਹੁਤ ਹੋ ਗਿਆ।

1999 ਵਿਚ ਸਾਰਾ ਜਦੋਂ 77 ਸਾਲ ਦੀ ਸੀ, ਨੇ ਦੱਸਿਆ- ਭੈਣ ਇਹ ਆਖ ਕੇ ਗਈ ਸੀ ਕਿ ਮੇਰੀਆਨੀ ਨੂੰ ਲੈਕੇ ਵਾਪਸ ਪਰਤਾਂਗੀ। ਦੱਸਿਆ ਕਰਦੀ ਸੀ ਕਿ ਕਾਫਕਾ ਦੀ ਇੱਛਾ ਉਸ ਰਾਹੀਂ ਸੰਸਾਰ ਨੂੰ ਇਕ ਬੱਚਾ ਦੇਣ ਦੀ ਸੀ। ਸੁਗਾਤ ਨਾਂ ਦੇ ਸਕਿਆ।

ਭਰਾ ਦਾਉਦ ਦਾ ਕਾਰੋਬਾਰ ਵਧੀਆ ਚੱਲਿਆ। ਉਸ ਨੇ ਦੱਸਿਆ- ਦੋਰਾ, ਸਾਰੇ ਇਹੀ ਕਹੀ ਜਾਂਦੇ ਸਨ ਮੈਨੂੰ ਕਿ ਮੈਂ ਘਰ ਕਿਉਂ ਨੀ ਖਰੀਦਦਾ। ਮੈਂ ਕਿਹਾ- ਪਹਿਲਾਂ ਕਾਰੋਬਾਰ ਖਰੀਦਾਂਗਾ। ਘਰ ਦੀਆਂ ਕੰਧਾ ਖਾਕੇ ਥੋੜਾ ਰੱਜਿਆ ਜਾ ਸਕਦੈ? ਆਹ ਦੇਖ, ਹੁਣ ਕਿਡਾ ਵੱਡਾ ਘਰ ਖਰੀਦਿਐ। ਇਕ ਨਾਜ਼ੀ ਅਫਸਰ ਦਾ ਘਰ ਸੀ ਇਹ।

ਦੋਰਾ ਦੇ ਭਤੀਜੇ ਜ਼ੇਲਿਗ ਨੇ ਦੱਸਿਆ- ਪਾਪਾ ਨੇ ਨਿਕੇ ਹੁੰਦੇ ਨੂੰ ਮੈਨੂੰ ਅਕਾਰਡੀਅਨ ਵਜਾਉਣੀ ਸਿਖਾਈ, ਕਿਹਾ ਕਰਦਾ ਸੀ- ਇਹ ਕੁੜੀਆਂ ਫੜਨ ਦੇ ਕੰਮ ਆਏਗੀ।

ਭਰਾ ਦਾਉਦ ਦੇ ਘਰ ਕਈ ਦਿਨ ਰਹਿਣ ਮਗਰੋਂ ਸਾਰਾ ਕੋਲ ਚਲੀ ਗਈ। ਭਾਣਜੀ ਦਸਦੀ ਹੈ- ਜਦੋਂ ਮਾਸੀ ਆਈ ਸਾਨੂੰ ਲੱਗਾ ਯਤੀਮਾਂ ਨੂੰ ਟੱਬਰ ਮਿਲ ਗਏ। ਮਗਰੋਂ ਜਦੋ 1999 ਵਿਚ ਮਾਸੀ ਦੀ ਕਬਰ ਤੇ ਆਈ ਤਾਂ ਬੜੀਆਂ ਗੱਲਾਂ ਦੱਸੀਆਂ... ਕਿ ਕਿੰਨੀਆਂ ਸੁਹਣੀਆਂ ਲੋਰੀਆਂ, ਘੋੜੀਆਂ ਗਾਈਆਂ ... ਕਿੰਨੀਆਂ ਕਹਾਣੀਆਂ ਯਾਦ ਸਨ ਉਸਨੂੰ ... ਅਸੀਂ ਨਾਲ ਹੀ ਚਿਪਕੇ ਰਹਿੰਦੇ। ਦੋਵੇਂ ਭੈਣਾ ਹੱਥ ਵਿਚ ਹਥ ਫੜੀ ਮੈਕਸਬਰੋਦ ਦੇ ਘਰ ਜਾਂਦੀਆਂ ਦੀ ਤਸਵੀਰ ਸਾਫ ਦਿਸ ਰਹੀਂ ਹੈ। ਦੋਰਾ ਨੇ ਬਰੋਦ ਨੂੰ ਦੱਸਿਆ ਕਿ ਅਰਦਾਸ ਵਕਤ, ਸਾਰਾ, ਘੱਲੂਘਾਰੇ ਵਿਚ ਮਰੇ ਪਰਿਵਾਰ ਦੇ ਸਾਰੇ ਜੀਆਂ ਦਾ ਨਾਮ ਲੈਂਦੀ ਹੈ। ਸਾਰਾ ਕੋਲ ਮਹੀਨਾ ਰਹੀ। ਫੇਰ ਵਖ ਵਖ ਥਾਵਾਂ ਤੋਂ ਸੱਦੇ ਆਉਂਦੇ ਰਹਿੰਦੇ, ਜਾਂਦੀ ਰਹਿੰਦੀ।

ਵਾਪਸੀ ਦਾ ਸਮਾ ਆ ਗਿਆ, ਦੋ ਸੂਟਕੇਸ ਅਤੇ ਕਾਫਕਾ ਦਾ ਬੁਰਸ਼ ਭੈਣ ਦੇ ਘਰ ਛਡ ਗਈ- ਮੇਰੀਆਨਾ ਨੂੰ ਲੈਕੇ ਆਵਾਂਗੀ, ਆਖਰੀ ਸਾਹਾਂ ਤਕ ਇਥੇ ਰਹਾਂਗੀ।

ਵਾਪਸ ਲੰਦਨ ਜਾਕੇ ਹਸਪਤਾਲ ਵਿਚ ਬਿਮਾਰ ਧੀ ਨੂੰ ਮਿਲੀ। ਇਸ ਕੁੜੀ ਨੂੰ ਦੁਨੀਆਂ ਦਾ ਕੋਈ ਪਤਾ ਨਹੀਂ ਸੀ.... ਘਰ ਜਾਂ ਹਸਪਤਾਲ, ਹੋਰ ਕੁਝ ਨਹੀਂ ਦੇਖਿਆ। ਇਕ ਦਿਨ ਧੀ ਨੂੰ ਪੁੱਛਿਆ- ਦਸ ਸਾਲ ਤੋਂ ਤੇਰੇ ਪਾਪਾ ਦਾ ਕੁਝ ਪਤਾ ਨਹੀਂ ਲੱਗਾ। ਆਪਾਂ ਉਸਨੂੰ ਮਰਿਆ ਐਲਾਨ ਕਰ ਦੇਈਏ? " ਨਾ ਮਾਮਾ ... ਕੀ ਪਤਾ ਜਿਉਂਦਾ ਹੋਵੇ।" ਦੋਵੇਂ ਇਸ ਗੱਲ ਤੇ ਸਹਿਮਤ ਹੋ ਗਈਆਂ। ਧੀ ਦਾ ਆਪਰੇਸ਼ਨ ਹੋਇਆ, ਠੀਕ ਹੋ ਗਿਆ। ਹੁਣ ਕੀ ਪਤਾ ਰਾਜ਼ੀ ਹੋ ਜਾਵੇ।

ਧੀ ਨੂੰ ਰਾਜ਼ੀ ਕਰਦੀ ਕਰਦੀ ਖੁਦ ਬਿਮਾਰ ਹੋ ਗਈ। ਮਾਵਾਂ ਧੀਆਂ ਆਹਮੋ ਸਾਹਮਣੇ। ਡਾਕਟਰ ਨੇ ਖਬਰ ਦਿਤੀ ਕਿ ਤੇਰੀ ਨਣਦ ਰੂਥ ਲਾਸਕ, ਅਮਰੀਕਾ ਤੋਂ ਮਿਲਣ ਆ ਰਹੀ ਹੈ। ਚਿੰਤਾ ਵਿਚ ਘਿਰ ਗਈ। ਬਾਰਾਂ ਸਾਲ ਪਿਛੋਂ ਮਿਲਣ ਦੀ ਖੁਸ਼ੀ ਹੋਣੀ ਚਾਹੀਦੀ ਸੀ, ਪਰ ਉਸ ਨੂੰ ਬੰਦਰਗਾਹ ਤੋਂ ਕੌਣ ਲਿਆਏਗਾ? ਹਸਪਤਾਲ ਵਿਚ ਮਿਲਾਂਗੇ? ਕਿਡੀ ਸਖਤ ਹੋਣੀ ਹੈ। ਹੈਨੀ ਦਾ ਸਹਾਰਾ ਲਿਆ। ਥੋੜੀਆਂ ਠੀਕ ਹੋਈਆਂ। ਘਰ ਆਈਆਂ। ਭੂਆ ਨੂੰ ਮਿਲ ਕੇ ਮੇਰੀਆਨਾ ਖੁਸ਼ ਦਿੱਸੀ। ਭੂਆ ਨੂੰ ਵੀ ਰੂਸ ਵਿਚ ਗਏ ਪਰਿਵਾਰ ਦਾ ਕੋਈ ਪਤਾ ਨਹੀਂ ਸੀ।

ਪਤਾ ਲੱਗਾ ਕਿ ਜਰਮਨੀ ਵਿਚ ਕਾਫਕਾ ਸਾਹਿਤ ਮੁੜ ਛਪਣ ਲੱਗਾ ਹੈ।ਦੋਰਾ ਖੁਸ਼ ਹੋਈ। ਨਣਦ ਨੂੰ ਕਿਹਾ- ਹੁਣ ਜਰਮਨੀ ਬਚ ਜਾਏਗਾ। ਕਾਫਕਾ ਨੇ ਮਨੁਖਤਾ ਨੂੰ ਟੇਬਲ ਤੇ ਲਿਟਾ ਕੇ ਅਪ੍ਰੇਸ਼ਨ ਕੀਤੇ ਸਨ। ਉਹ ਚਾਹੁੰਦਾ ਸੀ ਆਦਮੀ ਬਚੇ। ਸਾਰਾ ਕੁਝ ਫਾਲਤੂ, ਬਿਮਾਰ, ਕੱਟ ਕੱਟ ਸੁਟਦਾ ਰਿਹਾ। ਮਾਰਥੀ, ਮੇਰੇ ਲਈ ਏਨਾ ਮੱਖਣ ਨਾ ਭੇਜਿਆ ਕਰ, ਮੈਂ ਕਿਹੜਾ ਘਿਉ ਦੀ ਦੁਕਾਨ ਕਰਨੀ ਹੈ। ਖਾ ਮੈਂ ਸਕਦੀ ਨਹੀਂ। ਸੋ ਹੁਣ ਬਸ। ਤੇਰੇ ਲਈ ਸੂਟ ਸੀਆਂਗੀ। ਇਕ ਗਰਮੀਆ ਲਈ ਇਕ ਸਰਦੀਆਂ ਵਾਸਤੇ।

ਮਾਰਚ 1952, ਦੋਰਾ ਨੇ ਆਪਣਾ 54 ਵਾਂ ਜਨਮ ਦਿਨ ਮਨਾਇਆ। ਆਖਰੀ ਜਨਮ ਦਿਨ ਹੈ, ਜਾਣਦੀ ਸੀ, ਇਸ ਕਰਕੇ ਵਸੀਅਤ ਲਿਖਣ ਬੈਠੀ। ਲਿਖਿਆ- ਮੇਰੀ ਕਬਰ ਪਰਾਗ ਵਿਚ ਕਾਫਕਾ ਦੀ ਕਬਰ ਲਾਗੇ ਹੋਵੇ। ਲਿਫਾਫੇ ਉਪਰ ਲਿਖਿਆ- ਮੌਤ ਤੋਂ ਬਾਦ ਖੋਲ੍ਹਣਾ। ਪੱਤਰ ਮੈਕਸ ਬਰੋਦ ਦਾ ਸਿਰਨਾਵਾਂ ਲੈਕੇ ਚਲਾ ਗਿਆ। ਅਗਸਤ 15 ਨੂੰ ਮੌਤ ਹੋਈ, ਮੈਡਮ ਸਟੀਮਰ ਨੇ ਦੱਸਿਆ- ਧੀ ਮੰਜੇ ਕੋਲ ਬੈਠੀ ਸੀ। ਮੈਂ ਦੋਰਾ ਨੂੰ ਕਿਹਾ- ਬੇ ਫਿਕਰ ਹੋਕੇ ਵਿਦਾ ਹੋ। ਧੀ ਦਾ ਖਿਆਲ ਮੈ ਰੱਖਾਗੀ। " ਦੋਰਾ ਨੇ ਕਿਹਾ- ਜੋ ਵੀ ਕਰ ਸਕੇਂ ਕਰੀਂ। ਇਹ ਉਸ ਦਾ ਆਖਰੀ ਵਾਕ ਸੀ।

ਦਫਨ ਕਰਨ ਵਕਤ ਪੰਜ ਬੰਦੇ ਸਨ। ਤਿੱਖੀ ਬਰਫਾਨੀ ਹਵਾ ਵਗ ਰਹੀ ਸੀ। ਕਣੀਆਂ ਗੋਲੀਆ ਵਾਂਗ ਆਉਂਦੀਆਂ। ਅਚਾਨਕ ਪੱਤਰਕਾਰ ਆ ਪੁੱਜੇ। ਉਨ੍ਹਾਂ ਨੂੰ ਆਪੇ ਪਤਾ ਲੱਗ ਗਿਆ, ਖਬਰ ਦੇਣ ਵਾਲਾ ਕੋਈ ਹੈ ਈ ਨਹੀਂ ਸੀ। ਕੁਝ ਪੁਛਣ ਦੀ ਥਾਂ ਅਖਬਾਰਾਂ ਦੇ ਨੁਮਾਇੰਦੇ ਖੂਬ ਰੋਏ। ਕਿਹਾ ਕਰਦੀ ਸੀ- ਮੇਰੀ ਮੌਤ ਨਾਲ ਯਿਦਿਸ਼ ਜ਼ਬਾਨ ਨਹੀਂ ਮਰਨੀ ਚਾਹੀਦੀ।

ਬੜੇ ਦੋਸਤਾਂ ਨੇ ਮੇਰੀਆਨੀ ਨੂੰ ਕਿਹਾ- ਸਾਡੇ ਘਰ ਰਹਿ। ਉਹ ਨਹੀਂ ਮੰਨੀ। ਮਾਮਾ ਵਾਲੇ ਕਮਰੇ ਵਿਚ ਰਹਾਂਗੀ। ਕੁੱਝ ਪੈਸੇ ਇਕੱਠੇ ਕਰਕੇ ਉਸਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿਤੇ। ਇਕ ਅਰਜੀ ਲਿਖੀ ਕਿ ਬਰਤਾਨੀਆਂ ਦੀ ਨਾਗਰਿਕਤਾ ਮਿਲੇ। ਇਕ ਮਹੀਨੇ ਬਾਦ ਨਾਗਰਿਕਤਾ ਦਾ ਖ਼ਤ ਮਿਲ ਗਿਆ। ਸਾਰੇ ਇਹੀ

ਕਹਿੰਦੇ ਸਨ- ਬੇਸ਼ਕ ਕਾਫਕਾ ਦੀ ਧੀ ਨਹੀਂ, ਬਿਲਕੁਲ ਉਸ ਵਰਗੀ ਹੈ। ਸੁਭਾਅ, ਸ਼ਕਲ ਵੀ। ਮਾਂ ਨੇ ਕਿਹਾ ਸੀ, ਆਪਾਂ ਇਕੱਠੀਆਂ ਨੇ ਇਜ਼ਰਾਈਲ ਜਾਣਾ ਸੀ, ਹੁਣ ਤੂੰ ਇਕੱਲੀ ਚਲੀ ਜਾਈਂ।

ਲੁੱਜ਼ ਦੀ ਸਜ਼ਾ ਪੰਜ ਸਾਲ ਪੂਰੀ ਹੋ ਗਈ ਫਿਰ ਵੀ ਨਹੀਂ ਛੱਡਿਆ, ਕਿਹਾ- ਜੰਗ ਮੁਕਣ ਤੇ ਛੱਡਾਂਗੇ। ਸਾਲ 1946 ਵਿਚ ਰਿਹਾ ਤਾਂ ਹੋਇਆ ਪਰ ਅੰਗਹੀਣ ਹੋ ਕੇ। ਸੱਜੀ ਅੱਖ ਦੀ ਰੋਸ਼ਨੀ 1943 ਵਿਚ ਚਲੀ ਗਈ ਸੀ ਤੇ ਖੱਬੀ ਅੱਖ 30% ਬਾਕੀ ਬਚੀ । ਐਨਕ ਲਾਕੇ ਕੁਝ ਦਿਸਦਾ ਸੀ। ਰਿਹਾ ਤਾਂ ਹੋ ਗਿਆ ਪਰ ਜਾਏ ਕਿਥੇ? ਜਰਮਨੀ? ਚਿਠੀਆਂ ਪਾਉਂਦਾ ਰਿਹਾ ਕੋਈ ਜਵਾਬ ਨਹੀਂ। ਮਾਂ ਬਰਟਾ ਲਾਸਕ ਨੇ ਅਪ੍ਰੈਲ 1946 ਤੋਂ ਜੂਨ 1948 ਤੱਕ ਉਸ ਬਾਰੇ ਚਿਠੀਆਂ ਲਿਖੀਆਂ, ਕਿਸੇ ਦਾ ਜਵਾਬ ਨਹੀਂ। ਉਮਰ 67 ਸਾਲ ਹੋ ਗਈ ਸੀ, ਬਿਮਾਰ ਰਹਿੰਦੀ। ਮੰਤਰੀ ਨੂੰ ਲਿਖਿਆ- ਮੈਂ 24 ਸਾਲ ਪਾਰਟੀ ਦੀ ਸੇਵਾ ਕੀਤੀ, ਖੱਬੇ ਪੱਖੀ ਸਾਹਿਤ ਰਚਿਆ। ਕਦੀ ਗਲਤ ਕੰਮ ਨਹੀਂ ਕੀਤਾ। ਮੈਂ ਉਸ ਨੂੰ ਮਿਲਣ ਸਾਇਬੇਰੀਆ ਨਹੀਂ ਜਾ ਸਕਦੀ, ਡੇਢ ਮਹੀਨੇ ਸਰਦੀ ਵਿਚ ਸਫਰ ਮੈਨੂੰ ਮਾਰ ਦਵੇਗਾ। ਕਿਰਪਾ ਕਰਕੇ ਉਸ ਨੂੰ ਮੇਰੇ ਕੋਲ ਭੇਜ ਦਿਉ। ਅਸੀਂ ਦੋਵੇਂ ਜਰਮਨੀ ਚਲੇ ਜਾਵਾਂਗੇ। ਮਾਂ ਨੂੰ ਜਰਮਨੀ ਜਾਣ ਦੀ ਆਗਿਆ ਮਿਲ ਗਈ। ਲੁੱਜ਼ ਨੂੰ ਨਹੀਂ।

ਸਟਾਲਿਨ ਦੀ ਮੌਤ ਪਿਛੋਂ 1953 ਵਿਚ ਉਸ ਦੀ ਰਿਹਾਈ ਹੋਈ। ਆਖਰ ਪੂਰਬ ਜਰਮਨ (GDR) ਵਿਚ ਮਾਂ ਪੁੱਤ ਨੂੰ ਜਾਣ ਦੀ ਆਗਿਆ ਮਿਲ ਗਈ। ਸ਼ਰਤ ਸੀ ਕਿ ਜਰਮਨ ਤੋਂ ਬਾਹਰ ਨਹੀਂ ਜਾਣਾ। ਲੁੱਜ਼ ਨੇ ਅਰਜ਼ੀਆਂ ਪਾਈਆਂ ਕਿ ਮੇਰੀ ਪਤਨੀ ਤੇ ਧੀ ਇੰਗਲੈਂਡ ਵਿਚ ਹਨ, ਮੈਂ ਉਨ੍ਹਾਂ ਨੂੰ ਲੱਭਣਾ ਹੈ, ਆਗਿਆ ਦਿਉ, ਆਗਿਆ ਨਹੀਂ ਮਿਲੀ। ਏਨੇ ਤਸੀਹੇ ਝੱਲਣ ਪਿਛੋਂ ਵੀ ਮਾਂ ਪੁੱਤ ਦਾ ਕਮਿਊਨਿਜ਼ਮ ਅਤੇ ਪਾਰਟੀ ਵਿਚੋਂ ਵਿਸ਼ਵਾਸ ਨਹੀਂ ਟੁੱਟਾ। ਇਸ ਅਜਬ ਵਿਰੋਧਾਭਾਸ ਨੂੰ ਜਾਣਨ ਲਈ ਰੂਸ ਦੇ ਇਤਿਹਾਸਕਾਰ ਇਸਹਾਕ ਡਿਊਸ਼ਰ ਦੀਆਂ ਰਚਨਾਵਾਂ ਪੜ੍ਹੋ। ਉਸਨੇ, *ਰੱਬ ਜਿਹੜਾ ਹਾਰ ਗਿਆ (God that Failed)* ਦਾ ਜੋ ਰੀਵੀਊ *ਸਾਬਕ ਕਮਿਊਨਿਸਟਾਂ ਦੀ ਜ਼ਮੀਰ* ਦੇ ਨਾਂ ਹੇਠ ਲਿਖਿਆ ਉਹ ਪੜ੍ਹਨਯੋਗ ਹੈ।

ਇਕ ਪੁਰਾਣੇ ਅਖਬਾਰ ਵਿਚ ਦੋਰਾ ਦੀ ਸ਼ਰਧਾਂਜਲੀ ਛਪੀ। ਪੜ੍ਹ ਕੇ ਲੁੱਜ਼ ਨੂੰ ਪਤਾ ਲੱਗਾ, ਮਰ ਚੁਕੀ ਹੈ, ਧੀ ਲੰਡਨ ਵਿਚ ਹੈ। ਅਕਤੂਬਰ 1953 ਵਿਚ ਪੁਲਸੀਏ ਨੇ ਮੇਰੀਆਨਾ ਦਾ ਦਰਵਾਜਾ ਖੜਕਾਇਆ, ਉਸ ਦੇ ਪਿਤਾ ਦਾ ਖਤ। ਇਕ ਦਮ ਯਤੀਮ ਮੇਰੀਆਨਾ ਨੂੰ ਪਿਤਾ ਮਿਲ ਗਿਆ, ਦਾਦੀ ਵੀ ਹੈ। ਚਾਚਾ ਹਰਮਨ, ਚਾਚੀ ਐਲਿਸ, ਭਰਾ ਅਰਨਸਟ, ਸਾਰੇ ਹਨ।

ਸਟੀਮਰ ਦੀ ਨਿਗਰਾਨੀ ਹੇਠ ਮੇਰੀਆਨਾ ਰਾਜ਼ੀ ਹੋਣ ਲੱਗੀ। ਮਾਂ ਦੀਆਂ ਸਹੇਲੀਆਂ ਉਸ ਦੀਆਂ ਸਹੇਲੀਆਂ ਹੋ ਗਈਆਂ। ਕਿਤਾਬਾਂ ਪੜਦੀ ਰਹਿੰਦੀ, ਵੀਹ ਸਾਲ ਦੀ ਜਲਾਵਤਨੀ ਮਗਰੋਂ ਜਰਮਨੀ ਵਿਚ ਆਪਣੇ ਬਰਬਾਦ ਹੋ ਚੁਕੇ ਜਨਮ ਸਥਾਨ ਤੇ ਪੁੱਜੀ। ਨਿਕੀ ਹੁੰਦੀ ਦੀਆਂ ਫੋਟੋਆਂ ਘਰ ਵਿਚ ਪਈਆਂ ਸਨ। ਪਿਤਾ ਮਾਣ ਨਾਲ ਨਿਕੀ ਮੇਰੀਆਨਾ ਵੱਲ ਦੇਖ ਰਿਹਾ ਹੈ, ਮਾਂ ਦੇਖ ਰਹੀ ਹੈ। 87 ਸਾਲ ਦੀ ਬਰਟਾ, ਪਾਰਟੀ ਸਾਹਿਤ ਲਿਖ ਰਹੀ ਸੀ, ਉਸਨੂੰ ਸਨਮਾਨ ਮਿਲ ਰਹੇ ਸਨ ਤੇ ਨਾਲ ਨਾਲ ਉਹ ਬਾਲ ਸਾਹਿਤ ਰਚ ਰਹੀ ਸੀ।

ਭੂਆ ਰੂਥ ਨੇ ਮੇਰੀਆਨਾ ਨੂੰ ਅਮਰੀਕਾ ਆਉਣ ਦਾ ਸੱਦਾ ਦਿਤਾ, 28 ਸਾਲ ਦੀ ਕੁੜੀ ਨੇ ਜਾਣ ਦਾ ਫੈਸਲਾ ਕਰ ਲਿਆ। ਸਮੁੰਦਰੀ ਜਹਾਜ਼ ਦਾ ਸਫਰ ਮੁਕਾ ਕੇ ਕੈਲੀਫੋਰਨੀਆਂ ਪੁੱਜੀ। ਭੂਆ ਅਤੇ ਫੁੱਫੜ ਘਰ ਲੈ ਗਏ। ਦੋ ਮਹੀਨਿਆ ਵਾਸਤੇ ਗਈ ਸੀ, ਚਾਰ ਖੁਸ਼ ਮਹੀਨੇ ਬਿਤਾ ਕੇ ਵਾਪਸ ਲੰਡਨ ਪਰਤੀ।

1973 ਵਿਚ ਜਦੋ ਲੁੱਜ਼ 70 ਸਾਲ ਦਾ ਹੋ ਗਿਆ ਤਾਂ ਕਿਤੇ ਉਸ ਨੂੰ ਲੰਡਨ ਜਾ ਕੇ ਆਪਣੀ ਧੀ ਨੂੰ ਮਿਲਣ ਦੀ ਆਗਿਆ ਮਿਲੀ। ਅਮਰੀਕਾ ਵਾਲੀ ਭੂਆ ਰੂਥ ਨੂੰ ਪਤਾ ਲੱਗਾ ਕਿ ਭਰਾ ਲੰਡਨ ਜਾ ਰਿਹਾ ਹੈ, ਉਸੇ ਦਿਨ ਉਸਨੇ ਵੀ ਪੁੱਜਣ ਦਾ ਫੈਸਲਾ ਕਰ ਲਿਆ। ਸਾਰਿਆਂ ਨੇ ਖੁਸ਼ ਦਿਨ ਬਿਤਾਏ ਤੇ ਵਾਪਸ ਪਰਤ ਗਏ। ਵਾਪਸ ਜਾਕੇ ਕੁਝ ਦਿਨਾ ਬਾਦ ਲੁੱਜ਼ ਦੀ ਮੌਤ ਹੋ ਗਈ।

6 ਜੂਨ 1977, ਮੇਰੀਆਨਾ 43 ਸਾਲ ਦੀ ਸੀ, ਵਸੀਅਤ ਲਿਖ ਦਿਤੀ। ਮਾਂ ਦੀ ਕਬਰ ਉਪਰ ਪੱਥਰ ਨਹੀਂ ਰਖਵਾ ਸਕੀ ਸੀ। ਲਿਖਿਆ, ਕਰਜ਼ੇ ਉਤਾਰਨ ਪਿਛੋਂ ਜੋ ਰਕਮ ਬਚੇ ਉਸ ਨਾਲ ਮਾਂ ਦੀ ਕਬਰ ਬਣਾ ਦੇਣੀ। ਉਸ ਨੂੰ ਲਗਦਾ ਸੀ ਨਾਜ਼ੀਆਂ ਵਲੋਂ ਖੋਹੇ ਕਾਫਕਾ ਦੇ ਖਤ ਲੱਭ ਸਕਦੇ ਹਨ। ਸਾਰਾ ਮਾਸੀ ਦੀ ਧੀ ਤੋਵਾ ਅਪਣੇ ਪਤੀ ਮੋਤੀ ਨਾਲ ਉਸ ਨੂੰ ਇਜਰਾਈਲ ਤੋਂ ਮਿਲਣ ਆਏ। ਸੱਦਾ ਦਿਤਾ ਕਿ ਇਜ਼ਰਾਈਲ ਆਈਂ। ਸਫਰ ਖਰਚ ਦੇ ਪੈਸੇ ਦੇ ਕੇ ਗਏ। ਮੇਰੀਆਨਾ ਨੇ ਵਿਆਹ ਨਹੀਂ ਕਰਵਾਇਆ। 1980 ਵਿਚ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋਣ ਲੱਗੀ, ਉਸਨੂੰ ਅਜੀਬ ਅਵਾਜ਼ਾਂ ਸੁਣਾਈ ਦੇਈ ਜਾਂਦੀਆਂ, ਹੋਰ ਕਿਸੇ ਨੂੰ ਨਹੀਂ ਸੁਣਦੀਆਂ ਸਨ, ਪੁਲਸ ਕੋਲ ਵੀ ਸ਼ਿਕਾਇਤ ਲਿਖਵਾਈ। ਹਸਪਤਾਲ ਦਾਖਲ ਰਹੀ। ਫਿਰ ਇਕਾਂਤਵਾਸੀ ਹੋ ਗਈ, ਨਾ ਕਿਸੇ ਕੋਲ ਜਾਂਦੀ ਨਾ ਆਉਣ ਦਿੰਦੀ, ਦਰਵਾਜਾ ਨਾਂ ਖੋਲ੍ਹਦੀ, ਦਵਾਈਆਂ ਖਾਣ ਤੋਂ ਇਨਕਾਰ ਕਰਦਿਆਂ ਕਿਹਾ- ਮੈ ਨਹੀਂ ਰਾਜ਼ੀ ਹੋਣਾ। ਮੈਂ ਮਰਨਾ ਚਾਹੁੰਦੀ ਹਾਂ, ਮੈਂ 50 ਸਾਲ ਦੀ ਉਮਰ ਹੋਣ ਤੱਕ ਮਰ ਜਾਣਾ ਹੈ।

ਹੈਨੀ ਅਪਣੇ ਪਤੀ ਪਾਲ ਨਾਲ ਉਸਦੇ ਫਲੈਟ ਵਿਚ ਗਈ, ਘੰਟੀ ਖੜਕਾਈ, ਦੇਰ ਬਾਦ ਅੰਦਰਲਾ ਇਕ ਦਰਵਾਜਾ ਖੁੱਲ੍ਹਾ, ਦੂਜਾ ਜਾਲੀ ਵਾਲਾ ਬੰਦ ਰਿਹਾ। ਪਿਛੇ ਹਟ ਕੇ ਕਹਿਣ ਲੱਗੀ- ਮੈਂ ਨੀ ਕਿਸੇ ਨੂੰ ਅੰਦਰ ਆਉਣ ਦੇਣਾ। ਹੈਨੀ ਨੇ ਕਿਹਾ- ਤੂੰ ਸਾਡੇ ਪਰਿਵਾਰ ਦੀ ਕੁੜੀ ਹੈਂ ਮੇਰੀਆਨੀ, ਦੇਖ ਤੇਰੇ ਵਾਸਤੇ ਕਿੰਨੀਆ ਮਠਿਆਈਆਂ ਤੇ ਫਲ ਲਿਆਏ ਹਾਂ। ਮੇਰੀ ਨੇ ਕਿਹਾ- ਮੇਰਾ ਕੋਈ ਪਰਿਵਾਰ ਨਹੀਂ, ਮੈ ਕੁਝ ਨਹੀਂ ਲੈਂਦੀ। ਜਾਓ। ਰੋਂਦੀ ਰੋਂਦੀ ਹੈਨੀ ਪੈਕਟਾਂ ਸਮੇਤ ਪਤੀ ਦੀ ਕਾਰ ਵਿਚ ਜਾ ਬੈਠੀ।

ਹੈਨੀ ਨੇ ਕੁਝ ਦਿਨਾ ਬਾਦ ਬਹੁਤ ਪਿਆਰਾ ਖ਼ਤ ਪੋਸਟ ਕੀਤਾ। ਬਿਨਾ ਲਿਫਾਫਾ ਖੋਲ੍ਹਿਆਂ ਵਾਪਸ ਭੇਜ ਦਿਤਾ, ਲਿਫਾਫੇ ਤੇ ਲਿਖਿਆ ਸੀ- ਮੈਨੂੰ ਖਤ ਨਾ ਲਿਖਿਆ ਕਰੋ, ਨਾ ਹਟੇ ਤਾਂ ਮੈਂ ਪੁਲਸ ਕੋਲ ਸ਼ਿਕਾਇਤ ਕਰ ਦਿਆਂਗੀ।

ਕੰਮ ਨਹੀ ਕਰ ਸਕਦੀ ਸੀ, ਪੈਸੇ ਮੁੱਕ ਗਏ ਸਨ। ਮਕਾਨ ਦੇ ਕਿਰਾਏ ਸਮੇਤ ਸਾਰੇ ਕਰਜ਼ੇ 1000 ਪੌਂਡ ਤੋਂ ਵੱਧ ਸਨ। ਮੇਰੀਆਨਾ ਕੋਲ ਕੋਈ ਪੈਸਾ ਨਹੀਂ ਸੀ। ਮਾਲਕ ਮਕਾਨ ਨੇ ਕਾਨੂੰਨੀ ਨੋਟਿਸ ਦੇ ਦਿਤਾ। ਬਿਜਲੀ ਕੱਟੀ ਜਾ ਚੁਕੀ ਸੀ। ਗਵਾਂਢੀਆਂ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਕਈ ਦਿਨਾ ਤੋਂ ਦਰਵਾਜਾ ਨਹੀਂ ਖੁੱਲ੍ਹਾ। ਪੁਲਸ ਨੇ ਦਰਵਾਜਾ ਤੋੜਿਆ, ਫਰਸ਼ ਉਪਰ ਗਲੀ ਸੜੀ ਲਾਸ਼ ਪਈ ਸੀ।

ਕਬਰਸਤਾਨ ਵਿਚ ਬਾਰਾਂ ਔਰਤਾਂ ਮਰਦ ਦਫਨ ਕਰਨ ਵਕਤ ਸਨ। ਪਾਦਰੀ ਨੇ ਅਰਦਾਸ ਕੀਤੀ। ਹੈਨੀ ਨੇ ਡਾਇਰੀ ਵਿਚ ਲਿਖਿਆ- *48 ਸਾਲ ਦੀ ਮੇਰੀਆਨਾ ਸੈਂਕੜੇ ਸਾਲਾਂ ਵਾਲੀ ਸਿਆਣਪ ਨਾਲ ਭਰੀ ਹੋਈ ਸੀ, ਸਨਿਆਸੀ, ਇਕਾਂਤਵਾਸੀ। ਜਦੋਂ ਉਹ ਫਰਸ਼ ਉਪਰ ਡਿਗੀ ਅਤੇ ਮਰੀ, ਉਸਨੇ ਕਿਸ ਨੂੰ ਆਵਾਜ਼ ਮਾਰੀ ਹੋਵੇਗੀ? ਉਮਰਾਂ ਛੋਟੀਆਂ। ਦੁਖ ਵੱਡੇ।*

ਕਾਫਕਾ ਤੇ ਦੋਰਾ ਦੇ ਗੁੰਮ ਕਾਗਜਾਂ ਦੀ ਤਲਾਸ਼ ਬੰਦ ਨਹੀਂ ਹੋਈ। ਯੋਰਪ ਵਿਚ ਥਾਂ ਥਾਂ ਸਰਚ ਕਮੇਟੀਆਂ ਬਣੀਆਂ, ਜਰਮਨ ਵਿਚੋਂ ਪਾਬੰਦੀ ਸ਼ੁਦਾ ਜ਼ਬਤ ਸਾਹਿਤ ਫਰੋਲਣ ਦੀ ਆਗਿਆ ਹਿਤ ਅਰਜ਼ੀਆਂ ਚਲ ਪਈਆਂ। ਸਾਨ ਡੀਗੋ ਯੂਨੀਵਰਸਿਟੀ ਅਮਰੀਕਾ ਨੇ ਵੀ ਇਸ ਬਾਬਤ ਖੋਜ ਵਿਭਾਗ ਕਾਇਮ ਕਰਕੇ ਜਰਮਨ ਪਾਸ ਪਟੀਸ਼ਨ ਦਾਇਰ ਕਰ ਦਿਤੀ। ਜਿਹੜੀ ਲਿਖਤ ਗੁਰਮੁਖੀ ਅੱਖਰਾਂ ਵਿਚ ਤੁਸੀਂ ਹੁਣ ਪੜ੍ਹ ਰਹੇ ਹੋ, ਉਹ ਸਾਨ ਡੀਗੋ ਯੂਨੀਵਰਸਿਟੀ ਦੀ ਪ੍ਰੋਫੈਸਰ ਕੈਥੀ ਦਾਇਮੰਤ ਦੀ ਖੋਜ ਵਿਚੋਂ ਲਏ ਨੋਟਸ ਉਪਰ ਆਧਾਰਤ ਹੈ।

ਦੋਰਾ ਦੇ ਵਡੇ ਭਰਾ ਦਾਊਦ ਦਾ ਪੁੱਤਰ ਜ਼ਵੀ 1947 ਵਿਚ ਜੰਮਿਆ, ਦੋ ਸਾਲ ਦਾ ਸੀ ਜਦੋਂ 1949 ਵਿਚ ਮਾਪੇ ਇਜ਼ਰਾਈਲ ਚਲੇ ਗਏ, ਸਾਲ 1960 ਵਿਚ ਜਦੋਂ ਪਿਤਾ ਦੀ ਮੌਤ ਹੋਈ, 13 ਸਾਲ ਦਾ ਸੀ। ਪਿਤਾ ਤੋਂ ਇਸ ਨੇ ਭੂਆ ਦੋਰਾ ਦੀ ਕੋਈ ਗੱਲ ਨਹੀਂ ਸੁਣੀ ਸੀ। 1996 ਦੇ ਸਾਲ ਇਕ ਦਿਨ ਅਖਬਾਰ ਵਿਚ ਦੋਰਾ ਅਤੇ ਕਾਫਕਾ ਦੀ ਪ੍ਰੇਮ-ਕਥਾ ਛਪੀ ਹੋਈ ਪੜ੍ਹੀ। ਦੋਰਾ ਦੇ ਨਾਮ ਨਾਲ ਦਾਇਮੰਤ ਲੱਗਾ ਹੋਇਆ ਸੀ। ਜ਼ਵੀ ਸੋਚਣ ਲੱਗਾ, ਮੈਂ ਵੀ ਦਾਇਮੰਤ ਹਾਂ, ਕੀ ਪਤਾ ਦੋਰਾ ਨਾਮ ਦੀ ਕੁੜੀ ਨਾਲ ਮੇਰਾ ਕੋਈ ਰਿਸ਼ਤਾ ਹੋਵੇ? ਕੀ ਉਹ ਘੱਲੂਘਾਰੇ ਵਿਚੋਂ ਬਚ ਗਈ ਸੀ? ਫਿਰ ਕਿੱਥੇ ਗਈ? ਵਿਆਹ ਕਰਵਾਇਆ? ਉਸਦੇ ਬੱਚੇ ਹੋਏ? ਕਿਥੋਂ ਲੱਭਾਂ?

ਉਸਨੇ ਇੰਟਰਨੈੱਟ ਤੇ ਕਾਫਕਾ ਦੀ ਵੈੱਬਸਾਈਟ ਖੋਲ੍ਹੀ।ਕਾਫਕਾ ਦੇ ਖੋਜੀ ਨੀਲ ਬੋਖੋਵ ਦੀ ਮੇਲ ਆਈਡੀ ਮਿਲੀ, ਉਸ ਨੂੰ ਖਤ ਲਿਖਕੇ ਸਵਾਲ ਪੁੱਛੇ, ਅਪਣੇ ਬਾਰੇ ਦੱਸਿਆ। ਨੀਲ ਨੇ ਚਾਰ ਪੰਨਿਆਂ ਦੀ ਜਾਣਕਾਰੀ ਭੇਜੀ ਤਾਂ ਪਤਾ ਲੱਗਾ ਕਿ ਲੁੱਜ਼ ਲਾਸਕ ਨਾਮ ਦੇ ਬੰਦੇ ਨਾਲ ਦੋਰਾ ਨੇ 1926-1936 ਵਿਚਕਾਰ ਕਦੀ ਵਿਆਹ ਕੀਤਾ ਸੀ ਤੇ ਇਕ ਧੀ ਜੰਮੀ ਜਿਸ ਦਾ ਨਾਮ ਮੇਰੀਆਨਾ ਸੀ। ਇਹ ਵੀ ਜਾਣਿਆਂ ਕਿ 15 ਅਗਸਤ 1952, ਦੋਰਾ ਦੀ ਮੌਤ ਹੋਈ, ਕਬਰ ਲੰਡਨ ਵਿਚ ਹੈ। ਉਹ ਕਬਰ ਦੇਖਣੀ ਚਾਹੁੰਦਾ ਸੀ ਪਰ ਡੱਚ ਖੋਜੀ ਨੀਲ ਨੂੰ ਕਬਰ ਦੀ ਥਾਂ ਪਤਾ ਨਹੀਂ ਸੀ। ਜ਼ਵੀ ਨੇ ਫੈਸਲਾ ਕੀਤਾ, ਭੂਆ ਦੀ ਕਬਰ ਲੱਭਾਂਗਾ। ਅਮਰੀਕਣ ਖੋਜੀ ਕੁੜੀ ਕੈਥੀ ਦਾਇਮੰਤ ਦਾ ਪੱਤਾ ਲੱਗਾ, ਜ਼ਵੀ ਨੇ ਉਸਨੂੰ ਖਤ ਲਿਖਿਆ। ਕੈਥੀ ਨੇ ਦੱਸਿਆ- ਮੈਂ ਬਾਰਾਂ ਸਾਲ ਤੋਂ ਦੋਰਾ ਤੇ ਕੰਮ ਕਰ ਰਹੀ ਹਾਂ, ਮੈਨੂੰ ਕਬਰ ਦਾ ਪਤਾ ਹੈ ਅਜੇ ਤੱਕ ਪੱਥਰ ਨਹੀਂ ਰੱਖਿਆ, ਕੈਥੀ ਨੇ ਧੀ ਦੀ ਮੌਤ ਦੀ ਖਬਰ ਵੀ ਦੱਸੀ। ਦੋਵਾਂ ਨੇ ਫੈਸਲਾ ਕੀਤਾ, 15 ਅਗਸਤ 1999 ਨੂੰ ਕਬਰਿਸਤਾਨ ਜਾਕੇ ਪੱਥਰ ਟਿਕਾਣ ਦੀ ਰਸਮ ਕਰਾਂਗੇ, ਜਿਸ ਤਰੀਕ ਨੂੰ ਦੋਰਾ ਦਫਨਾਈ ਸੀ। ਲਾਸਕ ਪਰਿਵਾਰ ਬਾਰੇ ਪਤਾ ਲੱਗਾ। ਜ਼ਵੀ ਜਹਾਜ਼ ਤੇ ਚੜ੍ਹਿਆ, ਬਰਲਿਨ ਪੁੱਜਾ। ਲਾਸਕ ਪਰਿਵਾਰ ਦੇ ਬਚੇ ਮੈਂਬਰ ਉਸ ਨੂੰ ਦੇਖ ਕੇ, ਮਿਲ ਕੇ ਬੇਅੰਤ ਖੁਸ਼ ਹੋਏ। ਜ਼ਵੀ ਨੇ ਆਪਣਾ ਪਰਿਵਾਰ ਲੱਭ ਲੈਣ ਦੀ ਸਾਖੀ ਇਜ਼ਰਾਈਲ ਦੇ ਸਭ ਤੋਂ ਵਡੇ ਅਖਬਾਰ *ਯੇਦੀ ਅਖਰੋਨੋ* ਵਿਚ 20 ਮਈ 1999 ਨੂੰ ਛਪਵਾਈ। ਉਸੇ ਦਿਨ ਜ਼ਵੀ ਨੂੰ ਤੋਵਾ ਦਾ ਫੋਨ ਆਇਆ, *ਮੈਂ ਤੇਰੀ ਭੂਆ ਸਾਰਾ ਦੀ ਧੀ ਹਾਂ। ਮੇਰੀ ਮਾਂ ਅਜੇ ਜਿਉਂਦੀ ਹੈ, ਤਲ ਅਵੀਵ ਵਿਚ ਹੈ।* ਜਿਹੜਾ ਸਿਰਨਾਵਾਂ ਲਿਖਾਇਆ, ਉਹ ਘਰ ਜ਼ਵੀ ਦੇ ਘਰੋਂ ਦਸ ਮਿੰਟ ਦੀ ਦੂਰੀ ਤੇ ਸੀ। ਕਰਾਮਾਤ, ਇਕ ਦਮ ਭੂਆ ਅਤੇ ਮਾਸੀ ਦੇ ਪਰਿਵਾਰ ਮਿਲ ਗਏ।

ਬਰਲਿਨ ਤੋਂ ਲਾਸਕ ਪਰਿਵਾਰ ਲੰਡਨ ਪੁੱਜਾ, ਅਰਨਸਟ ਦੀ ਵਿਧਵਾ ਦਾਇਨਾ, ਭੂਆ ਰੂਥ, ਪੋਤੀ, ਸਭ। ਦੋਰਾ ਦਾ ਪੇਕਾ ਪਰਿਵਾਰ, ਜ਼ਵੀ, ਉਸਦੀ ਪਤਨੀ ਸ਼ੋਸ਼ੀ ਤੇ ਚਾਰ ਬੱਚੇ, ਸਾਰਾ, ਸਾਰਾ ਦੀ ਧੀ ਤੋਵਾ। ਸਾਰਾ 77

www.punjabilibrary.com

ਸਾਲ ਦੀ ਸੀ ਤੇ ਦੋਰਾ ਦੀ ਇਹ 46ਵੀਂ ਬਰਸੀ ਸੀ। ਦੋਰਾ, ਕਾਫਕਾ, ਮਿਲੇਨਾ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਇਨ੍ਹਾਂ ਦੇ ਪ੍ਰਸ਼ੰਸਕ, ਖੋਜੀ, ਪਾਠਕ, ਆਲੋਚਕ, ਸਭ ਇਕੱਠੇ ਹੋਏ। ਜਰਮਨੀ ਅਤੇ ਇਜ਼ਰਾਈਲ ਤੋ ਇਲਾਵਾ ਹਾਲੈਂਡ ਅਤੇ ਅਮਰੀਕਾ ਤੋਂ ਆਏ। ਹੈਮਸਟੈਂਡ ਵਿਖੇ, ਕਿੰਗਜ਼ ਕਾਲਜ ਦੇ ਹਾਲ ਵਿਚ ਦੋਰਾ ਦਾ ਸ਼ਰਧਾਂਜਲੀ ਸਮਾਗਮ ਰਚਾਇਆ ਗਿਆ। ਚੁਰਾਨਵੇਂ ਸਾਲ ਦੀ ਉਮਰ ਦਾ ਮੇਜਰ ਬੋਦਾਂਸਕੀ ਮੰਚ ਉਤੇ ਆਇਆ, ਕਿਹਾ– ਯਿਦਿਸ਼ ਲੇਖਕ ਪੇਰੇਜ਼ ਦੀ ਜਿਹੜੀ ਕਹਾਣੀ ਦੋਰਾ ਨੂੰ ਸਭ ਤੋਂ ਵਧੀਕ ਪਸੰਦ ਸੀ, ਉਸਨੂੰ ਸਟੇਜ ਉਪਰ ਅਭਿਨੈ ਰਾਹੀਂ ਪੇਸ਼ ਕਰਾਂਗਾ। ਉਦੋਂ ਮੈਂ ਜੁਆਨ ਸਾਂ ਜਦੋਂ ਦੋਰਾ ਵਲੋਂ ਡਰਾਮੇ ਦੀ ਪੇਸ਼ਕਾਰੀ ਦੇਖੀ ਸੀ। ਮੌਜੂਦ ਸਰੋਤਿਆ ਵਿਚੋਂ ਥੋੜ੍ਹੇ ਸਨ ਜਿਹੜੇ ਯਿਦਿਸ਼ ਜ਼ਬਾਨ ਜਾਣਦੇ ਸਨ, ਅਦਾਕਾਰੀ ਏਡੀ ਗਜ਼ਬ ਦੀ ਕਿ ਹਾਵ ਭਾਵ ਹਰੇਕ ਗੱਲ ਸਮਝਾ ਰਹੇ ਸਨ। ਹਾਲ ਵਿਸਮਾਦੀ ਸੁੰਨ ਵਿਚ ਗੁੰਮ ਹੋ ਗਿਆ।

ਕਬਰਿਸਤਾਨ ਜਾਕੇ ਜ਼ਵੀ ਨੇ ਯਿਦਿਸ਼ ਵਿਚੋਂ ਅਤੇ ਸਾਰਾ ਨੇ ਤੋਰਾਹ ਵਿਚੋਂ ਪ੍ਰਾਰਥਨਾਵਾਂ ਪੜ੍ਹੀਆਂ। ਸਾਰਾ ਨੇ ਉਹ ਪਲ ਸਾਂਝੇ ਕੀਤੇ ਜਦੋਂ ਦੋਰਾ ਲੰਮੀ ਜੁਦਾਈ ਬਾਦ ਇਜ਼ਰਾਈਲ ਆਕੇ ਮਿਲੀ ਸੀ– *ਮੇਰੀ ਇਕੋ ਇਕ ਜਿਉਂਦੀ ਭੈਣ, ਮੈ ਕਿੰਨੀ ਖੁਸ਼ ਹੋਈ ਸਾਂ ਤੈਨੂੰ ਮਿਲਕੇ ਉਦੋਂ। ਤੂੰ ਤਾਂ ਕਹਿਦੀ ਹੁੰਦੀ ਸੈਂ ਇਜ਼ਰਾਈਲ ਵਿਚ ਮਰਾਂਗੀਆਂ, ਕਦੀ ਨਹੀਂ ਵਿਛੜਨਾ, ਫਿਰ ਤੂੰ ਏਨੀ ਕਾਹਲੀ ਕਿਉਂ ਕੀਤੀ? ਕੇਵਲ ਤੂੰ ਸੈਂ ਉਹ ਨਿਰਮਲ, ਨਿਰਛਲ ਪਵਿਤਰ ਰੂਹ ਜਿਹੜੀ ਉਨ੍ਹਾਂ ਨੂੰ ਮਾਫ ਕਰ ਸਕੀ ਜਿਨ੍ਹਾਂ ਤੇਰੇ ਉਪਰ ਜ਼ੁਲਮ ਢਾਏ। ਤੈਨੂੰ ਸ਼ਾਂਤੀ ਮਿਲੇ, ਸੁਰਗ ਦੀਆਂ ਪਵਿਤਰ ਰੂਹਾਂ ਵਿਚ ਤੇਰਾ ਵਾਸਾ ਹੋਵੇ।*

ਦੋਰਾ ਦੀ ਸੁੰਦਰ ਸਫੈਦ ਸੰਗਮਰਮਰੀ ਸਲੈਬ ਉਪਰ ਮੇਰੀਆਨਾ ਦਾ ਨਾਮ ਵੀ ਲਿਖਿਆ ਗਿਆ। ਕਾਫਕਾ ਦੀ ਮੌਤ ਉਪਰੰਤ ਰਾਬਰਟ ਕਲਾਪਸਟੱਕ ਨੇ ਜਿਹੜੀ ਸ਼ਰਧਾਂਜਲੀ ਛਪਵਾਈ ਸੀ ਉਸ ਵਿਚ ਦੋਰਾ ਨੂੰ ਵੀ ਯਾਦ ਕੀਤਾ ਸੀ। ਉਸ ਸ਼ਰਧਾਂਜਲੀ ਵਿਚ ਦੋਰਾ ਬਾਰੇ ਜਿਹੜੀ ਪੰਕਤੀ ਲਿਖੀ ਉਹ ਇਹ ਸੀ :

*ਜਿਸ ਨੇ ਦੋਰਾ ਨੂੰ ਜਾਣਿਆ,*
*ਉਸਨੇ ਪਿਆਰ ਨੂੰ ਜਾਣਿਆ।*

ਕਬਰ ਦੀ ਸਲੈਬ ਉਪਰ ਇਹੋ ਅੱਖਰ ਲਿਖੇ ਗਏ। ਸਲਾਮ ਕਰਕੇ ਮੁਸਾਫਰ ਆਪੋ ਆਪਣੇ ਵਤਨੀ ਤੁਰੇ।

*(ਕਾਫਕਾ ਜਾਣਦਾ ਸੀ ਕੰਮ ਕਿਵੇਂ ਕਰਨਾ ਹੈ। ਜੋ ਉਸਨੇ ਲਿਖਿਆ ਜਾਂ ਕੀਤਾ, ਉਹ ਸੰਪੂਰਨ ਹੈ। ਜਿਥੇ ਕਿਤੇ ਤੁਸੀ ਸਰਬੋਤਮ ਦੇਖੋ, ਸ੍ਰੇਸ਼ਟ ਲਿਖਤ ਦੇਖੋ, ਉਥੇ ਤੁਹਾਨੂੰ ਕਾਫਕਾ ਦਿਸ ਜਾਂਦੈ। ਫਲਾਬੇਅਰ ਅਤੇ ਫਰਾਇਡ ਵਿਚ ਦਿੱਸ ਜਾਂਦਾ ਹੈ –ਮੈਕਸਬਰੋਦ)*

# ਅੰਮ੍ਰਿਤਾ ਸ਼ੇਰਗਿਲ

ਅੰਮ੍ਰਿਤਾ ਦਾ ਸਮਾਂ ਕਾਲੋਨੀਅਲ ਜਗੀਰਦਾਰ ਸਮਾਜ ਦੀਆਂ ਰਸਮਾਂ ਰੀਤਾਂ, ਰੁਝਾਨਾਂ ਨੂੰ ਬਦਲਣ ਦਾ ਦੌਰ ਹੈ। ਭਾਰਤੀ ਮੁੰਡੇ ਕੁੜੀਆਂ ਯੋਰਪ ਵਿਚ ਜਾਣ ਵਾਸਤੇ ਹਰ ਹਰਬਾ ਵਰਤਦੇ ਹਨ ਤੇ ਆਬਾਦ ਹੋਣ ਪਿਛੋਂ ਵਾਪਸ ਨਹੀਂ ਮੁੜਦੇ। ਅੰਮ੍ਰਿਤਾ ਦਾ ਫੈਸਲਾ ਯੋਰਪ ਤੋਂ ਆਰਟ ਦੀ ਵਿਦਿਆ ਪ੍ਰਾਪਤ ਕਰਕੇ ਭਾਰਤੀ ਸੰਸਕ੍ਰਿਤੀ ਨੂੰ ਚਿਤਰਨਾ ਸੀ ਤੇ ਅਜਿਹਾ ਕਰਨ ਲਈ ਇਥੇ ਆਉਣਾ, ਪੁਰਾਣੇ ਆਰਟ ਦਾ ਅਧਿਐਨ ਕਰਨਾ ਤੇ ਪੱਛਮੀ ਔਜ਼ਾਰਾਂ, ਤਕਨੀਕਾਂ ਰਾਹੀਂ ਦੇਸੀ ਸੱਭਿਆਚਾਰ ਪ੍ਰਗਟ ਕਰਨਾ ਸੀ। ਧਨੀ ਸਰਦਾਰ ਦੀ ਧੀ, ਤਿੱਖਾ ਦਿਮਾਗ, ਉਚ ਵਿਦਿਆ ਅਤੇ ਸੁਹੱਪਣ ਦੀ ਮਾਲਕਣ, ਹਰ ਨਜ਼ਰ ਉਸ ਉਪਰ ਜਾ ਟਿਕਦੀ। ਕਿਹਾ ਕਰਦੀ - ਆਰਟਿਸਟ ਦੀਆਂ ਗਿਆਨ ਇੰਦਰੀਆਂ ਸੁਚਾਰੂ ਹੋਣੀਆਂ ਜ਼ਰੂਰੀ ਹਨ। ਜੇ ਮੈਂ ਅੱਖਾਂ ਥਾਣੀ ਖੂਬਸੂਰਤੀ ਪੀਣ ਵਿਚ ਅਸਫਲ ਹੋ ਗਈ, ਫਿਰ ਕਾਗਜ਼ ਤੇ ਕੀ ਉਤਾਰਾਂਗੀ? ਮੇਰੇ ਸਾਹਮਣੇ ਸਥੂਲ ਸਾਕਾਰ ਜਗਤ ਹੈ, ਉਸ ਨੂੰ ਆਪਣੇ ਮਨ ਵਿਚ ਉਤਾਰ ਕੇ ਰੰਗਾਂ ਰਾਹੀਂ ਅਨੁਵਾਦ ਕਰਨਾ ਹੈ। ਦ੍ਰਿਸ਼, ਗਿਆਨ ਇੰਦਰੀਆਂ ਨੂੰ ਪ੍ਰਭਾਵਿਤ, ਉਤੇਜਿਤ ਕਰਨਗੇ, ਉਤੇਜਨਾ ਕੈਨਵਸ ਉਪਰ ਉਤਰ ਕੇ ਸ਼ਾਂਤ ਹੋਵੇਗੀ।

ਐਮਿਲੀ ਡਿਕਿਨਸਨ ਦੀ ਕਵਿਤਾ ਵਿਚੋਂ ਅੰਮ੍ਰਿਤਾ ਦੀ ਸ਼ਖਸੀਅਤ ਪ੍ਰਗਟ ਹੁੰਦੀ ਹੈ :

ਮੈਂ ਪੌਣਾ ਵਿਚ ਘੁਲੀ ਸ਼ਰਾਬ ਹਾਂ,<br>
ਮੈਨੂੰ ਤ੍ਰੇਲ ਬੂੰਦਾਂ ਨੇ ਆਤੁਰ ਕੀਤਾ।<br>
ਅਸਮਾਨ ਦੀ ਨੀਲੀ ਪੰਘਰੀ ਭੱਠੀ ਵਿਚੋਂ ਨਿਕਲ,<br>
ਮੈਂ ਬਸੰਤ ਦੀ ਅਨੰਤ ਸੁੰਦਰਤਾ ਵਿਚ ਰੁੜ੍ਹਨ ਲੱਗੀ।

ਅੰਮ੍ਰਿਤਾ ਦਾ ਦਾਅਵਾ ਹੈ ਕਿ ਚਾਹੇ ਧਾਰਮਿਕ ਆਰਟ ਹੋਵੇ, ਆਰਟ, ਕਾਮੁਕਤਾ ਤੋਂ ਮੁਕਤ ਨਹੀਂ ਹੁੰਦਾ, ਕਦੀ ਕਦੀ ਏਨਾ ਤਾਕਤਵਰ ਹੋ ਜਾਂਦਾ ਹੈ ਕਿ ਜਿਸਮਾਨੀ ਹੱਦਾਂ ਪਾਰ ਕਰ ਜਾਂਦਾ ਹੈ।

ਪੈਰਿਸ ਦੇ ਈਕਲ ਨੈਸ਼ਨੇਲ ਦੇ ਬੀਓ ਆਰਟਸ ਕਾਲਜ ਵਿਚੋਂ ਪੜ੍ਹ ਕੇ ਅੰਮ੍ਰਿਤਸਰ ਨਜ਼ਦੀਕ ਜਦੋਂ ਆਪਣੇ ਜੱਦੀ ਫਾਰਮ ਹਾਊਸ ਵਿਚ ਆਈ, ਉਦੋਂ ਉਸਦੀ ਉਮਰ ਇੱਕੀ ਸਾਲ ਸੀ। ਕੌਣ ਜਾਣਦਾ ਸੀ ਕਿ ਉਸ ਦੀ ਉਮਰ ਦੇ ਕੇਵਲ ਸੱਤ ਸਾਲ ਹੋਰ ਬਾਕੀ ਰਹਿ ਗਏ ਹਨ। ਕੈਨਵਸ ਸਾਹਮਣੇ ਬਰੱਸ਼ ਫੜ ਕੇ ਬੈਠਦੀ ਤਾਂ ਉਸਨੂੰ ਪਾਲ ਗੋਗੈਂ ਦਿੱਸ ਜਾਂਦਾ, ਕਦੀ ਸੇਜ਼ਾਨ, ਕਦੀ ਉਹ ਆਪਣੇ ਪਿੰਡ ਦੀ ਹਵੇਲੀ ਵਿਚੋਂ ਬਾਹਰ ਖੇਤਾਂ ਵੱਲ ਨਜ਼ਰ ਮਾਰਦੀ ਤਾਂ ਉਸਨੂੰ ਵਾਨਗਾਗ ਦਾ ਪਿੰਡ ਮਾਰਲੇ ਦਿਖਾਈ ਦਿੰਦਾ। ਉਸਦੀ ਵਿਦਿਆ ਪੈਰਿਸ ਦੇ ਸਕੂਲ ਆਫ ਆਰਟ ਦੀ ਤੇ ਉਸਦੇ ਸਾਹਮਣੇ ਅਜੰਤਾ ਅਲੋਰਾ, ਖਜੁਰਾਹੋ ਦੀ ਕਲਾ ਆਪਣਾ ਹੁਕਮ ਮਨਵਾ ਰਹੀ ਹੁੰਦੀ। ਜੇ ਨਾਨਕਿਆਂ ਦਾ ਅਸਰ ਹੁੰਦਾ ਤਾਂ ਉਸਨੂੰ ਭਾਰਤੀ ਔਰਤਾਂ ਮਰਦਾਂ ਦੇ ਨੈਣ ਨਕਸ਼ ਦਿਲਕਸ਼ ਨਾ ਲਗਦੇ। ਉਲਟ ਹੋਇਆ, ਪੱਛਮੀ ਤਕਨੀਕ ਸਿੱਖ ਕੇ ਉਸਨੇ ਭਾਰਤੀ ਦ੍ਰਿਸ਼ਾਂ ਨੂੰ ਦੇਸੀ ਰੰਗ ਰੂਪ ਵਿਚ ਕੈਨਵਸ ਉਪਰ ਉਤਾਰਿਆ। ਡਾਕਟਰ ਗੀਤਾ ਦੇ ਸ਼ਬਦਾਂ ਵਿਚ - ਉਹ ਲੰਮੀ ਚੁੰਜ ਵਾਲੀ ਨਿਕੀ ਚਿੜੀ ਸੀ ਜਿਹੜੀ ਹਰੇਕ ਫੁੱਲ ਦਾ ਰਸ ਪੀਣ ਲਈ ਕਾਹਲੀ ਸੀ। ਭਾਰਤੀ ਜ਼ੇਵਰ, ਲਿਸ਼ਕਦੀਆਂ ਰੇਸ਼ਮੀ ਸਾੜ੍ਹੀਆਂ, ਲੰਮੇ ਝੁਮਕੇ ਪਹਿਨ ਕੇ ਨਿਕਲਦੀ, ਹਰ ਸਵੇਰ ਉਸਨੂੰ ਨਵਾਂ ਖਿਆਲ ਤੇ ਨਵਾਂ ਇਸ਼ਕ ਚਾਹੀਦਾ ਸੀ। ਉਸ ਦੀ ਮਾਨਸਿਕ ਉਧੇੜ ਬੁਣ ਅਨੰਤ ਸੀ, ਇਸੇ ਬੇਚੈਨੀ ਵਿਚੋਂ ਉਸਦੀਆਂ ਸ਼ਾਂਤ ਕਿਰਤਾ ਉਪਜੀਆਂ। ਉਸਨੂੰ ਅਹਿਸਾਸ ਸੀ ਉਹ ਅਮੀਰ ਘਰ ਦੀ ਧੀ ਤੇ ਸੁਸਿੱਖਿਅਤ ਕਲਾਕਾਰ ਹੈ, ਇਸ ਆਤਮ-ਵਿਸ਼ਵਾਸ ਸਦਕਾ ਉਸ ਦੀ ਇੱਛਾ ਸੀ ਕਿ ਭਾਰਤ ਨੂੰ ਆਧੁਨਿਕ ਕਲਾ ਦੀ ਪਛਾਣ ਸਿਖਾਏ। ਉਸਨੇ ਗਰੀਬ, ਉਦਾਸ ਪੇਂਡੂ ਔਰਤਾਂ ਨੂੰ ਰੂਪਮਾਨ ਕੀਤਾ।

ਮਜੀਠੀਆ ਖਾਨਦਾਨ, ਸ਼ੇਰਗਿਲ ਪਰਿਵਾਰ, ਮਹਾਰਾਜਾ ਰਣਜੀਤ ਸਿੰਘ ਦਾ ਕਰੀਬੀ ਸੀ ਜਿਸ ਕਾਰਨ ਉਨ੍ਹਾਂ ਪਾਸ ਏਕੜਾਂ ਵਿਚ ਨਹੀਂ, ਮੁਰੱਬਿਆਂ ਵਿਚ ਜ਼ਮੀਨ ਸੀ। ਕਿਉਂਕਿ ਸਰਦਾਰ ਅਤਰ ਸਿੰਘ ਮਜੀਠੀਆ ਮਹਾਰਾਜੇ ਦੀ ਮੌਤ ਬਾਦ ਉਸ ਦਾ ਰਾਜਭਾਗ ਬਚਾਉਣ ਹਿਤ ਅੰਗਰੇਜ਼ਾਂ ਵਿਰੁੱਧ ਲੜਿਆ, ਇਸ ਕਰਕੇ ਜਾਇਦਾਦ ਦਾ ਵੱਡਾ ਹਿੱਸਾ ਅੰਗਰੇਜ਼ਾਂ ਨੇ ਖੋਹ ਲਿਆ।ਅਤਰ ਸਿੰਘ ਦੇ ਪੁੱਤਰ, ਅੰਮ੍ਰਿਤਾ ਸ਼ੇਰਗਿੱਲ ਦੇ ਬਾਬੇ, ਸੂਰਤ ਸਿੰਘ ਨੂੰ ਬਨਾਰਸ ਵਿਚ ਨਜ਼ਰਬੰਦ ਕਰ ਦਿੱਤਾ। ਹਾਲਾਤ ਬਦਲੇ ਦੇਖ ਕੇ ਇਹ ਸਰਦਾਰ 1857 ਦੇ ਯੁੱਧ ਵਕਤ ਅੰਗਰੇਜ਼ਾਂ ਦੀ ਮੱਦਦ ਤੇ ਆ ਗਿਆ। ਯੁੱਧ ਜਿੱਤਣ ਬਾਦ ਅੰਗਰੇਜ਼ਾਂ ਨੇ ਉਸਨੂੰ ਖੁੱਸੀ ਜਾਇਦਾਦ ਵਾਪਸ ਕਰ ਦਿੱਤੀ ਤੇ ਰਾਜਾ ਦਾ ਖਿਤਾਬ ਮਿਲਿਆ। ਯੂ.ਪੀ. ਦੇ ਗੋਰਖਪੁਰ ਜ਼ਿਲੇ ਵਿਚ ਵੀ ਉਸਨੂੰ ਜ਼ਮੀਨ ਅਲਾੱਟ ਕੀਤੀ।

ਸੂਰਤ ਸਿੰਘ ਦੇ ਘਰ ਉਮਰਾਉ ਸਿੰਘ ਦਾ ਜਨਮ 1870 ਵਿਚ ਹੋਇਆ। ਅੰਮ੍ਰਿਤਾ ਦੇ ਚਾਚੇ ਸੁੰਦਰ ਸਿੰਘ ਨੇ ਗੋਰਖਪੁਰ ਵਿਚ ਗੰਨਾ ਉਤਪਾਦਨ ਸ਼ੁਰੂ ਕੀਤਾ ਤੇ ਸ਼ੂਗਰ ਮਿੱਲ ਲਾਈ। ਇਹ ਧਨੀ ਸਰਦਾਰ ਅੰਗਰੇਜ਼ੀ ਸਰਕਾਰ ਦਾ ਵਫਾਦਾਰ ਰਿਹਾ, ਸਮਾਜ ਸੇਵੀ ਸੰਸਥਾਵਾਂ ਨੂੰ ਦਾਨ ਦਿੰਦਾ, ਸਿਖੀ ਦੀ ਸੇਵਾ ਵਾਸਤੇ ਧਨ ਦਿੰਦਾ, ਵਪਾਰਕ ਤੇ ਪਰਮਾਰਥਕ ਦੋਹਾਂ ਪੱਖਾਂ ਤੋਂ ਸਫਲ।

ਉਮਰਾਉ ਸਿੰਘ ਸੰਸਕ੍ਰਿਤ, ਫਾਰਸੀ, ਉਰਦੂ ਅਤੇ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਸ਼ੌਕੀਨ ਸੀ। ਉਮਰ ਖੱਯਾਮ ਤੋਂ ਇਲਾਵਾ ਉਸਨੇ ਸਰਮਦ ਦੀਆਂ ਰੁਬਾਈਆਂ ਦਾ ਤਰਜਮਾ ਵੀ ਕੀਤਾ। ਗ੍ਰਹਿ ਵਿਗਿਆਨ, ਜੋਗ, ਅਤੇ ਲਿੱਪੀਆਂ ਦੀ ਬਣਤਰ ਵਿਚ ਰੁਚੀ ਲੈਂਦਾ। ਮੁਹੰਮਦ ਇਕਬਾਲ ਨਾਲ ਦੋਸਤੀ ਰਹੀ, ਟਾਲਸਟਾਇ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਸ਼ਾਕਾਹਾਰੀ ਹੋ ਗਿਆ ਤੇ ਸਦਾ ਲਈ ਵਿਸਕੀ ਪੀਣੀ ਛੱਡ ਦਿੱਤੀ। ਅੰਮ੍ਰਿਤਾ ਨੇ ਆਪਣੇ ਪਿਤਾ ਬਾਰੇ ਲਿਖਿਆ - ਮੇਰੇ ਸਰਦਾਰ ਪਿਤਾ ਨੂੰ ਸਾਰਾ ਪੰਜਾਬ ਜਾਣਦਾ ਹੈ। ਦਿਖਾਵੇਬਾਜ਼ੀ ਤੋਂ ਪਰ੍ਹੇ, ਸ਼ਾਂਤ-ਚਿਤ, ਦਰਸ਼ਨ ਅਤੇ ਧਰਮਾਂ ਦਾ ਵਿਦਿਆਰਥੀ, ਸਮਾਜਕ ਮੁਕਤੀ, ਖਾਸ ਕਰਕੇ ਔਰਤ ਦੀ ਸੁਤੰਤਰਤਾ ਦਾ ਹਾਮੀ। ਮੇਰੀ ਮਾਂ ਆਰਟਿਸਟ ਰੁਚੀਆਂ ਵਾਲੀ ਸੀ। ਕਲਾ ਖੇਤਰ ਵਿਚ ਮੈਨੂੰ ਮਾਂ ਤੋਂ ਉਤਸ਼ਾਹ ਮਿਲਿਆ। ਅਸੀਂ ਦੋਵੇਂ ਭੈਣਾਂ ਬੁਡਾਪੈਸਟ ਵਿਚ ਜੰਮੀਆਂ ਤੇ ਜੰਗ ਮਗਰੋਂ ਭਾਰਤ ਆਈਆਂ।

ਹੰਗੇਰੀਅਨ ਪ੍ਰੋਫੈਸਰ ਗਿਊਲਾ ਜਰਮਾਨੂ ਭਾਰਤੀ ਸੰਸਕ੍ਰਿਤੀ ਉਪਰ ਖੋਜ ਕਰ ਰਿਹਾ ਸੀ, ਉਮਰਾਉ ਸਿੰਘ ਦਾ ਮਿੱਤਰ ਹੋ ਗਿਆ ਤੇ ਸ਼ਿਮਲੇ ਉਸਦੀ ਮੇਜ਼ਬਾਨੀ ਵਿਚ ਕਈ ਮਹੀਨੇ ਬਿਤਾਏ। ਇਸ ਬਾਰੇ ਅੰਮ੍ਰਿਤਾ ਨੂੰ ਉਮਰਾਉ ਸਿੰਘ ਨੇ ਲਿਖਿਆ - ਆਤਮ ਦੀ ਖੋਜ ਅਤੇ ਕਿਤਾਬਾਂ ਦੇ ਅਧਿਐਨ ਨੇ ਮੇਰੀ ਉਦਾਸੀ ਘਟਾਈ ਨਹੀਂ। ਮੈਂ ਇਕ ਭਲੀ ਤੇ ਪਵਿੱਤਰ ਰੂਹ ਨੂੰ ਮਿਲਿਆ, ਉਹ ਵੀ ਇਸੇ ਤਲਾਸ਼ ਵਿਚ ਹੈ ਬੇਸ਼ਕ ਸਾਡੇ ਰਾਹ ਵਖ ਵਖ ਹਨ। ਵਿਚਾਰ ਵਟਾਂਦਰੇ ਵਿਚ ਉਸਨੇ ਮੇਰੇ ਕਈ ਸ਼ੰਕਿਆਂ ਦੀ ਨਵਿਰਤੀ ਕੀਤੀ, ਬੇਸ਼ਕ ਸਾਰਿਆਂ ਦੀ ਨਹੀਂ। ਮੈਂ ਉਸਨੂੰ ਸੰਸਕ੍ਰਿਤ ਦੀ ਧੁਨੀ ਵਿਗਿਆਨ ਵਿਚ ਰੁਚਿਤ ਕਰ ਦਿੱਤਾ। ਮੈਥੋਂ ਬਾਦ ਉਹ ਇਸ ਦੀ ਖੋਜ ਜਾਰੀ ਰੱਖੇਗਾ, ਇਸਦਾ ਮੈਨੂੰ ਵਿਸ਼ਵਾਸ ਹੈ।

ਉਮਰਾਉ ਸਿੰਘ ਦਾ ਬਾਕੀ ਪਰਿਵਾਰ ਧਨ ਅਤੇ ਸ਼ੁਹਰਤ ਖੱਟਣ ਵਿਚ ਰੁਝਿਆ ਹੋਇਆ ਸੀ, ਇਹ ਇਕਾਂਤਪਸੰਦ ਮਨੁੱਖ ਅਧਿਆਤਮ ਦੀ ਖੋਜ ਵਿਚ ਮਗਨ ਸੀ। ਧਨ ਦੌਲਤ ਦੀ ਘਾਟ ਨਹੀਂ, ਪਰ ਵਿਰੱਕਤ, ਨਿਰਲੇਪ। ਫੋਟੋਗ੍ਰਾਫੀ ਦਾ ਸ਼ੌਕ ਸੀ ਪਰ ਸਾਧਾਰਨ ਫੋਟੋਗ੍ਰਾਫਰ ਨਹੀਂ, ਫੋਟੋ ਆਰਟਿਸਟ, ਜਿਹੜਾ ਦ੍ਰਿਸ਼ ਦੀ ਥਾਂ ਪ੍ਰਭਾਵ ਫੜਦਾ।ਉਸਦੀਆਂ ਅੱਸੀ ਫੋਟੋਆਂ ਪ੍ਰਾਪਤ ਹਨ, ਉਸਦੀਆਂ ਆਪਣੀਆਂ ਵੀ ਹਨ, ਸਾਰੀ ਫੋਟੋਗ੍ਰਾਫੀ ਆਪਾਚੀਨਣ ਅਤੇ ਵਿਜੋਗ ਵੱਲ ਸੇਧਿਤ ਹੈ। ਵਾਈਵਾਂ ਨੇ ਦੱਸਿਆ ਕਿ ਸ਼ੀਸ਼ੇ ਉਪਰ ਉਸ ਦੀਆਂ ਖਿੱਚੀਆਂ ਇਕ ਦਰਜਨ ਰੰਗਦਾਰ ਤਸਵੀਰਾਂ ਹਨ। ਉਦੋਂ ਬਹੁਤ ਘੱਟ ਭਾਰਤੀ ਲੋਕ ਆਟੋਕਰੋਮ ਨਾਂ ਦੀ ਇਸ ਵਿਧੀ ਤੋਂ ਵਾਕਫ ਸਨ। ਅਮ੍ਰਿਤਾ ਪਿਤਾ ਨੂੰ ਸਮਝਾਉਂਦੀ ਰਹਿੰਦੀ, ਸਾਬਤ ਕਰਦੀ ਕਿ ਕੈਮਰਾ ਮਨੁੱਖੀ ਦਿਲ ਨੂੰ ਨਹੀਂ ਛੂਹ ਸਕਦਾ, ਇਹ ਕੰਮ ਚਿਤਰਕਾਰ ਕਰੇਗਾ।

ਮਜੀਠੀਆ ਸਰਦਾਰ ਸੂਰਤ ਸਿੰਘ ਦੀ ਮੌਤ ਤੋਂ ਬਾਦ ਅੰਮ੍ਰਿਤਾ ਸ਼ੇਰਗਿਲ ਦੇ ਚਾਚੇ ਨੂੰ ਉਤਰਾਧਿਕਾਰੀ ਮੰਨ ਕੇ ਅੰਗਰੇਜ਼ਾਂ ਨੇ ਰਾਜੇ ਦਾ ਖਿਤਾਬ ਦੇ ਦਿੱਤਾ। 1888 ਵਿਚ ਪਿਤਾ ਦੇ ਦੇਹਾਂਤ ਤੋਂ ਬਾਦ ਉਸਦੇ ਦੋਵੇਂ ਪੁੱਤਰ ਕੈਪਟਨ ਗੁਲਾਬ ਸਿੰਘ ਅਟਾਰੀ ਦੀ ਨਿਗਰਾਨੀ ਵਿਚ ਰੱਖੇ ਗਏ। ਗੁਲਾਬ ਸਿੰਘ ਅਟਾਰੀਵਾਲਾ ਸਰਦਾਰ ਸੀ ਜਿਸ ਦੀ ਧੀ ਨਾਲ ਬਾਦ ਵਿਚ ਉਮਰਾਉ ਸਿੰਘ ਦਾ ਵਿਆਹ ਹੋਇਆ, ਚਾਰ ਬੱਚੇ ਬਲਰਾਮ, ਸਤਿਆਵਾਨ, ਵਿਵੇਕ ਪੁੱਤਰ ਅਤੇ ਧੀ ਸੁਮੇਰ ਪੈਦਾ ਹੋਈ ਤੇ ਫਿਰ ਇਨ੍ਹਾਂ ਬੱਚਿਆਂ ਦੀ ਮਾਂ ਦਾ ਦੇਹਾਂਤ ਹੋ ਗਿਆ। ਵੱਡਾ ਭਰਾ ਅੰਗਰੇਜ਼ਾਂ ਦਾ ਖਿਦਮਤਗਾਰ ਹੋ ਗਿਆ ਤਾ ਉਮਰਾਉ ਸਿੰਘ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਲੰਡਨ ਚਲਾ ਗਿਆ। ਲੰਡਨ ਗਿਆ ਤਾਂ ਉਥੇ ਸ਼ਾਹਜ਼ਾਦੀ ਬਾਂਬਾ ਸੋਫੀਆ ਜਿੰਦਾਂ ਦਲੀਪ ਸਿੰਘ ਨਾਲ ਮੁਲਾਕਾਤ ਹੋਈ। ਬਾਂਬਾ ਉਮਰਾਉ ਸਿੰਘ ਉਪਰ ਫਿਦਾ ਹੋ ਗਈ ਸੀ ਤੇ ਉਸ ਨਾਲ ਵਿਆਹ ਕਰਵਾਣ ਦੀ ਇਛੁੱਕ ਸੀ। ਸ਼ਾਹਜ਼ਾਦੀ ਬਾਂਬਾ ਦੀ ਤੀਬਰ ਇੱਛਾ ਸੀ ਕਿ ਉਹ ਲਾਹੌਰ ਜਾ ਕੇ, ਆਪਣੇ ਬਾਬਾ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੀਆਂ ਨਿਸ਼ਾਨੀਆਂ ਦੇਖੇ। ਉਸਨੇ ਸਰਦਾਰ ਉਮਰਾਉ ਸਿੰਘ ਨੂੰ ਆਪਣੀ ਖਾਹਸ਼ ਦੱਸੀ ਤਾਂ ਸਰਦਾਰ ਆਪਣੇ ਨਾਲ ਲਿਜਾਣ ਲਈ ਤਿਆਰ ਹੋ ਗਿਆ। ਬਾਂਬਾ ਨੇ ਇਕੱਲੀ ਭਾਰਤ ਵਿਚ ਆਉਣ ਦੀ ਥਾਂ ਆਪਣੀ ਹੰਗੇਰੀਅਨ ਸਕੱਤਰ ਮੇਰੀ ਐਂਟੋਨਿਟ ਨੂੰ ਵੀ ਸਫਰ ਵਾਸਤੇ ਤਿਆਰ ਕਰ ਲਿਆ। ਐਂਟੋਨਿਟ ਚੰਗੀ ਸੁਸਿੱਖਿਅਤ, ਸਭਿੱਅਕ, ਨੇਕ ਕੁੜੀ ਸੀ ਜਿਹੜੀ ਲੰਡਨ ਵਿਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਐਂਟੋਨਿਟ ਸੁਹਣੀ ਤਾਂ ਸੀ ਹੀ, ਸੰਗੀਤਕਾਰ ਵੀ ਸੀ, ਬਾਂਬਾ ਸੰਗੀਤ ਉਪਰ ਫਿਦਾ ਸੀ, ਸੋ ਇਹ ਯਾਤਰਾ ਹੁਣ ਦਿਲਚਸਪ ਰਹੇਗੀ। ਜਦੋਂ ਭੂਰੇ ਵਾਲਾ ਵਾਲੀ ਭਰ ਜੁਆਨ ਐਂਟੋਨਿਟ ਨੂੰ ਉਮਰਾਉ ਸਿੰਘ ਨੇ ਦੇਖਿਆ, ਉਸ ਦੇ ਦਿਲ ਵਿਚ ਕਾਂਬਾ ਛਿੜਿਆ। ਉਮਰਾਉ ਸਿੰਘ ਦਾ ਕੀ ਦੋਸ਼, ਉਹ ਸੀ ਹੀ ਇਹੋ ਜਿਹੀ, ਦੇਖਣ ਸਾਰ ਹਰ ਦਰਸ਼ਕ ਦੀ ਧੜਕਣ ਵਧ ਜਾਣੀ ਸੁਭਾਵਿਕ ਸੀ।

ਉਮਰਾਉ ਸਿੰਘ, ਸਾਊ ਕਿਸਮ ਦਾ ਚੁੱਪ ਰਹਿਣ ਵਾਲਾ ਸਰਦਾਰ ਸੀ ਜਿਸ ਦੀ ਰੁਚੀ ਸਾਹਿਤ, ਫਲਸਫਾ ਪੜ੍ਹਨ ਵਿਚ ਸੀ। ਉਸਨੇ ਇਸ ਕੁੜੀ ਅੱਗੇ ਵਿਆਹ ਦੀ ਪੇਸ਼ਕਸ਼ ਕੀਤੀ ਜੋ ਮਨਜ਼ੂਰ ਹੋਈ। ਸਾਲ 1912 ਵਿਚ ਲਾਹੌਰ ਵਿਖੇ ਸਿੱਖ ਰਵਾਇਤਾਂ ਮੁਤਾਬਕ ਆਨੰਦ ਕਾਰਜ ਦੀ ਰਸਮ ਹੋਈ। ਸਦੀਆਂ ਤੋਂ ਲਾਹੌਰ ਦਾ ਰੁਤਬਾ ਮਹਾਂਨਗਰ ਦਾ ਸੀ। ਅੰਮ੍ਰਿਤਸਰ ਦਾ ਰੁਤਬਾ ਸਿੱਖਾਂ ਵਾਸਤੇ ਸ਼੍ਰੋਮਣੀ ਰਿਹਾ ਪਰ ਲਾਹੌਰ ਵਿਚ ਦੁਨੀਆਂ ਭਰ ਦੇ ਨਾਮਵਰ ਲੋਕ ਆਉਂਦੇ ਜਾਂਦੇ ਰਹਿੰਦੇ ਜਿਥੇ ਅਨੇਕ ਵਿਦਿਆਵਾਂ, ਕੋਮਲ ਕਲਾਵਾਂ ਅਤੇ ਵਪਾਰ ਦਾ ਆਦਾਨ ਪ੍ਰਦਾਨ ਹੁੰਦਾ। ਅੰਮ੍ਰਿਤਸਰ ਉੱਤਰੀ ਭਾਰਤ ਦੀ ਧਾਰਮਿਕ ਰਾਜਧਾਨੀ ਸੀ ਤੇ ਲਾਹੌਰ ਸਭਿਆਚਾਰਕ ਰਾਜਧਾਨੀ। ਬਾਂਬਾ

ਲਾਹੌਰ ਰਹਿ ਗਈ। ਇਥੇ ਅੰਗਰੇਜ਼ ਡਾਕਟਰ ਸਦਰਲੈਂਡ ਨਾਲ ਵਿਆਹ ਕਰਵਾਇਆ। ਉਨ੍ਹਾਂ ਦੇ ਔਲਾਦ ਨਹੀਂ ਹੋਈ, 1957 ਵਿਚ ਜਦੋਂ ਮਰੀ ਤਾਂ ਆਪਣੀ ਸਾਰੀ ਜਾਇਦਾਦ, ਹਵੇਲੀ, ਪੇਂਟਿੰਗਜ਼ ਆਪਣੇ ਖਾਨਸਾਮੇ ਕਰੀਮਬਖਸ਼ ਸੁਪਰਾ ਦੇ ਨਾਮ ਕਰ ਗਈ। ਪਾਕਿਸਤਾਨ ਸਰਕਾਰ ਦੇ ਪੁਰਾ-ਵਿਭਾਗ ਨੇ ਕਰੀਮਬਖਸ਼ ਤੋਂ ਕਲਾ ਕ੍ਰਿਤਾਂ ਖਰੀਦ ਕੇ ਸੰਭਾਲ ਲਈਆਂ ਜੋ ਮੈਂ ਲਾਹੌਰ ਦੇਖ ਕੇ ਆਇਆ ਹਾਂ।

ਲਾਹੌਰ ਤੋਂ ਅੰਮ੍ਰਿਤਸਰ ਵਿਚ ਆਪਣੀ ਹਵੇਲੀ ਆ ਕੇ ਕੁਝ ਸਮਾਂ ਰਹੇ ਪਰ ਫਿਰ ਫੈਸਲਾ ਹੋਇਆ ਕਿ ਹੰਗਰੀ ਚੱਲਿਆ ਜਾਏ। ਹੰਗਰੀ ਜਾਣ ਦਾ ਇਹ ਫੈਸਲਾ ਲਏ ਜਾਣ ਵੇਲੇ ਇਕ ਕਾਰਨ ਇਹ ਵੀ ਸੀ ਕਿ ਸੰਕਟ ਵਿਚ ਫਸੇ ਅੰਗਰੇਜ਼ਾਂ ਤੋਂ ਹਿੰਦੁਸਤਾਨ ਖੋਹਿਆ ਜਾ ਸਕਦਾ ਹੈ। ਸ੍ਰ. ਉਮਰਾਉ ਸਿੰਘ ਦੇ ਮਹਾਰਾਜਾ ਦਲੀਪ ਸਿੰਘ ਪਰਿਵਾਰ ਨਾਲ ਨੇੜਲੇ ਸਬੰਧ ਹੋਣ ਕਰਕੇ ਉਹ ਅੰਗਰੇਜ਼ ਸਰਕਾਰ ਵਾਸਤੇ ਸ਼ੱਕ ਦੇ ਦਾਇਰੇ ਵਿਚ ਆਉਂਦਾ ਸੀ। ਆਪਣੇ ਵੱਡੇ ਭਰਾ ਵਾਂਗ ਸਰਕਾਰ ਦੀ ਖਿਦਮਤਗਾਰੀ ਕਰਨ ਦੀ ਥਾਂ ਉਹ ਮਿਸ ਬਾਂਬਾ ਦੇ ਨਜ਼ਦੀਕ ਹੋਣ ਕਾਰਨ ਮੁਸੀਬਤ ਬਣ ਸਕਦਾ ਸੀ। ਇਸ ਤਰ੍ਹਾਂ ਦੇ ਤਣਾਉ ਤੋਂ ਮੁਕਤ ਹੋਣ ਲਈ ਪਤਨੀ ਸਮੇਤ ਹੰਗਰੀ ਚਲਾ ਗਿਆ। ਉਥੋਂ ਉਹ ਦਸ ਸਾਲ ਬਾਦ ਭਾਰਤ ਵਾਪਸ ਪਰਤਿਆ। ਵਿਆਹ ਤੋਂ ਸਾਲ ਬਾਦ 30 ਜਨਵਰੀ 1913 ਨੂੰ ਅੰਮ੍ਰਿਤਾ ਸ਼ੇਰਗਿਲ ਦਾ ਜਨਮ ਹੋਇਆ। ਰੇਸ਼ਮੀ ਕਾਲੇ ਵਾਲ, ਮੋਟੀਆਂ, ਸੁਹਣੀਆਂ, ਹੈਰਾਨੀ ਨਾਲ ਘੁੰਮਦੀਆਂ ਅੱਖਾਂ ਵਚਿੱਤਰ ਸੰਸਾਰ ਨੂੰ ਜਾਣਨ ਦਾ ਯਤਨ ਕਰਦੀਆਂ ਰਹਿੰਦੀਆਂ। ਮਾਂ ਆਖਦੀ – ਇਹ ਕਿੰਨੀ ਸੁਹਣੀ ਹੈ। ਪਿਤਾ ਆਖਦਾ – ਇਸਦੀ ਜਾਣਨ ਸ਼ਕਤੀ ਬਹੁਤ ਤਿੱਖੀ ਹੈ। ਇਕ ਸਾਲ ਬਾਦ ਦੂਜੀ ਧੀ ਇੰਦਰਾ ਦਾ ਜਨਮ ਹੋਇਆ।

ਮੇਰੀ ਐਂਟੋਨਿਟ ਦਾ ਬਾਬਾ ਧਨਾਡ ਜ਼ਿਮੀਦਾਰ ਸੀ ਤੇ ਆਸਟਰੀਆ ਦੀ ਫੌਜ ਵਿਚ ਅਫਸਰ ਸੀ। ਮੇਰੀ ਪਿਆਨਿਸਟ ਤਾਂ ਹੈ ਹੀ ਸੀ ਉਪੇਰਾ ਵਿਚ ਕੰਮ ਕਰਨ ਵਾਸਤੇ ਰੋਮ ਜਾ ਕੇ ਪੜ੍ਹਾਈ ਕੀਤੀ। ਉਸਨੇ ਉਪੇਰੇ ਵਿਚ ਕੰਮ ਤਾਂ ਨਹੀਂ ਕੀਤਾ ਪਰ ਉਸਦੀ ਆਵਾਜ਼ ਵਿਚ ਆਕਰਸ਼ਣ ਸੀ, ਲੈਅ ਸੀ, ਇਟਾਲੀਅਨ ਜ਼ਬਾਨ ਬੋਲਣ ਵਿਚ ਪੂਰੀ ਮਾਹਿਰ ਯਹੂਦੀ ਪਰਿਵਾਰ ਦੀ ਧੀ ਸੀ। ਵਿਆਹ ਤੋਂ ਤੁਰੰਤ ਬਾਦ ਮੇਰੀ ਆਪਣੀ ਭੈਣ ਬਲਾਂਕਾ ਦੇ ਘਰ ਵਿਚ ਰਹੀ। ਬਲਾਂਕਾ ਦਾ ਪਤੀ ਪਾਰਲੀਮੈਂਟ ਦਾ ਮੈਂਬਰ ਸੀ ਜਿਸਦਾ ਸੱਤ ਕਮਰਿਆਂ ਵਾਲਾ ਘਰ ਪਾਰਲੀਮੈਂਟ ਹਾਊਸ ਦੇ ਐਨ ਨਜ਼ਦੀਕ ਸੀ। ਉਸਨੇ ਉਮਰਾਉ ਸਿੰਘ ਅਤੇ ਮੇਰੀ ਨੂੰ ਦੋ ਬੈਡਰੂਮਜ਼ ਦਾ ਸੈਟ ਦੇ ਦਿੱਤਾ।

ਮਾਂ ਨੇ ਅੰਮ੍ਰਿਤਾ ਬਾਰੇ ਲਿਖਿਆ – ਥੋੜ੍ਹੇ ਦਿਨ ਪਹਿਲਾਂ ਵਾਲੀ ਨਾਜ਼ਕ ਬੇਬੀ ਤੇਜ਼ੀ ਨਾਲ ਚੇਤੰਨ ਹੋ ਰਹੀ ਸੀ, ਸ਼ਰਾਰਤੀ ਹੋ ਰਹੀ ਸੀ। ਪੰਘੂੜੇ ਵਿਚ ਚੁਪਚਾਪ ਲੇਟੀ ਆਉਣ ਜਾਣ ਵਾਲਿਆਂ ਵੱਲ ਹੈਰਾਨੀ ਨਾਲ ਦੇਖੀ ਜਾਂਦੀ, ਕੋਈ ਨੇੜੇ ਆਉਂਦਾ ਤਾਂ ਹੱਸ ਪੈਂਦੀ, ਫਿਰ ਕਮਰੇ ਵਿਚ ਰੁੜ੍ਹਨ ਲੱਗੀ, ਸ਼ੋਰ ਪਾਉਂਦੀ ਰਹਿੰਦੀ, ਪੰਛੀਆਂ ਵਰਗੀ ਟੁਣਕਦੀ ਆਵਾਜ਼, ਨੌ ਮਹੀਨਿਆਂ ਦੀ ਅੰਮ੍ਰਿਤਾ ਮੰਜੇ ਦੀਆਂ ਬਾਹੀਆਂ ਫੜ ਕੇ ਤੇਜ਼ ਕਦਮੀ ਦੌੜਦੀ, ਫੜਨ ਲਗਦੇ ਤਾਂ ਖੁਸ਼ੀ ਨਾਲ ਚੀਕਦੀ, ਹੱਸਦੀ, ਜੁਲਾਈ 1914 ਤੱਕ ਨਿਕੇ ਨਿਕੇ ਹੰਗਰੀ ਵਾਕ ਬੋਲਣ ਲੱਗ ਗਈ, ਗਵਾਂਢੀ ਬੱਚਿਆ ਨਾਲ ਖੇਡਣ ਲਾਅਨ ਵਿਚ ਜਾਂਦੀ। ਸਭ ਤੋਂ ਵਧੀਕ ਪਿਆਰ ਆਪਣੀ ਨਿੱਕੀ ਭੈਣ ਇੰਦਰਾ ਨੂੰ ਕਰਦੀ। ਆਪਣੇ ਸਾਰੇ ਖਿਡੌਣੇ ਉਸ ਅੱਗੇ ਰੱਖ ਦਿੰਦੀ, ਮਨਮਰਜ਼ੀ ਦੇ ਪੰਛੀਆਂ ਵਾਲੇ ਨਾਂ ਰੱਖ ਕੇ ਵਾਜਾਂ ਮਾਰਦੀ। ਜਦੋਂ 17 ਨਵੰਬਰ 1918 ਨੂੰ ਬਪਤਿਸਮਾ ਦਿੱਤਾ ਗਿਆ ਤਾ ਅੰਮ੍ਰਿਤਸਰ ਨੂੰ ਯਾਦ ਕਰਦਿਆਂ ਪਿਤਾ ਨੇ ਅੰਮ੍ਰਿਤਾ ਨਾਮ ਰੱਖਿਆ ਤੇ ਮਾਂ ਵਲੋਂ ਅਨਤੋਨੀਆ ਨਾਮ ਮਿਲਿਆ। ਮਾਂ ਨੇ ਲਿਖਿਆ – ਉਹ ਖੁਸ਼ੀਆ ਭਰੇ ਦਿਨ ਸਨ। ਅੰਮ੍ਰਿਤਾ ਸਾਢੇ ਪੰਜ ਸਾਲ ਦੀ ਸੀ, ਪੜ੍ਹਾਉਣ ਲਈ ਟਿਊਟਰ ਰੱਖ ਲਿਆ। ਪੜ੍ਹਾਈ ਦਾ ਫਿਕਰ ਨਹੀਂ ਸੀ, ਬਸ, ਬੱਚੇ ਅਨੁਸ਼ਾਸਨ ਵਿਚ ਆਹਰ ਲੱਗੇ ਰਹਿਣ। ਦੋ ਮਹੀਨਿਆਂ ਵਿਚ ਅੰਮ੍ਰਿਤਾ ਨੇ ਹੰਗੇਰੀਅਨ ਲਿਖਣੀ ਤੇ ਪੜ੍ਹਨੀ ਸਿੱਖ ਲਈ। ਰੰਗਦਾਰ ਪੈਨਸਿਲਾਂ ਨਾਲ ਤਸਵੀਰਾਂ ਬਣਾਈ ਜਾਂਦੀ। ਹਰੇਕ ਖਿਡੌਣੇ ਦੀ ਤਸਵੀਰ ਬਣਾ ਦਿੰਦੀ। ਆਲੇ ਦੁਆਲੇ ਉਡਦੇ, ਤੁਰਦੇ ਪੰਛੀਆਂ ਦੀਆਂ ਤਸਵੀਰਾਂ। ਬਾਕੀ ਬੱਚੇ ਛਪੀ ਹੋਈ ਡਰਾਇੰਗ ਵਿਚ ਰੰਗ ਭਰਦੇ, ਅੰਮ੍ਰਿਤਾ ਆਪਣਾ ਸਕੈਚ ਆਪ ਡਰਾਅ ਕਰਦੀ। ਜੇ ਕੋਈ ਠੀਕ ਕਰਨ ਦੀ ਮੱਦਦ ਕਰਨੀ ਚਾਹੁੰਦਾ, ਰੋਕ ਦਿੰਦੀ, ਬੇਸ਼ਕ ਗਲਤ ਬਣਾਏ, ਪਰ ਖੁਦ ਸਕੈਚ ਬਣਾਏਗੀ। ਕਿਹਾ ਕਰਦੀ – ਬਣੇ ਬਣਾਏ ਸਕੈਚਾਂ ਵਿਚ ਰੰਗ ਭਰਨੇ ਕੀ ਮੁਸ਼ਕਲ ਹਨ? ਮੁਸ਼ਕਲ ਤਾਂ ਸਕੈਚ ਬਣਾਉਣਾ ਹੈ।

ਬੁਡਾਪੈਸਟ ਸ਼ਹਿਰ ਤੋਂ ਪਰ੍ਹੇ ਹਟ ਕੇ ਇਸ ਪਰਿਵਾਰ ਨੇ ਪਿੰਡ ਵਿਚ ਆਪਣਾ ਟਿਕਾਣਾ ਬਣਾਇਆ। ਇਥੇ ਦੇ ਪੇਂਡੂ ਜੰਗਲ ਬੇਲੇ, ਪਸ਼ੂ ਪੰਛੀ ਉਸ ਦੇ ਦਿਲ ਦਿਮਾਗ ਵਿਚ ਉਤਰਨ ਲੱਗੇ।ਇਥੇ ਹੀ ਪਿੰਡ ਉਸਦਾ ਮਸੇਰ ਭਰਾ ਵਿਕਟਰ ਏਗਨ ਉਸਦਾ ਬਚਪਨ ਦਾ ਸਾਥੀ ਸੀ। ਦੋਵਾਂ ਦੇ ਬਚਗਾਨੇ ਭੇਤ ਸਾਂਝੇ ਸਨ।ਸ਼ੇਰਗਿਲ ਪਰਿਵਾਰ ਜਦੋਂ ਭਾਰਤ ਆਉਂਦਾ, ਸ਼ੁਰੂ ਸ਼ੁਰੂ ਵਿਚ ਅੰਮ੍ਰਿਤਾ ਅਤੇ ਵਿਕਟਰ ਇਸਦਾ ਵਿਰੋਧ ਕਰਦੇ।ਅੰਮ੍ਰਿਤਾ ਦੇ ਦਿਲ ਵਿਚ ਅਕਸਰ ਖਿਆਲ ਆਉਂਦਾ ਕਿ ਕੇਵਲ ਵਿਕਟਰ ਨਾਲ ਉਮਰ ਬਿਤਾਏਗੀ।

ਅੰਮ੍ਰਿਤਾ ਕਿਹਾ ਕਰਦੀ – ਮੈਨੂੰ ਚੰਗਾ ਲਗਦਾ ਹੈ ਮੈਂ ਭਾਸ਼ਾ ਵਿਚ ਮੁਹਾਰਤ ਹਾਸਲ ਕਰਾਂ। ਮੈਨੂੰ ਰੰਗਾਂ ਦੀ ਭਾਸ਼ਾ ਬਿਨਾਂ ਹੋਰ ਕੁਝ ਸਮਝ ਵਿਚ ਨਹੀਂ ਆਉਂਦਾ। ਮੈਨੂੰ ਕੋਈ ਪੁੱਛੇ ਪੇਂਟਿੰਗ ਕਰਨੀ ਕਦੋਂ ਸ਼ੁਰੂ ਕੀਤੀ ਸੀ ਤਾਂ ਮੇਰੇ ਕੋਲ ਕੋਈ ਉਤਰ ਨਹੀਂ। ਪਤਾ ਨਹੀਂ ਕਦੋਂ ਤੋਂ, ਸ਼ਾਇਦ ਹੋਸ਼ ਸੰਭਾਲਣ ਤੋਂ ਵੀ ਪਹਿਲਾਂ। ਮੈਨੂੰ ਪਿਆਨੋ

ਦਾ ਪਤਾ ਹੈ ਕਦੋਂ ਵਾਦਨ ਸ਼ੁਰੂ ਕੀਤਾ, ਰੰਗਾਂ ਦਾ, ਸਕੈਚਾਂ ਦਾ ਕੰਮ ਅਜ਼ਲ ਤੋਂ ਤੁਰਿਆ ਆ ਰਿਹਾ ਹੈ। ਮੇਰਾ ਦਿਲ ਨਿਰੰਤਰ ਮੈਨੂੰ ਸਮਝਾਉਂਦਾ ਰਿਹਾ ਕਿ ਮੈਂ ਰੰਗਾਂ ਲਈ ਬਣੀ ਹਾਂ ਹੋਰ ਕਾਸੇ ਲਈ ਨਹੀਂ।

ਬਾਦ ਵਿਚ ਵਿਕਟਰ ਨੇ ਦੱਸਿਆ - ਬਚਪਨ ਤੋਂ ਦੇਖਦਾ ਆਇਆ ਹਾਂ, ਉਹ ਕਾਗਜ਼ ਦੇ ਹਰੇਕ ਟੁਕੜੇ ਉਪਰ ਤਸਵੀਰ ਬਣਾ ਦੇਂਦੀ। ਡਾਕ ਦੇ ਲਿਫਾਫੇ ਉਪਰ, ਕੰਧਾਂ ਉਪਰ। ਕੋਈ ਥਾਂ ਤਸਵੀਰ ਬਗੈਰ ਹੈ ਈ ਨਹੀਂ। ਕਦੇ ਕਾਲੇ ਰੰਗਾਂ ਦੀ ਪੈਨਸਿਲ ਨੂੰ ਹੱਥ ਨਹੀਂ ਲਾਇਆ। ਹਰ ਵਕਤ ਰੰਗ ਬਰੰਗੀਆਂ ਪੈਨਸਿਲਾਂ ਜੇਬਾਂ ਵਿਚ ਹੁੰਦੀਆਂ। ਅਜੀਬ ਸ਼ਕਲ ਦੀਆਂ ਅਜੀਬ ਮੂਰਤਾਂ, ਕੋਈ ਕੋਈ ਮਨੁੱਖੀ ਨੈਣ ਨਕਸ਼ਾਂ ਵਾਲੀ ਵੀ ਹੁੰਦੀ।

ਮਾਂ ਹੰਗੇਰੀਅਨ ਲੋਕ ਗੀਤ ਗਾਉਂਦੀ ਤਾਂ ਅੰਮ੍ਰਿਤਾ ਆਖਦੀ - ਇਹ ਗੀਤ ਪੇਂਟ ਕਰਕੇ ਦਿਖਾਵਾਂ? ਮਾਂ ਲੋਕ ਕਹਾਣੀ ਸੁਣਾਉਂਦੀ, ਅੰਮ੍ਰਿਤਾ ਕਹਾਣੀ ਨੂੰ ਕਾਗਜ਼ ਉਪਰ ਚਿਤਰ ਦਿੰਦੀ। ਇਸ ਦੀ ਵਜ੍ਹਾ ਮਾਂ ਦੇ ਗੂੜ੍ਹੇ ਭੂਰੇ ਵਾਲ ਸਨ ਕਿ ਕੁਝ ਹੋਰ, ਗੂਹੜੇ ਰੰਗ ਵਰਤਦੀ। ਜੇ ਕਿਤੇ ਉਸਨੇ ਮਾਪਿਆਂ ਦਾ ਅਸਰ ਕਬੂਲਿਆ ਹੁੰਦਾ, ਉਹ ਸੰਗੀਤਕਾਰ ਹੁੰਦੀ, ਮਾਂ ਅਤੇ ਪਿਤਾ ਨੂੰ ਰੰਗਾਂ ਦੇ ਸੰਸਾਰ ਦਾ ਨਾ ਗਿਆਨ ਸੀ, ਨਾ ਰੁਚੀ। ਇਹ ਰਸਤਾ ਉਸਦੀ ਆਪਣੀ ਚੋਣ ਸੀ। ਸੱਚ ਤਾਂ ਇਹ ਹੈ ਕਿ ਮਾਂ ਮਾਡਰਨ ਆਰਟ ਦੇ ਖਿਲਾਫ ਸੀ, ਉਸਨੂੰ ਇਹ ਨਿਰਾ ਬਕਵਾਸ ਲਗਦਾ ਸੀ, ਪਾਗਲਾਂ ਦੀ ਖੇਡ। ਉਹ ਮਾਡਰਨ ਆਰਟ ਦੇਖ ਕੇ ਹੱਸ ਪੈਂਦੀ।

1920 ਵਿੱਚ ਹੰਗਰੀ ਦੇ ਸਿਆਸੀ ਹਾਲਾਤ ਖਰਾਬ ਹੋਣ ਕਰਕੇ ਪਰਿਵਾਰ ਨੇ ਭਾਰਤ ਆਉਣ ਦੀ ਆਗਿਆ ਮੰਗੀ, ਸਰਕਾਰ ਨੇ ਨਾਂਹ ਕਰ ਦਿੱਤੀ ਕਿਉਂਕਿ ਖੁਫੀਆਂ ਰਿਪੋਰਟਾਂ ਅਨੁਸਾਰ ਉਮਰਾਉ ਸਿੰਘ ਨੂੰ ਬਾਗੀ ਲੋਕ ਲਾਲਾ ਹਰਦਿਆਲ, ਰਾਜਾ ਮਹੇਂਦਰ ਪ੍ਰਤਾਪ, ਹਰਬੰਸ ਸਿੰਘ ਅਟਾਰੀ ਮਿਲਦੇ ਰਹੇ ਸਨ। ਭਰਾ ਨੇ ਮੱਦਦ ਕੀਤੀ ਤਾਂ ਆਗਿਆ ਮਿਲੀ। ਦਸ ਸਾਲ ਹੰਗਰੀ ਵਿਚ ਬਿਤਾ ਕੇ 2 ਜਨਵਰੀ 1921 ਨੂੰ ਭਾਰਤ ਲਈ ਰਵਾਨਾ ਹੋਏ।

ਵਾਪਸੀ ਬਰਾਸਤਾ ਪੈਰਿਸ ਇਸ ਲਈ ਰੱਖੀ ਤਾਂ ਕਿ ਬੱਚਿਆਂ ਨੂੰ ਪੈਰਿਸ ਦੀਆਂ ਆਰਟ ਗੈਲਰੀਆਂ ਦਿਖਾਈਆਂ ਜਾਣ, ਉਪੇਰਾ ਦਿਖਾਇਆ ਜਾਵੇ। ਅੰਮ੍ਰਿਤਾ ਨੇ ਅਸਲ ਮੋਨਾਲਿਜ਼ਾ ਪਹਿਲੀ ਵਾਰ ਦੇਖੀ ਤਾਂ ਮੁਗਧ ਹੋ ਕੇ ਦੇਰ ਤੱਕ ਖਲੋਤੀ ਦੇਖਦੀ ਰਹੀ। ਪਹਿਲਾਂ ਮਾਂ ਕੋਲ ਇਸ ਦੀਆਂ ਨਕਲਾਂ ਦੇਖੀਆਂ ਸਨ। ਸਮੁੰਦਰੀ ਜਹਾਜ਼ ਵਿਚ ਅੰਮ੍ਰਿਤਾ ਦਾ ਅੱਠਵਾਂ ਜਨਮ ਦਿਨ ਮਨਾਇਆ। ਅੰਮ੍ਰਿਤਾ ਲਿਖਦੀ ਹੈ - ਮਾਲਵਾ ਜਹਾਜ਼ ਉਪਰ ਕੂਚ ਬਿਹਾਰ ਦੀ ਮਹਾਰਾਣੀ ਅਤੇ ਉਸਦੀਆਂ ਬਾਂਦੀਆਂ ਦੀ ਹਾਜ਼ਰੀ ਵਿਚ ਕੇਕ ਕੱਟਿਆ, ਮਿਠਾਈ ਖਾਧੀ।

ਜੁਆਨ ਹੋ ਕੇ ਜਦੋਂ ਉਸਨੇ ਐਲਾਨ ਕਰ ਦਿੱਤਾ ਕਿ ਆਰਟ ਬਗੈਰ ਹੋਰ ਕੁਝ ਨਹੀਂ ਕਰੇਗੀ ਤਾਂ ਮਾਂ ਨੇ ਉਸ ਵਾਸਤੇ ਟੀਚਰ ਲੱਭਣੇ ਸ਼ੁਰੂ ਕੀਤੇ। ਸ਼ਿਮਲੇ ਮੇਜਰ ਵਿਟਮਾਰਸ਼ ਰਹਿ ਰਿਹਾ ਸੀ, ਥੋੜ੍ਹਾ ਸਮਾਂ ਉਸਨੇ ਟਰੇਨਿੰਗ ਦਿੱਤੀ। ਦੂਜਾ ਟੀਚਰ ਬੇਵਾਂ ਪੈਟਮਨ ਔਰਤਾਂ ਦੇ ਬਹੁਤ ਸੁਹਣੇ ਸਕੈਚ ਬਣਾਉਣ ਦਾ ਮਾਹਿਰ ਸੀ, ਉਹ ਲੰਦਨ ਦੇ ਸਲੇਡ ਆਰਟ ਸਕੂਲ ਵਿਚ ਪੜ੍ਹਾ ਕੇ ਆਇਆ ਸੀ। ਉਸਨੇ ਟਰੇਨਿੰਗ ਦੇਣੀ ਸ਼ੁਰੂ ਕੀਤੀ। ਪੰਜਾਹ ਸਾਲ ਬਾਦ ਆਪਣੇ ਦੋਸਤ ਨੂੰ ਖਤ ਵਿਚ ਉਸਨੇ ਅੰਮ੍ਰਿਤਾ ਬਾਰੇ ਲਿਖਿਆ - ਉਹ ਬੇਮਿਸਾਲ ਪ੍ਰਤਿਭਾ ਦੀ ਮਾਲਕ ਸੀ। ਦੇਰ ਤਕ ਸਖਤ ਮਿਹਨਤ ਕਰਦੀ ਰਹਿੰਦੀ। ਇਕ ਲਕੀਰ ਵਾਹ ਕੇ ਉਹ ਤਸਵੀਰ ਦਾ ਪੂਰਾ ਪ੍ਰਭਾਵ ਬਦਲ ਦਿੰਦੀ। ਤਿੰਨ ਡਾਈਮੈਨਸ਼ਨਾਂ ਵਾਲੇ ਜਗਤ ਨੂੰ ਕਾਗਜ਼ ਉਪਰ ਦੋ ਡਾਈਮੈਨਸ਼ਨਾਂ ਵਿਚ ਕਿਵੇਂ ਢਾਲ ਦੇਣਾ ਹੈ, ਉਹ ਜਾਣ ਗਈ ਸੀ। ਜਿੰਨਾ ਵਧ ਤੋਂ ਵਧ ਸਿਖਾ ਸਕਦਾ ਸਾਂ, ਸਿਖਲਾਈ ਦਿੱਤੀ।

ਫਰਵਰੀ ਵਿਚ ਬੰਬੇ, ਦਿੱਲੀ ਹੋ ਕੇ ਲਾਹੌਰ ਪੁੱਜੇ ਤੇ ਭਰਾ ਦੀ ਹਵੇਲੀ ਵਿਚ ਰਹੇ। ਪਹਿਲੀ ਪਤਨੀ ਦੇ ਬੱਚਿਆਂ ਵਿਚਕਾਰ ਜਾਇਦਾਦ ਦਾ ਵੱਡਾ ਹਿੱਸਾ ਵੰਡ ਦਿੱਤਾ। ਮਜੀਠੇ ਅਤੇ ਲਾਹੌਰ ਵਿਚਲੇ ਘਰ ਪਹਿਲੇ ਬੱਚਿਆਂ ਦੀ ਵੰਡ ਵਿਚ ਆਉਣ ਪਿਛੋਂ ਖੁਦ ਲਈ ਸ਼ਿਮਲੇ 2500 ਵਰਗ ਗਜ ਵਿਚਲਾ ਬੰਗਲਾ ਖਰੀਦਿਆ। ਮੇਰੀ ਨੇ ਇਸ ਘਰ ਨੂੰ ਯੋਰਪੀਅਨ ਡਿਊਕਾਂ ਵਾਂਗ ਕੀਮਤੀ ਸਾਮਾਨ ਨਾਲ ਸਜਾਇਆ। ਛੋਟੀ ਇੰਦਰਾ ਦੀ ਰੁਚੀ ਸੰਗੀਤ ਵਲ ਵਧੀ ਤੇ ਉਸਨੇ ਨਾਚ ਸਿਖਣਾ ਸ਼ੁਰੂ ਕੀਤਾ।

1921 ਦੇ ਸਾਲ ਸ਼ਿਮਲੇ ਇਕ ਜੁਆਨ ਇਟਾਲੀਅਨ ਬੁੱਤਤ੍ਰਾਸ਼ ਆ ਗਿਆ ਤੇ ਸ਼ੇਰਗਿਲ ਪਰਿਵਾਰ ਕੋਲ ਆਉਣ ਜਾਣ ਹੋ ਗਿਆ। ਮੇਰੀ ਦੀ ਇਤਾਲਵੀ ਭਾਸ਼ਾ ਵਿਚ ਮਹਾਰਤ ਸੀ, ਜਲਦੀ ਦੋਵਾਂ ਵਿਚ ਇਸ਼ਕ ਹੋ ਗਿਆ। ਬੁਤਤ੍ਰਾਸ਼ ਦੇ ਬੀਵੀ ਬੱਚੇ ਫਲੋਰੈਂਸ ਸ਼ਹਿਰ ਵਿਚ ਸਨ, ਦੋਵਾਂ ਨੇ ਸਲਾਹ ਬਣਾਈ ਕਿ ਬੱਚੀਆਂ ਨੂੰ ਸਨਾਤਨੀ ਇਤਾਲਵੀ ਕਲਾ ਅਤੇ ਭਾਸ਼ਾ ਦੀ ਝਲਕ ਦਿਖਾਉਣ ਲਈ ਫਲੋਰੈਂਸ ਦਾ ਗੇੜਾ ਲਾਇਆ ਜਾਵੇ। ਇਹ ਇਕ ਤਰ੍ਹਾ ਦੀ ਰੁਮਾਂਟਿਕ ਸਾਜਸ਼ ਸੀ। ਪਹਿਲਾਂ ਜੁਆਨ ਗਿਆ ਬਾਦ ਵਿਚ ਮੇਰੀ ਆਪਣੀਆਂ ਧੀਆਂ ਸਮੇਤ ਫਲੋਰੈਂਸ ਚਲੀ ਗਈ। ਜਨਵਰੀ 1924, ਅੰਮ੍ਰਿਤਾ ਸਾਂਤਾ ਐਨੰਸੀਆਟਾ ਸਕੂਲ ਵਿਚ ਦਾਖਲ ਕਰਵਾ ਦਿੱਤੀ। ਕੁੜੀ ਨੂੰ ਸਕੂਲ ਦਾ ਸਖਤ ਰੋਮਨ ਕੈਥੋਲਿਕ ਜ਼ਾਬਤਾ ਪਸੰਦ ਨਹੀਂ ਸੀ। ਮਾਂ ਦਾ ਖਿਆਲ ਸੀ ਕਿ ਫਲੋਰੈਂਸ ਸ਼ਹਿਰ ਦਾ ਵਾਤਾਵਰਣ ਉਸਨੂੰ ਇਟਾਲੀਅਨ ਆਰਟ ਦੇ ਨੇੜੇ ਲੈ ਜਾਏਗਾ। ਜਿਥੋਂ ਤੱਕ ਮਾਂ ਦਾ ਵਸ ਚੱਲਿਆ, ਧਾਰਮਿਕ ਵਿੱਦਿਆ ਦੇਣੀ ਚਾਹੀ, ਇਥੋਂ ਤੱਕ ਕਿ ਛੋਟੀ ਉਮਰੇ ਬਪਤਿਸਮਾ ਵੀ ਦਿੱਤਾ ਪਰ ਦੋਵਾਂ ਕੁੜੀਆਂ ਦੀ ਧਾਰਮਿਕ ਬਿਰਤੀ ਨਹੀਂ ਬਣ ਸਕੀ। ਅੰਮ੍ਰਿਤਾ ਮੰਨਦੀ ਹੈ ਕਿ ਫਲੋਰੈਂਸ ਦੀ ਸੰਖਿਪਤ ਯਾਤਰਾ ਨੇ ਉਸ ਉਪਰ ਇਟਾਲੀਅਨ

www.punjabilibrary.com

ਅਸਰ ਛੱਡਿਆ। ਉਹ ਕਮਜ਼ੋਰ ਜਜ਼ਬਾਤੀ ਕਿਸਮ ਦੀ ਭਾਰਤੀ ਸ਼ੈਲੀ ਸੁੱਟ ਦੇਣ ਦੀ ਇਛੁੱਕ ਸੀ ਪਰ ਇਥੇ ਯੋਰਪ ਵਰਗੇ ਉਸਤਾਦ ਅਗਵਾਈ ਕਰਨ ਲਈ ਨਹੀਂ ਸਨ, ਨਾ ਸੰਤੁਲਿਤ ਦਾਦ ਮਿਲੇ, ਨਾ ਸਿਹਤਵੰਦ ਆਲੋਚਨਾ। ਸਕੂਲੋਂ ਨਿਕਲਣ ਵਾਸਤੇ ਨੰਗੀਆਂ ਤਸਵੀਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਛੇਤੀ ਹੀ ਮਾਂ ਦੇ ਇਸ਼ਕ ਦਾ ਭੇਗ ਪੈ ਗਿਆ ਤਾਂ ਅੰਮ੍ਰਿਤਾ ਨੂੰ ਸਕੂਲੋਂ ਹਟਾ ਲਿਆ। ਅੰਮ੍ਰਿਤਾ ਨੇ ਲਿਖਿਆ - ਪਹਿਲੋਂ ਤਾਂ ਮੈਂ ਫਲੋਰੈਂਸ ਦੇ ਮਾਹੌਲ ਨੂੰ ਨਫਰਤ ਕਰਦੀ ਰਹੀ ਪਰ ਹੁਣ ਪਤਾ ਲਗਦੈ ਕਿ ਮੇਰੇ ਉਤੇ ਇਥੋਂ ਦੇ ਸਥਾਈ ਅਸਰ ਪਏ। ਰੈਨੇਸਾਂ ਦੀਆਂ ਕਿਰਤਾਂ ਦਿਲ ਉਪਰ ਜਮ ਗਈਆਂ ਜਿਨ੍ਹਾਂ ਨੇ ਚਿਰ ਬਾਦ ਪੈਰਿਸ ਵਿਚ ਰੰਗ ਦਿਖਾਇਆ। ਕਦੀ ਕਦੀ ਮੈਨੂੰ ਫਖਰ ਹੁੰਦਾ ਕਿ ਮੈਂ ਇਟਾਲੀਅਨ ਮਾਸਟਰਜ਼ ਵਿਚੋਂ ਹਾਂ, ਉਨ੍ਹਾਂ ਦੀ ਹੀ ਸੰਤਾਨ ਹਾਂ।

ਫਲੋਰੈਂਸ ਤੋਂ ਵਾਪਸ ਆਈ ਤਾਂ ਮਾਪਿਆਂ ਨੇ ਸਲਾਹ ਕਰਕੇ ਸ਼ਿਮਲੇ ਦੇ ਵਧੀਆ ਈਸਾਈ ਸਕੂਲ ਵਿਚ ਦਾਖਲ ਕਰਵਾ ਦਿੱਤੀ। ਜਿਵੇਂ ਬਾਕੀ ਬੱਚੇ ਵਿਧੀਵਤ ਤਰੀਕੇ ਨਾਲ ਪੜ੍ਹਦੇ ਹਨ, ਇਸੇ ਤਰ੍ਹਾਂ ਅੰਮ੍ਰਿਤਾ ਪੜ੍ਹੇ। ਪੇਂਟਿੰਗ ਤੇ ਸੰਗੀਤ ਘਰ ਆ ਕੇ ਵਿਹਲੇ ਵਕਤ ਸਿੱਖੇ। ਉਹ ਕਲਾਸ ਦੇ ਬੰਧਨ ਵਿਚ ਕਿਥੇ ਬੰਨ੍ਹੀ ਜਾ ਸਕਦੀ ਸੀ? ਸਕੂਲ ਵਿਚ ਐਲਾਨ ਕਰ ਦਿੱਤਾ - ਮੈਂ ਨਾਸਤਕ ਹਾਂ, ਨਾ ਰੱਬ ਵਿਚ ਯਕੀਨ, ਨਾ ਧਰਮ ਵਿਚ। ਚੁਕੋ ਆਪਣੀ ਬਾਈਬਲ। ਕਿਤੇ ਬਾਕੀ ਬੱਚੇ ਨਾ ਵਿਗੜ ਜਾਣ, ਪ੍ਰਬੰਧਕਾਂ ਨੇ ਸ਼ਿਮਲੇ ਦੀ ਜੀਸਸ ਐਂਡ ਮੇਰੀ ਕਾਨਵੈਂਟ ਵਿਚੋਂ ਵੀ ਆਪਹੁਦਰੇ ਸੁਭਾਅ ਕਾਰਨ ਸਕੂਲੋਂ ਕੱਢ ਦਿੱਤੀ ਤਾਂ ਮੌਜ ਬਣ ਗਈ, ਕੇਵਲ ਡਰਾਇੰਗ ਜਾਂ ਪਿਆਨੋ, ਬਸ ਦੋ ਕੰਮ ਕਰਦੀ। ਮਾਪਿਆਂ ਨੇ ਘਰ ਟਿਊਟਰਾਂ ਰਾਹੀਂ ਪੜ੍ਹਾਈ ਕਰਾਉਣੀ ਜਾਰੀ ਰੱਖੀ।

ਅੰਮ੍ਰਿਤਾ ਦੀ ਮਾਂ ਨੇ ਫੈਸਲਾ ਸੁਣਾ ਦਿੱਤਾ ਕਿ ਬੱਚਿਆਂ ਦਾ ਭਵਿੱਖ, ਪੜ੍ਹਾਈ ਲਿਖਾਈ ਬਹੁਤ ਧਿਆਨ ਮੰਗਦੀ ਹੈ। ਪਰਿਵਰਸ਼ ਵਾਸਤੇ ਪੰਜਾਬ ਯੋਗ ਥਾਂ ਨਹੀਂ। ਸਾਰਾ ਪਰਿਵਾਰ ਫਿਰ ਹੰਗਰੀ ਵੱਲ ਤੁਰ ਪਿਆ। ਮਾਂ ਦਾ ਦੂਜਾ ਫੈਸਲਾ ਇਹ ਸੀ ਕਿ ਹੁਣ ਪਿੰਡ ਵਿਚ ਨਹੀਂ, ਬੁਡਾਪੈਸਟ ਸ਼ਹਿਰ ਵਿਚ ਵਸਣਾ ਹੈ। ਆਖਿਰ ਸਭਿਅਕ ਸੰਸਾਰ ਦਾ ਕਾਰ ਵਿਹਾਰ ਵੀ ਤਾਂ ਸਿਖਾਣਾ ਹੈ। ਉਹ ਪਿਆਨੋ-ਵਾਦਨ ਦੀ ਸ਼ੌਕੀਨ ਸੀ। ਉਸਨੇ ਅੰਮ੍ਰਿਤਾ ਨੂੰ ਵੀ ਪਿਆਨੋ-ਵਾਦਨ ਸਿਖਾਇਆ। ਕਦੀ ਮਾਂ ਦੀ ਇੱਛਾ ਰਹੀ ਸੀ ਕਿ ਪਿਆਨੋ-ਵਾਦਨ ਦੀ ਸਟਾਰ ਬਣ ਸਕਾਂ। ਹਾਲਾਤ ਨੇ ਸਾਥ ਨਹੀਂ ਦਿੱਤਾ। ਹੁਣ ਉਹ ਆਪਣੀ ਧੀ ਨੂੰ ਪਿਆਨੋ ਸਟਾਰ ਬਣਾਏਗੀ। ਛੋਟੀ ਇੰਦਰਾ ਵੀ ਸਿੱਖਣ ਲੱਗੀ। ਦੋਵਾਂ ਦੀ ਪ੍ਰਤਿਭਾ ਤੋਂ ਮਾਪੇ ਸੰਤੁਸ਼ਟ ਸਨ, ਉਨ੍ਹਾਂ ਨੂੰ ਪਤਾ ਸੀ ਕਿ ਜਿਸ ਖੇਤਰ ਵਿਚ ਇਹ ਕੁੜੀਆਂ ਕਦਮ ਰੱਖਣਗੀਆਂ ਉਥੇ ਯਕੀਨਨ ਸ਼ੁਹਰਤ ਹਾਸਿਲ ਕਰਨਗੀਆਂ।ਇਹ ਕੁੜੀਆਂ ਵੱਡੀਆਂ ਹੋ ਕੇ ਕਿੰਨੀਆਂ ਵੱਡੀਆਂ ਉਲਝਣਾਂ, ਮੁਸੀਬਤਾਂ ਖੜ੍ਹੀਆਂ ਕਰਨਗੀਆਂ, ਇਸਦਾ ਕਿਸੇ ਨੂੰ ਕੀ ਪਤਾ ਸੀ?

ਇਨ੍ਹਾਂ ਦਿਨਾਂ ਵਿਚ ਪਿਤਾ ਉਮਰਾਉ ਸਿੰਘ ਸ਼ੇਰਗਿਲ ਨੇ ਫਾਰਸੀ ਸ਼ਾਇਰ ਉਮਰ ਖੱਯਾਮ ਦੀ ਕਵਿਤਾ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਅੰਮ੍ਰਿਤਾ ਪਿਤਾ ਦੀਆਂ ਗੱਲਾਂ ਸੁਣਦੀ, ਅਨੁਵਾਦ ਪੜ੍ਹਦੀ। ਖੱਯਾਮ ਦੀ ਖੁਮਾਰੀ ਦੀ ਰੰਗਤ ਉਸ ਦੀਆਂ ਪੇਂਟਿੰਗਜ਼ ਵਿਚ ਉਤਰਨ ਲੱਗ ਪਈ। ਇਸ ਅਵਧੀ ਵਿਚ ਕੀਤੀਆ ਪੇਂਟਿੰਗਜ਼ ਬਾਕੀਆਂ ਤੋਂ ਵੱਖਰੀਆਂ ਹਨ।

ਗਰਮੀਆਂ ਸ਼ਿਮਲੇ ਬਿਤਾਉਂਦੇ ਤੇ ਸਰਦੀਆਂ ਵਿਚ ਪਰਿਵਾਰ ਗੋਰਖਪੁਰ ਨੇੜੇ ਸਰਾਇਆ ਪਿੰਡ ਦੇ ਫਾਰਮ ਹਾਊਸ ਜਾ ਪੁਜਦਾ। ਇਥੇ ਆਊਟ ਡੋਰ ਪੇਂਟਿੰਗਜ਼ ਵਿਚ ਅੰਮ੍ਰਿਤਾ ਨੇ ਪੂਰਨ ਪੇਂਡੂ ਯੂ.ਪੀ. ਕਲਚਰ ਚਿਤ੍ਰਿਆ ਹੈ। ਔਰਤਾਂ ਉਸਦਾ ਆਖਾ ਮੰਨ ਕੇ ਮਾਡਲ ਬਣਨ ਲਈ ਘੰਟਿਆਂ ਬੱਧੀ ਉਸਦੇ ਸਾਹਮਣੇ ਬੈਠੀਆਂ ਰਹਿੰਦੀਆਂ। ਬੇਸ਼ਕ ਦੱਖਣ ਤੱਕ ਜਾ ਆਈ ਸੀ ਪਰ ਗੋਰਖਪੁਰ, ਸ਼ਿਮਲਾ ਅਤੇ ਮਜੀਠਾ ਉਸਦੀ ਨਜ਼ਰ ਦੇ ਕੇਂਦਰ ਵਿਚ ਰਹੇ।

ਬਾਰਾਂ ਸਾਲ ਦੀ ਅੰਮ੍ਰਿਤਾ ਨੇ ਗਵਾਂਢ ਵਿਚ ਤੇਰਾਂ ਸਾਲ ਦੀ ਕੁੜੀ ਦਾ ਵਿਆਹ ਦੇਖਿਆ, ਪਤੀ ਪੰਜਾਹ ਸਾਲ ਦਾ ਸੀ ਜਿਸ ਦੀਆਂ ਤਿੰਨ ਪਤਨੀਆਂ ਪਹਿਲਾਂ ਵੀ ਸਨ। ਕੁੜੀ ਦੇ ਕੀਮਤੀ ਜ਼ੇਵਰ ਅਤੇ ਗਜ਼ਬ ਦੇ ਕੱਪੜੇ ਪਹਿਨੇ ਹੋਏ, ਇਸ ਹਾਰ ਸ਼ਿੰਗਾਰ ਵਿਚ ਗੁੱਡੀ ਵਾਂਗ, ਸਹਿਮੀ ਖਲੋਤੀ, ਇਨੇ ਵੱਡੇ ਇਕੱਠ ਵਿਚ ਬੇਵਸ, ਲਾਚਾਰ, ਕੁਰਬਾਨੀ ਲਈ ਤਿਆਰ। ਇਸ ਦ੍ਰਿਸ਼ ਨੇ ਉਸ ਉਪਰ ਭਾਰਤੀ ਔਰਤ ਦੀ ਲਾਚਾਰੀ ਨੇ ਡੂੰਘਾ ਜ਼ਖਮ ਕੀਤਾ, ਸਤਹੀ ਭਾਵਕ ਹਮਦਰਦੀ ਨਹੀਂ, ਪੱਕਾ ਦਾਗ। ਉਸਦੀਆਂ ਸਾਰੀਆਂ ਪੇਂਟਿੰਗਜ਼ ਵਿਚ ਔਰਤਾਂ ਉਦਾਸ ਹਨ। ਖਾਮੋਸ਼ ਰਹਿ ਕੇ ਜ਼ੁਲਮ ਝੱਲਣ ਵਾਲੀਆਂ ਔਰਤਾਂ। ਉਸਦੀਆਂ ਘੜੀਆਂ ਔਰਤਾਂ ਭੀੜ ਵਿਚ ਗੁਆਚੀਆਂ ਹੋਈਆਂ ਹਨ, ਦਬੀ ਹੋਈ ਹਿੰਸਾ, ਅੱਖਾਂ ਰਾਹੀਂ ਪ੍ਰਗਟ ਦਿਸਦੀ ਹੈ, ਕਿਸੇ ਥਾਂ ਔਰਤ ਛੁਰੇ ਨਾਲ ਖੁਦਕੁਸ਼ੀ ਦੇ ਯਤਨ ਵਿਚ ਹੈ।

ਜੁਆਨ ਹੋਣ ਉਪਰੰਤ ਉਸਦੀ ਰੋਮਾਂਟਿਕ ਖੁੱਲ੍ਹ ਖੇਡ ਇਸ ਪਿਛੋਕੜ ਦਾ ਉਪਭਾਵਕ, ਨਾਦਾਨ ਪ੍ਰਤੀਕਰਮ ਹੈ। ਬਗਾਵਤ ਜੇ ਸਾਰਥਕ ਸਿੱਟਿਆਂ ਵੱਲ ਨਹੀਂ ਤੁਰੀ ਤਾਂ ਵਿਆਪਕ ਤਬਾਹੀ ਤੋਂ ਇਲਾਵਾ ਕੀ ਹਾਸਲ ਹੋਣਾ ਹੈ? ਇਸ ਨਾਲ ਮਿਲਦੀ ਜੁਲਦੀ ਬਗਾਵਤ ਅੰਮ੍ਰਿਤਾ ਪ੍ਰੀਤਮ ਨੇ ਵੀ ਕੀਤੀ ਸੀ। ਅੰਮ੍ਰਿਤਾ ਪ੍ਰੀਤਮ ਦਾ ਸੂੈਕਥਨ ਹੈ - ਜਿਵੇਂ ਕੰਜਰਾਂ ਕੋਲ ਕਾਫੀ ਸਾਰਾ ਹੁਨਰ ਹੁੰਦਾ ਹੈ, ਉਵੇਂ, ਅਸੀਂ ਜਿਹੜੇ ਕਲਾਕਾਰ ਹਾਂ, ਸਾਡੇ ਕੋਲ ਕਾਫੀ ਸਾਰਾ ਕੰਜਰਖਾਨਾ ਹੈ।

ਵਿਆਹ ਤਾਂ ਕਰਵਾ ਲਿਆ ਪਰ ਮੇਰੀ ਐਂਟੋਨਿਟ, ਸ਼ੇਰਗਿਲ ਨਾਲ ਖੁਸ਼ ਨਹੀਂ, ਘਰ ਵਿਚ ਕਲੇਸ ਹੁੰਦਾ, ਮੇਰੀ ਖੁਦਕੁਸ਼ੀ ਦੀਆਂ ਧਮਕੀਆਂ ਦਿੰਦੀ, ਪਿਤਾ ਜੰਗਲ ਵਿਚ ਜਾ ਕੇ ਸਨਿਆਸ ਲੈਣ ਦੀ ਦੁਹਾਈ ਦਿੰਦਾ। ਇਸ

ਮਾਹੌਲ ਦਾ ਅਸਰ ਬਾਲਮਨ ਉਪਰ ਛਾਪ ਛੱਡੇਗਾ ਹੀ। ਇਕ ਪੇਂਟਿੰਗ ਅਜਿਹੀ ਹੈ ਜਿਸ ਵਿਚ ਗੁਸੈਲ ਔਰਤ, ਮਰਦ ਉਪਰ ਇਉਂ ਝੁਕੀ ਹੋਈ ਹੈ ਜਿਵੇਂ ਛੁਰਾ ਮਾਰਨ ਲਈ ਉਤਾਰੂ ਹੋਵੇ।

ਭਾਰਤੀ ਕੂਟਨੀਤੀਵਾਨ ਬੀ.ਕੇ. ਨਹਿਰੂ ਦੀ ਪਤਨੀ ਫੋਰੀ, ਹੰਗਰੀ ਦੀ ਸੀ। ਇਨ੍ਹਾਂ ਦੀ ਰਿਹਾਇਸ਼ ਸ਼ਿਮਲੇ ਵਿਚ ਸੀ। ਫੋਰੀ ਨੂੰ ਸ਼ੇਰਗਿੱਲਾਂ ਘਰ ਬਿਤਾਈਆਂ ਕੁਝ ਹੰਗੇਰੀਅਨ ਸ਼ਾਮਾਂ 96 ਸਾਲ ਦੀ ਉਮਰ ਵਿਚ ਵੀ ਯਾਦ ਹਨ, ਦੱਸਦੀ ਹੈ – ਮੇਰੀ ਐਂਟੋਨਿਟ ਨੂੰ ਇਹ ਪਸੰਦ ਨਹੀਂ ਸੀ ਕਿ ਫੋਰੀ ਹਿੰਦੁਸਤਾਨੀ ਬਣ ਜਾਵੇ। ਅਗਸਤ 1936 ਨੂੰ ਫੋਰੀ ਨੂੰ ਖਤ ਲਿਖ ਕੇ ਮੇਰੀ ਨੇ ਆਖਰ ਵਿਚ ਹੰਗਰੀ ਦਾ ਲੋਕਗੀਤ ਲਿਖਿਆ ਜਿਸਦਾ ਅਰਥ ਹੈ-

ਓ ਹੰਗੇਰੀਅਨ, ਆਪਣੇ ਵਤਨ ਨਾਲ ਵਫਾ ਕਰਨਾ,
ਤੇਰਾ ਦੇਸ ਅੱਜ ਤੇਰਾ ਪੰਘੂੜਾ, ਤੇਰਾ ਦੇਸ ਕੱਲ੍ਹ ਨੂੰ ਤੇਰੀ ਕਬਰ।
ਜਨਮ ਵਕਤ ਰਾਖਾ, ਮੌਤ ਵਕਤ ਰਖਵਾਲਾ, ਓ ਹੰਗੇਰੀਅਨ।
ਧਰਤੀ ਉਪਰ ਹੋਰ ਕਿਤੇ ਤੇਰੀ ਥਾਂ ਨਹੀਂ ਓ ਹੰਗੇਰੀਅਨ।

ਫੋਰੀ ਦਸਦੀ ਹੈ ਕਿ ਸ਼ੇਰਗਿਲ ਦਾ ਘਰ ਇੰਚ ਇੰਚ ਹੰਗੇਰੀਅਨ ਸੀ, ਖਾਣ ਪੀਣ ਤੋਂ ਲੈ ਕੇ ਰਹਿਣ ਸਹਿਣ ਪਹਿਨਣ ਤੱਕ ਸਭ ਕੁਝ। ਮੇਰੀ ਨੇ ਸਾਰੀ ਉਮਰ ਭਾਰਤੀ ਲਿਬਾਸ ਨਹੀਂ ਪਹਿਨਿਆਂ।

ਜੂਨ 1924 ਤੋਂ ਅਪ੍ਰੈਲ 1929 ਤੱਕ ਪਰਿਵਾਰ ਸ਼ਿਮਲੇ ਰਿਹਾ। ਮਾਂ ਨੇ 1927 ਵਿਚ ਭਾਰਤ ਦਾ ਟੂਰ ਲਾਉਣ ਦਾ ਫੈਸਲਾ ਕੀਤਾ, ਅੰਮ੍ਰਿਤਾ ਤੇਰਾਂ ਸਾਲ ਦੀ ਤੇ ਇੰਦਰਾ ਬਾਰਾਂ ਸਾਲਾਂ ਦੀ ਸੀ। ਸ਼ੇਰਗਿਲ ਸਰਾਇਆ ਆਪਣੇ ਫਾਰਮ ਵਿਚ ਰਿਹਾ ਤੇ ਤਿੰਨ ਜਣੀਆਂ ਬਨਾਰਸ, ਕਲਕੱਤਾ ਤੇ ਦਾਰਜੀਲਿੰਗ ਲਈ ਤੁਰੀਆਂ, ਵਾਪਸੀ ਲਖਨਊ ਵਿਚੋਂ ਹੋਵੇਗੀ। ਇਹ ਸਾਲ ਭਾਰਤ ਦਰਸ਼ਨ ਤੋਂ ਇਲਾਵਾ ਇਕ ਹੋਰ ਕਾਰਨ ਸਦਕਾ ਵੀ ਅੰਮ੍ਰਿਤਾ ਲਈ ਯਾਦਗਾਰੀ ਹੋ ਗਿਆ।

ਹੰਗਰੀ ਤੋਂ ਅੰਮ੍ਰਿਤਾ ਦਾ ਇਕ ਮਾਮਾ ਇਰਵਿਨ ਬੈਕਟੇ, ਸ਼ੇਰਗਿਲਾਂ ਨੂੰ 1927 ਵਿਚ ਮਿਲਣ ਆਇਆ। ਬੈਕਟੇ ਨੇ ਤਿੱਬਤ ਅਤੇ ਲੱਦਾਖ ਤੱਕ 1500 ਕਿਲੋਮੀਟਰ ਪਹਾੜੀ ਯਾਤਰਾ ਕੀਤੀ। ਸ਼ੌਕ ਵਜੋਂ ਪੇਂਟਰ ਸੀ ਪਰ ਉਸਦੀ ਪ੍ਰਸਿਧੀ ਭਾਰਤੀ ਸੰਸਕ੍ਰਿਤੀ ਦੇ ਮਾਹਿਰ ਵਜੋਂ ਹੋਈ। ਬੱਚੀਆਂ ਨੂੰ ਉਹ ਜਨਮ ਤੋਂ ਹੀ ਜਾਣਦਾ ਸੀ, ਉਮਰਾਉ ਸਿੰਘ ਨਾਲ ਵੀ ਦੋਸਤੀ ਹੋ ਗਈ ਕਿਉਂਕਿ ਪੜ੍ਹਨ ਦੇ ਦਾਇਰਿਆਂ ਵਿਚ ਸਾਂਝ ਸੀ। ਉਹ ਭਾਰਤ ਵਿਚ ਤਿੰਨ ਸਾਲ ਰਿਹਾ। ਉਸਨੇ ਲਿਖਿਆ – ਭਾਰਤ ਆਪਣੀ ਸਨਾਤਨੀ ਪਰੰਪਰਾ ਤੇ ਸੰਸਕ੍ਰਿਤੀ ਭੁੱਲ ਕੇ ਇਹ ਸੋਚਣ ਲੱਗਾ ਹੈ ਕਿ ਪੱਛਮ ਦੀ ਕਲਾ ਸ਼੍ਰੋਮਣੀ ਹੈ। ਪੜ੍ਹੇ ਲਿਖੇ ਭਾਰਤੀ ਪੂਰਬ ਦੀ ਮੂਲ ਆਤਮਾ ਤੋਂ ਦੂਰ ਜਾ ਰਹੇ ਹਨ ਤੇ ਪੱਛਮ ਦਾ ਕੂੜਾ ਕਰਕਟ ਫਰੋਲ ਰਹੇ ਹਨ। ਕੋਈ ਦੇਸੀ ਬੰਦਾ ਜੇ ਪੁਰਾਣੀਆਂ ਹਿੰਦੂ ਪੇਂਟਿੰਗਜ਼ ਜਾਂ ਬੁੱਤਤ੍ਰਾਸ਼ੀ ਤੋਂ ਕੁਝ ਹਾਸਲ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਪੱਛਮ ਦੇ ਦੂਜੇ ਤੀਜੇ ਦਰਜੇ ਦੇ ਹੋਛੇ ਕਲਾਕਾਰਾਂ ਦੀ ਉਸਤਤਿ ਹੋ ਰਹੀ ਹੈ, ਸਨਮਾਨੇ ਜਾ ਰਹੇ ਹਨ। ਉਸਨੇ ਹੰਗਰੀ ਵਾਸੀਆਂ ਨੂੰ ਰਮਾਇਣ, ਮਹਾਂਭਾਰਤ ਅਤੇ ਕਾਮਸੂਤਰ ਤੋਂ ਜਾਣੂ ਕਰਵਾਇਆ। *ਹਿਸਟਰੀ ਆਫ ਇੰਡੀਅਨ ਆਰਟ* ਉਸਦਾ ਸ਼ਾਹਕਾਰ ਹੈ ਜੋ ਉਸਦੀ ਮੌਤ ਦੇ ਸਾਲ 1963 ਵਿਚ ਛਾਪਿਆ ਤੇ ਫਿਰ ਜਰਮਨ ਵਿਚ ਅਨੁਵਾਦ ਹੋ ਕੇ ਛਪਿਆ। ਉਸਨੇ ਸਾਬਤ ਕੀਤਾ ਕਿ ਭਾਰਤੀ ਆਰਟ ਸਦੈਵ ਜਿਉਂਦਾ ਰਿਹਾ, ਇਸਲਾਮਿਕ ਆਰਟ ਦਾ ਅਸਰ ਕਬੂਲਿਆ, ਕਮਾਲ ਇਹ ਕਿ ਜਿਨ੍ਹਾਂ ਥਾਵਾਂ ਉਪਰ ਮੁਗਲ ਹਕੂਮਤ ਕਦੀ ਨਹੀਂ ਰਹੀ, ਉਥੇ ਦੇ ਹਿੰਦੂ ਕਲਾਕਾਰਾਂ ਨੇ ਵੀ ਇਸਲਾਮਿਕ ਆਰਟ ਦੇ ਉਤਮ ਪ੍ਰਭਾਵ ਗ੍ਰਹਿਣ ਕੀਤੇ। ਇਹੀ ਇਸਦੇ ਜਿਉਂਦੇ ਰਹਿਣ ਦਾ ਭੇਦ ਹੈ।

ਸ਼ਿਮਲੇ ਰਹਿੰਦਿਆਂ ਉਸਨੇ ਅੰਮ੍ਰਿਤਾ ਨੂੰ ਹੰਗੇਰੀਅਨ ਆਰਟ ਦੇ ਕਲਾਸੀਕਲ ਗੁਰ ਦੱਸੇ। ਸਾਹਮਣੇ ਮਾਡਲ ਬਿਠਾ ਕੇ ਕਿਵੇਂ ਪੇਂਟ ਕਰੀਦਾ ਹੈ, ਪਹਿਲੇ ਦੌਰ ਵਿਚ ਅੰਮ੍ਰਿਤਾ ਨੇ ਬੈਕਟੇ ਤੋਂ ਹੀ ਸਿੱਖਿਆ, ਘਰੇਲੂ ਨੌਕਰਾਂ ਨੌਕਰਾਣੀਆਂ ਨੂੰ ਬਿਠਾ ਕੇ ਪੇਂਟ ਕਰਦੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਅੰਮ੍ਰਿਤਾ ਵਿਚ ਅਸਾਧਾਰਣ ਕਲਾ ਭੰਡਾਰ ਹੈ। ਉਹ ਖੁਦ ਕਲਾਕਾਰ ਸੀ, ਚੰਗੇ ਸਕੂਲਾਂ ਵਿਚੋਂ ਸਿਖਦਾ ਰਿਹਾ ਪਰ ਜਦੋਂ ਅਹਿਸਾਸ ਹੋਇਆ ਕਿ ਚੋਟੀ ਤੇ ਨਹੀਂ ਪੁੱਜ ਸਕੇਗਾ ਤਾਂ ਹੋਰ ਕਾਰੋਬਾਰ ਕਰਨ ਲੱਗ ਪਿਆ ਕਿਉਂਕਿ ਉਸਨੂੰ ਦਰਮਿਆਨਾ ਆਰਟ ਪਸੰਦ ਨਹੀਂ ਸੀ। ਉਸਨੂੰ ਲੱਗਾ ਜਿਥੇ ਉਹ ਨਹੀਂ ਪੁੱਜ ਸਕਿਆ, ਅੰਮ੍ਰਿਤਾ ਪੁੱਜੇਗੀ, ਉਹ ਸੰਸਾਰ ਦੀਆਂ ਬਾਈ ਭਾਸ਼ਾਵਾਂ ਬੋਲ ਲੈਂਦਾ ਸੀ। ਤਿੱਬਤਿਨ ਇੰਡੋਲੋਜੀ ਵਿਚ ਉਹ ਨਾਮਵਰ ਸਕਾਲਰ ਵਜੋਂ ਜਾਣਿਆ ਜਾਂਦਾ ਹੈ। ਉਹ ਮਾਪਿਆਂ ਨੂੰ ਇਸ ਗੱਲ ਵਾਸਤੇ ਰਜ਼ਾਮੰਦ ਕਰਨ ਵਿਚ ਕਾਮਯਾਬ ਹੋ ਗਿਆ ਕਿ ਅੰਮ੍ਰਿਤਾ ਨੂੰ ਪੈਰਿਸ ਦੀ ਜ਼ਰੂਰਤ ਹੈ। ਉਹ ਪੈਰਿਸ ਦੇ ਅਨੇਕ ਕਲਾਕਾਰਾਂ ਅਤੇ ਵਰਕਸ਼ਾਪਾਂ ਤੋਂ ਜਾਣੂ ਸੀ ਇਸ ਕਰਕੇ ਕੋਈ ਮੁਸ਼ਕਲ ਨਹੀਂ ਆਉਣ ਦਏਗਾ। ਉਮਰਾਉ ਸਿੰਘ ਨੂੰ ਤਿਆਰ ਕਰਨ ਵਿਚ ਬੜੀ ਮੁਸ਼ਕਲ ਆਈ। ਉਹ ਲਿਖਦਾ ਹੈ – ਮੇਰੀ ਨਾਲ ਪੈਰਿਸ ਜਾਣ ਵਾਸਤੇ ਮੈਂ ਮੰਨ ਤਾਂ ਗਿਆ, ਵੱਢੀ ਰੂਹ ਉਧਰ ਮੂੰਹ ਕਰਨ ਲਈ ਤਿਆਰ ਨਹੀਂ ਸੀ। ਹੰਗਰੀ ਵਿਚ ਅੱਠ ਸਾਲ ਦਾ ਬਨਵਾਸ ਕੱਟ ਤਾਂ ਆਇਆਂ, ਹੋਰ ਕੀ ਚਾਹੀਦੈ? ਇਸ ਬਨਵਾਸ ਨੇ ਜੋ ਜੋ ਸਬਕ ਸਿਖਾਏ, ਕੌੜੇ ਸਨ। ਭਰੇ ਮਨ ਨਾਲ ਮੈਂ ਆਪਣੀਆਂ ਕਿਤਾਬਾਂ ਦਾ ਬੈਗ ਚੁਕ ਕੇ ਤੁਰ ਪਿਆ, ਇਹ ਸੋਚ ਕੇ ਕਿ ਥੋੜ੍ਹਾ ਸਮਾਂ ਕਸ਼ਟ ਹੋਰ

ਹਨ। ਪਰ ਇਹ ਸਮਾਂ ਲੰਮਾ ਹੋ ਕੇ ਪੰਜ ਸਾਲ ਤੱਕ ਫੈਲ ਗਿਆ, ਪਿਛੋਂ ਮੇਰਾ ਭਰਾ ਅਤੇ ਪੁਰਾਣੇ ਮਿੱਤਰ ਸਭ ਸਦਾ ਲਈ ਵਿਛੜ ਗਏ।

ਉਨ੍ਹਾਂ ਦਿਨਾਂ ਵਿਚ ਇਹ ਅਚੰਭੇਜਨਕ ਫੈਸਲਾ ਸੀ, ਧੀ ਦੀ ਪੜ੍ਹਾਈ, ਪੜ੍ਹਾਈ ਕਾਹਨੂੰ, ਆਰਟ ਦੀ ਟਰੇਨਿੰਗ ਵਾਸਤੇ ਸਾਰਾ ਟੱਬਰ ਉੱਜੜ ਕੇ ਲੰਮੇ ਸਮੇਂ ਲਈ ਦੂਜੇ  ਦੇਸ ਵਿਚ ਪਰਵਾਸ ਕਰ ਲਵੇ। ਸਾਲ 1929, ਸਮੁੰਦਰ ਵਿਚ ਠਿਲ੍ਹ ਪਏ। ਸੋਲਾਂ ਸਾਲ ਦੀ ਅੰਮ੍ਰਿਤਾ ਪੈਰਿਸ, ਆਪਣੇ ਵਿਸ਼ਵ ਭਰ ਦੇ ਸਭ ਕਲਾਕਾਰਾਂ ਦੇ ਮੱਕੇ ਵਿਚ ਪੁੱਜ ਗਈ ਜਿਥੇ ਉਹ ਕੁੱਲ ਵਕਤ ਆਰਟ ਵਿਚ ਬਿਤਾਏਗੀ। ਨਸਲਾਂ, ਧਰਮਾਂ, ਸਾਹਿਤ, ਕੋਮਲ ਕਲਾਵਾਂ ਦਾ ਆਦਾਨ ਪ੍ਰਦਾਨ ਹੋਵੇਗਾ, ਆਪਣੇ ਆਪ ਨੂੰ ਪ੍ਰਗਟ ਕਰਨ ਦੇ ਮੌਕੇ ਮਿਲਣਗੇ। ਜੀਵਨ ਦੀ ਪੂਰਨ ਸੁਤੰਤਰਤਾ ਮੌਜੂਦ।ਗਰਮੀਆਂ ਵਿਚ ਪੈਰਿਸ ਪੁੱਜ ਗਏ, ਪ੍ਰੋਫੈਸਰ ਪੀਰ ਵੇਲੈਂਟ ਨੇ ਆਪਣੇ ਪ੍ਰਸਿੱਧ ਸਕੂਲ ਗਰੈਂਡ ਸ਼ਾਮੀਅਰ ਵਿਚ ਖੁਸ਼ੀ ਨਾਲ ਦਾਖਲ ਕਰ ਲਈ। ਅੰਮ੍ਰਿਤਾ ਦੀ ਉਮਰ 16 ਸਾਲ ਸੀ। ਇਥੇ ਉਸਨੇ ਮਨੁੱਖੀ ਸਰੀਰ ਦੀ ਬਣਤਰ ਸਿੱਖੀ। ਇਥੇ ਉਸਨੂੰ ਸਿਖਲਾਈ ਦੌਰਾਨ ਅਪੈਂਡੇਸਾਈਟਸ ਦੀ ਤਕਲੀਫ ਵਿਚੋਂ ਲੰਘਣਾ ਪਿਆ। ਆਪ੍ਰੇਸ਼ਨ ਸਫਲ ਹੋ ਗਿਆ ਤਾਂ ਮੁੜ ਕੰਮ ਸਿੱਖਣ ਲੱਗੀ।

ਇਸ ਤੋਂ ਵੀ ਵੱਡੇ ਸਕੂਲ ਈਕਲ ਨੈਸ਼ਨੇਲ ਵਿਚ ਦਾਖਲ ਹੋ ਗਈ ਜਿਥੇ ਦਾ ਉਸਤਾਦ ਲੂਸੀਅਨ ਸਿਮੋਨ ਸੀ। ਸਿਮੋਨ ਉਤਰ ਪ੍ਰਭਾਵਵਾਦੀ ਕਲਾਕਾਰਾਂ ਵਿਚ ਸਿਰਮੌਰ ਸੀ। ਏਨੀ ਘੱਟ ਉਮਰ ਦੀ ਕੁੜੀ ਨੂੰ ਦਾਖਲ ਨਹੀਂ ਕਰਦਾ ਹੁੰਦਾ ਸੀ ਪਰ ਪ੍ਰਤਿਭਾ ਦੇਖ ਕੇ ਆਗਿਆ ਦੇ ਦਿੱਤੀ। ਅੰਮ੍ਰਿਤਾ ਦੱਸਦੀ ਹੁੰਦੀ - ਪੜ੍ਹਾਉਂਦਾ ਤਾਂ ਉਹ ਹੈ ਈ ਨੀਂ ਸੀ। ਉਹ ਕੁਝ ਸੁਝਾਅ ਦੇ ਕੇ ਸਾਨੂੰ ਸੋਚਣ ਵਾਸਤੇ ਕਲਪਨਾ ਕਰਨ ਵਾਸਤੇ ਉਤਸ਼ਾਹਿਤ ਕਰਦਾ, ਸਾਡੇ ਤਕਨੀਕੀ ਨੁਕਸ ਦੂਰ ਕਰ ਦਿੰਦਾ। ਜਿਨ੍ਹਾਂ ਸਿਖਾਂਦਰੂਆਂ ਵਿਚ ਨਵੇਂ ਬਿੰਬਾਂ ਦੀ ਸਿਰਜਣਾ ਹੁੰਦੀ ਉਨ੍ਹਾਂ ਨੂੰ ਰੱਜ ਕੇ ਦਾਦ ਦਿੰਦਾ। ਆਖਦਾ - ਰੰਗ, ਰੂਪ, ਖਿਆਲ, ਦੀ ਆਤਮਾ ਸਾਦਗੀ ਹੈ। ਮਾਂ ਬੜਾ ਜ਼ੋਰ ਲਾਉਂਦੀ ਕਿ ਅੰਮ੍ਰਿਤਾ ਨੂੰ ਪੈਰਿਸ ਦੀ ਹਾਈ ਫਾਈ ਸੋਸਾਇਟੀ ਦਿਖਾਏ, ਉਪੇਰਾ ਦਿਖਾਏ, ਥਿਏਟਰ ਦਿਖਾਏ, ਲੋਕ ਦੇਖਣ ਕਿ ਪੂਰਬ ਦੀ ਸ਼ਾਹਜ਼ਾਦੀ ਕਿੰਨੀ ਸੁਹਣੀ ਹੈ, ਉਸਦੀ ਕਿੰਨੀ ਚੰਗੀ ਪਰਿਵਰਸ਼ ਹੋ ਰਹੀ ਹੈ, ਦੇਖ ਕੇ ਕੋਈ ਖਾਨਦਾਨੀ ਮੁੰਡਾ ਇਸ ਦਾ ਹੱਥ ਮੰਗ ਲਵੇ। ਪਰ ਅੰਮ੍ਰਿਤਾ ਦਾ ਉਥੇ ਸਾਹ ਘੁਟਦਾ, ਸਭ ਨੂੰ ਛੱਡ ਕੇ ਆਪਣੀ ਵਰਕਸ਼ਾਪ ਵਿਚ ਦੌੜ ਆਉਂਦੀ। ਪੇਂਟ ਕਰਨ ਲਈ ਉਸਨੂੰ ਹਾਈ ਸੋਸਾਇਟੀ ਨਹੀਂ ਚਾਹੀਦੀ, ਉਹ ਆਮ ਜੀਵਨ ਦਿਖਾਏਗੀ, ਸਾਦਾ ਜੀਵਨ। ਪੈਰਿਸ ਦੀਆਂ ਆਰਟ ਗੈਲਰੀਆਂ ਵਿਚ ਜਾ ਕੇ ਵੀ ਉਹ ਭਾਰਤੀ ਆਰਟ ਸਾਹਮਣੇ ਖਲੋ ਜਾਂਦੀ, ਉਹੀ ਉਸਨੂੰ ਵਿਸਮਾਦਿਤ ਕਰਦਾ, ਭਾਰਤੀ ਆਰਟ ਦੀ ਉਤਮਤਾ ਦਾ ਪਤਾ ਉਸਨੂੰ ਪੈਰਿਸ ਵਿਚ ਲੱਗਾ। ਕਿਹਾ ਕਰਦੀ - ਭਾਰਤੀ ਕਲਾ ਦੀ ਇਕ ਚਿੱਪਰ ਸਾਰੇ ਰੈਨੇਸਾਂ ਤੋਂ ਵਧੀਕ ਕੀਮਤੀ ਹੈ, ਵਧੀਕ ਵਜ਼ਨਦਾਰ।

ਉਮਰਾਉ ਸਿੰਘ ਸੰਸਕ੍ਰਿਤ, ਫਲਸਫਾ ਅਤੇ ਫਾਰਸੀ ਪੜ੍ਹਦਾ ਰਹਿੰਦਾ। ਮੇਰੀ ਘਰ ਦੀ ਸਜਾਵਟ ਵਾਸਤੇ ਹਰ ਮਹਿੰਗੀ ਚੀਜ਼ ਖਰੀਦਦੀ। ਉਹ ਆਪਣੀ ਅਮੀਰੀ ਦੀ ਨੁਮਾਇਸ਼ ਲਾਏਗੀ, ਚਾਹ, ਡਿਨਰ ਪਾਰਟੀਆਂ ਦਏਗੀ, ਅਜਿਹਾ ਕਰਦਿਆਂ ਆਪਣੀਆਂ ਧੀਆਂ ਲਈ ਅਮੀਰਜ਼ਾਦਾ ਲੱਭੇਗੀ। ਬਹੁਤ ਥੋੜ੍ਹੇ ਸਮੇਂ ਵਿਚ ਅੰਮ੍ਰਿਤਾ ਦੀ ਫਰੈਂਚ ਵਧੀਆ ਹੋ ਗਈ।

ਮਾਂ ਉਸਨੂੰ ਪਾਰਟੀਆਂ ਤੇ ਲਿਜਾਣਾ ਚਾਹੁੰਦੀ ਪਰ ਅੰਮ੍ਰਿਤਾ ਨੇ ਇਨਕਾਰ ਕਰ ਦਿੱਤਾ। ਉਹ ਵਿਹਲਾ ਵਕਤ ਆਪਣੇ ਹਮਉਮਰ ਸਿਖਾਂਦਰੂਆਂ ਨਾਲ ਕਾਫੀ ਹਾਊਸ ਜਾਣਾ ਪਸੰਦ ਕਰਦੀ। ਬਾਦਲੇਅਰ ਉਸਦਾ ਪਸੰਦੀਦਾ ਕਵੀ ਸੀ ਜਿਸ ਨੇ ਲਿਖਿਆ, ''ਪੈਰਿਸ ਡੁੱਬਿਆ ਹੋਇਆ ਹੈ, ਸਤਹਿ ਤੋਂ ਉਪਰ ਥੋੜ੍ਹਾ ਦਿਖਾਈ ਦਿੰਦਾ ਹੈ, ਬਹੁਤਾ ਡੁੱਬਿਆ ਹੋਇਆ ਹੈ, ਅਦ੍ਰਿਸ਼ਟ ਹੈ।''

ਹੈਨਰੀ ਮਤੀਸੀ 1894 ਦੇ ਪੈਰਿਸ ਬਾਰੇ ਲਿਖਦਾ ਹੈ - ਤੰਗ ਗਲੀਆਂ ਵਿਚ ਲੋਕਾਂ ਦੀ ਭੀੜ, ਕਚਰਾ, ਰੱਦੀ ਖਰੀਦਣ ਵਾਲੇ, ਪੁਰਾਣੇ ਕੱਪੜੇ ਵੇਚਣ ਵਾਲੇ, ਚਾਕੂ ਤਿੱਖੇ ਕਰਨ ਵਾਲੇ, ਕੁੱਤੇ ਮੁੰਨਣ ਵਾਲੇ, ਮੱਛੀਆਂ ਵੇਚਣ ਵਾਲੇ, ਪਿੰਜਰਿਆਂ ਵਿਚ ਬੰਦ ਪੰਛੀ ਵੇਚਣ ਵਾਲੇ, ਬੂਹੇ ਬਾਰੀਆਂ ਦੀਆਂ ਚੂਲਾਂ ਠੀਕ ਕਰਨ ਵਾਲੇ, ਉਨ੍ਹਾਂ ਦੀਆਂ ਭਿੰਨ ਭਿੰਨ ਅਵਾਜ਼ਾਂ, ਸਾਹਮਣੇ ਦਰਿਆ ਵਿਚ ਅਣਗਿਣਤ ਕਿਸ਼ਤੀਆਂ ਦੇ ਬਾਦਵਾਨ, ਸੀਟੀਆਂ, ਇੰਜਣਾਂ ਦੀਆਂ ਅਵਾਜ਼ਾਂ, ਕਰੇਨਾਂ ਦੁਆਰਾ ਸਾਮਾਨ ਲੱਦਣ ਅਤੇ ਉਤਾਰਨ ਦੀਆਂ ਅਵਾਜ਼ਾਂ ... ਇਹ ਹੈ ਪੈਰਿਸ ਸ਼ਹਿਰ।

ਆਪਣੀ ਨਾਨੀ ਨੂੰ ਨੰਗੀ ਛਾਤੀ ਵਾਲੀ ਔਰਤ ਦੀ ਪੇਂਟਿੰਗ ਭੇਜਦਿਆਂ ਲਿਖਿਆ - ਦੋਹਤੀ ਵਲੋਂ ਪਿਆਰੀ ਨਾਨੀ ਨੂੰ ਸਲਾਮ ਤੇ ਇਹ ਤੁਹਫਾ। ਪਿਆਰੀ ਨਾਨੀ, ਅਫਸੋਸ ਹੈ ਵਧੀਆ ਪੇਂਟਿੰਗ ਨਹੀਂ ਭੇਜ ਸਕਦੀ ਕਿਉਂਕਿ ਵਧੀਆ ਵਧੀਆ ਨੁਮਾਇਸ਼ ਵਾਸਤੇ ਰੱਖ ਲਈਆਂ ਹਨ।

ਯੂਪੀ ਦੇ ਰਾਜਾ ਨਵਾਬ ਅਲੀ ਦਾ ਪੁੱਤਰ ਯੂਸਫ ਖਾਨ ਪੈਰਿਸ ਦੇ ਦੌਰੇ ਤੇ ਸੀ। ਇਹ ਅਮੀਰਜ਼ਾਦਾ ਸੁਹਣਾ ਬਹੁਤ ਸੀ। ਮਾਂ ਨੇ ਸੋਚਿਆ, ਅੰਮ੍ਰਿਤਾ ਵਾਸਤੇ ਇਹ ਵਧੀਆ ਰਹੇ। ਇਨ੍ਹਾਂ ਦੀ ਮੁਲਾਕਾਤ ਕਰਵਾ ਦਿੱਤੀ। ਇਨ੍ਹਾਂ ਮੁਲਾਕਾਤਾਂ ਬਾਦ ਮੰਗਣੀ ਹੋ ਗਈ।ਇਨ੍ਹਾਂ ਮੁਲਾਕਾਤਾਂ ਸਦਕਾ ਅੰਮ੍ਰਿਤਾ ਗਰਭਵਤੀ ਹੋ ਗਈ। ਇਲਾਜ ਵਾਸਤੇ ਵਿਕਟਰ ਕੋਲ ਚਲੀ ਗਈ। ਵਿਕਟਰ ਨੇ ਗਰਭਪਾਤ ਕੀਤਾ। ਆਪਣੀ ਭੈਣ ਨੂੰ ਖਤ ਲਿਖਿਆ - ਇਹ ਸਭ ਕੁਝ ਮਾਂ ਕਾਰਨ ਹੋਇਆ। ਇਟਾਲੀਅਨ ਬੁੱਤਤ੍ਰਾਸ਼ ਵੇਲੇ ਵੀ ਮੇਰਾ ਬਹਾਨਾ ਬਣਾਇਆ ਗਿਆ ਸੀ, ਹੁਣ ਫੇਰ

ਆਪਣੀਆਂ ਇਛਾਵਾਂ ਦੀ ਪੂਰਤੀ ਵਾਸਤੇ ਮੇਰੀ ਬਲੀ ਦਿੱਤੀ ਜਾ ਰਹੀ ਹੈ। ਮਾਂ ਨੂੰ ਖਤ ਲਿਖਿਆ - ਯੂਸਫ ਭਲਾਮਾਣਸ ਨਹੀਂ ਹੈ। ਉਹ ਕਈ ਕੁੜੀਆਂ ਨਾਲ ਪੀਘਾਂ ਝੂਟ ਰਿਹੈ। ਮੁਸਲਮਾਨ ਨਾਲ ਵਿਆਹ ਕਰਵਾਉਣ ਦੇ ਕੀ ਨੁਕਸਾਨ ਨੇ ਮੈਨੂੰ ਨਹੀਂ ਸੀ ਪਤਾ, ਪਾਪਾ ਨੇ ਦੱਸਿਐ। ਮੇਰੇ ਪਿਛੋਂ ਦੂਜੀ ਨਾਲ ਤੇ ਦੂਜੀ ਪਿਛੋਂ ਤੀਜੀ ਨਾਲ, ਉਹ ਚਾਰ ਵਿਆਹ ਕਰਵਾ ਸਕਦੈ। ਕਾਨੂੰਨ ਮੇਰੀ ਕੋਈ ਮੱਦਦ ਨਹੀਂ ਕਰੇਗਾ। ਆਪਣੇ ਬਾਰੇ ਫੈਸਲਾ ਮੈਂ ਕਿਸੇ ਨੂੰ ਨਹੀਂ ਕਰਨ ਦਿਆਂਗੀ।

ਇਕ ਦਿਨ ਪੈਰਿਸ ਦੇ ਥਿਏਟਰ ਪੀਗਾਲ ਵਿਚਲੀ ਨੁਮਾਇਸ਼ ਦੇਖਣ ਗਏ। ਇਕ ਕਮਰੇ ਵਿਚ ਰਵਿੰਦਰਨਾਥ ਟੈਗੋਰ ਦੀਆਂ ਪੇਂਟਿੰਗਜ਼ ਦੀ ਨੁਮਾਇਸ਼ ਲੱਗੀ ਹੋਈ ਸੀ। ਟੈਗੋਰ ਦੀਆਂ ਪੇਂਟਿੰਗਜ਼ ਦੇਖ ਕੇ ਉਮਰਾਓ ਸਿੰਘ ਨੇ ਕਿਹਾ - ਇਹ ਸਿਆਣਾ ਬਿਆਣਾ ਬੰਦਾ ਵੀ ਮਾਡਰਨ ਆਰਟ ਕਰ ਰਿਹੈ, ਹੈਰਾਨੀ ਹੋਈ। ਅੰਮ੍ਰਿਤਾ ਨੇ ਕਿਹਾ - ਇਹਦੀਆਂ ਡਰਾਇੰਗਜ਼ ਇਹਦੀਆਂ ਕਵਿਤਾਵਾਂ ਨਾਲੋਂ ਵਧੀਆ ਨੇ। ਅੰਮ੍ਰਿਤਾ ਨੇ ਮਾਪਿਆਂ ਨੂੰ ਕਹਿ ਦਿੱਤਾ - ਮੇਰੀ ਪੈਰਿਸ ਦੀ ਸਿਖਲਾਈ ਖਤਮ। ਹੁਣ ਭਾਰਤ ਚੱਲੀਏ। ਮਾਪੇ ਭਾਰਤ ਵਾਪਸੀ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੂੰ ਆਪਣੀ ਕੁੜੀ ਦੀਆਂ ਰੋਮਾਂਟਿਕ ਕਹਾਣੀਆਂ ਦਾ ਪਤਾ ਸੀ।ਉਮਰਾਉ ਸਿੰਘ ਨੂੰ ਲਗਦਾ ਇਹ ਹਿੰਦੁਸਤਾਨ ਵਿਚ ਰਹੀ ਤਾਂ ਖਾਨਦਾਨ ਨੂੰ ਕਲੰਕਿਤ ਕਰੇਗੀ, ਘੋਰ ਬਦਨਾਮੀ ਹੋਏਗੀ। ਇਥੇ ਜੋ ਕਰਦੀ ਹੈ, ਇਸਦਾ ਉਥੇ ਕਿਸੇ ਨੂੰ ਕੀ ਪਤਾ। ਪਿਤਾ ਨੇ ਨਾਂਹ ਕਰ ਦਿਤੀ ਤਾਂ ਖਤ ਲਿਖਿਆ - ਸਾਡੇ ਨਾਲ ਪਿਆਰ ਦੀ ਥਾਂ ਤੁਹਾਨੂੰ ਆਪਣੀ ਖਾਨਦਾਨੀ ਸ਼ਾਨ ਵਧ ਕੀਮਤੀ ਲਗਦੀ ਹੈ ਪਿਤਾ ਜੀ। ਮੈਂ ਦੁਰਾਚਾਰਨ ਨਹੀਂ ਹਾਂ। ਮੈਂ ਇਖਲਾਕ ਤੋਂ ਗਿਰੀ ਹੋਈ ਨਹੀਂ ਹਾਂ। ਮੇਰੀ ਇਸ ਗੱਲ ਨੂੰ ਘੱਟ ਲੋਕ ਸਮਝਣਗੇ। ਆਪਣੇ ਕਲਾਤਮਕ ਵਿਕਾਸ ਕਾਰਨ ਮੈਂ ਭਾਰਤ ਜਾਣ ਦੀ ਇਛੁੱਕ ਹਾਂ, ਮੈਨੂੰ ਤੁਹਾਡੀ ਹੌਸਲਾ ਅਫਜ਼ਾਈ ਦੀ ਲੋੜ ਹੈ। ਤੁਹਾਡਾ ਖਿਆਲ ਗਲਤ ਹੈ ਕਿ ਭਾਰਤ ਨੂੰ ਮੈਂ ਨਹੀਂ ਜਾਣਦੀ, ਨਾ ਜਾਣ ਸਕਦੀ ਹਾਂ। ਪਿਤਾ ਜੀ ਮੈਂ ਭਾਰਤ ਨੂੰ ਜਾਣਦੀ ਹਾਂ, ਹੋਰ ਜਾਣ ਜਾਵਾਂਗੀ। ਜਿਸ ਵਸਤੂ ਦੀ ਮੈਨੂੰ ਲੋੜ ਹੈ, ਉਹ ਯੋਰਪ ਵਿਚ ਨਹੀਂ ਹੈ। ਮੇਰੀ ਇਥੋਂ ਦੀ ਕਲਾ ਕੇਵਲ ਅਕਾਦਮਿਕ ਹੈ, ਮੁਰਦਾ। ਭਾਰਤ ਇਸ ਵਿਚ ਜਾਨ ਪਾ ਦਏਗਾ। ਭਾਰਤ ਦੇ ਪੇਂਡੂ ਲੋਕਾਂ ਦਾ ਅਨੰਤ ਆਤਮ-ਸਮਰਪਣ, ਪੂਰਨ ਵਿਸ਼ਵਾਸ, ਪੂਰਨ ਧੀਰਜ, ਉਨ੍ਹਾਂ ਦੀ ਬਦਸੂਰਤੀ ਵਿਚ ਮਹਾਨ ਖੂਬਸੂਰਤੀ, ਪੱਛਮ ਵਿਚਲੇ ਸਸਤੇ ਨਕਲੀ ਜਜ਼ਬੇ ਤੋਂ ਮੁਕਤ ਹਨ ਹਿੰਦੁਸਤਾਨੀ।

ਪੈਰਿਸ ਵਿਚ ਉਸਦੀ ਸ਼ੁਹਰਤ ਸੁਣ ਕੇ ਮਾਪੇ ਖੁਸ਼ ਹੁੰਦੇ ਪਰ ਉਨ੍ਹਾਂ ਨੂੰ ਕੀ ਪਤਾ ਸੀ ਅੰਮ੍ਰਿਤਾ ਭਾਰਤ ਨੂੰ ਆਪਣੀ ਕੈਨਵਸ ਦਾ ਕੇਂਦਰ ਮੰਨ ਚੁੱਕੀ ਹੈ, ਹਿੰਦੁਸਤਾਨ ਵਿਚ ਰਹਿੰਦਿਆਂ ਉਸਨੂੰ ਲਗਦਾ ਹੁੰਦਾ ਜਿਵੇਂ ਉਹ ਪੱਛਮ ਦੀ ਧੀ ਹੈ, ਸਭ ਅਹਿਸਾਸ ਪੱਛਮੀ। ਪੈਰਿਸ ਵਿਚ ਉਲਟ ਹੋਇਆ, ਉਹ ਪੂਰੀ ਦੇਸੀ ਹੋ ਗਈ। ਉਸਨੇ ਲਿਖਿਆ - 1933 ਵਿਚ ਭਾਰਤ ਨੇ ਮੈਨੂੰ ਚੁਫੇਰਿਉਂ ਘੇਰ ਲਿਆ। ਮੈਂ ਵਾਪਸ ਆਉਣ ਲਈ ਤੜਪਣ ਲੱਗੀ। ਉਸਦੇ ਉਸਤਾਦ ਸਿਮੋਨ ਨੇ ਕਿਹਾ - ਇੰਨੇ ਰੌਸ਼ਨ ਦਿਮਾਗ ਦੀ ਕਲਾਕਾਰ ਨੂੰ ਭੇਜਣ ਦਾ ਦਿਲ ਤਾਂ ਨਹੀਂ ਕਰਦਾ ਪਰ ਮੈਨੂੰ ਪਤਾ ਹੈ, ਪੈਰਿਸ ਦੇ ਨੀਰਸ ਸਲੇਟੀ ਮਾਹੌਲ ਵਿਚ ਇਹ ਖਤਮ ਹੋ ਜਾਏਗੀ, ਇਸ ਦੇ ਰੰਗਾਂ ਨੂੰ ਭਾਰਤੀ ਧੁੱਪਾਂ ਚਾਹੀਦੀਆਂ ਹਨ। ਨਵੰਬਰ 1934 ਵਿਚ ਚੱਲੇ ਤੇ ਦਸੰਬਰ ਵਿਚ ਵਾਪਸ ਆ ਗਏ। 1931 ਤੋਂ 1935 ਦੇ ਸਮੇਂ ਦੌਰਾਨ ਅੰਮ੍ਰਿਤਾ ਨੇ ਜਿਹੜੇ ਖਤ ਵਿਕਟਰ ਨੂੰ ਲਿਖੇ ਉਹ ਮਿਲ ਗਏ ਹਨ, ਨੀਲੇ ਪੀਲੇ ਕਾਗਜ਼ਾਂ ਉਪਰ ਕਾਲੀ ਸਿਆਹੀ ਵਰਤੀ ਹੈ।

ਮਾਰਚ 1931 - ਤੂੰ ਐਨਾ ਚੰਗਾ ਤੇ ਇਮਾਨਦਾਰ ਹੈਂ ਕਿ ਮੈਂ ਤੇਰੇ ਕਾਬਲ ਨਹੀਂ ਹਾਂ। ਆਰਟਿਸਟ ਦੇ ਤੌਰ ਤੇ ਮੈਂ ਠੀਕ ਹਾਂ, ਵਿਅਕਤੀ ਦੇ ਤੌਰ ਤੇ ਨਖਿੱਧ। ਮੇਰੇ ਆਰਚਣ ਵਿਚ ਬਹੁਤ ਖਾਮੀਆਂ ਹਨ। ਜੋ ਗੱਲ ਚੰਗੀ ਹੈ ਉਹ ਇਹ ਕਿ ਮੈਨੂੰ ਆਪਣੀਆਂ ਖਾਮੀਆਂ ਦਾ ਪਤਾ ਹੈ।

ਮਈ 1933 - ਮੈਨੂੰ ਅਕਾਦਮੀ ਦਾ ਅਸਾਧਾਰਣ ਮੈਂਬਰ ਚੁਣ ਲਿਆ ਗਿਐ। ਇਸਦਾ ਫਾਇਦਾ ਇਹ ਹੋਵੇਗਾ ਕਿ ਜੱਜਾਂ ਨੂੰ ਦਿਖਾਏ ਬਗੈਰ ਆਪਣੀ ਮਨਮਰਜ਼ੀ ਦੇ ਤੌਰ ਤੇ ਦੋ ਚਿੱਤਰ ਮੈਂ ਨੁਮਾਇਸ਼ ਵਿਚ ਰੱਖ ਸਕਾਂਗੀ। ਜਿਹੜੀਆਂ ਪੇਂਟਿੰਗਜ਼ ਮੈਨੂੰ ਸਭ ਤੋਂ ਵਧੀਆ ਲੱਗਦੀਆਂ ਨੇ, ਜੱਜ ਉਨ੍ਹਾਂ ਨੂੰ ਰੱਦ ਕਰ ਦਿੰਦੇ ਨੇ। ਮੈਂ ਬਣੇ ਬਣਾਏ ਫਰੇਮ ਚੋਂ ਬਾਹਰ ਨਿਕਲ ਕੇ ਪੇਂਟ ਕਰਾਂਗੀ ਤਾਂ ਕੁਝ ਸ਼ਾਨਦਾਰ ਹੋ ਸਕਦੈ। ਅਗਲੇ ਸਾਲ ਮੇਰੀ ਮਰਜ਼ੀ ਦੇ ਜਿਹੜੇ ਚਿਤਰ ਹੋਣਗੇ, ਉਨ੍ਹਾਂ ਦੀ ਰੂਪਰੇਖਾ ਮੈਂ ਮਨ ਵਿਚ ਬਣਾ ਲਈ ਹੈ।

ਅਗਸਤ 1933 - ਅੱਗੇ ਨਾਲੋਂ ਮੇਰੇ ਹੁਨਰ ਵਿਚ ਨਿਖਾਰ ਆਇਆ। ਮੈਨੂੰ ਆਪਣਾ ਤੇ ਆਪਣੀ ਰਚਨਾ ਦਾ ਪਤਾ ਹੈ, ਇਹ ਮੂਡ-ਆਧਾਰਿਤ ਨਹੀਂ। ਕਦੀ ਕਦੀ ਇਹ ਖਿਆਲ ਮੈਨੂੰ ਪਾਗਲ ਕਰ ਦਿੰਦਾ ਹੈ ਕਿ ਕੀ ਸਾਊ ਹੋ ਕੇ ਬਰੱਸ਼ ਚਲਾਇਆ ਜਾ ਸਕਦੈ? ਮੈਂ ਬਗੈਰ ਕਿਸੇ ਜਜ਼ਬੇ ਦੇ ਪੇਂਟ ਕਰ ਰਹੀ ਹਾਂ ਪਰ ਇਹ ਖੌਫਨਾਕ ਹੈ, ਸੋਚਦੀ ਹਾਂ ਬਿਨਾਂ ਤਾਕਤਵਰ ਜਜ਼ਬੇ ਦੇ ਤਸਵੀਰ ਸੋਹਣੀ ਕਿਵੇਂ ਬਣੇਗੀ? ਜਜ਼ਬਾ ਤੇ ਸਮਰਪਣ। ਜੇ ਸ਼ੱਕ ਮੌਜੂਦ ਹਨ ਤਾਂ ਸਮਰਪਣ ਕਿਵੇਂ ਹੋ ਸਕਦਾ ਹੈ ? ਮੈਂ ਵਿਸ਼ਵਾਸ ਨਾਲ ਪੇਂਟ ਕਰਾਂ ਕਿ ਸ਼ੱਕ ਨਾਲ? ਜਿਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿਧਰ ਜਾਣਾ ਹੈ ਉਹ ਵੀ ਕਿਤੇ ਨਾ ਕਿਤੇ ਪਹੁੰਚ ਜਾਂਦੇ ਹਨ। ਮੈਨੂੰ ਲਗਦੈ ਮੈਂ ਵੱਡੀ ਤਬਦੀਲੀ ਦੇ ਤੂਫਾਨ ਸਾਹਮਣੇ ਖਲੋਤੀ ਹਾਂ।

ਅਕਤੂਬਰ 1933– ਮੇਰੀ ਮੁਢਲੀ ਪ੍ਰਤਿਭਾ ਵਾਪਸ ਆ ਰਹੀ ਹੈ। ਹਰ ਵਕਤ ਮੈਂ ਚੁਰਾਹੇ ਵਿਚ ਫਸ ਜਾਂਦੀ ਹਾਂ, ਸਮੱਸਿਆ ਨੈਤਿਕ ਹੈ, ਬੌਧਿਕ ਹੈ ਜਾਂ ਜਿਸਮਾਨੀ, ਮੈਨੂੰ ਦੋਵੇਂ ਪਾਸੇ ਸਾਫ ਦਿਸ ਰਹੇ ਹਨ। ਪ੍ਰਵਾਨਿਤ ਕਦਰਾਂ ਕੀਮਤਾਂ ਨਹੀਂ ਚੱਲਦੀਆਂ। ਖੰਡ ਕਿਸੇ ਨੂੰ ਮਿੱਠੀ ਲੱਗਦੀ ਹੈ ਕਿਸੇ ਨੂੰ ਕੌੜੀ। ਅਨੰਤ ਸੱਚ ਕੀ ਹਨ ਮੈਨੂੰ ਨਹੀਂ ਪਤਾ। ਬਥੇਰੀਆਂ ਰੁਮਾਂਟਿਕ ਗੱਲਾਂ ਸੁਣ ਲਈਆਂ, ਜਿਵੇਂ ਨੇਕੀ ਉਹ ਹੈ ਜਦੋਂ ਤੁਸੀਂ ਕਿਸੇ ਵਾਸਤੇ ਆਪਣੇ ਹਿੱਤਾਂ ਦਾ ਤਿਆਗ ਕਰਦੇ ਹੋ, ਬਦੀ ਉਹ ਹੈ ਜਦੋਂ ਤੁਸੀਂ ਆਪਣੇ ਹਿਤਾਂ ਦੀ ਪ੍ਰਾਪਤੀ ਲਈ ਦੂਜਿਆਂ ਨੂੰ ਕੁਰਬਾਨ ਕਰ ਦਿੰਦੇ ਹੋ। ਮੇਰੇ ਆਲੇ ਦੁਆਲੇ ਅਜਿਹਾ ਉਲਝਿਆ ਹੋਇਆ ਸੰਸਾਰ ਹੈ ਜਿਹੜਾ ਨੇਕੀ ਤੇ ਬਦੀ ਦੇ ਰੱਸੇ ਵਿਚ ਨੂੜਿਆ ਨਹੀਂ ਜਾ ਸਕਦਾ। ਸਮੱਸਿਆ ਦਾ ਕੋਈ ਹੱਲ ਨਹੀਂ ਇਸ ਕਰਕੇ ਬੇਚੈਨੀ ਸੁਭਾਵਿਕ ਹੈ। ਬੇਚੈਨੀ ਦਾ ਨਿਰੰਤਰ ਸ਼ਿਕਾਰ ਹੁੰਦੀ ਹਾਂ। ਮੈਨੂੰ ਪਤੈ ਜੇ ਮੈਂ ਰੋ ਪਵਾਂ ਤਾਂ ਬੇਚੈਨੀ ਹਟ ਜਾਂਦੀ ਹੈ। ਮੈਂ ਆਪਣੇ ਆਪ ਨੂੰ ਕਿਹਾ – ਰੋ। ਮੈਂ ਰੋ ਪਈ। ਦੇਰ ਤੱਕ ਰੋਈ। ਫਿਰ ਕਿਹਾ – ਚੁੱਪ ਕਰ। ਚੁੱਪ ਕਰਕੇ ਬਰੱਸ਼ ਚੁੱਕਿਆ ਤੇ ਪੇਂਟ ਕਰਨ ਲੱਗੀ। ਦੇਰ ਰਾਤ ਤੱਕ ਪੇਂਟ ਕਰਦੀ ਰਹਿੰਦੀ ਹਾਂ।

– ਵਿੱਦਿਆ ਮਾਲੀ ਦਾ ਕੰਮ ਕਰਦੀ ਹੈ, ਜੋ ਤੁਹਾਡੇ ਨਾਲ ਸਹਿਮਤ ਨਹੀਂ, ਉਸਨੂੰ ਨਦੀਨ ਵਾਂਗ ਪੁੱਟ ਕੇ ਬਾਹਰ ਸੁੱਟ ਦਿਓ। ਵਿੱਦਿਆ ਮੁਢਲੀਆਂ ਖਾਹਿਸ਼ਾਂ ਨੂੰ ਜੜੋਂ ਪੁੱਟਣ ਦਾ ਹੌਸਲਾ ਦਿੰਦੀ ਹੈ ਕਿਉਂਕਿ ਇਹ ਪਸ਼ੂ ਬਿਰਤੀਆਂ ਹਨ। ਆਪਣਾ ਫੈਸਲਾ ਆਪ ਕਰਨਾ ਠੀਕ ਹੁੰਦੈ। ਆਪਣਾ ਫੈਸਲਾ ਕਰਕੇ ਆਖਿਰ ਫੇਲ੍ਹ ਹੋ ਜਾਓ ਤਾਂ ਵੀ ਸਫਲ ਹੋ ਕਿਉਂਕਿ ਫੈਸਲਾ ਕਿਸੇ ਦਾ ਨਹੀਂ ਤੁਹਾਡਾ ਸੀ। ਆਪਣਾ ਫੈਸਲਾ ਆਪ ਕਰਨਾ ਸਫਲ ਹੋਣ ਦਾ ਮੁਢਲਾ ਐਲਾਨ ਹੈ। ਹੋਰਾਂ ਦੇ ਫੈਸਲੇ ਉਪਰ ਸਿਰ ਸੁੱਟ ਕੇ ਕੰਮ ਕਰਨ ਵਾਲੇ ਪਸ਼ੂ ਹਨ।

ਸ਼ਿਮਲਾ 1935– ਯੋਰਪ ਦੀ ਠੰਢ ਅਤੇ ਸਲੇਟੀ ਰੰਗ ਤੋਂ ਮੈਂ ਤੰਗ ਆ ਗਈ ਸਾਂ। ਇਥੇ ਹਰੇਕ ਚੀਜ਼ ਕੁਦਰਤੀ ਹੈ। ਯੋਰਪ ਵਿਚ ਮੈਂ ਸਫਲ ਨਹੀਂ ਹੋ ਸਕਦੀ, ਇਸਦੇ ਰੰਗ ਮੇਰੇ ਸੁਭਾਅ ਨਾਲ ਬਰ ਨਹੀਂ ਮੇਚਦੇ। ਯੋਰਪ ਦੇ ਰੰਗ ਪੀਲੇ ਨੇ, ਹਰ ਚੀਜ਼ ਪੀਲੀ। ਯੋਰਪੀਨਾਂ ਤੇ ਭਾਰਤੀਆਂ ਦੇ ਰੰਗ ਤਾਂ ਵੱਖ ਵੱਖ ਹਨ ਹੀ, ਇਨ੍ਹਾਂ ਦੇ ਪਰਛਾਵੇਂ ਵੀ ਅੱਡ ਅੱਡ ਰੰਗ ਦੇ ਨੇ, ਧੁੱਪ ਹਰੇਕ ਵਸਤੂ ਦੀ ਸ਼ੇਡ ਬਦਲਦੀ ਹੈ। ਗੋਰੇ ਦਾ ਪਰਛਾਵਾਂ ਨੀਲਾ–ਜਾਮਣੀ ਹੈ ਤੇ ਭਾਰਤੀ ਦਾ ਸੁਨਹਿਰੀ-ਹਰਾ। ਮੇਰਾ ਪਰਛਾਵਾਂ ਪੀਲਾ ਹੈ। ਵਾਨ ਗਾਗ ਨੂੰ ਕਿਸੇ ਨੇ ਦੱਸਿਆ ਸੀ ਕਿ ਦੇਵਤਿਆਂ ਦਾ ਮਨਪਸੰਦ ਰੰਗ ਪੀਲਾ ਹੈ।

ਨਿਊਯਾਰਕ ਦਾ ਫੋਟੋਗ੍ਰਾਫਰ ਰਿਚਰਡ ਐਵੇਦੋ ਕੈਮਰੇ ਨਾਲ ਅਦ੍ਰਿਸ਼ਟ ਘਟਨਾਵਾਂ ਫੜਦਾ ਹੁੰਦਾ, ਕਿਹਾ ਕਰਦਾ – ਜਿਸ ਤੋਂ ਤੁਸੀਂ ਪਰਦਾ ਨਹੀਂ ਹਟਾ ਸਕਦੇ, ਮੈਂ ਬਗੈਰ ਪਰਦਾ ਹਟਾਏ ਦੱਸ ਸਕਦਾ ਹਾਂ ਤੇ ਦਿਖਾ ਸਕਦਾ ਹਾਂ ਪਰਦੇ ਪਿਛੇ ਕੀ ਹੈ। ਇਸ ਦੀ ਉਦਾਹਰਨ 1957 ਵਿਚ ਖਿੱਚੀ ਉਸਦੀ ਮਾਰਲਿਨ ਮਨਰੋ ਦੀ ਤਸਵੀਰ ਹੈ। ਹਾਲੀਵੁੱਡ ਦੀ ਨਾਇਕਾ ਮਨਰੋ ਉਸਦੇ ਸਟੂਡੀਓ ਵਿਚ ਆਈ, ਨੱਚੀ, ਗੀਤ ਗਾਇਆ, ਰੁਮਾਂਸ ਕੀਤਾ, ਸਭ ਕੁਝ ਤੋਂ ਬਾਦ ਥੱਕ ਕੇ ਇਕ ਪਾਸੇ ਬੈਠ ਗਈ, ਉਦਾਸ ... ਕਿਉਂਕਿ ਕਰਨ ਲਈ ਕੁਝ ਹੋਰ ਬਾਕੀ ਬਚਿਆ ਨਹੀਂ। ਇਸ ਵਕਤ ਐਵੇਦੋ ਨੇ ਫੋਟੋ ਕਲਿੱਕ ਕੀਤੀ। ਫੋਟੋ ਵਿਚੋਂ ਉਸਦੀ ਸੁੰਦਰਤਾ, ਚੰਚਲਤਾ, ਕਾਮੁਕਤਾ ਤੇ ਸਥਾਈ ਦੁਖ ਦਿੱਸ ਰਿਹਾ ਹੈ। ਥੋੜ੍ਹੇ ਸਾਲਾਂ ਬਾਦ ਜਦੋ ਮਨਰੋ ਦੀ ਮੌਤ ਦੀ ਖਬਰ ਆਈ, ਇਹ ਫੋਟੋ ਲੱਖਾਂ ਦੀ ਗਿਣਤੀ ਵਿਚ ਵਿਕੀ। ਉਸਦੇ ਚਿਹਰੇ ਉਪਰ ਫੋਟੋਗ੍ਰਾਫਰ ਨੇ ਮੌਤ ਫੜ ਰੱਖੀ ਹੈ। ਫੋਟੋਗ੍ਰਾਫਰ ਨੇ ਉਹ ਛਿਣ ਫੜ ਲਿਆ ਜਿਹੜਾ ਹੋਰਾਂ ਨੂੰ ਨਹੀਂ ਦਿਸਿਆ। ਫੋਟੋਗ੍ਰਾਫਰ ਨੇ ਕਿਹਾ – ਮਨਰੋ ਨਾਮ ਦੀ ਕੋਈ ਔਰਤ ਕਿਸੇ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ? ਮਨਰੋ ਆਪਣੇ ਆਪ ਵਿਚੋਂ ਇਕ ਮਰਲਿਨ ਘੜਦੀ ਤੇ ਪੇਸ਼ ਕਰਦੀ, ਇਹ ਘੜੀ ਗਈ ਪੇਸ਼ਕਾਰੀ ਦਰਸ਼ਕਾਂ ਨੂੰ ਧੂਹ ਪਾਉਂਦੀ।

ਓਲੀਵਰ ਗੋਲਡਸਮਿੱਥ (1728-74) ਅਨੁਸਾਰ ਨਿਪੁੰਨ ਐਕਟਰ ਉਹ ਹੁੰਦਾ ਹੈ ਜਿਹੜਾ ਸਟੇਜ ਉਪਰ ਅਸਲੀ, ਸਾਦਾ, ਦਿਲਖਿਚਵਾਂ ਤੇ ਕੁਦਰਤੀ ਲੱਗੇ, ਸਟੇਜੋਂ ਹੇਠਾਂ ਆ ਕੇ ਬੇਸ਼ੱਕ ਇਉਂ ਲੱਗੇ ਜਿਵੇਂ ਐਕਟਿੰਗ ਕਰਨ ਲੱਗਾ ਹੋਵੇ।

ਯੂਨੈਸਕੋ ਦਾ ਮੁਲਾਜ਼ਮ ਬਲਦੂਨ ਢੀਂਗਰਾ ਸ਼ੇਰਗਿਲਾਂ ਦੇ ਘਰ ਪੈਰਿਸ ਅਕਸਰ ਆਉਂਦਾ ਜਾਂਦਾ ਸੀ, ਦੱਸਦਾ ਹੈ ਕਿ ਅੰਮ੍ਰਿਤਾ ਦੇ ਪਸੰਦੀਦਾ ਲੇਖਕ ਦਾਸਤੋਵਸਕੀ ਤੇ ਟਾਮਸ ਮਾਨ ਸਨ। ਢੀਂਗਰਾ ਤੋਲਸਤੋਈ ਦੀ ਸਿਫਤ ਕਰਦਾ, ਦੋਵਾਂ ਵਿਚ ਚਰਚਾ ਹੁੰਦੀ ਤਾਂ ਅੰਮ੍ਰਿਤਾ ਆਖਦੀ – ਦਾਸਤੋਵਸਕੀ ਸੁਪਰੀਮ ਹੈ ਕਿਉਂਕਿ ਉਹ ਅਣਥਕ ਯਾਤਰੀ ਹੈ, ਆਰਟ ਪ੍ਰਤੀ ਈਮਾਨਦਾਰ। ਬੁਰਾਈ ਦੀ ਸ਼ਰਮਨਾਕ ਤਲਖੀ ਕਾਰਨ ਵੀ ਥਿੜਕਦਾ ਨਾ, ਛੁਪਾਉਂਦਾ ਨਾ, ਜੀਵਨ ਵਿਚੋਂ ਨੇਕੀਆਂ ਤਲਾਸ਼ਣ ਦੀ ਉਸਨੂੰ ਜ਼ਰੂਰਤ ਨਹੀਂ ਸੀ ਲਗਦੀ। ਟਾਲਸਟਾਇ ਉਦੋਂ ਤੱਕ ਉੱਤਮ ਕਲਾਕਾਰ ਸੀ ਜਦੋਂ ਤੱਕ ਉਸਨੇ ਈਸਾਈ ਮੱਤ ਦੀ ਪਵਿੱਤਰਤਾ ਅਤੇ ਅਹਿੰਸਾ ਦੇ ਹੱਕ ਵਿਚ ਪ੍ਰਚਾਰ ਸ਼ੁਰੂ ਨਹੀਂ ਕੀਤਾ ਸੀ। ਉਸਦਾ ਮਾਨਵ ਹਿਤਕਾਰੀ ਅਤੇ ਧਰਮੀ ਮੁਖੌਟਾ ਖਤਰਨਾਕ ਸੀ। ਜਿਹੜੇ ਦਾਸਤੋਵਸਕੀ ਨੂੰ ਮਾਰਨਾ ਚਾਹੁੰਦੇ ਹਨ ਉਹ ਤੋਲਸਤੋਈ ਨੂੰ ਕੁਹਾੜੇ ਵਾਂਗ ਉਸ ਵਿਰੁੱਧ ਚਲਾਉਂਦੇ ਹਨ।

1934 ਦੇ ਅਖੀਰ ਵਿਚ ਜਦੋਂ ਉਹ ਭਾਰਤ ਆਈ ਤਾਂ ਸ਼ਿਮਲੇ ਮਾਪਿਆਂ ਕੋਲ ਰਹਿਣ ਦੀ ਥਾਂ ਮਜੀਠੀਆ ਹਾਊਸ, ਮਹਿਲ ਵਰਗੇ ਆਪਣੇ ਜੱਦੀ ਘਰ ਵਿਚ ਅੰਮ੍ਰਿਤਸਰ ਚਲੀ ਗਈ। ਉਥੇ ਸਾਰੇ ਰਿਸ਼ਤੇਦਾਰ ਮਿਲਣ

www.punjabilibrary.com

ਆਉਂਦੇ ਜਾਂਦੇ ਰਹਿੰਦੇ। ਅੰਮ੍ਰਿਤਾ ਧੜਾਧੜ ਉਨ੍ਹਾਂ ਦੇ ਚਿੱਤਰ ਬਣਾਉਂਦੀ। ਉਸਨੇ ਪੱਛਮੀ ਲਿਬਾਸ ਦਾ ਪੂਰਨ ਤਿਆਗ ਕਰਕੇ ਸਾੜ੍ਹੀ ਪਹਿਨਣੀ ਸ਼ੁਰੂ ਕੀਤੀ। ਮਾਂ ਨੇ ਸ਼ਿਮਲੇ ਤੋਂ ਕੁਝ ਸਵਾਟਰ ਜਰਸੀਆਂ ਭੇਜੇ ਜਿਹਨਾਂ ਦੇ ਰੰਗ, ਡਿਜ਼ਾਈਨ, ਬੁਣਤੀ ਭਾਰਤੀ ਨਹੀਂ ਸੀ। ਉਸਨੇ ਵਾਪਸ ਭੇਜਦਿਆ ਲਿਖਿਆ - ਮੈਂ ਹੁਣ ਪੱਛਮੀ ਲਿਬਾਸ ਨਹੀਂ ਪਹਿਨਾਂਗੀ, ਜਿਨ੍ਹਾਂ ਲੋਕਾਂ ਵਿਚ ਰਹਾਂਗੀ, ਉਨ੍ਹਾਂ ਵਰਗੀ ਦਿਸਾਂਗੀ, ਸੁਮੇਰ ਆਪਣੀ ਸੁਨਹਿਰੀ ਸਾੜ੍ਹੀ ਲੈ ਕੇ ਮੇਰੇ ਕੋਲ ਆਈ ਸੀ, ਮੈਨੂੰ ਦੇਣ ਵਾਸਤੇ, ਆਖਦੀ ਸੀ ਮੈਂ ਤਾਂ ਹੁਣ ਫਰਾਂਸੀਸੀ ਲਿਬਾਸ ਪਹਿਨਿਆਂ ਕਰਾਂਗੀ, ਮੈਂ ਕੀ ਕਰਨੀ ਐ ਇਹ? ਨਾਦਾਨ ਭਾਰਤੀ ਔਰਤਾਂ ਨੂੰ ਪਤਾ ਨਹੀਂ ਦੇਸੀ ਲਿਬਾਸ ਵਿਚ ਉਹ ਕਿੰਨੀਆਂ ਸੁਹਣੀਆਂ ਲਗਦੀਆਂ ਹਨ। ਪਰ ਮੈਂ ਜ਼ਰੀ ਨਾਲ ਲੱਦੀ ਇਹ ਸਾੜ੍ਹੀ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਦੀ ਕੀਮਤ ਛੇ ਸੌ ਰੁਪਏ ਤੋਂ ਵਧੀਕ ਹੈ, ਇਸ ਬਦਲੇ ਏਨੀ ਕੀਮਤ ਦੀ ਕੋਈ ਚੀਜ਼ ਦੇਣ ਵਾਸਤੇ ਮੇਰੇ ਕੋਲ ਹੈ ਨਹੀਂ। ਅਫਸੋਸ।

ਉਹ ਗੂੜ੍ਹੇ ਰੰਗ ਦੀਆਂ ਸਾੜ੍ਹੀਆਂ ਪਹਿਨਦੀ ਜਿਨ੍ਹਾਂ ਵਿਚੋਂ ਉਸਦਾ ਬਦਾਮੀ ਰੰਗਾ ਚਿਹਰਾ ਉਘੜੇ। ਦੇਖਣ ਵਾਲਾ ਦੇਖਦਾ ਰਹਿ ਜਾਂਦਾ। ਗਰਮੀਆਂ ਆਈਆਂ ਤਾਂ ਸ਼ਿਮਲੇ ਚਲੀ ਗਈ। ਉਥੇ ਕਲਕੱਤੇ ਤੋਂ ਦੋ ਕਲਾਕਾਰ ਭਰਾ ਬਰਦਾ ਉਕਿਲ ਅਤੇ ਸਰਦਾ ਉਕਿਲ ਮਿਲਣ ਵਾਸਤੇ ਆਏ।1926 ਵਿਚ ਇਨ੍ਹਾਂ ਦੋਵਾਂ ਨੇ ਕਲਕੱਤੇ ਅਤੇ ਦਿੱਲੀ ਵਿਚ ਆਰਟ ਸਕੂਲਾਂ ਦੀ ਸਥਾਪਨਾ ਕੀਤੀ ਸੀ। ਮਹਾਰਾਜਿਆਂ ਦੇ ਸ਼ਾਹਜ਼ਾਦੇ, ਬਿਊਰੋਕਰੈਟ, ਅਕਸਰ ਗਰਮੀਆਂ ਦੀ ਤਫਰੀਹ ਵਾਸਤੇ ਇਧਰ ਤੁਰੇ ਰਹਿੰਦੇ। ਅੰਮ੍ਰਿਤਾ ਨੂੰ ਮਿਲਦੇ। ਬਹੁਤਿਆਂ ਨੇ ਇਥੇ ਸਮਰ ਹੋਮਜ਼ ਬਣਾ ਰੱਖੇ ਸਨ। ਅੰਮ੍ਰਿਤਾ ਨੂੰ ਡਿਨਰ ਅਤੇ ਲੰਚ ਪਾਰਟੀਆਂ ਦੇ ਸੱਦੇ ਮਿਲਦੇ ਰਹਿੰਦੇ। ਸਾਰਾ ਦਿਨ ਕੰਮ ਕਰਦੀ, ਸ਼ਾਮ ਪੈਣ ਤੇ ਪਾਰਟੀਆਂ ਵਿਚ ਥਕਾਵਟ ਉਤਾਰਨ ਚਲੀ ਜਾਂਦੀ। ਬਹੁਤੇ ਬੰਦੇ ਉਸਨੂੰ ਸਿੱਧਰੇ ਲਗਦੇ।

ਦਿੱਲੀ ਤੋਂ ਫਿਲਾਸਫੀ ਦੇ ਇਕ ਜੁਆਨ ਪ੍ਰੇਮ ਨੂੰ ਮਾਡਲ ਵਜੋਂ ਸ਼ਿਮਲੇ ਲੈ ਆਈ। ਪਹਿਲੇ ਦਿਨ ਉਸਨੂੰ ਸਮਝਾ ਦਿੱਤਾ - ਪ੍ਰੇਮ ਚੰਦ ਮੇਰੇ ਦੋ ਮਨ ਹਨ, ਇਕ ਔਰਤ ਦਾ ਮਨ ਦੂਜਾ ਕਲਾਕਾਰ ਦਾ। ਤੈਨੂੰ ਇਕ ਕਲਾਕਾਰ ਇਥੇ ਲੈ ਕੇ ਆਇਆ ਹੈ ਕਿਉਂਕਿ ਤੇਰਾ ਬਦਸ਼ਕਲ ਚਿਹਰਾ, ਚਿਤਰੇ ਜਾਣ ਲਈ ਮੈਨੂੰ ਪ੍ਰਭਾਵਿਤ ਕਰਦਾ ਹੈ। ਬਤੌਰ ਇਕ ਔਰਤ ਮੇਰੇ ਕੋਲ ਤੇਰੀ ਕੋਈ ਥਾਂ ਨਹੀਂ। ਮੈਂ ਆਪਣੀ ਹੋਂਦ ਆਪ ਨਿਰਧਾਰਿਤ ਕਰਦੀ ਹਾਂ, ਬੀਅਰ ਤੇ ਸ਼ੈਮਪੇਨ ਪੀਂਦੀ ਹਾਂ, ਨੱਚਦੀ ਹਾਂ, ਇਸ਼ਕ ਕਰਦੀ ਹਾਂ ਤੇ ਸਭ ਕਾਸੇ ਨੂੰ ਰੱਦ ਕਰ ਦਿੰਦੀ ਹਾਂ। ਇਸ ਜੀਵਨ ਵਿਚ ਤੇਰਾ ਕੋਈ ਥਾਂ ਨਹੀਂ। ਆਰਟ ਮੇਰਾ ਕਾਰੋਬਾਰ ਹੈ। ਮੇਰਾ ਦਿਲ ਕੁਝ ਹੋਰ ਚਾਹੁੰਦਾ ਹੈ।

ਉਸਦੇ ਇਸ ਤਰ੍ਹਾਂ ਦੇ ਵਿਹਾਰ ਨੇ ਕਈਆਂ ਦੇ ਦਿਲ ਤੋੜੇ।ਬੰਦਾ ਸੋਚਦਾ- ਇਸ ਕੁੜੀ ਨੂੰ ਪ੍ਰਾਪਤ ਕਰਨਾ ਕਿੰਨਾ ਅਸਾਨ ਹੈ।ਥੋੜੀ ਦੇਰ ਬਾਦ ਅੰਮ੍ਰਿਤਾ ਆਖ ਦਿੰਦੀ- ਤੈਨੂੰ ਰੱਦ ਕਰ ਦੇਣਾ ਕਿੰਨਾ ਆਸਾਨ ਹੈ।

ਆਲ ਇੰਡੀਆ ਰੇਡੀਓ ਦਿੱਲੀ ਦਾ ਸਹਾਇਕ ਡਾਇਰੈਕਟਰ ਰਸ਼ੀਦ ਅਹਿਮਦ ਮਿਲਦਾ ਰਹਿੰਦਾ, ਦੋਸਤੀ ਹੋਈ, ਦੇਸ ਵੰਡ ਵਕਤ ਪਾਕਿਸਤਾਨ ਚਲਾ ਗਿਆ ਤੇ ਰੇਡੀਓ ਪਾਕਿਸਤਾਨ ਦਾ ਡਾਇਰੈਕਟਰ ਜਨਰਲ ਰਿਟਾਇਰ ਹੋਇਆ, ਲਿਖਦਾ ਹੈ - ਉਹ ਜਾਣਨ ਦੀ, ਖੋਜਣ ਦੀ ਸ਼ੌਕੀਨ ਸੀ, ਸਮਾਜਕ ਬੰਧਨਾਂ ਤੋਂ ਮੁਕਤ। ਹਰ ਤਰ੍ਹਾਂ ਦੇ ਪ੍ਰਭਾਵਾਂ ਦਾ ਸਵਾਗਤ ਪਰ ਅਸਰ ਆਪਣੀ ਮਰਜ਼ੀ ਨਾਲ ਕਬੂਲਦੀ, ਕੋਈ ਹਨੇਰੀ ਉਸਨੂੰ ਉਡਾ ਨਹੀਂ ਸਕਦੀ ਸੀ। ਉਹ ਮਨੁੱਖੀ ਰੂਹਾਂ ਦਾ ਘਾਣ ਕਰਨ ਦੇ ਸਮਰੱਥ ਸੀ ਪਰ ਸਖਤ ਜਾਨ ਏਨੀ ਕਿ ਉਸ ਅੰਦਰਲਾ ਕਲਾਕਾਰ ਹਰ ਜਜ਼ਬੇ ਤੋਂ ਨਿਰਲੇਪ ਰਹਿੰਦਾ।

1932 ਵਿਚ ਅੰਗਰੇਜ਼ ਮੈਲਕਮ ਮਾਸਕੋ ਵਿਖੇ *ਗਾਰਡੀਅਨ* ਅਖਬਾਰ ਵਾਸਤੇ ਕੰਮ ਕਰਦਾ ਸੀ ਜਿਥੇ ਉਸਨੂੰ ਕਮਿਊਨਿਸਟ ਸਰਕਾਰ ਦੇ ਦੋਗਲੇਪਣ ਦਾ ਪਤਾ ਲੱਗਾ, ਲੋਕਾਂ ਦਾ ਸ਼ਿਕਾਰ ਕੀਤੇ ਜਾਣ ਦਾ ਪਤਾ ਲੱਗਾ। ਉਸਦੀ ਕਿਤਾਬ *ਵਿੰਟਰ ਇਨ ਮਾਸਕੋ* ਬਹੁਤ ਪ੍ਰਸਿੱਧ ਹੋਈ ਪਰ ਉਸਨੂੰ ਨੌਕਰੀਓਂ ਜਵਾਬ ਮਿਲ ਗਿਆ ਤਾਂ ਉਸ ਨੇ ਕਲਕੱਤੇ *ਸਟੇਟਸਮੈਨ* ਵਾਸਤੇ ਕੰਮ ਸ਼ੁਰੂ ਕਰ ਦਿੱਤਾ। ਕਲਕੱਤੇ ਸੰਪਾਦਕ ਨਾਲ ਝਗੜਾ ਛਿੜ ਗਿਆ ਤਾਂ ਖਹਿੜਾ ਛੁਡਾਉਣ ਵਾਸਤੇ ਇਸਦੀ ਬਦਲੀ ਸ਼ਿਮਲੇ ਕਰ ਦਿੱਤੀ। ਇਹ ਇਕ ਤਰ੍ਹਾ ਦੀ ਸਜ਼ਾ ਦਿੱਤੀ ਗਈ ਸੀ। ਇਥੇ ਇਸ ਦੀ ਮੁਲਾਕਾਤ ਅੰਮ੍ਰਿਤਾ ਨਾਲ ਹੋਈ। ਆਪਣੀ ਆਤਮਕਥਾ ਵਿਚ ਉਹ ਸ਼ਿਮਲੇ ਬਾਰੇ ਲਿਖਦਾ ਹੈ - ਗਰਮੀਆਂ ਦੀ ਰੁੱਤੇ, ਪੂਰੀ ਸਰਕਾਰ ਅਪਹੁੰਚ ਪਹਾੜੀਆਂ ਵਿਚ ਚਲੀ ਜਾਵੇ ਤੇ ਦੂਰ ਦੁਰਾਡਿਓਂ ਰਾਜ ਕਰੇ, ਅਚੰਭੇਜਨਕ ਹੈ। ਇਹ ਸ਼ਹਿਰ ਹੈ ਹੀ ਸਹੀ ਮਾਇਨਿਆਂ ਵਿਚ ਅੰਗਰੇਜ਼ੀ ਸਰਕਾਰ ਦੀ ਪੈਦਾਵਾਰ, ਸਾਹਿਬ ਲੋਕਾਂ ਨੇ ਸਾਹਿਬ ਲੋਕਾਂ ਵਾਸਤੇ ਵਸਾਇਆ। ਜਦੋਂ ਅੰਗਰੇਜ਼ਾਂ ਦਾ ਰਾਜ ਖਤਮ ਹੋਏਗਾ, ਇਹ ਰਾਜ ਕਿਹੋ ਜਿਹਾ ਹੁੰਦਾ ਸੀ, ਬਸ ਸ਼ਿਮਲਾ ਦੇਖ ਕੇ ਪਤਾ ਲੱਗ ਜਾਇਆ ਕਰੇਗਾ। ਇਕ ਇੰਚ ਥਾਂ ਦੇਸੀ ਨਹੀਂ। ਚਰਚ, ਮਾਲਰੋਡ, ਐਤਵਾਰ ਸ਼ਾਮੀਂ ਮਾਲ ਰੋਡ ਉਪਰ ਟਹਿਲਦੇ ਗੋਰੇ ਗੋਰੀਆਂ, ਵੱਜ ਰਿਹਾ ਬਰੱਸ ਬੈਂਡ, ਔਰਤਾਂ ਦੇ ਸਿਰਾਂ ਉਪਰ ਰੰਗ ਬਰੰਗੀਆਂ ਛਤਰੀਆਂ ਤੇ ਮਰਦਾਂ ਦੇ ਸਿਰਾਂ ਤੇ ਵੱਡੇ ਸਫੈਦ ਟੋਪ। ਰੁਤਬੇ ਅਨੁਸਾਰ ਆਬਾਦੀਆਂ ਅਤੇ ਘਰਾਂ ਦੇ ਸਾਈਜ਼, ਹਰੇਕ ਦੇ ਨਾਮ ਅਤੇ ਅਹੁਦੇ ਦੀ ਤਖਤੀ, ਬਾਹਰੋਂ ਹੀ ਪਤਾ ਲੱਗ ਜਾਣਾ ਚਾਹੀਦਾ ਹੈ ਕਿਸ ਹਸਤੀ ਦਾ ਦਰਵਾਜ਼ਾ ਹੈ। ਛੋਟਾ ਜਿਹਾ ਥਿਏਟਰ ਵੀ ਹੈ ਜਿਥੇ ਨਾਟਕ ਹੁੰਦੇ ਹਨ, ਫਿਲਮ ਚਲਦੀ ਹੈ। ਕਿਪਲਿੰਗ ਨੇ ਇਕ ਨਾਟਕ ਵਿਚ ਇਥੇ ਐਕਟ ਕੀਤਾ ਸੀ। ਵਾਇਸਰਾਇ ਮਹਿਲ ਦੀ ਰਾਖੀ ਸਿੱਖ ਗਾਰਦ ਕਰਦੀ ਹੈ। ਸਿਪਾਹੀਆਂ ਨੇ ਪੁੱਠੀਆਂ ਦਾਹੜੀਆਂ ਚਾੜ੍ਹ

ਕੇ ਜਾਲੀਆਂ ਲਪੇਟੀਆ ਹੋਈਆਂ ਹਨ। ਕਮਾਂਡਰ ਇਨ ਚੀਫ ਲਾਰਡ ਕਿਚਨਰ ਨੇ ਆਪਣਾ ਮਹਿਲ ਸ਼ਿਮਲੇ ਤੋਂ ਜਰਾ ਹਟਵਾਂ ਬਣਾਇਆ ਹੈ।

ਆਪਣੀ ਪੱਤਰਕਾਰ ਬਰਾਦਰੀ ਬਾਰੇ ਉਸਦੀ ਟਿੱਪਣੀ ਹੈ - ਪੱਤਰਕਾਰ ਸਰਕਾਰ ਦੇ ਪਿੱਛੇ ਪਿੱਛੇ ਇਸ ਤਰ੍ਹਾਂ ਦੌੜਦੇ ਹਨ ਜਿਵੇਂ ਜਹਾਜ਼ ਦੇ ਪਿਛੇ ਸ਼ਾਰਕਾਂ ਲੱਗ ਜਾਂਦੀਆਂ ਹਨ ਤਾਂ ਕਿ ਜਹਾਜ਼ ਵਿਚੋਂ ਸਮੁੰਦਰ ਵਿਚ ਸੁੱਟਿਆ ਗਿਆ ਕਚਰਾ ਖਾ ਸਕਣ। ਇਸ ਮਾਹੌਲ ਦਾ ਜਿਕਰ ਬਾਦ ਵਿਚ ਮੈਲਕਮ ਨੇ ਆਪਣੀ ਡਾਇਰੀ ਵਿਚ ਜੂਨ 1935 ਨੂੰ ਇਉਂ ਕੀਤਾ - ਅੰਮ੍ਰਿਤਾ ਦੀ ਮਾਂ ਹੰਕਾਰੀ ਹੋਈ ਭੈੜੀ ਜਨਾਨੀ ਲੱਗੀ, ਉਸਦਾ ਰਹਿਣ ਸਹਿਣ ਦਾ ਢੰਗ ਸਰਮਾਏਦਾਰਾਨਾ ਹੈ ਤੇ ਸਰਦਾਰ ਸ਼ੇਰਗਿੱਲ ਉਸਨੂੰ ਪਸੰਦ ਨਹੀਂ ਕਰਦਾ ਪਰ ਲਾਚਾਰੀਵਸ ਬਰਦਾਸ਼ਤ ਕਰਦਾ ਦਿਸਦਾ ਹੈ। ਸਰਦਾਰ ਦੀ ਖੁੱਲ੍ਹੀ ਦਾਹੜੀ ਹੈ, ਲੰਮੇ-ਕਮੀਜ਼ ਉਪਰੋਂ ਦੀ ਬੈਲਟ ਕਸ ਲੈਂਦਾ ਹੈ, ਇਉਂ ਲਗਦਾ ਹੈ ਜਿਵੇਂ ਟਾਲਸਟਾਇ ਜੇ ਜ਼ਮਾਨੇ ਦਾ ਰੂਸੀ ਕਿਸਾਨ ਹੋਵੇ। ਤਿੱਖੀਆਂ ਹਵਾਵਾਂ ਵਿਚ ਉਸਦੀ ਦਾਹੜੀ ਉਡਣ ਲਗਦੀ ਹੈ। ਬੀਵੀ ਤੋਂ ਅੱਕਿਆ ਹੋਇਆ ਉਹ ਕਿਤਾਬ ਪੜ੍ਹਨ ਲਗਦਾ ਹੈ, ਫਲਸਫੇ ਉਪਰ ਚਰਚਾ ਕਰਦਾ ਹੈ ਤੇ ਜਾਂ ਫਿਰ ਛੱਤ ਤੇ ਖਲੋ ਕੇ ਤਾਰੇ ਦੇਖਣ ਲੱਗ ਜਾਂਦਾ ਹੈ। ਉਸਦੀਆਂ ਖਾਲੀ ਨਿਗਾਹਾਂ ਉਸਦੀ ਹਾਲਤ ਦੀ ਖਬਰ ਦਸਦੀਆਂ ਹਨ। ਅੰਮ੍ਰਿਤਾ ਉਸਨੂੰ ਮੋਟੇ ਸਿਰ ਵਾਲੀ ਕਾਮੁਕ ਕੁੜੀ ਦਿਸਦੀ ਹੈ, ''ਮੈਂ ਇਸ ਕੁੜੀ ਨੂੰ ਕਈ ਵਾਰ ਮਿਲਿਆ, ਕਈ ਵਾਰ ਇਸ ਨਾਲ ਹੋਟਲ ਵਿਚ ਨੱਚਿਆ, ਕਈ ਵਾਰ ਉਸਨੇ ਕਿਹਾ ਫੋਨ ਕਰਾਂਗੀ, ਇੱਕ ਸ਼ਾਮ ਮੈਂ ਕਿਹਾ - ਮੈਂ ਉਦੋਂ ਤੱਕ ਨੱਚੀ ਜਾਣਾ ਚਾਹੁੰਦਾ ਹਾਂ ਜਦੋਂ ਤੱਕ ਬੇਹੋਸ਼ ਨਹੀਂ ਹੋ ਜਾਂਦਾ। ਉਹ ਬੋਲੀ - ਮੈਂ ਕਦੇ ਬੇਹੋਸ਼ ਨਹੀਂ ਹੋਈ। ਉਹ ਮੇਰੀ ਬੇਹੋਸ਼ ਹੋ ਜਾਣ ਵਾਲੀ ਗੱਲ ਸੱਚ ਮੰਨ ਗਈ।

ਮੈਲਕਮ ਬਾਰੇ ਆਪਣੀ ਭੈਣ ਨੂੰ ਖਤ ਵਿਚ ਅੰਮ੍ਰਿਤਾ ਲਿਖਦੀ ਹੈ - ਉਹ ਸ਼ਾਨਦਾਰ ਅੰਗਰੇਜ਼ ਹੈ, ਦਿਲਚਸਪ, ਬੁੱਧੀਵਾਨ, ਦਿਲ-ਖਿੱਚਵਾਂ। ਉਸ ਵਰਗਾ ਅਜੇ ਤੱਕ ਕੋਈ ਨਹੀਂ ਮਿਲਿਆ। ਮੇਰੇ ਬਾਰੇ ਵੀ ਉਹ ਇਹੋ ਕਹਿੰਦਾ ਹੈ। ਚੁਗਲਖੋਰਾਂ ਦੀ ਇਸ ਬੇਰਸ ਭੀੜ ਵਿਚ ਸਾਨੂੰ ਦੋਵਾਂ ਨੂੰ ਮਿਲ ਕੇ ਖੁਸ਼ੀ ਹੁੰਦੀ। ਇਸ ਰੁੱਤ ਵਿਚ ਇਸ ਤੋਂ ਇਲਾਵਾ ਕਈ ਹੋਰ ਦੋਸਤ ਵੀ ਬਣੇ। ਇਨ੍ਹਾਂ ਨੂੰ ਉਹ ਆਪਣੇ ਸ਼ਿਕਾਰ ਦੱਸਦੀ ਹੈ।

ਘਰ ਲਿਜਾ ਕੇ ਉਸਨੇ ਮੈਲਕਮ ਨੂੰ ਆਪਣੀਆਂ ਪੇਂਟਿੰਗਜ਼ ਦਿਖਾਈਆਂ, ਮੈਲਕਮ ਨੂੰ ਦਰਮਿਆਨੀਆਂ ਲੱਗੀਆਂ ਪਰ ਖੁਸ਼ ਕਰਨ ਵਾਸਤੇ ਆਖ ਦਿੱਤਾ - ਤੂੰ ਜੀਨੀਅਸ ਹੈਂ। ਅੰਮ੍ਰਿਤਾ ਖੁਸ਼ ਹੋ ਗਈ, ਇਸੇ ਖੁਸ਼ੀ ਵਿਚ ਉਸਨੇ ਮੈਲਕਮ ਦਾ ਪੋਰਟ੍ਰੇਟ ਚਿਤਰਿਆ ਜਿਹੜਾ ਹੁਣ ਦਿੱਲੀ ਦੀ ਨੈਸ਼ਨਲ ਗੈਲਰੀ ਆਫ ਮਾਡਰਨ ਆਰਟ ਵਿਚ ਪਿਆ ਹੈ। ਮੈਲਕਮ ਨੇ ਲਿਖਿਆ - ਕੈਨਵਸ ਉਪਰ ਉਤਾਰਨ ਵੇਲੇ ਇਉਂ ਲਗਦਾ ਸੀ ਜਿਵੇਂ ਮੇਰਾ ਸ਼ਿਕਾਰ ਕਰਨ ਲੱਗੀ ਹੋਵੇ, ਜਿਵੇਂ ਮੈਨੂੰ ਨਿਗਲ ਜਾਏਗੀ। ਪਸੀਨੋ ਪਸੀਨਾ ਹੋ ਜਾਂਦੀ, ਕੰਮ ਮੁਕਾ ਕੇ, ਥੱਕ ਕੇ, ਕੁਰਸੀ ਤੇ ਡਿਗ ਪੈਂਦੀ। ਇਹ ਸਾਰਾ ਕੁਝ ਜਾਂਗਲੀ ਕਿਸਮ ਦਾ ਲਗਦਾ।

22 ਮਈ 1935 ਦੇ ਦਿਨ ਆਪਣੀ ਡਾਇਰੀ ਦੇ ਪੰਨੇ ਤੇ ਲਿਖਦਾ ਹੈ - ਸਿੱਪੀ ਮੇਲੇ ਤੇ ਮੈਂ ਇਕ ਔਰਤ ਦੇਖੀ, ਅੱਧੀ ਹੰਗੇਰੀਅਨ, ਅੱਧੀ ਭਾਰਤੀ, ਸਾੜ੍ਹੀ ਵਿਚ ਲਿਪਟੀ ਹੋਈ। ਵਾਰਡਨ ਪਾਰਸੀ ਨੇ ਵਾਕਫੀ ਕਰਾਉਂਦਿਆਂ ਕਿਹਾ - ਸੇਸਿਲ ਹੋਟਲ ਵਿਚ ਡਾਂਨਸ ਕੀਤਾ ਜਾਵੇ ? ਮੈਨੂੰ ਜਜ਼ਬਾਤੀ ਉਲਝਣ ਦੀ ਖੁਸ਼ਬੂ ਆਈ। ਮੈਂ ਆਪਣੀ ਪਤਨੀ ਨੂੰ ਲੰਡਨ ਖਤ ਲਿਖਣੇ ਭੁੱਲ ਗਿਆ, ਅਸੀਂ ਸ਼ਰਾਬ ਪੀਂਦੇ ਤੇ ਨੱਚਦੇ, ਮੁੜ ਮਿਲਣ ਦਾ, ਫੋਨ ਕਰਨ ਦਾ ਵਾਅਦਾ ਕਰਕੇ ਵੱਖ ਹੁੰਦੇ। ਪੈਰਿਸ ਤੋਂ ਪੜ੍ਹ ਕੇ ਆਈ ਹੈ। ਗਜ਼ਬ ਹੈ।

6 ਜੂਨ 1935 - ਪਰਸੋਂ ਆਈ, ਇਕੱਠਿਆਂ ਖਾਣਾ ਖਾਧਾ, ਨਾਚ ਗਾਣਾ ਦੇਖਦੇ ਰਹੇ, ਖੁਸ਼ ਸਾਂ। ਕੱਲ੍ਹ *ਸਟੇਟਸਮੈਨ* ਨੂੰ ਅਸਤੀਫਾ ਲਿਖ ਕੇ ਭੇਜ ਦਿੱਤਾ। ਕਦੀ ਕਦੀ ਮੈਂ ਉਸਨੂੰ ਨਫਰਤ ਕਰਨ ਲੱਗ ਜਾਨਾਂ, ਮਿਸਾਲ ਵਜੋਂ ਅੱਜ ਮਿਲਣ ਗਿਆ। ਉਹ ਪ੍ਰਾਪਤ ਹੋਏ ਪ੍ਰੇਮ ਪੱਤਰ ਚਾਉ ਨਾਲ ਪੜ੍ਹ ਰਹੀ ਸੀ, ਕਹਿਣ ਲੱਗੀ- ਅੱਜ ਸਵੇਰ ਵਾਰਡਨ ਨਾਲ ਸੈਰ ਕਰਨ ਗਈ, ਉਹ ਕਹਿਣ ਲੱਗਾ - ਮੈਂ ਤੁਹਾਡੀਆਂ ਉਂਗਲਾਂ ਦੇ ਪੋਟੇ ਚੁੰਮ ਲਵਾਂ? ਮੈਨੂੰ ਉਸਦਾ ਅਜਿਹਾ ਦੰਭੀ, ਹੰਕਾਰੀ, ਵਿਗੜਿਆ ਦਿਖਾਵਾ ਸਹੀ ਨਹੀਂ ਲੱਗਾ। ਲੱਗਾ ਮੈਨੂੰ ਉਲਟੀ ਆ ਜਾਵੇਗੀ।

- ਅਸੀਂ ਗੱਲਾਂ ਕਰਦੇ ਰਹੇ, ਸਮਝੋ ਕਿ ਦਿਖਾਵਾ ਕਰਦੇ ਰਹੇ। ਹਰ ਵਾਰੀ ਪਹਿਲਾਂ ਨਾਲੋਂ ਵਧੀਕ ਦਬਾਅ ਪਾ ਕੇ ਮੇਰੇ ਹੋਂਠ ਚੁੰਮ ਲੈਂਦੀ। ਪਹਾੜੀ ਉਪਰ ਚੜ੍ਹ ਗਏ। ਮੈਂ ਉਸਦਾ ਚਿਹਰਾ ਧਿਆਨ ਨਾਲ ਦੇਖਿਆ, ਜੀਵਨ ਤੋਂ ਸੱਖਣਾ, ਅੱਖਾਂ ਹੇਠ ਦਾਇਰੇ, ਅਤ੍ਰਿਪਤ ਮੂੰਹ। ਆਉਂਦੀ ਹੋਈ ਕਹਿਣ ਲੱਗੀ, ਬੜੀ ਭੁੱਖ ਲੱਗੀ ਹੈ, ਬਹੁਤ ਸਾਰਾ ਖਾਣਾ ਖਾਵਾਂਗੀ। ਦੋ ਤਿੰਨ ਵਾਰ ਮੈਂ ਉਸਦੀਆਂ ਗੱਲਾਂ ਤੇ ਉਚੀ ਉਚੀ ਹੱਸਿਆ, ਫਿਰ ਛੱਡ ਆਇਆ।

ਇਹ ਮੈਲਕਮ ਹੀ ਸੀ ਜਿਸਨੇ ਅੰਮ੍ਰਿਤਾ ਨੂੰ ਦੱਸਿਆ - ਤੂੰ ਨਾਰਸੀਸਿਸਟਿਕ (ਖੁਦ ਨੂੰ ਸਭ ਤੋਂ ਵਧੀਕ ਸੁਹਣਾ ਸਮਝਦਿਆਂ ਆਪਣੇ ਆਪ ਉਪਰ ਮੋਹਿਤ ਹੋ ਜਾਣਾ) ਰੋਗ ਤੋਂ ਪੀੜਿਤ ਹੈਂ। ਮੈਲਕਮ ਉਸਨੂੰ ਇਕ ਪ੍ਰਕਾਰ ਦੀ ਕੁਆਰੀ ਕੁੜੀ ਵੀ ਸਮਝਦਾ ਹੈ ਕਿਉਂਕਿ ਕਿਸੇ ਮਰਦ ਨਾਲ ਮਿਲਾਪ, ਉਸ ਉਪਰ ਕੋਈ ਅਸਰ ਨਹੀਂ ਕਰਦਾ। ਜੀਵਨ ਵਿਚ ਕੋਈ ਆਇਆ ਕਿ ਕੋਈ ਗਿਆ, ਫਰਕ ਨਹੀਂ।

16 ਜੂਨ 1935 - ਪੌਣੇ ਸੱਤ ਵਜੇ ਮੈਂ ਨਹਾ ਲਿਆ, ਜਿਹੋ ਜਿਹੇ ਰੰਗ ਪਸੰਦ ਕਰਦੀ ਸੀ, ਉਸ ਅਨੁਸਾਰ ਪੈਂਟ ਕੋਟ ਪਹਿਨਿਆ, ਟਾਈ ਲਾ ਲਈ। ਹਰੀ ਸਾੜ੍ਹੀ, ਲਾਲ ਸੁਨਹਿਰੀ ਬਾਰਡਰ, ਉਹ ਅੱਠ ਵਜੇ ਆ ਗਈ,

ਆਉਂਦਿਆਂ ਹੀ ਆਪਣੇ ਆਸ਼ਕਾਂ ਦੀਆਂ ਕਹਾਣੀਆਂ ਸੁਣਾਉਣ ਲੱਗੀ, ਐਬਨਾਰਮਲ ਵਿਹਾਰ। ਫਿਰ ਇਕ ਇਕ ਕਰਕੇ ਜ਼ੇਵਰ ਉਤਾਰਨ ਲੱਗੀ, ਫਿਰ ਆਪਣੇ ਕੇਸ ਖੋਲ੍ਹ ਦਿੱਤੇ। ਇਕੋ ਨਾਟਕ ਨੂੰ ਜਿਵੇਂ ਕੋਈ ਵਾਰ ਵਾਰ ਦੇਖਣ ਲੱਗੇ, ਉਹੀ ਚਕਾਚੌਂਧ, ਅਦਭੁਤ ਮਾਹੌਲ, ਦਸ ਵਾਰ ਦੇਖੋ ਜਾਂ ਵੀਹ ਵਾਰ, ਦਿਲ ਲੁਭਾਊ, ਪਰ ਇਕ ਪਲ ਅਜਿਹਾ ਆਏਗਾ ਹੀ ਜਦੋਂ ਤੁਸੀਂ ਆਖੋਗੇ - ਬੱਸ। ਇਕ ਸਮਾਂ ਆਏਗਾ ਜਦੋਂ ਤੁਹਾਨੂੰ ਖਿਝ ਤੇ ਘ੍ਰਿਣਾ ਹੋਵੇਗੀ।

ਕੁਝ ਦਿਨ ਬਾਦ ਲਿਖਿਆ - ਕੱਲ੍ਹ ਰਾਤ ਮੇਰੇ ਸਾਹਮਣੇ ਜਦੋਂ ਸਾੜ੍ਹੀ ਪਹਿਨੀ, ਮੈਂ ਉਸ ਵਿਚ ਨਿਸ਼ਚਿਤ ਪਿਆਰ ਦਾ ਜਜ਼ਬਾ ਦੇਖਿਆ, ਪਹਿਲਾਂ ਅਜਿਹਾ ਕੁਝ ਨਹੀਂ ਦੇਖਿਆ ਸੀ, ਉਹ ਮੇਰੇ ਨੇੜੇ ਆ ਕੇ ਬੈਠ ਗਈ, ਸ਼ਾਂਤ, ਸਿਰ ਝੁਕਾਈ, ਉਦਾਸ।

- ਕੀ ਹੋਇਐ? ਮੈਂ ਪੁਛਿਆ। ਕੋਈ ਉਤਰ ਨਹੀਂ ਦਿੱਤਾ।

- ਲੇਟ ਹੋ ਗਈ ਹਾਂ। ਮੰਮੀ ਪਾਪਾ ਝਿੜਕਣਗੇ। *ਤੂੰ ਮੇਰੇ ਤੋਂ ਥੱਕਣ ਲੱਗ ਗਿਐਂ,* ਇਹ ਵਾਕ ਉਸਨੇ ਕਿਹਾ ਨਹੀਂ, ਪਰ ਚਿਹਰੇ ਉਪਰ ਲਿਖਿਆ ਪੜ੍ਹਿਆ ਜਾ ਸਕਦਾ ਸੀ। ਮੇਰਾ ਮਨ ਦ੍ਰਵ ਗਿਆ। ਇਹ ਅਜਿਹਾ ਮਾਹੌਲ ਹੁੰਦਾ ਹੈ ਜਦੋਂ ਕੁਝ ਲਿਖਣ ਦਾ ਮਨ ਬਣ ਜਾਂਦਾ ਹੈ, ਮੇਰੇ ਵਿਚ ਸਿਰਜਣਾ ਸ਼ਕਤੀ ਉਦੈ ਹੁੰਦੀ ਹੈ ਪਰ ਮੈਂ ਲਿਖਦਾ ਨੀਂ, ਲਿਖਣ ਵਾਸਤੇ ਜਦੋਂ ਕੋਈ ਗੱਲ ਹੈ ਈ ਨਹੀਂ। ਮੈਨੂੰ ਸੋਫੇ ਤੇ ਬਿਠਾ ਕੇ ਮੇਰਾ ਚਿਤਰ ਬਣਾਉਣ ਲੱਗਦੀ, ਪੂਰੇ ਧਿਆਨ ਨਾਲ ਦੇਖਦਾ, ਘਾਤ ਲਾ ਕੇ ਸ਼ਿਕਾਰ ਵੱਲ ਵਧ ਰਹੇ ਸ਼ਿਕਾਰੀ ਜਾਨਵਰ ਵਾਂਗ ਕ੍ਰਿਆਸ਼ੀਲ, ਧਿਆਨ ਕੇਂਦ੍ਰਿਤ, ਕਦੀ ਕਦੀ ਸਾਹ ਤੇਜ਼ ਚੱਲਣ ਲੱਗਦੇ, ਉਪਰਲੇ ਬੁੱਲ੍ਹ ਅਤੇ ਮੱਥੇ ਉਪਰ ਪਸੀਨੇ ਦੀਆਂ ਬੂੰਦਾਂ ਲਿਸ਼ਕਦੀਆਂ। ਜਾਂਗਲੀ ਅਹਿਸਾਸਾਂ ਨੂੰ ਰੰਗਾਂ ਵਿਚ ਰੋੜ੍ਹਦੀ ਤੇਜ਼ ਤੇਜ਼ ਬੁਰਸ਼ ਚਲਾਉਂਦੀ। ਉਸਦਾ ਚਿਹਰਾ ਤਣਾਉ ਵਿਚ ਹੁੰਦਾ, ਉਸ ਦਾ ਚਿਤਰ ਤਣਾਉ ਦਾ ਦ੍ਰਿਸ਼ ਪੇਸ਼ ਕਰਦਾ। ਉਸਦੇ ਚਿਤਰੇ ਭਾਰਤੀ ਮਰਦਾਂ ਔਰਤਾਂ ਦੇ ਚਿਹਰਿਆਂ ਉਪਰ ਜੀਵਨ ਦੀ ਥਾਂ ਮੌਤ ਵਧੀਕ ਛਾਈ ਹੋਈ ਹੈ, ਟੁੱਟ ਭੱਜ। ਖੁਦ ਕਦੀ ਗੁਲਾਬ ਜਲ ਵਾਂਗ ਪਵਿੱਤਰ ਤੇ ਖੁਸ਼, ਨਵਜਨਮੀ ਅਛੂਹ ਰੂਹ, ਕਦੀ ਦ੍ਰਿੜ੍ਹ ਵਿਸ਼ਵਾਸੀ, ਕਦੀ ਚਰਿੱਤਰਹੀਣ, ਇਕਦਮ ਵਲਗਰ। ਲੰਮਾ ਸਮਾਂ ਉਸ ਨਾਲ ਬਿਤਾ ਕੇ ਮੈਨੂੰ ਪਤਾ ਨਾ ਲੱਗਾ ਉਹ ਹੈ ਕੀ। ਕੀ ਉਸ ਵਿਚ ਅਜਿਹਾ ਕੁਝ ਹੈ ਵੀ ਸੀ ਜਿਸ ਬਾਰੇ ਕੋਈ ਜਾਣ ਸਕੇ? ਉਸਨੂੰ ਦੇਖਣ ਸਾਰ ਅਜਬ ਮਾਹੌਲ ਤਣ ਜਾਂਦਾ ਜਿਵੇਂ ਕੱਚਾ ਮਾਸ ਖਾਣ ਦੀ ਸ਼ੌਕੀਨ, ਜਿਵੇਂ ਅੱਗ ਉਪਰੋਂ ਲਾਹ ਕੇ ਉਬਲਦੀ ਤਰੀ ਪੀਣ ਲਈ ਬੇਤਾਬ।

ਸਤੰਬਰ 1935 ਵਿਚ ਉਹ ਵਾਪਸ ਲੰਦਨ ਲਈ ਰਵਾਨਾ ਹੋਇਆ। ਵਿਦਾਇਗੀ ਦੀ ਸ਼ਾਮ ਉਸਨੇ ਇਉਂ ਚਿਤਰੀ ਹੈ - ਉਸਦਾ ਬਾਹਰ ਨਿਕਲਣ ਦਾ ਸਮਾਂ ਨਹੀਂ ਸੀ ਇਹ, ਪਰ ਮੈਨੂੰ ਵਿਦਾ ਕਰਨ ਲਈ ਸਟੇਸ਼ਨ ਵਲ ਦਿਨ ਢਲੇ ਚੱਲ ਪਈ। ਅਸੀਂ ਫਰੈਂਚ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਪਲੇਟਫਾਰਮ ਤੇ ਘੁੰਮਦੇ ਰਹੇ। ਆਖਰ ਇਕ ਨਿਕੀ ਜਿਹੀ ਪਹਾੜੀ ਗੱਡੀ ਦੇ ਇੰਜਣ ਨੇ ਸੀਟੀ ਮਾਰੀ। ਉਸ ਨਾਲ ਬਿਤਾਇਆ ਸਮਾਂ .. ਚੰਗਾ ਵੀ ਸੀ ... ਮਾੜਾ ਵੀ। ਗੱਡੀ ਚੱਲ ਪਈ। ਜਦੋਂ ਤੱਕ ਅੱਖੋਂ ਪਰੋਖੇ ਨਹੀਂ ਹੋਏ ਮੈਂ ਉਸ ਵੱਲ ਉਹ ਮੇਰੇ ਵੱਲ ਦੇਖ ਦੇਖ ਹੱਥ ਹਿਲਾਉਂਦੇ ਹੋਏ ਅਲਵਿਦਾ ਆਖਦੇ ਰਹੇ। ਮੈਨੂੰ ਪਤਾ ਸੀ, ਮੈਂ ਉਸਨੂੰ ਕਦੇ ਨਹੀਂ ਮਿਲਾਂਗਾ, ਮਿਲਣਾ ਚਾਹਾਂਗਾ ਵੀ ਨਹੀਂ। 1941 ਵਿਚ ਪਤਾ ਲੱਗਾ ਕਿ ਉਸਦੀ ਮੌਤ ਹੋ ਗਈ ਹੈ ਅਚਾਨਕ। ਅਜੇ ਥੋੜ੍ਹੀ ਹੀ ਉਮਰ ਸੀ। ਪਿਛੋਂ ਮੈਨੂੰ ਖਬਰ ਮਿਲੀ ਕਿ ਉਸਦੀ ਮਾਂ ਨੇ ਖੁਦਕੁਸ਼ੀ ਕਰ ਲਈ। ਦੋਵਾਂ ਮੌਤਾਂ ਦੀ ਖਬਰ ਨੇ ਮੇਰੇ ਉਪਰ ਕੋਈ ਅਸਰ ਨਹੀਂ ਕੀਤਾ।

1935 ਵਿਚ ਉਸਨੇ *ਪਹਾੜੀ ਮਰਦ* ਅਤੇ *ਪਹਾੜੀ ਔਰਤਾਂ* ਦੋ ਪੇਂਟਿੰਗਜ਼ ਕੀਤੀਆਂ ਜਿਨ੍ਹਾਂ ਦੀ ਚਰਚਾ ਹੋਈ। ਇਨ੍ਹਾਂ ਕ੍ਰਿਤਾਂ ਨੂੰ ਗਰੀਬ ਮਨੁੱਖਾਂ ਦੀ ਸ਼ਾਨ ਦੇ ਪ੍ਰਤੀਕ ਆਖ ਕੇ ਸਤਿਕਾਰਿਆ ਗਿਆ। ਅੰਮ੍ਰਿਤਾ ਦੇ ਆਪਣੇ ਸ਼ਬਦ ਹਨ - ਪੈਰਿਸ ਤੋਂ ਵਾਪਸ ਆਈ ਤਾਂ ਭਾਰਤ ਮੇਰੀ ਆਸ ਤੋਂ ਵੱਖਰੀ ਤਰ੍ਹਾਂ ਦਾ ਦਿਸਿਆ ਤੇ ਸਥਿਰ ਹੋ ਗਿਆ। ਉਦਾਸ ਪਰ ਸੋਹਣੇ ਲੋਕ, ਕਾਲੇ ਰੰਗ, ਪਤਲੇ ਸੁੱਕੇ ਜਿਸਮ ਚੁੱਪ ਚਾਪ ਤੁਰੇ ਜਾ ਰਹੇ ਹਨ ਜਿਵੇਂ ਕਾਗਜ਼ ਉਪਰ ਵਾਹੀਆਂ ਲਕੀਰਾਂ ਤੁਰਨ ਲੱਗ ਜਾਣ, ਅਨੰਤ ਖਾਮੋਸ਼ੀ ਵਿਚ ਘਿਰੇ ਹੋਏ।

1938 ਵਿਚ ਸਰਾਇਆ ਆ ਕੇ ਹੋਰ ਪੇਂਟਿੰਗਜ਼ ਬਣਾਈਆਂ - *ਔਰਤਾਂ, ਤਲਾਬ ਵਿਚ ਨਹਾਉਂਦੇ ਹਾਥੀ* ਅਤੇ *ਲਾਲ ਥਮਲਿਆਂ ਵਾਲਾ ਵਰਾਂਡਾ* ਪ੍ਰਸਿੱਧ ਹੋਈਆਂ। ਉਸਨੂੰ ਪਹਾੜੀ, ਰਾਜਸਥਾਨੀ, ਦੱਖਣੀ ਚਿਹਰਿਆਂ ਦੀ ਬਣਤਰ ਦਿਖਾਉਣੀ ਆਉਂਦੀ ਹੈ। ਮੁਗਲ ਕਲਾ ਅਤੇ ਅਜੰਤਾ ਦੀ ਕਲਾ ਦੀਆਂ ਬਰੀਕੀਆਂ ਦੇ ਭੇਤ ਪਤਾ ਹਨ। ਇਨ੍ਹਾਂ ਕਿਰਤਾਂ ਬਾਰੇ ਦੱਸਦੀ ਹੈ - ਦੇਖ ਕੇ ਤੁਹਾਨੂੰ ਪਤਾ ਲੱਗ ਜਾਵੇਗਾ ਇਹ ਮੇਰੇ ਜੀਵਨ ਦੇ ਖੁਸ਼ ਪਲ ਸਨ। ਦੱਖਣ ਤੋਂ ਵਾਪਸ ਆ ਕੇ *ਦੁਲਹਨ ਦਾ ਸ਼ਿੰਗਾਰ, ਬ੍ਰਹਮਚਾਰੀ, ਬਾਜ਼ਾਰ ਜਾਂਦੇ ਦੱਖਣੀ ਪੇਂਡੂ* ਤਿਆਰ ਕੀਤੀਆਂ ।

ਗੀਤਾ ਨੇ ਲਿਖਿਆ - *ਦੁਲਹਨ ਦਾ ਸ਼ਿੰਗਾਰ* ਪੇਂਟਿੰਗ ਦੇਖੋ। ਔਰਤਾਂ ਦੀ ਗੰਭੀਰਤਾ, ਕੋਈ ਹਾਵ ਭਾਵ ਨਹੀਂ, ਜੇ ਕੋਈ ਪ੍ਰਭਾਵ ਮਿਲਦਾ ਵੀ ਹੈ ਉਹ ਉਦਾਸੀ ਦਾ ਹੈ, ਜਿਵੇਂ ਬਲੀਦਾਨ ਦੇਣ ਵਾਸਤੇ ਤਿਆਰੀ ਹੋ ਰਹੀ ਹੋਵੇ, ਜਸ਼ਨਾਂ ਵਰਗਾ ਬਿਲਕੁਲ ਕੁਝ ਨਹੀਂ, ਰੁਦਨ ਵੀ ਨਹੀਂ, ਪਵਿੱਤਰ ਕੁਰਬਾਨੀ, ਵਿਛੋੜਾ, ਸਮਰਪਣ ਜਿਸ ਵਿਚੋਂ ਮਨੁੱਖਤਾ ਦੀ ਵੇਲ ਅੱਗੇ ਵਧੇਗੀ। ਕੂਕਨੂਸ ਪੰਛੀ ਦਾ ਗੀਤ, ਗੀਤ ਵਿਚੋਂ ਲਾਟਾਂ, ਲਾਟਾਂ ਵਿਚੋਂ ਪੰਛੀ ਦੀ ਰਾਖ, ਰਾਖ ਵਿਚੋਂ ਨਵੇਂ ਕੂਕਨੂਸ ਦਾ ਜਨਮ। (ਮਿੱਥ ਅਨੁਸਾਰ ਇਹ ਪੰਛੀ ਵਡੇਰੀ ਉਮਰ ਵਕਤ ਜੰਗਲ ਵਿਚੋਂ ਸੁੱਕੀਆਂ

ਟਾਹਣੀਆਂ, ਡੱਕੇ ਇਕੱਠੇ ਕਰ ਕਰ ਢੇਰੀ ਬਣਾ ਲੈਂਦਾ ਹੈ। ਉਪਰ ਬੈਠ ਕੇ ਦੀਪਕ ਰਾਗ ਗਾਉਂਦਾ ਹੈ ਤਾਂ ਕੱਖ ਕਾਨਿਆਂ ਨੂੰ ਅੱਗ ਲੱਗ ਜਾਂਦੀ ਹੈ ਜਿਸ ਵਿਚ ਕੁਕਨੂਸ ਜਲ ਜਾਂਦਾ ਹੈ। ਸਾਵਣ ਦੀ ਬਾਰਸ਼ ਜਦੋਂ ਮਲਹਾਰ ਗਾਏਗੀ ਤਾਂ ਸੁਆਹ ਵਿਚੋਂ ਜੁਆਨ ਕੁਕਨੂਸ ਪੈਦਾ ਹੋ ਕੇ ਉਡਣ ਲੱਗੇਗਾ।)

ਅੰਮ੍ਰਿਤਾ ਦੀ ਇਸ ਪੇਂਟਿੰਗ ਨੂੰ ਠੀਕ ਤਰੀਕੇ ਸਮਝਣ ਵਾਸਤੇ ਪ੍ਰੋ. ਪੂਰਨ ਸਿੰਘ ਦਾ ਹਿੰਦੀ ਲੇਖ *ਨਯਨੋਂ ਕੀ ਗੰਗਾ* ਪੜ੍ਹਨਾ ਸਹਾਈ ਰਹੇਗਾ। ਸ਼ਹਿਨਾਈ ਅਤੇ ਸਾਰੰਗੀ ਦੇ ਸੁਰਾਂ ਵਿਚ ਖੁਸ਼ੀ ਹੈ ਕਿ ਉਦਾਸੀ, ਜੀਵਨ ਹੈ ਕਿ ਮੌਤ, ਸਰੋਤਾ ਨਿਖੇੜ ਨਹੀਂ ਸਕਦਾ। ਇਹੀ ਧੀ ਦੀ, ਇਹੋ ਉਸਦੇ ਮਾਪਿਆਂ ਦੀ, ਇਹੋ ਉਸਨੂੰ ਪਿਆਰ ਕਰਨ ਵਾਲੇ ਸਾਰਿਆਂ ਦੀ ਹਾਲਤ ਹੁੰਦੀ ਹੈ।

ਉਸਨੇ ਆਪਣੇ ਆਪ ਨੂੰ ਕਈ ਕੈਨਵਸਾਂ ਤੇ ਚਿਤਰਿਆ। ਇਕ ਵਿਚ ਉਹ ਐਨ ਸਾਹਮਣਿਓਂ ਦਿਖਾਈ ਦੇ ਰਹੀ ਹੈ, ਭਰਵੇਂ ਜਿਸਮ ਵਾਲੀ ਜੁਆਨ ਔਰਤ, ਖੁੱਲ੍ਹੇ ਵਾਲ ਹੇਠ ਤੱਕ ਸਰਕਦੇ ਹੋਏ, ਤਾਂਬੇ ਰੰਗਾ ਚਿਹਰਾ, ਗਲ ਵਿਚ ਮੋਤੀਆਂ ਦਾ ਹਾਰ, ਕਲਾਈਆਂ ਵਿਚ ਚੂੜੀਆਂ, ਕਲਾਕਾਰ ਨਹੀਂ, ਇਕ ਔਰਤ, ਉਸੇ ਤਰ੍ਹਾਂ ਦੀ, ਜਿਵੇਂ ਸੰਸਾਰ ਚਾਹੁੰਦਾ ਹੈ, ਹੋਵੇ। ਸਾਲ 1939, ਜਦੋਂ ਉਸਦੀ ਸ਼ੁਹਰਤ ਸਿਖਰ ਉਪਰ ਸੀ, ਇਹ ਪੇਂਟਿੰਗ ਕੀਤੀ। ਇਸ ਉਪਰ ਪਾਲ ਗੋਗੈਂ ਦਾ ਸਮੁੱਚਾ ਪ੍ਰਭਾਵ ਸਾਫ ਦਿਖਾਈ ਦੇ ਰਿਹਾ ਹੈ। ਦੂਜੀ ਪੇਂਟਿੰਗ 1932 ਦੀ ਹੈ, ਖਿੜਕੀ ਸਾਹਮਣੇ ਆਰਾਮ ਕੁਰਸੀ ਤੇ ਬੈਠੀ ਹੈ, ਗੰਭੀਰ ਮੁਦਰਾ, ਪੂਰਾ ਸਾਦਾ ਲਿਬਾਸ, ਪੇਂਟ ਕਰ ਰਹੀ ਹੈ, ਜਿਸ ਹੱਥ ਵਿਚ ਬਰੱਸ਼ ਫੜਿਆ ਹੋਇਆ ਹੈ ਉਹ ਪੂਰਾ ਮਜ਼ਬੂਤ ਦਿਖਾਈ ਦਿੰਦਾ ਹੈ, ਪ੍ਰਭਾਵ ਇਹ ਕਿ ਕੇਵਲ ਮਨ ਨਹੀਂ, ਕਲਾਕਾਰ ਦਾ ਜਿਸਮ ਵੀ ਮਜ਼ਬੂਤ ਹੋਵੇ। ਇਸ ਸ਼ੈਲੀ ਨੂੰ ਦੇਖਦਿਆਂ ਸਾਨੂੰ ਮਾਈਕਲਏਂਜਲੋ ਦਾ ਬਚਪਨ ਯਾਦ ਆ ਜਾਂਦਾ ਹੈ, ਉਸਤਾਦ ਉਸਨੂੰ ਸਕੈਚ ਬਣਾਉਂਦਿਆਂ ਦੇਖ ਕੇ ਆਖਦਾ ਹੈ - ਤੇਰਾ ਹੱਥ ਮਜ਼ਬੂਤ ਲਗਦੈ ਮਾਈਕਲ। ਮਾਈਕਲਏਂਜਲੋ ਉਤਰ ਦਿੰਦਾ ਹੈ - ਬਰੱਸ਼ ਫੜਨ ਲਈ ਨਹੀਂ ਉਸਤਾਦ, ਇਹ ਹੱਥ ਹਥੌੜੇ ਵਾਸਤੇ ਬਣਿਐ, ਪੱਥਰ ਤ੍ਰਾਸ਼ਣ ਵਾਸਤੇ।

ਅੰਮ੍ਰਿਤਾ ਦੀ ਟੈਕਨੀਕ ਵਿਦੇਸੀ ਹੈ ਪਰ ਇਸ ਵਿਚ ਭਾਰਤੀ ਰੂਹ ਬਿਰਾਜਮਾਨ ਹੈ। ਉਸਨੇ *ਗਰੀਬ ਮਜ਼ਦੂਰ, ਮੰਗਤੀ,* ਚਿੱਤਰ ਬਣਾਏ ਪਰ ਇਨ੍ਹਾਂ ਵਿਚ ਤਰਸ ਜਾਂ ਉਪਭਾਵਕਤਾ ਨਹੀਂ, ਧੀਰਜ ਹੈ, ਸਮਰਪਣ ਹੈ, ਪ੍ਰਾਪੇਗੰਡਾ ਨਹੀਂ, ਪ੍ਰਚਾਰ ਨਹੀਂ। ਭਾਰਤੀ ਫਿਲਮਾਂ ਉਪਰ ਉਸਨੇ 1937 ਵਿਚ ਪੇਪਰ ਪੜ੍ਹਿਆ ਜਿਸ ਵਿਚ ਕਿਹਾ - ਭਾਰਤੀ ਫਿਲਮਕਾਰਾਂ ਨੂੰ ਜਦੋਂ ਘਾਹ ਦੀ ਇਕ ਪੱਤੀ ਵਿਚੋਂ ਸੁੰਦਰਤਾ ਲੱਭ ਪਈ, ਉਹ ਸਫਲ ਹੋ ਜਾਣਗੇ, ਧਰਤੀ ਦੀਆਂ ਉਚਾਣਾਂ ਨੀਵਾਣਾਂ, ਖੇਤ ਵਾਹੁੰਦੇ ਬਲਦਾਂ ਦੀਆਂ ਜੋੜੀਆਂ ਫਿਲਮਾਉਣੀਆਂ ਪੈਣਗੀਆਂ, ਸਟੂਡੀਓ ਦੇ ਨਕਲੀ ਹਲ, ਨਕਲੀ ਬਲਦ ਨਹੀਂ, ਅਸਲ ਤਸਵੀਰਾਂ। ਮੇਰਾ ਕਹਿਣ ਦਾ ਇਹ ਅਰਥ ਨਹੀਂ ਕਿ ਕੇਵਲ ਪੇਂਡੂ ਜੀਵਨ ਫਿਲਮਾਉਣਯੋਗ ਹੈ। ਸਾਡੇ ਕੋਲ ਕਿਸਾਨਾਂ ਤੋਂ ਵੱਖਰੇ ਗੁੰਝਲਦਾਰ ਬੌਧਿਕ ਦਿਮਾਗ ਵੀ ਮੌਜੂਦ ਹਨ, ਜਿਨ੍ਹਾਂ ਦੇ ਸੂਖਮ ਭਾਵਾਂ ਦੀ ਕਿਸੇ ਨੇ ਥਾਹ ਨਹੀਂ ਪਾਈ। ਸਾਡੇ ਪ੍ਰੋਡਿਊਸਰ ਆਰਟ ਦੀ ਖੋਜ ਕਰਨ, ਜਿੱਥੋਂ ਮਿਲੇ ਹਾਸਲ ਕਰਨ। ਦੱਖਣੀ ਭਾਰਤੀ ਇਸਤਰੀਆਂ ਦੀਆਂ ਲਹਿਰਾਉਂਦੀਆਂ ਸਾੜ੍ਹੀਆਂ ਤੇ ਕਿਸਾਨਾਂ ਦੀਆਂ ਸਾਦੀਆਂ ਧੋਤੀਆਂ ਦੇਖਣ, ਧਾਨ ਦੇ ਖੇਤ ਤੇ ਦਿਨ ਛਿਪਦੇ ਦੀ ਧੂੜ ਫਿਲਮਾਉਣ, ਨਿੱਕੀਆਂ ਨਿੱਕੀਆਂ ਵਸਤੂਆਂ ਤੇ ਘਟਨਾਵਾਂ ਦੀ ਸੁੰਦਰਤਾ ਇੰਦਰ ਦੇ ਮਹਿਲਾਂ ਤੋਂ ਕਿਤੇ ਵਧੀਕ ਉਤਮ ਹੈ।

1936 ਵਿਚ ਸਰਾਇਆ ਵਿਖੇ *ਨਿੱਕਾ ਅਛੂਤ* ਅਤੇ *ਬੁੱਢਾ* ਪੇਂਟਿੰਗਜ਼ ਕੀਤੀਆਂ। ਇਹ ਬੁੱਢਾ ਸਰ ਸੁੰਦਰ ਸਿੰਘ ਮਜੀਠੀਆ ਹੈ, ਇਹ ਪੇਂਟਿੰਗ ਸੁੰਦਰ ਸਿੰਘ ਦੇ ਬੇਟੇ ਕਿਰਪਾਲ ਸਿੰਘ ਦੇ ਆਖਣ ਤੇ ਕੀਤੀ। ਪੂਰੀ ਕਰਕੇ ਕਿਹਾ - ਦੇਖ ਇਹ ਕਿੰਨੀ ਸੁਹਣੀ ਹੈ, ਤੂੰ ਕਿਹਾ ਸੀ ਸੁਹਣੀ ਪੇਂਟਿੰਗ ਬਣਾਉਣੀ ਹੈ, ਸੋ ਬਣਾ ਦਿੱਤੀ ਪਰ ਇਸ ਵਿਚਲਾ ਆਰਟ ਕਮਜ਼ੋਰ ਹੈ।

ਦਿੱਲੀ ਅਤੇ ਮੁੰਬਈ ਮਹਾਂਨਗਰ ਉਸਨੂੰ ਚੰਗੇ ਨਹੀਂ ਲੱਗੇ, ਕਿਹਾ - ਨਾ ਇਹ ਪੱਛਮੀ ਹਨ ਨਾ ਪੂਰਬੀ, ਦੋਵੇਂ ਸਭਿਆਚਾਰਾਂ ਦਾ ਮੂੰਹ ਚਿੜਾ ਰਹੇ ਹਨ। ਅੰਮ੍ਰਿਤਾ ਉਚਕੋਟੀ ਪ੍ਰਤਿਭਾ ਦੀ ਮਾਲਕ ਹੈ, ਇਸਦੀ ਪਛਾਣ ਪਰ ਮੁੰਬਈ ਵਿਚ ਹੀ ਹੋਈ। ਨਵੰਬਰ 16, 1936 ਨੂੰ ਬਰਦਾ ਉਕਿਲ ਨੇ ਉਸਨੂੰ ਤਾਜ ਹੋਟਲ ਵਿਚ ਸੱਦਿਆ ਜਿਥੇ ਕਲਾ ਪ੍ਰੇਮੀਆਂ ਅਤੇ ਕਲਾ ਆਲੋਚਕਾਂ ਵਾਸਤੇ 20 ਨਵੰਬਰ ਨੂੰ ਨੁਮਾਇਸ਼ ਲਾਈ। *ਸੰਡੇ ਸਟੈਂਡਰਡ* ਅਖਬਾਰ ਵਿਚ ਕਾਰਲ ਖੰਡਾਲਵਾਲਾ ਨੇ ਵਿਸਤ੍ਰਿਤ ਰਿਪੋਰਟ ਛਾਪੀ, ਜਿਸ ਵਿਚ ਲਿਖਿਆ - ਜਿਨ੍ਹਾਂ ਨੇ ਆਰਟ ਬਾਬਤ ਕੁਝ ਜਾਣਨਾ, ਸਿੱਖਣਾ ਹੈ, ਉਹ ਅੰਮ੍ਰਿਤਾ ਦੀਆਂ ਪੇਂਟਿੰਗਜ਼ ਦੇਖਣ। ਉਹ ਅਕਾਦਮੀ ਦੇ ਸਟੂਡੀਓ ਸਟਾਈਲਾਂ ਅਤੇ ਵਾਦਾਂ ਵਿਵਾਦਾਂ ਤੋਂ ਪਾਰ ਨਿਕਲ ਗਈ ਹੈ। ਉਸਦਾ ਕੰਮ ਰਵਾਇਤ ਤੋਂ ਪਰ੍ਹੇ ਤਾਂ ਹੈ, ਪਰ ਖੁਰਦਬੀਨੀ ਕਿਸਮ ਦਾ ਨਹੀਂ।

ਕਿੱਤੇ ਵੱਜੋਂ ਵਕੀਲ, ਕਾਰਲ ਖੰਡਾਲਵਾਲਾ ਬਾਦ ਵਿੱਚ ਬੰਬਈ ਹਾਈ ਕੋਰਟ ਦਾ ਜੱਜ ਨਿਯੁਕਤ ਹੋਇਆ।

15 ਜਨਵਰੀ 1937 ਨੂੰ ਬੰਬੇ ਆਰਟ ਸੁਸਾਇਟੀ ਨੇ *ਗਰੁੱਪ ਆਫ ਦੀ ਗਰਲਜ਼* ਨੂੰ ਗੋਲਡ ਮੈਡਲ ਦੇ ਕੇ ਸਨਮਾਨਿਆ। *ਟਾਈਮਜ਼ ਆਫ ਇੰਡੀਆ* ਨੇ ਲਿਖਿਆ - ਸਾਫ ਤੇ ਸਾਦੀ ਸ਼ੈਲੀ। ਇਸ ਤੀਖਣ ਬੁੱਧ ਜਵਾਨ ਕੁੜੀ ਦੇ ਰੰਗ ਪ੍ਰਭਾਵੀ ਹਨ ਪਰ ਭਾਰੇ ਨਹੀਂ।

ਬ੍ਰਿਟਿਸ਼ ਆਰਮੀ ਅਫਸਰਾਂ ਨੂੰ ਅਜੰਤਾ ਅਲੋਰਾ ਗੁਫਾਵਾਂ 1819 ਵਿਚ ਲੱਭੀਆਂ ਤੇ ਕਈ ਵਾਰ ਇਨ੍ਹਾਂ ਦੇ ਉਤਾਰੇ ਕਰਵਾਏ ਗਏ। ਸਾਲ 1915 ਵਿਚ ਹੈਦਰਾਬਾਦ ਸਟੇਟ ਦੇ ਪੁਰਾਖੋਜੀ ਵਿਭਾਗ ਵਲੋਂ ਸੱਯਦ ਅਹਿਮਦ ਰਾਹੀਂ ਨਕਲਾਂ ਤਿਆਰ ਕਰਵਾਈਆਂ। ਅੰਮ੍ਰਿਤਾ ਨੇ ਸੱਯਦ ਅਹਿਮਦ ਦੀ ਕਿਤਾਬ ਦੇਖਕੇ ਕਿਹਾ - ਅੱਛਾ, ਇਹ ਹੈ ਅਜੰਤਾ, ਨੀਰਸ ਤੇ ਭਾਰੀ ਪੇਂਟਿੰਗ, ਕਮਜ਼ੋਰ। ਅਹਿਮਦ ਦੀ ਪੇਂਟਿੰਗ, ਬੇਜਾਨ ਹੈ। ਜਦੋਂ ਉਸ ਨੇ ਗੁਫਾਵਾਂ ਦੇਖੀਆਂ ਤਾਂ ਇੰਦਰਾ ਭੈਣ ਨੂੰ ਲਿਖਿਆ - ਅਦਭੁਤ ਥਾਂ, ਇਹੋ ਜਿਹੀ ਖਾਮੋਸ਼ੀ ਹੋਰ ਕਿਧਰੇ ਨਹੀਂ ਦੇਖੀ। ਜਿਸਨੇ ਅਜੰਤਾ ਨਹੀਂ ਦੇਖੀ, ਉਸਨੂੰ ਕੀ ਪਤਾ ਸ਼ਾਂਤੀ ਕੀ ਹੁੰਦੀ ਹੈ। ਪੱਥਰ ਕੱਟ ਕੱਟ ਵਿਰਾਟ ਬੁੱਤ ਤ੍ਰਾਸ਼ੇ ਹੋਏ, ਅਣਗਿਣਤ ਲੜੀਆਂ, ਚਾਨਣ ਏਨਾ ਕੁ ਜਿੰਨੀ ਕੁ ਤਾਰਿਆਂ ਦੀ ਝਿਲਮਿਲ, ਤ੍ਰਾਸ਼ੇ ਪੱਥਰਾਂ ਵਿਚੋਂ ਸਿੰਮਦਾ ਪਾਣੀ, ਗਜ਼ਬ ਦੀ ਕਲਾ, ਗਜ਼ਬ ਦੀ ਉਦਾਸੀਨਤਾ, ਜਿਹੜੇ ਆਖਦੇ ਹਨ *ਬੰਗਾਲ ਸਕੂਲ ਆਫ ਆਰਟ* ਅਜੰਤਾ ਅਲੋਰਾ ਤੋਂ ਪ੍ਰਭਾਵਿਤ ਹੈ, ਗਲਤ ਹਨ। ਅਜੰਤਾ ਗਰੀ ਹੈ ਤੇ ਬੰਗਾਲ ਛਿਲਕਾ। ਧਾਰਮਿਕ ਆਰਟ ਸਮੇਤ ਹਰ ਆਰਟ ਪੈਦਾ ਤਾਂ ਪਦਾਰਥ ਦੇ ਅਚੰਭੇ ਵਿਚੋਂ ਹੁੰਦਾ ਹੈ ਪਰ ਇਹ ਪਦਾਰਥ ਦੀ ਹੱਦ ਤੋਂ ਪਾਰ ਨਿਕਲ ਜਾਂਦਾ ਹੈ। ਰੰਗ ਅਤੇ ਆਕਾਰ ਦੀ ਬਰੀਕੀ ਦੀ ਥਾਹ ਅੱਖ ਦੇ ਅਨੁਭਵ ਬਗੈਰ ਕਿਵੇਂ ਪਾਈ ਜਾ ਸਕਦੀ ਹੈ? ਹੁਣ ਮੈਂ ਸਿੱਖਣਾ ਸ਼ੁਰੂ ਕੀਤਾ ਹੈ, ਮੇਰੇ ਸਮਕਾਲੀ ਚਿਤਰਕਾਰ ਮੇਰੇ ਉਸਤਾਦ ਨਹੀਂ ਹੋ ਸਕਦੇ। ਅਜੰਤਾ ਗੁਫਾਵਾਂ ਦੇ ਘੜਨਹਾਰਿਆਂ ਅੱਗੇ ਸਲਾਮ। ਇਨ੍ਹਾਂ ਦਾ ਮੇਰੇ ਉਪਰ ਅਸਰ ਹੋਇਆ। ਬੇਅੰਤ ਵੱਡੇ ਚਿਤਰਕਾਰ ਅਸਰੰਦਾਜ਼ ਹੋ ਜਾਣ, ਉਨ੍ਹਾਂ ਦਾ ਸਵਾਗਤ। ਜੀਵਨ ਵਿਚ ਪਹਿਲੀ ਵਾਰ ਕੁਝ ਸਿੱਖਣ ਦੀ ਲਾਲਸਾ ਪੈਦਾ ਹੋਈ। ਅਜੰਤਾ ਵਿਚ ਧੜਕਣ, ਸੂਖਮਤਾ ਅਤੇ ਖਾਮੋਸ਼ ਪਿਆਰ ਜਲਵਾਨੁਮਾ ਹੈ। ਇਥੋਂ ਸਿਖਣ ਵਾਸਤੇ ਸਮਾਨ ਮਿਲਦਾ ਹੈ।

ਸ਼ਿਮਲਾ ਆਰਟਸ ਸੋਸਾਇਟੀ ਨੇ ਉਸਨੂੰ ਸਨਮਾਨ ਦੇਣ ਦਾ ਫੈਸਲਾ ਕੀਤਾ ਤਾਂ ਅੰਮ੍ਰਿਤਾ ਨੇ ਠੁਕਰਾ ਦਿੱਤਾ। *ਦ ਹਿੰਦੂ* ਅਖਬਾਰ ਵਿਚ ਉਸਨੇ ਲੇਖ ਲਿਖ ਕੇ ਦੱਸਿਆ ਕਿ ਬੰਗਾਲੀ ਆਰਟਿਸਟ ਬੌਨੇ ਹਨ। ਜਿਹੜੇ ਹਲਕੇ ਢੰਗ ਤਰੀਕੇ ਉਹ ਦਰਸ਼ਕ ਨੂੰ ਕੀਲਣ ਲਈ ਵਰਤਦੇ ਹਨ, ਉਹ ਸਿੱਖਣੇ ਨਹੀਂ ਚਾਹੀਦੇ, ਜਿਨ੍ਹਾਂ ਨੇ ਸਿੱਖ ਲਏ ਉਨ੍ਹਾਂ ਨੂੰ ਇਸਤੇਮਾਲ ਨਹੀਂ ਕਰਨੇ ਚਾਹੀਦੇ। ਗਰੀਬਾਂ, ਮਜ਼ਦੂਰਾਂ ਅਤੇ ਮੰਗਤਿਆਂ ਦੇ ਚਿੱਤਰਾਂ ਵਿਚੋਂ ਆਦਮੀ ਕਿਉਂ ਗਾਇਬ ਹੈ? ਮੈਂ ਪ੍ਰੰਪਰਾਵਾਦੀ ਭਾਰਤੀ ਔਰਤ ਨਹੀਂ ਹਾਂ, ਮੇਰਾ ਜਨਮ, ਪਰਿਵਰਸ਼ ਪੱਛਮ ਦੀ ਹੈ, ਮੇਰੇ ਚਿੱਤਰਾਂ ਵਿਚੋਂ ਤੁਹਾਨੂੰ ਭਾਰਤ ਦਿਸੇਗਾ। ਮੇਰਾ ਜਿਸਮ ਤੇ ਜਿਸਮਾਨੀ ਰੁਚੀਆਂ ਪੱਛਮੀ ਹੋਣ ਦੇ ਬਾਵਜੂਦ ਮੇਰੀ ਰੂਹ ਭਾਰਤੀ ਹੈ। ਤੁਹਾਨੂੰ ਭਾਰਤੀਆਂ ਨੂੰ ਕੀ ਹੋ ਗਿਆ ਹੈ ਪਤਾ ਨਹੀਂ ਲਗਦਾ। ਭਾਵੁਕਤਾ ਛੱਡੋ, ਅਸਲੀਅਤ ਚਿਤਰੋ।

ਉਸਨੇ ਆਪਣੀਆਂ ਕਮੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ, ਲਿਖਿਆ - ਮੈਂ ਪੜ੍ਹਦੀ ਤਾਂ ਰਹੀ ਸਿੱਖਿਆ ਕੁਝ ਨਹੀਂ। ਮੇਰੀ ਮਾਨਸਿਕ ਬਣਤਰ ਅਜੀਬ ਹੈ। ਕੋਈ ਮੇਰੇ ਖਿਆਲਾਂ ਵਿਚ ਦਖਲ ਦਏ ਮੈਂ ਬਰਦਾਸ਼ਤ ਨਹੀਂ ਕਰਦੀ। ਅਧਿਆਪਕ ਦੀ ਦਖਲਅੰਦਾਜ਼ੀ ਵੀ ਨਹੀਂ। ਇਸ ਆਦਤ ਸਦਕਾ ਮੈਨੂੰ ਨੁਕਸਾਨ ਹੋਇਆ।

ਵਾਪਸੀ ਵਕਤ ਬਰਦਾ ਉਕਿਲ ਨਾਲ ਹੈਦਰਾਬਾਦ ਵਿਖੇ ਸਟੇਟ ਗੈਸਟ ਵਜੋਂ ਠਹਿਰੀ, ਉਸਨੂੰ ਨੁਮਾਇਸ਼ ਵਾਸਤੇ ਹਾਲ ਦਿੱਤਾ ਗਿਆ ਤੇ ਪੁਲਸ ਦਾ ਪਹਿਰਾ ਲਾਇਆ। ਇਹ ਥਾਂ ਬਨਜਾਰਾ ਹਿੱਲਜ਼ ਦੇ ਅਮੀਰ ਇਲਾਕੇ ਵਿਚ ਹੈ। ਅੱਠ ਦਸੰਬਰ 1936 ਨੂੰ ਉਦਘਾਟਨ ਮੌਕੇ ਸਰੋਜਨੀ ਨਾਇਡੂ ਪੁੱਜੀ ਤੇ ਪਹਿਲੀ ਮੁਲਾਕਾਤ ਵਿਚ ਹੀ ਦੋਵਾਂ ਵਿਚਕਾਰ ਦੋਸਤੀ ਹੋ ਗਈ। ਦੋ ਪਹਾੜੀ ਬੱਚਿਆਂ ਦੀ ਪੇਂਟਿੰਗ ਢਾਈ ਸੌ ਰੁਪਏ ਵਿਚ ਵਿਕੀ ਜੋ ਸਮੇਂ ਅਨੁਸਾਰ ਚੰਗੀ ਰਕਮ ਸੀ। ਨਾਇਡੂ ਬਾਬਤ ਲਿਖਿਆ - ਪਿਆਰੀ ਔਰਤ ਹੈ, ਖਤਰਨਾਕ ਟਿਪਣੀਆਂ ਦਿੰਦੀ ਹੈ, ਆਪਣੇ ਹੀ ਤਰੀਕੇ ਨਾਲ ਵਿਅੰਗ ਕਰਦੀ ਹੈ, ਕਿਸੇ ਦੀ ਲਿਹਾਜ਼ ਨਹੀਂ ਕਰਦੀ ਪਰ ਬੰਦੇ ਨੂੰ ਬੰਦਾ ਸਮਝਣ ਵਿਚ ਮਾਹਿਰ ਹੈ। ਅੰਮ੍ਰਿਤਾ ਨੇ ਆਪਣੀਆਂ ਕੁਝ ਕਿਰਤਾਂ ਭਾਰਤੀ ਆਰਟ ਗੈਲਰੀ ਵਿਚ ਰੱਖਣ ਵਾਸਤੇ ਦਿੱਤੀਆਂ ਜੋ ਨਵਾਬ ਨੂੰ ਪਸੰਦ ਨਹੀਂ ਆਈਆਂ। ਠੰਢੇ ਪਰ ਸਾਫ ਲਫਜ਼ਾਂ ਵਿਚ ਨਵਾਬ ਨੇ ਕਿਹਾ - ਮੈਨੂੰ ਤੁਹਾਡੇ ਕਿਉਬਿਕ ਤਜਰਬੇ ਪਸੰਦ ਨਹੀਂ। ਦੱਖਣ ਦੇ ਹੋਰ ਮਹਿਲਾਂ ਨੇ ਵੀ ਉਸਦੀ ਕਲਾ ਨੂੰ ਸਰਾਹਿਆ ਨਹੀਂ। ਉਸਨੂੰ ਲੱਗਣ ਲੱਗ ਗਿਆ ਸੀ ਕਿ ਉਸਦੀ ਕਲਾ ਦੇ ਖਰੀਦਦਾਰ ਮਿਲ ਜਾਣਗੇ ਪਰ ਇਥੇ ਤਾਂ ਮੁਫਤ ਵਿਚ ਲੈਣ ਵਾਸਤੇ ਧਨਾਡ ਲੋਕ ਤਿਆਰ ਨਹੀਂ ਸਨ। ਹੋਰ ਪਰੇ ਦੱਖਣ ਦੇ ਮਦੁਰਾਇ ਅਤੇ ਰਾਮੇਸ਼ਵਰਮ ਦੇ ਮਹਾਨ ਮੰਦਰਾਂ ਦੇ ਆਰਟ ਨੇ ਮੋਹਿਤ ਨਹੀਂ ਕੀਤਾ, ਜਿਹੜੇ ਲੋਕ ਮੱਥਾ ਟੇਕਣ ਆ ਰਹੇ ਸਨ ਉਨ੍ਹਾਂ ਨੇ ਆਕਰਸ਼ਿਤ ਕੀਤਾ। ਜਨਵਰੀ 1937 ਵਿਚ ਆਪਣੀ ਭੈਣ ਨੂੰ ਖਤ ਵਿਚ ਲਿਖਿਆ - ਲੋਕਾਂ ਦੇ ਲਿਬਾਸ ਵਿਚ ਬੇਸ਼ੱਕ ਸਫੈਦ ਰੰਗ ਪ੍ਰਧਾਨ ਹੈ ਪਰ ਹੋਰ ਤਿੱਖੇ ਰੰਗਾਂ ਦੀ ਕੋਈ ਘਾਟ ਨਹੀਂ, ਖਾਸ ਕਰਕੇ ਔਰਤਾਂ ਦੇ ਪਹਿਰਾਵੇ ਵਿਚ। ਮਰਦ, ਔਰਤਾਂ, ਬੱਚੇ ਅਸਾਧਾਰਨ ਸੁੰਦਰ ਹਨ। ਔਰਤਾਂ ਚੋਲੀ ਅਤੇ ਧੋਤੀ ਪਹਿਨਦੀਆਂ ਹਨ, ਵਿਚਕਾਰਲਾ ਹਿੱਸਾ ਨੰਗਾ ਰਹਿੰਦਾ ਹੈ। ਵਾਲਾਂ ਨੂੰ ਸ਼ਿੰਗਾਰਨ ਦਾ ਤਰੀਕਾ ਗਜ਼ਬ, ਕਲਿੱਪ ਲਾਉਣ ਤੋਂ ਬਗੈਰ ਸਾਰੇ ਵਾਲ ਸੰਭਾਲੇ ਹੋਏ, ਲੰਬੇ ਲੰਬੇ। ਆਦਮੀ ਕੇਵਲ ਲੱਕ ਦੁਆਲੇ ਧੋਤੀ ਪਹਿਨਦੇ ਹਨ, ਹੋਰ ਕੁਝ ਨਹੀਂ। ਮੰਦਰ ਵਿਚ ਆਉਣ ਵੇਲੇ ਸਫੈਦ ਲਿਬਾਸ ਪ੍ਰਧਾਨ ਹੈ। ਹਿਸਾਬ ਲਾ ਜਰਾ, ਆਲੇ ਦੁਆਲੇ ਗੂੜ੍ਹੀ ਹਰਿਆਲੀ, ਖੋਪੇ, ਕੇਲੇ ਦੇ ਲੰਮ ਸਲੰਮੇ ਰੁੱਖ, ਸਾਰੇ ਵੱਡੇ ਵੱਡੇ ਪੱਤਿਆਂ ਵਾਲੇ, ਸਾਰੇ ਉਹੋ ਦਰਖਤ ਜਿਹੜੇ ਅਜੰਤਾ ਦੇ ਆਰਟ ਵਿਚ ਮੌਜੂਦ ਹਨ, ਧਰਤੀ ਉਪਰ ਖਲੋਤੇ ਝੂਮ ਰਹੇ ਹਨ।

www.punjabilibrary.com

ਭਾਰਤ ਦੇ ਸਭ ਤੋਂ ਅਮੀਰ ਨਵਾਬ ਸਲਾਰਜੰਗ ਨੇ ਆਪਣਾ ਅਜਾਇਬ ਘਰ ਦਿਖਾਇਆ।ਬਾਕੀ ਲੋਕਾਂ ਨੇ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਉਸਨੇ ਅੰਮ੍ਰਿਤਾ ਦੀ ਰਾਇ ਮੰਗੀ, ਬੋਲੀ - ਅੱਛੇ ਸੁਹਜ ਸੁਆਦ ਵਾਲਾ ਬੰਦਾ ਲੇਟਨਜ਼, ਬੁਗਰਾਨਜ਼, ਵੱਤਸ ਕਿਉਂ ਖਰੀਦੇ ਜਦੋਂ ਕਿ ਸੇਜ਼ਾਨ, ਵਾਨਗਾਗ, ਗੋਗੈਂ ਮਾਰਕੀਟ ਵਿਚ ਆ ਗਏ ਹੋਣ ? ਮੈਂ ਮਾੜੇ ਨੂੰ ਵਧੀਆ ਨਹੀਂ ਕਹਿ ਸਕਦੀ ਨਿਜ਼ਾਮ ਸਾਹਿਬ।

ਇਥੋਂ ਬਰਦਾ ਉਕਿਲ ਨਾਲ ਮਦੁਰਾਇ ਅਤੇ ਰਾਮੇਸ਼ਵਰਮ ਗਈ, ਦੋ ਦਿਨ ਘੁੰਮ ਫਿਰ ਕੇ ਮੰਦਰ ਦੇਖੇ, ਲਿਖਿਆ - 1500 ਈਸਵੀ ਦੇ ਬਣੇ ਇਹ ਧਾਰਮਿਕ ਸਥਾਨ ਭਾਰਤੀ ਇਮਾਰਤ ਉਸਾਰੀ ਕਲਾ ਦਾ ਨਮੂਨਾ ਹਨ। ਮੰਦਰਾਂ ਵਿਚ ਜਾਂਦੇ ਹਜ਼ਾਰਾਂ ਯਾਤਰੂ ਹੋਰ ਵੀ ਆਕਰਸ਼ਿਤ ਕਰਦੇ ਹਨ, ਮਰਦ ਔਰਤਾਂ ਸਫੈਦ ਲਿਬਾਸ ਵਿਚ। ਦੱਖਣ ਦੇਖ ਲੈਣ ਤੋਂ ਬਾਦ ਕੋਈ ਸ਼ਿਮਲੇ ਜਾਂ ਉਤਰੀ ਭਾਰਤ ਵਿਚ ਕਿਵੇਂ ਰਹਿ ਸਕਦਾ ਹੈ? ਦੱਖਣ ਵਿਚ ਯੋਰਪੀਅਨ ਨਹੀਂ ਹਨ, ਚੰਗਾ ਹੋਇਆ, ਹਲਕੀ ਸਭਿਅਤਾ ਦਾ ਦਿਖਾਵਾ ਇਧਰ ਨਹੀਂ ਆਇਆ, ਭੈੜੇ ਪ੍ਰਿੰਟ ਅਤੇ ਭੈੜੇ ਬੂਟ, ਸੈਂਡਲ ਨਹੀਂ। ਹੱਥੀਂ ਕਢਾਈ ਕੀਤੀਆਂ ਗਜ਼ਬ ਦੀਆਂ ਦੇਸੀ ਸਾੜ੍ਹੀਆਂ, ਦੇਸੀ ਜੁੱਤੀਆਂ। ਇਨ੍ਹਾਂ ਦਾ ਕੱਥਾਕਲੀ ਡਾਂਸ ਦੇਖੋ, ਇਕੋ ਵਕਤ ਸੂਖਮ ਅਤੇ ਤਾਕਤਵਰ।

ਦੱਖਣ ਦੇ ਦੌਰੇ ਪਿਛੋਂ ਉਸਦੀਆਂ ਪੇਂਟਿੰਗਾਂ ਵਿਚ ਹਰਾ ਰੰਗ ਵਧੀਕ ਹੋ ਗਿਆ, ਪਾਮ ਦੇ ਪੱਤੇ ਦਿਖਾਈ ਦੇਣ ਲੱਗੇ। ਪਦਮਨਾਭਪੁਰਮ ਮਹਿਲ, ਮੱਤਨਚੇਰੀ ਮਹਿਲ, ਕੋਚੀਨ ਦਾ ਕਿਲਾ ਦੇਖੇ। ਇਨ੍ਹਾਂ ਥਾਵਾਂ ਦੇ ਆਰਟ ਦਾ ਵਧੀਕ ਲੋਕਾਂ ਨੂੰ ਉਦੋਂ ਪਤਾ ਨਹੀਂ ਸੀ। ਕੰਨਿਆ ਕੁਮਾਰੀ ਤੱਕ ਪੁੱਜੀ। ਗਾਂਧੀ ਜੀ ਦੀਆਂ ਪ੍ਰਾਰਥਨਾ ਸਭਾਵਾਂ ਵਿਚ ਲੋਕਾਂ ਦੀ ਵੱਡੀ ਗਿਣਤੀ ਅਤੇ ਉਤਸ਼ਾਹ ਦੇਖਿਆ, ਇਕ ਪ੍ਰਾਰਥਨਾ ਸਭਾ ਦੀ ਪੇਂਟਿੰਗ ਤਿਆਰ ਕੀਤੀ। ਇਥੇ ਉਸਦੀ ਕਿਰਤ *ਕੇਲੇ ਵੇਚਣ ਵਾਲੇ* ਬਣੀ ਤੇ ਮਕਬੂਲ ਹੋਈ। ਗੁਲਾਬੀ ਜ਼ਮੀਨ ਉਪਰ ਗੋਲ ਚਿਹਰਿਆਂ ਵਾਲੇ ਦੱਖਣੀ ਭਾਰਤੀ ਸੁਹਣੇ ਚਿਤਰੇ ਹਨ। ਪਿਛੋਕੜ ਕੇਲੇ ਦੇ ਦਰਖਤਾਂ ਦਾ, ਕੇਲੇ ਦੇ ਲਾਲ ਫੁੱਲਾਂ ਦੀ ਭਾਅ ਨਾਲ ਰੰਗੀ ਧਰਤੀ, ਕੇਲੇ ਦੇ ਨਰਮ ਹਰੇ ਪੱਤਿਆਂ ਦੀ ਭਾਅ ਵਿਚ ਰੰਗੇ ਕੇਲੇ ਦੇ ਫਲ, ਵੇਚਣ ਵਾਲੀਆਂ ਔਰਤਾਂ, ਖਰੀਦਾਰ ਗਾਹਕ, ਰੰਗਾਂ ਦਾ ਸੰਪੂਰਨ ਮੇਲਾ ਪਰ ਇਕ ਯੂਨਿਟ ਦੇ ਰੂਪ ਵਿਚ। ਜਿਸਮ ਪੱਕੇ ਕਣਕਵੰਨੇ ਰੰਗਾਂ ਦੇ, ਅੱਖਾਂ, ਗਾਹਕਾਂ ਦੀ ਉਡੀਕ ਵਿਚ ਸਫੈਦ ਅੱਖਾਂ ਵਿਛਾਈ ਇਉਂ ਬੈਠੀਆਂ ਹਨ ਜਿਵੇਂ ਕਿਸੇ ਕਰਾਮਾਤ ਦੀ ਉਡੀਕ ਹੋ ਰਹੀ ਹੋਵੇ। ਆਮ ਨੂੰ ਖਾਸ ਬਣਾ ਦੇਣ ਦਾ ਹੁਨਰ ਪੈਦਾ ਹੋ ਚੁੱਕਾ ਹੈ। ਹੱਥ ਵਿਚ ਕੇਵਲ ਇਕ ਫੁੱਲ ਫੜ ਕੇ ਖਲੋਤੀ ਕੁੜੀ ਵਿਸਮਾਦਿਤ ਕਰ ਸਕਦੀ ਹੈ।

ਕੋਚੀਨ ਤੋਂ ਇੰਦਰਾ ਨੂੰ ਲਿਖਿਆ - ਸਵੇਰ ਤੋਂ ਸ਼ਾਮ ਤੱਕ ਉਜੜੇ ਮਹਿਲ ਵਿਚ ਸਮਾਂ ਬਿਤਾਉਂਦੀ ਹਾਂ। ਕੁਝ ਅਜਿਹੀਆਂ ਗਜ਼ਬ ਦੀਆਂ ਪੇਂਟਿੰਗਜ਼ ਹਨ ਜਿਨ੍ਹਾਂ ਉਪਰ ਅਜੇ ਕਿਸੇ ਦੀ ਨਿਗਾਹ ਨਹੀਂ ਪਈ। ਸੰਭਾਲ ਦੀ ਘਾਟ ਕਾਰਨ ਖਰਾਬ ਹੋ ਰਹੀਆਂ ਹਨ। ਅਸ਼ਲੀਲ ਕਹਿ ਕੇ ਵੀ ਇਨ੍ਹਾਂ ਨੂੰ ਖਤਮ ਕੀਤਾ ਜਾ ਸਕਦਾ ਹੈ। ਪਸ਼ੂ ਪੰਛੀ ਕਾਮ ਕ੍ਰੀੜਾ ਕਰਦੇ ਚਿਤਰੇ ਹਨ। ਆਦਮੀ ਔਰਤਾਂ ਦੇ ਪ੍ਰੇਮ ਚਿਤਰ ਹਨ, ਕਾਮ ਕ੍ਰੀੜਾ ਨਹੀਂ। ਆਦਮ-ਕੱਦ ਚਿਤਰ ਵੀ ਹਨ, ਛੋਟੇ ਵੀ। ਪੂਰੀਆਂ ਕੰਧਾਂ ਪੇਂਟ ਕੀਤੀਆਂ ਹੋਈਆਂ, ਜਿਵੇਂ ਵੱਡੀਆਂ ਵੱਡੀਆਂ ਦਰੀਆਂ ਕੰਧਾਂ ਉਪਰ ਚਿਪਕਾਈਆਂ ਹੋਣ।

- ਗੁੰਝਲਦਾਰ ਡਿਜ਼ਾਈਨ ਹਨ ਪਰ ਚਿਹਰੇ ਪੂਰੇ ਸਾਦੇ, ਆਦਿਵਾਸੀ, ਇਨ੍ਹਾਂ ਦੀ ਮਹਾਨਤਾ ਦਾ ਉਦੋਂ ਪਤਾ ਲਗਦਾ ਹੈ ਜਦੋਂ ਤੁਸੀਂ ਇਨ੍ਹਾਂ ਦੀ ਨਕਲ ਕਰ ਰਹੇ ਹੋਵੋ। ਮੈਂ ਤਿੰਨ ਦਿਨਾਂ ਤੋਂ ਇਹੀ ਕਰ ਰਹੀ ਹਾਂ। ਇਨ੍ਹਾ ਲੋਕਾਂ ਨੂੰ ਆਕਾਰਾਂ ਦੀ, ਬਣਤਰ ਦੀ ਕਿੰਨੀ ਡੂੰਘੀ ਸਮਝ ਸੀ। ਅਜੰਤਾ ਦੇ ਚਿਤਰਾਂ ਵਿਚ ਜਿਸਮ ਪਤਲੇ ਹਨ, ਪਰ ਇਨ੍ਹਾਂ ਦੇ ਜਿਸਮ ਸੁਡੌਲ, ਗਦਰਾਏ, ਭਾਰੇ। ਪੇਂਟਿੰਗ ਅਜੰਤਾ ਦੀ ਵਧੀਆ ਹੈ ਪਰ ਬੁਤਤ੍ਰਾਸ਼ੀ ਕੋਚੀਨ ਦੀ ਉੱਤਮ। ਹਰ ਅੰਗ, ਹਰ ਗਹਿਣਾ ਸੰਪੂਰਨ। ਜੇ ਧਿਆਨ ਨਾ ਦਿਤਾ ਗਿਆ, ਸਭ ਖਤਮ ਹੋ ਜਾਏਗਾ। ਇਨ੍ਹਾਂ ਦੀਆਂ ਤਾਂ ਫੋਟੋਆਂ ਤਕ ਨਹੀਂ ਲਈਆਂ ਗਈਆਂ।

ਵਾਪਸ ਸ਼ਿਮਲੇ ਆ ਕੇ ਉਸਨੇ ਨਵੀਂ ਤਾਕਤ ਅਤੇ ਨਵੇਂ ਅਨੁਭਵ ਨਾਲ ਚਿਤਰਕਾਰੀ ਸ਼ੁਰੂ ਕਰ ਦਿੱਤੀ। ਦੱਖਣ ਅਤੇ ਬੰਬਈ ਤੋਂ ਉਹ ਸੈਂਕੜੇ ਰੰਗ ਬਰੰਗੀਆਂ ਸਾੜ੍ਹੀਆਂ ਖਰੀਦ ਕੇ ਲਿਆਈ ਸੀ। ਆਪਣੇ ਪਹਾੜੀਏ ਪਹਾੜਨਾ ਨੌਕਰਾਂ ਨੂੰ ਪਹਿਨਾ ਕੇ ਮਾਡਲਾਂ ਵਜੋਂ ਬਿਠਾ ਲੈਂਦੀ। ਸਾਲ 1937 ਵਿਚ ਉਸਨੇ ਬਹੁਤ ਕੰਮ ਕੀਤਾ। ਇਨ੍ਹਾਂ ਦਿਨਾਂ ਵਿਚ ਵਾਨਗਾਗ ਵਲੋਂ ਆਪਣੇ ਭਰਾ ਥੀਓ ਨੂੰ ਲਿਖੇ ਖਤ ਪੜ੍ਹੇ, ਕਾਰਲ ਨੂੰ ਲਿਖਿਆ - ਕੀ ਉਸਦੀ ਉਹ ਤਸਵੀਰ ਦੇਖੀ ਹੈ ਜਿਸ ਵਿਚ ਖੇਤ ਉਪਰ ਉਡਦੇ ਕਾਂ ਚਿਤਰੇ ਹਨ? ਇਹ ਤਸਵੀਰ ਮੇਰੇ ਅੰਦਰ ਹਿੰਸਕ ਭਾਵਨਾ ਪੈਦਾ ਕਰਦੀ ਹੈ, ਆਤਮਕ ਬੇਚੈਨੀ।ਮੈਨੂੰ ਗੋਗੈਂ ਵਧੀਕ ਪ੍ਰਭਾਵਿਤ ਕਰਦਾ ਰਿਹਾ, ਹੁਣ ਲਗਦੈ ਕਿ ਵਾਨਗਾਗ ਵੱਡਾ ਹੈ।ਥੀਓ ਨੂੰ ਲਿਖੇ ਖਤ ਕਿੰਨੇ ਸ਼ਾਨਦਾਰ ਹਨ। ਉਸਦਾ ਚਰਿਤ੍ਰ ਉਸ ਦੀਆਂ ਕ੍ਰਿਤਾਂ ਵਿਚ ਸਾਫ ਦਿਸ ਰਿਹੈ। ਵਾਨਗਾਗ ਅਸਾਧਾਰਣ ਤੋਂ ਵੀ ਕੁਝ ਵਧੀਕ ਹੈ।

*ਦੁਲਹਨ ਦਾ ਸ਼ਿੰਗਾਰ* ਅਤੇ *ਬ੍ਰਹਮਚਾਰੀ* ਕ੍ਰਿਤਾਂ ਉਪਰ ਦੱਖਣੀ ਭਾਰਤ ਅਤੇ ਵਾਨਗਾਗ ਦੋਵਾਂ ਦਾ ਪ੍ਰਭਾਵ ਦਿਸਦਾ ਹੈ, ਗੇਰੂਏ ਰੰਗ ਦੀ ਧਰਤੀ, ਦਿਨ ਢਲੇ ਦੀ ਚੁੰਧਿਆਂਉਂਦੀ ਧੁੱਪ ਵਰਗੇ ਚਿੱਟੇ ਲਿਬਾਸ।

ਉਮਰਾਓ ਸਿੰਘ ਅਨੁਸਾਰ – ਭਾਰਤ ਵਾਪਸ ਆ ਕੇ ਅਸੀਂ ਆਪਣੀ ਪੁਰਾਣੀ ਹਵੇਲੀ ਵਿਚ ਪੁੱਜੇ ਜਿਸ ਦੀਆਂ ਕੰਧਾਂ ਇਕ ਸਦੀ ਪਹਿਲਾਂ ਦੇ ਚਿਤਰਾਂ ਨਾਲ ਸਜੀਆਂ ਹੋਈਆਂ ਸਨ। ਅੰਮ੍ਰਿਤਾ ਨੇ ਕਿਹਾ – ਬਚਪਨ ਵਿਚ ਮੈਨੂੰ ਇਹ ਕੰਧ ਚਿਤਰ ਚੰਗੇ ਲਗਦੇ ਹੁੰਦੇ ਸਨ, ਉਦੋਂ ਮੈਂ ਅਕਾਦਮਿਕ ਡ੍ਰਾਇੰਗ ਨਾ ਜਾਣਨ ਸਦਕਾ ਇਨ੍ਹਾਂ ਦੀ ਬਣਤਰ ਦੇ ਨੁਕਸ ਨਹੀਂ ਜਾਣਦੀ ਸਾਂ। ਹੁਣ ਉਹ ਇਨ੍ਹਾਂ ਦੀ ਨਕਲ ਉਤਾਰਨ ਲਈ ਤਿਆਰ ਨਹੀਂ ਹੋਈ। ਅੰਮ੍ਰਿਤਾ ਨੇ ਇਕ ਦਿਨ ਦੱਸਿਆ ਕਿ ਅਜੰਤਾ ਦੀ ਇਕ ਪੇਂਟਿੰਗ ਸਾਹਮਣੇ ਘੰਟਾ ਭਰ ਖਲੋਤੀ ਰਹੀ। ਕਿਸੇ ਨੇ ਪੁੱਛ ਲਿਆ – ਇਸ ਵਿਚ ਕੀ ਵਧੀਆ ਹੈ? ਉਤਰ ਦਿੱਤਾ – ਪੈਰਾਂ ਦਾ ਇਕ ਜੋੜਾ ਇਸ ਪੇਂਟਿੰਗ ਵਿਚੋਂ ਨਿਕਲ ਕੇ ਬਾਹਰ ਤੁਰਦਾ ਜਾਂਦਾ ਦਿਖਾਈ ਦਿੰਦਾ ਹੈ।

ਦਿਨ ਬ ਦਿਨ ਉਸਦੀ ਲੋਕਪ੍ਰਿਅਤਾ ਵਧਦੀ ਗਈ। ਨੁਮਾਇਸ਼ ਦਰ ਨੁਮਾਇਸ਼ ਲਗਦੀ। ਆਧੁਨਿਕ ਚਿਤਰਾਂ ਨੂੰ ਖਰੀਦਣ ਲਈ ਅਜੇ ਲੋਕ ਤਿਆਰ ਨਹੀਂ ਸਨ। ਅਮੀਰਾਂ ਨੂੰ ਸਮਝ ਨਹੀਂ ਸੀ, ਸਮਝਦਾਰਾਂ ਕੋਲ ਪੈਸੇ ਨਹੀਂ ਸਨ। ਅੰਮ੍ਰਿਤਾ ਏਸ ਗੱਲੋਂ ਸੰਤੁਸ਼ਟ ਸੀ ਕਿ ਉਸਦੀ ਕਲਾ ਨੂੰ ਰਬਿੰਦਰਨਾਥ ਟੈਗੋਰ ਅਤੇ ਜੈਮਿਨੀ ਰੋਇ ਦੇ ਬਰਾਬਰ ਜਾਣਿਆਂ ਜਾ ਰਿਹਾ ਹੈ। ਖੁਦ ਨੂੰ ਵੀ ਉਸਨੂੰ ਇਹੋ ਦੋ ਚੰਗੇ ਲਗਦੇ ਸਨ।

ਦੱਖਣ ਤੋਂ ਵਾਪਸੀ ਵੇਲੇ ਬਰਦਾ ਉਕੀਲ ਨਾਲ ਕੁਝ ਦਿਨ ਅਲਾਹਬਾਦ ਰਹੀ। ਅਲਾਹਬਾਦ ਯੂਨੀਵਰਸਿਟੀ ਦੇ ਪ੍ਰੋਫੈਸਰ ਆਰ.ਸੀ. ਟੰਡਨ ਅਤੇ ਅਮਰਨਾਥ ਝਾਅ, ਡੀਨ ਆਰਟ ਫੈਕਲਟੀ ਨੇ *ਰੋਰਿਖ ਇੰਸਟੀਚਿਊਟ ਆਫ ਆਰਟ ਐਂਡ ਕਲਚਰ* ਵਿਚ ਅੰਮ੍ਰਿਤਾ ਦੀ ਨੁਮਾਇਸ਼ ਦਾ ਪ੍ਰਬੰਧ ਕੀਤਾ। ਫਰਵਰੀ 2, 1937 ਦੀ ਇਸ ਨੁਮਾਇਸ਼ ਬਾਰੇ ਇੰਦਰਾ ਨੂੰ ਲਿਖਿਆ, ਵੱਡੇ ਹਾਲ ਵਿਚ ਪੰਜ ਸੌ ਬੰਦੇ ਬੈਠੇ, ਉਚੇ ਮੰਚ ਉਪਰ ਮੈਂ, ਸਾਰੀਆਂ ਨਜ਼ਰਾਂ ਦਾ ਕੇਂਦਰ। ਮੈਂ ਬਿਲਕੁਲ ਮੂਰਖ ਲੱਗ ਰਹੀ ਸਾਂ। ਪ੍ਰੋ. ਝਾਅ ਨੇ ਮੇਰੇ ਆਰਟ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿੱਤੇ। ਮੈਂ ਭੀੜ ਦਾ ਇਕ ਹਿੱਸਾ ਬਣ ਕੇ ਆਰਾਮ ਵਿਚ ਰਹਿੰਦੀ ਹਾਂ। ਇੰਨੇ ਲੋਕ ਤੁਹਾਡੇ ਵੱਲ ਦੇਖੀ ਜਾਣ, ਮੂਰਖ ਤਾਂ ਲੱਗਣਾ ਹੀ ਹੋਇਆ। ਦੋ ਤਿੰਨ ਵਾਰ ਮੈਂ ਉਨ੍ਹਾਂ ਮੌਕਿਆਂ ਤੇ ਉਚੀ ਉਚੀ ਹੱਸ ਪਈ ਜਿਥੇ ਹੱਸਣਾ ਨਹੀਂ ਚਾਹੀਦਾ ਸੀ। ਉਹ ਮੇਰੀਆਂ ਕ੍ਰਿਤਾਂ ਵਿਚਲੇ ਦੁਖਾਂਤ, ਸੰਕਟ, ਉਦਾਸ ਸ਼ੈਲੀ ਆਦਿਕ ਬਾਰੇ ਦੱਸ ਰਿਹਾ ਸੀ ਜੋ ਮੇਰੀਆਂ ਕ੍ਰਿਤਾਂ ਦੀ ਪਿੱਠਭੂਮੀ ਵਿਚ ਹਨ। ਡੀਨ ਲੰਮਾਂ ਸਮਾਂ ਮੇਰੇ ਚਿੱਤਰ *ਨਿਕਾ-ਅਛੂਤ* ਉਪਰ ਬੋਲ ਬੋਲ ਆਖਦਾ ਰਿਹਾ ਕਿ ਇਸ ਪੇਂਟਿੰਗ ਦਾ ਹਰੇਕ ਹਿੱਸਾ ਬਰੀਕੀ ਨਾਲ ਦੇਖਣਾ। ਇਹ ਚਿਤਰ ਇਥੇ ਨੁਮਾਇਸ਼ ਵਿਚ ਹੈ ਈ ਨਹੀਂ ਸੀ।

ਆਟੋਗ੍ਰਾਫ ਲਏ ਗਏ, ਪ੍ਰੈਸ ਨੇ ਇੰਟਰਵਿਊ ਲਈ, ਅੰਮ੍ਰਿਤਾ ਇਸ ਨਤੀਜੇ ਤੇ ਪੁੱਜੀ ਕਿ ਉਸ ਦੀ ਕਲਾ ਬਾਰੇ ਕਿਸੇ ਨੂੰ ਉੜੇ ਆੜੇ ਦਾ ਪਤਾ ਨਹੀਂ, ਕੋਈ ਇਸ ਗੱਲੋਂ ਪ੍ਰਸੰਸਾ ਕਰ ਰਿਹਾ ਸੀ ਕਿ ਅੰਮ੍ਰਿਤਾ ਨੇ ਭਾਰਤ ਦੀ ਗਰੀਬੀ, ਲਾਚਾਰੀ ਦਾ ਬਾਖੂਬ ਸੌਂਦਰਯ ਪੇਸ਼ ਕੀਤਾ ਹੈ, ਕੁਝ ਕਹਿ ਰਹੇ ਸਨ ਕਿ ਇਨ੍ਹਾਂ ਚੀਜ਼ਾਂ ਤੋਂ ਬਿਨਾਂ ਉਸਨੂੰ ਕੁਝ ਵਧੀਆ ਚੀਜ਼ਾਂ ਕਿਉਂ ਨਹੀਂ ਦਿਸਦੀਆਂ?

ਅਲਾਹਬਾਦ ਤੋਂ ਉਸਦੀ ਕਲਾ ਦੇ ਪ੍ਰੇਮੀ ਦਾ ਖਤ ਆਇਆ – ਕਈ ਮਹੀਨੇ ਪਹਿਲਾਂ ਤੁਹਾਡੇ ਬਾਰੇ *ਇਲੱਸਟਰੇਟਡ ਵੀਕਲੀ* ਵਿਚ ਪੜ੍ਹਿਆ ਸੀ, ਹੁਣ ਬਰਦਾ ਉਕੀਲ ਅਤੇ ਈਲਾ ਸੇਨ ਦੀਆਂ ਤੁਹਾਡੇ ਬਾਰੇ ਲਿਖਤਾਂ ਪੜ੍ਹੀਆਂ ਹਨ। ਮੇਰੀ ਇਛਾ ਹੈ ਮੈਂ ਹਿੰਦੀ ਜਗਤ ਨੂੰ ਤੁਹਾਡੇ ਬਾਰੇ ਜਾਣੂ ਕਰਵਾਵਾਂ। ਕਿਰਪਾ ਕਰਕੇ ਮੇਰੀ ਮਦਦ ਕਰੋ। ਜਿਹੜੇ ਤੁਹਾਡੀਆਂ ਕ੍ਰਿਤਾਂ ਨੂੰ ਭੱਦੀਆਂ ਕਹਿੰਦੇ ਹਨ, ਮੈਂ ਉਨ੍ਹਾਂ ਨਾਲ ਸਹਿਮਤ ਨਹੀਂ। ਪਰ ਮੈਂ ਹੈਰਾਨ ਹਾਂ ਕਿ ਤੁਸੀਂ ਅਜਿਹੇ ਸੰਕਟ ਦਾ ਵਾਤਾਵਰਣ ਕਿਉਂ ਪੈਦਾ ਕਰਦੇ ਹੋ ਜਿਸ ਵਿਚੋਂ ਨਿਕਲਣ ਦੀ ਕੋਈ ਸੰਭਾਵਨਾ ਨਹੀਂ। ਤੁਹਾਡੀ ਜਿਹੜੀ ਮਰਜ਼ੀ ਪੇਂਟਿੰਗ ਦੇਖ ਲਵਾਂ, ਮੈਨੂੰ ਡੋਬ ਪੈਣ ਲਗ ਜਾਂਦਾ ਹੈ।

ਜਿਸ ਕਿਤਾਬਿਸਤਾਨ ਪਬਲਿਸ਼ਿੰਗ ਹਾਊਸ ਨੇ ਜਵਾਹਰਲਾਲ ਨਹਿਰੂ ਤੋਂ *ਗਲਿੰਪਸਿਜ਼ ਆਫ ਵਰਲਡ ਹਿਸਟਰੀ* ਲਿਖਵਾਈ, ਉਸਨੇ ਅੰਮ੍ਰਿਤਾ ਨੂੰ ਕਿਹਾ ਕਿ ਆਧੁਨਿਕ ਭਾਰਤੀ ਕਲਾ ਬਾਰੇ ਕਿਤਾਬ ਲਿਖੋ, ਉਸਨੇ ਕਿਹਾ – ਲਿਖਣੀ ਚਾਹੁੰਦੀ ਹਾਂ, ਸੱਚੋ ਸੱਚ ਲਿਖ ਦਿੱਤਾ, ਤਾਂ ਲੋਕ ਕਿਤਾਬ ਦੇ ਟੁਕੜੇ ਕਰਕੇ ਖਲਾਰ ਦੇਣਗੇ।

1937 ਵਿਚ ਅੰਮ੍ਰਿਤਾ ਦੇ ਕੁਝ ਨਵੇਂ ਦੋਸਤ ਬਣੇ। ਮੁਜ਼ੱਫਰ ਅਲੀ ਖਾਂ ਕਿਜ਼ਲਬਾਸ਼ ਅਤੇ ਜਮੀਲ ਅਸਗਰ, ਦੋਵੇਂ ਵਕੀਲ, ਵੰਡ ਸਮੇਂ ਪਾਕਿਸਤਾਨ ਚਲੇ ਗਏ। ਮੁਜ਼ੱਫਰ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਬਣਿਆ ਤੇ ਜਮੀਲ ਲਾਹੌਰ ਹਾਈਕੋਰਟ ਦਾ ਜੱਜ। ਚਮਨਲਾਲ ਦੀ ਅੰਗਰੇਜ਼ ਪਤਨੀ ਹੈਲਨ ਨਾਲ ਦੋਸਤੀ ਹੋਈ। ਹੈਲਨ ਉਸ ਦੀ ਕਲਾ ਦੀ ਪ੍ਰਸੰਸਕ ਰਹੀ। ਹੈਲਨ ਬਾਰੇ ਇੰਦਰਾ ਨੂੰ ਲਿਖਿਆ – ਨਕਲੀ ਅਤੇ ਅਸਲੀ ਆਰਟ ਦੀ ਉਸਦੀ ਪਛਾਣ ਹੈਰਾਨੀਕੁਨ ਹੈ। ਉਹ ਸੁੰਦਰਤਾ ਦੀ ਤਲਾਸ਼ ਵਿਚ ਹੈ। ਉਸਦੀ ਡੂੰਘੀ ਸੂਝ ਕਰਾਮਾਤ ਵਰਗੀ ਹੈ। ਉਹ ਕੋਈ ਕਲਾਪਾਰਖੂ ਅਕਾਦਮੀਸ਼ੀਅਨ ਨਹੀਂ, ਪਰ ਵਾਨਗਾਗ ਦੇ ਵਡੱਤਣ ਨੂੰ ਸਮਝਦੀ ਹੈ, ਦੇਗਾ ਦੀ ਸੂਖਮਤਾ ਪਛਾਣਦੀ ਹੈ, ਬਾਖ ਦੀਆਂ ਸੁਰਾਂ ਦੀ ਪਛਾਣ ਹੈ। ਬੀਥੋਵਨ, ਦਾਸਤੋਵਸਕੀ, ਚੈਖਵ ਦੇ ਸੰਸਾਰ ਵਿਚ ਪੁੱਜ ਜਾਂਦੀ ਹੈ। ਉਹ ਅਜੂਬਾ ਹੈ ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਵੱਡੇ ਚਿੱਤਰਾਂ ਦੀ ਥਾਂ ਹੁਣ ਉਹ ਮੀਨੀਏਚਰ ਕਰਨ ਲੱਗੀ। ਅਕਤੂਬਰ 1937 ਵਿਚ ਇੰਦਰਾ ਦਾ ਵਿਆਹ ਕੇ.ਵੀ.ਕੇ. ਸੁੰਦਰਮ ਨਾਲ ਹੋਇਆ। ਇਹ ਆਈ.ਸੀ.ਐਸ. ਅਫਸਰ ਆਜ਼ਾਦ ਭਾਰਤ ਦਾ ਪਹਿਲਾ ਮੁੱਖ

ਚੋਣ ਕਮਿਸ਼ਨਰ ਨਿਯੁਕਤ ਹੋਇਆ। ਘਰ ਵਿਚਲੀ ਵਿਆਹ ਦੀ ਚਹਿਲ ਪਹਿਲ ਨੇ ਅੰਮ੍ਰਿਤਾ ਦਾ ਕੰਮ ਰੋਕ ਦਿੱਤਾ।

ਥਾਂ ਥਾਂ ਤੋਂ ਡਿਨਰ ਦੇ ਸੱਦੇ ਆਉਂਦੇ ਪਰ ਇਨਕਾਰ ਕਰ ਦਿੰਦੀ। ਸਤੰਬਰ 1937, ਕਾਰਲ ਨੂੰ ਲਿਖਿਆ – ਤੁਸੀਂ ਠੀਕ ਕਿਹਾ, ਮੈਂ ਆਪਣੇ ਸੰਸਾਰ ਵਿਚ ਖੋਈ ਰਹਿੰਦੀ ਹਾਂ, ਇਸ ਵਿਚ ਏਨਾ ਮੇਰਾ ਨਹੀਂ ਜਿੰਨਾ ਮੇਰੇ ਆਲੇ ਦੁਆਲੇ ਦਾ ਕਸੂਰ ਹੈ। ਜੇ ਤੁਸੀਂ ਸ਼ਿਮਲੇ ਵਿਚ ਰਹਿੰਦੇ ਦੁਪਾਇਆ ਨੂੰ ਜਾਣਦੇ ਹੁੰਦੇ, ਮੈਂ ਦੋਸ਼ੀ ਸਾਬਤ ਨਾ ਹੁੰਦੀ। ਦਰਮਿਆਨੇ ਦਰਜੇ ਦੇ ਖਿਆਲਾਂ ਨਾਲ ਉਲਝਣ ਦੀ ਥਾਂ ਕਿਨਾਰਾ-ਕਸ਼ੀ ਕਰ ਲਉ। ਮੈਂ ਆਪਣਾ ਇਕ ਪਿਆਰਾ, ਮਿੱਠਾ ਜਿਹਾ ਸ੍ਵੈ-ਚਿੱਤਰ ਬਣਾਇਆ ਹੈ, ਦੇਖ ਕੇ ਮੂੰਹ ਵਿਚ ਪਾਣੀ ਭਰ ਜਾਏ। ਭਵਿੱਖ ਦੇ ਮਾਡਲਾਂ ਵਾਸਤੇ ਬੁਰਕੀ ਹੈ ਇਹ ਇਕ।

ਵੱਡੇ ਚਿੱਤਰਾਂ ਦੀ ਥਾਂ ਹੁਣ ਮੀਨੀਏਚਰ ਕਰਨ ਲੱਗੀ। ਅਕਤੂਬਰ 1937 ਵਿਚ ਇੰਦਰਾ ਦਾ ਵਿਆਹ ਕੇ.ਵੀ.ਕੇ. ਸੁੰਦਰਮ ਨਾਲ ਹੋਇਆ। ਇਹ ਆਈ.ਸੀ.ਐਸ. ਅਫਸਰ ਆਜ਼ਾਦ ਭਾਰਤ ਦਾ ਪਹਿਲਾ ਮੁੱਖ ਚੋਣ ਕਮਿਸ਼ਨਰ ਨਿਯੁਕਤ ਹੋਇਆ। ਘਰ ਵਿਚਲੀ ਵਿਆਹ ਦੀ ਚਹਿਲ ਪਹਿਲ ਨੇ ਅੰਮ੍ਰਿਤਾ ਦਾ ਕੰਮ ਰੋਕ ਦਿੱਤਾ।

ਉਸਨੇ ਤੀਹ ਪੇਂਟਿੰਗਜ਼ ਨਾਲ ਲਾਹੌਰ ਨੁਮਾਇਸ਼ ਲਾਉਣ ਦਾ ਫੈਸਲਾ ਕੀਤਾ। 21 ਨਵੰਬਰ 1937 ਨੂੰ ਕਲਾਪ੍ਰੇਮੀ ਅੰਮ੍ਰਿਤਾ ਦਾ ਕੰਮ ਦੇਖਣ ਆਏ। ਸੁਨਹਿਰੀ ਗੋਟੇ ਨਾਲ ਮੜ੍ਹੀ ਸਾੜ੍ਹੀ ਅਤੇ ਤਿੱਬਤੀ ਜ਼ੇਵਰ ਪਹਿਨੀ ਅੰਮ੍ਰਿਤਾ ਸਵਾਗਤ ਕਰਨ ਲਈ ਦਰਵਾਜ਼ੇ ਤੇ ਖਲੋਤੀ। ਪੰਜਾਬ ਸਰਕਾਰ ਦੇ ਵਿਤ ਮੰਤਰੀ ਮਨੋਹਰ ਲਾਲ ਨੇ ਉਦਘਾਟਨ ਕੀਤਾ। ਸਟੇਜ ਤੋਂ ਜਦੋਂ ਉਹ ਅੰਮ੍ਰਿਤਾ ਦੀ ਕਲਾ ਦੀ ਪ੍ਰਸੰਸਾ ਕਰਨ ਲੱਗਾ, ਉਹ ਨੀਵੀਂ ਪਾਈ ਪੱਲੇ ਨਾਲ ਮੂੰਹ ਢਕੀ ਹਸਦੀ ਰਹੀ। ਜਿਹੜਾ ਆਪਣਾ ਸ੍ਵੈ-ਚਿਤਰ ਉਸਨੂੰ ਸਭ ਤੋਂ ਘਟੀਆ ਲਗਦਾ ਸੀ ਕਿਉਂਕਿ ਹੂਬਹੂ ਅੰਮ੍ਰਿਤਾ ਵਰਗਾ ਸੀ, ਉਸੇ ਦੀ ਪ੍ਰਸ਼ੰਸਾ ਸਭ ਤੋਂ ਵਧੀਕ ਹੋਈ। ਨਿੰਦਕ ਅਤੇ ਪ੍ਰਸ਼ੰਸਕ, ਸਭ ਤਰ੍ਹਾਂ ਦੇ ਲੋਕ ਆਏ, ਲਾਹੌਰ ਨੇ ਇਸਦਾ ਨੋਟਿਸ ਲਿਆ।

ਸਭ ਤੋਂ ਗੰਭੀਰ ਆਲੋਚਨਾ ਚਾਰਲਸ ਫੇਬਰੀ, *ਸਿਵਿਲ ਐਂਡ ਮਿਲਟਰੀ ਗਜ਼ਟ* ਦੇ ਕਲਾ ਪਾਰਖੂ ਨੇ ਕੀਤੀ, ਉਸਨੇ ਕਿਹਾ – ਅੱਖਾਂ ਲਈ ਇਹ ਰੰਗ ਬਰੰਗੀ ਠੀਕ ਦਾਅਵਤ ਸੀ। ਉਸਨੂੰ ਸ਼ਾਨਦਾਰ ਤਾਂ ਨਹੀਂ ਕਹਿ ਸਕਦੇ, ਹੈ ਯਕੀਨਨ ਆਧੁਨਿਕ ਆਰਟਿਸਟ। ਮਹੱਤਵਪੂਰਨ ਤੱਤਾਂ ਨੂੰ ਸਧਾਰਨ ਢੰਗ ਨਾਲ ਪੇਸ਼ ਕਰਨ ਵਿਚ ਉਹ ਮਾਹਿਰ ਹੈ ਬੇਸ਼ਕ ਕਿਤੇ ਕਿਤੇ ਲੋੜ ਤੋਂ ਵਧੀਕ ਸਜਾਵਟ ਹੈ।

ਫੇਬਰੀ ਵੀ ਹੰਗੇਰੀਅਨ ਸੀ ਤੇ ਲਾਹੌਰ ਮਿਊਜ਼ਿਅਮ ਦਾ ਕਿਉਰੇਟਰ, ਪੁਰਾਖੋਜੀ, ਵਿਦਵਾਨ। ਜਿਵੇਂ ਬੰਬਈ ਵਿਚ ਕਾਰਲ ਨੇ ਹੌਸਲਾ ਦਿੱਤਾ, ਉਵੇਂ ਲਾਹੌਰ, ਫੇਬਰੀ ਨੇ। ਕੀ ਅੰਮ੍ਰਿਤਾ ਦਾ ਉਸ ਨਾਲ ਰੁਮਾਂਸ ਚੱਲਿਆ? ਉਸਦੇ ਪਤੀ ਵਿਕਟਰ ਨੇ ਲਿਖਿਆ – ਜਿਹੜਾ ਅੰਮ੍ਰਿਤਾ ਦੇ ਸੰਪਰਕ ਵਿਚ ਆਇਆ, ਉਸ ਨੇ ਉਸਦੀ ਕਲਾ ਦੀ ਸਹੀ ਪਰਖ ਕੀਤੀ ਹੋਵੇ, ਮੈਨੂੰ ਨਹੀਂ ਯਕੀਨ। ਮੈਨੂੰ ਆਪ ਬਾਰੇ ਯਕੀਨ ਨਹੀਂ ਕਿ ਮੈਂ ਉਸ ਬਾਰੇ ਸੋਚਦਾ ਸੰਤੁਲਿਤ ਰਿਹਾ ਹੋਵਾਂ। ਕਾਰਲ ਖੰਡਾਲਵਾਲਾ ਅਤੇ ਬਰਦਾ ਉਕੀਲ ਦੇ ਫੈਸਲੇ ਵੀ ਭਰੋਸੇਯੋਗ ਨਹੀਂ। ਅਸੀਂ ਸਾਰੇ ਹੀ ਉਸਦੀ ਤਣੀ ਤਾਣੀ ਵਿਚ ਉਲਝੇ ਫਿਰਦੇ ਸਾਂ। ਉਹ ਪਿਆਰੀ ਸੀ, ਪਿਆਰ ਕਰਨਯੋਗ ਸੀ, ਸ਼ਾਨਦਾਰ, ਉੱਚੀ ਕੱਦਾਵਰ ਸ਼ਖਸੀਅਤ। ਅਦਭੁਤ, ਰੱਬ ਵੱਲੋਂ ਵਰੋਸਾਈ, ਹਰ ਖੇਤਰ ਵਿਚ ਲਾਮਿਸਾਲ ਜਾਣਕਾਰੀ, ਪੇਂਟਿੰਗ ਅਤੇ ਸੰਗੀਤ ਦੋਵਾਂ ਵਿਚ ਕਮਾਲ, ਜਿਸ ਨੂੰ ਛੁਹ ਲੈਂਦੀ ਜਾਨ ਧੜਕ ਪੈਂਦੀ, ਸਾਹਿਤ ਦੀ ਜਾਣਕਾਰੀ, ਯੋਰਪੀਅਨ ਬੋਲੀਆਂ ਵਿਚਲੀ ਮਹਾਰਤ, ਜਿਸਨੇ ਅੰਮ੍ਰਿਤਾ ਨੂੰ ਜਾਣਿਆਂ, ਉਹ ਨਿਰਪੱਖ ਰਹਿ ਸਕਦਾ ਹੋਵੇ, ਅਸੰਭਵ। ਜਜ਼ਬਿਆਂ ਤੋਂ ਤੁਹਾਨੂੰ ਮੁਕਤ ਨਹੀਂ ਹੋਣ ਦਏਗੀ।

ਫੇਬਰੀ ਇਕ ਦਮ ਮੌਲਿਕ ਕਲਾ ਸਮਾਲੋਚਕ ਸੀ ਜਿਸਨੇ ਲਿਖਿਆ – ਧਰਮ ਦੇ ਫਲਸਫੇ ਰਾਹੀਂ, ਅਧਿਆਤਮਕਤਾ ਰਾਹੀਂ ਭਾਰਤੀ ਕਲਾ ਦੀ ਪਛਾਣ ਕਰਵਾਈ ਜਾਂਦੀ ਹੈ। ਧਰਮ ਦੇ ਇਸ ਪਰਦੇ ਹੇਠ ਆਰਟ ਧੁੰਦਲਾ ਹੋ ਜਾਂਦਾ ਹੈ, ਸੱਚ ਤੇ ਪਰਦਾ ਪੈ ਜਾਂਦਾ ਹੈ। ਸਭ ਤੋਂ ਪਿਆਰਾ ਅੰਸ਼ ਲੁਕ ਛਿਪ ਜਾਂਦਾ ਹੈ। ਸੁਰਗਵਾਸੀ ਅਨੰਦ ਕੁਮਾਰਸਵਾਮੀ ਵੀ ਪੁਜਾਰੀਵਾਦ ਵਰਗੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਿਆ। ਉਹ ਵੀ ਜਿਉਂਦੇ ਜਾਗਦੇ ਹੱਡਮਾਸ ਨੂੰ ਦੇਖਣ ਦੀ ਥਾਂ ਧਰਮ ਦੇ ਸੁਫਨ ਸੰਸਾਰ ਵਿਚ ਗੁੰਮ ਹੋ ਗਿਆ।

ਫੇਬਰੀ ਨੇ ਸਿੰਧ ਘਾਟੀ ਦੀ ਖੁਦਾਈ ਵਿਚ ਅਹਿਮ ਭੂਮਿਕਾ ਨਿਭਾਈ ਸੀ। ਰਤਨਾ ਮਾਥੁਰ ਨਾਲ ਵਿਆਹ ਕੀਤਾ ਜੋ ਪੇਂਟਿੰਗ ਕਰਦੀ ਸੀ, ਬਾਦ ਵਿਚ ਇੰਟੀਰੀਅਰ ਡਿਜ਼ਾਈਨਰ ਬਣੀ। ਦੇਸ ਵੰਡ ਵਕਤ ਲਾਹੌਰ ਛੱਡ ਕੇ ਦਿਲੀ ਵਿਚ ਵਸਣਾ ਪੈ ਗਿਆ। ਭਾਰਤੀ ਕਲਾ ਉਪਰ ਭਾਸ਼ਣ ਦਿੰਦਾ, *ਸਟੇਟਸਮੈਨ* ਵਿਚ ਕਲਾਪਾਰਖੂ ਲੱਗ ਗਿਆ। ਉਸੇ ਨੇ ਪਹਿਲੀ ਵਾਰ ਸਤੀਸ਼ ਗੁਜਰਾਲ ਅਤੇ ਧਨਰਾਜ ਭਗਤ ਦਾ ਹੁਨਰ ਲੱਭ ਕੇ ਲੋਕਾਂ ਅੱਗੇ ਰੱਖਿਆ, ਇੰਦਰਾਣੀ ਰਹਿਮਾਨ ਅਤੇ ਯਾਮਿਨੀ ਕ੍ਰਿਸ਼ਨਾਮੂਰਤੀ ਜਿਹੀਆਂ ਨਰਤਕੀਆਂ ਬਾਬਤ ਲੋਕਾਂ ਨੂੰ ਜਾਣੂ ਕਰਵਾਇਆ। ਸਾਲ 1950 ਵਿਚ ਪੁੱਤਰ ਕ੍ਰਿਸਟੋਫਰ ਗੌਤਮ ਦਾ ਜਨਮ ਹੋਇਆ। ਇਸ ਖਿਆਲ ਨਾਲ ਕਿ ਗੌਤਮ ਉਸ ਦੇ ਰਸਤੇ ਉਪਰ ਚੱਲੇ, ਪੁੱਤਰ ਦੀ ਪੜ੍ਹਾਈ ਵੱਲ ਪੂਰੀ ਤਵੱਜੋ ਦੇਣ ਲੱਗਾ ਪਰ ਕੈਂਸਰ ਹੋ ਗਈ ਜਿਸ ਸਦਕਾ 4 ਜੁਲਾਈ 1968 ਨੂੰ ਸੁਰਗਵਾਸ ਹੋ ਗਿਆ। ਸਾਰਾ ਦਿਨ ਕੰਮ ਕਾਜ ਦੇਖਦਾ ਰਿਹਾ, ਫਿਰ ਢਾਈ ਘੰਟੇ ਲਾ ਕੇ

ਸ਼ਾਮੀ *ਸਟੇਟਸਮੈਨ* ਵਾਸਤੇ ਲੇਖ ਲਿਖਿਆ, ਬੱਚਿਆਂ ਅਤੇ ਨੌਕਰਾਂ ਨੂੰ ਗੁੱਡ ਬਾਇ ਕਹਿ ਕੇ ਲੇਟ ਗਿਆ। ਦੇਖਿਆ, ਹਮੇਸ਼ ਲਈ ਵਿਦਾ।

ਅੰਮ੍ਰਿਤਾ ਨੇ ਹੈਲਨ ਦਾ ਪੋਰਟ੍ਰੇਟ ਬਣਾਇਆ ਤੇ ਤੁਹਫੇ ਵਜੋਂ ਦਿੱਤਾ। ਇਕਬਾਲ ਸਿੰਘ ਨੂੰ *ਰੈਡ ਬਰਿੱਕ ਹਾਊਸ* ਪੇਂਟਿੰਗ ਗਿਫਟ ਕੀਤੀ। ਉਸਦੀ ਪਹਿਲੀ ਭਰੋਸੇਯੋਗ ਜੀਵਨੀ ਇਕਬਾਲ ਸਿੰਘ ਨੇ ਲਿਖੀ। ਪਿਛਲੇ ਜੀਵਨੀਕਾਰਾਂ ਵਿਚੋਂ ਇਕ ਵੀ ਅਜਿਹਾ ਨਹੀਂ ਜਿਸਨੇ ਇਕਬਾਲ ਸਿੰਘ ਦਾ ਸਹਾਰਾ ਨਾ ਲਿਆ ਹੋਵੇ।

ਲੇਖਕ ਅਤੇ ਬਰਾਡਕਾਸਟਰ ਅਸ਼ਫਾਕ ਅਹਿਮਦ 1950 ਵਿਚ ਲਾਹੌਰ ਇਕ ਗਲੀ ਵਿਚੋਂ ਦੀ ਲੰਘ ਰਿਹਾ ਸੀ ਕਿ ਕਬਾੜੀਏ ਦੀ ਦੁਕਾਨ ਉਪਰ ਅੰਮ੍ਰਿਤਾ ਦੀ ਬਣਾਈ ਪੇਂਟਿੰਗ ਪਈ ਦੇਖੀ। ਕਬਾੜੀਏ ਨੂੰ ਪੁੱਛਿਆ - ਕਿੰਨੇ ਦੀ ਦਏਂਗਾ? ਉਸਨੇ ਕਿਹਾ - ਜੀ ਸੁਨਹਿਰੀ ਫਰੇਮ ਦੇ ਤਿੰਨ ਰੁਪਏ ਦੇ ਦਿਉ, ਫਜ਼ੂਲ ਤਸਵੀਰ ਕੱਢ ਕੇ ਸੁੱਟ ਦੇਣੀ। ਖਰੀਦ ਲਈ, ਅਸ਼ਫਾਕ ਨੇ ਤਿੰਨ ਰੁਪਏ ਦਿੱਤੇ, ਫਰੇਮ ਵਿਚੋਂ ਤਸਵੀਰ ਕੱਢ ਕੇ ਫਰੇਮ ਕਬਾੜੀਏ ਨੂੰ ਮੋੜ ਦਿੱਤਾ, ਅੰਮ੍ਰਿਤਾ ਸ਼ੇਰਗਿੱਲ ਨੂੰ ਲੈ ਗਿਆ। ਜ਼ੁਬੇਦਾ ਆਗਾ ਰਾਹੀਂ ਇਹ ਇਤਿਹਾਸਕ ਪੇਂਟਿੰਗ ਇਸਲਾਮਾਬਾਦ ਪੁੱਜੀ। ਹੁਣ ਇਹ ਨੈਸ਼ਨਲ ਆਰਟ ਗੈਲਰੀ ਇਸਲਾਮਾਬਾਦ ਵਿਚ ਸੰਭਾਲੀ ਪਈ ਹੈ।

ਹੈਲਨ ਅਤੇ ਦੀਵਾਨ ਚਮਨਲਾਲ ਨਾਲ ਹੜੱਪਾ ਦੀ ਖੁਦਾਈ ਦੇਖਣ ਗਈ। ਦੋ ਮਰਦਾਂ ਅਤੇ ਇਕ ਨੱਚਦੀ ਔਰਤ ਦਾ ਲਾਲ ਪੱਥਰ ਦਾ ਬੁੱਤ ਦੇਖ ਕੇ ਜਿਵੇਂ ਵਿਸਮਾਦਿਤ ਹੋ ਗਈ ਹੋਵੇ। ਉਥੇ ਹੀ ਰੁਕੀ ਰਹੀ, ਨਿਹਾਰਦੀ ਰਹੀ। ਉਸਨੂੰ ਆਲ ਇੰਡੀਆ ਫਾਈਨ ਆਰਟਸ ਐਂਡ ਕ੍ਰਾਫਟਸ ਵਲੋਂ ਲੇਡੀ ਆਰਟਿਸਟ ਆਖ ਕੇ ਸਨਮਾਨਿਆ ਗਿਆ ਤਾਂ ਉਦਾਸ ਹੋਈ - ਮੈਂ ਤਾਂ ਆਪਣੇ ਆਪ ਨੂੰ ਆਰਟਿਸਟ ਸਮਝਦੀ ਰਹੀ। ਹੁਣ ਪਤਾ ਲੱਗਾ ਕਿ ਮੈਂ ਤਾਂ ਲੇਡੀ ਆਰਟਿਸਟ ਹਾਂ। ਲੇਡੀ ਆਰਟਿਸਟ, ਮਰਦ ਆਰਟਿਸਟ ਦਾ ਕੀ ਮੁਕਾਬਲਾ ਕਰੇਗੀ?

14 ਫਰਵਰੀ 1938 ਨੂੰ ਸਰਾਇਆ ਵਿਖੇ ਆ ਕੇ ਪੇਂਟਿੰਗ ਕਰਨ ਲੱਗੀ। ਕਾਰਲ ਨੂੰ ਲਿਖਿਆ - *ਹਰੇ ਛੱਪੜ ਵਿਚ ਨਹਾਉਂਦੇ ਹਾਥੀ* ਬਣਾ ਲਈ ਹੈ। ਦੂਜੀ *ਖੇਤ ਵਿਚ ਕੰਮ ਕਰਦੀਆਂ ਔਰਤਾਂ* ਹੈ। ਮੇਰਾ ਵਿਆਹ ਨੇੜੇ ਆ ਰਿਹਾ ਹੈ, ਕੁਝ ਘਬਰਾਹਟ ਹੈ ਕਿਉਂਕਿ ਮੈਂ ਚੰਗੀ ਪਤਨੀ ਨਹੀਂ ਹੋਵਾਂਗੀ।

ਇਨ੍ਹਾਂ ਦਿਨਾਂ ਵਿਚ ਹੀ ਲੇਖਕ ਮੁਲਕ ਰਾਜ ਅਨੰਦ ਨੂੰ ਮਿਲੀ। ਅਨੰਦ ਦਾ ਖਿਆਲ ਸੀ ਕਿ ਅੰਮ੍ਰਿਤਾ ਨਾਲੋਂ ਅੰਮ੍ਰਿਤਾ ਦੀ ਪ੍ਰਸਿੱਧੀ ਅੱਗੇ ਲੰਘ ਗਈ ਹੈ। ਬਾਦ ਵਿਚ ਅਨੰਦ ਨੇ ਲਿਖਿਆ ਕਿ 1930 ਤੱਕ ਹੀ ਉਹ ਦੰਦ ਕਥਾ ਬਣ ਚੁੱਕੀ ਸੀ। ਕਿਹਾ ਕਰਦਾ ਸੀ - ਜੇ ਮੈਂ ਪੇਂਟਰ ਹੁੰਦਾ ਤਾਂ ਮੈਂ ਚਾਹੁੰਦਾ ਕਿ ਅੰਮ੍ਰਿਤਾ ਦੀ ਬਣਾਈ *ਘੜੇ ਸਮੇਤ ਕੁੜੀ* ਵਰਗੀ ਪੇਂਟਿੰਗ ਬਣਾਉਂਦਾ। ਲੰਡਨ ਤੋਂ ਪਰਤੇ ਅਨੰਦ ਨੂੰ ਉਨ੍ਹਾਂ ਪੁਰਾਣੇ ਦਿਨਾਂ ਵਿਚ ਅੰਮ੍ਰਿਤਾ ਬਹੁਤ ਅੱਗੇ ਲੰਘੀ ਦਿਸੀ ਜਦੋਂ ਆਰਟ ਦੇ ਖੇਤਰ ਵਿਚ ਕੋਈ ਸੰਜੀਦਾ ਬੰਦਾ ਦਿਸਦਾ ਹੀ ਨਹੀਂ ਸੀ। ਆਪਣੀ ਮੁਲਾਕਾਤ ਬਾਰੇ ਲਿਖਦਾ ਹੈ - ਤਣਾਉਪੂਰਨ, ਝੁੰਜਲਾਈ, ਉਤੇਜਿਤ, ਬਹੁਤ ਸੁਹਣੀ ਤੇ ਪੇਂਟਿੰਗ ਵਿਚ ਗੁੰਮਸ਼ੁਦਾ ਅੰਮ੍ਰਿਤਾ। ਜੁਆਨ ਹੋਈ ਤਾਂ ਉਸਦੀ ਪ੍ਰਸਿੱਧੀ ਦੂਰ ਦੁਰਾਡੇ ਫੈਲਣ ਲੱਗੀ, ਉਸਦਾ ਨਾਂ ਬਣਨ ਲੱਗਾ।

ਵਿਕਟਰ ਡਾਕਟਰ ਬਣਨ ਦੀ ਇੱਛਾ ਕਾਰਨ ਪੜ੍ਹਾਈ ਦੀ ਕਠੋਰਤਾ ਵਿਚੋਂ ਲੰਘ ਰਿਹਾ ਸੀ।ਪਿਤਾ ਲਈ ਜਿਵੇਂ ਕੋਈ ਫਰਕ ਨਹੀਂ, ਪਰ ਮਾਂ ਵਿਕਟਰ ਨਾਲ ਅੰਮ੍ਰਿਤਾ ਦੇ ਵਿਆਹ ਖਿਆਫ ਸੀ। ਅੰਮ੍ਰਿਤਾ ਸੁਹਣੀ ਸੀ, ਕਲਾਕਾਰ ਸੀ, ਕਿਸੇ ਪ੍ਰਸਿੱਧ ਹਸਤੀ ਨਾਲ, ਕਿਸੇ ਅਮੀਰਜ਼ਾਦੇ ਨਾਲ, ਜਿਸ ਨਾਲ ਚਾਹੁੰਦੀ, ਵਿਆਹ ਕਰਵਾ ਸਕਦੀ ਸੀ। ਵਿਕਟਰ ਨਾ ਅਮੀਰ ਸੀ ਨਾ ਪ੍ਰਸਿੱਧ। ਦੂਜੀ ਗੱਲ, ਸਕੀ ਮਾਸੀ ਦੇ ਮੁੰਡੇ ਨਾਲ ਵਿਆਹ ਵਰਜਿਤ ਹੁੰਦਾ ਹੈ, ਇਸ ਪੱਖੋਂ ਵੀ ਗੜਬੜ ਸੀ। ਮਾਂ ਦੀ ਵਿਰੋਧਤਾ ਨੇ ਅੰਮ੍ਰਿਤਾ ਨੂੰ ਸਗੋਂ ਹੋਰ ਮਜ਼ਬੂਤ ਕੀਤਾ, ਉਹ ਉਹੀ ਕਰੇਗੀ ਜੋ ਮਾਂ ਦੀ ਇੱਛਾ ਦੇ ਖਿਲਾਫ ਹੋਵੇ।

ਵਿਆਹ ਤੋਂ ਪਹਿਲਾਂ ਸ਼ਿਮਲੇ ਤੋਂ ਸਰਾਇਆ ਅੰਮ੍ਰਿਤਾ ਨੂੰ ਖਤ ਵਿਚ ਪਿਤਾ ਨੇ ਲਿਖਿਆ - ਨੌਂ ਮਹੀਨੇ ਮਾਂ ਨੇ ਗਰਭ ਵਿਚ ਰੱਖੀ, ਫਿਰ ਹੁਣ ਤੱਕ ਅਸੀਂ ਤੈਨੂੰ ਪਾਲ ਪੋਸ ਰਹੇ ਹਾਂ, ਆਪਣੇ ਆਰਟ ਜਾਂ ਵਿਆਹ ਸਦਕਾ ਫਰਜ਼ ਕਰ ਕੁਝ ਸਾਲ ਪਹਿਲਾਂ ਤੂੰ ਆਤਮ ਨਿਰਭਰ ਹੋ ਜਾਂਦੀ, ਤਾਂ ਵੀ ਆਰਟ ਖਰੀਦਾਰਾਂ ਜਾਂ ਪਤੀ ਉਪਰ ਨਿਰਭਰ ਹੁੰਦੀ। ਪੈਰਿਸ ਤੱਕ, ਜੋ ਖਰਚਾ ਉਠਾਉਣਾ ਪਿਆ, ਕੀਤਾ, ਪਰ ਇਸ ਬਦਲੇ ਤੇਰੇ ਨਾਲ ਅਕਲ ਦੀ ਕੋਈ ਗੱਲ ਵੀ ਨਾ ਕਰ ਸਕਾਂ, ਅਫਸੋਸ ਹੈ। ਤੈਨੂੰ ਪੱਕਾ ਪਤਾ ਹੈ ਕਿ ਵਿਕਟਰ ਚੰਗਾ ਬੰਦਾ ਹੈ, ਵਫਾਦਾਰ ਪਤੀ ਰਹੇਗਾ, ਤੈਨੂੰ ਖੁਸ਼ੀ ਮਿਲੇਗੀ, ਤਾਂ ਵੀ, ਹੈ ਤਾਂ ਉਹ ਪਿੰਡ ਦਾ ਮਾਮੂਲੀ ਡਾਕਟਰ, ਥੋੜ੍ਹੀ ਕੁ ਆਮਦਨ ਵਾਲਾ। ਮੈਂ ਕਿੰਨੇ ਕੁ ਸਾਲ ਜਿਉਂਦਾ ਰਹਾਂਗਾ? ਮੇਰੇ ਪਿਛੋਂ ਤੈਨੂੰ ਕਿਧਰੋਂ ਮਦਦ ਨਹੀਂ ਮਿਲਣੀ। ਤੇਰੀ ਮਾਂ ਆਖਦੀ ਹੈ ਕਿ ਉਸਨੂੰ ਇਥੇ ਭਾਰਤ ਵਿਚ ਦਫਨ ਜਾਂ ਅਗਨਭੇਟ ਨਹੀਂ ਕਰਨਾ। ਉਹ ਹੰਗਰੀ ਦੇ ਕਬਰਿਸਤਾਨ ਵਿਚ ਦਫਨ ਹੋਵੇਗੀ ਜਿਥੇ ਸਾਲ ਵਿਚ ਇਕ ਵਾਰ ਰਿਸ਼ਤੇਦਾਰ ਗੁਲਦਸਤਾ ਤਾਂ ਰੱਖ ਜਾਇਆ ਕਰਨਗੇ। ਜੇ ਮੇਰੀ ਮੌਤ ਪਹਿਲਾਂ ਹੋ ਗਈ ਫੇਰ ਤੇਰੀ ਮਾਂ ਦੀ ਸੰਭਾਲ ਵੀ ਤੈਨੂੰ ਹੀ ਕਰਨੀ ਪੈਣੀ ਹੈ। ਕਿੰਨੇ ਉਦਾਸ ਖਿਆਲ ਆ ਰਹੇ ਹਨ।

ਅੰਮ੍ਰਿਤਾ ਨੂੰ ਬੱਚੇ ਨਹੀਂ ਚਾਹੀਦੇ, ਉਹ ਕੇਵਲ ਪੇਂਟਿੰਗ ਕਰੇਗੀ, ਵਿਕਟਰ ਨੂੰ ਉਸਦੇ ਮਰਦ ਦੋਸਤਾਂ ਨਾਲ ਮਿਲਣ ਗਿਲਣ ਤੇ ਕੋਈ ਇਤਰਾਜ਼ ਨਹੀਂ ਹੋਵੇਗਾ, ਵਿਕਟਰ ਨੇ ਉਸਦੀਆਂ ਇਹ ਸਾਰੀਆਂ ਸ਼ਰਤਾਂ ਮੰਨ ਲਈਆਂ। ਬਚਪਨ ਦੇ ਦਿਨਾ ਦੀਆਂ ਯਾਦਾਂ ਨੇ ਵਿਕਟਰ ਦੇ ਦਿਲ ਦਿਮਾਗ ਨੂੰ ਨਕੇਲ ਪਾ ਰੱਖੀ ਸੀ।ਉਸਦਾ ਪਿਛੋਕੜ

ਆਇਰਲੈਂਡ ਦਾ ਸੀ ਜਿਥੇ ਦੇ ਲੋਕ ਪੰਜਾਬੀਆਂ ਵਾਂਗ ਗਰਮ ਸੁਭਾਅ ਵਾਲੇ ਹੁੰਦੇ ਹਨ। ਹੁਣ ਤੰਗੀ ਦੇਖਣੀ ਪੈ ਗਈ ਤਾ ਕੀ, ਸੀ ਤਾਂ ਮੈਜਿਸਟਰੇਟ ਪਿਤਾ ਦਾ ਪੁਤਰ। ਮਾਂ ਨੇ ਕੱਪੜੇ ਸੀ ਕੇ ਉਸਨੂੰ ਮੈਡੀਕਲ ਦੀ ਪੜ੍ਹਾਈ ਕਰਵਾਈ ਸੀ। ਹਿੰਮਤੀ, ਤੇਜ਼ ਦਿਮਾਗ, ਵਿਅੰਗ ਕਰਨ ਵਿਚ ਨਿਪੁੰਨ ਪਰ ਅੰਮ੍ਰਿਤਾ ਅੱਗੇ ਗੁਲਾਮ। ਵਿਕਟਰ ਦੀ ਮਾਂ ਇਸ ਵਿਆਹ ਤੇ ਖੁਸ਼ ਸੀ, ਦੋ ਕਮਰਿਆਂ ਵਾਲਾ ਘਰ ਸੀ, ਇਕ ਵਿਚ ਮਾਂ ਦੂਜੇ ਵਿਚ ਜੋੜਾ। ਪਰ ਜਦੋਂ ਪਤਾ ਲੱਗਾ ਕਿ ਵਿਕਟਰ ਅਤੇ ਅੰਮ੍ਰਿਤਾ ਭਾਰਤ ਜਾਣਗੇ, ਉਦਾਸ ਹੋਈ। ਜੀਵਨ ਭਰ ਦੀ ਪੂੰਜੀ ਤੋਂ ਮਾਂ ਵੰਚਿਤ ਹੋ ਜਾਏਗੀ।

16 ਜੁਲਾਈ 1938 ਨੂੰ ਬਿਨਾਂ ਵਾਜੇ ਗਾਜੇ ਦੇ ਵਿਆਹ ਹੋਇਆ। ਕੋਰਟ ਵਿਚ ਵਿਆਹ ਰਜਿਸਟਰ ਕਰਵਾ ਆਏ, ਆ ਕੇ ਕੋਈ ਪਾਰਟੀ ਨਹੀਂ ਦਿੱਤੀ। ਵਿਆਹ ਪਿਛੋਂ ਅੰਮ੍ਰਿਤਾ ਸ਼ਾਂਤ ਹੋ ਗਈ, ਉਸਨੂੰ ਬਿਲਕੁਲ ਪ੍ਰਤੀਤ ਨਾ ਹੋਇਆ ਕਿ ਉਹ ਕਿਸੇ ਜੰਜੀਰ ਵਿਚ ਜਕੜੀ ਗਈ ਹੈ। ਵਿਕਟਰ ਦੇ ਘਰ ਨੂੰ ਛੱਡ ਕੇ ਕਿਤੇ ਨਾ ਜਾਂਦੀ । ਵਿਕਟਰ ਵਰਗਾ ਚੰਗਾ ਬੰਦਾ ਉਸਨੂੰ ਕਿਸਮਤ ਨਾਲ ਮਿਲ ਗਿਆ। ਅਜੀਬ ਗੱਲ ਇਹ ਕਿ ਹੰਗਰੀ ਵਿਚ ਸਾੜ੍ਹੀ ਪਹਿਨਦੀ। ਜੰਗ ਲਗਣ ਵਕਤ ਵਿਕਟਰ ਨੂੰ ਫੌਜ ਵਿਚ ਭਰਤੀ ਹੋਣਾ ਪੈ ਗਿਆ, ਅੰਮ੍ਰਿਤਾ ਉਦਾਸ ਹੋਈ ਤਾਂ ਛੇਤੀ ਉਹਨੂੰ ਆਪਣੇ ਕੋਲ ਬੁਲਾ ਲਿਆ। ਮਰੀਜ਼ ਦੇਖਦਾ, ਅੰਮ੍ਰਿਤਾ ਪੇਂਟ ਕਰਦੀ ਰਹਿੰਦੀ।

ਉਹ ਸੰਕਟ ਦਾ ਮੁਕਾਬਲਾ ਹੌਸਲੇ ਨਾਲ ਕਰਨ ਲਈ ਉਤਸੁਕ ਸੀ ਪਰ ਭਾਰਤ ਵਿਚੋਂ ਆਉਂਦੀਆਂ ਖਬਰਾਂ ਮਾਯੂਸਕੁਨ ਸਨ। ਇਹ ਗੱਲ ਸੁਣ ਕੇ ਡੂੰਘੀ ਉਦਾਸੀ ਵਿਚ ਘਿਰ ਗਈ ਕਿ ਬਦਨਾਮੀ ਤੋ ਡਰਦਿਆਂ ਮਾਪਿਆਂ ਨੇ ਉਸਦੇ ਸਾਰੇ ਖਤਾਂ ਨੂੰ ਅੱਗ ਲਾ ਦਿੱਤੀ। ਹੋਰਨਾਂ ਪ੍ਰਸਿੱਧ ਬੰਦਿਆਂ ਤੋਂ ਇਲਾਵਾ ਇਨ੍ਹਾਂ ਵਿਚ ਪੰ. ਜਵਾਹਰ ਲਾਲ ਨਹਿਰੂ ਦਾ ਛੇ ਪੰਨਿਆਂ ਦਾ ਖਤ ਸੀ ਜੋ ਉਸਨੇ ਅੰਮ੍ਰਿਤਾ ਦੀ ਦਿੱਲੀ ਦੀ ਨੁਮਾਇਸ਼ ਦੇਖਣ ਪਿਛੋਂ ਲਿਖਿਆ ਸੀ, ਉਸਨੇ ਕਲਾਕਾਰ ਦੇ ਅਨੁਭਵ ਅਤੇ ਪ੍ਰਗਟਾਵੇ ਦੀ ਤਾਕਤ ਨੂੰ ਕਬੂਲਿਆ ਸੀ। ਇਸ ਦੇ ਧੰਨਵਾਦ ਵਿਚ ਅੰਮ੍ਰਿਤਾ ਨੇ ਲਿਖਿਆ ਸੀ - ਮੇਰੀਆਂ ਤਸਵੀਰਾਂ ਨੂੰ ਦੇਖੀ ਜਾਓ, ਸੋਚੋ ਨਾ, ਮਤਲਬ ਨਾ ਕੱਢੋ, ਫਿਰ ਤੁਹਾਨੂੰ ਕੁਝ ਮਿਲੇਗਾ, ਫਲਸਫਾ ਨਹੀਂ, ਇਤਿਹਾਸ ਨਹੀਂ, ਚਿੰਤਨ ਨਹੀਂ, ਕੇਵਲ ਆਰਟ।

ਉਸਨੇ ਮਾਪਿਆਂ ਨੂੰ ਖਤ ਲਿਖਿਆ - ਮੇਰੇ ਖਤ ਅਗਨਭੇਟ ਕਰ ਦਿੱਤੇ, ਖਬਰ ਨੇ ਮੈਨੂੰ ਜੋ ਸਦਮਾ ਪੁਚਾਇਆ, ਦਸ ਨਹੀਂ ਸਕਦੀ। ਖਤਾਂ ਦਾ ਵੱਡਾ ਢੇਰ ਤਾਂ ਮੈਂ ਖੁਦ ਬਾਲ ਆਈ ਸਾਂ। ਇਹ ਤਾਂ ਉਹ ਪੱਤਰ ਸਨ ਜਿਹੜੇ ਮੈਂ ਆਪਣੀ ਮਰਜ਼ੀ ਨਾਲ ਸੰਭਾਲੇ ਸਨ, ਆਰਟ ਆਲੋਚਕਾਂ ਦੇ ਖਤ, ਵੱਡੀਆਂ ਹਸਤੀਆਂ ਦੇ ਖਤ।ਜਿਹੜੇ ਖਤ ਸੰਭਾਲ ਕੇ ਆਈ ਸਾਂ, ਇਹ ਮੈਨੂੰ ਖੁਸ਼ੀ ਦਿੰਦੇ ਸਨ, ਮੇਰੇ ਕੰਮ ਬਾਰੇ ਕੁਝ ਜਾਣਕਾਰੀ ਵਾਲੀਆਂ ਹਵਾਲਾ ਦੇਣ ਯੋਗ ਰਾਵਾਂ ਸਨ। ਕੀ ਪਤਾ ਮੇਰੀ ਲਾਊਜੀ, ਮੈਲਕਮ ਮੁਗਰਿਜ, ਜਵਾਹਰ ਲਾਲ ਨਹਿਰੂ, ਈਡਿਥ ਲੈਂਗ ਅਤੇ ਖੰਡਾਲਵਾਲਾ ਦੇ ਖਤ ਤੁਸੀਂ ਰੱਖ ਹੀ ਲਏ ਹੋਣ। ਇਹ ਖਤ ਮੈਂ ਇਸ ਕਰਕੇ ਤੁਹਾਡੇ ਕੋਲ ਨਹੀਂ ਛੱਡ ਕੇ ਗਈ ਸਾਂ ਕਿ ਇਨ੍ਹਾਂ ਸਦਕਾ ਹੰਗਰੀ ਵਿਚ ਦੁਰਾਚਾਰੀ ਭੂਤਕਾਲ ਕਾਰਨ ਮੇਰੀ ਬਦਨਾਮੀ ਹੋ ਜਾਏਗੀ। ਮੇਰੇ ਕੋਲ ਪਹਿਲੋਂ ਹੀ ਵਧੀਕ ਸਮਾਨ ਹੋਣ ਕਰਕੇ ਛੱਡ ਗਈ ਸਾਂ।

ਖੰਡਾਲਵਾਲਾ ਨੂੰ ਲਿਖਿਆ - ਹੰਗਰੀ ਵਿਚ ਭਾਰਤੀ ਔਰਤ ਵਾਂਗ ਆਪਣੇ ਪਤੀ ਨਾਲ ਕਹਿ ਰਹੀ ਹਾਂ, ਜਿਥੇ ਜਿਥੇ ਡਿਊਟੀ ਕਰਨ ਜਾਂਦਾ ਹੈ, ਆਪਣੇ ਰੰਗ ਚੁੱਕ ਕੇ ਮੈਂ ਵੀ ਨਾਲ ਤੁਰ ਪੈਂਦੀ ਹਾਂ।

'*ਦ ਪਟੈਟੋ ਪੀਲਰ* ਪੇਂਟਿੰਗ ਬਣਾਈ, ਆਲੂ ਛਿਲਦੀ ਕੁੜੀ ਦਾ ਰੋਬਦਾਬ ਵਾਲਾ ਚਿਹਰਾ ਦੇਖਣ ਯੋਗ ਹੈ, ਕਿਰਤ ਦੀ ਸ਼ਾਨ ਪ੍ਰਗਟ ਹੋ ਰਹੀ ਹੈ। ਚਿਹਰਾ ਅਤੇ ਹੱਥ ਬਲਵਾਨ ਸ਼ਖਸੀਅਤ ਤਾਂ ਸਿਰਜਦੇ ਹੀ ਹਨ, ਵਾਨਗਾਗ ਦੀ *ਪਟੈਟੋ ਈਟਰਜ਼* ਵੀ ਯਾਦ ਆ ਜਾਂਦੀ ਹੈ।

ਵਿਕਟਰ ਲੰਮੇ ਯੁੱਧ ਦਾ ਖਤਰਾ ਭਾਂਪਦਿਆਂ ਆਗਿਆ ਲੈ ਕੇ ਅੰਮ੍ਰਿਤਾ ਸਮੇਤ ਕੋਲੰਬੋ ਦੇ ਰਸਤੇ ਭਾਰਤ ਆ ਗਿਆ। ਅੰਮ੍ਰਿਤਾ ਨੇ ਕਾਰਲ ਨੂੰ ਲਿਖਿਆ - ਖੁਸ਼ਕਿਸਮਤੀ ਸਮਝੋ ਕਿ ਹਿਟਲਰ ਭਾਰਤ ਵਿਚ ਨਹੀਂ ਹੈ ਜਿਸ ਕਾਰਨ ਇਥੋਂ ਦਾ ਆਰਟ ਬਚਿਆ ਰਹੇਗਾ। ਇਥੇ ਹੁੰਦਾ ਤਾਂ ਥਰਡ ਕਲਾਸ ਪੱਛਮੀ ਆਰਟਿਸਟ ਆਖ ਕੇ ਮੈਨੂੰ ਜੇਲ੍ਹ ਵਿਚ ਸੁੱਟ ਦਿੰਦਾ। ਮਾਡਰਨ ਆਰਟ ਅਤੇ ਸਾਹਿਤ ਦਾ ਪੱਕਾ ਦੁਸ਼ਮਣ ਹੈ। ਪੈਰਿਸ ਜਰਮਨ ਅਧੀਨ ਹੋ ਗਿਆ ਤਾਂ ਕੀ ਬਣੇਗਾ? ਆਰਟ ਖਤਮ? ਮੈਂ ਨੌਜਵਾਨ ਕਲਾਕਾਰਾਂ ਨੂੰ ਜਾਣਦੀ ਹਾਂ, ਅਜੇ ਸੰਸਾਰ ਉਨ੍ਹਾਂ ਨੂੰ ਨਹੀਂ ਜਾਣਦਾ, ਉਨ੍ਹਾਂ ਦੀ ਮੌਤ ਫਰੈਂਚ ਆਰਟ ਵਾਸਤੇ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੋਏਗੀ।

ਕੁਝ ਦਿਨ ਕੋਲੰਬੋ ਰਹੇ ਤੇ ਮੰਦਰ, ਗੁਫਾਵਾਂ ਦੇਖੀਆਂ, ਫਿਰ ਮਦੁਰਾਇ ਵਿਕਟਰ ਨੂੰ ਸਾਰੇ ਮੰਦਰ ਦਿਖਾਏ ਜਿਹੜੇ ਆਪ ਪਹਿਲਾਂ ਦੇਖ ਕੇ ਗਈ ਸੀ। ਸ਼ਿਮਲੇ ਪਹੁੰਚ ਗਏ। ਮਾਂ ਨੂੰ ਉਨ੍ਹਾਂ ਦੀ ਵਾਪਸੀ ਚੰਗੀ ਨਹੀਂ ਲੱਗੀ, ਇਕ ਕਿਸਮ ਦੀ ਦਖਲੰਦਾਜ਼ੀ ਲੱਗੀ, ਅੰਮ੍ਰਿਤਾ ਦੀ ਗੈਰਹਾਜ਼ਰੀ ਵਿਚ ਵਿਕਟਰ ਦੀ ਬੇਇਜ਼ਤੀ ਕਰ ਦਿੰਦੀ। ਇਸ ਸਭ ਦਾ ਅੰਮ੍ਰਿਤਾ ਦੇ ਕਜ਼ਿਨ ਕਿਰਪਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਦੋਵਾਂ ਨੂੰ ਸਰਾਇਆ ਸ਼ੁਗਰ ਮਿੱਲ ਦੇ ਹਸਪਤਾਲ ਵਾਸਤੇ ਲੈ ਗਿਆ। ਉਸਨੇ ਅੰਮ੍ਰਿਤਾ ਨੂੰ ਕਿਹਾ ਕਿ ਹਰ ਮਹੀਨੇ ਇਕ ਪੇਂਟਿੰਗ ਕਰਕੇ ਦੇ ਦਿਆ ਕਰ, ਢਾਈ ਸੌ ਰੁਪਿਆ ਦਿਆ ਕਰਾਂਗਾ। ਡਾਕਟਰ ਨੂੰ ਨੌਕਰੀ ਦੇ ਦਿੱਤੀ। ਇਥੋਂ ਵਿਕਟਰ ਨੇ 13ਅਪਰੈਲ 1940,

www.punjabilibrary.com

ਅੰਮ੍ਰਿਤਾ ਦੀ ਮਾਂ ਨੂੰ ਖਤ ਲਿਖਿਆ, ਇਹ ਖਤ ਪਾਠਕਾਂ ਵਾਸਤੇ ਦਿਲਚਸਪ ਹੈ। ਇਕ ਖਤ ਦੋ ਪਰਿਵਾਰਾਂ ਦੇ ਸੁਭਾਵਾਂ ਵਿਚਲੀ ਭਿੰਨਤਾ ਰੂਪਮਾਨ ਕਰਦਾ ਹੈ।

– ਪਿਆਰੀ ਮਾਂ, ਮੇਰੀ ਕਿਸੇ ਗੱਲ ਦੇ ਗਲਤ ਅਰਥ ਕੱਢ ਕੇ ਕਿਤੇ ਪਰਿਵਾਰ ਦੀ ਸ਼ਾਂਤੀ ਭੰਗ ਨਾ ਹੋ ਜਾਵੇ, ਡਰਦਾ ਸਾਂ। ਪਹਿਲਾਂ ਵੀ ਕਦੀ ਕਦਾਈਂ ਖਤ ਲਿਖਣਾ ਚਾਹਿਆ ਪਰ ਤੁਹਾਡੇ ਵਲੋਂ ਜੋ ਲਫਜ਼ ਪ੍ਰਾਪਤ ਹੁੰਦੇ, ਉਨ੍ਹਾਂ ਸਦਕਾ ਇਰਾਦਾ ਬਦਲ ਲੈਂਦਾ। ਉਮਰਾਓ ਅੰਕਲ ਨੂੰ ਲਿਖਦਾ ਰਿਹਾ ਹਾਂ, ਹੁਣ ਤੁਹਾਨੂੰ ਵੀ ਲਿਖ ਹੀ ਦਿਆਂ ਤਾਂ ਠੀਕ ਰਹੇਗਾ।

– ਮੈਨੂੰ ਲਿਖਣ ਦਾ ਹੁਨਰ ਨਹੀਂ ਆਉਂਦਾ ਇਸ ਕਰਕੇ ਮੈਨੂੰ ਵਧੀਕ ਸਾਵਧਾਨ ਰਹਿਣਾ ਪਵੇਗਾ, ਗੱਲਬਾਤ ਦੌਰਾਨ ਵੀ ਮੇਰੀ ਗੱਲ ਦੇ ਉਲਟ ਅਰਥ ਕੱਢ ਲਏ ਜਾਂਦੇ ਹਨ। ਜਦੋਂ ਮੈਂ ਭਰੇ ਮਨ ਨਾਲ ਇੰਡੀਆ ਆਉਣ ਦਾ ਫੈਸਲਾ ਕੀਤਾ, ਮੈਨੂੰ ਉਦੀਂ ਪਤਾ ਸੀ ਕਿ ਮੇਰੇ ਸਾਹਮਣੇ ਇਕ ਦਮ ਨਵਾਂ ਮਾਹੌਲ ਹੋਵੇਗਾ, ਪੂਰਨ ਅਜਨਬੀ ਸੰਸਾਰ ਵਿਚ ਮੈਨੂੰ ਬਦਲਣਾ ਪਵੇਗਾ। ਮੈਨੂੰ ਨੌਕਰੀ ਨਾ ਮਿਲੇ ਸ਼ਾਇਦ, ਤਾਂ ਵੀ ਹਾਲਾਤ ਨਾਲ ਸਮਝੌਤਾ ਕਰਨਾ ਪਵੇਗਾ, ਮੈਨੂੰ ਕੁਝ ਲੋਕਾਂ ਦਾ ਆਸਰਾ ਲੈਣਾ ਪਵੇਗਾ। ਬੁਡਾਪੈਸਟ ਵਿਚ ਇਰਵਿਨ ਬੈਕਟੇ ਨੇ ਮੈਨੂੰ ਦੱਸਿਆ ਸੀ ਕਿ ਸ਼ਿਮਲੇ ਮੈਂ ਕੁਝ ਮਹੀਨਿਆਂ ਤੋਂ ਵਧੀਕ ਨਹੀਂ ਰਹਿ ਸਕਾਂਗਾ। ਪਰ ਮੈਨੂੰ ਆਪਣੇ ਸੁਭਾਅ ਦਾ ਪਤਾ ਹੈ, ਮੈਂ ਖੁਦ ਨੂੰ ਹਾਲਾਤ ਮੁਤਾਬਕ ਢਾਲ ਲੈਂਦਾ ਹਾਂ। ਮੈਂ ਹਰ ਸੰਭਵ ਕੋਸ਼ਿਸ਼ ਕੀਤੀ ਕਿ ਤੁਹਾਨੂੰ ਚੰਗਾ ਲੱਗਾਂ। ਪਿਆਰ ਹਾਸਲ ਕਰਨ ਖਾਤਰ ਮੈਨੂੰ ਖੁਸ਼ਾਮਦ ਕਰਨੀ ਨਹੀਂ ਆਉਂਦੀ। ਤੁਸੀਂ ਆਪਣੇ ਆਪ ਨੂੰ ਮਸੋਲੀਨੀ, ਨੈਪੋਲੀਅਨ ਅਤੇ ਹਿਟਲਰ ਵਰਗੇ ਰੋਸ਼ਨ ਦਿਮਾਗ ਵਾਲੀ ਔਰਤ ਆਖਿਆ ਕਰਦੇ। ਕਮਜ਼ੋਰ ਲੋਕ ਤੁਹਾਡੀ ਉਸਤਤ ਕਰਦੇ ਤੁਹਾਨੂੰ ਚੰਗੇ ਲਗਦੇ, ਮੈਂ ਅਜਿਹਾ ਕਰਨੋਂ ਇਨਕਾਰੀ ਹੋ ਗਿਆ ਜਿਸ ਕਾਰਨ ਤੁਹਾਡੀ ਨਾਰਾਜ਼ਗੀ ਸਹੇੜੀ ਤੇ ਮੇਰਾ ਸੰਤੁਲਨ ਵਿਗੜਿਆ। ਮੇਰੇ ਇਕ ਇਕ ਲਫਜ਼ ਦੇ ਗਲਤ ਅਰਥ ਕੀਤੇ ਜਾਂਦੇ ਤੇ ਮੇਰੇ ਵਿਚ ਤੁਹਾਨੂੰ ਕੇਵਲ ਬੁਰਾਈਆਂ ਦਿਸਦੀਆਂ। ਮੈਂ ਸਮਝ ਗਿਆ ਇਹ ਤੁਹਾਡਾ ਸੁਭਾਅ ਹੈ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ।

– ਮੈਂ ਤੁਹਾਨੂੰ ਬਹੁਤ ਰੋਕਿਆ ਕਿ ਮੇਰੇ ਵਾਸਤੇ ਇੰਗਲਿਸ਼ ਟੀਚਰ ਦਾ ਪ੍ਰਬੰਧ ਨਾ ਕਰੋ ਕਿਉਂਕਿ ਮੈਂ ਤੁਹਾਡੇ ਤੇ ਕੋਈ ਵੀ ਫਾਲਤੂ ਬੋਝ ਨਹੀਂ ਪਾਉਣਾ ਸੀ ਪਰ ਤੁਸੀਂ ਦੋਸ਼ ਲਾਇਆ ਕਿ ਨਾਲਾਇਕ ਹੋਣ ਕਰਕੇ ਮੈਂ ਪੜ੍ਹਨਾ ਨਹੀਂ ਚਾਹੁੰਦਾ। ਮੇਰੇ ਉਤੇ ਇਹ ਦੋਸ਼ ਲਾਇਆ ਕਿ ਮੈਂ ਝੂਠ ਬੋਲਦਾ ਹਾਂ। ਅੰਮ੍ਰਿਤਾ ਇਨ੍ਹੀਂ ਦਿਨੀਂ ਇੰਨੀਂ ਤਣਾਉਗ੍ਰਸਤ ਅਤੇ ਥੱਕੀ ਹੋਈ ਸੀ ਕਿ ਮੈਨੂੰ ਸਿਖਾਉਣ ਜੋਗੀ ਨਹੀਂ ਸੀ। ਆਪਣੇ ਆਪ ਮੈਂ ਪੜ੍ਹਨਾ ਨਹੀਂ ਸੀ ਕਿਉਂਕਿ ਮੈਨੂੰ ਡਰ ਸੀ ਕਿ ਜੇ ਮੈਂ ਗਲਤ ਭਾਸ਼ਾ ਸਿੱਖ ਗਿਆ, ਫਿਰ ਉਸਨੂੰ ਭੁੱਲਣ ਵਿਚ ਬੜੀ ਮੁਸ਼ਕਲ ਆਏਗੀ। ਜੇ ਤੁਹਾਡੇ ਕੋਲ ਕੁਝ ਦਿਆਲੂ ਲਫਜ਼ ਹੁੰਦੇ, ਮੇਰੇ ਲਈ ਫਾਇਦੇਮੰਦ ਹੋਣੇ ਸਨ। ਉਲਟਾ ਤੁਸੀਂ ਆਪਣੇ ਬੋਲਾਂ ਰਾਹੀਂ ਮੈਨੂੰ ਲਹੂ ਲੁਹਾਣ ਕਰਦੇ ਰਹੇ। ਮੈਂ ਇਕੱਲਾ ਰਹਿ ਗਿਆ, ਮੈਨੂੰ ਲੱਗਾ ਮੈਂ ਗੁਆਚ ਗਿਆ ਹਾਂ, ਆਪਣੇ ਆਲੇ ਦੁਆਲੇ ਦਿਸਦੇ ਤੇ ਅਣਦਿਸਦੇ ਦੁਸ਼ਮਣਾਂ ਵਿਚ ਘਿਰੇ ਹੋਏ ਨੂੰ ਮੈਨੂੰ ਪਤਾ ਨਾ ਲਗਦਾ ਆਪਣੀ ਰੱਖਿਆ ਕਿਵੇਂ ਕਰਾਂ। ਇਸ ਹਾਲਤ ਵਿਚ ਮੈਂ ਫੈਸਲਾ ਕੀਤਾ ਕਿ ਸਭ ਕੁਝ ਭੁੱਲ ਜਾਵਾਂ, ਕੇਵਲ ਜਿਉਂਦਾ ਰਹਾਂ। ਸੱਚ ਜਾਣਨਾ ਇਹ ਮੇਰੇ ਜੀਵਨ ਦੇ ਸਭ ਤੋਂ ਵੱਧ ਸੰਕਟਮਈ ਦਿਨ ਸਨ ਤੇ ਮੈਨੂੰ ਸੰਭਲਣ ਵਿਚ ਲੰਮਾ ਸਮਾਂ ਲੱਗਿਆ। ਮੈਂ ਖਾਮੋਸ਼ ਹੋ ਗਿਆ, ਜਿੰਨਾ ਚੁੱਪ ਰਹਿੰਦਾ, ਤੁਹਾਡਾ ਵਰਤਾਰਾ ਉਨਾ ਵਧੀਕ ਭੈੜਾ ਹੁੰਦਾ ਜਾਂਦਾ। ਮੈਨੂੰ ਕੇਵਲ ਆਪਣੀ ਪਿਆਰੀ ਪਤਨੀ ਅਮਰੀ ਉਪਰ ਵਿਸ਼ਵਾਸ ਸੀ, ਇਸ ਭੈੜੀ ਹਾਲਤ ਵਿਚ ਮੈਂ ਕੁਝ ਵੀ ਕਰਨ ਜੋਗਾ ਨਹੀਂ ਸਾਂ। ਆਪਣੇ ਦੇਸ਼ ਵਿਚ ਚੰਗਾ ਭਲਾ ਕਮਾਈ ਕਰਦਾ, ਖਾਂਦਾ ਪੀਂਦਾ ਇਥੇ ਆ ਕੇ ਮੈਂ ਤੁਹਾਡੇ ਤੇ ਨਿਰਭਰ ਹੋ ਗਿਆ। ਜੋ ਮੈਂ ਬਣਿਆ ਹਾਂ ਆਪਣੀ ਸਖਤ ਮਿਹਨਤ ਸਦਕਾ ਹਾਂ ਨਾ ਕਿ ਤੁਹਾਡੇ ਸਦਕਾ, ਜਿਵੇਂ ਕਿ ਹਰ ਵਕਤ ਤੁਸੀਂ ਆਖਦੇ ਰਹਿੰਦੇ ਹੋ, ਸਭ ਤੁਹਾਡੇ ਸਦਕਾ ਹੀ ਹੋਇਆ। ਸਾਡਾ ਰੇਸਤਰਾਂ ਤਾਂ ਚੱਲਿਆ ਨਾ, ਘਾਟਾ ਪਾ ਕੇ ਅਸੀਂ ਹੋਰ ਹੱਥ ਪੈਰ ਮਾਰਦੇ ਗੁਜ਼ਾਰਾ ਕਰਦੇ ਰਹੇ। ਮਾਂ ਨੇ ਜਿਹੜਾ ਖਤ ਮੈਨੂੰ ਲਿਖਿਆ, ਉਹ ਮੈਂ ਤੁਹਾਨੂੰ ਦਿਖਾ ਦਿੱਤਾ ਤੇ ਤੁਸੀਂ ਇਹਦੇ ਅਜੀਬ ਅਰਥ ਕੱਢੇ। ਮੈਂ ਬੁਡਾਪੈਸਟ ਵਿਚ ਇਨਾ ਸਖਤ ਕੰਮ ਕੀਤਾ ਕਿ ਆਰਾਮ ਕਰਨਾ ਭੁੱਲ ਗਿਆ, ਸਿਹਤ ਵਿਗੜਦੀ ਦੇਖ ਕੇ ਮਾਂ ਕਿਹਾ ਕਰਦੀ ਸੀ – ਮਾੜਾ ਮੋਟਾ ਖੇਡ ਆਇਆ ਕਰ, ਤੁਰ ਫਿਰ ਆਇਆ ਕਰ, ਮੈਂ ਕਿਤੇ ਨਾ ਜਾਂਦਾ। ਖਤ ਵਿਚ ਮਾਂ ਨੇ ਇਸ ਕਰਕੇ ਲਿਖਿਆ ਸੀ – ਵਿਕਟਰ ਐਕਸਰਸਾਈਜ਼ ਕਰਿਆ ਕਰ। ਤੁਸੀਂ ਇਸ ਦਾ ਮਤਲਬ ਕੱਢਿਆ ਕਿ ਮੇਰੀ ਮਾਂ ਨੂੰ ਪਤਾ ਹੈ ਕਿ ਮੈਂ ਕੰਮਚੋਰ ਹਾਂ। ''ਤੈਨੂੰ ਕੰਮ ਕਰਨ ਦੀ ਕੀ ਲੋੜ? ਸਰੀ ਜਾਂਦੈ। ਹਸਪਤਾਲ ਵਿਚ ਕੌਣ ਦੌੜ ਭੱਜ ਕਰਦਾ ਫਿਰੇ?'' ਮੈਂ ਚੁੱਪ ਚੁਪੀਤਾ ਭਲੇ ਦਿਨਾਂ ਦੀ ਉਡੀਕ ਕਰਦਾ ਰਹਿੰਦਾ। ਅਸੀਂ ਸਰਾਇਆ ਵੱਲ ਚੱਲ ਪਏ, ਲਗਦਾ ਸੀ ਦੂਰੀ ਕਾਰਨ ਮਾਹੌਲ ਠੀਕ ਹੋ ਜਾਵੇਗਾ। ਇਥੇ ਵੀ ਫਰਕ ਨਹੀਂ ਪਿਆ। ਹੱਦ ਉਦੋਂ ਹੋਈ ਜਦੋਂ ਤੁਸੀਂ ਮੈਨੂੰ ਹਰਾਮੀ ਅਤੇ ਮੇਰੇ ਪਾਪਾ ਨੂੰ ਸੁਸਤ ਸੂਰ ਕਿਹਾ। ਮੈਨੂੰ ਪਤੈ ਤੁਹਾਡੀ ਮਾਨਸਿਕ ਹਾਲਤ ਠੀਕ ਨਹੀਂ ਤਾਂ ਵੀ ਖਤਾਂ ਵਿਚ ਅਜਿਹਾ ਕੁਝ ਲਿਖਣ ਦਾ ਕੀ ਅਰਥ ? ਮੇਰੇ ਪਿਤਾ ਬਾਰੇ ਬਾਰ ਬਾਰ ਇਹੋ ਲਫਜ਼ ਵਰਤੇ। ਮੈਂ ਆਪਣੇ ਪਿਤਾ ਨੂੰ ਉਸਦੀ ਮੌਤ ਬਾਦ ਵੀ ਪਿਆਰ ਕਰਨੋਂ ਨਹੀਂ ਹਟਿਆ, ਉਹ ਮੈਨੂੰ ਦੇਵਤਾ ਲਗਦਾ ਹੈ। ਸਾਲਾਂ ਤੱਕ ਉਸਨੂੰ ਯਾਦ ਕਰਦਿਆਂ ਮਾਂ ਰੋ ਪੈਂਦੀ। ਅਮਰੀ ਅਤੇ ਮੈਂ ਦੁਖੀ ਹੁੰਦੇ ਰਹਿੰਦੇ ਜਦੋਂ ਤੁਸੀਂ ਸਾਡੇ ਉਪਰ ਆਪਣੇ ਵਲੋਂ ਕੀਤੇ ਉਪਕਾਰਾਂ ਦਾ ਜ਼ਿਕਰ

ਕਰਨੋਂ ਨਾ ਹਟਦੇ। ਮੈਂ ਵਿਸਥਾਰ ਵਿਚ ਨਹੀਂ ਜਾਵਾਂਗਾ ਕਿਉਂਕਿ ਹੰਝੂ ਮੇਰੀਆਂ ਪਲਕਾਂ ਤੱਕ ਪੁੱਜ ਗਏ ਹਨ। ਕੋਈ ਮਾਂ ਤੁਹਾਡੇ ਵਰਗੀ ਵੀ ਹੁੰਦੀ ਹੈ ? ਡਾਕਟਰ ਹੋਣ ਕਰਕੇ ਮੈਨੂੰ ਮਰੀਜ਼ਾਂ ਦੇ ਸੁਭਾਅ ਦੀ ਸਮਝ ਹੈ, ਇਸ ਕਰਕੇ ਉਹ ਗੱਲਾਂ ਵੀ ਸਮਝ ਜਾਨਾ ਜਿਨ੍ਹਾਂ ਬਾਰੇ ਹੋਰ ਲੋਕ ਨਹੀਂ ਸਮਝਦੇ।

– ਤੁਹਾਡੇ ਵੱਲੋਂ ਅਮਰੀ ਨੂੰ ਭੇਜਿਆ ਜਨਮ ਦਿਨ ਦੀ ਵਧਾਈ ਦਾ ਕਾਰਡ ਮਿਲਿਆ ਤਾਂ ਅਸੀਂ ਖੁਸ਼ ਹੋ ਗਏ, ਲੱਗਿਆ, ਹੁਣ ਭਲੇ ਦਿਨ ਆਉਣਗੇ। ਪਰ ਥੋੜ੍ਹੇ ਦਿਨਾਂ ਬਾਦ ਫਿਰ ਉਹੀ ਕੁਝ, ਬਿਨਾਂ ਕਿਸੇ ਕਾਰਨ ਦੇ ਮੇਰੀ ਬੇਇਜ਼ਤੀ, ਬਾਰ ਬਾਰ ਹੱਤਕ। ਮੇਰਾ ਨਾ ਸਹੀ ਤੁਹਾਨੂੰ ਆਪਣੀ ਧੀ ਦਾ ਖਿਆਲ ਰੱਖਣਾ ਚਾਹੀਦਾ ਹੈ ਜਿਹੜੀ ਇਕਦਮ ਮਾਸੂਮ ਹੈ। ਬੱਚੇ ਅਤੇ ਮਾਪੇ ਇਕ ਦੂਜੇ ਨੂੰ ਸਮਝ ਨਾ ਸਕਣ ਤਾਂ ਕਿੰਨਾ ਦੁੱਖ ਹੁੰਦਾ ਹੈ। ਇਕ ਦੂਜੇ ਨੂੰ ਸਮਝਣਾ ਬੜਾ ਆਸਾਨ ਕੰਮ ਹੈ। ਅੰਕਲ ਉਮਰਾਉ ਧੀਰਜਵਾਨ ਹੈ। ਉਸਦੀ ਈਮਾਨਦਾਰੀ ਸਦਕਾ ਮੈਂ ਉਸਨੂੰ ਬਹੁਤ ਪਿਆਰ ਕਰਦਾ ਹਾਂ। ਮੈਂ ਉਸ ਨਾਲ ਹਰ ਸਮੱਸਿਆ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਾਂ। ਆਪਣੀਆਂ ਆਦਤਾਂ, ਸੁਭਾਅ ਬਦਲਣ ਲਈ ਤਿਆਰ ਹਾਂ। ਮੈਂ ਤਾਂ ਇਸ ਤਰ੍ਹਾਂ ਦਾ ਬੰਦਾ ਹਾਂ ਕਿ ਦੋ ਮਿੱਠੇ ਬੋਲ ਬੋਲ ਕੇ ਮੇਰੇ ਤੋਂ ਜੋ ਮਰਜ਼ੀ ਕੰਮ ਲੈ ਲਉ।ਮੈਨੂੰ ਛਾਂਟੇ ਨਾਲ ਨਹੀਂ ਹੱਕਿਆ ਜਾ ਸਕਦਾ। ਮੈਂ ਹੁਣ ਅਬੋਧ ਬਾਲਕ ਨਹੀਂ ਹਾਂ। ਇਸ ਸਾਰੇ ਕੁਝ ਦੇ ਬਾਵਜੂਦ ਮੈਨੂੰ ਗੁੱਸਾ ਨਹੀਂ ਕਿਉਂਕਿ ਮੈਂ ਹਾਲਾਤ ਤੋਂ ਵਾਕਫ ਹਾਂ। ਅਮਰੀ ਨਾਲ ਸਲਾਹ ਕੀਤੀ ਕਿ ਇਸ ਹਾਲਤ ਵਿਚੋਂ ਕਿਵੇਂ ਨਿਕਲੀਏ, ਇਸ ਸਿੱਟੇ ਤੇ ਪੁੱਜੇ ਕਿ ਸਭ ਠੀਕ ਹੋ ਸਕਦਾ ਹੈ, ਬਸ ਤੁਸੀਂ ਸਾਨੂੰ ਆਪਣੇ ਦੁਸ਼ਮਣ ਨਾ ਸਮਝੋ। ਅਸੀਂ ਤੁਹਾਡਾ ਪੂਰਾ ਸਤਿਕਾਰ ਕਰਦੇ ਹਾਂ। ਗੁੱਸਾ ਤਿਆਗਣਾ ਤੁਹਾਡੇ ਤੇ ਨਿਰਭਰ ਕਰਦਾ ਹੈ, ਮੈਂ ਗੁੱਸੇ ਵਿਚ ਨਹੀਂ ਹਾਂ, ਉਦਾਸ ਜ਼ਰੂਰ ਹਾਂ। ਯਕੀਨ ਕਰੋ, ਭੂਤਕਾਲ ਨੂੰ ਜ਼ਾਲਮ ਵਾਂਗ ਯਾਦ ਨਹੀਂ ਕਰਾਂਗੇ, ਕਹਾਂਗੇ – ਇਹ ਸਾਡੀਆਂ ਗਲਤੀਆਂ ਦਾ ਸਮਾਂ ਸੀ। ਤੁਹਾਡੇ ਹੱਥ ਚੁੰਮਦਾ ਹੋਇਆ ਉਮੀਦ ਕਰਦਾ ਹਾਂ ਕਿ ਸਭ ਠੀਕ ਹੋ ਜਾਵੇਗਾ, ਜੀਵਨ ਅਤੇ ਭਵਿੱਖ ਸੁਖਦਾਈ ਹੋਣਗੇ।''

ਇਸ ਖਤ ਨਾਲ ਕੋਈ ਫਰਕ ਨਹੀਂ ਪਿਆ। ਮਾਂ ਨਿਰੰਤਰ ਗਾਲੀ ਗਲੋਚ ਭਰੇ, ਨਫਰਤ ਭਰੇ ਖਤ ਲਿਖਦੀ ਰਹੀ। ਅੰਮ੍ਰਿਤਾ ਨੇ ਪਿਤਾ ਨੂੰ ਲਿਖਿਆ – ਦਿਲ ਕਰਦਾ ਸੀ ਮਾਂ ਦੇ ਖਤ ਦੀ ਨਕਲ ਤੁਹਾਨੂੰ ਭੇਜ ਦਿੰਦੀ। ਸਾਨੂੰ ਉਹ ਬਦਕਾਰ, ਅਪਰਾਧੀ, ਗੰਦੇ, ਅਸਾਧਾਰਣ ਵਿਭਚਾਰੀ, ਹੰਢੇ ਹੋਏ ਬਦਮਾਸ਼ ਲਿਖਦੀ ਹੈ। ਇਹ ਵੀ ਲਿਖਿਆ ਹੈ ਕਿ ਵਿਕਟਰ ਨੂੰ ਮੈਡੀਸਿਨ ਦੀ ਕੋਈ ਸਮਝ ਨਹੀਂ। ਸਬੂਤ ਵਜੋਂ ਪ੍ਰਕਾਸ਼ ਦੇ ਬਲੱਡ ਟੈਸਟ ਦਾ ਗਲਤ ਨਤੀਜਾ ਦੱਸਦੀ ਹੈ। ਲੈਬ ਦੀ ਗਲਤੀ ਵਿਕਟਰ ਦੇ ਨਾਂ ਮੜ੍ਹ ਦਿੱਤੀ। ਕਹਿੰਦੀ ਹੈ ਇਹ ਵਿਕਟਰ ਦੀ ਸਾਜਸ਼ ਹੈ। ਉਹ ਭੁੱਲ ਗਈ ਕਿ ਸਿਵਲ ਸਰਜਨ ਸਮੇਤ ਡਾਕਟਰਾਂ ਦੀ ਟੀਮ ਦੇ ਯਤਨ ਫੇਲ੍ਹ ਹੋਣ ਪਿਛੋਂ ਵਿਕਟਰ ਨੇ ਪ੍ਰਕਾਸ਼ ਦੀ ਜਾਨ ਬਚਾਈ ਤੇ ਇਕ ਸਾਜਸ਼ ਨੂੰ ਨਾਕਾਮ ਕਰ ਦਿੱਤਾ। ਮੰਮੀ ਨੇ ਜਦੋਂ ਖੁਦਕੁਸ਼ੀ ਕਰਨ ਦਾ ਯਤਨ ਕੀਤਾ ਤਦ ਵੀ ਵਿਕਟਰ ਦੀ ਯੋਗਤਾ ਕਾਰਨ ਉਸਦੀ ਜਾਨ ਬਚੀ ਸੀ।

ਵਿਕਟਰ ਨੇ ਇਕਬਾਲ ਸਿੰਘ ਨੂੰ ਦੱਸਿਆ ਸੀ ਕਿ ਸਰਾਇਆ ਉਹ ਕਲੇਸ਼ ਤੋਂ ਬਚਣ ਵਾਸਤੇ ਥੋੜ੍ਹੇ ਸਮੇਂ ਲਈ ਆਏ ਹਨ, ਸੈਟਲ ਹੋਣ ਲਈ ਨਹੀਂ। ਹਸਪਤਾਲ ਦੇ ਸਟਾਫ ਨੂੰ ਉਸਨੇ ਇਲਾਜ ਦੀਆਂ ਨਵੀਆਂ ਤਕਨੀਕਾਂ ਦੱਸੀਆਂ। ਇਥੇ ਮਜੀਠੀਆ ਨਿਵਾਸ ਵਿਚ ਅੰਮ੍ਰਿਤਾ ਨੇ ਜਨਵਰੀ 1940 ਵਿਚ *'ਦ ਐਨਸ਼ਿਐਂਟ ਸਟੋਰੀ ਟੈਲਰ* ਪੇਂਟ ਕੀਤੀ। ਕਿਰਪਾਲ ਦੀ ਧੀ ਜੋਜੀ ਨੂੰ ਮਾਡਲ ਲੈ ਕੇ *ਪੀਂਘ* ਪੇਂਟ ਕੀਤੀ। ਯਸ਼ੋਧਰਾ ਡਾਲਮੀਆਂ ਲਿਖਦੀ ਹੈ – ਸੱਤਰ ਸਾਲ ਦੀ ਉਮਰ ਵਿਚ ਹੁਣ ਵੀ ਜੋਜੀ ਇਕ ਦਮ ਫੁਰਤੀਲੀ ਹੈ, ਅੰਮ੍ਰਿਤਾ ਨੂੰ ਯਾਦ ਕਰਦਿਆਂ ਕਹਿਣ ਲੱਗੀ – ਅਸੀਂ ਤਾਂ ਬੱਚੇ ਸਾਂ, ਉਹ ਜੀਵਨ ਦੀ ਸੰਪੂਰਨਤਾ ਮਾਣ ਰਹੀ ਸੀ। ਅਸੀਂ ਉਸ ਨਾਲ ਗੱਲਾਂ ਕਰਦੀਆਂ, ਛੇੜਛਾੜ ਕਰਦੀਆਂ, ਬਹੁਤ ਪਿਆਰੀ, ਨਿੱਘੀ, ਦਿਆਲੂ ਤੇ ਦੋਸਤਾਨਾ ਸੁਭਾਅ ਵਾਲੀ। ਮੈਨੂੰ ਮਸਾਂ ਇਕ ਘੰਟਾ ਸਾਹਮਣੇ ਬਿਠਾ ਕੇ ਸਕੈਚ ਬਣਾਇਆ, ਇਕ ਹਫਤਾ ਰੰਗ ਭਰਨ ਨੂੰ ਲੱਗਿਆ। ਬੜਾ ਤੇਜ਼ ਬਰੱਸ਼ ਚੱਲਦਾ ਸੀ। ਮੈਨੂੰ ਗਿਫਟ ਵਜੋਂ ਦੇਣ ਲੱਗੀ ਤਾਂ ਮੈਂ ਕਿਹਾ – ਆਪਣੇ ਕੋਲ ਹੀ ਰੱਖ ਲਉ। ਕਹਿਣ ਲੱਗੀ – ਠੀਕ ਐ, ਜਦੋਂ ਦਿਲ ਕਰੇ ਲੈ ਜਾਈਂ।

ਅਕਤੂਬਰ 1940 ਵਿਚ ਜਵਾਹਰ ਲਾਲ ਨਹਿਰੂ ਯੂਪੀ ਦਾ ਦੌਰਾ ਕਰਦਿਆਂ ਗੋਰਖਪੁਰ ਆਇਆ, ਹੁਣ ਉਹ ਬਰਿਟਿਸ਼ ਰਾਜ ਵਿਰੁੱਧ ਲੋਕਾਂ ਨੂੰ ਤੇਜ਼ੀ ਨਾਲ ਲਾਮਬੰਦ ਕਰ ਰਿਹਾ ਸੀ, ਦੂਜੀ ਸੰਸਾਰ ਜੰਗ ਵਿਚ ਅੰਗਰੇਜ਼ਾਂ ਦੀ ਮੱਦਦ ਨਾ ਕਰਨ ਲਈ ਪ੍ਰੇਰ ਰਿਹਾ ਸੀ। ਛੇ ਅਕਤੂਬਰ ਨੂੰ ਗੋਰਖਪੁਰ ਵਿਚ ਭਾਸ਼ਣ ਦਿੱਤਾ। ਇਥੇ ਗੋਰਖਪੁਰ ਦੇ ਥਾਣੇ ਵਿਚ ਉਸ ਵਿਰੁੱਧ ਬਗਾਵਤ ਦਾ ਕੇਸ ਦਰਜ ਹੋਇਆ। ਅੰਮ੍ਰਿਤਾ ਨਹਿਰੂ ਨੂੰ ਮਿਲੀ। ਨਹਿਰੂ ਨੇ ਕਿਹਾ – ਸਟੇਸ਼ਨ ਤੱਕ ਮੈਨੂੰ ਛੱਡ ਕੇ ਆ। ਉਥੇ ਉਸਦੀ ਗ੍ਰਿਫਤਾਰੀ ਹੋਈ। ਗਿਆਰਾਂ ਅਕਤੂਬਰ, ਮਾਂ ਨੂੰ ਲਿਖਿਆ – ਕੁਝ ਦਿਨ ਪਹਿਲਾਂ ਨਹਿਰੂ ਨਾਲ ਮੁਲਾਕਾਤ ਹੋਈ, ਹਮੇਸ਼ ਵਾਂਗ ਸੁਹਣਾ। ਉਸਨੇ ਪੁਰਾਣੇ ਦਿਨ ਯਾਦ ਕੀਤੇ, ਪਿਤਾ ਜੀ ਨੂੰ ਯਾਦ ਕੀਤਾ।

ਇਕ ਪਾਸੇ ਸੰਘਰਸ਼ਸ਼ੀਲ ਸਿਆਸਤਦਾਨ, ਵਿਚਕਾਰ ਜਦੋਜਹਿਦ ਕਰ ਰਹੀ ਕਲਾਕਾਰ, ਤੀਜੇ ਪਾਸੇ ਵਿਕਟਰ। ਇਸ ਆਖਰੀ ਮੁਲਾਕਾਤ ਦੀ ਫੋਟੋ ਪ੍ਰਾਪਤ ਹੈ।

ਮਜੀਠੀਆ ਪਰਿਵਾਰ ਅਕਸਰ ਸ਼ਿਕਾਰ ਮੁਹਿੰਮਾਂ ਉਤੇ ਜਾਂਦਾ। ਇਕ ਵਾਰ ਅੰਮ੍ਰਿਤਾ ਅਤੇ ਵਿਕਟਰ ਵੀ ਗਏ। ਵਿਕਟਰ ਨੇ ਚੀਤੇ ਦਾ ਸ਼ਿਕਾਰ ਕੀਤਾ, ਅੰਮ੍ਰਿਤਾ ਨੇ ਦੇਖਿਆ, ਇਸਦੀ ਫੋਟੋ ਖਿੱਚੀ। ਪਲ ਛਿਣ ਵਿਚ ਚੀਤੇ ਦਾ ਕੰਮ ਤਮਾਮ ਹੁੰਦਾ ਸਭ ਨੇ ਦੇਖਿਆ।

ਇੰਦਰਾ ਨੂੰ ਖਤ – ਮੈਂ ਤੇ ਵਿਕਟਰ ਇਕ ਦੂਜੇ ਨੂੰ ਬਹੁਤ ਚਾਹੁੰਦੇ ਹਾਂ। ਜਦੋਂ ਦੋਵੇਂ ਇਕੱਲੇ ਹੋਈਏ, ਚੁੱਪ ਕਰਕੇ ਬੈਠੇ ਰਹਿੰਦੇ ਹਾਂ, ਉਹ ਉਬਾਸੀਆਂ ਲੈਣ ਲੱਗਦਾ ਹੈ, ਮੈਂ ਲਗਾਤਾਰ ਡਿਪਰੈਸ਼ਨ ਵਿਚ ਉਤਰਦੀ ਜਾਂਦੀ ਹਾਂ, ਜਿਵੇਂ ਇਕ ਦੂਜੇ ਉਪਰ ਬੋਝ ਬਣੇ ਹੋਈਏ, ਫਿਰ ਸਾਡੇ ਵਿਚੋਂ ਇਕ ਜਣਾ ਕਹਿ ਦਿੰਦਾ ਹੈ – ਚਲੋ ਸ਼ਤਰੰਜ ਖੇਡੀਏ। ਸ਼ਤਰੰਜ ਸਿੱਖ ਰਹੀ ਹਾਂ, ਬਰਿੱਜ ਵਰਗੀ ਹੀ ਹੈ। ਬੇਸ਼ਕ ਇਸ ਬਾਰੇ ਸਾਡੇ ਵਿਚੋਂ ਕੋਈ ਜਣਾ ਕੁਝ ਨਹੀਂ ਬੋਲਦਾ, ਪਰ ਅਸੀਂ ਹੇਠਾਂ ਉਦਾਸੀ ਵਲ ਸਰਕਦੇ ਜਾਂਦੇ ਹਾਂ। ਜਦੋਂ ਮੈਂ ਇਸ ਦੇ ਕਾਰਨ ਲੱਭਣ ਲਗਦੀ ਹਾਂ, ਉਦੋਂ ਠੀਕ ਹੋ ਜਾਂਦੀ ਹਾਂ। ਦੋ ਜਜ਼ਬਾਤੀ ਬੰਦੇ ਦੇਰ ਤੱਕ ਇਕੱਠੇ ਰਹਿਣ ਤਾਂ ਇਸ ਤਰ੍ਹਾਂ ਦੀ ਰੁਕਾਵਟ ਆ ਜਾਇਆ ਕਰਦੀ ਹੈ, ਇਕ ਤਰ੍ਹਾਂ ਦੀ ਨੈਤਿਕ ਸੁੰਨ, ਇਕ ਪਹਾੜੀ ਜਿਥੇ ਚੜ੍ਹ ਨਾ ਸਕੀਏ।

ਪਿਤਾ ਨੂੰ ਲਿਖਿਆ – ਪੱਥਰ ਤ੍ਰਾਸ਼ਣ ਦਾ ਕੰਮ ਵੀ ਕੀਤਾ, ਸਾਰੇ ਆਖ ਰਹੇ ਨੇ ਵਧੀਐ, ਮੈਨੂੰ ਖਾਸ ਨਹੀਂ ਲੱਗਿਆ। ਤਿੰਨ ਸਾਧੂਆਂ ਦੀ ਪੇਂਟਿੰਗ ਬਣਾਈ ਹੈ। ਅਪਰਾਧੀ ਦਿਖਾਈ ਦਿੰਦੇ ਹਨ। ਇਹੋ ਜਿਹੇ ਬੰਦਿਆਂ ਨਾਲ ਚਾਚਾ ਜੀ ਕਿਵੇਂ ਮੇਲ ਜੋਲ ਰੱਖ ਲੈਂਦੇ ਹਨ, ਪਤਾ ਨਹੀਂ। ਇਹ ਬੰਦੇ ਸਹੀ ਨਹੀਂ, ਅਕਲਮੰਦ ਨਹੀਂ, ਈਰਖਾਲੂ ਹਨ, ਸੌਦੇਬਾਜ਼ ਹਨ। ਤੁਸੀਂ ਇਥੇ ਹੁੰਦੇ ਇਨ੍ਹਾਂ ਦੀ ਖੱਲ ਉਧੇੜ ਦਿੰਦੇ।

ਜਨਵਰੀ 1941 ਵਿਚ ਕਾਰਲ ਖੰਡਾਲਵਾਲਾ ਇਨ੍ਹਾਂ ਨੂੰ ਮਿਲਣ ਸਰਾਇਆ ਆਇਆ, ਅੰਮ੍ਰਿਤਾ ਪੇਂਟ ਕਰ ਰਹੀ ਸੀ। ਦੇਖਦਿਆਂ ਕਿਹਾ – ਜਦੋਂ ਇਹ ਕੈਨਵਸ ਦੇ ਸਾਹਮਣੇ ਹੁੰਦੀ ਹੈ ਉਦੋਂ ਬਾਕੀ ਦਾ ਸੰਸਾਰ ਬਿਲਕੁਲ ਨਹੀਂ ਹੁੰਦਾ। ਅੰਮ੍ਰਿਤਾ ਨੂੰ ਲੈ ਕੇ ਕੁਸ਼ੀ-ਨਗਰ ਚਲਾ ਗਿਆ ਜਿੱਥੇ ਬੁੱਧ ਦਾ ਦੇਹਾਂਤ ਹੋਇਆ ਸੀ। ਉਥੇ ਤਿੰਨ ਦਿਨ ਰਹੇ। ਕਾਰਲ ਨੇ ਉਸ ਦੇ ਹੁਨਰ ਵਿਚਲੇ ਗੁਣ ਦੱਸੇ, ਹੌਸਲਾ ਅਫਜ਼ਾਈ ਕੀਤੀ ਜਿਸ ਨਾਲ ਉਹ ਮੁੜ ਉਤਸ਼ਾਹਿਤ ਹੋ ਗਈ, ਬਰੱਸ਼ ਚੱਲਿਆ, ਪਰ ਥੋੜ੍ਹੇ ਦਿਨਾਂ ਬਾਦ ਫਿਰ ਉਦਾਸੀ ਦੇ ਆਲਮ ਵਿਚ ਘਿਰ ਗਈ। ਇੰਦਰਾ ਨੂੰ 14 ਮਾਰਚ 1941 ਦੇ ਦਿਨ ਲਿਖਿਆ – ਖਾਲੀ ਅਹਿਸਾਸ, ਅਸੰਤੁਸ਼ਟ, ਖਿਝੀ ਹੋਈ, ਤੇਰੇ ਵਾਂਗ ਰੋ ਵੀ ਨਹੀਂ ਸਕਦੀ। ਮਾਰੂ ਸ਼ਕਤੀਆਂ ਮੇਰਾ ਸਮਤੋਲ ਵਿਗਾੜ ਰਹੀਆਂ ਹਨ। ਥੋੜ੍ਹੇ ਹਨ ਜਿਨ੍ਹਾਂ ਨੂੰ ਮੇਰੇ ਕੰਮ ਦੀ ਜਾਣਕਾਰੀ ਹੈ। ਕੁੱਝ ਚੰਗਾ ਨਹੀਂ ਲਗਦਾ। ਅਖੀਰ ਮੈਂ ਫੈਸਲਾ ਕਰ ਲਿਐ ਕਿ ਸ਼ਮਸ਼ਾਨਘਾਟ ਨਹੀਂ ਚਿਤ੍ਰਨਾ।

ਸ਼ਮਸ਼ਾਨਘਾਟ ਦਾ ਦ੍ਰਿਸ਼ ਪੇਂਟ ਤਾਂ ਨਹੀਂ ਕਰ ਸਕੀ, ਸਕੈਚ ਬਣਾ ਦਿੱਤਾ। ਕੱਫਨ ਵਿਚ ਲੇਟੀ ਹੋਈ ਕੁੜੀ, ਖੁਸ਼ੀ ਤੋਂ ਪਾਰ ਸ਼ਾਂਤੀ ਦਾ ਅਹਿਸਾਸ। ਰਬੜ ਨਾਲ ਮਿਟਾ ਮਿਟਾ ਕੇ ਨਹੀਂ, ਪੱਕੇ ਹੱਥ ਨਾਲ ਇਕੋ ਵਾਰ ਲਕੀਰਾਂ ਵਾਹ ਦਿੱਤੀਆਂ।

ਕਾਰਲ ਨੂੰ ਲਿਖਿਆ – ਬਸੋਹਲੀ ਮਿਨੀਏਚਰਜ਼ ਦੇਖੀਆਂ। ਰਾਧਾ ਕ੍ਰਿਸ਼ਨ ਕਮਾਲ ਚਿਤਰੇ ਹਨ। ਮੈਂ ਇਨ੍ਹਾਂ ਚਿੱਤਰਾਂ ਨੂੰ ਦੇਖਦੀ ਰਹੀ ਤਾਂ ਗੋਗੈਂ ਸਾਹਮਣੇ ਆਉਂਦਾ ਰਿਹਾ, ਉਸਦੀ ਪੇਂਟਿੰਗ *ਓਤਾਹੀ*(1897) ਦੇਖੋ – ਔਰਤ, ਤੰਗ ਨੀਲਾ ਦੁਮੇਲ, ਹੇਠਾਂ ਲਿਸ਼ਕਦਾ ਪੀਲਾ ਰੰਗ, ਹੈਰਾਨੀਕੁਨ ਸਮਾਨਤਾ। ਉਸਦੀ *ਪਾਸਤੇਰਾਲਾ ਤਹਿਤੀਨੈਸ* (1897) ਦੇਖੋ। ਵਖ ਵਖ ਸਭਿਆਤਾਵਾਂ, ਵਖ ਵਖ ਸਮਿਆਂ ਦਾ ਮਹਾਨ ਆਰਟ ਇਕ ਦੂਜੇ ਨਾਲ ਕਿੰਨਾ ਮਿਲਦਾ ਹੈ। ਕੌਣ ਮੰਨੇਗਾ ਕਿ ਬਸੋਹਲੀ ਆਰਟ ਅਤੇ ਗੋਗੈਂ ਇਕੋ ਸ਼ੈਲੀ ਵਿਚ ਹਨ।

ਪੈਰਿਸ ਵਿਚ *'ਦ ਯੰਗ ਗਰਲਜ਼* 1932 ਵਿਚ ਬਣਾਈ, ਭਰਪੂਰ ਪ੍ਰਸ਼ੰਸਾ ਮਿਲੀ, ਇਸ ਸਦਕਾ 1933 ਵਿਚ ਗ੍ਰੈਂਡ ਸੈਲੂਨ ਆਫ ਪੈਰਿਸ ਵਿਚ ਐਸੋਸਿਏਟ ਚੁਣੀ ਗਈ। ਸਾਲ 1935 ਵਿਚ, *ਥਰੀ ਗਰਲਜ਼* ਸ਼ਿਮਲੇ ਵਿਚ ਬਣਾਈ। ਦੋਵਾਂ ਵਿਚ ਫਰਕ ਪ੍ਰਤੱਖ ਹੈ, ਪਹਿਲੀ ਵਿਚੋਂ ਪੱਛਮ ਦਿਸ ਰਿਹਾ ਹੈ, ਦੂਜੀ ਵਿਚ ਪੂਰਬ। ਪਹਾੜੀ ਮਰਦਾਂ ਔਰਤਾਂ ਦੇ ਚਿਤਰਾਂ ਵਿਚ ਭਾਰਤੀ ਪ੍ਰਭਾਵ ਤਾਂ ਹੈ ਹੀ ਪਰ ਪਾਲ ਗੋਗੈਂ ਨੇ 1888 ਵਿਚ ਜੋ *'ਦ ਸਰਮਨ ਆਫਟਰ ਏ ਵਿਜ਼ਿਨ* ਬਣਾਈ ਸੀ, ਉਸਦੇ ਪ੍ਰਭਾਵ ਵੀ ਮੌਜੂਦ ਹਨ।

ਜਰਮਨ ਪੇਂਟਰ ਜਿਸਨੇ ਪਾਕਿਸਤਾਨ ਦੀ ਨਾਗਰਿਕਤਾ ਲੈ ਕੇ ਇਸਮਤ ਰਹੀਮ(1904-63) ਨਾਮ ਰੱਖਿਆ ਅੰਮ੍ਰਿਤਾ ਨੂੰ ਸ਼ਿਮਲੇ ਮਿਲੀ ਜਿੱਥੇ ਉਸਦਾ ਪਤੀ ਜੇ.ਏ. ਰਹੀਮ ਅਫਸਰ ਲੱਗਾ ਹੋਇਆ ਸੀ। ਦੋਵੇਂ ਮਿਊਨਖ ਵਿਚ ਇਕੱਠੇ ਪੜ੍ਹਦੇ ਸਨ। ਅੰਮ੍ਰਿਤਾ ਨੇ ਉਸਨੂੰ ਮੈਲਕਮ ਦਾ ਪੋਰਟ੍ਰੇਟ ਦਿੱਤਾ। ਇਹ ਜੋੜਾ ਕਰਾਚੀ ਵਿਚ ਵਸ ਗਿਆ ਜਿਥੇ ਇਸਮਤ ਨੇ ਆਰਟਸ ਕੌਂਸਲ ਦੀ ਸਥਾਪਨਾ ਕੀਤੀ। ਉਸਦੀ ਪੇਂਟਿੰਗ *ਦੋ ਔਰਤਾਂ* (1960) ਦੇਖੋ। ਦੋ ਜਣੀਆਂ ਮੰਜੀ ਤੇ ਬੈਠੀਆਂ ਦੇਖਕੇ ਤੁਹਾਨੂੰ ਅੰਮ੍ਰਿਤਾ ਦੀ ਸ਼ੈਲੀ ਦਾ ਝਲਕਾਰਾ ਸਾਫ ਦਿੱਸੇਗਾ। ਪੈਰਿਸ ਵਿਚ ਅੰਮ੍ਰਿਤਾ ਨੇ *ਯੰਗ ਗਰਲਜ਼* ਨਾਮ ਦੀ ਜਿਹੜੀ ਪੇਂਟਿੰਗ ਬਣਾ ਕੇ ਵਾਹਵਾ ਖੱਟੀ ਸੀ, ਉਸ ਬਾਰੇ ਇਸਮਤ ਲਿਖਦੀ ਹੈ *ਯੰਗ ਗਰਲਜ਼* ਅੰਦਰ ਬੈਠੀਆਂ ਕੁੜੀਆਂ ਦਾ ਸੀਨ ਹੈ,। ਕਮਰੇ ਵਿਚ ਆਰਾਮ ਨਾਲ ਬੈਠੀਆਂ ਹਨ, ਕੁਝ ਦਿਲਚਸਪ ਨਹੀਂ ਕਰਦੀਆਂ, ਦੇਖਣ ਨੂੰ ਵੀ ਬਹੁਤ ਸੁਹਣੀਆਂ ਨਹੀਂ, ਬਸ ਦੋ ਕੁੜੀਆਂ, ਇਕ ਗੋਰੀ ਦੂਜੀ ਪੱਕੇ ਰੰਗ ਵਾਲੀ। ਪਰ ਦ੍ਰਿਸ਼ ਤੁਹਾਨੂੰ ਧੂ ਪਾਉਂਦਾ ਹੈ। ਇਹੋ ਜਿਹੀ ਸ਼ਾਨਦਾਰ ਤਸਵੀਰ 19 ਸਾਲ ਦੀ ਕੁੜੀ ਨੇ ਬਣਾ ਦਿੱਤੀ। ਤਾਕਤਵਰ, ਮਰਦਾਨਗੀ ਦੀ ਝਲਕ ਵਾਲੀ।

ਪੱਛਮ ਵਿਚ ਕਲਾਕਾਰ ਔਰਤਾਂ ਗਰੁੱਪ ਬਣਾ ਕੇ, ਯੂਨੀਅਨਾਂ ਬਣਾ ਕੇ ਕੰਮ ਕਰਦੀਆਂ, ਮੁਕਤੀ ਲਈ ਸੰਘਰਸ਼ ਕਰਦੀਆਂ। ਹਰ ਦੇਸ ਵਿਚ ਕੋਈ ਨਾ ਕੋਈ ਇਸਤਰੀ ਕੌਂਸਲ ਹੁੰਦੀ। ਭਾਰਤ ਵਿਚ ਅਜਿਹੀ ਕੋਈ ਇਸਤਰੀ ਜਥੇਬੰਦੀ ਨਹੀਂ ਸੀ, ਨਾ ਅੰਮ੍ਰਿਤਾ ਨੂੰ ਇਸ ਦੀ ਲੋੜ ਪਈ। ਉਹ ਏਨੀ ਦਲੇਰ ਸੀ ਕਿ ਉਸਨੂੰ ਜਥੇਬੰਦੀ ਦੀ ਲੋੜ ਨਹੀਂ ਸੀ, ਕਮਜ਼ੋਰ ਹੁੰਦੀ ਤਾਂ ਖੁਦ ਵੀ ਜਥੇਬੰਦੀ ਬਣਾ ਸਕਦੀ ਸੀ। ਮਹਾਤਮਾ ਗਾਂਧੀ ਦਾ ਆਜ਼ਾਦੀ ਅੰਦੋਲਨ, ਸਤਿਆਗ੍ਰਹਿ, ਸ਼ਾਂਤਮਈ ਸੀ ਇਸ ਕਰਕੇ ਇਧਰ ਤਾਂ ਔਰਤਾਂ ਰੁਚਿਤ ਹੋ ਰਹੀਆਂ ਸਨ, ਸਰੋਜਨੀ ਨਾਇਡੂ ਵਾਂਗ ਅਗਵਾਈ ਕਰਨ ਲੱਗ ਪਈਆਂ ਸਨ, ਪਰ ਆਰਟ ਦਾ ਖੇਤਰ ਕੇਵਲ ਮਰਦਾਂ ਵਾਸਤੇ ਸੁੰਨਾ ਪਿਆ ਸੀ। ਸਖਤ ਵਿਰੋਧਾਂ ਵਿਚ ਅੰਮ੍ਰਿਤਾ ਨਿਰੰਤਰ ਕਾਰਜਸ਼ੀਲ ਰਹੀ।

1941 ਦੇ ਸ਼ੁਰੂ ਵਿਚ ਲਾਹੌਰ ਗਏ ਜਿਥੇ ਰਹਿਣ ਦਾ ਇਰਾਦਾ ਸੀ, ਸੰਖੇਪ ਸਰਵੇ ਕਰਕੇ ਪਰਤ ਆਏ।

26 ਸਾਲ ਦੀ ਅੰਮ੍ਰਿਤਾ ਨੇ ਜਦੋਂ ਲਾਹੌਰ ਨੁਮਾਇਸ਼ ਲਾਈ ਤਾਂ ਉਸਨੂੰ ਪਤਾ ਲੱਗਾ ਕਿ ਉਸਦਾ ਬਚਪਨ ਦਾ ਆਰਟ ਟੀਚਰ ਪੈਟਮੈਨ ਲਾਹੌਰ ਵਿਚ ਹੈ, ਤੁਰੰਤ ਉਸਨੂੰ ਸੱਦਿਆ। ਜੁਆਨ ਹੋਈ ਅੰਮ੍ਰਿਤਾ ਦੀ ਸੁੰਦਰਤਾ ਦੇਖੀ, ਆਤਮ ਵਿਸ਼ਵਾਸ ਦੇਖਿਆ ਤੇ ਕਲਾ ਕ੍ਰਿਤਾਂ ਦੇਖ ਕੇ ਪੈਟਮੈਨ ਨੇ ਮਾਪਿਆਂ ਨੂੰ ਸਲਾਹ ਦਿੱਤੀ – ਪਹਿਲਾਂ ਲੰਦਨ ਸਲੇਡ ਸਕੂਲ ਵਿਚ ਡ੍ਰਾਇੰਗਜ਼ ਸਿਖਣ ਲਈ ਫਿਰ ਪੈਰਿਸ ਦੇ ਬਿਓ ਆਰਟਸ ਸਕੂਲ ਵਿਚ ਰੰਗਾਂ ਦੀ ਟ੍ਰੇਨਿੰਗ ਲਈ ਭੇਜੋ। ਉਸਦੀ ਇਸ ਸਲਾਹ ਉਤੇ ਅਮਲ ਨਾ ਹੋ ਸਕਿਆ।

ਫਿਰ ਜੂਨ ਵਿਚ ਗਏ, ਸਭ ਤੋਂ ਪਹਿਲਾਂ ਇਕਬਾਲ ਸਿੰਘ ਨੂੰ ਮਿਲੇ ਜੋ ਆਲ ਇੰਡੀਆ ਰੇਡੀਓ ਵਿਚ ਕੰਮ ਕਰਦਾ ਸੀ। ਸ਼ਿਮਲੇ ਉਹ ਅੰਮ੍ਰਿਤਾ ਨੂੰ ਵਿਆਹ ਤੋਂ ਪਹਿਲੋਂ ਦਾ ਜਾਣਦਾ ਸੀ ਤੇ ਦੋਸਤਾਂ ਵਿਚੋਂ ਸੀ। ਉਸਨੇ ਲਿਖਿਆ – 1934 ਵਿਚ ਜਦੋਂ ਪੈਰਿਸੋਂ ਵਾਪਸ ਆਈ, ਇਕ ਦਿਨ ਸ਼ਿਮਲੇ ਦੇ ਪ੍ਰਸਿੱਧ ਰੇਸਤਰਾਂ ਦੇਵਿਕੋ ਅੰਦਰ ਲੰਘ ਆਈ, ਹਾਲ ਵਿਚ ਖਾਮੋਸ਼ੀ ਛਾ ਗਈ, ਹਰੇਕ ਦੀਆਂ ਨਜ਼ਰਾਂ ਉਸ ਵੱਲ, ਗੂੜ੍ਹੀ ਹਰੀ ਸਾੜ੍ਹੀ, ਸੂਹਾ ਬਲਾਊਜ਼, ਤਿੱਬਤੀ ਗਹਿਣੇ। ਕੁਝ ਦਿਨ ਬਾਦ ਇਕਬਾਲ ਨੂੰ ਘਰ ਸੱਦ ਕੇ ਆਪਣਾ ਸਟੂਡੀਓ ਦਿਖਾਇਆ, ਦੇਖਦਿਆਂ ਇਕਬਾਲ ਨੇ ਖੂਬ ਦਾਦ ਦਿੱਤੀ, ਕਿਹਾ ਕਿ ਗੋਗੈਂ ਵਰਗੇ ਤਜਰਬੇ ਹਨ। ਸਾਰੇ ਵਾਕ ਉਸਨੂੰ ਖੁਸ਼ ਕਰਨ ਲਈ ਕਹੇ, ਖੁਸ਼ ਹੋ ਗਈ। ਦੀਵਾਨ ਚਮਨਲਾਲ ਨੂੰ ਵੀ ਲਾਹੌਰ ਮਿਲੇ, ਉਸਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਭਰਤੀ ਹੋ ਕੇ ਡਾਕਟਰ ਇਥੋਂ ਫੌਜ ਨਾਲ ਚਲੇ ਗਏ ਹਨ, ਹੁਣ ਪ੍ਰੈਕਟਿਸ ਕਰਨ ਦਾ ਸਹੀ ਮੌਕਾ ਹੈ। ਅੰਮ੍ਰਿਤਾ ਨੂੰ ਆਰਟ ਦੇ ਪੱਖ ਤੋਂ ਲਾਹੌਰ ਆਪਣੇ ਲਈ ਠੀਕ ਥਾਂ ਲੱਗਾ। ਵਿਕਟਰ ਵਾਪਸ ਸਰਾਇਆ ਆ ਗਿਆ ਤੇ ਉਹ ਚਮਨਲਾਲ ਹੁਰਾਂ ਕੋਲ ਬਾਦ ਵਿਚ ਵੀ ਰਹੀ। ਇਥੇ ਸੋਵੀਅਤ ਪੇਂਟਰ ਸਵੇਤੋਸਲਾਵ ਰੋਰਿਖ ਨੂੰ ਮਿਲੀ ਜੋ ਆਪਣੇ ਪਿਤਾ ਪ੍ਰਸਿੱਧ ਆਰਟਿਸਟ ਨਿਕੋਲਸ ਨਾਲ ਆਇਆ ਹੋਇਆ ਸੀ, ਪਿਤਾ ਨੇ ਕੁੱਲੂ ਅਤੇ ਹਿਮਾਲੀਆ ਦੇ ਬਹੁਤ ਵਧੀਆ ਚਿਤਰ ਬਣਾਏ ਸਨ। ਪਿਛੋਂ ਜਾ ਕੇ 1945 ਵਿਚ ਸਵੇਤੋਸਲਾਵ ਨੇ ਟੈਗੋਰ ਦੀ ਪੋਤੀ, ਪ੍ਰਸਿੱਧ ਫਿਲਮ ਅਭਿਨੇਤਰੀ ਦੇਵਿਕਾ ਰਾਣੀ ਨਾਲ ਵਿਆਹ ਕਰਵਾਇਆ। ਦੇਵਿਕਾ ਰਾਣੀ *ਅਛੂਤ ਕੰਨਿਆਂ* ਫਿਲਮ ਰਾਹੀਂ 1936 ਵਿਚ ਹੀ ਪ੍ਰਸਿੱਧ ਹੋ ਚੁੱਕੀ ਸੀ।

ਲਾਹੌਰ ਤੋਂ ਸਿਮਲੇ ਆ ਗਈ, ਦੇਖਿਆ ਕਿ ਇੰਦਰਾ ਅਤੇ ਉਸਦੇ ਪਤੀ ਨੇ ਉਸਦੇ ਸਟੂਡੀਓ ਤੇ ਕਬਜ਼ਾ ਕਰ ਲਿਆ ਹੈ। ਦੂਜੇ ਕਮਰੇ ਵਿਚ ਚਲੀ ਗਈ ਪਰ ਪੇਂਟ ਕਿਥੇ ਕਰੇ? ਅੰਮ੍ਰਿਤਾ, ਇੰਦਰਾ ਨੂੰ ਪਿਆਰ ਕਰਦੀ ਸੀ ਪਰ ਇੰਦਰਾ ਨੂੰ ਉਸ ਨਾਲ ਈਰਖਾ ਸੀ ਕਿਉਂਕਿ ਅੰਮ੍ਰਿਤਾ ਜਿੰਨੀ ਸੁਹਣੀ ਨਹੀਂ ਸੀ, ਉਨੀ ਹਰਮਨ ਪਿਆਰੀ ਨਹੀਂ ਸੀ। ਜਦੋਂ ਵਿਕਟਰ ਨਾਲ ਇੰਡੀਆ ਆਈ, ਅੰਮ੍ਰਿਤਾ ਕੋਲ ਪੈਸੇ ਨਹੀਂ ਸਨ ਜਦੋਂ ਕਿ ਇੰਦਰਾ ਧਨੀ ਸੀ, ਉਸਨੂੰ ਇਸ ਗੱਲ ਦਾ ਵੀ ਫਖਰ ਸੀ, ਅਕਸਰ ਸ਼ੇਖੀਆਂ ਮਾਰਦੀ ਰਹਿੰਦੀ। ਇੰਦਰਾ ਨੇ ਇਕ ਵਾਰ ਡਿਨਰ ਦਿਤਾ ਜਿਸ ਵਿਚ ਤਿੰਨ ਵਿਦੇਸ਼ੀ ਮਹਿਮਾਨ ਆਏ। ਕੰਧਾਂ ਉਤੇ ਪੇਂਟਿੰਗਜ਼ ਦੇਖ ਕੇ ਚਿਤਰਕਾਰ ਬਾਰੇ ਪੁੱਛਿਆ। ਅੰਮ੍ਰਿਤਾ ਨਾਲ ਗੱਲਾਂ ਕਰਨ ਲੱਗੇ, ਇੰਦੂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਤੇ ਅੰਮ੍ਰਿਤਾ ਦੇ ਹੁਨਰ ਤੋਂ ਬੇਹੱਦ ਪ੍ਰਭਾਵਿਤ ਹੋਏ। ਉਨ੍ਹਾਂ ਦੇ ਜਾਣ ਪਿਛੋਂ ਇੰਦਰਾ ਨੇ ਹੰਗਾਮਾ ਖੜ੍ਹਾ ਕਰ ਦਿੱਤਾ ਕਿ ਹਰ ਥਾਂ ਚੌਧਰਾਣੀ ਕਿਵੇਂ ਬਣ ਜਾਂਦੀ ਹੈ। ਅੰਮ੍ਰਿਤਾ ਨੇ ਕਿਹਾ – ਇਹ ਗੱਲ ਹੈ ਤਾਂ ਅੱਜ ਤੋਂ ਬਾਦ ਮੈਂ ਇਸ ਛੱਤ ਹੇਠ ਨੀਂ ਰਹਾਂਗੀ। ਇੰਦੂ ਨੇ ਕਿਹਾ – ਠੀਕ, ਹੁਣੇ ਦਫਾ ਹੋ। ਦਸ ਮੀਲ ਦਾ ਪੈਦਲ ਸਫਰ ਪਹਾੜੀ ਚੜ੍ਹ ਕੇ ਤੈਅ ਕੀਤਾ, ਸਵੇਰੇ ਤਿੰਨ ਵਜੇ ਹੈਲਨ ਦਾ ਬੂਹਾ ਖੜਕਾਇਆ। ਬਾਕੀ ਦਿਨ ਇਥੇ ਰਹੀ। ਖਤ ਲਿਖ ਕੇ ਵਿਕਟਰ ਨੂੰ ਇੰਦੂ ਬਾਰੇ ਸੰਖੇਪ ਦੱਸਿਆ। ਲਿਖਿਆ – ਜਿਹੋ ਜਿਹੇ ਚਾਂਦੀ ਦੇ ਮੋਟੇ ਚੂੜੇ ਯੂਪੀ ਦੀਆਂ ਔਰਤਾਂ ਪਹਿਨਦੀਆਂ ਹਨ, ਤੇਜੀ ਕੋਲ ਅਤੇ ਮੇਰੇ ਕੋਲ ਹਨ, ਉਨ੍ਹਾਂ ਨਾਲ ਦਾ ਇਕ ਸੈਟ ਹੈਲਨ ਵਾਸਤੇ ਲੈ ਆਉਣਾ। ਇਹ ਮੇਰਾ ਬਹੁਤ ਖਿਆਲ ਰੱਖਦੀ ਐ। ਤੂੰ ਲਿਖਿਐ ਤੈਨੂੰ ਮੇਰਾ ਆਰਟ ਚੰਗਾ ਲਗਦੈ। ਮੈਂ ਖੁਸ਼ ਹੋ ਗਈ। ਮੈਨੂੰ ਲਗਦਾ ਸੀ ਤੂੰ ਇਸ ਸਾਰੇ ਕਾਸੇ ਤੋਂ ਅਨਜਾਣ ਹੈਂ। ਅਨਜਾਣ ਹੋਣ ਨਾਲੋਂ ਤਾਂ ਚੰਗਾ ਹੈ ਕੋਈ ਮੇਰੇ ਕੰਮ ਨੂੰ ਨਫਰਤ ਕਰੇ, ਰੱਦ ਕਰੇ। ਜਦੋਂ ਉਦਾਸ ਹੁੰਨੀ ਆਂ ਤੈਨੂੰ ਯਾਦ ਕਰਦੀ ਹਾਂ। ਗੋਗੈਂ ਦੀ ਕਿਹੜੀ ਜੀਵਨੀ ਪੜ੍ਹ ਰਿਹੈਂ ਅੱਜ ਕੱਲ੍ਹ? ਅੰਗਰੇਜ਼ੀ ਵਿਚ ਤਾਂ ਕੋਈ ਹੈ ਈ ਨਹੀਂ। *ਡੀਅਰ ਥੀਓ* ਜ਼ਰੂਰ ਪੜ੍ਹ, ਵਾਨਗਾਗ ਵਲੋਂ ਆਪਣੇ ਭਰਾ ਨੂੰ ਲਿਖੇ ਖਤ, ਕਮਾਲ ਦੇ।

26 ਸਾਲਾ ਖੁਸ਼ਵੰਤ ਸਿੰਘ ਵੀ ਹੈਲਨ ਅਤੇ ਚਮਨਲਾਲ ਜੋੜੀ ਦਾ ਦੋਸਤ ਸੀ। ਲੰਡਨ ਤੋਂ ਲਾਅ ਕਰਕੇ ਪ੍ਰੈਕਟਿਸ ਸ਼ੁਰੂ ਕੀਤੀ ਹੋਈ ਸੀ। ਉਸਦੇ ਪਿਤਾ ਦੀ ਕੋਠੀ ਚਮਨਲਾਲ ਦੀ ਰਿਹਾਇਸ਼ ਨੇੜੇ ਸੀ ਜਿਥੇ ਉਹ ਗਰਮੀਆਂ ਵਿਚ ਆਇਆ। ਅੰਮ੍ਰਿਤਾ ਨੇ ਵਿਕਟਰ ਨੂੰ 21 ਜੁਲਾਈ 1941 ਨੂੰ ਖਤ ਵਿਚ ਲਿਖਿਆ - ਖੁਸ਼ਵੰਤ ਨਾਮ ਦੇ ਜੁਆਨ ਨੂੰ ਮਿਲੀ ਜੋ ਪਤਨੀ ਸਣੇ ਮਾਪਿਆਂ ਕੋਲ ਆਇਆ ਹੋਇਆ ਸੀ। ਮੈਨੂੰ ਲੰਚ ਵਾਸਤੇ ਸੱਦਿਐ। ਦਸਦਾ ਸੀ ਕਿ ਸਿਲਜ਼ਰ ਆਪਣਾ ਲਾਹੌਰ ਵਾਲਾ ਕਲੀਨਿਕ ਤੇ ਰਿਹਾਇਸ਼ ਵੇਚਣੀ ਚਾਹੁੰਦਾ ਹੈ। ਹੈਲਨ ਨੇ ਗੁੱਸੇ ਵਿਚ ਕਿਹਾ - ਇਹ ਗੱਲ ਬੰਦ ਕਰ। ਸਿਲਜ਼ਰ ਉਹ ਥਾਂ ਵੇਚ ਚੁੱਕਾ ਹੈ। ਹੁਣ ਦੂਜੀ ਵਾਰੀ ਵੇਚਣ ਵਾਲੀ ਗੱਲ ਖਤਮ। ਸੈਰ ਬਹੁਤ ਕਰਦੀ ਹਾਂ। ਕੱਚੇ ਸੇਬ ਕਾਫੀ ਖਾ ਗਈ, ਇਸ ਕਰਕੇ ਪੇਟ ਵਿਚ ਦਰਦ ਹੋ ਰਿਹਾ ਹੈ। ਰਸੀਦ ਦੇ ਸਪੈਲਿੰਗ reciet ਨਹੀਂ reciept ਹੁੰਦੇ ਨੇ।

10 ਜੁਲਾਈ 1941 ਨੂੰ ਖੁਸ਼ਵੰਤ ਨੇ ਲਾਹੌਰ ਤੋਂ ਅੰਮ੍ਰਿਤਾ ਨੂੰ ਖਤ ਲਿਖਿਆ - ਪਿਆਰੀ ਮਿਸਿਜ਼ ਏਗਨ, ਡਾਕਟਰ ਸਿਲਜ਼ਰ ਦਾ ਕਲਿਨਿਕ ਵਿਕਾਊ ਹੈ ਪਰ ਉਸਨੇ ਕਿਹਾ ਹੈ ਕਿ ਅਕਤੂਬਰ ਤੱਕ ਰੁਕਣਾ ਪਵੇਗਾ ਕਿਉਂਕਿ ਅਜੇ ਅਮਰੀਕਾ ਨੇ ਉਸਨੂੰ ਵੀਜ਼ਾ ਨਹੀਂ ਦਿੱਤਾ। ਤੂੰ ਦੇਖ ਲਏਂਗੀ ਤਾਂ ਤੈਨੂੰ ਪਸੰਦ ਆਏਗਾ, ਫਿਰ ਡਾਕਟਰ ਨਾਲ ਗੱਲ ਕਰ ਲਵੀਂ। - ਖੁਸ਼ਵੰਤ।

ਅੰਮ੍ਰਿਤਾ ਦੀ ਕਿਸੇ ਚਿੱਠੀ ਵਿਚ ਇਸ ਪਿਛੋਂ ਖੁਸ਼ਵੰਤ ਸਿੰਘ ਦਾ ਜ਼ਿਕਰ ਨਹੀਂ ਆਇਆ। ਖੁਸ਼ਵੰਤ ਸਿੰਘ ਉਸਦਾ ਜ਼ਿਕਰ *ਟਰੁਥ, ਲਵ ਐਂਡ ਏ ਲਿਟਲ ਮੈਲਾਈਸ* ਵਿਚ ਕਰਦਾ ਹੈ - ਅਜੇ ਉਹ ਲਾਹੌਰ ਪੁੱਜੀ ਨਹੀਂ ਸੀ, ਉਸਦੀ ਸ਼ੁਹਰਤ ਪੁੱਜ ਗਈ। ਪਤੀ ਸਮੇਤ ਲਾਹੌਰ ਵਸਣਾ ਚਾਹੁੰਦੀ ਸੀ। ਸੁਹਣੀ ਸੀ ਤੇ ਦਿਲ ਫੇਂਕ ਵੀ। ਨਹਿਰੂ ਉਸ ਉਪਰ ਮੋਹਿਤ ਹੋ ਗਿਆ ਸੀ। ਉਸਦੇ ਇਸ਼ਕਾਂ ਦੀਆਂ ਕਹਾਣੀਆਂ ਲੋਕ ਚਟਖਾਰੇ ਲਾ ਲਾ ਸੁਣਾਉਂਦੇ। ਪਤਾ ਨਹੀਂ ਸੱਚ ਕਿ ਝੂਠ ਪਰ ਉਸਦੀ ਵਾਸਨਾ ਦੀ ਬਿਰਤੀ ਦੇ ਯੱਕੜ ਚੱਲੀ ਜਾਂਦੇ। ਮੈਂ ਉਸਨੂੰ ਮਿਲਣ ਦਾ ਇਛੁੱਕ ਸਾਂ ਤੇ ਛੇਤੀ ਸਬੱਬ ਬਣ ਗਿਆ।

ਇਕ ਦੁਪਹਿਰ ਰੋਟੀ ਖਾਣ ਲਾਹੌਰ ਘਰ ਆਇਆ ਤਾਂ ਦੇਖਿਆ ਮੇਜ਼ ਉਪਰ ਬੀਅਰ ਦਾ ਕੇਨ ਅਤੇ ਪਰਸ ਪਿਆ ਸੀ, ਕਮਰੇ ਵਿਚ ਫਰੈਂਚ ਇਤਰ ਦੀ ਖੁਸ਼ਬੂ ਖਿਲਰੀ ਹੋਈ, ਮੈਂ ਰਸੋਈ ਵਿਚ ਜਾ ਕੇ ਆਪਣੇ ਖਾਨਸਾਮੇ ਨੂੰ ਪੁੱਛਿਆ, ਉਸਨੇ ਕਿਹਾ - ਮੈਂ ਨਹੀਂ ਜਾਣਦਾ, ਇਕ ਮੇਮ ਸਾਹਿਬ ਸਾੜ੍ਹੀ ਪਹਿਨ ਕੇ ਆਈ ਹੈ। ਤੁਹਾਡੇ ਬਾਰੇ ਪੁੱਛਿਆ - ਮੈਂ ਕਿਹਾ ਦੁਪਹਿਰੇ ਲੰਚ ਸਮੇਂ ਆਉਣਗੇ। ਇਧਰ ਉਧਰ ਦੇਖਕੇ ਆਪੇ ਫਰਿੱਜ ਖੋਲ੍ਹ ਕੇ ਆਹ ਬੀਅਰ ਕੱਢ ਲਿਆਈ। ਹੁਣ ਬਾਥਰੂਮ ਵਿਚ ਹੈ। ਮੈਂ ਬਿਨਾਂ ਦੇਖੇ ਸਮਝ ਗਿਆ, ਅੰਮ੍ਰਿਤਾ ਹੈ, ਉਹੀ ਸੀ। ਦੱਸਿਆ ਕਿ ਸੜਕ ਪਾਰ ਉਸਨੇ ਮਕਾਨ ਕਿਰਾਏ ਤੇ ਲੈ ਲਿਐ ਤੇ ਮੈਥੋਂ ਮਿਸਤਰੀਆਂ, ਪਲੰਬਰਾਂ, ਦਰਜੀਆਂ ਆਦਿਕ ਬਾਰੇ ਪੁੱਛਣ ਲੱਗੀ। ਮੈਨੂੰ ਜੋ ਪਤਾ ਸੀ ਦੱਸ ਦਿੱਤਾ। ਮੈਂ ਉਸ ਨਾਲ ਸਿੱਧੀ ਨਜ਼ਰ ਨਾ ਮਿਲਾ ਸਕਿਆ, ਉਸ ਦੀਆਂ ਅੱਖਾਂ ਵਿਚ ਲਿਸ਼ਕ ਕੁਝ ਬੇਸ਼ਰਮ ਜਿਹੀ ਸੀ ਕਿ ਮੇਰੇ ਵਰਗਾ ਕਮਜ਼ੋਰ ਬੰਦਾ ਨੀਵੀਂ ਪਾ ਲਏ। ਮੱਥੇ ਦੇ ਐਨ ਵਿਚਕਾਰ ਚੀਰਨੀ, ਵਾਲ ਕਸਕੇ ਗੁੱਤ ਕੀਤੀ ਹੋਈ। ਮੋਟੇ ਬੁੱਲ੍ਹ। ਮੈਂ ਦੱਸਿਆ - ਮੈਂ ਤੁਹਾਡੇ ਬਾਰੇ ਸੁਣਿਐ ਕਿ ਵਧੀਆ ਪੇਂਟਰ ਹੋ, ਫਿਰ ਆਪਣੀ ਬੀਵੀ ਦੀਆਂ ਵਾਟਰ ਕੱਲਰ ਵਿਚ ਬਣਾਈਆਂ ਕੰਧ ਤੇ ਟੰਗੀਆਂ ਤਸਵੀਰਾਂ ਵਲ ਸੈਨਤ ਕਰਦਿਆਂ ਕਿਹਾ - ਇਹ ਮੇਰੀ ਪਤਨੀ ਦੀਆਂ ਹਨ, ਸਿਖ ਰਹੀ ਹੈ।

- ਦਿਸਦਾ ਈ ਹੈ ਸਿਖਾਂਦਰੂ ਹੈ, ਉਹ ਬੋਲੀ। ਉਸ ਵਿਚ ਰਤਾ ਭਰ ਹਲੀਮੀ ਨਹੀਂ ਸੀ। ਜੋ ਦਿਲ ਵਿਚ ਆਉਂਦਾ ਕਹਿ ਦਿੰਦੀ, ਕਿਸੇ ਨੂੰ ਚੰਗਾ ਲੱਗੇ, ਬੁਰਾ, ਪਰਵਾਹ ਨਹੀਂ।

ਦੂਜੀ ਵਾਰ ਸ਼ਿਮਲੇ ਮਿਲੇ। ਖੁਸ਼ਵੰਤ ਆਪਣੀ ਪਤਨੀ ਅਤੇ ਬੇਟੇ ਨੂੰ ਕਸੌਲੀ ਤੋਂ ਲੈ ਆਇਆ। ਅੰਮ੍ਰਿਤਾ ਉਦੋਂ ਚਮਨਲਾਲ ਹੋਰਾਂ ਨਾਲ ਰਹਿ ਰਹੀ ਸੀ। ਖੁਸ਼ਵੰਤ ਸਿੰਘ ਨੇ ਇਨ੍ਹਾਂ ਨੂੰ ਲੰਚ ਦੀ ਦਾਅਵਤ ਦਿੱਤੀ। ਦਰਖਤ ਹੇਠ ਬੀਅਰ ਅਤੇ ਜਿਨ ਦਾ ਦੌਰ ਚੱਲਿਆ। ਬੱਚਾ ਅੱਜੇ ਕੋਈ ਕੋਈ ਕਦਮ ਪੁੱਟਣ ਲੱਗਾ ਸੀ, ਸੁਹਣੀ ਸ਼ਕਲ, ਘੁੰਗਰਾਲੇ ਵਾਲ, ਗੱਲ੍ਹਾਂ ਵਿਚ ਟੋਏ, ਮੁਤਲਾਸ਼ੀ ਅੱਖਾਂ, ਸਾਰੇ ਉਸਦੀ ਪ੍ਰਸੰਸਾ ਕਰ ਰਹੇ ਸਨ। ਅੰਮ੍ਰਿਤਾ ਨੇ ਕਿਹਾ - ਕਿੰਨਾ ਬਦਸੂਰਤ ਮੁੰਡੈ। ਸਾਰਿਆਂ ਨੂੰ ਇਹ ਗੱਲ ਬੁਰੀ ਲੱਗੀ, ਬੇਪ੍ਰਵਾਹ ਅੰਮ੍ਰਿਤਾ ਬੀਅਰ ਪੀਂਦੀ ਰਹੀ। ਖਾਣਾ ਖਾ ਕੇ ਚਲੀ ਗਈ। ਉਸਨੂੰ ਕਿਸੇ ਨੇ ਦੱਸਿਆ ਕਿ ਤੇਰੇ ਆਉਣ ਬਾਦ ਖੁਸ਼ਵੰਤ ਦੀ ਬੀਵੀ ਨੇ ਤੈਨੂੰ ਗੰਦੀ ਕੁੱਤੀ ਕਿਹਾ ਸੀ। ਗੱਲ ਦੱਸਣ ਵਾਲੇ ਨੂੰ ਅੰਮ੍ਰਿਤਾ ਨੇ ਕਿਹਾ - ਮੈਂ ਇਸ ਜਨਾਨੀ ਨੂੰ ਸਬਕ ਸਿਖਾਵਾਂਗੀ। ਮੈਂ ਇਹਦਾ ਖਾਵੰਦ ਭਜਾ ਕੇ ਲੈ ਜਾਵਾਂਗੀ। ਖੁਸ਼ਵੰਤ ਸਿੰਘ ਲਿਖਦਾ ਹੈ - ਉਸਨੇ ਆਪਣਾ ਕਥਨ ਸੱਚ ਕਰਕੇ ਨਹੀਂ ਦਿਖਾਇਆ। ਬੀਵੀ ਨੇ ਐਲਾਨ ਕਰ ਦਿੱਤਾ ਕਿ ਉਹ ਇਸ ਘਰ ਵਿਚ ਮੁੜ ਕੇ ਨਹੀਂ ਵੜੇਗੀ।

19 ਅਕਤੂਬਰ 1941 ਨੂੰ ਉਸਦੀ ਸ਼ਿਮਲੇ ਵਾਰਤਾ ਰਿਕਾਰਡ ਹੋਈ ਜਿਹੜੀ ਆਲ ਇੰਡੀਆ ਲਾਹੌਰ ਤੋਂ ਬਰੋਡਕਾਸਟ ਹੋਈ। *ਇੰਡੀਅਨ ਆਰਟ ਟੁਡੇ* ਵਿਚ ਉਸਨੇ ਕਿਹਾ - ਇੰਡੀਅਨ ਆਰਟ ਆਖਣਾ ਸਹੀ ਨਹੀਂ, ਇੰਡੀਅਨ ਪੇਂਟਿੰਗ ਕਹਿਣਾ ਚਾਹੀਦਾ ਹੈ ਕਿਉਂਕਿ ਅੱਜ ਬੁੱਤਤ੍ਰਾਸ਼ੀ ਭਾਰਤ ਵਿਚੋਂ ਅਲੋਪ ਹੋ ਗਈ ਹੈ, ਬੁੱਤਤ੍ਰਾਸ਼ੀ ਨੂੰ ਕਦੀ ਪੂਰੀ ਸਭਿਅਤਾ ਸਮਰਪਿਤ ਹੋ ਗਈ ਸੀ। ਮਾੜੀ ਮੋਟੀ ਕਿਧਰੇ ਬੁੱਤਕਲਾ ਹੋ ਰਹੀ ਹੈ, ਉਹ ਅੰਨ੍ਹੇਵਾਹ ਪੱਛਮ ਦੇ ਕੱਚਘਰੜ ਕਲਾਕਾਰਾਂ ਦੀ ਨਕਲ ਹੈ ਤੇ ਪੱਛਮੀ ਕਲਾਕਾਰ ਵਾਸਤਵ ਵਿਚ ਭਾਰਤ ਦੀ ਪੁਰਾਤਨ ਸਿਰਜਣਾ

www.punjabilibrary.com

ਵਿਚੋਂ ਸਬਕ ਸਿੱਖਣ ਲੱਗੇ ਕੋਈ ਪ੍ਰਯੋਗ ਆਦਿਕ ਕਰਦੇ ਰਹਿੰਦੇ ਹਨ ਜੋ ਸਾਰਾ ਕੁਝ ਗਲਤ ਮਲਤ ਤੇ ਦਿਸ਼ਾਹੀਣ ਹੈ।

ਜਾਨਵਰਾਂ ਦੇ ਚਿਤਰ ਬਣਾਉਣ ਲੱਗੀ, ਊਠ, ਘੋੜੇ, ਹਾਥੀ, ਮੱਝਾਂ, ਗਾਵਾਂ, ਕੁੱਤਾ, ਕਾਂ, ਜਾਨਵਰ ਚਿਤਰਨ ਵਕਤ ਉਹ ਵਧੀਕ ਸਥਿਰ, ਵਧੀਕ ਤਾਕਤਵਰ ਲਗਦੀ ਹੈ। ਦੋ ਆਦਮੀ ਅਤੇ ਤਿੰਨ ਊਠਾਂ ਵਾਲਾ ਉਸਦਾ ਚਿਤਰ ਸ਼ਾਨਦਾਰ ਹੈ। ਊਠਾਂ ਦੇ ਚਿਹਰਿਆਂ ਤੋਂ ਉਨ੍ਹਾਂ ਦੇ ਭਾਵਾਂ ਦਾ ਪਤਾ ਲੱਗ ਰਿਹਾ ਹੈ। ਹਾਥੀਆਂ ਦੇ ਚਿਤਰ ਬਣਾਉਂਦੀ ਹੋਈ ਦੱਸਦੀ ਹੈ ਕਿ ਸ਼ੈਲੀ ਅਜੰਤਾ ਵਾਲੀ ਨਹੀਂ, ਮੁਗਲਾਂ ਵਾਲੀ ਵਰਤੀ ਹੈ।

ਅੰਮ੍ਰਿਤਾ ਅਤੇ ਵਿਕਟਰ ਨੂੰ ਸਾਫ ਦਿਸ ਗਿਆ ਕਿ ਮਾਪੇ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ ਜਿਸ ਕਾਰਨ ਸਰੋਇਆ ਦੇ ਕਾਲੇ ਪਾਣੀਆਂ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਸ਼ਿਮਲਾ ਅਤੇ ਮਜੀਠਾ ਉਨ੍ਹਾਂ ਲਈ ਵਰਜਿਤ ਖੇਤਰ ਹੋ ਗਿਆ। ਆਖਰ ਲਾਹੌਰ ਪੁੱਜ ਕੇ ਮਾਲ ਰੋਡ ਨਜ਼ਦੀਕ ਪੌਸ਼ ਏਰੀਏ ਵਿਚ ਮਕਾਨ ਕਿਰਾਏ ਤੇ ਲੈ ਲਿਆ। ਪਹਿਲਾਂ ਮੁਗਲਾਂ ਨੇ, ਫਿਰ ਮਹਾਰਾਜਾ ਰਣਜੀਤ ਸਿੰਘ ਨੇ ਤੇ ਫਿਰ ਅੰਗਰੇਜ਼ਾਂ ਨੇ ਇਸ ਸ਼ਹਿਰ ਦੀ ਸੁੰਦਰਤਾ ਵਿਚ ਵਾਧਾ ਕੀਤਾ। ਇਸੇ ਸ਼ਹਿਰ ਵਿਚ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦਾ ਅਨਾਰਕਲੀ ਨਾਲ ਇਸ਼ਕ ਹੋਇਆ, ਇਥੇ ਜਹਾਂਗੀਰ ਦੀ ਬੇਗਮ ਨੂਰਜਹਾਨ ਦੀ ਕਬਰ ਹੈ। ਅੰਗਰੇਜ਼ਾਂ ਨੇ ਅਜਾਇਬ ਘਰ, ਹਾਈਕੋਰਟ, ਪੰਜਾਬ ਯੂਨੀਵਰਸਿਟੀ ਅਤੇ ਮੇਓ ਸਕੂਲ ਆਫ ਆਰਟ ਸਥਾਪਿਤ ਕੀਤੇ। ਦੋਵਾਂ ਨੇ ਫੈਸਲਾ ਕੀਤਾ ਕਿ ਆਪਣੀ ਪਸੰਦ ਦੀ ਹਵੇਲੀ ਸਜਾਉਣਗੇ। ਹੇਠਲਾ ਹਿੱਸਾ ਵਿਕਟਰ ਦਾ ਹਸਪਤਾਲ ਹੋਏਗਾ ਤੇ ਉਪਰਲੀ ਮੰਜ਼ਲ ਅੰਮ੍ਰਿਤਾ ਦੀ ਵਰਕਸ਼ਾਪ ਅਤੇ ਆਰਟ ਗੈਲਰੀ। ਸੁਫਨਾ ਸਾਕਾਰ ਹੋਇਆ।ਖੁਦ ਫਰਸ਼ ਦੀ ਰਗੜਾਈ ਕੀਤੀ, ਬੂਹੇ ਬਾਰੀਆਂ ਨੂੰ ਖੁਦ ਪੇਂਟ ਕੀਤਾ। ਮੇਜ਼ ਕੁਰਸੀਆਂ ਲੋੜ ਜੋਗੀਆਂ ਕਿਰਾਏ ਤੇ ਲੈ ਲਈਆਂ। ਕੰਧਾਂ ਤੇ ਆਪਣੀਆਂ ਪੇਂਟਿੰਗਜ਼ ਸਜਾ ਦਿੱਤੀਆਂ। ਕਲਿਨਿਕ ਵਿਚ ਵਿਕਟਰ ਨੇ ਵੇਟਿੰਗ ਰੂਮ, ਚੈਕਅਪ ਰੂਮ, ਆਪ੍ਰੇਸ਼ਨ ਥਿਏਟਰ ਕਾਇਮ ਕਰ ਲਏ। ਇਕ ਛੋਟੀ ਫੋਰਡ ਕਾਰ ਖਰੀਦੀ। ਲਾਹੌਰ ਕਲਾਕਾਰਾਂ, ਸਾਹਿਤਕਾਰਾਂ ਦਾ ਗੜ੍ਹ ਸੀ। ਇਨ੍ਹਾਂ ਦੇ ਘਰ ਮਜਲਿਸਾਂ ਲੱਗਣੀਆਂ ਸ਼ੁਰੂ ਹੋ ਗਈਆਂ। ਅੰਮ੍ਰਿਤਾ ਦੀ ਸ਼ਾਨ ਸਿਖਰ ਤੇ ਸੀ।

ਹਸਪਤਾਲ ਵੀ ਚੱਲਿਆ ਅਤੇ ਦੂਰੋਂ ਨੇੜਿਓਂ ਕਲਾਕਾਰ ਅਤੇ ਕਲਾਪਾਰਖੂ ਆ ਕੇ ਵਿਚਾਰ ਵਟਾਂਦਰਾ ਕਰਨ ਲੱਗੇ। ਸਾਹਿਤ ਅਤੇ ਫਲਸਫੇ ਦੀ ਚਰਚਾ ਹਿਤ ਮਜਲਿਸਾਂ ਲਗਦੀਆਂ। ਰੇਡੀਉ ਅਤੇ ਪ੍ਰੈਸ ਰਾਹੀਂ ਅੰਮ੍ਰਿਤਾ ਦੇ ਵਿਚਾਰ ਪ੍ਰਸਾਰਿਤ ਹੁੰਦੇ। ਮਹਾਂਨਗਰ ਲਾਹੌਰ ਵਿਚ ਉਹ ਕੇਂਦਰੀ ਸ਼ਖਸੀਅਤ ਬਣ ਗਈ ਜਿਸ ਦੁਆਲੇ ਪਰਿਕਰਮਾ ਕਰਕੇ ਕੁਝ ਨਾ ਕੁਝ ਹਾਸਲ ਹੋ ਸਕਦਾ ਸੀ। ਘਰ ਆਇਆਂ ਦਾ ਚਾਹ ਪਾਣੀ, ਕਾਫੀ ਨਾਲ ਸਵਾਗਤ ਹੁੰਦਾ। ਵਿਕਟਰ ਦਸਦਾ ਹੈ – ਲੋਕਾਂ ਵਿਚਕਾਰ ਘਿਰੀ ਉਹ ਖਿੜ ਜਾਂਦੀ। ਇਹ ਸਹੀ ਹੈ ਕਿ ਉਸਦੀ ਚੋਣ ਆਪਣੀ ਹੀ ਕਿਸਮ ਦੀ ਹੁੰਦੀ ਸੀ। ਦਰਮਿਆਨੀ ਬੁਧੀ ਦਾ ਬੰਦਾ ਉਸ ਕੋਲ ਵਧੀਕ ਸਮਾਂ ਬੈਠ ਹੀ ਨਹੀਂ ਸੀ ਸਕਦਾ, ਮੈਂ ਇਸ ਵਿਚਾਰ ਵਟਾਂਦਰੇ ਨੂੰ ਦਿਲਚਸਪੀ ਨਾਲ ਦੇਖਦਾ। ਉਸ ਨੂੰ ਮਿਲਣ ਵਾਲਾ ਬੰਦਾ ਸਿਖਿਅਤ ਅਤੇ ਦਿਲਚਸਪ ਹੋਣਾ ਜ਼ਰੂਰੀ ਸੀ। ਉਸਨੇ ਦਸੰਬਰ ਵਿਚ ਆਪਣੀ ਵੱਡੀ ਨੁਮਾਇਸ਼ ਲਾਉਣ ਦਾ ਮਨ ਬਣਾਇਆ ਅਤੇ ਇਸ ਦੀ ਤਿਆਰੀ ਵਾਸਤੇ ਜੁਟ ਗਈ। ਹਵੇਲੀ ਦੀ ਬਾਰੀ ਵਿਚੋਂ ਬਾਹਰ ਸ਼ਹਿਰ ਵੱਲ ਦਾ ਦ੍ਰਿਸ਼ ਦੇਖਦਿਆਂ ਇਸ ਨੂੰ ਕੈਨਵਸ ਉਪਰ ਉਤਾਰਨ ਲੱਗੀ।

ਆਪਣੇ ਸਮੇਂ ਦੇ ਨਾਮਵਰ ਲੇਖਕ ਫੈਜ਼ ਅਹਿਮਦ ਫੈਜ਼, ਅਹਿਮਦ ਸ਼ਾਹ ਬੁਖਾਰੀ, ਗੁਰਬਖਸ਼ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਮੰਗਤ ਰਾਇ, ਉਸ ਵੇਲੇ ਲਾਹੌਰ ਵਿਚ ਰਹਿ ਰਹੇ ਸਨ। ਅਰਟਿਸਟਾਂ ਵਿਚੋਂ ਅਬਦੁਲ ਰਹਿਮਾਨ ਚੁਗਤਾਈ, ਬੀ.ਸੀ. ਸਾਨਿਆਲ, ਬੇਵਾਂ ਪੈਟਮੈਨ, ਮੇਰੀ ਕ੍ਰਿਸ਼ਨਾ, ਰੂਪ ਕ੍ਰਿਸ਼ਨ, ਕਿਸ਼ਨ ਖੰਨਾ, ਸਤੀਸ਼ ਗੁਜਰਾਲ ਸਭ ਉਥੇ ਸਨ। ਬੰਗਾਲ ਸਕੂਲ ਦਾ ਬੁੱਤਤ੍ਰਾਸ਼ ਸਾਨਿਆਲ ਲਾਹੌਰ ਵਿਚ ਲਾਲਾ ਲਾਜਪਤ ਰਾਇ ਦਾ ਬੁੱਤ ਤ੍ਰਾਸ਼ਣ ਆਇਆ ਸੀ ਜਿਸਦਾ ਉਦਘਾਟਨ ਕਾਂਗਰਸ ਦੇ ਸਾਲਾਨਾ ਸੈਸ਼ਨ ਵਕਤ ਹੋਣਾ ਸੀ। ਬੁੱਤ ਤਿਆਰ ਕਰ ਦਿੱਤਾ। ਕਾਂਗਰਸ ਨੇ ਪੈਸੇ ਨਾ ਦਿੱਤੇ। ਖੁਦ ਉਸ ਕੋਲ ਪੈਸਾ ਨਹੀਂ ਸੀ। ਉਸਨੇ ਮੇਓ ਸਕੂਲ ਵਿਚ ਨੌਕਰੀ ਕਰ ਲਈ, ਕੁਝ ਸਮੇਂ ਬਾਦ ਆਪਣਾ ਸਕੂਲ ਆਫ ਆਰਟ ਚਲਾ ਲਿਆ ਜੋ ਬਹੁਤ ਸ਼ਾਨ ਨਾਲ ਚੱਲਿਆ। ਇਸ ਦਾ ਨਾਮ ਸੀ ਲਾਹੌਰ ਸਕੂਲ ਆਫ ਫਾਈਨ ਆਰਟਸ। ਇਸ ਸਕੂਲ ਵਿਚ ਉਹ ਸਾਰੇ ਤੇਜ਼ ਦਿਮਾਗ ਕਲਾਕਾਰ ਦਾਖਲ ਹੋਏ ਜਿਹੜੇ ਅਕਾਦਮਿਕਤਾ ਦੇ ਪਰੰਪਰਾਗਤ ਬੰਧਨ ਤੋੜ ਕੇ ਕੁਝ ਨਵਾਂ ਕਰਕੇ ਦਿਖਾਣ। ਅਮਰਨਾਥ ਸਹਿਗਲ, ਦਮਿਅੰਤੀ ਚਾਵਲਾ, ਹਰਕਿਸ਼ਨ ਲਾਲ ਅਤੇ ਪ੍ਰੇਮਨਾਥ ਮਾਗੋ ਇਸ ਸਕੂਲ ਦੀ ਪੈਦਾਵਾਰ ਹਨ। ਸਾਨਿਆਲ ਅੰਮ੍ਰਿਤਾ ਦੇ ਹੁਨਰ ਤੋਂ ਬਾਖੂਬ ਵਾਕਫ ਸੀ, ਅੰਮ੍ਰਿਤਾ ਅਕਸਰ ਉਸਦੇ ਸਟੂਡੀਓ ਵਿਚ ਜਾਂਦੀ। ਰੂਪ ਕਿਸ਼ਨ, ਰਾਇਲ ਕਾਲਜ ਆਫ ਆਰਟ ਲੰਡਨ ਤੋਂ ਪੜ੍ਹ ਕੇ ਆਇਆ ਸੀ, ਉਸਦੀ ਗੋਰੀ ਬੀਵੀ ਮੇਰੀ ਕਿਸ਼ਨ ਵੀ ਉਤਮ ਕਲਾਕਾਰ, ਪਿਛੋਂ ਇੰਗਲੈਂਡ ਜਾ ਵਸੇ ਤੇ ਦੋਵਾਂ ਨੇ ਪ੍ਰਸਿੱਧ ਕਿਤਾਬ *ਫਾਰਮ ਐਂਡ ਸਬਸਟਾਂਸ* ਰਚੀ। ਇਹ ਕਿਤਾਬ ਬਰਿਟਿਸ਼ ਅਕਾਦਮਿਕਤਾ ਅਤੇ ਬੰਗਲਾ ਸਕੂਲ ਪੁਨਰ ਜਾਗਰਣ, ਦੋਵਾਂ ਸ਼ੈਲੀਆਂ ਦੇ ਖਿਲਾਫ ਹੈ।

ਮਾਂ ਨੂੰ ਖਤ ਲਿਖਿਆ - ਜੋ ਚਾਹੁੰਦੀ ਸਾਂ ਮਿਲ ਗਿਆ। ਪਿਤਾ ਜੀ ਵਾਸਤੇ ਪੂਰਾ ਆਰਾਮਦੇਹ ਵੱਖ ਕਮਰਾ ਹੈ। ਪਿਤਾ ਦੇ ਮਨਪਸੰਦ ਖਾਣੇ ਕੁੱਕ ਬਣਾ ਸਕੇਗਾ, ਪਤਾ ਨਹੀਂ, ਪਰ ਪਿਤਾ ਖਾਣ ਪੀਣ ਦੇ ਮਾਮਲੇ ਤੇ ਨੋਕ ਝੋਕ ਵੀ ਨਹੀਂ ਕਰਦੇ। ਮੇਰੀਆਂ ਸ਼ਿਮਲੇ ਪਈਆਂ ਸਭ ਪੇਂਟਿੰਗਜ਼ ਭਿਜਵਾ ਦਿਉ।

ਉਸਨੇ ਦਸੰਬਰ ਦੇ ਮਹੀਨੇ ਨੁਮਾਇਸ਼ ਦਾ ਫੈਸਲਾ ਕੀਤਾ। ਕਾਰਲ ਖੰਡਾਲਵਾਲਾ ਅਤੇ ਪੰਜਾਬ ਲਿਟਰੇਰੀ ਲੀਗ ਦੇ ਪ੍ਰਧਾਨ ਸਰ ਅਬਦੁਲ ਕਾਦਿਰ ਨੂੰ ਜਾਣ ਪਛਾਣ ਲਿਖਣ ਵਾਸਤੇ ਕਿਹਾ। ਜੋਰ ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਗਈਆਂ। ਇਕਬਾਲ ਸਿੰਘ ਤਕਰੀਬਨ ਹਰ ਰੋਜ਼ ਚੱਕਰ ਲਾਉਂਦਾ। ਕੁਝ ਦਿਨਾਂ ਦੇ ਨਾਗੇ ਬਾਦ ਤਿੰਨ ਦਸੰਬਰ ਨੂੰ ਗਿਆ ਤਾਂ ਅਜੀਬ ਖਾਮੋਸ਼ੀ ਮਹਿਸੂਸ ਹੋਈ। ਵਿਕਟਰ ਕਲਿਨਿਕ ਵਿਚ ਨਹੀਂ ਸੀ। ਪੌੜੀਆਂ ਚੜ੍ਹ ਕੇ ਉਪਰ ਚਲਾ ਗਿਆ, ਦੇਖਿਆ, ਜ਼ਰਦ ਚਿਹਰਾ, ਅੰਮ੍ਰਿਤਾ ਮੰਜੇ ਤੇ ਲੇਟੀ ਪਈ ਸੀ। ਦੱਸਿਆ - ਸਰ ਅਬਦੁਲ ਕਾਦਿਰ ਦੇ ਘਰ ਗਈ ਸਾਂ, ਮੈਡਮ ਕਾਦਿਰ ਨੇ ਪਕੌੜੇ ਖੁਆਏ ਜਿਸ ਕਾਰਨ ਪੇਟ ਵਿਚ ਗੜਬੜ ਹੋ ਗਈ। ਉਦੋਂ ਦੀ ਠੀਕ ਨਹੀਂ ਹਾਂ। ਵਿਕਟਰ ਦਵਾਈ ਦੇ ਰਿਹੈ। ਕੁਝ ਸਮਾਂ ਗੱਲਬਾਤ ਕਰਕੇ ਇਕਬਾਲ ਚਲਾ ਗਿਆ। ਪੰਜ ਤਰੀਕ ਨੂੰ ਫਿਰ ਗਿਆ, ਵਿਕਟਰ ਪੌੜੀਆਂ ਉਤਰ ਰਿਹਾ ਸੀ, ਉਦਾਸ। - ਕੀ ਗੱਲ ਹੈ? ਅੰਮ੍ਰਿਤਾ ਕਿਵੇਂ ਹੈ? ਡਾਕਟਰ ਨੇ ਕਿਹਾ- ਗੰਭੀਰ। ਸ਼ਾਇਦ ਬਚ ਨਾ ਸਕੇ। ਬੇਹੋਸ਼ੀ ਵਿਚ ਹੈ, ਜੋ ਹੋ ਸਕਦੈ ਕਰ ਰਿਹਾਂ। ਇਕਬਾਲ ਆਪਣੀ ਗੱਡੀ ਵਿਚ ਹੈਲਨ ਨੂੰ ਉਸਦੇ ਪਤੀ ਸਣੇ ਲੈ ਆਇਆ।

ਹੈਲਨ ਤੇਜ਼ ਕਦਮੀ ਅੰਮ੍ਰਿਤਾ ਦੇ ਕਮਰੇ ਵਿਚ ਗਈ। ਆ ਕੇ ਦੱਸਿਆ ਕਿ ਮਰ ਰਹੀ ਹੈ, ਹੋਰ ਡਾਕਟਰ ਲਿਆਈਏ। ਡਾ. ਨਿਹਾਲ ਚੰਦ ਸੀਕਰੀ ਅਤੇ ਜਰਮਨ ਡਾਕਟਰ ਕੈਲਿਸ਼ ਨੇ ਆ ਕੇ ਮੁਆਇਨਾ ਕੀਤਾ ਤੇ ਕਿਹਾ - ਬਹੁਤ ਦੇਰ ਹੋ ਚੁੱਕੀ ਹੈ। ਮੌਤ ਤੱਕ ਖੂਨ ਵਗਦਾ ਰਹੇਗਾ। ਵਿਕਟਰ ਨੇ ਡਾ. ਰਘਬੀਰ ਸਿੰਘ ਨੂੰ ਬੁਲਾ ਲਿਆ ਜੋ ਲਾਹੌਰ ਦਾ ਮੰਨਿਆਂ ਹੋਇਆ ਸਰਜਨ ਸੀ। ਉਸਦੇ ਆਉਣ ਤੱਕ ਅੰਮ੍ਰਿਤਾ ਦਮ ਤੋੜ ਚੁੱਕੀ ਸੀ। ਅਠਾਈ ਸਾਲ ਦੀ ਉਮਰ, ਪੰਜ ਦਸੰਬਰ ਦੀ ਅੱਧੀ ਰਾਤ। ਅਗਲੇ ਦਿਨ 6 ਦਸੰਬਰ ਸ਼ਨੀਵਾਰ ਨੂੰ ਮਾਪੇ ਸ਼ਿਮਲੇ ਤੋਂ, ਇੰਦਰਾ ਅਤੇ ਉਸਦਾ ਪਤੀ ਕਲਿਆਣ ਸੁੰਦਰਮ ਦਿੱਲੀ ਤੋਂ ਲਾਹੌਰ ਪੁੱਜ ਗਏ। ਅਚਾਨਕ ਹੋਇਆ ਕੀ, ਇਸ ਦਾ ਵਿਸਥਾਰ ਪ੍ਰਾਪਤ ਨਹੀਂ ਹੈ, ਪਰ ਦੋਸਤ, ਸਹੇਲੀਆਂ ਮਿਲਣ ਗਏ ਤਾਂ ਦੇਖਿਆ, ਖੂਨ ਨਾਲ ਲਥਪਥ ਸਫੈਦ ਚਾਦਰਾਂ ਵਿਚ ਲਿਪਟੀ ਪਈ ਸੀ। ਗਰਭਪਾਤ ? ਸ਼ਾਇਦ।

ਗੀਤਾ ਨੇ ਲਿਖਿਆ - ਉਸਦੇ ਆਖਰੀ ਲਫਜ਼ ਰੰਗਾਂ ਬਾਰੇ ਸਨ। ਬਾਰੀ ਥਾਣੀ ਛਿਪਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਅੰਦਰ ਆ ਰਹੀਆਂ ਸਨ, ਕੰਧ ਉਪਰ ਕੁਝ ਨਮੂਨੇ ਬਣਦੇ ਦੇਖੇ, ਪਰਦੇ ਉਪਰ ਨੀਲੇ, ਲਾਲ, ਹਰੇ ਰੰਗ ਉਘੜੇ, ਉਧਰ ਦੇਖਦਿਆਂ ਇਨ੍ਹਾਂ ਰੰਗਾਂ ਦੇ ਨਾਮ ਲੈਂਦਿਆਂ ਬੇਹੋਸ਼ ਹੋ ਗਈ, ਦੁਨੀਆਂ ਨੂੰ ਖੁਦਾ ਹਾਫਿਜ਼ ਕਹਿ ਗਈ। ਪਿਤਾ ਨੇ ਦੱਸਿਆ - ਅੰਮ੍ਰਿਤਾ ਚਾਹੁੰਦੀ ਸੀ ਮੈਂ ਲਾਹੌਰ ਉਸ ਕੋਲ ਰਹਾਂ ਤੇ ਦੇਖਾਂ ਕਿੰਨੀ ਖੁਸ਼ ਹੈ। ਮੈਂ ਕਹਿ ਦਿੱਤਾ ਸੀ - ਜਿੰਨੇ ਮੇਰੇ ਲਾਹੌਰ ਪੁਰਾਣੇ ਦੋਸਤ ਸਨ, ਉਨ੍ਹਾਂ ਨੂੰ ਮਿਲ ਲਉ। ਚਿੱਠੀਆਂ ਲਿਖ ਦਿੱਤੀਆਂ ਹਨ। ਮੈਂ ਸੰਸਕ੍ਰਿਤ ਵਿਚੋਂ ਅੰਗ੍ਰੇਜ਼ੀ ਅਨੁਵਾਦ ਦੇ ਕੰਮ ਵਿਚ ਲੱਗਾ ਹੋਇਆ ਸਾਂ, ਕਹਿ ਦਿੱਤਾ ਸੀ ਅਜੇ ਨਹੀਂ ਠਹਿਰ ਕੇ ਆਵਾਂਗਾ। ਛੇ ਤਰੀਕ ਸ਼ਾਮੀ ਪੁੱਜੇ, ਸੱਤ ਨੂੰ ਸਸਕਾਰ ਕਰ ਦਿੱਤਾ। ਉਹ ਤੇਜ਼ ਉਂਗਲਾਂ ਤੇ ਦਿਮਾਗ ਜਿਸ ਨੂੰ ਸਿਰਜਣਾ ਤੋਂ ਫੁਰਸਤ ਨਹੀਂ ਮਿਲਦੀ ਸੀ, ਸਾਡੀਆਂ ਅੱਖਾਂ ਸਾਹਮਣੇ ਪੰਜ ਤੱਤਾਂ ਵਿਚ ਖਿੱਲਰ ਗਏ। ਲਾਹੌਰ ਉਸਨੇ ਆਪਣੀ ਮਾਂ ਦੇ ਗਰਭ ਵਿਚ ਪ੍ਰਵੇਸ਼ ਕੀਤਾ ਸੀ, ਕੁਦਰਤ ਨੇ ਉਸਦੀ ਮੁਕਤੀ ਵਾਸਤੇ ਲਾਹੌਰ ਚੁਣਿਆ।

ਪੂਰਬੀ ਅਤੇ ਪੱਛਮੀ ਸਭਿਆਚਾਰ ਵਿਚ ਘਿਰ ਜਾਣ ਕਾਰਨ ਇਸ ਕੁੜੀ ਦੀ ਵੇਲ ਅਧਵਾਟਿਓਂ ਟੁੱਟੀ। ਬਚਪਨ ਹੰਗਰੀ ਵਿਚ, ਜੁਆਨੀ ਪੈਰਿਸ ਵਿਚ। ਉਹ ਪੈਰਿਸ ਜਦੋਂ ਪ੍ਰਭਾਵਵਾਦੀ ਕਲਾਕਾਰ ਨਿਰਵਸਤਰ ਕੁੜੀਆਂ ਚਿਤਰ ਰਹੇ ਸਨ। ਇਹ ਚਿੱਤਰ ਖਿਆਲੀ ਨਹੀਂ ਸਨ, ਗਰੀਬ ਕੁੜੀਆਂ, ਵੇਸਵਾਵਾਂ, ਰੋਟੀ ਖਾਣ ਹਿਤ ਆਪਣੇ ਆਪ ਨੂੰ ਮਾਡਲਾਂ ਵਜੋਂ ਪੇਸ਼ ਕਰਦੀਆਂ, ਜੁਆਨ ਮੁੰਡੇ ਉਨ੍ਹਾਂ ਨੂੰ ਕੈਨਵਸਾਂ ਤੇ ਉਤਾਰਦੇ। ਇਸ ਸ਼ੈਲੀ ਦਾ ਸਿੱਧਾ ਅਰਥ ਕਾਮਵਾਸਨਾ ਨੂੰ ਰੂਪਮਾਨ ਕਰਨਾ ਹੈ। ਇਸ ਮਾਹੌਲ ਵਿਚ ਪ੍ਰਵਾਨ ਚੜ੍ਹੀ ਅੰਮ੍ਰਿਤਾ ਕੈਨਵਸ ਉਪਰ ਸਨਾਤਨੀ ਪੇਂਡੂ ਭਾਰਤ ਉਤਾਰ ਰਹੀ ਹੈ। ਮਾਪਿਆਂ ਨੂੰ ਨਾ ਉਸ ਦੀਆਂ ਆਦਤਾਂ ਪਸੰਦ ਹਨ ਨਾ ਕੰਮ, ਪਰ ਬੇਵਸ ਹਨ। ਕੁਲੀਨ ਵਰਗ ਦੀ ਹੋਣ ਕਰਕੇ ਸਿੱਖ ਸਮਾਜ ਲਾਚਾਰੀਵਸ ਉਸਨੂੰ ਬਰਦਾਸ਼ਤ ਕਰਦਾ ਰਿਹਾ, ਪ੍ਰਵਾਨ ਨਹੀਂ ਹੋਈ। ਮਾਈਕਲਏਂਜਲੋ ਨੇ ਦਾਊਦ, ਯਸੂ, ਆਦਮ, ਈਵ ਅਤੇ ਫਰਿਸ਼ਤੇ, ਨਿਰਵਸਤਰ ਚਿਤਰੇ, ਨੰਗੇ ਤਰਾਸ਼ੇ ਪਰ ਤੁਹਾਨੂੰ ਉਨ੍ਹਾਂ ਵਿਚੋਂ ਨੰਗੇਜ, ਕਾਮ, ਲੁੱਚਪੁਣਾ ਨਹੀਂ ਦਿਸਦਾ। ਨੰਗੇ ਚਿੱਤਰ ਦੇਖਕੇ ਪੋਪ ਗੋਡਿਆਂ ਪਰਨੇ ਹੋ ਕੇ ਮੱਥਾ ਟੇਕ ਦਿੰਦਾ ਹੈ। ਸਾਡੇ ਇਹ ਅੰਮ੍ਰਿਤਾ ਦੇ ਸਮਕਾਲੀ ਕਲਾਕਾਰ ਮਨੋਰੋਗਾਂ ਦਾ ਸ਼ਿਕਾਰ ਹੋਏ, ਪਾਗਲ, ਨੀਮ ਪਾਗਲ ਹੋ ਕੇ ਕਈਆਂ ਨੇ ਖੁਦਕੁਸ਼ੀ ਕੀਤੀ, ਕਈ ਸੀਖਾਂ ਪਿਛੇ ਬੰਦੀ ਹੋ ਕੇ ਮਰੇ। ਅੰਮ੍ਰਿਤਾ ਦੀ ਜੀਵਨ ਕਥਾ ਦਾ ਏਨੀ ਛੇਤੀ ਟੁੱਟਣਾ ਇਕ ਹੋਰ ਤਰ੍ਹਾਂ ਦੀ ਖੁਦਕੁਸ਼ੀ ਹੀ ਹੈ। ਜਿਸ ਤਰ੍ਹਾਂ ਦਾ ਜੀਵਨ ਬਸਰ ਕਰ ਰਹੀ ਸੀ, ਚਿਤਰ ਰਹੀ ਸੀ, ਉਸ ਨੂੰ ਪਤਾ ਸੀ ਇਸ ਵਿਚ ਵਿਸਫੋਟ ਹੋ ਜਾਏਗਾ। ਉਸ ਨੂੰ ਲੱਗਾ, ਆਪਣੇ ਖਾਨਦਾਨੀ ਪਿਛੋਕੜ ਦਾ ਫਾਇਦਾ ਉਠਾ ਕੇ ਉਹ ਉਹੀ ਕੁਝ ਕਰੇਗੀ ਜੋ ਮਰਦ ਕਰਦੇ ਹਨ, ਮਨਮਰਜ਼ੀ, ਹਰੇਕ ਪਰਕਾਰ ਦੀ ਮਨਮਰਜ਼ੀ।

ਉਸਦਾ ਵਾਕ ਅਕਸਰ ਦੁਹਰਾਇਆ ਜਾਂਦਾ - ਮੈਂ ਕਦ ਕਿਹੈ ਮੈਂ ਸਿਆਣੀ ਹਾਂ? ਮੈਂ ਤਾਂ ਇਹ ਕਹਿਨੀ ਆਂ ਕਿ ਬਾਕੀ ਮੂਰਖ ਨੇ।

ਕਸ਼ਮੀਰੀ ਸ਼ਾਲ ਵਿਚ ਜਿਸਮ ਲਪੇਟਿਆ। ਕਿਸੇ ਨੂੰ ਖਿਆਲ ਨਾ ਆਇਆ, ਫੁੱਲ ਚਾਹੀਦੇ ਹਨ। ਤੁਰਤ ਭੱਜ ਕੇ ਦੋਸਤ ਹਾਰ ਲੈ ਆਏ। ਮਾਲ ਰੋਡ ਉਪਰ ਦੀ ਚੱਲ ਕੇ ਬਾਦਸ਼ਾਹੀ ਮਸਜਿਦ, ਕਿਲ੍ਹਾ ਤੇ ਫਿਰ ਰਾਵੀ ਕਿਨਾਰੇ ਸ਼ਮਸ਼ਾਨਘਾਟ। ਅਰਦਾਸ ਪਿਛੋਂ ਪਿਤਾ ਨੇ ਚਿਖਾ ਨੂੰ ਅਗਨੀ ਛੁਹਾਈ। ਅੱਗ ਦੀਆਂ ਲਪਟਾਂ ਉਚੀਆਂ ਉਠੀਆਂ। ਹੁਣ ਅੰਮ੍ਰਿਤਾ ਕਦੀ ਨਹੀਂ ਦਿਸੇਗੀ। ਕਾਫਲਾ ਪਰਤ ਆਇਆ।

ਸ਼ੋਕ ਸਭਾ ਹੋਈ ਜਿਸ ਵਿਚ ਚੁਗਤਾਈ, ਸਾਨਿਆਲ, ਰੂਪਕਿਸ਼ਨ ਤੇ ਮੇਰੀ ਸ਼ਾਮਲ ਹੋਏ। ਸਾਨਿਆਲ ਨੇ ਦੱਸਿਆ - ਵਿਕਟਰ ਉਸਦੇ ਬਚੇ ਰੰਗ, ਬਰੱਸ਼, ਪੇਂਟ ਬਕਸ, ਕੈਨਵਸਾਂ ਦੇ ਗਿਐ। ਉਸ ਦੀਆਂ ਨਿਸ਼ਾਨੀਆਂ। ਅਨੰਦ ਭਵਨ ਤੋਂ ਨਹਿਰੂ ਦਾ ਖਤ ਆਇਆ - ਉਸ ਨਾਲ ਸਬੰਧਤ ਛਪੀ ਸਾਰੀ ਸਮੱਗਰੀ ਭੇਜਦਾ ਹਾਂ। ਉਸ ਦੀ ਇਕ ਫੋਟੋ ਆਪਣੇ ਕੋਲ ਰੱਖ ਲਈ ਹੈ। ਉਸ ਜੀਨੀਅਸ ਨੇ ਅਜੇ ਤਾਂ ਸਿਰੇ ਚੜ੍ਹਨਾ ਸੀ। ਉਸਨੇ ਕਿਹਾ ਸੀ ਅਲਾਹਬਾਦ ਵਿਕਟਰ ਤੇ ਮੈਂ ਆ ਕੇ ਕੁਝ ਦਿਨ ਤੁਹਾਡੇ ਕੋਲ ਰਹਾਂਗੇ। ਸਭ ਬੀਤੇ ਦੀਆਂ ਗੱਲਾਂ ਹੋ ਗਈਆਂ ਹਨ।

ਸਰੋਜਨੀ ਨਾਇਡੂ ਦਾ ਖਤ ਆਇਆ - ਆਪਣੀ ਸੁੰਦਰਤਾ, ਜਵਾਨੀ, ਕਲਾ ਅਤੇ ਅਦਭੁਤ ਬੁੱਧੀ ਨਾਲ ਉਸਨੇ ਜਿਸ ਸੰਸਾਰ ਨੂੰ ਸਜਾਇਆ, ਉਸ ਨੂੰ ਛੱਡ ਵੀ ਗਈ ਛੇਤੀ ਦੇਣੀ। ਅਮੀਰ ਸ਼ਖਸੀਅਤ.... ਅਮੀਰ ਰੂਹ.. ਮੈਨੂੰ ਪਤੈ ਮੈਨੂੰ ਪਿਆਰ ਕਰਦੀ ਸੀ। ਛੋਟੀ ਉਮਰ ਵਿਚ ਵੱਡੀ ਵਰਾਸਤ ਛੱਡ ਗਈ। ਹੌਸਲਾ, ਤਾਕਤ, ਮੌਲਿਕਤਾ ... ਇੰਨੀ ਕੁ ਬੱਚੀ ਵਿਚ ਏਨਾ।

ਉਸਨੇ ਸ਼ਮਸ਼ਾਨਘਾਟ ਪੇਂਟਿੰਗ ਕਿਉਂ ਬਣਾਈ? ਵਿਕਟਰ ਦਸਦਾ - ਉਹ ਹਰ ਵੇਲੇ ਇਹੀ ਕਹੀ ਜਾਂਦੀ - ਮੈਂ ਕੰਮ ਕਰਨੈ, ਮੇਰੇ ਕੋਲ ਸਮਾਂ ਬੜਾ ਘੱਟ ਹੈ, ਕੰਮ ਮੈਂ ਵੱਧ ਕਰਨੈ। ਹਰ ਵਕਤ ਕਾਹਲ ਵਿਚ।

ਵਿਵਾਦਾਂ ਵਿਚ ਘਿਰੀ ਅੰਮ੍ਰਿਤਾ ਬਾਬਤ ਵਿਵਾਦ ਮੌਤ ਨਾਲ ਖਤਮ ਨਹੀਂ ਹੋਏ। ਮਾਂ, ਮੇਰੀ ਐਂਟੋਨਿਟ ਨੂੰ ਪਾਗਲਪਣ ਦੇ ਦੌਰੇ ਪੈਣ ਲੱਗੇ। ਉਸਨੇ ਪੁਲਸ ਨੂੰ, ਖੁਫੀਆ ਏਜੰਸੀਆਂ ਨੂੰ, ਮੰਤਰੀਆਂ ਨੂੰ ਖਤ ਲਿਖ ਕੇ ਕਿਹਾ - ਵਿਕਟਰ ਮੇਰੀ ਧੀ ਦਾ ਕਾਤਲ ਹੈ। ਇਹ ਕੋਲਡ ਬਲੱਡਡ ਮਰਡਰ ਹੈ। ਉਮਰਾਉ ਸਿੰਘ ਸ਼ਾਂਤ ਰਿਹਾ। ਵੀਹ ਦਸੰਬਰ 1941 ਨੂੰ ਦਿੱਲੀ ਇੰਦਰਾ ਦੇ ਘਰੋਂ ਉਸਨੇ ਬਹੁਤ ਸਾਰੇ ਖ਼ਤ ਅਹਿਮ ਸ਼ਖਸੀਅਤਾਂ ਨੂੰ ਲਿਖੇ। ਚਮਨਲਾਲ ਨੂੰ ਲਿਖਿਆ - ਤੁਸੀਂ ਮੇਰੀ ਧੀ ਅਤੇ ਜਵਾਈ ਵਾਸਤੇ ਜੋ ਕੀਤਾ, ਅਜੇ ਕਰ ਰਹੇ ਹੋ, ਸ਼ੁਕਰਗੁਜ਼ਾਰ ਹਾਂ। ਮੈਂ, ਮੇਰੀ ਪਤਨੀ ਤੇ ਵਿਕਟਰ ਅਜੇ ਸਦਮੇ ਵਿਚੋਂ ਨਹੀਂ ਨਿਕਲੇ। ਮੇਰੀ ਪਤਨੀ ਦੀ ਹਾਲਤ ਬੁਰੀ ਹੈ। ਆਖੀ ਜਾਂਦੀ ਹੈ - ਕੋਈ ਅੰਮ੍ਰਿਤਾ ਦੀ ਗੱਲ ਨਾ ਕਰੇ ਮੇਰੇ ਕੋਲ। ਆਪ ਸਾਰਾ ਦਿਨ ਗੱਲਾਂ ਕਰਨੋਂ ਨਹੀਂ ਹਟਦੀ।

- ਜਿਹੜੀ ਨੁਮਾਇਸ਼ ਲੱਗਣੀ ਹੈ, ਉਸ ਵਿਚ ਨਿਰਵਸਤਰ ਪੇਂਟਿੰਗਜ਼ ਨਾ ਰੱਖਣੀਆਂ। ਹੋਰ ਵੀ, ਜਿਹੜੀਆਂ ਸਹੀ ਨਾ ਹੋਣ, ਵਖ ਕਰ ਲੈਣੀਆਂ। ਸਰ ਸਿਕੰਦਰ ਹਯਾਤ ਖਾਨ ਉਦਘਾਟਨ ਕਰਨ ਆਉਣਗੇ, ਉਹ ਕਿਸੇ ਪ੍ਰੇਸ਼ਾਨੀ ਵਿਚ ਨਾ ਪੈ ਜਾਣ। ਇਸ ਪਿਛੋਂ ਸਾਰੀਆਂ ਕ੍ਰਿਤਾਂ ਦਿੱਲੀ ਭੇਜ ਦੇਣੀਆਂ, ਇਥੇ ਚਾਰਲਸ ਫੇਬਰੀ ਨੁਮਾਇਸ਼ ਦਾ ਇੰਤਜ਼ਾਮ ਕਰ ਰਿਹਾ ਹੈ। ਫਿਰ ਸ਼ਿਮਲੇ ਵਾਲੇ ਆਪਣੇ ਘਰ ਸਾਰਾ ਕੁਝ ਰੱਖ ਕੇ ਅਸੀਂ ਅੰਮ੍ਰਿਤਾ ਆਰਟ ਗੈਲਰੀ ਸਥਾਪਤ ਕਰ ਦਿਆਂਗੇ। ਅੰਮ੍ਰਿਤਾ ਦੀਆਂ ਅਸਥੀਆਂ ਸ਼ੀਸ਼ੇ ਦੇ ਗੁਲਦਾਨ ਵਿਚ ਰੱਖਾਂਗੇ।

8 ਜਨਵਰੀ 1942 ਨੂੰ ਫਿਰ ਚਮਨਲਾਲ ਨੂੰ ਲਿਖਿਆ - ਮੇਰੀ ਪਤਨੀ ਨੇ ਬਹੁਤ ਸਾਰੇ ਪਾਗਲਪਣ ਭਰੇ ਖ਼ਤ ਲਿਖ ਕੇ ਵਿਕਟਰ ਨੂੰ ਅੰਮ੍ਰਿਤਾ ਦਾ ਕਾਤਲ ਕਿਹਾ ਹੈ। ਮੌਤ ਦੇ ਸਦਮੇ ਕਾਰਨ ਉਸਦਾ ਦਿਮਾਗੀ ਤਵਾਜ਼ਨ ਵਿਗੜ ਗਿਆ ਹੈ। ਪਾਗਲਪਣ ਦੇ ਦੌਰਿਆਂ ਦੀ ਮਰੀਜ਼ ਉਹ ਇਸ ਤੋਂ ਪਹਿਲਾਂ ਦੀ ਹੈ। ਪਿਛਲੇ ਮਹੀਨੇ ਹਾਲਾਤ ਵਧੀਕ ਖਰਾਬ ਹੋ ਗਈ। ਵਿਕਟਰ ਦੋਸ਼ੀ ਨਹੀਂ, ਉਸ ਉਪਰ ਸ਼ੱਕ ਵਾਜਬ ਨਹੀਂ। ਜਿਥੇ ਲੋੜ ਪਵੇ, ਮੇਰਾ ਇਹ ਖ਼ਤ ਦਿਖਾ ਦੇਣਾ।

ਅੰਮ੍ਰਿਤਾ ਦੀ ਮੌਤ ਦਾ ਕੀ ਕਾਰਨ ਸੀ? ਸਰ ਅਬਦੁਲ ਕਾਦਿਰ ਲਾਹੌਰ ਹਾਈਕੋਰਟ ਦਾ ਜੱਜ, ਸ਼ੇਰਗਿੱਲ ਦਾ ਮਿੱਤਰ ਸੀ ਤੇ ਅੰਮ੍ਰਿਤਾ ਦਾ ਕਦਰਦਾਨ। ਕੀ ਉਸ ਦੇ ਘਰ ਖਾਧੇ ਪਕੌੜਿਆਂ ਕਾਰਨ ਪੇਚਿਸ਼, ਹੈਜ਼ਾ ਹੋਇਆ ਤੇ ਵਧੀਕ ਖੂਨ ਵਗਣ ਕਰਕੇ ਮੌਤ ਹੋਈ? ਇਕਬਾਲ ਸਿੰਘ ਅਨੁਸਾਰ ਇਹੋ ਸੱਚ ਹੈ। ਅੰਮ੍ਰਿਤਾ ਨੂੰ ਝੂਠ ਬੋਲਣ ਦੀ ਆਦਤ ਨਹੀਂ ਸੀ। ਇਹ ਫੂਡ ਪਾਇਜ਼ਨਿੰਗ ਦਾ ਨਤੀਜਾ ਹੈ। ਸ਼ੱਕ ਕਰਨ ਵਾਲੇ ਆਖਦੇ ਹਨ, ਮਹਿਜ਼ ਹਾਜ਼ਮੇ ਦੀ ਖਰਾਬੀ ਦਾ ਕੀ ਵਿਕਟਰ ਕੋਲ ਇਲਾਜ ਨਹੀਂ ਸੀ? ਇਕਬਾਲ ਆਖਦਾ ਹੈ - ਹਾਂ, ਉਸਨੂੰ ਆਪਣੇ ਉਪਰ ਭਰੋਸਾ ਸੀ, ਅਜਿਹੇ ਬਥੇਰੇ ਇਲਾਜ ਕਰ ਚੁੱਕਾ ਸੀ, ਅੰਮ੍ਰਿਤਾ ਕਿਉਂ ਠੀਕ ਨਾ ਹੋਏਗੀ? ਤੇ ਕਈ ਵਾਰ ਮਰੀਜ਼ ਨਹੀਂ ਵੀ ਠੀਕ ਹੁੰਦਾ ਤਾਂ ਫੇਰ ਡਾਕਟਰ ਦਾ ਕੀ ਕਸੂਰ ਹੋਇਆ? ਆਂਤੜੀ ਇਨਫੈਕਸ਼ਨ ਕਰਕੇ ਡੀ-ਹਾਈਡ੍ਰੋਜਨ ਹੋ ਗਈ।

ਖੁਸ਼ਵੰਤ ਸਿੰਘ ਲਿਖਦਾ ਹੈ - ਉਸਦੀ ਮਾਂ ਨੇ ਵਿਕਟਰ ਵਿਰੁੱਧ ਜਿਨ੍ਹਾਂ ਨੂੰ ਖ਼ਤ ਲਿਖੇ, ਉਨ੍ਹਾਂ ਵਿਚੋਂ ਮੈਂ ਵੀ ਸਾਂ। ਮੈਂ ਇਸਨੂੰ ਕਤਲ ਤਾਂ ਨਹੀਂ ਮੰਨਦਾ ਲਾਪ੍ਰਵਾਹੀ ਮੰਨੀ ਜਾ ਸਕਦੀ ਹੈ। ਡਾ. ਰਘਬੀਰ ਸਿੰਘ ਨੇ ਦੱਸਿਆ -

ਜਦੋਂ ਅੱਧੀ ਰਾਤ ਮੈਂ ਗਿਆ, ਉਦੋਂ ਬਚਣ ਦੀ ਉਮੀਦ ਹੈ ਈ ਨੀ ਸੀ, ਉਹ ਗਰਭਵਤੀ ਸੀ ਤੇ ਵਿਕਟਰ ਨੂੰ ਗਰਭਪਾਤ ਵਾਸਤੇ ਕਿਹਾ। ਆਪ੍ਰੇਸ਼ਨ ਫੇਲ੍ਹ ਹੋ ਗਿਆ। ਖ਼ੂਨ ਬੰਦ ਨਾ ਹੋਇਆ, ਵਿਕਟਰ ਨੇ ਮੈਨੂੰ ਕਿਹਾ – ਮੇਰਾ ਖ਼ੂਨ ਲੈ ਕੇ ਇਸ ਵਿਚ ਚਾੜ੍ਹ ਦੇਹ। ਮੈਂ ਇਨਕਾਰ ਕਰ ਦਿੱਤਾ ਕਿਉਂਕਿ ਮੈਨੂੰ ਦੋਵਾਂ ਦੇ ਬਲੱਡ ਗਰੁੱਪਾਂ ਦਾ ਪਤਾ ਨਹੀਂ ਸੀ। ਅਸੀਂ ਦੋਵੇਂ ਜਦੋਂ ਦਲੀਲਬਾਜ਼ੀ ਕਰ ਰਹੇ ਸਾਂ, ਉਹ ਦਮ ਤੋੜ ਗਈ।

ਇਕਬਾਲ ਸਿੰਘ ਆਖਦਾ ਹੈ, ਗਰਭਪਾਤ ਬਾਰੇ ਹੋਰ ਕਿਸੇ ਨੂੰ ਨਾ ਦਸਦੀ, ਉਸਨੇ ਹੈਲਨ ਨੂੰ ਦੱਸ ਦੇਣਾ ਸੀ। ਹੈਲਨ ਦਾ ਵੀ ਇਹੀ ਕਹਿਣਾ ਹੈ। ਪਰ ਵਿਕਟਰ ਦੇ ਦੂਜੇ ਵਿਆਹ ਚੋਂ ਪੈਦਾ ਹੋਈ ਵੱਡੀ ਧੀ ਈਵਾ ਸੂਦ ਦਾ ਆਖਣਾ ਹੈ ਕਿ ਉਹ ਗਰਭਵਤੀ ਹੋ ਗਈ, ਵਿਕਟਰ ਨੂੰ ਦੱਸੇ ਬਗੈਰ ਕਿਸੇ ਨੀਮ ਹਕੀਮ ਕੋਲੋਂ ਕੇਸ ਖਰਾਬ ਕਰਵਾ ਲਿਆ। ਵਿਕਟਰ ਦਾ ਇਲਾਜ ਅਜੇ ਚੱਲ ਰਿਹਾ ਸੀ ਕਿ ਜ਼ੋਰ ਨਾਲ ਵੱਡੀ, ਭਾਰੀ ਪੇਂਟਿੰਗ ਚੁੱਕ ਲਈ। ਇਸ ਨਾਲ ਬਲੀਡਿੰਗ ਵਿਚ ਸ਼ੁਰੂ ਹੋ ਗਈ। ਬੀ.ਕੇ. ਨਹਿਰੂ ਦੀ ਪਤਨੀ ਫੋਰੀ ਦੱਸਦੀ ਹੈ ਕਿ ਉਨ੍ਹਾਂ ਦਿਨਾਂ ਵਿਚ ਗਰਭਪਾਤ ਗੈਰ ਕਾਨੂੰਨੀ ਸੀ। ਗਰਭਪਾਤ ਕੀਤਾ ਵਿਕਟਰ ਨੇ, ਪਰ ਗਲਤ ਹੋ ਗਿਆ। ਕਿਸੇ ਨੂੰ ਦੱਸਿਆ ਨਹੀਂ ਕਿਉਂਕਿ ਸਜ਼ਾ ਹੋ ਸਕਦੀ ਸੀ, ਬਦਨਾਮੀ ਹੋ ਸਕਦੀ ਸੀ, ਮੈਡੀਕਲ ਕੌਂਸਲ ਨੇ ਸਰਟੀਫਿਕੇਟ ਰੱਦ ਕਰ ਦੇਣਾ ਸੀ।

ਪੰਜ ਮਾਰਚ 1944 ਨੂੰ ਮਾਂ ਨੇ ਵਿਕਟਰ ਨੂੰ ਹੰਗੇਰੀਅਨ ਵਿਚ ਖ਼ਤ ਲਿਖਿਆ – ਮੇਰੇ ਪਿਆਰੇ ਵਿਕਟਰ, ਦੇਰ ਤੋਂ ਲਿਖਣ ਲਈ ਸੋਚਦੀ ਰਹੀ। ਮੇਰੇ ਕਾਰਨ ਤੈਨੂੰ ਕਿੰਨੀ ਤਕਲੀਫ ਮਿਲੀ, ਅਫਸੋਸ ਹੈ। ਪਰ ਮੈਂ ਬਿਮਾਰ ਹਾਂ। ਮੈਂ ਬੁਰੀ ਹਾਂ। ਉਨੀ ਸਾਲ ਦੀ ਉਮਰ ਵਿਚ ਮੈਂ ਖੁਦਕੁਸ਼ੀ ਕਰਨੀ ਚਾਹੀ ਸੀ, ਬਚ ਗਈ। ਮੈਨੂੰ ਦੇਖ ਕੇ ਹੈਰਾਨ ਹੋ ਜਾਏਂਗਾ, ਅੰਦਰਲੀ ਸਾਰੀ ਬਦੀ ਚਿਹਰੇ ਉਪਰ ਆ ਗਈ ਹੈ। ਦੂਜਿਆਂ ਨੂੰ ਦੁਖੀ ਕੀਤਾ, ਮਰਨ ਤੱਕ ਕਰਦੀ ਰਹਾਂਗੀ। ਵਿਹੜੇ ਵਿਚਲਾ ਸੱਤਰ ਸਾਲਾ ਪੁਰਾਣਾ ਦਰਖਤ ਕਟਵਾ ਦਿੱਤਾ ਕਿਉਂਕਿ ਬਾਂਦਰਾਂ ਤੋਂ ਖਿਝ ਆਉਂਦੀ ਸੀ। ਹੁਣ ਸਾਰਾ ਵਿਹੜਾ ਉਸ ਬਿਨਾ ਵੀਰਾਨ ਲਗਦਾ ਹੈ। ਇੰਦਰਾ ਮੈਨੂੰ ਕਹਿ ਕੇ ਗਈ ਹੈ – ਤੂੰ ਵਿਕਟਰ ਨੂੰ ਨਫਰਤ ਕੀਤੀ, ਫਲਸਰੂਪ ਤੈਨੂੰ ਅੰਮ੍ਰਿਤਾ ਨੇ ਨਫਰਤ ਕੀਤੀ। ਦਾਨ ਮੈਂ ਇਸ ਕਰਕੇ ਦਿਆ ਕਰਦੀ ਸਾਂ ਤਾਂ ਕਿ ਲੋਕ ਮੈਨੂੰ ਜ਼ਾਲਮ ਨਾ ਸਮਝਣ। ਮੈਂ ਪਿਆਰੀ ਮਾਂ ਨਹੀਂ, ਹੁਣ ਤਾਂ ਪਾਗਲ ਹੋ ਚੁੱਕੀ ਹਾਂ। ਪਹਾੜੀ ਤੋਂ ਛਾਲ ਮਾਰਨ ਦਾ ਦਿਲ ਕੀਤਾ ਸੀ। ...ਤੂੰ ਕੁਝ ਕਰ। ...ਕੁਝ ਭੇਜ ਦੇਹ।

ਇਥੇ *ਕੁਝ* ਦਾ ਅਰਥ ਜ਼ਹਿਰ ਹੈ। ਵਿਕਟਰ ਨੇ 11 ਮਾਰਚ 1944 ਨੂੰ ਉਤਰ ਦਿੱਤਾ – ਪਿਆਰੀ ਮਾਮਾ, ਤੁਹਾਡੇ ਉਦਾਸ ਖ਼ਤ ਨੇ ਬੇਚੈਨ ਕਰ ਦਿੱਤਾ। ਪੜ੍ਹਦਿਆਂ ਹੀ ਜਵਾਬ ਦੇਣਾ ਸੀ ਪਰ ਆਖਰੀ ਡਾਕ ਜਾ ਚੁੱਕੀ ਹੈ, ਇਕ ਦਿਨ ਲੇਟ ਹੋ ਗਿਆਂ। ਮੈਂ ਡਾਕਟਰ ਹਾਂ, ਸਭ ਤੋਂ ਪਹਿਲਾਂ ਜਾਣਨਾ ਹੁੰਦਾ ਹੈ ਕਿ ਬਿਮਾਰੀ ਕੀ ਹੈ ਤੇ ਬਿਮਾਰੀ ਦੇ ਕਾਰਨ ਕੀ ਨੇ। ਮਰੀਜ਼ ਨੂੰ ਕਾਰਨਾਂ ਦਾ ਪਤਾ ਨਹੀਂ ਹੁੰਦਾ। ਮਰੀਜ਼ ਨੂੰ ਜਦੋਂ ਪਤਾ ਲੱਗ ਜਾਂਦੈ, ਉਹ ਠੀਕ ਹੋਣ ਲਗਦੈ। ਬੱਚੇ ਹਨੇਰੇ ਕਮਰੇ ਵਿਚ ਜਾਣ ਤੋਂ ਡਰਦੇ ਸਨ। ਦੀਵਾ ਬਾਲ ਦਿਉ ਤਾਂ ਸਾਰੇ ਕਲਪਿਤ ਖਤਰੇ ਦੂਰ ਹੋ ਜਾਂਦੇ ਨੇ। ਕਈ ਵਾਰ ਦਿਲ ਕੀਤਾ ਸੀ ਤੁਹਾਡਾ ਇਲਾਜ ਕਰਾਂ, ਪਰ ਜਦੋਂ ਤੁਹਾਨੂੰ ਮੇਰੇ ਉਪਰ ਭਰੋਸਾ ਨਹੀਂ ਸੀ ਤਾਂ ਮੈਂ ਤੁਹਾਡੇ ਵਾਸਤੇ ਡਾਕਟਰ ਵੀ ਨਹੀਂ ਸਾਂ। ਤੁਹਾਡੇ ਡਰ ਕਲਪਿਤ ਨੇ। ਤੁਹਾਨੂੰ ਕੇਹਾ ਚੰਗਾ ਪਤੀ ਮਿਲਿਆ, ਦੋਹਤਾ ਮਿਲ ਗਿਆ, ਸਿਹਤ ਚੰਗੀ ਸੀ, ਰਹਿਣ ਲਈ ਮਹਿਲ ਮਿਲੇ। ਜਿਸ ਵਾਸਤੇ ਦੁਨੀਆਂ ਤਰਸਦੀ ਹੈ, ਉਹ ਸਭ ਕੁਝ ਹਾਸਲ। ਤੁਸੀਂ ਲੋਕਾਂ ਤੋਂ ਹਮਦਰਦੀ, ਪਿਆਰ ਮੰਗੋਗੇ, ਨਹੀਂ ਮਿਲੇਗਾ। ਤੁਸੀਂ ਹਮਦਰਦੀ ਅਤੇ ਪਿਆਰ ਹੋਰਾਂ ਨੂੰ ਦਿਉ, ਤੁਹਾਡੇ ਕੋਲ ਵਾਪਸ ਆ ਜਾਣਗੇ, ਵੱਧ ਮਿਕਦਾਰ ਵਿਚ। ਤੁਸੀਂ ਮੇਰੀ ਸਹਾਇਤਾ ਮੰਗੀ ਹੈ। ਤੁਹਾਡੇ ਨਾਲੋਂ ਵਧੀਕ ਕਸ਼ਟ ਵਿਚ ਗ੍ਰਸੇ ਮੈਂ ਹਜ਼ਾਰਾਂ ਰੋਗੀ ਠੀਕ ਕੀਤੇ ਨੇ। ਇਕ ਵਾਰ ਦਿਲ ਦੇ ਮਾਹਿਰ ਨੂੰ ਦਿਖਾ ਲਉ। ਦੂਰ ਹੋਣ ਕਰਕੇ ਅਜੇ ਮੈਂ ਜ਼ਿਆਦਾ ਕੁਝ ਨਹੀਂ ਕਰ ਸਕਦਾ।

– ਮੈਂ ਇੰਨੀਆ ਮੁਸੀਬਤਾਂ ਵਿਚੋਂ ਲੰਘਿਆ ਹਾਂ ਕਿ ਆਦਤ ਪੈ ਗਈ, ਜੀਵਨ ਤੋਂ ਵਧੀਕ ਉਮੀਦ ਹੈ ਵੀ ਨੀਂ। ਭਵਿੱਖ ਦੀਆਂ ਉਮੀਦਾਂ ਵਿਚ ਰਹਿਣਾ ਮੈਂ ਕਦੋਂ ਦਾ ਛੱਡ ਦਿੱਤਾ ਹੋਇਐ, ਜੋ ਹੈ, ਇਸ ਨਾਲ ਸੰਤੁਸ਼ਟ ਹਾਂ। ਦਿਲ ਤੇ ਕਿਸੇ ਗੱਲ ਦਾ ਭਾਰ ਨਹੀਂ ਰੱਖਣਾ, ਜੋ ਮੈਂ ਕਰ ਸਕਿਆ ਕਰਦਾ ਰਹਾਂਗਾ। ਮੇਰੇ ਬਾਰੇ ਤੁਹਾਡੇ ਖਿਆਲ ਜੇ ਸਚਮੁਚ ਬਦਲ ਗਏ ਹਨ, ਮੈਂ ਖੁਸ਼ ਹਾਂ, ਕਾਲੇ ਡਰਾਉਣੇ ਬੱਦਲ ਸਿਰ ਉਪਰੋਂ ਛਟ ਗਏ। ਤੁਹਾਨੂੰ ਵੀ ਚੈਨ ਮਿਲੇਗਾ। ਜਲਦੀ ਇਕੱਠੇ ਹੋਵਾਂਗੇ।

ਉਮਰਾਓ ਸਿੰਘ ਆਪਣੇ ਕਮਰੇ ਵਿਚ ਬੈਠਾ ਪੜ੍ਹ ਲਿਖ ਰਿਹਾ ਸੀ ਤਾਂ 31 ਜੁਲਾਈ 1948 ਨੂੰ ਮੇਰੀ ਐਂਟੋਨਿਟ ਨੇ ਬੰਦੂਕ ਨਾਲ ਖੁਦਕੁਸ਼ੀ ਕਰ ਲਈ। ਉਮਰਾਓ ਸਿੰਘ ਇੰਦਰਾ ਕੋਲ ਦਿੱਲੀ ਚਲਾ ਗਿਆ ਜਿਥੇ 1954 ਵਿਚ ਮੌਤ ਹੋਈ। ਮੌਤ ਤੋਂ ਪਹਿਲਾਂ ਉਸ ਦੀ ਯਾਦਦਾਸ਼ਤ ਜਾਂਦੀ ਰਹੀ ਸੀ। ਜਿਧਰ ਮੂੰਹ ਹੁੰਦਾ ਤੁਰ ਪੈਂਦਾ, ਘੰਟਿਆਂ ਬੱਧੀ ਧੀ ਜਵਾਈ ਲੱਭਦੇ ਲਭਾਂਦੇ ਖੱਜਲ ਖੁਆਰ ਹੁੰਦੇ ਰਹਿੰਦੇ।

ਵਿਕਟਰ ਸੋਚਦਾ ਰਿਹਾ, ਕੀ ਕਰੇ। ਲਾਹੌਰ ਛੱਡੇਗਾ ਕਿਉਂਕਿ ਅੰਮ੍ਰਿਤਾ ਤੋਂ ਮੁਕਤ ਹੋਣਾ ਹੈ। ਸਰਕਾਰ ਵਲੋਂ ਵਾਰੰਟ ਆ ਗਏ। ਹੰਗਰੀ, ਜਰਮਨ ਦਾ ਦੋਸਤ ਹੈ, ਸੋ ਅੰਗਰੇਜ਼ਾਂ ਦਾ ਦੁਸ਼ਮਣ, ਵਿਕਟਰ ਹੰਗੇਰੀਅਨ ਹੋਣ ਕਾਰਨ ਦੁਸ਼ਮਣ – ਸਿਆਸੀ ਕੈਦੀਆਂ ਦੇ ਕੈਂਪ ਵਿਚ ਪੁੱਜੇ। ਉਹ ਸਰਾਇਆ ਚਲਾ ਗਿਆ। ਕਿਰਪਾਲ ਦਾ ਚੰਗਾ

ਰਸੂਖ ਸੀ, ਉਸਦੀ ਜ਼ਾਮਨੀ ਕਾਰਨ ਬਚ ਗਿਆ। ਉਸਨੇ ਫੈਸਲਾ ਕੀਤਾ ਕਿ ਹੰਗਰੀ ਨਹੀਂ ਜਾਣਾ, ਬੇਸ਼ੱਕ ਮਾਂ ਅਜੇ ਜਿਉਂਦੀ ਸੀ। ਉਸਨੇ ਜੀ ਜਾਨ ਲਾ ਕੇ ਏਨਾ ਸਖਤ ਕੰਮ ਕੀਤਾ ਕਿ ਦੂਰ ਦੂਰ ਤੱਕ ਸ਼ੁਹਰਤ ਫੈਲੀ। ਔਰਤਾਂ ਲਈ ਵੱਖਰਾ ਹਸਪਤਾਲ ਉਸਾਰਿਆ ਜਿਥੇ ਜਣੇਪੇ ਦੀਆਂ ਸਾਰੀਆਂ ਸਹੂਲਤਾਂ ਸਨ। ਜਿਥੇ ਹਸਪਤਾਲ ਬਣਨਾ ਸੀ, ਉਥੇ ਪੁਰਾਣਾ ਪਿੱਪਲ ਦਾ ਦਰਖਤ ਸੀ, ਲੋਕਾਂ ਲਈ ਪੂਜਨੀਕ, ਉਨ੍ਹਾਂ ਨੇ ਕਿਹਾ - ਇਹ ਦੇਵਤਾ ਹੈ, ਵੱਢਣ ਨਹੀਂ ਦੇਣਾ। ਰੁਕ ਗਿਆ। ਮਜ਼ਦੂਰਾਂ ਵਿਚ ਅਫਵਾਹ ਫੈਲਾ ਦਿੱਤੀ ਕਿ ਇਸ ਵਿਚ ਭੂਤਾਂ ਦਾ ਵਸੇਬਾ ਹੈ। ਸਾਰੀਆਂ ਬਿਮਾਰੀਆਂ ਦੀ ਜੜ੍ਹ ਉਹੀ ਹਨ। ਖਬਰ ਏਨੀ ਤੇਜ਼ੀ ਨਾਲ ਅਸਰ ਕਰ ਗਈ ਕਿ ਸੈਂਕੜਿਆਂ ਦੀ ਗਿਣਤੀ ਵਿਚ ਸੰਦਾਂ ਸਮੇਤ ਲੋਕ ਆਪੇ ਪਿੱਪਲ ਵੱਢਣ ਆ ਗਏ।

ਗੋਰਖਪੁਰ ਨਹੀਂ, ਸਾਰਾ ਯੂਪੀ, ਨੇਪਾਲ ਤੱਕ ਉਸਦੇ ਜ਼ੇਰੇ ਇਲਾਜ ਸੀ। ਵਿਸ਼ਵਾਸ ਸੀ ਕਿ ਹਰੇਕ ਮਰਜ ਦਾ ਇਲਾਜ ਉਸ ਕੋਲ ਹੈ। ਉਹ ਘੱਟ ਤੋਂ ਘੱਟ ਫੀਸ ਲੈਂਦਾ, ਘੱਟ ਤੋਂ ਘੱਟ ਦਵਾਈ ਦਿੰਦਾ ਪਰ ਲੋਕਾਂ ਨੂੰ ਸਬਰ ਨਾ ਆਉਂਦਾ ਤਾਂ ਕੰਪਾਊਡਰ ਟੌਨਿਕ ਦੀ ਬੋਤਲ ਹੱਥ ਵਿਚ ਫੜਾ ਦਿੰਦਾ।

ਉਸਦੀ ਧੀ ਈਵਾ ਦਸਦੀ ਹੈ - ਇਕ ਵਾਰ ਚੌਰੀ ਚੌਰਾ ਤੋਂ ਸਵੀਡਿਸ਼ ਮਿਸ਼ਨਰੀ ਇਲਾਜ ਕਰਵਾਉਣ ਆਏ। ਕੁਝ ਸਥਾਨਕ ਲੋਕ ਵੀ ਨਾਲ ਆਏ। ਉਨ੍ਹਾਂ ਵਿਚੋਂ ਇਕ ਨੇ ਯਸੂ ਦੀ ਸਾਖੀ ਲੋਕਾਂ ਨੂੰ ਸੁਣਾਉਣੀ ਸ਼ੁਰੂ ਕਰ ਦਿੱਤੀ ਕਿ ਕਿਵੇਂ ਮਸੀਹੇ ਨੇ ਲਾਸ਼ਾਂ ਵਿਚੋਂ ਇਕ ਲਾਜ਼ਰਸ ਦੇ ਸਿਰ ਉਤੇ ਹੱਥ ਰੱਖਿਆ ਤਾਂ ਉਸ ਵਿਚ ਜਾਨ ਪੈ ਗਈ। ਸਰੋਤਿਆਂ ਵਿਚੋਂ ਇਕ ਪੇਂਡੂ ਔਰਤ ਖੜ੍ਹੀ ਹੋ ਗਈ, ਗੰਭੀਰਤਾ ਨਾਲ ਕਿਹਾ - ਮੈਂ ਯਸੂ ਮਸੀਹ ਨੂੰ ਜਾਣਦੀਆਂ। ਉਹ ਸਰਦਾਰ ਨਗਰ ਵਿਚ ਰਹਿੰਦੈ।

ਜਿੱਥੇ ਮਜੀਠੀਏ ਰਹਿੰਦੇ ਸਨ ਉਸ ਬਸਤੀ ਦਾ ਨਾਮ ਸਰਦਾਰ ਨਗਰ ਸੀ।

ਸ਼ਾਮ ਨੂੰ ਸ਼ੁਗਰ ਮਿਲ ਦੇ ਅਫਸਰ, ਇੰਜੀਨੀਅਰ ਇਕੱਠੇ ਹੋ ਜਾਂਦੇ, ਨਿੱਕਾ ਜਿਹਾ ਕਲੱਬ ਬਣਾ ਲਿਆ, ਥਕੇਵਾਂ ਲਾਹੁਣ ਲਈ ਵਿਸਕੀ, ਬੀਅਰ, ਤਾਸ਼, ਸ਼ਤਰੰਜ ਆਦਿਕ ਖੇਡਾਂ ਹੁੰਦੀਆਂ, ਵਿਕਟਰ ਸ਼ਾਮਲ ਹੁੰਦਾ। ਪੂਰਾ ਖੁਸ਼ ਮਜਾਜ਼ ਬੰਦਾ।

ਅੰਮ੍ਰਿਤਾ ਦੀ ਮੌਤ ਦੇ ਤੇਰਾਂ ਸਾਲ ਬਾਦ 1954 ਵਿਚ ਉਸ ਨੂੰ ਨੀਨਾ ਹੈਦਰੀ ਮਿਲੀ। ਨਿਕੀ ਹੁੰਦੀ ਨੂੰ ਦੇਰ ਪਹਿਲਾਂ ਦੇਖਿਆ ਸੀ, ਛੇ ਸਾਲ ਦੀ ਸੀ, ਅੰਕਲ ਕਿਹਾ ਕਰਦੀ ਸੀ, ਹੁਣ ਇਕੀ ਸਾਲ ਦੀ ਭਰ ਜੁਆਨ ਹੋ ਗਈ । ਗੁਲਾਮ ਸਫਦਰ ਖਾਨ ਹੈਦਰੀ ਯੂਪੀ ਦੇ ਡੇਰਾ ਇਸਮਾਈਲ ਖਾਨ ਤੋਂ ਸੀ, ਸਰੀ ਤੋਂ ਲਾਅ ਪੜ੍ਹ ਕੇ ਆਇਆ, ਲਖਨਊ ਵਕਾਲਤ ਕਰਦਾ ਸੀ। ਸਰੀ ਸ਼ਹਿਰ ਦੀ ਕੁੜੀ ਮਰਜਰੀ ਰਿੱਕੀ ਨਾਲ ਵਿਆਹ ਹੋ ਗਿਆ। ਇਨ੍ਹਾਂ ਦੀ ਇਕਲੌਤੀ ਸੰਤਾਨ ਇਹੋ ਨੀਨਾ ਸੀ। ਨੀਨਾ ਦੇ ਮਾਪਿਆਂ ਦੀ ਅਣਬਣ ਹੋ ਗਈ, ਪਿਉ ਪਾਕਿਸਤਾਨ ਚਲਾ ਗਿਆ, ਮਾਂ ਸਮੇਤ ਨੀਨਾ ਇਧਰ ਰਹਿ ਗਈ। ਜਦੋਂ ਨੀਨਾ ਨਾਲ ਮੇਲ ਜੋਲ ਵਧਣ ਲੱਗਾ, ਲੋਕਾਂ ਦਾ ਖਿਆਲ ਸੀ ਵਿਕਟਰ ਉਸਦੀ ਮਾਂ ਨਾਲ ਇਸ਼ਕ ਲੜਾ ਰਿਹਾ ਹੈ।

ਨੀਨਾ ਦੱਸਦੀ ਹੈ - ਉਹ ਬਹੁਤ ਚੰਗਾ ਸੀ, ਮੇਰੇ ਨਾਲੋਂ ਦੁੱਗਣੀ ਉਮਰ ਦਾ। ਮੈਂ ਉਸ ਨਾਲ ਵਿਆਹ ਦੀ ਗੱਲ ਕੀਤੀ। ਵਿਕਟਰ ਨੇ ਕਿਹਾ - ਦੇਖ ਹੁਣ ਮਈ 1954 ਹੈ। ਇਕ ਸਾਲ ਤੱਕ ਠਹਿਰ ਜਾ। ਜੇ ਫੇਰ ਵੀ ਤੇਰਾ ਇਹੋ ਫੈਸਲਾ ਰਿਹਾ ਤਾਂ ਵਿਚਾਰ ਕਰ ਲਵਾਂਗੇ। ਏਨਾ ਸ਼ਾਨਦਾਰ ਮਨੁੱਖ, ਉਹ ਮੇਰੇ ਜਜ਼ਬਿਆਂ ਨਾਲ ਖਿਲਵਾੜ ਵੀ ਕਰ ਸਕਦਾ ਸੀ। ਮੈਨੂੰ ਕਈਆਂ ਨੇ ਡਰਾਇਆ ਵੀ - ਉਸਨੇ ਜਿਵੇਂ ਪਹਿਲੀ ਪਤਨੀ ਤੋਂ ਖਹਿੜਾ ਛੁਡਾ ਲਿਆ, ਤੈਥੋਂ ਵੀ ਛੁਡਾ ਲਏਗਾ। ਪਰ ਮੇਰੇ ਮਾਪੇ ਉਸਨੂੰ ਜਾਣਦੇ ਸਨ, ਮੈਂ ਉਸਨੂੰ ਜਾਣ ਗਈ ਸਾਂ। ਉਸਨੇ ਮੈਨੂੰ ਕਿਹਾ - ਅੰਮ੍ਰਿਤਾ ਦੀ ਥਾਂ ਲੈਣ ਦੀ ਕੋਸ਼ਿਸ਼ ਨਾ ਕਰੀਂ। ਹਮੇਸ਼ ਮੇਰਾ ਧਿਆਨ ਰੱਖਦਾ, ਸੋਚਿਆ ਇਹੀ ਸੀ ਕਿ ਬੱਚੇ ਨਾ ਹੋਣ ਪਰ ਈਵਾ ਆਪੇ ਆ ਟਪਕੀ। ਉਸ ਵਾਸਤੇ ਇਕ ਸਾਥੀ ਵੀ ਚਾਹੀਦਾ ਸੀ ਖੇਡਣ ਨੂੰ, ਸੋ ਜੂਲੀਅਟ ਦਾ ਜਨਮ ਹੋਇਆ। ਘਰ ਵਿਚ ਏਨੀ ਖੁਸ਼ੀ ਕਿ ਹਸਦੇ ਹਸਦੇ ਅਸੀਂ ਕੁਰਸੀਆਂ ਤੋਂ ਡਿਗ ਪੈਂਦੇ। ਗੱਲ ਨਹੀਂ ਹੁੰਦੀ ਸੀ, ਪਰ ਅੰਮ੍ਰਿਤਾ ਹੁੰਦੀ ਤਾਂ ਘਰ ਵਿਚ ਹੀ। ਉਸ ਕਾਰਨ ਵਿਕਟਰ ਇੰਡੀਆ ਆਇਆ, ਇਸੇ ਕਰਕੇ ਮੇਰੀ ਉਸ ਨਾਲ ਸ਼ਾਦੀ ਹੋਈ।

ਹੰਗਰੀ ਤੋਂ ਮਾਂ ਸਰਾਇਆ ਆ ਗਈ ਤੇ ਅੱਠ ਸਾਲ ਰਹੀ। ਫਿਰ ਵਾਪਸ ਪਰਤ ਗਈ। ਸੱਤਰ ਸਾਲ ਦੀ ਵਿਕਟਰ ਦੀ ਭੈਣ, ਮਿਲਣ ਆਈ। ਅੰਮ੍ਰਿਤਾ ਦਾ ਮਾਮਾ ਇਰਵਿਨ ਬੈਕਟੇ ਅਕਸਰ ਆਉਂਦਾ, ਉਹ ਸਭ ਨੂੰ ਪਸੰਦ ਸੀ, ਬਹੁਤ ਗੱਲਾਂ ਸੁਣਾਉਂਦਾ। ਖੋਜੀ ਆਉਂਦੇ ਡਾਕੂਮੈਂਟਰੀਆਂ ਬਣਾਉਣ ਵਾਲੇ ਆਉਂਦੇ, ਅੰਮ੍ਰਿਤਾ ਬਾਰੇ ਸਵਾਲ ਪੁਛਦੇ। ਜਿੰਨੀ ਉਮੀਦ ਲੈ ਕੇ ਆਉਂਦੇ, ਵਿਕਟਰ ਉਨ੍ਹਾਂ ਨੂੰ ਉਸ ਤੋਂ ਵਧੀਕ ਤਸੱਲੀ ਦੇ ਕੇ ਤੋਰਦਾ।

ਇੰਦਰਾ ਦੀ ਮੌਤ 1974, ਕਸੌਲੀ ਵਿਚ ਹੋਈ, ਕਲਾ ਆਲੋਚਕ ਪੁੱਤਰ ਵਾਈਵਾਂ ਸੁੰਦਰਮ, ਅੰਮ੍ਰਿਤਾ ਦਾ ਭਾਣਜਾ ਜੀਵੰਤ ਹੈ, ਉਸਦੀ ਪਤਨੀ ਗੀਤਾ, ਕਲਾ ਆਲੋਚਕ ਅਤੇ ਕਲਾ ਇਤਿਹਾਸਕਾਰ ਹੈ। ਇੰਦਰਾ ਦੀ ਧੀ ਨਵੀਨਾ ਹੈ।ਉਨ੍ਹਾ ਰਾਹੀਂ ਪ੍ਰਾਪਤ ਹੋਈ ਸਮੱਗਰੀ ਮੁੱਲਵਾਂਨ ਹੈਂ।

ਜੂਨ 1997 ਵਿਚ 86 ਸਾਲ ਦੀ ਉਮਰੇ ਵਿਕਟਰ ਦਾ ਦੇਹਾਂਤ ਹੋਇਆ। ਡਿਗਣ ਕਾਰਨ ਸੱਟ ਲੱਗੀ, ਬੈਡ ਤੇ ਲਿਟਾ ਦਿੱਤਾ, ਜਦੋਂ ਆਖਰੀ ਸਾਹ ਲਿਆ, ਸਾਰਾ ਪਰਿਵਾਰ ਆਲੇ ਦੁਆਲੇ ਬੈਠਾ ਸੀ। ਹਜ਼ਾਰਾਂ ਦੀ

www.punjabilibrary.com

ਗਿਣਤੀ ਵਿਚ ਅਮੀਰ ਗਰੀਬ ਦਫਨ ਕਰਨ ਗਏ। ਰੱਬ ਨੂੰ ਨਹੀਂ ਮੰਨਦਾ ਸੀ। ਮਜੀਠੀਆ ਪਰਿਵਾਰ ਨੇ ਸਹਿਜ ਪਾਠ ਦਾ ਭੋਗ ਪਾਇਆ, ਕੀਰਤਨ ਉਪਰੰਤ ਅਰਦਾਸ, ਸਿੱਖ ਰਵਾਇਤਾਂ ਮੁਤਾਬਕ ਸਭ ਰਸਮਾਂ ਨਿਭਾਈਆਂ। ਜਨਮ ਵਜੋਂ ਖੁਦ ਈਸਾਈ, ਪਤਨੀ ਮੁਸਲਮਾਨ, ਅੰਤਿਮ ਰਸਮਾਂ ਗੁਰਮਤਿ ਅਨੁਸਾਰ। ਬਹੁਤ ਵੱਡੀਆਂ ਸੁੱਚੀਆਂ ਰੂਹਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ। ਕਿਹਾ ਕਰਦਾ ਸੀ ਨਾਸਤਿਕ ਹਾਂ, ਸਾਰਿਆਂ ਧਰਮਾਂ ਤੋਂ ਪ੍ਰੇਮ ਪ੍ਰਾਪਤ ਕੀਤਾ।

ਅੰਮ੍ਰਿਤਾ ਉਪਰ ਚੰਗੀਆਂ ਕਿਤਾਬਾਂ ਇਕਬਾਲ ਸਿੰਘ ਦੀ *ਅੰਮ੍ਰਿਤਾ ਸ਼ੇਰਗਿੱਲ* (ਅੰ), ਵਿਕਾਸ ਪਬਲਿਸ਼ਿੰਗ ਹਾਊਸ ਨਵੀਂ ਦਿੱਲੀ, ਵਾਈਵਾਂ ਸੁੰਦਰਮ ਦੀਆਂ ਤਿੰਨ ਕਿਤਾਬਾਂ, *ਰੀਟੇਕ ਆਫ ਅੰਮ੍ਰਿਤਾ* (ਅੰ), ਤੂਲਿਕਾ ਬੁਕਸ, ਨਵੀਂ ਦਿੱਲੀ, *ਅੰਮ੍ਰਿਤਾ ਸ਼ੇਰਗਿਲ, ਲਾਈਫ ਐਂਡ ਵਰਕ* (ਅੰ) ਵਿਕਾਸ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, *ਅੰਮ੍ਰਿਤਾ ਸ਼ੇਰਗਿਲ ਏ ਸੈਲਫ ਪੋਰਟ੍ਰੇਟ ਇਨ ਲੈਟਰਜ਼, ਰਾਈਟਿੰਗਜ਼,* ਤੂਲਿਕਾ ਬੁਕਸ, ਕਾਰਲ ਖੰਡਾਲਵਾਲਾ ਦੀ *ਅੰਮ੍ਰਿਤਾ ਸ਼ੇਰਗਿਲ* (ਅੰ), ਨਿਊ ਬੁਕਸ ਕੰ. ਲਿ. ਬੰਬਈ, ਮੁਲਕਰਾਜ ਆਨੰਦ, (ਅੰ) *ਅੰਮ੍ਰਿਤਾ ਸ਼ੇਰਗਿਲ* (ਅੰ) ਐਨ.ਜੀ.ਐਮ.ਏ., ਦਿੱਲੀ, ਬਲਦੂਨ ਢੀਂਗਰਾ, *ਸ਼ੇਰਗਿਲ* (ਅੰ), ਲਲਿਤ ਕਲਾ ਅਕਾਦਮੀ ਨਵੀਂ ਦਿੱਲੀ, ਗੀਤਾ ਡਾਕਟਰ ਦੀ, *ਅੰਮ੍ਰਿਤਾ ਸ਼ੇਰਗਿਲ,* ਏ *ਪ੍ਰਿੰਟਿਡ ਲਾਈਫ* (ਅੰ), ਰੂਪਾ, ਨਵੀਂ ਦਿੱਲੀ, ਯਸ਼ੋਧਰਾ ਦਾਲਮੀਆਂ, *ਅੰਮ੍ਰਿਤਾ ਸ਼ੇਰਗਿਲ ਏ ਲਾਈਫ* (ਅੰ), ਪੈਂਗੁਇਨ ਨਵੀਂ ਦਿੱਲੀ ਹਨ।

# ਗੋਲਡਾ ਮੀਰ ਅਤੇ ਇਕ ਦੇਸ ਦਾ ਜਨਮ

ਵਧੀਕ ਪੰਜਾਬੀ ਪਾਠਕਾਂ ਨੂੰ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਦਾ ਪਤਾ ਨਹੀਂ। ਉਨ੍ਹਾਂ ਨੂੰ ਇਸ ਲਿਖਤ ਰਾਹੀਂ ਥੋੜ੍ਹੀ ਕੁ ਜਾਣਕਾਰੀ ਮਿਲੇਗੀ। ਇਸ ਲੇਖ ਦਾ ਦੂਜਾ ਮਨੋਰਥ ਇਹ ਹੈ ਕਿ ਰਾਜ ਪ੍ਰਾਪਤੀ ਦੀ ਅਭਿਲਾਖਾ ਹਰੇਕ ਜਿਉਂਦੇ ਜਾਗਦੇ ਸਮਾਜ ਵਿਚ ਹੁੰਦੀ ਹੈ, ਸਿੱਖਾਂ ਦੀ ਅਭਿਲਾਖਾ, *ਰਾਜ ਕਰੇਗਾ ਖਾਲਸਾ* ਤਾਂ ਉਨ੍ਹਾਂ ਦੀ ਅਰਦਾਸ ਵਿਚ ਸ਼ਾਮਲ ਹੈ। ਅੰਧਕਾਰ ਵਿਚੋਂ ਕਿਵੇਂ ਬਚ ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝਲਦਿਆਂ ਲੰਮਾ ਸਮਾਂ ਸੰਘਰਸ਼ ਕਰਨਾ ਹੈ, ਯਹੂਦੀਆਂ ਤੋਂ ਸਿਖਣਾ ਹੈ। ਯੂਕਰੇਨ ਅਤੇ ਕੀਵ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਵਰਗੇ ਬਣ ਗਏ ਹਨ। ਪੱਛਮੀ ਯੂਕਰੇਨ ਦਾ ਝੁਕਾਅ ਯੋਰਪ ਵੱਲ ਹੈ ਤੇ ਪੂਰਬ ਦੇ ਲੋਕ ਰੂਸ ਪੱਖੀ ਹਨ। ਅਮਰੀਕਾ ਅਤੇ ਰੂਸ ਇਨ੍ਹਾਂ ਇਲਾਕਿਆਂ ਵਿਚ ਨਿਰੰਤਰ ਸੈਨਿਕ ਦਖਲ ਦੇ ਰਹੇ ਹਨ।

ਸਦੀਆਂ ਤੋਂ ਯਹੂਦੀਆਂ ਨੂੰ ਨਫਰਤ ਦਾ ਸ਼ਿਕਾਰ ਹੋਣਾ ਪਿਆ ਹੈ। ਇਸ ਦੇ ਕਾਰਨਾ ਦਾ ਪਤਾ ਹੋਣਾ ਜਰੂਰੀ ਹੈ। ਯਸੂ ਮਸੀਹ ਯਹੂਦੀ ਸੀ, ਉਸਨੇ ਜੇਰੂਸਲਮ ਦੇ ਯਹੂਦੀ ਮੰਦਰ ਵਿਚ ਕਰਮਕਾਂਡੀ ਜਾਲ ਦੇਖਿਆ। ਕਬੂਤਰਾਂ ਦੀ ਬਲੀ ਦੇਣੀ ਪਵਿੱਤਰ ਰਸਮ ਸੀ। ਸੰਦੂਕੜੀਆਂ ਵਿਚ ਬੰਦ ਕਬੂਤਰ ਕੱਢ ਕੇ ਗਾਹਕ ਨੂੰ ਵੇਚ ਦਿੱਤਾ ਜਾਂਦਾ, ਗਾਹਕ ਪੁਜਾਰੀ ਨੂੰ ਦੇ ਆਉਂਦਾ, ਪੁਜਾਰੀ ਫਿਰ ਚੜ੍ਹਾਏ ਗਏ ਕਬੂਤਰਾਂ ਨੂੰ ਦੁਕਾਨਦਾਰ ਪਾਸ ਵੇਚ ਦਿੰਦਾ। ਇਨ੍ਹਾਂ ਰਸਮਾਂ ਵਿਰੁੱਧ ਉਸਨੇ ਆਵਾਜ਼ ਉਠਾਈ ਤਾਂ ਉਸਨੂੰ ਕਾਫਰ, ਨਿੰਦਕ ਆਦਿਕ ਦੇ ਖਿਤਾਬ ਦੇਕੇ ਕਰੱਸ ਤੇ ਲਟਕਾ ਦਿੱਤਾ। ਆਖਰੀ ਸਾਹ ਲੈਣ ਵੇਲੇ ਤੱਕ ਉਹ ਯਹੂਦੀ ਸੀ, ਉਸਨੇ ਕੋਈ ਨਵਾਂ ਧਰਮ ਨਹੀਂ ਚਲਾਇਆ, ਨਵਾਂ ਈਸਾਈ ਧਰਮ ਉਸਦੇ ਚੇਲਿਆਂ ਦੀ ਕਾਢ ਹੈ। ਯਹੂਦੀਆਂ ਨੂੰ ਸਾਰੇ ਈਸਾਈ ਜਗਤ ਨੇ ਇਸ ਦੋਸ਼ ਕਾਰਨ ਨਫਰਤ ਕੀਤੀ ਕਿ ਉਨ੍ਹਾਂ ਨੇ ਯਸੂ ਮਸੀਹ ਨੂੰ ਕਤਲ ਕੀਤਾ।

ਮੇਰੇ ਉਪਰ ਇਹ ਪ੍ਰਭਾਵ ਰਿਹਾ ਕਿ ਇੰਗਲੈਂਡ ਅਤੇ ਅਮਰੀਕਾ ਸਮੇਤ ਸਾਮਰਾਜੀ ਤਾਕਤਾਂ ਨੇ ਸ਼ਰਾਰਤਵਸ ਇਹ ਸੇਹ ਦਾ ਤੱਕਲਾ ਅਰਬ ਦੇਸਾਂ ਵਿਚਕਾਰ ਗੱਡ ਦਿੱਤਾ ਪਰ ਅਧਿਐਨ ਉਪਰੰਤ ਸਿੱਟੇ ਕੁੱਝ ਹੋਰ ਨਿਕਲੇ।

ਹਜ਼ਰਤ ਮੁਹੰਮਦ ਸਾਹਿਬ ਨੇ ਜਦੋਂ ਇਸਲਾਮ ਦਾ ਪ੍ਰਕਾਸ਼ ਕੀਤਾ, ਉਦੋਂ ਮੱਕੇ, ਮਦੀਨੇ ਅਤੇ ਜੇਰੂਸਲਮ ਦੇ ਮੰਦਰਾਂ ਵਿਚ ਕੁਰੈਸ਼ ਕਾਬਜ਼ ਸਨ, ਜਦੋਂ ਹਜ਼ਰਤ ਮੁਹੰਮਦ ਸਾਹਿਬ ਨੇ ਇਕ ਅੱਲਾ ਉਪਰ ਈਮਾਨ ਲਿਆਣ ਅਤੇ ਬੁੱਤਪੂਜਾ ਬੰਦ ਕਰਨ ਦਾ ਹੁਕਮ ਦਿਤਾ ਉਦੋਂ ਯਹੂਦੀਆਂ ਨੇ ਮੁਸਲਮਾਨਾ ਵਿਰੁੱਧ ਕੁਰੈਸ਼ਾਂ ਦੀ ਮੱਦਦ ਕੀਤੀ। ਮੁਸਲਮਾਨਾ ਨੇ ਇਹ ਥਾਵਾਂ ਉਨ੍ਹਾਂ ਤੋਂ ਪ੍ਰਾਪਤ ਕਰਨ ਲਈ ਜੱਹਾਦ ਕੀਤੇ। ਉਦੋਂ ਤੋਂ ਲੈਕੇ ਹੁਣ ਇਜ਼ਰਾਈਲ ਬਣਨ ਤਕ ਮੁਸਲਮਾਨਾ ਅਤੇ ਯਹੂਦੀਆਂ ਦੀ ਟੱਕਰ ਜਾਰੀ ਹੈ। ਹਿਟਲਰ ਨੇ ਨਵਾਂ ਐਲਾਨ ਇਹ ਕੀਤਾ ਕਿ ਜਰਮਨ ਆਰੀਏ ਹਨ ਤੇ ਯਹੂਦੀ ਸਾਮੀ(Semetic) ਨਸਲ ਦੇ ਹਨ। ਆਰੀਆ ਨਸਲ ਸ੍ਰੇਸ਼ਟ ਹੈ, ਇਸਦੇ ਮੁਕਾਬਲੇ ਸਾਮੀ ਨਸਲ ਨੂੰ ਜਿਉਣ ਦਾ ਅਧਿਕਾਰ ਨਹੀਂ। ਕਮਿਊਨਿਸਟਾਂ ਨੇ ਇਸ ਕਰਕੇ ਯਹੂਦੀਆਂ ਦਾ ਤ੍ਰਿਸਕਾਰ ਕੀਤਾ ਕਿਉਂਕਿ ਉਹ ਧਰਮੀ ਹਨ, ਆਪਣਾ ਕਲਚਰ ਛੱਡਣ ਲਈ ਤਿਆਰ ਨਹੀਂ।

ਗੋਲਡਾ ਦਾ ਜਨਮ 1898 ਨੂੰ ਰੂਸ ਦੇ ਸ਼ਹਿਰ ਕੀਵ ਵਿਚ ਹੋਇਆ। ਬਚਪਨ ਵਿਚ ਗਰੀਬੀ ਭੋਗੀ। ਘਰ ਵਿਚ ਖਾਣ ਲਈ ਰਾਸ਼ਨ ਨਾ ਹੁੰਦਾ, ਨਿੱਘ ਲਈ ਨਾ ਲੋੜੀਂਦੇ ਕੱਪੜੇ ਨਾ ਬਾਲਣ। ਖੁਰਾਕ ਦੀ ਘਾਟ ਕਾਰਨ ਵੱਡੀ ਭੈਣ ਸ਼ਾਇਨਾ ਬੇਹੋਸ਼ ਹੋ ਜਾਂਦੀ। ਨਿਕੀ ਭੈਣ ਨੂੰ ਮਾਂ ਰਤਾ ਵੱਧ ਖਾਣਾ ਦੇ ਦਿੰਦੀ ਤਾਂ ਗੋਲਡਾ ਗੁੱਸੇ ਹੋ ਜਾਂਦੀ। ਅਕਸਰ ਰੌਲਾ ਪੈ ਜਾਂਦਾ ਕਿ ਹਮਲਾ ਹੋਇਗਾ, ਯਹੂਦੀ ਗਵਾਂਢੀ ਡਾਂਗਾਂ ਸੋਟਿਆਂ ਨਾਲ ਪਹਿਰਾ ਦਿੰਦੇ। ਬਚਪਨ ਵਿਚ ਹੀ ਪਤਾ ਲੱਗਾ ਕਿ ਯਹੂਦੀ ਵੱਖਰੇ ਲੋਕ ਹਨ, ਤ੍ਰਿਸਕਾਰੇ ਲੋਕ, ਪਾਪੀ ਲੋਕ ਜਿਨ੍ਹਾਂ ਨੇ ਯਸੂ ਮਸੀਹ ਦਾ ਕਤਲ ਕੀਤਾ। ਲਾਸ਼ਾਂ ਵਿਛ ਜਾਂਦੀਆਂ, ਨਿਕੇ ਨਿਕੇ ਮਕਾਨਾਂ ਦੀ ਥਾਂ ਰੋੜਾਂ ਦੇ ਢੇਰ ਬਾਕੀ ਬਚੇ ਦਿਸਦੇ।

ਤਿਉਹਾਰ ਵਾਲੇ ਦਿਨ ਰਿਸ਼ਤੇਦਾਰ ਪਰਿਵਾਰ ਆਉਂਦੇ, ਗੀਤ ਗਾਉਂਦੇ, ਧਾਰਮਿਕ ਰਸਮਾਂ ਰੀਤਾਂ ਕਰਦੇ, ਮੇਲਾ ਲੱਗ ਜਾਂਦਾ। ਸਾਰੇ ਦੇ ਸਾਰੇ ਘੱਲੂਘਾਰੇ ਵਿਚ ਮਾਰੇ ਗਏ। ਗੋਲਡਾ ਨੂੰ ਉਨ੍ਹਾਂ ਦੇ ਚਿਹਰੇ ਕਦੀ ਨਾ ਭੁੱਲੇ। ਅਕਸਰ ਇਹ ਵਾਕ ਸੁਣਦੀ - ਯਹੂਦੀ ਰੱਬ ਵਲੋਂ ਚੁਣੇ ਹੋਏ ਬੰਦੇ ਹਨ। ਗੋਲਡਾ ਕਿਹਾ ਕਰਦੀ - ਨਹੀਂ, ਸਗੋਂ ਸੱਚ ਇਹ ਹੈ ਕਿ ਮਨੁੱਖਾ ਇਤਿਹਾਸ ਵਿਚ ਯਹੂਦੀ ਪਹਿਲੇ ਲੋਕ ਹਨ ਜਿਨ੍ਹਾਂ ਨੇ ਰੱਬ ਨੂੰ ਚੁਣਿਆ ਤੇ ਫਿਰ ਕਦੀ ਨਾ ਛੱਡਿਆ। ਘਰ ਵਿਚ ਦੋ ਕੈਲੰਡਰ ਹੁੰਦੇ, ਇਕ ਰੂਸੀ ਦੂਜਾ ਯਹੂਦੀ, ਜਿਸ ਵਿਚ ਦੋ ਹਜ਼ਾਰ ਸਾਲ ਪਹਿਲਾਂ, ਜਦੋਂ ਯਹੂਦੀ ਜੇਰੂਸਲਮ ਵਿਚੋਂ ਉਜੜੇ ਸਨ, ਦੇ ਤਿੱਥ ਤਿਉਹਾਰ ਦਰਜ ਹੁੰਦੇ, ਕੀਵ ਵਿਚ ਉਹੀ ਰਸਮਾਂ ਰੀਤਾਂ ਨਿਭਾਉਂਦੇ।

ਪਿਤਾ ਫਰਨੀਚਰ ਬਣਾਉਣ ਦਾ ਕੁਸ਼ਲ ਮਿਸਤਰੀ ਸੀ, ਟੈਸਟ ਪਾਸ ਕਰਕੇ ਸਰਕਾਰੀ ਨੌਕਰੀ ਤੇ ਲੱਗ ਗਿਆ ਸੀ ਪਰ ਯਹੂਦੀ ਹੋਣ ਕਾਰਨ ਜਲਦੀ ਕੱਢ ਦਿੱਤਾ ਗਿਆ। ਚਾਰ ਪੁੱਤਰਾਂ ਦੀ ਕੁਪੋਸ਼ਣ ਕਾਰਨ ਬਚਪਨ ਵਿਚ ਮੌਤ ਹੋਈ। ਮਾਂ ਨੂੰ ਇਕ ਗਵਾਂਢੀ ਧਨੀ ਪਰਿਵਾਰ ਨੇ ਆਇਆ ਵਜੋਂ ਨੌਕਰੀ ਦੇ ਦਿੱਤੀ। ਇਸ ਦਾ ਫਾਇਦਾ ਹੋਇਆ, ਕੁਝ ਪੈਸੇ ਮਿਲਣ ਲੱਗੇ ਤੇ ਨਾਲੇ ਉਸ ਦਿਆਲੂ ਪਰਿਵਾਰ ਨੇ ਆਪਣੀ ਹਵੇਲੀ ਵਿਚੋਂ ਇਕ ਵੱਡਾ ਹਵਾਦਾਰ, ਰੌਸ਼ਨ ਕਮਰਾ ਰਹਿਣ ਲਈ ਦਿੱਤਾ। ਝੌਂਪੜੀ ਨੁਮਾ ਕੋਠੜੀ ਵਿਚੋਂ ਨਿਕਲ ਕੇ ਰੱਬ ਦਾ ਸ਼ੁਕਰਾਨਾ ਕੀਤਾ।

ਗਰੀਬੀ ਤੋ ਤੰਗ ਆਕੇ ਇਕ ਦਿਨ ਪਿਤਾ ਨੇ ਅਮਰੀਕਾ ਵਿਚ ਜਾਕੇ ਕਿਸਮਤ ਅਜਮਾਣ ਦਾ ਫੈਸਲਾ ਕੀਤਾ। ਨਿਕ ਸੁੱਕ ਬੰਨ੍ਹਿਆ ਤੇ ਲੰਮੇ ਸਫਰ ਤੇ ਤੁਰ ਗਿਆ। ਤਿੰਨ ਧੀਆਂ ਅਤੇ ਮਾਂ ਆਪਣੇ ਦਾਦਕੇ ਘਰ ਪਿੰਸਕ ਪਿੰਡ ਚਲੇ ਗਏ। ਬਾਬਾ ਤੇਰਾਂ ਸਾਲ ਦਾ ਸੀ ਜਦੋਂ ਜ਼ਾਰ ਦੇ ਫੌਜੀਆਂ ਨੇ ਫੜਕੇ ਜਬਰਨ ਫੌਜ ਵਿਚ ਭਰਤੀ ਕਰ ਲਿਆ। ਮਾਮੂਲੀ ਤਨਖਾਹ, ਕੱਪੜੇ ਇੰਨੇ ਘੱਟ ਕਿ ਫੌਜੀ ਠੁਰ ਠੁਰ ਕਰਦੇ ਰਹਿੰਦੇ। ਉਸਨੂੰ ਕਿਹਾ ਜਾਂਦਾ ਕਿ ਈਸਾਈ ਹੋ ਜਾਹ, ਇਨਕਾਰ ਕਰਨ ਤੇ ਜੁਰਮਾਨਾ ਹੁੰਦਾ, ਗੋਡਿਆ ਭਾਰ ਚਟਾਨ ਤੇ ਬੈਠੇ ਰਹਿਣ ਦੀ ਸਜ਼ਾ ਮਿਲਦੀ। ਸਾਰੀ ਨੌਕਰੀ ਦੌਰਾਨ ਉਸਨੇ ਉਹ ਖਾਣਾ ਨਹੀਂ ਖਾਧਾ ਜੋ ਯਹੂਦੀ ਤਰੀਕੇ ਨਾਲ ਹਲਾਲ ਕਰਕੇ ਨਾ ਤਿਆਰ ਕੀਤਾ ਹੋਏ। ਫਲਸਰੂਪ ਸਾਲਾਂ ਬੱਧੀ ਬਰੈਡ ਅਤੇ ਕੱਚੀ ਸਬਜ਼ੀ ਖਾਂਦਾ ਰਿਹਾ। ਤੇਰਾਂ ਸਾਲ ਦੀ ਨੌਕਰੀ ਬਾਦ ਘਰ ਪਰਤਿਆ ਤਾਂ ਇਹੀ ਪਛਤਾਵਾ ਕਰੀ ਜਾਂਦਾ ਕਿ ਧਾਰਮਿਕ ਕੁਤਾਹੀਆਂ ਹੋ ਗਈਆਂ ਸਨ। ਪਸ਼ਚਾਤਾਪ ਵਜੋਂ ਯਹੂਦੀ ਮੰਦਰ ਦੇ ਠੰਢੇ ਫਰਸ਼ ਤੇ ਸੌਂ ਜਾਂਦਾ। ਅਧਖੜ ਉਮਰ ਵਿਚ ਮੌਤ ਹੋ ਗਈ।

ਦਾਦੀ ਸਖਤ ਜਾਨ ਦਲੇਰ ਔਰਤ ਸੀ, ਘਰ ਵਿਚ ਉਸੇ ਦਾ ਹੁਕਮ ਚਲਦਾ। ਆਪਣੇ ਚਾਹ ਦੇ ਗਲਾਸ ਵਿਚ ਮਿੱਠੇ ਦੀ ਥਾਂ ਲੂਣ ਦੀ ਡਲੀ ਪਾਉਂਦੀ ਹੋਈ ਕਿਹਾ ਕਰਦੀ - ਜਦੋਂ ਜੇਰੂਸਲਮ ਵਿਚੋਂ ਉਜੜੇ ਸਾਂ, ਨਮਕ ਨਾਲ ਰੋਟੀ ਖਾਕੇ  ਗੁਜਾਰਾ ਕੀਤਾ ਸੀ, ਉਜਾੜੇ ਦਾ ਸੁਆਦ ਰੱਬ ਤੱਕ ਪੁਚਾਵਾਂਗੀ। ਚੌਰਾਨਵੇਂ ਸਾਲ ਬਿਤਾ ਕੇ ਵਿਦਾ ਹੋਈ। ਗੋਲਡਾ ਨੇ ਕਿਹਾ ਸੀ - ਵੱਡੇ ਹੋਕੇ ਵਧੇਰੇ ਲੋਕ ਆਪਣੇ ਬਚਪਨ ਵੱਲ ਮੁੜ ਪਰਤਣਾ ਚਾਹੁੰਦੇ ਹਨ, ਮੈਂ ਕਦੀ ਅਜਿਹਾ ਨਹੀਂ ਚਾਹਿਆ ਕਿਉਂਕਿ ਮੇਰਾ ਬਚਪਨ ਉਦਾਸ ਸੀ।

ਪਿਤਾ ਦੀ ਮਨਸ਼ਾ ਸੀ ਕਿ ਤਿੰਨ ਸਾਲ ਅਮਰੀਕਾ ਵਿਚ ਮਿਹਨਤ ਕਰਕੇ ਚੋਖਾ ਧਨ ਕਮਾ ਲਏਗਾ ਤੇ ਕੀਵ ਪਰਤ ਆਏਗਾ। ਉਡੀਕ ਵਿਚ ਤਿੰਨ ਸਾਲ ਬੀਤ ਗਏ। ਭੈਣ ਸ਼ਾਇਨਾ ਗੋਲਡਾ ਤੋਂ ਨੌ ਸਾਲ ਵੱਡੀ ਸੀ। ਦੁਨੀਆਂ ਭਰ ਵਿਚ ਜ਼ੀਓਨਿਸਟ ਲਹਿਰ ਜੋਰ ਫੜ ਰਹੀ ਸੀ। ਇਹ ਯਹੂਦੀਆਂ ਦੇ ਪੁਨਰਜਾਗਰਣ ਵਾਲੀ ਲਹਿਰ ਸੀ ਤੇ ਸਮਾਜਵਾਦੀ ਰੁਝਾਣ ਵਾਲੀ ਸੀ। ਸ਼ਾਇਨਾ ਇਸ ਦੀ ਮੈਂਬਰ ਬਣ ਗਈ। ਮਾਂ ਦਾ ਤ੍ਰਾਹ ਨਿਕਲ ਗਿਆ। ਥਾਣਾ ਨੇੜੇ ਹੀ ਸੀ ਜਿਥੋਂ ਬੰਦਿਆਂ ਦੀਆਂ ਦਰਦਨਾਕ ਚੀਕਾਂ ਅਕਸਰ ਸੁਣਾਈ ਦਿੰਦੀਆਂ। ਕੱਜ਼ਾਕ ਸਿਪਾਹੀਆਂ ਦੇ ਘੋੜਿਆਂ ਦੀਆਂ ਟਾਪਾਂ ਦਹਿਲ ਪਾਉਂਦੀਆਂ। ਪੰਦਰਾਂ ਸਾਲ ਦੀ ਕੁੜੀ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਮਾਂ ਸੋਚਦੀ - ਇਸ ਕੁੜੀ ਸਦਕਾ ਅਸੀਂ ਤਾਂ ਰੁਲਾਂਗੇ ਹੀ, ਅਮਰੀਕਾ ਵਿਚ ਪਿਤਾ ਦੇ ਜੀਵਨ ਉਪਰ ਵੀ ਅਸਰ ਪੈ ਸਕਦੈ।

ਜ਼ੀਓਨਿਸਟਾਂ ਦਾ ਵਿਸ਼ਵਾਸ ਸੀ ਕਿ ਆਖਰ ਉਹ ਆਪਣੇ ਪੁਰਖਿਆਂ ਦੇ ਦੇਸ ਪੁੱਜ ਜਾਣਗੇ ਤੇ ਇਕ ਦਿਨ ਇਹ ਦੇਸ ਉਨ੍ਹਾਂ ਦਾ ਹੋ ਜਾਏਗਾ। ਇਸ ਥਾਂ ਦਾ ਨਾਮ ਜ਼ੀਓਨ ਹੈ ਜੋ ਓਟੋਮਾਨ ਸਲਤਨਤ ਦਾ ਸਭ ਤੋਂ ਪਛੜਿਆ ਹੋਇਆ ਥਾਂ, ਫਲਸਤੀਨ ਹੈ। 1878 ਈ. ਤੋਂ ਵੱਖ ਵੱਖ ਦੇਸਾਂ ਦੇ ਯਹੂਦੀ ਇਥੇ ਆਕੇ ਵਸਣ ਲਗ ਪਏ ਸਨ। ਉਨ੍ਹਾਂ ਨੇ ਜਿਹੜਾ ਪਹਿਲਾ ਯਹੂਦੀ ਪਿੰਡ ਵਸਾਇਆ ਉਸਦਾ ਨਾਮ ਰੱਖਿਆ - ਉਮੀਦਾਂ ਦਾ ਦਰਵਾਜ਼ਾ। ਹਰਜ਼ਲ ਨੇ 1882 ਵਿਚ ਵਰਲਡ ਜ਼ੀਓਨਿਸਟ ਸੰਸਥਾ ਦੀ ਨੀਂਹ ਰੱਖੀ। ਹਰਜ਼ਲ ਇਜ਼ਰਾਈਲ ਦਾ ਪਿਤਾਮਾ ਹੈ। ਜਦੋਂ ਹਰਜ਼ਲ ਦੀ ਮੌਤ ਦੀ ਖਬਰ ਸੁਣੀ, ਅਨੇਕ ਯਹੂਦੀ ਗਲੀਆਂ ਵਿਚ ਰੋਂਦੇ ਫਿਰਦੇ ਦਿਸੇ। ਸ਼ਾਇਨਾ ਨੇ ਕਾਲਾ ਲਿਬਾਸ ਪਹਿਨ ਲਿਆ ਤੇ ਦੋ ਸਾਲ ਉਦੋਂ ਤੱਕ ਇਹੀ ਲਿਬਾਸ ਪਹਿਨਿਆਂ ਜਦੋਂ ਇਹ ਸਾਰੇ ਮਿਲਵਾਕੀ, ਅਮਰੀਕਾ ਪਹੁੰਚ ਗਏ। ਧੀਆਂ ਨੇ ਅਮਰੀਕਾ ਪਿਤਾ ਕੋਲ ਜਾਣਾ ਹੀ ਸੀ ਪਰ ਮਾਂ ਨੇ ਸ਼ਾਇਨਾ ਨੂੰ ਪੁਲਿਸ ਤੋਂ ਵੀ ਬਚਾਉਣਾ ਸੀ।

ਦੋ ਹਫਤਿਆਂ ਦਾ ਸਮੁੰਦਰੀ ਸਫਰ ਮੁਕਾ ਕੇ ਮਾਂ ਤੇ ਧੀਆਂ ਮਿਲਵਾਕੀ ਪੁੱਜ ਗਈਆਂ। ਗੋਲਡਾ ਜਿਵੇਂ ਕਿਸੇ ਪਰੀਆਂ ਦੇ ਦੇਸ ਵਿਚ ਆ ਗਈ ਹੋਵੇ, ਘੰਟਿਆਂ ਬੱਧੀ ਇਮਾਰਤਾਂ, ਟ੍ਰੈਫਿਕ, ਦੁਕਾਨਾਂ ਦੇਖਦੀ ਰਹਿੰਦੀ। ਏਨੇ ਸਜੇ ਸੰਵਰੇ ਲੋਕ ਉਸਨੇ ਪਹਿਲੀ ਵਾਰ ਦੇਖੇ। ਦੋ ਕਮਰਿਆਂ ਇਕ ਰਸੋਈ ਵਾਲਾ ਘਰ ਬਹੁਤਾ ਵਡਾ ਨਹੀਂ ਸੀ ਪਰ ਰੂਸ ਵਿਚਲੀ ਰਿਹਾਇਸ਼ ਮੁਕਾਬਲੇ ਮਹਿਲ ਵਾਂਗ ਲੱਗਣ ਲੱਗਿਆ। ਨਾਲ ਇਕ ਦੁਕਾਨ ਸੀ। ਮਾਂ ਨੇ ਪਹਿਲਾਂ ਡੇਅਰੀ ਦਾ ਕੰਮ ਸ਼ੁਰੂ ਕੀਤਾ, ਫਿਰ ਗਰੋਸਰੀ ਦਾ।

ਮਾਂ ਜਦੋਂ ਸਵੇਰ ਸਾਰ ਦੁਕਾਨ ਲਈ ਸਮਾਨ ਦੀ ਖਰੀਦਾਰੀ ਕਰਨ ਜਾਂਦੀ, ਗੋਲਡਾ ਕਾਊਂਟਰ ਤੇ ਹੁੰਦੀ। ਅੱਠ ਸਾਲ ਦੀ ਕੁੜੀ ਲਈ ਇਹ ਕੰਮ ਔਖਾ ਸੀ, ਹਮੇਸ਼ਾ ਸਕੂਲ ਲੇਟ ਪੁੱਜਦੀ, ਝਿੜਕਾਂ ਪੈਂਦੀਆਂ। ਸਕੂਲ ਦੇ ਰਸਤੇ ਰੋਂਦੀ ਜਾਂਦੀ। ਪੰਜਾਹ ਸਾਲ ਬਾਦ ਜਦੋਂ ਇਜ਼ਰਾਈਲ ਦੇ ਪ੍ਰਾਈਮ ਮਿਨਿਸਟਰ ਦੀ ਹੈਸੀਅਤ ਵਿਚ ਆਪਣਾ ਸਕੂਲ ਦੇਖਣ ਆਈ ਤਾਂ ਵਿਦਿਆਰਥੀਆਂ ਨੇ ਇਉਂ ਸਵਾਗਤ ਕੀਤਾ ਜਿਵੇਂ ਜਹਾਨ ਦੀ ਮਲਕਾ ਹੋਵੇ, ਗੋਲਡਾ ਰੋ ਪਈ। ਬੱਚਿਆਂ ਨੇ ਪਹਿਲਾਂ ਇਜ਼ਰਾਈਲ ਦਾ ਕੌਮੀ ਤਰਾਨਾ ਗਾਇਆ, ਫਿਰ ਯਿਦਿਸ਼ ਗੀਤ ਗਾਏ। ਯਿਦਿਸ਼ ਉਹ ਬੋਲੀ ਹੈ ਜਿਹੜੀ ਸੰਸਾਰ ਵਿਚ ਹਰੇਕ ਯਹੂਦੀ ਆਪਣੇ ਘਰ ਵਿਚ ਬੋਲਦਾ ਹੈ। ਜਿਨ੍ਹਾਂ ਦੋ ਕੁੜੀਆਂ ਨੇ ਵੱਡਾ ਗੁਲਾਬ ਭੇਂਟ ਕੀਤਾ ਉਨ੍ਹਾਂ ਦੇ ਮੱਥਿਆਂ ਉਪਰ ਦਾਊਦ ਦਾ ਝੰਡਾ ਬੰਨ੍ਹਿਆਂ ਹੋਇਆ ਸੀ ਜਿਸਦੇ ਵਿਚਕਾਰ ਤਾਰਾ ਹੈ। ਦਾਊਦ ਯਹੂਦੀਆਂ ਦਾ ਉਹ ਪੈਗੰਬਰ ਹੈ ਜਿਸਨੇ ਕੀਰਤਨ ਵਾਸਤੇ ਬਾਣੀ ਉਤਾਰੀ ਸੀ। ਗੋਲਡਾ ਨੂੰ ਭਾਸ਼ਣ ਦੇਣ ਲਈ ਕਿਹਾ ਗਿਆ। ਉਸਨੇ ਪੜ੍ਹਾਈ ਲਿਖਾਈ ਦੀਆਂ ਗੱਲਾਂ ਨਹੀਂ ਸਿਖਾਈਆਂ, ਕਿਹਾ - ਬੱਚਿਓ, ਕਿਸ ਨੇ ਕੀ ਬਣ ਜਾਣਾ ਹੈ, ਕੁਝ ਪਤਾ ਨਹੀਂ ਹੁੰਦਾ। ਇਹ ਸਭ ਨੂੰ ਪਤਾ ਹੁੰਦੈ ਕੀ ਠੀਕ ਹੈ ਕੀ ਗਲਤ। ਨੇਕ ਨੀਅਤ ਨਾਲ ਤੁਰਦੇ ਰਹੋ, ਯਤਨ ਕਰੋ ਆਪਣਾ ਭਲਾ ਕਰਨ ਦੀ ਥਾਂ ਹੋਰ ਕਿਸੇ ਲੋੜਵੰਦ ਦਾ ਭਲਾ ਹੋਵੇ, ਅਜਿਹਾ ਕਰਦਿਆਂ ਤੁਸੀਂ ਠੀਕ ਥਾਂ ਤੇ ਪੁੱਜੋਗੇ। ਇਹ 1971 ਦਾ ਸਾਲ ਸੀ।

ਪਿਤਾ ਇਕ ਦਿਨ ਬੱਚਿਆਂ ਨੂੰ ਮਜ਼ਦੂਰ ਦਿਵਸ ਦੀ ਪਰੇਡ ਦਿਖਾਉਣ ਵਾਸਤੇ ਲੈ ਗਿਆ। ਚੌੜੀ ਸੜਕ ਤੇ ਦੋਹੀਂ ਪਾਸੀਂ ਦਰਸ਼ਕ ਸਨ ਤੇ ਵਿਚਕਾਰ ਦੀ ਲੇਬਰ ਪਰੇਡ ਲੰਘਣੀ ਸੀ। ਪਰੇਡ ਆਈ ਤਾਂ ਨਾਲ ਘੋੜ ਸਵਾਰ ਸਿਪਾਹੀ ਸਨ। ਸਿਪਾਹੀਆਂ ਨੂੰ ਦੇਖ ਕੇ ਛੋਟੀ ਕੁੜੀ ਸਾਰਾ ਨੇ ਬੈਂਡ ਵਾਜਾ ਸੁਣਨ ਸਾਰ ਚੀਕਾਂ ਮਾਰੀਆਂ, ਕਿਹਾ - ਕੱਜ਼ਾਕ ! ਉਸਨੂੰ ਬਹੁਤ ਸਮਝਾਇਆ ਕਿ ਇਹ ਕੱਜ਼ਾਕ ਨਹੀਂ, ਅਮਰੀਕਾ ਦੀ ਪੁਲਿਸ ਹੈ ਤੇ ਮਦਦ ਕਰਨ ਵਾਸਤੇ ਹੈ। ਇਹ ਕਿਵੇਂ ਹੋ ਸਕਦੈ ? ਕੱਜ਼ਾਕ ਮਦਦ ਕਿਵੇਂ ਕਰ ਸਕਦੇ ਨੇ ? ਪੌੜਾਂ ਹੇਠ ਕੁਚਲ ਦੇਣਗੇ। ਘਰ ਆ ਗਏ। ਕੁੜੀ ਨੂੰ ਬੁਖਾਰ ਚੜ੍ਹ ਗਿਆ।

ਪੰਦਰਾਂ ਸਾਲਾਂ ਦੀ ਸਕੂਲੀਆ ਕੁੜੀ ਗੋਲਡਾ ਨੇ ਸ਼ਾਇਨਾ ਅਤੇ ਉਸਦੇ ਸਾਥੀਆਂ ਤੋਂ ਦੋ ਨਾਮ ਸੁਣੇ, ਇਕ ਅਧੇੜ ਉਮਰ ਦਾ ਗੋਰਡਨ ਦੂਜੀ ਜੁਆਨ ਕੁੜੀ ਰਸ਼ੇਲ। ਗੋਰਡਨ ਪੰਜਾਹ ਸਾਲ

ਦੀ ਉਮਰੇ ਇਜ਼ਰਾਈਲ ਵਿਚ ਪਰਿਵਾਰ ਸਣੇ ਆਇਆ ਤੇ ਹੱਥਾਂ ਨਾਲ, ਕਹੀ ਕੁਹਾੜੀ ਨਾਲ ਖੇਤੀ ਕਰਨੀ ਸ਼ੁਰੂ ਕੀਤੀ। ਰਸ਼ੇਲ ਰੂਸ ਤੋਂ ਆਈ ਸੀ, ਹਿਬਰੂ ਬਿਲਕੁਲ ਨਹੀਂ ਆਉਂਦੀ ਸੀ, ਮਹੀਨਿਆਂ ਵਿਚ ਸਿੱਖ ਗਈ ਤੇ ਹਿਬਰੂ ਵਿਚ ਸ਼ਾਨਦਾਰ ਗੀਤ ਰਚੇ। ਇਹ ਅੱਜ ਇਜ਼ਰਾਈਲ ਦੇ ਸਭ ਤੋਂ ਪਿਆਰੇ ਗੀਤ ਹਨ ਜੋ ਸੰਗੀਤ ਸ਼ਾਸਤਰੀਆਂ ਨੇ ਸੁਰਬੱਧ ਕੀਤੇ। ਤਪਦਿਕ ਕਾਰਨ ਚਾਲੀ ਸਾਲ ਦੀ ਉਮਰ ਵਿਚ ਚੱਲ ਵਸੀ। ਗੋਲਡਾ ਦੀਆਂ ਅੱਖਾਂ ਵਿਚ ਇਜ਼ਰਾਈਲ ਜਾਣ ਦੀ ਕਲਪਣਾ ਉਤਰਨ ਲੱਗੀ।

ਉਨ੍ਹਾਂ ਦਿਨਾਂ ਵਿਚ ਰੱਜੇ ਪੁੱਜੇ ਅਮੀਰ ਘਰਾਂ ਦੇ ਬੁੱਧੀਵਾਨ ਮੁੰਡੇ ਕੁੜੀਆਂ ਦੁਨੀਆਂ ਵਿਚੋਂ ਆਪੋ ਆਪਣੀ ਥਾਂ ਛੱਡ ਕੇ ਇਜ਼ਰਾਈਲ ਜਾ ਰਹੇ ਸਨ। ਉਹ ਚਾਹੁੰਦੇ ਤਾਂ ਪੈਸਿਆਂ ਨਾਲ ਬਾਗ ਖਰੀਦਕੇ ਅਰਬਾਂ ਤੋਂ ਮਜ਼ਦੂਰੀ ਕਰਵਾਕੇ ਮਾਲਾਮਾਲ ਹੁੰਦੇ, ਪਰ ਉਨ੍ਹਾਂ ਦਾ ਮਕਸਦ ਧਨੀ ਹੋਣਾ ਹੈ ਈ ਨਹੀਂ ਸੀ। ਉਨ੍ਹਾਂ ਦੀ ਇਕੋ ਇਕ ਮੰਜ਼ਿਲ ਆਪਣੇ ਪੁਰਖਿਆਂ ਦੇ ਦੇਸ ਵਿਚ ਵੱਸਕੇ ਮਜ਼ਦੂਰੀ ਕਰਨੀ ਸੀ ਜਿਸ ਨੂੰ ਉਹ ਧਰਮੀ ਕਿਰਤ ਕਹਿੰਦੇ ਸਨ। ਇਨ੍ਹਾਂ ਯੋਧਿਆਂ ਦਾ ਵਿਸ਼ਵਾਸ ਸੀ ਕਿ ਧਰਮ ਦੀ ਕਿਰਤ ਰਾਹੀਂ ਉਹ ਗੁਲਾਮੀ ਦੇ ਜੂਲੇ ਤੋਂ ਮੁਕਤ ਹੋਣਗੇ।

ਇਨ੍ਹਾਂ ਹੀ ਦਿਨਾਂ ਵਿਚ ਗੋਲਡਾ ਨੂੰ ਮੋਰਿਸ ਨਾਮ ਦਾ ਇਕ ਸ਼ਾਂਤ ਸੁਭਾਅ ਵਾਲਾ ਜੁਆਨ ਮਿਲਿਆ ਜਿਸ ਨੂੰ ਸਾਹਿਤ, ਸੰਗੀਤ ਅਤੇ ਫਲਸਫੇ ਵਿਚ ਦਿਲਚਸਪੀ ਸੀ। ਇਹ ਵੀ ਉਜੜ ਕੇ ਆਇਆ ਗਰੀਬ ਯਹੂਦੀ ਸੀ ਜਿਹੜਾ ਬਾਰਾਂ ਘੰਟੇ ਕੰਮ ਕਰਦਾ, ਅਕਸਰ ਸ਼ਾਇਨਾ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦਾ। ਸ਼ਾਸਤਰੀ ਸੰਗੀਤ ਨਾਲ, ਬਾਇਰਨ, ਸ਼ੈਲੀ, ਕੀਟਸ ਅਤੇ ਉਮਰ ਖਯਾਮ ਦੀਆਂ ਰੁਬਾਈਆਂ ਨਾਲ ਉਸਨੇ ਗੋਲਡਾ ਨੂੰ ਵਾਕਫ ਕਰਵਾਇਆ। ਇਹ ਮੇਲ ਪ੍ਰੇਮ ਵਿਚ ਬਦਲ ਗਿਆ ਤੇ ਪਿਛੋਂ ਜਾਕੇ ਸ਼ਾਦੀ ਹੋਈ। ਮੋਰਿਸ, ਗੋਲਡਾ ਤੋਂ ਪੰਜ ਸਾਲ ਵੱਡਾ ਸੀ।

ਪਹਿਲੀ ਸੰਸਾਰ ਜੰਗ ਛਿੜ ਗਈ। ਯਹੂਦੀ ਜੁਆਨਾ ਨੇ ਆਪਣੇ ਝੰਡੇ ਹੇਠ ਫੌਜ ਖੜ੍ਹੀ ਕਰ ਲਈ ਜਿਸਨੇ ਅੰਗਰੇਜ਼ਾਂ ਦੀ ਤਰਫੋਂ ਲੜਨਾ ਸੀ, ਅੰਗਰੇਜ਼ਾਂ ਨੇ ਜਿੱਤਣ ਪਿਛੋਂ ਇਨ੍ਹਾਂ ਨੂੰ ਇਜ਼ਰਾਈਲ ਦੇਣਾ ਸੀ। ਡਾ. ਸ਼ਾਇਨ ਅਤੇ ਸਿਰਕਿਨ, ਦੋ ਵਿਦਵਾਨਾ ਵਿਚਕਾਰ ਯਹੂਦੀ ਸਮੱਸਿਆ ਹੱਲ ਕਰਨ ਦੇ ਢੰਗ ਤਰੀਕਿਆਂ ਉਪਰ ਵਿਵਾਦ ਹੋ ਗਿਆ ਤੇ ਉਨ੍ਹਾਂ ਦੇ ਸੰਵਾਦ ਅਖਬਾਰਾਂ ਵਿਚ ਛਪਦੇ। ਆਖਰ ਸਿਰਕਿਨ ਨੇ ਸ਼ਾਇਨ ਨੂੰ ਕਿਹਾ - ਆਪਾਂ ਕੰਮ ਵੰਡ ਲੈਂਦੇ ਹਾਂ। ਮੈਂ ਉਹ ਸਭ ਕੁੱਝ ਆਪਣੇ ਹਿੱਸੇ ਲਵਾਂਗਾ ਜੋ ਹੈ ਨਹੀਂ, ਤੂੰ ਉਹ ਕੁੱਝ ਲੈ ਲੈ ਜੋ ਮੌਜੂਦ ਹੈ। ਮਸਲਨ, ਹਿਬਰੂ ਭਾਸ਼ਾ ਨਹੀਂ ਹੈ, ਮੈਂ ਹਿਬਰੂ ਵਿਕਸਿਤ ਕਰਾਂਗਾ, ਯਿਦਿਸ਼ ਬੋਲੀ ਜਾ ਰਹੀ ਹੈ, ਤੂੰ ਯਿਦਿਸ਼ ਦੇ ਵਿਕਾਸ ਦਾ ਜ਼ਿਮਾ ਲੈ। ਇਜ਼ਰਾਈਲ ਦੇਸ ਨਹੀਂ ਹੈ, ਮੈਂ ਇਜ਼ਰਾਈਲ ਬਣਾਵਾਂਗਾ। ਸਾਰੇ ਸੰਸਾਰ ਵਿਚ ਯਹੂਦੀ ਖਿਲਰੇ ਹੋਏ ਹਨ, ਤੂੰ ਇਨ੍ਹਾਂ ਨੂੰ ਇਕ ਚੇਨ ਵਿਚ ਪਰੋ। ਜਿਸ ਨੂੰ ਤੂੰ ਆਖਦਾ ਹੈ ਇਹ ਠੋਸ ਹੈ, ਉਹ ਤੇਰਾ, ਜਿਹੜੇ ਤੇਰੇ ਅਨੁਸਾਰ ਖਿਆਲੀ ਪੁਲਾਅ ਹਨ, ਉਹ ਮੇਰੇ ਹੋਏ।

ਫਲਸਤੀਨ ਤੇ ਤੁਰਕੀ ਦਾ ਕਬਜਾ ਸੀ, ਸੰਸਾਰ ਜੰਗ ਵਿਚ ਤੁਰਕ ਅੰਗਰੇਜ਼ਾਂ ਖਿਲਾਫ ਲੜ ਰਹੇ ਸਨ, ਸੋ ਤੁਰਕਾਂ ਦੀ ਹਾਰ ਵਿਚੋਂ ਇਜ਼ਰਾਈਲ ਨਿਕਲ ਆਏਗਾ। ਇਸ ਵਕਤ ਤਕ ਵੱਖ ਵੱਖ ਥਾਵਾਂ ਤੋਂ ਆਕੇ ਯਹੂਦੀਆਂ ਨੇ ਪੰਜਾਹ ਪਿੰਡ ਵਸਾ ਲਏ ਸਨ ਜਿਨ੍ਹਾਂ ਵਿਚ ਇਕ ਤਲ-ਅਵੀਵ ਵੀ ਸੀ।

ਵਿਦਵਾਨਾਂ ਨੂੰ ਸੱਦ ਕੇ ਯਹੂਦੀ ਆਪਣੇ ਭੂਤ, ਵਰਤਮਾਨ, ਭਵਿੱਖ ਬਾਰੇ ਜਾਣਨ ਦਾ ਯਤਨ ਕਰਦੇ। ਬੁਲਾਰਿਆਂ ਨੂੰ ਦੇਣ ਲਈ ਕਿਰਾਇਆ ਨਾ ਹੁੰਦਾ, ਹਾਲ ਦਾ ਕਿਰਾਇਆ ਕਿਥੋਂ ਦੇਈਏ ? ਫੈਸਲਾ ਹੋਇਆ ਕਿ ਹਰੇਕ ਸਰੋਤਾ ਚੁਆਨੀ ਦਿਆ ਕਰੇ। ਇਕ ਸਰੋਤੇ ਨੇ ਚੁਆਨੀ ਦੇਣ ਤੋਂ ਇਹ ਕਹਿਕੇ ਇਨਕਾਰ ਕੀਤਾ - ਮੈਂ ਕਿਹੜਾ ਲੈਕਚਰ ਸੁਣਨ ਆਉਨਾ, ਮੈਂ ਤਾਂ ਸਵਾਲ ਪੁਛਣ ਆਇਆ ਕਰਦਾਂ। ਬਹੁਤੀਆਂ ਸਪੀਚਾਂ ਗਿਰਜੇ ਵਿਚ ਹੁੰਦੀਆਂ ਜਿਥੇ ਔਰਤਾਂ ਨੂੰ ਭਾਸ਼ਣ ਕਰਨ ਦੀ ਆਗਿਆ ਨਹੀਂ ਸੀ। ਗੋਲਡਾ ਨੇ ਆਪਣੇ ਪਿਤਾ ਨੂੰ ਕਿਹਾ - ਅਹੁ ਗਲੀ ਵਿਚ ਲੋਕ ਮੈਨੂੰ ਸੁਣਨਾ ਚਾਹੁੰਦੇ ਹਨ, ਮੈਂ ਚੱਲੀ ਆਂ। ਪਿਤਾ ਗਰਜਿਆ - ਕੀ ਕਿਹਾ ? ਤੂੰ ਭਾਸ਼ਣ ਕਰੇਂਗੀ ? ਸਵਾਲ ਨਹੀਂ। ਜਦੋਂ

www.punjabilibrary.com

ਉਹ ਬਜ਼ਿਦ ਰਹੀ ਤਾਂ ਪਿਤਾ ਨੇ ਕਿਹਾ - ਕਰ ਫੇਰ ਭਾਸ਼ਣ। ਤੈਨੂੰ ਵਾਲਾਂ ਤੋਂ ਫੜਕੇ ਘਸੀਟਾਂਗਾ। ਉਹ ਭੀੜ ਵਿਚ ਜਾ ਰਲੀ ਤੇ ਕਿਹਾ - ਮੇਰਾ ਪਿਤਾ ਬਦਤਮੀਜ਼ੀ ਕਰ ਸਕਦੈ, ਤੁਸੀਂ ਖਿਆਲ ਰੱਖਣਾ। ਲੈਕਚਰ ਸਟੈਂਡ ਤੇ ਗਈ, ਸ਼ਾਨਦਾਰ ਭਾਸ਼ਣ ਦਿੱਤਾ। ਜਦੋਂ ਘਰ ਗਈ, ਪਿਤਾ ਸੌਂ ਰਿਹਾ ਸੀ, ਮਾਂ ਨੇ ਦੱਸਿਆ - ਤੇਰਾ ਪਾਪਾ ਆਖਦਾ ਸੀ ਬੜੀਆਂ ਸ਼ਾਨਦਾਰ ਗੱਲਾਂ ਕੀਤੀਆਂ ਗੋਲਡਾ ਨੇ, ਪਤਾ ਨੀ ਇਹ ਖਿਆਲ ਗੋਲਡਾ ਕੋਲ ਕਿਥੋਂ ਆਉਂਦੇ ਨੇ।

ਯੂਕਰੇਨ ਅਤੇ ਪੋਲੈਂਡ ਵਿਚ ਫੌਜਾਂ ਨੇ ਯਹੂਦੀਆਂ ਦਾ ਨਰਸੰਘਾਰ ਕੀਤਾ। ਵੱਡੀ ਗਿਣਤੀ ਵਿਚ ਕਤਲ। ਗੋਲਡਾ ਨੇ ਆਪਣੀ ਰਿਹਾਇਸ਼ ਮਿਲਵਾਕੀ ਵਿਚ ਉਨ੍ਹਾਂ ਦੀ ਹਮਦਰਦੀ ਲਈ ਜਲੂਸ ਕੱਢਣ ਦਾ ਫੈਸਲਾ ਕੀਤਾ। ਇਕ ਧਨਾਡ ਯਹੂਦੀ ਆਕੇ ਕਹਿਣ ਲੱਗਾ - ਤੂੰ ਮਰਵਾਏਂਗੀ। ਜੇ ਤੂੰ ਜਲੂਸ ਕੱਢਿਆ, ਮੈਂ ਉਜੜ ਕੇ ਕਿਧਰੇ ਹੋਰ ਚਲਾ ਜਾਵਾਂਗਾ। ਗੋਲਡਾ ਨੇ ਕਿਹਾ - ਜੇ ਇਕ ਦੂਜੇ ਨਾਲ ਹਮਦਰਦੀ ਨਾ ਕੀਤੀ, ਫੇਰ ਉਜੜਾਂਗੇ, ਮੈਂ ਵਸਾਣਾ ਚਾਹੁੰਦੀ ਹਾਂ। ਭਾਰੀ ਗਿਣਤੀ ਵਿਚ ਲੋਕ ਮਾਤਮੀ ਜਲੂਸ ਵਿਚ ਸ਼ਾਮਲ ਹੋਏ, ਗ਼ੈਰ-ਯਹੂਦੀ ਵੀ ਨਾਲ ਤੁਰੇ। ਅਮਰੀਕਾ ਦੀ ਪ੍ਰੈੱਸ ਨੇ ਪੂਰੀ ਕਵਰੇਜ ਦਿੱਤੀ। ਇਸ ਸਫਲਤਾ ਤੋਂ ਬਾਦ ਉਸਨੇ ਫੈਸਲਾ ਕੀਤਾ - ਭਾਸ਼ਣਾ ਨਾਲ ਇਜ਼ਰਾਈਲ ਨਹੀਂ ਬਣਨਾ, ਮੈਨੂੰ ਫਲਸਤੀਨ ਜਾਕੇ ਕੰਮ ਕਰਨਾ ਪਏਗਾ। ਪਤੈ ਮਿੱਤਰ ਪਿਆਰੇ ਨਾਰਾਜ਼ ਹੋਣਗੇ, ਉਥੇ ਜੀਵਨ ਕਠਿਨ ਹੋਵੇਗਾ, ਤਾਂ ਕੀ? ਜੇ ਦੇਸ ਚਾਹੀਦੈ ਤਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਏਗਾ।

ਜਾਣ ਵਾਸਤੇ ਪੈਸੇ ਇਕੱਠੇ ਕਰਨੇ ਨੇ, ਮੋਰਿਸ ਨਾਲ ਵਿਆਹ ਕਰਾਉਣਾ ਹੈ ਤੇ ਉਸਨੂੰ ਨਾਲ ਜਾਣ ਵਾਸਤੇ ਮਨਾਉਣਾ ਹੈ। ਉਸਨੂੰ ਇਜ਼ਰਾਈਲ ਵਿਚ ਕੋਈ ਦਿਲਚਸਪੀ ਨਹੀਂ ਸੀ, ਕਿਹਾ ਕਰਦਾ - ਗਲੋਬ ਦੇ ਸੈਂਕੜੇ ਦੇਸਾਂ ਵਿਚ ਇਕ ਦੇਸ ਹੋਰ ਜੰਮ ਪਿਆ ਤਾਂ ਕੀ ਫਰਕ ਪੈਣੈ ? ਨਵੇਂ ਦੇਸ ਵਿਚ ਵੀ ਉਹੀ ਕਾਨੂੰਨ ਉਹੀ ਸਜ਼ਾਵਾਂ। ਗੋਲਡਾ ਸਤਾਰਾਂ ਸਾਲ ਦੀ ਸੀ, ਵਿਆਹ ਵਾਸਤੇ ਵੀ ਇਕ ਸਾਲ ਹੋਰ ਉਡੀਕਣਾ ਹੈ, ਵਿਆਹ ਤੋਂ ਪਹਿਲਾਂ ਮੋਰਿਸ ਨੂੰ ਆਪਣਾ ਫੈਸਲਾ ਦੱਸਣਾ ਹੈ। ਜੇ ਮੋਰਿਸ ਅਤੇ ਫਲਸਤੀਨ ਵਿਚੋਂ ਇਕ ਚੁਣਨਾ ਪਿਆ ਤਾਂ ਫਲਸਤੀਨ ਚੁਣੇਗੀ। ਉਸਦੇ ਫੈਸਲੇ ਤੋਂ ਮੋਰਿਸ ਬੇਚੈਨ ਹੋ ਗਿਆ, ਕਿਹਾ- ਤੈਨੂੰ ਪਤੈ ਤੂੰ ਕੀ ਕਰਨ ਲੱਗੀ ਹੈਂ ?

ਬਰਤਾਨੀਆ ਸਰਕਾਰ ਦਾ ਐਲਾਨ ਆਇਆ - ਜੇ ਤੁਰਕੀ ਨੂੰ ਹਰਾ ਦਿੱਤਾ ਤਾਂ ਅਸੀਂ ਯਹੂਦੀਆਂ ਦੇ ਅਮਨ-ਪੂਰਵਕ ਵਸੇਬੇ ਵਾਸਤੇ ਕਦਮ ਪੁਟਾਂਗੇ। ਇਸ ਬਿਆਨ ਨੇ ਮੋਰਿਸ ਨੂੰ ਹੌਸਲਾ ਦਿੱਤਾ। ਫਲਸਤੀਨ ਵਿਚੋਂ ਤੁਰਕ ਨਿਕਲ ਗਏ ਤਾਂ ਇਜ਼ਰਾਈਲ ਦਾ ਸੁਫਨਾ ਸਾਕਾਰ ਹੋਵੇਗਾ। ਯਹੂਦੀਆਂ ਦਾ ਉਥੋਂ ਉਜਾੜਾ ਰੁਕੇਗਾ, ਸਗੋਂ ਦੁਨੀਆਂ ਦੇ ਯਹੂਦੀਆਂ ਦੀ ਇੱਧਰ ਨੂੰ ਰਵਾਨਗੀ ਸ਼ੁਰੂ ਹੋਵੇਗੀ। ਪਹਿਲੀ ਸੰਸਾਰ ਜੰਗ ਛਿੜ ਚੁਕੀ ਸੀ, ਤੁਰਕ ਅਤੇ ਬਰਤਾਨੀਆਂ ਆਹਮੋ ਸਾਹਮਣੇ ਸਨ।

ਆਖਰ ਮੋਰਿਸ ਮੰਨ ਗਿਆ। 24 ਦਸੰਬਰ 1917 ਨੂੰ ਵਿਆਹ ਹੋਇਆ ਤੇ ਫਲਸਤੀਨ ਜਾਣ ਦੀਆਂ ਵਿਉਂਤਾਂ ਬਣਨ ਲੱਗੀਆਂ। ਪਾਰਟੀ ਵਲੋਂ ਗੋਲਡਾ ਨੂੰ ਫੰਡ ਇਕੱਠਾ ਕਰਨ ਦਾ ਹੁਕਮ ਹੋਇਆ, ਨਵਾਂ ਨਵਾਂ ਵਿਆਹ; ਮਾਪੇ ਖਫਾ ਹੋਏ, ਪਰ ਉਹ ਚਲੀ ਗਈ ਤੇ ਕਈ ਹਫਤਿਆਂ ਬਾਦ ਪਰਤੀ। ਉਸਨੂੰ ਪੰਦਰਾਂ ਡਾਲਰ ਹਫਤੇ ਦੀ ਤਨਖਾਹ ਮਿਲਦੀ ਜਿਸ ਨਾਲ ਕੇਵਲ ਰੋਟੀ ਖਾਧੀ ਜਾ ਸਕੇ, ਹੋਟਲ ਵਿਚ ਨਹੀਂ, ਪਾਰਟੀ ਵਰਕਰਾਂ ਦੇ ਘਰ ਰਹਿਣਾ ਹੁੰਦਾ।

1920 ਦੀਆਂ ਸਰਦੀਆਂ ਵਿਚ ਫਲਸਤੀਨ ਜਾਣ ਦਾ ਫੈਸਲਾ ਹੋ ਗਿਆ। ਉਥੇ ਤੰਬੂ ਵਿਚ ਰਹਿਣਾ ਪਵੇਗਾ ਇਸ ਲਈ ਸਾਰਾ ਫਰਨੀਚਰ ਵੇਚ ਦਿੱਤਾ। ਉਨ੍ਹਾਂ ਨੂੰ ਲਗਦਾ ਸੀ ਮਾਰੂਥਲ ਵਿਚ ਗਰਮੀ ਹੋਵੇਗੀ ਸੋ ਗਰਮ ਕੱਪੜੇ ਵੇਚ ਦਿੱਤੇ। ਭੁੰਜੇ ਸੌਣ ਲਈ ਦਰੀ ਲੈ ਲਈ ਤੇ ਇਕ ਗ੍ਰਾਮੋਫੋਨ ਦੀ ਦੀ ਮਸ਼ੀਨ ਜਿਹੜੀ ਹੱਥ ਨਾਲ ਚਾਬੀ ਭਰਕੇ ਚਲਾਈ ਦੀ ਸੀ, ਇਹ ਬਿਨਾ ਬਿਜਲੀ ਤੋਂ ਤੰਬੂ ਵਿਚ ਚੱਲੇਗੀ। ਵੱਡੀ ਭੈਣ ਸ਼ਾਇਨਾ ਆਪਣੇ ਦੋ ਬੱਚਿਆਂ ਸਣੇ ਤਿਆਰ ਹੋ ਗਈ। ਉਨ੍ਹਾਂ ਨੂੰ ਬੜਾ ਸਮਝਾਇਆ ਕਿ ਹਾਲੇ ਰੁਕੋ, ਬੱਚੇ ਸੰਭਲ ਜਾਣ, ਪਰ ਨਹੀਂ ਮੰਨੇ। ਪਤਾ ਸੀ ਅਰਬਾਂ ਦੇ ਭੜਕਾਏ ਪੇਂਡੂ, ਯਹੂਦੀਆਂ ਤੇ ਨਿਰੰਤਰ ਹਮਲੇ ਕਰ ਰਹੇ ਸਨ ਤਾਂ ਵੀ ਜਾਣ ਦਾ ਫੈਸਲਾ ਹੋਇਆ। ਮਾਪਿਆਂ ਕੋਲੋਂ ਜਦੋਂ ਵਿਦਾਇਗੀ ਲਈ, ਸਖਤ ਦਿਲ ਪਿਤਾ ਦਾ ਰੋਣ ਨਹੀਂ ਥੰਮਿਆ, ਦੋ ਧੀਆਂ ਹਮੇਸ਼ਾ ਲਈ

ਅਮਰੀਕਾ ਛੱਡ ਰਹੀਆਂ ਸਨ। ਵਿਸ਼ਾਲ ਮਾਰੂਥਲ, ਅਜਨਬੀ ਲੋਕ, ਅਜਨਬੀ ਜ਼ਬਾਨ ਦਾ ਸਾਹਮਣਾ ਕਰਨਾ ਪਵੇਗਾ। ਇਕ ਮਹੀਨੇ ਦੀ ਮੁਸ਼ਕਲ ਯਾਤਰਾ ਕਰਦਿਆਂ ਸਮੁੰਦਰੀ ਜਹਾਜ਼ ਰਾਹੀਂ ਮੰਜ਼ਲ ਤੇ ਪੁੱਜੇ। ਇਹ ਨਿਕਾ ਜਿਹਾ ਪਿੰਡ ਤਲ-ਅਵੀਵ ਸੀ ਜਿਹੜਾ 1909 ਵਿਚ ਵੱਖ ਵੱਖ ਥਾਵਾਂ ਤੋਂ ਆਕੇ ਸੱਠ ਯਹੂਦੀਆਂ ਨੇ ਵਸਾਇਆ ਸੀ। ਕੌਣ ਜਾਣਦਾ ਸੀ ਅੱਧੀ ਸਦੀ ਬਾਦ ਇਸ ਦੀ ਆਬਾਦੀ ਚਾਰ ਲੱਖ ਹੋ ਜਾਵੇਗੀ ਤੇ ਇਹ ਮਹਾਂਨਗਰ 1948 ਵਿਚ ਇਜ਼ਰਾਈਲ ਦੀ ਪਹਿਲੀ ਆਰਜ਼ੀ ਰਾਜਧਾਨੀ ਹੋਵੇਗਾ।

ਤੁਰਕ ਹਾਰ ਗਏ ਪਰ ਬਰਤਾਨੀਆਂ ਨੇ ਇਜ਼ਰਾਈਲ ਦੇਣ ਦਾ ਵਾਅਦਾ ਵਫਾ ਨਾ ਕੀਤਾ। ਲੇਖਕ, ਵਿਦਵਾਨ, ਡਾਕਟਰ, ਕਵੀ, ਸੰਗੀਤਕਾਰ, ਵਪਾਰੀ ਅਤੇ ਮਜ਼ਦੂਰ ਯਹੂਦੀ ਵਿਦੇਸ਼ਾਂ ਤੋਂ ਆਕੇ ਇਥੇ ਵੱਸਣ ਲੱਗੇ। ਪਹਿਲਾਂ ਤੰਬੂਆਂ ਵਿਚ ਰਹਿੰਦੇ, ਹੌਲੀ ਹੌਲੀ ਮਕਾਨ ਬਣਾ ਲੈਂਦੇ। ਕਾਫੀ ਹਾਊਸ ਬਣ ਗਏ ਜਿਥੇ ਗੰਭੀਰ ਸਿਆਸੀ ਵਿਚਾਰ ਵਟਾਂਦਰੇ ਹੁੰਦੇ। ਇਕ ਨਿਕਾ ਜਿਹਾ ਰੇਲਵੇ ਸਟੇਸ਼ਨ ਬਣ ਗਿਆ। ਤੁਰਨ ਤੋਂ ਪਹਿਲਾਂ ਗੋਲਡਾ ਨੇ ਆਪਣੇ ਉਨ੍ਹਾਂ ਦੋਸਤਾਂ ਨੂੰ ਖਤ ਲਿਖੇ ਜਿਹੜੇ ਦੋ ਸਾਲ ਪਹਿਲਾਂ ਤਲ-ਅਵੀਵ ਵਸ ਗਏ ਸਨ। ਰੇਲਵੇ ਸਟੇਸ਼ਨ ਉਪਰ ਕੋਈ ਲੈਣ ਨਾ ਆਇਆ। ਬਾਦ ਵਿਚ ਪਤਾ ਲੱਗਾ ਇਥੋਂ ਦੀਆਂ ਔਕੜਾਂ ਨਾ ਝੱਲ ਸਕਣ ਕਾਰਨ ਵਾਪਸ ਆਪੋ ਆਪਣੇ ਦੇਸਾਂ ਨੂੰ ਪਰਤ ਗਏ ਸਨ। ਬਾਰਾਸ਼ ਨਾਮ ਦਾ ਇਕ ਬੰਦਾ ਬੱਘੀ ਲੈਕੇ ਉਨ੍ਹਾਂ ਨੂੰ ਲੈਣ ਆਇਆ, ਇਹ ਹੋਟਲ ਦਾ ਮਾਲਕ ਸੀ। ਸਟੇਸ਼ਨ ਤੋਂ ਹੋਟਲ ਤੱਕ ਰਸਤੇ ਵਿਚ ਇਕ ਬੂਟਾ ਖਲੋਤਾ ਦਿਸਿਆ, ਕੇਵਲ ਇਕ। ਚਲੋ ਮਾਰੂਥਲ ਆਬਾਦ ਹੋਣ ਦੀ ਨਿਸ਼ਾਨੀ ਤਾਂ ਮਿਲੀ। ਇਹ ਵਾਕ ਲਿਖਦਿਆਂ ਮੈਨੂੰ ਟੈਗੋਰ ਦੀ ਪੰਕਤੀ ਯਾਦ ਆਈ, ''ਮਾਰੂਥਲ ਨੇ ਘਾਹ ਦੀ ਪੱਤੀ ਅੱਗੇ ਪ੍ਰੇਮ ਦਾ ਪ੍ਰਗਟਾਵਾ ਕੀਤਾ। ਘਾਹ ਦੀ ਪੱਤੀ ਨੇ ਨਾਂਹ ਵਿਚ ਸਿਰ ਹਿਲਾਇਆ ਤੇ ਦੌੜ ਗਈ। ਲੱਖ ਸਾਲ ਤੋਂ ਮਾਰੂਥਲ, ਘਾਹ-ਪੱਤੀ ਦੇ ਵਿਜੋਗ ਦੀ ਅੱਗ ਵਿਚ ਜਲ ਰਿਹਾ ਹੈ।''

ਸ਼ਇਨਾ ਬਜ਼ਾਰ ਵਿਚ ਬੱਚਿਆਂ ਲਈ ਫਰੂਟ ਲੈਣ ਗਈ, ਜਲਦੀ ਪਰਤ ਆਈ, ਦੱਸਿਆ - ਫਲਾਂ ਉਪਰ ਮੱਖੀਆਂ ਦੀ ਭਰਮਾਰ ਦੇਖੀ। ਢਕਦੇ ਨਹੀਂ, ਨਾ ਲਿਜਾਣ ਵਾਸਤੇ ਲਿਫਾਫੇ ਹਨ, ਮਈ ਵਿਚ ਏਨੀ ਗਰਮੀ ਕਿ ਧੁੱਪੇ ਤੁਰਿਆ ਨਹੀਂ ਜਾਂਦਾ। ਪੈਸੇ ਮੁਕਦੇ ਜਾ ਰਹੇ ਸਨ। ਅਮਰੀਕਾ ਤੋਂ ਆਏ ਸਨ ਪਰ ਬਚਤਾਂ ਬਹੁਤੀਆਂ ਨਹੀਂ ਸਨ। ਇਕ ਮੂਲਵਾਸੀ ਔਰਤ ਆਈ, ਗੋਲਡਾ ਨੂੰ ਜੱਫੀ ਪਾਈ, ਅੱਖਾਂ ਵਿਚ ਖੁਸ਼ੀ ਦੇ ਹੰਝੂ ਭਰਕੇ ਕਹਿਣ ਲੱਗੀ - ਸ਼ੁਕਰ ਐ ਲੱਖਪਤੀ ਅਮਰੀਕਨ ਆਉਣ ਲੱਗੇ ਹਨ, ਹੁਣ ਸਾਡੇ ਦੁਖ ਵੀ ਕੱਟੇ ਜਾਣਗੇ। ਵਾਕ ਸੁਣਕੇ ਗੋਲਡਾ ਦੀਆਂ ਅੱਖਾਂ ਭਰ ਆਈਆਂ।

ਲੰਮੀ ਤਲਾਸ਼ ਬਾਦ ਦੋ ਕਮਰਿਆਂ ਵਾਲਾ ਇਕ ਫਲੈਟ ਮਿਲਿਆ, ਰਸੋਈ ਸੀ ਪਰ ਗੁਸਲਖਾਨੇ ਚਾਲੀ ਹੋਰ ਮੈਂਬਰਾਂ ਨਾਲ ਵਿਹੜੇ ਵਿਚ ਸਾਂਝੇ ਸਨ। ਮੋਰਿਸ ਨੂੰ ਲਾਇਬਰੇਰੀ ਵਿਚ ਨੌਕਰੀ ਮਿਲ ਗਈ, ਗੋਲਡਾ ਸ਼ਾਮੀ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਲੱਗੀ। ਨੌਵੀਂ ਦਸਵੀਂ ਦੇ ਸਕੂਲ ਵਿਚ ਨੌਕਰੀ ਮਿਲਦੀ ਸੀ ਪਰ ਨਹੀਂ ਲਈ ਕਿਉਂਕਿ ਸਾਂਝੇ ਫਾਰਮ ਹਾਊਸ ਦੀ ਤਲਾਸ਼ ਸੀ ਜਿਥੇ ਖੇਤੀ ਕਰਨ ਲਈ ਸਮਾਂ ਚਾਹੀਦਾ ਸੀ।

ਜੀਜੇ ਸ਼ਮਈ ਨੂੰ ਆ ਜਾਣ ਲਈ ਖਤ ਵਿਚ ਲਿਖਿਆ - ''ਤੇਰੇ ਇਕ ਬੇਟੇ ਦੀਆਂ ਅੱਖਾਂ ਦੁਖਣ ਲੱਗੀਆਂ ਹਨ, ਦੂਜੇ ਨੂੰ ਚਮੜੀ ਦੀ ਐਲਰਜੀ ਹੋ ਗਈ ਹੈ। ਜੇ ਤੂੰ ਆ ਜਾਵੇਂ ਜਰੂਰੀ ਨਹੀਂ ਜਲਦੀ ਨੌਕਰੀ ਮਿਲ ਜਾਵੇ, ਜੀਵਨ ਬਹੁਤ ਸਖਤ ਹੈ ਪਰ ਤਾਂ ਵੀ ਇਕ ਥਾਂ ਹੈ ਜਿਥੇ ਕੇਵਲ ਯਹੂਦੀ ਰਹਿ ਰਹੇ ਹਨ, ਉਨ੍ਹਾਂ ਦਾ ਸਾਂਝਾ ਇਤਿਹਾਸ ਹੈ ਤੇ ਹੁਣ ਉਹ ਵਰਤਮਾਨ ਵਿਚ ਆਜ਼ਾਦੀ ਦਾ ਸਾਹ ਲੈ ਰਹੇ ਹਨ। ਸੱਤਵੇਂ ਦਿਨ ਜਦੋਂ ਗਿਰਜੇ ਜਾਂਦੀ ਹਾਂ, ਅਨੇਕ ਮਰਦਾਂ ਔਰਤਾਂ ਨੂੰ ਹੱਥਾਂ ਵਿਚ ਫੁਲ ਲਈ ਉਧਰ ਜਾਂਦੇ ਦੇਖਦੀ ਹਾਂ, ਵੱਖ ਵੱਖ ਬੋਲੀਆਂ ਬੋਲਦੇ ਨੇ, ਵੱਖ ਵੱਖ ਕਲਚਰ ਨੇ, ਤਾਂ ਵੀ ਇਕ ਸਾਂਝ ਹੈ ਜਿਸ ਸਦਕਾ ਮੈਨੂੰ ਉਹ ਆਪਣੇ ਭੈਣ ਭਰਾ ਲਗਦੇ ਨੇ। ਮੈਂ ਜੋ ਚਾਹਿਆ ਸੋ ਹਾਸਲ ਕੀਤਾ।''

ਇਕ ਸਾਂਝੇ ਫਾਰਮ ਉਪਰ ਖੇਤੀ ਕਰਨ ਵਾਸਤੇ ਅਰਜ਼ੀ ਪਾਈ ਹੋਈ ਸੀ। ਸੱਦਾ ਆ ਗਿਆ ਕਿ ਆਉ ਪਰ ਕੁਝ ਦਿਨ ਦੇਖਾਂਗੇ ਤੁਸੀਂ ਜਿਸਮਾਨੀ ਕੰਮ ਕਰ ਵੀ ਸਕਦੇ ਹੋ ਕਿ ਨਹੀਂ। ਗੋਲਡਾ ਦਾ ਅੰਗਰੇਜ਼ੀ ਪੜ੍ਹਾਉਣ ਦਾ ਕੰਮ ਵੀ ਵਿਗੜੀ ਕੁੜੀ ਵਜੋਂ ਸਮਝਿਆ ਗਿਆ ਜੋ ਅਮਰੀਕਣ ਕਲਚਰ ਯਹੂਦੀਆਂ ਨੂੰ ਸਿਖਾਂਦੀ ਰਹੀ। ਖੈਰ, ਇਮਤਿਹਾਨ ਵਿਚ ਖਰੇ ਉਤਰੇ ਤੇ ਸਾਂਝੇ ਪਰਿਵਾਰ ਦੇ ਮੈਂਬਰ ਬਣ ਕੇ ਖੇਤੀ ਕਰਨ ਲੱਗੇ। ਦੋ ਚਟਾਨਾ ਵਿਚਕਾਰ ਜਿਥੇ ਮਿੱਟੀ ਹੁੰਦੀ ਫਲਦਾਰ ਬੂਟਾ ਗੱਡ ਦਿੰਦੇ, ਪਾਣੀ ਦਿੰਦੇ। ਏਨਾ ਸਖਤ ਕੰਮ ਕਿ ਸ਼ਾਮ ਨੂੰ ਖਾਣਾ ਖਾਣ ਵੇਲੇ ਉਂਗਲਾਂ ਜਵਾਬ ਦੇ ਦਿੰਦੀਆਂ। ਬੂਟਾ ਲਾਕੇ ਸੋਚਦੇ - ਇਹ ਬਚ ਜਾਏਗਾ ? ਵਧੇ ਫੁੱਲੇਗਾ ? ਬੂਟੇ ਬਚ ਗਏ, ਗੋਲਡਾ ਬਚ ਗਈ। ਅੱਜ ਉਥੇ ਸ਼ਾਨਦਾਰ ਬਾਗ ਲਹਿਰਾ ਰਹੇ ਹਨ। ਸਾਂਝੇ ਖੇਤ ਵਿਚ ਔਰਤਾਂ ਸੌਖਾ ਕੰਮ ਨਹੀਂ ਚਾਹੁੰਦੀਆਂ ਸਨ, ਉਹ ਕਹੀ ਕੁਹਾੜੀ ਚਲਾਉਂਦੀਆਂ, ਹਲ ਵਾਹੁੰਦੀਆਂ, ਸੜਕਾਂ ਅਤੇ ਮਕਾਨ ਉਸਾਰੀ ਦੇ ਕੰਮ ਬਰਾਬਰ ਕਰਦੀਆਂ, ਬਰਾਬਰ ਦੇ ਹੱਕ ਅਤੇ ਸਨਮਾਨ ਉਦੋਂ ਮਿਲਣਗੇ ਜਦੋਂ ਬਰਾਬਰ ਦੀ ਜ਼ੁੰਮੇਵਾਰੀ ਨਿਭਾਣਗੀਆਂ।

ਗਰਮੀਆਂ ਵਿਚ ਮੱਖੀਆਂ, ਮੱਛਰ ਅਤੇ ਟਿੱਡੇ ਬੱਦਲਾਂ ਵਾਂਗ ਆਉਂਦੇ। ਸਾਰਾ ਜਿਸਮ ਮੋਟੇ ਕੱਪੜੇ ਹੇਠ ਢੱਕਣਾ ਜਰੂਰੀ ਹੁੰਦਾ, ਹੱਥ, ਪੈਰ, ਮੂੰਹ ਉਤੇ ਵੈਸਲੀਨ ਲਾਕੇ ਰਖਦੇ, ਮਲੇਰੀਆ, ਟਾਈਫਾਈਡ ਆਮ ਸੀ, ਫੋੜੇ ਫਿੰਨਸੀਆਂ ਆਮ। ਸਵੇਰੇ ਚਾਰ ਵਜੇ ਕੰਮ ਤੇ ਲੱਗ ਜਾਂਦੇ ਤਾਂ ਕਿ ਸੂਰਜ ਦੇ ਕਹਿਰ ਤੋਂ ਬਚ ਸਕਣ। ਸਰਦੀਆਂ ਵਿਚ ਬਾਰਸ਼ਾਂ ਕਾਰਨ ਚਾਰੇ ਪਾਸੇ ਦਲ ਦਲ।

ਸਖਤ ਕੰਮ ਕਾਰਨ ਗੋਲਡਾ ਦੇ ਹੱਥ ਸਖਤ ਹੋ ਗਏ। ਇਕ ਕਾਮਾ ਆਪਣੇ ਮਾਪਿਆਂ ਨੂੰ ਮਿਲਣ ਵਾਸਤੇ ਤਿਆਰ ਹੋਇਆ, ਗੋਲਡਾ ਨੇ ਹੱਥ ਮਿਲਾਕੇ ਵਿਦਾਇਗੀ ਦਿੱਤੀ ਤਾਂ ਬੋਲਿਆ - ਅਮਰੀਕਾ ਵਿਚ ਤੇਰੇ ਨਾਲ ਹੱਥ ਮਿਲਾਕੇ ਖੁਸ਼ੀ ਮਿਲਦੀ, ਹੁਣ ਹੱਥ ਮਿਲਾਕੇ ਮਾਣ ਹੁੰਦਾ ਹੈ।

ਜੇਰੂਸਲਮ ਵਿਚਲਾ ਸੁਲੇਮਾਨ ਦਾ ਮੰਦਰ 587 ਪੂਰਬ ਈਸਵੀ ਵਿਚ ਪਹਿਲਾਂ ਬੇਬੀਲੋਨੀਆਂ ਨੇ ਢਾਹ ਦਿੱਤਾ, ਯਹੂਦੀਆਂ ਦੇ ਬਾਦਸ਼ਾਹ ਹੇਰੋਦ ਨੇ ਪਹਿਲੀ ਈਸਵੀ ਸਦੀ ਵਿਚ ਮੁੜ ਉਸਾਰ ਦਿੱਤਾ, ਇਸ ਨੂੰ 70 ਈਸਵੀ ਵਿਚ ਰੋਮਨਾ ਨੇ ਢਾਹ ਦਿੱਤਾ, ਇਕ ਕੰਧ ਬਚੀ ਸੀ ਕੇਵਲ। ਵੱਡੇ ਛੋਟੇ ਯਹੂਦੀ ਮਰਦ, ਔਰਤਾਂ, ਬੱਚੇ ਆਪੋ ਆਪਣੇ ਦੁਖਾਂ ਤੋਂ ਛੁਟਕਾਰੇ ਦੀਆਂ ਅਰਜ਼ੀਆਂ ਕੰਧ ਦੀਆਂ ਤਰੇੜਾਂ ਵਿਚ ਰੱਖ ਕੇ ਪ੍ਰਾਰਥਨਾ ਕਰਦੇ - ਹੇ ਪਿਤਾ, ਕਿਸੇ ਦਿਨ ਪੂਰਾ ਮੰਦਰ ਬਣਾ ਦਿਆਂਗੇ। ਕਦੀ ਕਦਾਈਂ ਇਸ ਕੰਧ ਉਤੇ ਵੀ ਮੁਸਲਮਾਨਾਂ ਦਾ ਕਬਜ਼ਾ ਹੋ ਜਾਂਦਾ, ਤਦ ਯਹੂਦੀਆਂ ਨੂੰ ਉਧਰ ਜਾਣ ਦੀ ਮਨਾਹੀ ਹੁੰਦੀ। 1948 ਤੋਂ 1967 ਤੱਕ ਮੁਸਲਮਾਨਾ ਦਾ ਕਬਜ਼ਾ ਰਿਹਾ। ਇਕ ਜੂਨ 1967 ਤੋਂ ਛੇ ਜੂਨ ਤੱਕ ਯਹੂਦੀਆਂ ਨੇ ਲਹੂ ਵੀਟਵੀਂ ਜੰਗ ਲੜਕੇ ਕੰਧ ਆਜ਼ਾਦ ਕਰਾ ਲਈ। ਸੱਤ ਜੂਨ ਨੂੰ ਬਿਜਲੀ ਵਾਂਗ ਖਬਰ ਫੈਲੀ ਕਿ ਦੀਵਾਰ ਆਜ਼ਾਦ ਹੈ, ਆਓ ਦੇਖੋ। ਗੋਲਡਾ ਗਈ, ਲਿਖਦੀ ਹੈ - ''ਅਰਦਾਸ ਵਾਲੀ ਚਾਦਰ ਮੋਢਿਆਂ ਉਪਰ ਲਪੇਟੀ ਉਹ ਯਹੂਦੀ ਕਮਾਂਡੋ ਜਿਨ੍ਹਾਂ ਨੇ ਜੰਗ ਜਿੱਤੀ, ਕੰਧ ਨੂੰ ਜੱਫੀ ਪਾਈ ਚਿਪਕੇ, ਖਲੋਤੇ ਸਨ, ਜਿਵੇਂ ਕੰਧ ਵਿਚ ਜੜੇ ਪੱਥਰ ਹੋਣ। ਕੰਧ ਅਤੇ ਸਿਪਾਹੀ ਇਕ ਹੋ ਗਏ। ਅਜੇ ਕੱਲ੍ਹ ਤਕ ਇਨ੍ਹਾਂ ਦੇ ਸਾਥੀ ਇਕ ਇਕ ਕਰਕੇ ਗੋਲੀਆਂ ਸਦਕਾ ਡਿਗਦੇ ਰਹੇ ਸਨ, ਹੁਣ ਬਚਿਆਂ ਹੋਇਆਂ ਨੂੰ ਅਰਦਾਸ ਕਰਨ ਦਾ ਇਨਾਮ ਮਿਲਿਆ। ਮੈਂ ਵੀ ਇਕ ਕਾਗਜ਼ ਦੇ ਟੁਕੜੇ ਤੇ 'ਸਲਾਮ' ਲਿਖਿਆ ਤੇ ਕੰਧ ਦੀ ਤ੍ਰੇੜ ਵਿਚ ਰੱਖ ਦਿੱਤਾ। ਇਕ ਸਿਪਾਹੀ ਮੇਰੇ ਮੋਢੇ ਤੇ ਸਿਰ ਰੱਖ ਕੇ ਰੋ ਪਿਆ। ਮੈਂ ਰੋਈ। ਮੈਂ ਉਸਨੂੰ ਉਹ ਮੈਨੂੰ ਜਾਣਦਾ ਨਹੀਂ ਸੀ।''

ਸਖਤੀਆਂ ਤੋਂ ਤੰਗ ਆਕੇ ਲੈਫਟਿਸਟ ਯਹੂਦੀ, ਵਿਚਾਰਧਾਰਾ ਕਾਰਨ ਰੂਸ ਵੱਲ ਰੁਖ ਕਰਦੇ। ਉਧਰ ਵਿਚਾਰਧਾਰਕ ਕਾਰਨਾ ਕਰਕੇ ਸਟਾਲਿਨ ਉਨ੍ਹਾਂ ਨੂੰ ਕਤਲ ਕਰਦਾ, ਤਸੀਹਾਂ ਕੈਂਪਾਂ ਵਿਚ ਸਾਇਬੇਰੀਆ ਭੇਜਦਾ।

ਦੰਗੇ ਵਧਦੇ ਗਏ, ਬਰਤਾਨੀਆਂ ਫਲਸਤੀਨ ਪੁੱਜਣ ਵਾਲੇ ਸ਼ਰਨਾਰਥੀਆਂ ਦਾ ਕੋਟਾ ਨਿਰੰਤਰ ਘਟਾ ਰਿਹਾ ਸੀ, 1930 ਵਿਚ ਤਾਂ ਪੂਰੀ ਪਾਬੰਦੀ ਲਾ ਦਿੱਤੀ। ਅਜਿਹਾ ਅਰਬਾਂ ਦੇ ਦਬਾਅ ਕਾਰਨ ਹੋ ਰਿਹਾ ਸੀ।

ਗੋਲਡਾ ਅਖੌਤੀ ਫੈਮਿਨਿਜ਼ਮ ਦੇ ਖਿਲਾਫ ਰਹੀ ਜੋ ਪੱਛਮ ਵਿਚ ਫੈਸ਼ਨ ਵਾਂਗ ਜਪਿਆ ਜਾ ਰਿਹਾ ਸੀ। ਉਹ ਔਰਤਾਂ ਦੇ ਹੱਕਾਂ ਲਈ ਲੜਦੀ ਸੀ ਪਰ ਫੈਮਿਨਿਜ਼ਮ ਦਾ ਢੌਂਗ ਨਹੀਂ ਰਚਿਆ। ਇਕ ਵਾਰ ਬਿਨ ਗੁਰੀਓਂ ਪ੍ਰਧਾਨ ਮੰਤਰੀ ਨੇ ਪ੍ਰਸ਼ੰਸਾ ਕਰਦਿਆਂ ਆਖ ਦਿੱਤਾ ਸੀ ਕਿ ਉਸਦੀ ਕੈਬਨਿਟ ਵਿਚ ਸਿਰਫ ਗੋਲਡਾ ਮਰਦ ਹੈ। ਉਸਨੇ ਹਸਦਿਆਂ ਕਿਹਾ - ਜੇ ਮੈਂ ਕਦੀ ਤੁਹਾਨੂੰ ਸ਼ਾਬਾਸ਼ ਦਿੰਦਿਆਂ ਕਹਿ ਦਿਆਂ ਕਿ ਸਾਰੇ ਮਰਦਾਂ ਵਿਚ ਕੇਵਲ ਬਿਨ ਗੁਰੀਓਂ ਔਰਤ ਹੈ ਤਾਂ ਕੀ ਤੁਸੀਂ ਖੁਸ਼ ਹੋਵੋਗੇ ? ਗੋਲਡਾ ਨੂੰ ਇਸ ਗੱਲ ਦਾ ਅਫਸੋਸ ਰਿਹਾ ਕਿ ਉਹ ਆਪਣੇ ਨਿਕੇ ਪੁੱਤ ਤੇ ਧੀ ਨੂੰ ਉਨਾ ਸਮਾਂ ਨਹੀਂ ਦੇ ਸਕੀ ਜਿੰਨੇ ਤੇ ਉਨ੍ਹਾਂ ਦਾ ਹੱਕ ਸੀ। ਪੜ੍ਹਨ ਵਿਚ, ਸੰਗੀਤ ਵਿਚ ਉਹ ਨਿਪੁੰਨ ਹੋਏ, ਸ਼ਾਨਦਾਰ ਇਨਸਾਨ ਤੇ ਪਿਆਰੇ ਮਾਪੇ ਬਣੇ ਤਾਂ ਵੀ ਜਦੋਂ ਬਚੇ ਸਕੂਲੋਂ ਪੜ੍ਹ ਕੇ ਘਰ ਆਉਣ, ਉਨ੍ਹਾਂ ਨੂੰ ਘਰ ਵਿਚ ਮਾਂ ਮਿਲਣੀ ਚਾਹੀਦੀ ਹੈ।

ਬਹੁਤ ਤਿਖੇ ਦਿਮਾਗ ਦਾ ਨੇਤਾ ਸ਼ਜ਼ਰ ਹਰੇਕ ਦੀ ਲਿਖਤ ਵਿਚ ਗਲਤੀਆਂ ਕਢਦਾ ਰਹਿੰਦਾ। ਕਿਸੇ ਨੇ ਟਿੱਪਣੀ ਦਿੱਤੀ - ਇਹ ਆਪ ਕੁਝ ਨਹੀਂ ਲਿਖਦਾ। ਅਧਿਆਪਕ ਹੋਣੈ। ਉਹ ਕਦੀ ਅਧਿਆਪਕ ਨਹੀਂ ਰਿਹਾ। ਜਦੋਂ ਇਜ਼ਰਾਈਲ ਦੀ ਪਹਿਲੀ ਸਰਕਾਰ ਬਣੀ, ਉਸਨੂੰ ਸਿਖਿਆ ਮੰਤਰੀ ਲਿਆ ਗਿਆ। ਦਫਤਰ ਦਾ ਇਕ ਕਮਰਾ, ਇਕ ਸੈਕਟਰੀ, ਇਕ ਮੇਜ਼, ਚਾਰ ਕੁਰਸੀਆਂ। ਪਹਿਲੇ ਦਿਨ ਸਕੱਤਰ ਨੂੰ ਜਿਹੜੀ ਡਿਕਟੇਸ਼ਨ ਦਿੱਤੀ, ਉਹ ਸੀ- ਚਾਰ ਸਾਲ ਤੋਂ ਲੈਕੇ ਅਠਾਰਾਂ ਸਾਲ ਤੱਕ ਦੇ ਬੱਚੇ ਆਲੀਸ਼ਾਨ ਸਕੂਲਾਂ ਵਿਚ ਮੁਫਤ ਪੜ੍ਹਨਗੇ। ਟਾਈਪ ਰਾਈਟਰ ਨਹੀਂ ਸੀ, ਸਕੱਤਰ ਨੇ ਹੱਥ ਨਾਲ ਆਰਡਰ ਲਿਖਿਆ ਤੇ ਕਿਹਾ - ਸਰ ਇਕ ਦਿਨ ਹੋਇਐ ਸਰਕਾਰ ਬਣਿਆ, ਪੈਸੇ ਤਾਂ ਹਨ ਨਹੀਂ, ਇਸ ਬਾਰੇ ਹੋਰ ਸੋਚਣਾ ਚਾਹੀਦੈ। ਮੰਤਰੀ ਨੇ ਕਿਹਾ - ਇਹ ਵਾਕ ਸ਼ਜ਼ਰ ਦਾ ਹੈ, ਕਿਵੇਂ ਪੂਰ ਚੜ੍ਹੇਗਾ, ਸ਼ਜ਼ਰ ਜ਼ਿਮੇਵਾਰ ਹੈ। ਵਾਅਦਾ ਵਫਾ ਹੋਇਆ, ਨਵਾਂ ਐਜੂਕੇਸ਼ਨ ਐਕਟ ਬਣਿਆ। ਬਾਦ ਵਿਚ ਜਦੋਂ ਗੋਲਡਾ ਵਜ਼ੀਰ ਬਣੀ, ਉਦੋਂ ਉਹ ਰਾਸ਼ਟਰਪਤੀ ਲੱਗਾ। ਉਸਨੂੰ ਰਾਸ਼ਟਰਪਤੀ ਉਪਰ ਲੱਗੀਆਂ ਪਾਬੰਦੀਆਂ ਪਸੰਦ ਨਹੀਂ ਸਨ, ਅਕਸਰ ਕਿਹਾ ਕਰਦਾ - ਇਸ ਨਾਲੋਂ ਤਾਂ ਮੈਂ ਆਪਣੇ ਘਰ ਠੀਕ ਸਾਂ। ਗੋਲਡਾ ਨਾਲ ਉਸਦੀ ਡੂੰਘੀ ਦੋਸਤੀ ਸਾਰੀ ਉਮਰ ਨਿਭੀ।

ਦੂਜਾ ਬੰਦਾ ਸੀ ਸਾਦਾ, ਸਿੱਧੇ ਫੈਸਲੇ ਲੈਣ ਵਾਲਾ, ਅਕਾਊ ਸਿਧਾਂਤਾਂ ਤੋਂ ਪਰੇ, ਉਹ ਸੀ ਇਸਕੋਲ। ਬਿਨਾ ਵਿਚਾਰ ਵਟਾਂਦਰੇ ਦੇ ਉਸਨੂੰ ਪਤਾ ਹੁੰਦਾ ਕਿਥੇ ਕੀ ਕਰਨੈ। ਬਿਨ ਗੁਰੀਓਂ ਨੇ ਵਿਤ ਮੰਤਰੀ ਲਿਆ। ਗੋਲਡਾ ਮੁੜ ਵਸਾਊ ਅਤੇ ਲੇਬਰ ਮਹਿਕਮੇ ਦੀ ਵਜ਼ੀਰ ਸੀ। ਇਕ ਦਿਨ ਇਸਕੋਲ ਬਿਨਾ ਦੱਸੇ ਪੁੱਛੇ ਗੋਲਡਾ ਦੇ ਦਫਤਰ ਵਿਚ ਆ ਧਮਕਿਆ ਤੇ ਕਿਹਾ - ਤੁਹਾਨੂੰ ਪਤੈ ਸੱਤ ਲੱਖ ਰਫੂਜੀ ਤੰਬੂਆਂ ਵਿਚ ਇਕੋ ਥਾਂ ਬੈਠੇ ਨੇ ? ਉਨ੍ਹਾਂ ਨੂੰ ਹੁਣੇ ਕੱਢ ਤੇ ਇਜ਼ਰਾਈਲ ਵਿਚ ਵੱਖ ਵੱਖ ਥਾਵਾਂ ਤੇ ਵਸਾ। ਉਹ ਬੋਲੀ - ਕੋਈ ਕਰਾਮਾਤ ਹੈ ਮੇਰੇ ਕੋਲ ? ਇਸ਼ਕੋਲ ਨੇ ਕਿਹਾ - ਆਹ ਨਕਸ਼ੇ ਤੇ ਚਾਰ ਸੌ ਨਿਸ਼ਾਨ ਨੇ, ਇਨ੍ਹਾਂ ਦੇ ਚਾਰ ਸੌ ਪਿੰਡ ਵਸਾ। ਪਿੰਡ ਤੰਬੂਆਂ ਦੇ ਹੋਣਗੇ, ਜਦੋਂ ਪੈਸੇ ਹੋਏ ਘਰ ਉਸਾਰਲਾਂਗੇ। ਗੋਲਡਾ ਚੀਕੀ - ਬਿਨਾ ਘਰਾਂ ਦੇ ਉਜਾੜ ਦਿਆਂ ? ਇਸ਼ਕੋਲ ਨੇ ਕਿਹਾ - ਘਰ ਦੁੱਧ ਦਿੰਦੈ ? ਗਾਂ ਦੁੱਧ ਦਿੰਦੀ ਐ। ਮੈਂ ਸੱਤ ਲੱਖ ਗਾਵਾਂ ਦਾ ਬੰਦੋਬਸਤ ਕਰਾਂਗਾ। ਹੁਣ ਵੀ ਤਾਂ ਤੰਬੂਆਂ ਵਿਚ ਬੈਠੇ ਨੇ, ਹੁਣ ਇਹ ਵਿਹਲੇ ਖਾਂਦੇ ਨੇ, ਪਿੰਡਾਂ ਵਿਚ ਕੰਮ ਕਰਕੇ ਖਾਣਗੇ। ਜਿਹੜਾ ਖਾਣ ਪੀਣ ਦਾ ਖਰਚਾ ਹੁਣ ਵਿਹਲੜਾਂ ਤੇ ਹੋ ਰਿਹੈ, ਇਸ ਨਾਲ ਘਰ ਬਣ ਜਾਣਗੇ। ਕਰਾਮਾਤ ਹੋ ਗਈ।

ਜਿਸਨੇ ਗੋਲਡਾ ਉਪਰ ਅਸਰ ਪਾਇਆ, ਦੂਜਾ ਬੰਦਾ ਸੀ ਬਰਲ। ਛੋਟਾ ਕੱਦ, ਵਟੋ ਵਟ ਪੈਂਟ ਕਮੀਜ਼, ਉਲਝੇ ਵਾਲ, ਇਕ ਦਮ ਸਿਧਾ ਸਾਦਾ। ਦੋ ਕਮਰਿਆਂ ਦਾ ਤਲ-ਅਵੀਵ ਵਿਚ ਘਰ, ਮਾਣ ਸਨਮਾਨ, ਪ੍ਰਸਿਧੀ, ਤਾਕਤ ਦੀ ਇੱਛਾ ਤੋਂ ਮੁਕਤ। ਉਸਨੇ ਕੋਈ ਰੁਤਬਾ ਨਹੀਂ ਲਿਆ। ਦੇਸ ਦਾ ਕੋਈ ਵੱਡਾ ਫੈਸਲਾ ਉਸਨੂੰ ਪੁੱਛਣ ਤੋਂ ਬਗੈਰ ਸਿਰੇ ਨਹੀਂ ਲੱਗਿਆ। ਜਦੋਂ ਉਸ ਕੋਲੋਂ ਉਠ ਕੇ ਕੋਈ ਜਾਣ ਲਗਦਾ ਤਾਂ ਆਖ ਦਿੰਦਾ - ਹਾਲੇ ਬੈਠ। ਹਿੰਮਤ ਨਹੀਂ ਸੀ ਕਿ ਹੁਕਮ ਨਾ ਮੰਨੇ। ਜਦੋਂ ਵਿਚਾਰ ਵਟਾਂਦਰੇ ਪਿਛੋਂ ਸਭ ਕੁਝ ਤੈਅ ਹੋ ਜਾਂਦਾ, ਮੰਤਰੀ ਤੇ ਪ੍ਰਧਾਨ ਮੰਤਰੀ ਆਖਦੇ, ਭਾਈ ਬਰਲ

ਨੂੰ ਤਾਂ ਪੁੱਛ ਲਉ। ਉਸਦੇ ਹੋਠਾਂ ਦੀ ਮੁਸਕਾਨ ਅੱਖਾਂ ਵਿਚਲੀ ਉਦਾਸੀ ਦਿਸਣ ਨਾ ਦਿੰਦੀ। ਚੁਟਕੀ ਵਿਚ ਠੋਡੀ ਫੜੀ ਫੈਸਲਾ ਸੁਣਾ ਦਿੰਦਾ। 1944 ਵਿਚ ਮੌਤ ਹੋ ਗਈ, ਆਜ਼ਾਦ ਇਜ਼ਰਾਈਲ ਨਾ ਦੇਖ ਸਕਿਆ। ਆਜ਼ਾਦੀ ਤੱਕ ਜਿਉਂਦਾ ਰਹਿੰਦਾ ਤਾਂ ਉਸਨੇ ਮੰਤਰੀ ਦਾ ਹਲਫ ਨਹੀਂ ਲੈਣਾ ਸੀ। ਦਿਖਾਵੇ ਦੀ ਸਾਦਗੀ ਨਹੀਂ, ਸਵਾਲ ਸੁਣਕੇ ਨੀਵੀਂ ਪਾ ਲੈਂਦਾ, ਜਿਵੇਂ ਧਰਤੀ ਖੋਦ ਕੇ ਸੱਚ ਲੱਭਣ ਲੱਗਾ ਹੋਵੇ। ਜਦੋ ਪਾਰਟੀ ਕਾਨਫਰੰਸ ਵਿਚ ਵੱਡੇ ਬੰਦੇ ਅਹਿਮ ਤਕਰੀਰਾਂ ਕਰਦੇ ਉਹ ਵਰਾਂਡੇ ਵਿਚ ਮਾਮੂਲੀ ਬੰਦਿਆਂ ਨਾਲ ਖਾਸ ਗੱਲਾਂ ਕਰਦਾ ਹੁੰਦਾ। ਜਦੋਂ ਉਸ ਦਾ ਨਾਮ ਲਿਆ ਜਾਂਦਾ ਤਾਂ ਸਟੇਜ ਤੇ ਆਉਂਦਾ, ਵਿਧੀਵਤ ਭਾਸ਼ਣ ਨਾ ਕਰਦਾ, ਕੁਝ ਗੱਲਾਂ ਕਰਦਾ, ਜਿਵੇਂ ਪਿਤਾ ਆਪਣੇ ਘਰ ਬੱਚਿਆਂ ਨਾਲ ਗੱਲਾਂ ਕਰੇ। ਲੋਕ ਇਕ ਦੂਜੇ ਦੇ ਕੰਨਾ ਵਿਚ ਆਖਦੇ - ਉਏ ਬਰਲ ਦੀ ਵਾਰੀ ਆ ਗਈ, ਵਾਹੋ ਦਾਹੀ ਭੀੜ ਬਾਹਰੋਂ ਅੰਦਰ ਵੱਲ ਸਰਕਦੀ ਪੂਰੀ ਖਾਮੋਸ਼ੀ ਛਾ ਜਾਂਦੀ, ਪਿਆਸੇ ਲੋਕ ਇਕ ਇਕ ਲਫਜ਼ ਪੀਣ ਲਗਦੇ। ਕਦੀ ਕਦੀ ਤਾਂ ਦੋ ਤਿੰਨ ਘੰਟਿਆਂ ਤਕ ਗੱਲਾਂ ਕਰਦਾ, ਵਿਚ ਵਿਚ ਪਾਣੀ ਦੀ ਘੁੱਟ ਪੀਂਦਾ, ਉਲਝਣਾ ਨੂੰ ਆਰਾਮ ਨਾਲ, ਇਉਂ ਕੱਟੀ ਜਾਂਦਾ ਜਿਵੇਂ ਆਰੀ ਹੀਰਾ ਕਟਦੀ ਹੋਵੇ। ਵਰਕਾ ਪਲਟਣ ਵੇਲੇ ਖੜਾਕ ਨਾ ਹੋਵੇ । ਕਿਹਾ ਕਰਦਾ - ''ਕਲਾਸ ਸਟਰੱਗਲ ਉਥੇ ਹੁੰਦੀ ਹੈ ਜਿਥੇ ਕਲਾਸਾਂ ਹੋਣ, ਅਸੀਂ ਤਾਂ ਉਜੜੇ ਪੁਜੜੇ ਖਾਕਸਾਰ ਯਹੂਦੀ ਹਾਂ, ਰਫੂਜੀਆਂ ਦਾ ਕਿਹੜਾ ਵਰਗ, ਕਿਹੜਾ ਵਰਗ ਸੰਘਰਸ਼ ? ਸਾਨੂੰ ਤਾਰ ਉਪਰ ਲਟਕਦਾ ਧਰਤੀ ਦਾ ਇਕ ਨਕਸ਼ਾ ਮਿਲਿਐ, ਦੇਖਾਂਗੇ ਕਿਥੇ ਕਿਥੇ ਲਾਲੀ, ਕਿਥੇ ਕਿਥੇ ਹਰਿਆਲੀ ਹੋਏਗੀ। ਅਸੀਂ ਪੁਰਾਣੇ ਰਫੂਜੀ ਹਾਂ। ਨਵੇਂ ਰਫੂਜੀ ਸਾਡੀ ਅਗਵਾਈ ਕਰਨ। ਇਹ ਉਹ ਬੰਦਾ ਸੀ ਜਿਸਨੇ ਫਲਸਤੀਨ ਦੇ ਬਾਸ਼ਿੰਦੇ ਯਹੂਦੀਆਂ ਨੂੰ ਕਿਹਾ ਸੀ - ਉਡੀਕ ਕਿਸ ਗੱਲ ਦੀ ? ਅੰਗਰੇਜ਼ਾਂ ਨਾਲ ਰਲ ਕੇ ਨਾਜ਼ੀਆਂ ਨੂੰ ਮਾਰੋ ਨਹੀਂ ਤਾਂ ਬੀਜ ਨਾਸ ਹੋਵੇਗਾ। ਉਹ ਕਦੀ ਸਕੂਲ ਨਹੀਂ ਗਿਆ ਪਰ ਇੰਜੀਲ ਹਿਬਰੂ ਵਿਚ ਪੜ੍ਹਦਾ, ਪੁਸ਼ਕਿਨ ਅਤੇ ਗੋਰਕੀ ਰਸ਼ੀਅਨ ਵਿਚ, ਮੰਡੀਲ ਮੋਸ਼ਰ ਯਿਦਿਸ਼ ਵਿਚ, ਗੇਟੇ ਤੇ ਹੀਨ ਜਰਮਨ ਜ਼ਬਾਨ ਵਿਚ ਪੜ੍ਹਦਾ, ਤੇਰਾਂ ਸਾਲ ਦੀ ਉਮਰ ਸੀ ਜਦੋਂ ਪਿਤਾ ਦੀ ਮੌਤ ਹੋਈ, ਇਸ ਉਮਰ ਬੱਚਿਆਂ ਨੂੰ ਟਿਊਸ਼ਨ ਤੇ ਪੜ੍ਹਾ ਕੇ ਪਰਿਵਾਰ ਨੂੰ ਰੋਟੀ ਖੁਆਉਂਦਾ। ਜਮਾਂਦਰੂ ਅਧਿਆਪਕ ਕਿਹਾ ਕਰਦਾ - ਗੁਰੀਓਂ ਮੈਥੋਂ ਸਿਆਣੈ। ਫਟਾਫਟ ਫੈਸਲਾ ਸੁਣਾ ਦਿੰਦੈ। ਮੈਂ ਬੜੀ ਦੇਰ ਕਰ ਦਿੰਨਾ। ਜਦੋਂ ਦੇਸ ਆਜ਼ਾਦ ਹੋਇਆ, ਗੁਰੀਓਂ ਨੇ ਸਟੇਟ ਦੀ ਰੂਪ ਰੇਖਾ ਪੜ੍ਹ ਕੇ ਸੁਣਾਈ ਜਿਹੜੀ ਬਰਲ ਲਿਖ ਗਿਆ ਸੀ। ਉਹੋ ਲਾਗੂ ਹੋਈ। ਪਹਿਲੇ ਪ੍ਰਧਾਨ ਮੰਤਰੀ ਬਿਨ ਗੁਰੀਓਂ ਦੀ ਮੇਜ਼ ਉਪਰ ਬਰਲ ਦੀ ਫੋਟੋ ਹੁੰਦੀ। ਇਹੀ ਫੋਟੋ ਗੋਲਡਾ ਦੇ ਲਿਵਿੰਗ ਰੂਮ ਵਿਚ ਟੰਗੀ ਰਹੀ।

ਗੋਲਡਾ ਦਸਦੀ ਹੈ- ਉਸਦਾ ਕੋਈ ਟਾਈਮ ਟੇਬਲ ਨਹੀਂ ਸੀ, ਅੱਧੀ ਅੱਧੀ ਰਾਤ ਤਕ ਗੱਲਾਂ ਕਰਦੇ, ਘੜੀ ਨਾ ਦੇਖਦਾ। ਪੰਦਰਾਂ ਵੀਹ ਜੁਆਨ ਮਿਲਣ ਆ ਜਾਂਦੇ, ਗੋਲਡਾ ਦੀ ਧੀ ਸਾਰਾ ਵੀ ਹੁੰਦੀ, ਮੱਥੇ ਤੋਂ ਹੇਠਾਂ ਵਲ ਝੁਕੀ ਪੁਰਾਣੀ ਟੋਪੀ ਨੂੰ ਕਦੀ ਕਦਾਈਂ ਠੀਕ ਕਰ ਲੈਂਦਾ, ਸਭ ਦੀਆਂ ਗੱਲਾਂ ਸੁਣਦਾ। ਕਮਿਊਨਿਜ਼ਮ ਬਾਰੇ ਗੱਲਾਂ ਕਰਦਿਆਂ ਆਖਦਾ - ਆਪਾਂ ਸਾਰੇ ਕਮਿਊਨਿਸਟ ਹਾਂ, ਰੂਸੀ ਬੋਲਸ਼ਵਿਕ ਚੰਗੇ ਨਹੀਂ। ਵਧੀਆ ਯਹੂਦੀ ਕਮਿਊਨ ਬਣਾਉ, ਆਪਣਾ ਨਿਤਨੇਤਮ ਅਤੇ ਖਾਣਾ ਵਡੇਰਿਆਂ ਦੇ ਦੱਸੇ ਵਿਧਾਨ ਅਨੁਸਾਰ ਨਿਸ਼ਚਿਤ ਕਰੋ।

ਕਿਸੇ ਮਸਲੇ ਤੇ ਉਸਨੇ ਕਿਹਾ - ਬਿਨ ਗੁਰੀਓਂ ਸਹੀ ਨਹੀਂ। ਪਾਰਟੀ ਦੀ ਬਹੁਗਿਣਤੀ ਨੇ ਗੁਰੀਓਂ ਦੇ ਖਿਲਾਫ ਵੋਟ ਪਾ ਦਿੱਤੀ, ਕਿਸੇ ਨੂੰ ਪਤਾ ਨਹੀਂ ਸੀ ਗੁਰੀਓਂ ਨੇ ਕੀ ਕਿਹਾ, ਬਰਲ ਦੀ ਕੀ ਦਲੀਲ ਹੈ, ਬਸ ਬਰਲ ਨੇ ਕਹਿ ਦਿੱਤਾ ਗੁਰੀਓਂ ਗਲਤ ਹੈ ਤਾਂ ਗੁਰੀਓਂ ਗਲਤ ਹੈ ਹੀ। ਗੁਰੀਓਂ ਨੇ ਜਦੋਂ ਖਬਰ ਸੁਣੀ ਕਿ ਬਰਲ ਨਹੀਂ ਰਿਹਾ, ਉਹ ਸਾਰੀ ਰਾਤ ਰੋਂਦਾ ਰਿਹਾ, ਰਾਤ ਭਰ ਕੰਬਦਾ ਰਿਹਾ। ਕਿਸੇ ਦੀ ਹਿੰਮਤ ਨਹੀਂ ਸੀ ਗੁਰੀਓਂ ਨਾਲ ਗੱਲ ਕਰੇ। ਗੁਰੀਓਂ ਨੇ ਆਖਰ ਖੁਦ ਇਹ ਵਾਕ ਬੋਲਿਆ - ਮੇਰਾ ਭਲਾ ਲੋਚਣ ਵਾਲਾ ਇਹੋ ਇਕ ਸੀ ਜਹਾਨ ਵਿਚ, ਬਸ ਇਕ। ਹੁਣ ਕੀ ਕਰਾਂਗਾ ਮੈਂ ?

www.punjabilibrary.com

ਜਿਨ ਕੇ ਹੋਠੋਂ ਪੇ ਹੰਸੀ, ਪਾਓਂ ਮੇਂ ਛਾਲੇ ਹੋਂਗੇ। ਵਹੀ ਲੋਗ ਤੁਝੇ ਢੂੰਡਨੇ ਵਾਲੇ ਹੋਂਗੇ। - ਮੋਮਿਨ

ਗੋਲਡਾ ਮਹੀਨਿਆਂ ਬੱਧੀ ਵਿਦੇਸੀ ਦੌਰਿਆਂ ਤੇ ਰਹਿੰਦੀ, ਪੁਤ ਧੀ ਉਦਾਸ ਰਹਿੰਦੇ, ਵਿਛੋੜਾ ਦੁਖਦਾਈ ਹੁੰਦਾ। ਇਕ ਵਾਰ ਬਿਮਾਰ ਹੋ ਗਈ ਤੇ ਕਿਹਾ - ਬੱਚਿਓ ਹੁਣ ਕਈ ਦਿਨ ਘਰ ਰਹਿਣਾ ਪਵੇਗਾ। ਬੱਚੇ ਨੱਚਣ ਲਗੇ, ਗਾਉਣ ਲੱਗੇ - ਸ਼ੁਕਰ ਰੱਬ ਸੱਚੇ ਦਾ, ਮੰਮੀ ਬਿਮਾਰ ਹੈ। ਸ਼ੁਕਰ ਪੈਗੰਬਰਾਂ ਦਾ ਮੰਮੀ ਬਿਮਾਰ ਹੈ। ਗੋਲਡਾ ਦੀਆਂ ਅੱਖਾਂ ਭਰ ਆਈਆਂ, ਸਿਰ ਦਰਦ ਤਾਂ ਕੀ ਘਟਣਾ ਸੀ, ਦਿਲ ਦਾ ਦਰਦ ਡੂੰਘਾ ਹੋ ਗਿਆ।

ਯੋਰਪੀਨ ਲੋਕ ਉਸਨੂੰ ਆਖਦੇ - ਦੇਖੋ ਇਨਕਲਾਬ ਤੋਂ ਬਾਦ ਰੂਸ ਨੇ ਕਿੰਨੀ ਤਰੱਕੀ ਕੀਤੀ ਹੈ। ਕੀ ਯਹੂਦੀ ਵੀ ਫਲਸਤੀਨ ਵਿਚ ਇਉਂ ਖੁਸ਼ਹਾਲ ਹੋ ਜਾਣਗੇ ? ਗੋਲਡਾ ਆਖਦੀ - ਰੂਸ ਉਪਰ ਰੂਸੀਆਂ ਦਾ ਰਾਜ ਹੈ, ਪਹਿਲਾਂ ਸਾਡੇ ਉਪਰ ਤੁਰਕ ਰਾਜ ਕਰਦੇ ਸਨ, ਹੁਣ ਅੰਗਰੇਜ਼। ਗੁਲਾਮ ਯਹੂਦੀਆਂ ਨੇ ਮਾਰੂਥਲਾਂ ਵਿਚ ਬਹਾਰਾਂ ਲੈ ਆਂਦੀਆਂ ਹਨ। ਇਕ ਵਾਰ ਉਥੇ ਜਾਕੇ ਦੇਖੋ ਤਾਂ ਸਹੀ। ਤਕਰੀਰਾਂ ਨਾਲ ਤੁਹਾਨੂੰ ਪਤਾ ਨੀ ਲੱਗਣਾ ਅਸੀਂ ਕੀ ਕੀ ਕਰ ਦਿੱਤਾ ਹੈ।

ਚੰਦਾ ਇੱਕਠਾ ਕਰਨ ਵਿਨੀਪੈਗ ਗਈ। ਰੇਲ ਸਵਖਤੇ ਟਿਕਾਣੇ ਜਾ ਪੁੱਜੀ, ਅਜੇ ਹਨੇਰਾ ਸੀ, ਸੋਚਿਆ ਏਨੀ ਜਲਦੀ ਆਪਣੀ ਮੇਜ਼ਬਾਨ ਦੀ ਨੀਂਦ ਵਿਚ ਵਿਘਨ ਕਾਹਨੂੰ ਪਾਊਣੈ, ਤਿੰਨ ਚਾਰ ਘੰਟੇ ਨੇੜੇ ਹੋਟਲ ਵਿਚ ਆਰਾਮ ਕਰ ਲੈਂਦੀ ਹਾਂ। ਹੋਟਲ ਪੁੱਜ ਕੇ ਕਮਰੇ ਦਾ ਦਰਵਾਜ਼ਾ ਅਜੇ ਖੋਲ੍ਹਿਆ ਹੀ ਸੀ ਕਿ ਟੈਲੀਫੋਨ ਵੱਜਣ ਲੱਗਾ। ''ਕਿਥੇ ਹੋ ਗੋਲਡੀ, ਅਸੀਂ ਪੱਚੀ ਔਰਤਾਂ ਤੁਹਾਨੂੰ ਲੈਣ ਸਟੇਸ਼ਨ ਤੇ ਖੜ੍ਹੀਆਂ ਹਾਂ, ਹਰੇਕ ਸਭ ਤੋਂ ਪਹਿਲਾਂ ਹੱਥ ਮਿਲਾਉਣ ਲਈ ਉਤਸੁਕ ਹੈ।'' ਪੰਦਰਾਂ ਮਿੰਟਾਂ ਵਿਚ ਸਾਰੀਆਂ ਇਕੱਠੀਆਂ ਹੋ ਗਈਆਂ।

ਇਕ ਥਾਂ ਕਾਫੀ ਚੰਦਾ ਮਿਲਿਆ ਤਾਂ ਗੋਲਡਾ ਨੇ ਪੁੱਛਿਆ - ਕਿਸ ਢੰਗ ਨਾਲ ਇਕੱਠੇ ਕੀਤੇ ਇਨੇ ਸਾਰੇ ਪੈਸੇ ? ਇਕ ਜਣੀ ਬੋਲੀ - ਅਸੀਂ ਸ਼ਰਤਾਂ ਲਾ ਲਾ ਤਾਸ਼ ਖੇਡਿਆ, ਬਸ ਪੈਸੇ ਬਣ ਗਏ। ਗੋਲਡਾ ਨੇ ਕਿਹਾ - ਇਜ਼ਰਾਈਲ ਦੇ ਨਾਂ ਤੇ ਤਾਸ਼ ਦੀਆਂ ਸ਼ਰਤਾਂ ? ਤੁਹਾਨੂੰ ਸ਼ਰਮ ਨੀਂ ਆਉਂਦੀ ? ਇਕ ਔਰਤ ਨੇ ਪੁੱਛਿਆ - ਭੈਣ ਤੁਸੀਂ ਉਥੇ ਬਿਲਕੁਲ ਤਾਸ਼ ਨਹੀਂ ਖੇਡਦੇ ? ਗੋਲਡਾ ਬੋਲੀ - ਬਿਲਕੁਲ ਨਹੀਂ। ਵਾਪਸ ਫਲਸਤੀਨ ਆਈ ਤਾਂ ਦੇਖਿਆ ਕੁਝ ਮੁੰਡੇ ਤਾਸ਼ ਖੇਡਣ ਵਿਚ ਮਗਨ ! ਰੁਕ ਗਈ, ਪੁੱਛਿਆ - ਸ਼ਰਤ ਲਾ ਕੇ ਖੇਡਦੇ ਹੋ ? ਸਾਰਿਆ ਨੇ ਕਿਹਾ - ਨਾਂ। ਚਲੋ ਫੇਰ ਠੀਕ ਐ। ਗੋਲਡਾ ਨੇ ਲਿਖਿਆ - ਮੈਂ ਉਸ ਔਰਤ ਤੋਂ ਖਿਮਾ ਮੰਗਣੀ ਚਾਹੀ ਪਰ ਉਸਦਾ ਟੈਲੀਫੋਨ ਨਹੀਂ ਸੀ, ਨਾਮ ਪਤਾ ਨਹੀਂ ਸੀ।

ਜ਼ੀਓਨਿਜ਼ਮ ਯਹੂਦੀਆਂ ਦੀ ਪੁਨਰ-ਜਾਗਰਣ ਖੱਬੇ ਪੱਖੀ ਲਹਿਰ ਸੀ। ਗੋਲਡਾ ਨੂੰ ਪੁੱਛਿਆ ਜਾਂਦਾ - ਕੀ ਤੁਸੀਂ ਨਿੱਜੀ ਪੂੰਜੀ ਦਾ ਖਾਤਮਾ ਕਰ ਦਿਉਗੇ ? ਪ੍ਰਾਈਵੇਟ ਕਾਰਖਾਨੇ ਨਹੀਂ ਹੋਣਗੇ ? ਗੋਲਡਾ ਦਾ ਉਤਰ ਹੁੰਦਾ - ਜੇ ਪ੍ਰਾਈਵੇਟ ਫੈਕਟਰੀਆਂ ਰਫੂਜੀ ਯਹੂਦੀ ਕਾਮਿਆਂ ਨੂੰ ਨੌਕਰੀਆਂ ਦੇਣਗੀਆਂ ਤਾਂ ਅਸੀਂ ਉਨ੍ਹਾਂ ਨੂੰ ਉਤਸ਼ਾਹਤ ਕਰਾਂਗੇ ਕਿਉਂਕਿ ਰੁਜ਼ਗਾਰ ਮਿਲੇਗਾ ਤਾਂ ਹੋਰ ਯਹੂਦੀ ਪਰਦੇਸਾਂ ਤੋਂ ਆਉਣਗੇ। ਜੇ ਨਿੱਜੀ ਕੰਪਨੀਆਂ ਮੁਸਲਮਾਨਾ ਨੂੰ ਨੌਕਰੀਆਂ ਦੇਣਗੀਆਂ ਕਿਉਂਕਿ ਉਹ ਯਹੂਦੀਆਂ ਨਾਲੋਂ ਸਸਤੇ ਮਿਲ ਜਾਂਦੇ ਹਨ, ਫਿਰ ਅਸੀਂ ਇਨ੍ਹਾਂ ਦਾ ਕੀ ਕਰਨੈ ?

1933 ਵਿਚ ਹਿਟਲਰ ਦੀ ਪਾਰਟੀ ਤਾਕਤ ਫੜਨ ਲੱਗੀ, ਉਸਦੇ ਐਲਾਨ ਖਤਰਨਾਕ ਸਨ, ਆਰੀਆ ਨਸਲ ਬਚੇਗੀ, ਗ਼ੈਰ ਆਰੀਏ ਖਤਮ। ਸਭ ਸਮਝਦੇ ਸਨ ਕਿ ਇਹ ਸਿਆਸੀ ਸਟੰਟ ਹਨ, ਹੋਰ ਕੁਝ ਨਹੀਂ। ਜਲਦੀ ਪਤਾ ਲੱਗ ਗਿਆ ਕਿ ਯਹੂਦੀਆਂ ਦੀ ਨਸਲਕੁਸ਼ੀ ਹੋਣ ਲੱਗੀ ਹੈ। ਜਰਮਨੀ ਅਤੇ ਆਸਟਰੀਆ ਵਿਚੋਂ ਜਾਨਾ ਬਚਾ ਕੇ ਸੱਠ ਹਜ਼ਾਰ ਯਹੂਦੀ ਫਲਸਤੀਨ ਪੁੱਜ ਗਏ। ਹਿਸਾਬ ਲਾਉ, ਚਾਰ ਲੱਖ ਦੀ ਆਬਾਦੀ ਸੱਠ ਹਜ਼ਾਰ ਦੇ ਰਹਿਣ ਸਹਿਣ ਖਾਣ ਪੀਣ ਦਾ ਪ੍ਰਬੰਧ ਕਰੇ। ਬੈਠਿਆ ਨੂੰ ਰੋਟੀ ਨਹੀਂ, ਕੰਮ ਦੇਵੇ। ਪ੍ਰੋਫੈਸਰ, ਇੰਜਨੀਅਰ, ਸੰਗੀਤਕਾਰ, ਇਤਿਹਾਸਕਾਰ, ਰਿਸਰਚ ਸਕਾਲਰ, ਕੈਮਿਸਟ, ਕੰਮ ਮੰਗਣ ਲੱਗੇ, ਇਨ੍ਹਾਂ ਨੂੰ ਰਾਤੋ ਰਾਤ ਮੁਰਗੀਖਾਨੇ ਦਾ, ਖੇਤੀ ਦਾ,

ਰਾਜ ਮਿਸਤਰੀ ਦਾ, ਚੌਕੀਦਾਰੀ ਦਾ ਕੰਮ ਸਿਖਾਣਾ ਤੇ ਕੰਮ ਤੇ ਲਾਣਾ ਹੁੰਦਾ। ਇਸ ਸੰਕਟ ਵਿਚ ਦੋ ਰਸਤੇ ਸਨ, ਜਾਂ ਤਾ ਹੱਥ ਖੜੇ ਕਰੋ ਤੇ ਕਹੋ, ਬਸ, ਸਾਡੇ ਤੋਂ ਨਹੀਂ ਕਰ ਹੁੰਦਾ ਇਹ ਕੰਮ।, ਜਾਂ ਫੇਰ ਢੀਠਤਾ ਨਾਲ ਲੱਗੇ ਰਹੋ, ਹੌਸਲਾ ਨਾ ਹਾਰੋ। ਗੋਲਡਾ ਦੀ ਟੀਮ ਨੇ ਦੂਜਾ ਰਾਹ ਚੁਣਿਆ।

ਮੁਸਲਮਾਨ ਅਮੀਰ ਸਨ, ਹਥਿਆਰਬੰਦ ਸਨ, ਹਿੰਸਕ ਸਨ, ਯਹੂਦੀਆਂ ਦੇ ਦੁਸ਼ਮਣ ਸਨ, ਬਰਤਾਨੀਆਂ ਸਰਕਾਰ ਤਮਾਸ਼ਬੀਨ ਸੀ, ਹਿਟਲਰ ਤਬਾਹੀ ਮਚਾ ਰਿਹਾ ਸੀ। ਗੋਲਡਾ ਕਿਹਾ ਕਰਦੀ - ਇਕ ਦੇਸ ਦਾ ਜਨਮ ਹੋਏਗਾ, ਜੰਮਣ ਪੀੜਾਂ ਹੌਲਨਾਕ ਤਾਂ ਹੋਣਗੀਆਂ ਪਰ ਬਰਦਾਸ਼ਤ ਕਰਨੀਆਂ ਪੈਣਗੀਆਂ। ਦੋਵੇਂ ਬੱਚਿਆਂ ਦੀ ਪੜ੍ਹਾਈ ਦੀ ਨਿਗਰਾਨੀ ਕਰਨੀ ਵੀ ਜਰੂਰੀ। ਲਹੂ ਪਸੀਨੇ ਦੀ ਮਿਹਨਤ ਨਾਲ ਲਾਏ ਫਲਦਾਰ ਲੱਖਾਂ ਬੂਟੇ ਅਰਬਾਂ ਨੇ ਪੁੱਟ ਦਿੱਤੇ, ਰੇਲ ਪਟੜੀਆਂ ਉਖਾੜ ਦਿੱਤੀਆਂ, ਬੰਬਾਂ ਨਾਲ ਸੜਕਾਂ ਵਿਚ ਖੂਹ ਪੁੱਟ ਦਿੱਤੇ, 1939 ਤੱਕ ਅਰਬਾਂ ਨੇ ਪੰਜ ਸੌ ਯਹੂਦੀ ਕਤਲ ਕਰ ਦਿੱਤੇ, ਪੱਕੀਆਂ ਫਸਲਾਂ ਸਾੜ ਦਿੱਤੀਆਂ। ਸਫਰ ਖਤਰਨਾਕ ਸੀ, ਪਰ ਗੋਲਡਾ ਨੂੰ ਸਫਰ ਕਰਨਾ ਪੈਂਦਾ, ਸਵੇਰ ਸਾਰ ਬੱਚਿਆਂ ਨੂੰ ਚੁੰਮ ਕੇ ਘਰੋਂ ਇਹ ਸੋਚ ਕੇ ਨਿਕਲਦੀ, ਕੀ ਪਤਾ ਵਾਪਸ ਆਵਾਂਗੀ ਕਿ ਨਾ, ਘਾਤ ਲਾਕੇ ਹਮਲਾ ਹੋ ਸਕਦੈ, ਬਸ ਵਿਚ ਬੰਬ ਫਟ ਸਕਦੈ, ਭੀੜ ਪਥਰਾਉ ਕਰਕੇ ਮਾਰ ਸਕਦੀ ਹੈ। ਯਹੂਦੀ ਹਿੰਸਾ ਦਾ ਜਵਾਬ ਹਿੰਸਾ ਨਾਲ ਦੇ ਸਕਦੇ ਸਨ ਪਰ ਫੇਰ ਬਰਤਾਨੀਆਂ ਸਰਕਾਰ ਨੇ ਹੋਰ ਪਾਬੰਦੀਆਂ ਲਾ ਦੇਣੀਆਂ ਸਨ। ਸਬਰ ਸ਼ੁਕਰ ਕਰਕੇ ਦਿਨ ਕਟੀ ਹੋ ਰਹੀ ਸੀ, ਇੱਟ ਦਾ ਜਵਾਬ ਪੱਥਰ ਨਾਲ ਦਿਓ, ਨਾਅਰੇ ਲਗਦੇ ਪਰ ਗੋਲਡਾ ਜਾਣਦੀ ਸੀ, ਇਹ ਰਸਤਾ ਖੁਦਕਸ਼ੀ ਦਾ ਹੈ। ਉਸ ਨੂੰ ਬੁਜ਼ਦਿਲ ਕਿਹਾ ਗਿਆ, ਪਰਵਾਹ ਨਹੀਂ, ਹਾਂ, ਹਥਿਆਰਬੰਦ ਅਰਬਾਂ ਦੀ ਟੋਲੀ ਸਾਹਮਣਿਓਂ ਹਮਲਾ ਕਰਨ ਆ ਰਹੀ ਹੈ, ਡਟ ਕੇ ਮੁਕਾਬਲਾ ਕਰੋ, ਬੰਬ ਰਖਦਾ ਕੋਈ ਅਰਬ ਫੜਿਆ ਗਿਐ, ਗੋਲੀ ਨਾਲ ਫੁੰਡ ਦਿਉ ਪਰ ਇਸ ਕਸੂਰ ਕਰਕੇ ਕੋਈ ਅਰਬ ਨਹੀਂ ਮਾਰਨਾ ਕਿ ਇਹ ਮੁਸਲਮਾਨ ਹੈ।

ਮੁਫਤੀ ਨੇ ਫਤਵਾ ਸੁਣਾਇਆ - ਫਲਸਤੀਨ ਵਿਚ ਮੁਸਲਮਾਨ ਮੁਕੰਮਲ ਹੜਤਾਲ ਕਰਨ, ਯਹੂਦੀ ਡਗਮਗਾ ਜਾਣਗੇ। ਬੰਦਰਗਾਹ, ਟਰੱਕ, ਬੱਸਾਂ, ਖੇਤੀ ਸਭ ਬੰਦ। ਗੋਲਡਾ ਨੇ ਐਲਾਨ ਕੀਤਾ - ਜੱਦਾ ਦੀ ਬੰਦਰਗਾਹ ਬੰਦ ਹੋ ਗਈ ਹੈ, ਅਸੀਂ ਤਲ-ਅਵੀਵ ਨਵੀਂ ਬੰਦਰਗਾਹ ਬਣਾਵਾਂਗੇ, ਹਥਿਆਰਬੰਦ ਯਹੂਦੀ ਰੇਲਾਂ ਤੇ ਟਰੱਕ ਚਲਾਉਣਗੇ, ਅਸੀਂ ਖੇਤਾਂ ਵਿਚ ਦੁੱਗਣਾ ਸਮਾਂ ਲਾਵਾਂਗੇ, ਕੋਈ ਰੋਕ ਕੇ ਦਿਖਾਏ। ਅਰਬਾਂ ਦੇ ਸਾਰੇ ਕੰਮ ਅਸੀਂ ਸੰਭਾਲਾਂਗੇ।

ਗੁਰੀਓਂ ਨੇ 1937 ਵਿਚ ਗੋਲਡਾ ਨੂੰ ਅਮਰੀਕਾ ਫੰਡ ਇੱਕਠੇ ਕਰਨ ਲਈ ਭੇਜਿਆ ਤਾਂ ਕਿ ਤਲ-ਅਵੀਵ ਬੰਦਰਗਾਹ ਕਾਇਮ ਕਰਕੇ ਯਹੂਦੀ ਆਪਣਾ ਵਪਾਰ ਸ਼ੁਰੂ ਕਰ ਸਕਣ। ਦੋ ਹਜ਼ਾਰ ਸਾਲ ਪਹਿਲਾਂ ਯਹੂਦੀ ਸ਼ਿਪਿੰਗ ਜਾਣਦੇ ਸਨ ਪਰ ਲੰਮਾ ਸਮਾਂ, ਉਜੜ ਕੇ ਮੈਦਾਨਾਂ ਵਿਚ ਵਸਣ ਕਾਰਨ ਭੁਲ ਗਏ ਸਨ। ਪਹਿਲਾ ਜਹਾਜ਼ ਖਰੀਦਣ ਲਈ ਪੈਸੇ ਚਾਹੀਦੇ ਸਨ, ਫੈਸਲਾ ਹੋਇਆ ਇਸ ਦਾ ਨਾਮ ਨਕਸ਼ੋਂ ਰੱਖਾਂਗੇ। ਜਦੋਂ ਮਿਸਰ ਵਿਚੋਂ ਉਜੜਨ ਵੇਲੇ ਪੈਗੰਬਰ ਮੂਸਾ ਨੇ ਕਿਹਾ - ਲਾਲ ਸਾਗਰ ਵਿਚ ਕੁੱਦ ਪਵੋ, ਹੁਕਮ ਮੰਨਦਿਆਂ ਜਿਸ ਬੱਚੇ ਨੇ ਸਭ ਤੋਂ ਪਹਿਲਾਂ ਛਾਲ ਮਾਰੀ ਉਸ ਦਾ ਨਾਮ ਨਕਸ਼ੋਂ ਸੀ। ਲੱਕੜ ਦੇ ਫੱਟਿਆਂ ਨਾਲ ਬੰਦਰਗਾਹ ਤਿਆਰ ਕੀਤੀ। ਜਦੋਂ ਪਹਿਲਾ ਜਹਾਜ਼ ਤਲ-ਅਵੀਲ ਪੁੱਜਾ ਹਜ਼ਾਰਾਂ ਯਹੂਦੀ ਦੇਖਣ ਆਏ, ਉਹਨਾਂ ਦਾ ਸੁਫਨਾ ਸਾਕਾਰ ਹੋ ਗਿਆ, ਗੀਤ ਗਾਏ, ਨੱਚੇ, ਪੂਰਾ ਤਿਉਹਾਰ। ਇਕ ਦਿਨ ਉਨ੍ਹਾਂ ਦੀ ਨੇਵੀ ਫਲੀਟ ਵੀ ਬਣ ਜਾਏਗੀ। ਉਦੋਂ ਕਿਸੇ ਨੂੰ ਇਹ ਖਿਆਲ ਨਹੀਂ ਸੀ ਕਿ ਨਾਜ਼ੀ ਕੈਂਪਾਂ ਵਿਚ ਬੰਦੀ ਯੋਰਪੀਨ ਯਹੂਦੀ ਇਸੇ ਬੰਦਰਗਾਹ ਉਤੇ ਆਕੇ ਉਤਰਨਗੇ।

1936 ਵਿਚ ਬਰਤਾਨੀਆਂ ਦੇ ਪੀਲ ਕਮਿਸ਼ਨ ਨੇ ਫਲਸਤੀਨ ਦਾ ਦੌਰਾ ਕੀਤਾ ਤੇ ਲਿਖਿਆ ਕਿ ਫਲਸਤੀਨ ਦੇ ਦੋ ਟੁਕੜੇ ਕਰ ਦਿੱਤੇ ਜਾਣ। ਦੋ ਹਜ਼ਾਰ ਵਰਗ ਮੀਲ ਰਕਬਾ ਯਹੂਦੀਆਂ ਨੂੰ ਮਿਲੇ ਬਾਕੀ ਦਾ ਅਰਬਾਂ ਨੂੰ। ਜੇਰੂਸਲਮ ਨੂੰ ਜਾਣ ਵਾਸਤੇ ਅੰਤਰਰਾਸ਼ਟਰੀ ਲਾਂਘਾ ਦੇ ਦਿੱਤਾ ਜਾਵੇ। ਗੋਲਡਾ ਨੇ ਇਸ ਪੇਸ਼ਕਸ਼ ਤੇ ਇਤਰਾਜ਼ ਉਠਾਂਦਿਆਂ ਕਿਹਾ- ਇਨਾ ਘੱਟ ਰਕਬਾ ? ਬਾਕੀ ਸਾਰਾ

ਫਲਸਤੀਨੀ ਅਰਬਾਂ ਨੂੰ ? ਵੱਡੇ ਹੋਕੇ ਮੇਰੇ ਬੱਚੇ ਮੈਨੂੰ ਪੁੱਛਣਗੇ - ਮਾਂ ਤੂੰ ਏਡਾ ਵੱਡਾ ਦੇਸ ਛੱਡਣ ਦੇ ਫੈਸਲੇ ਤੇ ਦਸਖਤ ਕੀਤੇ ? ਬਹੁਤ ਸਾਰੇ ਹੋਰ ਨੇਤਾ ਵੀ ਇਹੀ ਕਹਿ ਰਹੇ ਸਨ, ਬਿਨ ਗੁਰਿਓਂ ਨੇ ਸਹਿਮਤੀ ਦਿੰਦਿਆ ਕਿਹਾ - ਕੁਝ ਤਾਂ ਮਿਲੇਗਾ, ਹੁਣ ਤਾਂ ਕੁਝ ਵੀ ਨਹੀਂ, ਕੀ ਜ਼ੀਰੋ ਤੋਂ ਸਾਨੂੰ ਅੱਗੇ ਨਹੀਂ ਵਧਣਾ ਚਾਹੀਦਾ ? ਉਸ ਦੀ ਗੱਲ ਵਿਚ ਦਮ ਸੀ। ਮੰਨ ਗਏ। ਪਰ ਅਰਬ ਨਹੀਂ ਮੰਨੇ। ਅਰਬਾਂ ਨੇ ਕਦੀ ਆਪਣਾ ਫਾਇਦਾ ਨਹੀਂ ਸੋਚਿਆ, ਉਹ ਸੋਚਦੇ ਸਨ ਯਹੂਦੀਆਂ ਦਾ ਨੁਕਸਾਨ ਕਿਵੇਂ ਹੋਵੇ। ਜੇ ਪੀਲ ਪਲੈਨ ਮੰਨੀ ਜਾਂਦੀ, ਲੱਖਾਂ ਯਹੂਦੀ ਦੂਜੀ ਜੰਗ ਵਿਚ ਮਰਨੋ ਬਚਕੇ ਇਥੇ ਆ ਪੁਜਦੇ। ਅੰਗਰੇਜ਼ਾਂ ਨੇ ਕੋਟਾ ਮਿਥਿਆ ਹੋਇਆ ਸੀ ਜਿਸ ਤੋਂ ਵਧੀਕ ਗਿਣਤੀ ਦੇ ਸ਼ਰਨਾਰਥੀ ਯਹੂਦੀਆਂ ਨੂੰ ਬੰਦਰਗਾਹ ਤੋਂ ਵਾਪਸ ਭੇਜ ਦਿੰਦੇ ਸਨ। ਯਾਨੀ ਕਿ ਜੇ ਯਹੂਦੀਆਂ ਦਾ ਜਿਉਣ ਨੂੰ ਜੀ ਕਰੇ, ਉਨ੍ਹਾਂ ਨੂੰ ਇਹ ਹੱਕ ਨਾ ਦਿੱਤਾ ਜਾਏ।

1938, ਅਮਰੀਕਾ ਵਿਚ 32 ਦੇਸਾਂ ਦੇ ਪ੍ਰਤੀਨਿਧ ਆਏ ਜਿਨ੍ਹਾਂ ਨੇ ਯਹੂਦੀਆਂ ਦੇ ਫਲਸਤੀਨ ਵਿਚ ਦਾਖਲੇ ਦਾ ਕੋਟਾ ਨਿਸ਼ਚਿਤ ਕਰਨਾ ਸੀ। ਗੋਲਡਾ ਗਈ, ਸੁਣਦੀ ਰਹੀ, ਸਭ ਫਲਸਫਾ ਝਾੜਦੇ ਰਹੇ, ਕੋਈ ਲਾਭਦਾਇਕ ਫੈਸਲਾ ਨਾਂ ਹੋਇਆ। ਪ੍ਰੈਸ ਨੇ ਪੁੱਛਿਆ - ਮੈਡਮ ਤੁਸੀਂ ਕੀ ਕਹਿਣਾ ਚਾਹੋਗੇ ? ਗੋਲਡਾ ਬੋਲੀ - ਮੇਰੀ ਯਹੂਦੀਆਂ ਅੱਗੇ ਅਪੀਲ ਹੈ ਦੁਨੀਆਂ ਦੇ ਕਿਸੇ ਦੇਸ ਤੋਂ ਹਮਦਰਦੀ ਦੀ ਆਸ ਨਾ ਰੱਖਣ, ਰੱਬ ਤੋਂ ਇਲਾਵਾ ਸਾਡਾ ਹਮਦਰਦ ਕੋਈ ਨਹੀਂ।

ਬਰਤਾਨੀਆਂ ਨੇ ਕੋਟੇ ਬਾਰੇ ਜਿਹੜਾ ਵਾਈਟ ਪੇਪਰ ਜਾਰੀ ਕੀਤਾ ਗੁਰਿਓਂ ਨੇ ਰੱਦ ਕਰ ਦਿੱਤਾ। ਸਤੰਬਰ 1939 ਨੂੰ ਦੂਜਾ ਵਿਸ਼ਵ ਯੁੱਧ ਛਿੜ ਗਿਆ। ਗੁਰਿਓਂ ਦਾ ਐਲਾਨ ਆਇਆ - ਅਸੀਂ ਹਿਟਲਰ ਵਿਰੁੱਧ ਇਉਂ ਲੜਾਂਗੇ ਜਿਵੇਂ ਵਾਈਟ ਪੇਪਰ ਹੈ ਈ ਨਹੀਂ, ਅਸੀਂ ਵਾਈਟ ਪੇਪਰ ਵਿਰੁੱਧ ਇਉਂ ਲੜਾਂਗੇ ਜਿਵੇਂ ਹਿਟਲਰ ਹੈ ਹੀ ਨਹੀਂ।

ਨਾਜ਼ੀਆਂ ਵਿਰੁੱਧ ਖੂਨੀ ਜੰਗ ਲੜਦੇ ਬਰਤਾਨੀਆਂ ਨੂੰ ਯਹੂਦੀਆਂ ਦੀ ਨਸਲਕੁਸ਼ੀ ਦਾ ਫਿਕਰ ਨਹੀਂ ਸੀ ਹਾਲਾਂਕਿ ਬਰਤਾਨੀਆਂ ਵਲੋਂ ਲੜ ਰਹੇ ਸਨ। ਜਾਨ ਬਚਾ ਕੇ ਫਲਸਤੀਨ ਆਉਂਦੇ ਯਹੂਦੀਆਂ ਦੇ ਰਸਤੇ ਵਿਚ ਲੋਹੇ ਦੀ ਦੀਵਾਰ ਬਰਤਾਨੀਆਂ ਬਣ ਰਿਹਾ ਸੀ। ਸਾਲ 1935 ਦਾ ਵਾਈਟ ਪੇਪਰ ਮੌਤ ਦਾ ਵਾਰੰਟ ਸੀ ਜਿਹੜਾ ਅਜਨਬੀਆਂ ਨੇ ਤਿਆਰ ਕੀਤਾ। ਅਰਬ ਨਹੀਂ ਚਾਹੁੰਦੇ ਸਨ ਕਿ ਫਲਸਤੀਨ ਵਿਚ ਯਹੂਦੀਆਂ ਦੀ ਗਿਣਤੀ ਵਧੀ ਜਾਵੇ। ਅਰਬ, ਨਾਜ਼ੀਆਂ ਦੇ ਹਮਾਇਤੀ ਸਨ, ਤਾਂ ਵੀ ਬਰਤਾਨੀਆਂ ਅਰਬਾਂ ਦੀ ਗੱਲ ਮੰਨ ਰਿਹਾ ਸੀ, ਯਹੂਦੀਆਂ ਦੀ ਨਹੀਂ। ਉਦੋਂ ਯਹੂਦੀ ਨਾ ਵਖਰਾ ਦੇਸ ਮੰਗ ਰਹੇ ਸਨ, ਨਾ ਆਜ਼ਾਦੀ ਦਾ ਭਰੋਸਾ, ਨਾ ਅੰਨ, ਨਾ ਧਨ, ਨਾ ਹਥਿਆਰ, ਉਨ੍ਹਾਂ ਦੀ ਕੇਵਲ ਤੇ ਕੇਵਲ ਫਰਿਆਦ ਇਹ ਸੀ ਕਿ ਸ਼ਰਣ ਆਉਂਦੇ ਯਹੂਦੀਆਂ ਨੂੰ ਫਲਸਤੀਨ ਆਉਣ ਦਿਉ, ਫਲਸਤੀਨ ਦੇ ਗਰੀਬ ਯਹੂਦੀ, ਰਫੂਜੀਆਂ ਨਾਲ ਵੰਡ ਕੇ ਰੁੱਖੀ ਸੁੱਖੀ ਰੋਟੀ ਖਾ ਲੈਣਗੇ। ਯਹੂਦੀਆਂ ਦੇ ਨਰਸੰਘਾਰ ਵਿਰੁੱਧ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ।

ਫਲਸਤੀਨ ਵਿਚੋਂ ਇਕ ਲੱਖ ਤੀਹ ਹਜ਼ਾਰ ਜੁਆਨ ਯਹੂਦੀ ਭਰਤੀ ਹੋ ਗਏ। ਬਰਤਾਨੀਆਂ ਚਾਹੁੰਦਾ ਨਹੀਂ ਸੀ ਪਰ ਉਸਨੂੰ ਰਕਰੂਟਾਂ ਦੀ ਲੋੜ ਪੈ ਗਈ ਤੇ ਯਹੂਦੀਆਂ ਵਰਗੇ ਭਰੋਸੇਯੋਗ ਸਿਪਾਹੀ ਹੋਰ ਮਿਲ ਨਹੀਂ ਸਕਦੇ ਸਨ। ਇਸ ਖਤਰਨਾਕ ਸਮੇਂ ਵਿਚ ਵੀ ਯਹੂਦੀਆਂ ਨੂੰ ਵਧੇਰੇ ਕਰਕੇ ਡਰਾਈਵਰ, ਕੁੱਕ, ਸਫਾਈ ਸੇਵਕ ਵਜੋਂ ਕੰਮ ਦਿੱਤੇ ਜਾਂਦੇ ਤਾਂ ਕਿ ਉਨ੍ਹਾਂ ਹੱਥ ਵਧੀਕ ਹਥਿਆਰ ਨਾ ਆ ਸਕਣ। ਉਨ੍ਹਾਂ ਨੂੰ 'ਦੇਸੀ' ਕਿਹਾ ਜਾਂਦਾ ਜਿਸਦਾ ਮਤਲਬ ਹੁੰਦਾ ਮਾਮੂਲੀ ਤਨਖਾਹ, ਘਟੀਆ ਖਾਣਾ।

ਇਜ਼ਰਾਈਲ ਆਜ਼ਾਦ ਹੋਇਆ ਤਾਂ ਜਰਮਨੀ ਨੇ ਰਾਲਫ ਪਾਲ ਨੂੰ ਆਪਣਾ ਰਾਜਦੂਤ ਨਿਯੁਕਤ ਕੀਤਾ। ਗੋਲਡਾ ਨਹੀਂ ਚਾਹੁੰਦੀ ਸੀ ਅਜਿਹਾ ਬੰਦਾ ਰਾਜਦੂਤ ਵਜੋਂ ਆਏ ਜਿਸਨੇ ਯੁੱਧ ਵਿਚ ਹਿੱਸਾ ਲਿਆ ਹੋਵੇ ਪਰ ਪਾਲ ਨਾ ਸਿਰਫ ਸੈਨਾ ਵਿਚ ਲੜਿਆ ਸੀ ਸਗੋਂ ਯੁੱਧ ਵਿਚ ਉਸ ਦੀ ਇਕ ਬਾਂਹ ਕੱਟੀ ਗਈ ਸੀ। ਪਰ ਜਰਮਨੀ ਬਜ਼ਿਦ ਸੀ ਕਿ ਉਹੀ ਰਾਜਦੂਤ ਹੋਵੇਗਾ। ਜਦੋਂ ਇਜ਼ਰਾਈਲ ਵਿਚ ਆਕੇ ਉਸ ਨੇ ਦਫਤਰ ਹਾਜ਼ਰੀ ਲਾਈ, ਯਹੂਦੀਆਂ ਨੇ ਉਸ ਵਿਰੁੱਧ ਭਾਰੀ ਦਿਖਾਵੇ ਕੀਤੇ,

ਜਲੂਸ ਕੱਢੇ। ਰਾਜਦੂਤ ਗੋਲਡਾ ਨੂੰ ਮਿਲਣ ਵਾਸਤੇ ਆਇਆ ਤਾਂ ਗੋਲਡਾ ਨੇ ਕਿਹਾ - ਇਥੇ ਇਕ ਵੀ ਪਰਿਵਾਰ ਅਜਿਹਾ ਨਹੀਂ ਜਿਹੜਾ ਨਾਜ਼ੀਆਂ ਦੇ ਕਹਿਰ ਤੋਂ ਬਚਿਆ ਹੋਵੇ। ਬੱਚਿਆਂ ਨੂੰ ਕਿਵੇਂ ਕੋਹ ਕੋਹ ਕੇ ਮਾਰਿਆ ਗਿਆ, ਕਿਵੇਂ ਥੋਕ ਵਿਚ ਮਨੁੱਖੀ ਜਿਸਮ ਸਾੜੇ ਗਏ, ਕਿਵੇਂ ਮਨੁੱਖਾਂ ਉਪਰ ਵਿਗਿਆਨਕ ਤਜਰਬੇ ਕੀਤੇ ਗਏ, ਇਹ ਲੋਕ ਸੁਫਨੇ ਵਿਚ ਚੀਕਾਂ ਮਾਰਦੇ ਹਨ। ਡਾਇਨਿੰਗ ਟੇਬਲ ਉਪਰ ਖਾਣਾ ਪਰੋਸਦੀ ਕਿਸੇ ਵੇਟਰ ਔਰਤ ਦੇ ਬਾਜ਼ੂ ਉਪਰ ਸੱਠ ਲੱਖ ਦੀ ਗਿਣਤੀ ਖੁਣੀ ਦੇਖਕੇ ਤੂੰ ਕੀ ਸੋਚੇਂਗਾ?

ਪਾਲ ਨੇ ਕਿਹਾ - ਇਥੇ ਰਾਜਧਾਨੀ ਵਿਚ ਜਿਹੜਾ ਸੱਠ ਲੱਖ ਸ਼ਹੀਦਾਂ ਦੀ ਯਾਦਗਾਰ ਦਾ ਸਮਾਰਕ ਹੈ, ਪਹਿਲਾਂ ਮੈਂ ਉਥੇ ਜ਼ਿਆਰਤ ਕਰਕੇ ਫਿਰ ਤੁਹਾਡੇ ਕੋਲ ਆਇਆਂ। ਜਿਹੜਾ ਜਰਮਨ ਇਜ਼ਰਾਈਲ ਆਇਆ ਕਰੇਗਾ ਮੈਂ ਉਸਨੂੰ ਕਿਹਾ ਕਰਾਂਗਾ - ਪਹਿਲਾਂ ਸ਼ਹੀਦਾਂ ਦੀ ਯਾਦਗਾਰ ਦੇਖ ਕੇ ਆ।

ਪਾਲ ਜਿੰਨਾ ਚਿਰ ਇਜ਼ਰਾਈਲ ਵਿਚ ਰਿਹਾ, ਵਾਅਦਾ ਨਿਭਾਇਆ। ਜਦੋਂ ਇਜ਼ਰਾਈਲ ਨੇ ਅਰਬਾਂ ਖਿਲਾਫ ਛੇ ਦਿਨਾਂ ਦੀ ਜੰਗ ਜਿੱਤ ਲਈ ਤਾਂ ਰੂਸ ਨੇ ਯੂਗੋਸਲਾਵੀਆ ਰਾਹੀਂ ਯੂ.ਐਨ.ਓ ਵਿਚ ਮਤਾ ਪੇਸ਼ ਕੀਤਾ ਕਿ ਇਜ਼ਰਾਈਲ ਜਿਤੇ ਹੋਏ ਇਲਾਕੇ ਅਰਬਾਂ ਨੂੰ ਵਾਪਸ ਕਰੇ। ਫਰਾਂਸ ਇਸ ਮਤੇ ਦੇ ਹੱਕ ਵਿਚ ਸੀ ਅਤੇ ਫਰੈਂਚ ਬੋਲਦੇ ਅਫਰੀਕੀ ਦੇਸਾਂ ਉਪਰ ਦਬਾਉ ਪਾ ਰਿਹਾ ਸੀ ਕਿ ਮਤੇ ਦੀ ਹਮਾਇਤ ਕਰਨ।

ਇਜ਼ਰਾਈਲੀ ਖੁਫੀਆ ਗਾਰਦ ਨੇ 1960 ਵਿਚ ਅਰਜਨਟਾਈਨਾ ਵਿਚ ਛੁਪੇ ਆਈਖਮੈਨ ਨੂੰ ਫੜ ਕੇ ਇਜ਼ਰਾਈਲ ਪੁਚਾ ਦਿੱਤਾ। ਇਹ ਉਹੀ ਬੰਦਾ ਹੈ ਜਿਸਨੇ ਗੈਸ ਚੈਂਬਰਾਂ ਅਤੇ ਅਗਨ ਕੁੰਡਾਂ ਵਿਚ ਸੱਠ ਲੱਖ ਯਹੂਦੀ ਮਾਰੇ। ਅਰਜਨਟਾਈਨਾ ਨੇ ਇਜ਼ਰਾਈਲ ਸਟੇਟ ਦੀ ਇਸ ਗੁੰਡਾਗਰਦੀ ਖਿਲਾਫ ਯੂ.ਐਨ.ਓ ਵਿਚ ਸ਼ਿਕਾਇਤ ਦਰਜ ਕਰਵਾਈ। ਗੋਲਡਾ ਇਸ ਕੇਸ ਦੀ ਪੈਰਵਾਈ ਕਰਨ ਗਈ। ਇਸ ਨਿਊਰਮਬਰਗ ਮੁਕੱਦਮੇ ਦੀ ਕਾਰਵਾਈ ਦੌਰਾਨ ਆਈਖਮੈਨ ਦੇ ਵਕੀਲ ਵਿਸਲਿਸਨੀ ਨੇ ਇਹ ਬਿਆਨ ਦਰਜ ਕਰਾਇਆ : 1940 ਵਿਚ ਜਰਮਨ ਸਰਕਾਰ ਨੇ ਫੈਸਲਾ ਕੀਤਾ ਕਿ ਕਬਜੇ ਵਿਚ ਆਏ ਯੋਰਪ ਦੇ ਸਾਰੇ ਦੇਸਾਂ ਦੇ ਯਹੂਦੀ ਇਕ ਥਾਂ ਇਕੱਠੇ ਕੀਤੇ ਜਾਣ। ਪੋਲੈਂਡ ਤਸੀਹਾ ਕੈਂਪਾਂ ਦਾ ਕੇਂਦਰ ਬਣਿਆ ਜਿਥੇ 1942 ਤੱਕ ਬੇਸ਼ੁਮਾਰ ਯਹੂਦੀ ਕੰਡਿਆਲੀ ਤਾਰ ਦੀ ਵਲਗਣ ਵਿਚ ਘਿਰ ਗਏ, ਫਿਰ ਯਹੂਦੀ ਮਸਲੇ ਦਾ ਅੰਤਿਮ ਹੱਲ(final solution) ਸ਼ੁਰੂ ਹੋਇਆ ਜਿਸ ਤਹਿਤ ਯਹੂਦੀਆਂ ਦਾ ਬੀਜਨਾਸ ਕਰਨਾ ਸੀ। ਅੰਤਮ ਹੱਲ ਦਾ ਦੌਰ 1944 ਤੱਕ ਚੱਲਿਆ ਤੇ ਅਕਤੂਬਰ ਵਿਚ ਖਤਮ ਹੋਇਆ। ਹਿਮਲਰ ਨੂੰ ਪੁੱਛਿਆ ਗਿਆ - ਸੈਕਸ਼ਨ ਚਾਰ ਏ ਚਾਰ ਤਹਿਤ ਕੀ ਹੁਕਮ ਸੀ ? ਉਸਨੇ ਦੱਸਿਆ - ਹਾਂ, ਅੰਤਿਮ ਹੱਲ ਦਾ ਮਤਲਬ ਯਹੂਦੀਆਂ ਦਾ ਮੁਕੰਮਲ ਸਫਾਇਆ ਸੀ।

ਇਸ ਅੰਤਮ ਹੱਲ ਦੌਰਾਨ ਜਰਮਨੀ, ਫਰਾਂਸ, ਬੈਲਜੀਅਮ, ਹਾਲੈਂਡ, ਪੋਲੈਂਡ, ਲਕਸਮਬਰਗ, ਸੋਵੀਅਤ ਦੇਸ, ਹੰਗਰੀ, ਯੂਗੋਸਲਾਵੀਆ, ਯੂਨਾਨ, ਇਟਲੀ, ਚੈਕੋਸਲੋਵਾਕੀਆ, ਆਸਟਰੀਆ, ਰੁਮਾਨੀਆਂ ਅਤੇ ਬਲਗਾਰੀਆ ਦੇਸਾਂ ਦੇ ਸੱਠ ਲੱਖ ਯਹੂਦੀ ਕਤਲ ਕੀਤੇ। ਇਨ੍ਹਾਂ ਵਿਚ ਵੱਖ ਵੱਖ ਰੰਗਾਂ ਸੁਗੰਧੀਆਂ ਦੀਆਂ ਤੀਹ ਹਜ਼ਾਰ ਕੌਮੀਅਤਾਂ ਖਤਮ ਹੋਈਆਂ ਜਿਨ੍ਹਾਂ ਨੇ ਆਰਟ, ਸਾਹਿਤ ਅਤੇ ਵਿਗਿਆਨ ਦੇ ਖੇਤਰ ਵਿਚ ਦੁਨੀਆਂ ਨੂੰ ਦੇਵ-ਕੱਦ ਸ਼ਖਸ ਦਿੱਤੇ ਸਨ। ਇਨ੍ਹਾਂ ਵਿਚ ਦਸ ਲੱਖ ਬੱਚੇ ਸਨ - ਦੁਨੀਆਂ ਦਾ ਭਵਿੱਖ, ਇਹ ਭਵਿੱਖ ਖਤਮ ਹੋਇਆ। ਪੰਦਰਾਂ ਸਾਲ ਜਾਹਲੀ ਪਾਸਪੋਰਟ ਤੇ ਆਈਖਮੈਨ ਗ਼ੈਰ ਕਾਨੂੰਨੀ ਢੰਗ ਨਾਲ ਵੱਖ ਵੱਖ ਦੇਸਾਂ ਵਿਚ ਰਹਿੰਦਾ ਰਿਹਾ, ਇਸ ਵਿਰੁੱਧ ਕੋਈ ਤੂਫਾਨ ਨਹੀਂ ਉਠਿਆ, ਅਰਜਨਟਾਈਨਾਂ ਨੂੰ ਇਤਰਾਜ਼ ਸੀ ਕਿ ਲੱਭ ਕੇ ਯਹੂਦੀਆਂ ਨੇ ਉਸਨੂੰ ਫੜਿਆ ਕਿਉਂ। ਉਹ ਉਸ ਦੇਸ ਵਿਚ ਪੁੱਜ ਗਿਆ ਜਿਥੇ ਸੱਠ ਲੱਖ ਯਹੂਦੀ ਪੁੱਜਣਾ ਚਾਹੁੰਦੇ ਸਨ ਪਰ ਕਬਰਸਿਤਾਨ ਵਿਚ ਇਹ ਗੀਤ ਗਾਉਂਦੇ ਗਾਉਂਦੇ ਪੁੱਜੇ - ਸਾਡਾ ਵਿਸ਼ਵਾਸ ਹੈ ਮਸੀਹਾ ਆਏਗਾ। ਦੁਨੀਆਂ ਨੂੰ ਖਤਰਾ ਆਜ਼ਾਦ ਘੁੰਮਦੇ ਆਇਖਮਾਨ ਤੋਂ ਸੀ ਕਿ ਗ੍ਰਿਫਤਾਰ ਕੀਤੇ ਗਏ ਖੂੰਖਾਰ ਕਾਤਲ ਤੋਂ ?

ਇਕ ਲੱਖ ਬਚ ਗਏ ਯਹੂਦੀ ਇਕ ਦਮ ਯੋਰਪ ਵਿਚੋਂ ਫਲਸਤੀਨ ਵਿਚ ਆਉਣਾ ਚਾਹੁੰਦੇ ਸਨ। ਜੰਗ ਖਤਮ ਹੋਣ ਪਿਛੋਂ ਬਰਤਾਨੀਆਂ ਵਿਚ ਐਟਲੀ ਦੀ ਲੇਬਰ ਸਰਕਾਰ ਤਾਕਤ ਵਿਚ ਆ ਗਈ, ਲਗਦਾ ਸੀ ਇਹ ਦੁਖੀਆਂ ਦੀ ਬਾਂਹ ਫੜੇਗੀ ਪਰ ਵਿਅਰਥ। ਜਦੋਂ ਯਹੂਦੀਆਂ ਦਾ ਦਬਾਉ ਬਹੁਤ ਵੱਧ ਗਿਆ, ਐਟਲੀ ਨੇ ਅਮਰੀਕਾ ਦੀ ਸਲਾਹ ਮੰਗੀ, ਐਂਗਲੋ ਅਮਰੀਕਨ ਕਮੇਟੀ ਦਾ ਗਠਨ ਹੋਇਆ।

ਇਸ ਕਮੇਟੀ ਨੇ ਕੰਮ ਕਰਨਾ ਸ਼ੁਰੂ ਹੀ ਕੀਤਾ ਸੀ ਕਿ ਇਟਲੀ ਨੇ 1014 ਯਹੂਦੀਆਂ ਨੂੰ ਫਲਸਤੀਨ ਲਿਆਉਂਦਾ ਸਮੁੰਦਰੀ ਜਹਾਜ਼ ਘੇਰ ਲਿਆ ਕਿ ਇਹ ਨਜਾਇਜ਼ ਘੁਸਪੈਠ ਕਰ ਰਿਹਾ ਹੈ। ਯਾਤਰੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਇੱਧਰ ਇਟਲੀ ਦੀ ਗੁੰਡਾਗਰਦੀ ਵਿਰੁੱਧ ਫਲਸਤੀਨੀ ਯਹੂਦੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਗੋਲਡਾ ਬਰਤਾਨੀਆਂ ਦੇ ਫਲਸਤੀਨ ਵਿਚ ਤੈਨਾਤ ਚੀਫ ਸਕੱਤਰ ਨੂੰ ਮਿਲੀ ਤੇ ਕਿਹਾ - ਸ਼੍ਰੀਮਾਨ ਬਰਤਾਨੀਆਂ ਸਰਕਾਰ ਨੂੰ ਦਸੋ ਅਸੀਂ ਉਦੋਂ ਤੱਕ ਖਾਣਾ ਨਹੀਂ ਖਾਵਾਂਗੇ ਜਦੋਂ ਤੱਕ ਗ੍ਰਿਫਤਾਰ ਜਹਾਜ਼ ਫਲਸਤੀਨ ਨਹੀਂ ਪੁੱਜਦਾ। ਸਕੱਤਰ ਨੇ ਕਿਹਾ - ਗੋਲਡਾ, ਕੀ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਵਰਤ ਸਦਕਾ ਹਿਜ਼ ਮੈਜੇਸਟੀ ਦੀ ਸਰਕਾਰ ਆਪਣੀ ਨੀਤੀ ਬਦਲ ਲਏਗੀ? ਗੋਲਡਾ ਨੇ ਕਿਹਾ - ਨਹੀਂ, ਮੈਨੂੰ ਕੋਈ ਗਲਤਫਹਿਮੀ ਨਹੀਂ, ਸੱਠ ਲੱਖ ਕਤਲਾਂ ਤੋਂ ਬਾਦ ਨੀਤੀ ਨਹੀਂ ਬਦਲੀ ਤਾਂ ਮੇਰੇ ਵਰਤ ਨਾਲ ਕਿਵੇਂ ਬਦਲ ਜਾਏਗੀ। ਪਰ ਮੈਂ ਸਾਬਤ ਕਰਨਾ ਹੈ ਕਿ ਮੈਂ ਯਹੂਦੀਆਂ ਦੇ ਹੱਕ ਵਿਚ ਹਾਂ। ਸਾਨੂੰ ਮਾਰਨ ਲਈ ਫੌਜ ਭੇਜੋ।

ਉਹੀ ਹੋਇਆ। ਇਕ ਲੱਖ ਅੰਗਰੇਜ਼ ਫੌਜੀ ਅਤੇ ਦੋ ਹਜ਼ਾਰ ਪੁਲਸੀਏ ਯਹੂਦੀਆਂ ਦੀ ਬਗਾਵਤ ਦਬਾਉਣ ਲਈ ਫਲਸਤੀਨ ਪੁੱਜ ਗਏ। ਤੰਬੂਆਂ ਵਿਚ ਦਿਨ ਕਟੀ ਕਰਦੇ ਰਫੂਜੀ ਘੇਰ ਲਏ, ਤਿੰਨ ਹਜ਼ਾਰ ਲੀਡਰ ਗ੍ਰਿਫਤਾਰ ਕਰ ਲਏ। ਇਸ ਸਖਤੀ ਦਾ ਮਤਲਬ ਸਦਾ ਲਈ ਯਹੂਦੀਆਂ ਨੂੰ ਫਲਸਤੀਨ ਆਉਣੋ ਰੋਕਣਾ ਸੀ। ਜਿਸ ਦਿਨ ਇਹ ਫੈਸਲਾ ਐਨਾਊਂਸ ਹੋਇਆ ਉਸਨੂੰ ਕਾਲਾ ਸ਼ਨੀਵਾਰ ਕਿਹਾ ਜਾਂਦਾ ਹੈ। ਵਿਦੇਸ਼ ਵਿਚ ਹੋਣ ਕਰਕੇ ਕੇਵਲ ਗੁਰੀਓਂ ਬਚਿਆ ਬਾਕੀ ਸਾਰੀ ਲੀਡਰਸ਼ਿਪ ਗ੍ਰਿਫਤਾਰ ਹੋਈ।

ਰੂਸ ਵਿਚ ਜੰਮਿਆ ਡਾ. ਵੀਜ਼ਮੈਨ ਦੁਨੀਆਂ ਭਰ ਦੇ ਯਹੂਦੀਆਂ ਦਾ ਅਣਐਲਾਨਿਆਂ ਬਾਦਸ਼ਾਹ ਸੀ। ਉਹ ਵਿਗਿਆਨੀ ਸੀ ਤੇ ਲੰਮਾਂ ਸਮਾਂ ਇੰਗਲੈਂਡ ਵਿਚ ਬਿਤਾ ਦੇ ਫਲਸਤੀਨ ਵਿਚ ਵਸ ਗਿਆ ਸੀ, ਜ਼ੀਓਨਿਸਟ ਲਹਿਰ ਦਾ ਪ੍ਰਧਾਨ ਸੀ, ਧੀਮੀ ਗਤੀ ਵਿਚ ਚਲਦਾ ਸੀ ਜਿਸ ਕਰਕੇ ਤੇਜ਼ ਚਾਲ ਚਲਦੇ ਗੁਰੀਓਂ ਨੂੰ ਉਹ ਪਸੰਦ ਨਹੀਂ ਸੀ। ਵੀਜ਼ਮੈਨ ਅਨੁਸਾਰ ਦੇਰ ਨਾਲ ਸਹੀ, ਅੰਗਰੇਜ਼ਾਂ ਨੂੰ ਅਕਲ ਆਏਗੀ। ਗੁਰੀਓਂ ਆਖਦਾ ਹੁੰਦਾ, ਬੜਾ ਅਜ਼ਮਾ ਲਿਆ, ਹੁਣ ਬਸ ਕਰੀਏ ਤੇ ਯੁੱਧ ਦਾ ਬਿਗਲ ਵਜਾਈਏ। ਟਕਰਾਉ ਵਿਚੋਂ ਵੀਜ਼ਮਨ ਆਊਟ ਹੋ ਗਿਆ ਤੇ ਗੁਰੀਓਂ ਹੱਥ ਗੁਲਾਮ ਫਲਸਤੀਨ ਆਇਆ। ਤਾਂ ਵੀ ਵੀਜ਼ਮੈਨ ਦਾ ਆਦਰ ਘਟਿਆ ਨਹੀਂ। ਜਦੋਂ 1948 ਵਿਚ ਅੰਤਿਮ ਫੈਸਲੇ ਦੀ ਘੜੀ ਆਈ ਤੇ ਯਹੂਦੀਆਂ ਨੇ ਅਮਰੀਕਾ ਤੋਂ ਮਦਦ ਮੰਗੀ ਉਦੋਂ ਅਮਰੀਕਣ ਰਾਸ਼ਟਰਪਤੀ ਟਰੂਮੈਨ ਜੇ ਕਿਸੇ ਨਾਲ ਗੱਲ ਕਰਨ ਲਈ ਤਿਆਰ ਹੋਇਆ ਆਖਰ, ਤਾਂ ਕੇਵਲ ਵੀਜ਼ਮੈਨ ਨਾਲ। ਟਰੂਮੈਨ ਉਸਦੀ ਪੂਰੀ ਇੱਜ਼ਤ ਬਤੌਰ ਵਿਗਿਆਨੀ ਕਰਦਾ ਸੀ। ਵੀਜ਼ਮੈਨ ਦਾ ਬੇਟਾ ਯੁੱਧ ਵਿਚ ਸ਼ਹੀਦ ਹੋ ਗਿਆ ਸੀ। ਜਦੋਂ ਟਰੂਮੈਨ ਨਾਲ ਗੱਲ ਕਰਨ ਗਿਆ, ਉਦੋਂ ਵੀਜ਼ਮੈਨ ਦੀਆਂ ਅੱਖਾਂ ਸੌ ਫੀਸਦੀ ਜਵਾਬ ਦੇ ਗਈਆਂ ਸਨ। ਅਮਰੀਕਾ ਨੇ ਫੈਸਲਾ ਕੀਤਾ ਕਿ 14 ਮਈ 1948 ਦੇ ਦਿਨ ਇਜ਼ਰਾਈਲ ਦੀ ਆਜ਼ਾਦੀ ਨੂੰ ਮਾਨਤਾ ਦੇਣੀ ਹੈ ਤਦ ਗੁਰੀਓਂ ਜਾਣਦਾ ਸੀ ਕਿ ਨਵੇਂ ਦੇਸ ਦਾ ਰਾਸ਼ਟਰਪਤੀ ਡਾ. ਵੀਜ਼ਮੈਨ ਤੋਂ ਬਿਨਾ ਹੋਰ ਕੋਈ ਹੋ ਈ ਨਹੀਂ ਸਕਦਾ।

1946, 47 ਦੇ ਸਾਲ ਖਤਰਨਾਕ ਸਨ। ਯਹੂਦੀ ਰਫੂਜੀ ਜਾਨਾ ਬਚਾ ਕੇ ਧੜਾਧੜ ਫਲਸਤੀਨ ਵਿਚ ਆ ਰਹੇ ਸਨ ਤੇ ਬਰਤਾਨਵੀ ਸੈਨਿਕ ਕੋਟੇ ਤੋਂ ਵਧੀਕ ਬੰਦਿਆਂ ਨੂੰ ਰੋਕ ਰਹੇ ਸਨ, ਫਲਸਰੂਪ ਜੰਗੀ ਝੜਪਾਂ ਹੋਣ ਲੱਗੀਆਂ। ਉਨ੍ਹਾਂ ਨੂੰ ਮਨਮਰਜ਼ੀ ਦੇ ਥਾਂ ਤੇ ਵੱਸਣੋ ਕਿਉਂ ਰੋਕਿਆ ਜਾਏ ? ਉਹੀ ਅੰਗਰੇਜ਼ ਜਿਨ੍ਹਾਂ ਨੇ ਯਹੂਦੀਆਂ ਨੂੰ ਨਾਜ਼ੀ ਕੈਂਪਾਂ ਵਿਚੋਂ ਆਜ਼ਾਦ ਕਰਵਾਇਆ ਹੁਣ ਖੁਦ ਸਾਈਪਰਸ

www.punjabilibrary.com

ਵਿਚ ਕੰਡਿਆਲੀ ਤਾਰ ਅੰਦਰ ਉਨ੍ਹਾਂ ਨੂੰ ਬੰਦੀ ਬਣਾਈ ਬੈਠੇ ਸਨ ਕਿਉਂਕਿ ਫਲਸਤੀਨ ਤੋਂ ਇਲਾਵਾ ਉਨ੍ਹਾਂ ਵਾਸਤੇ ਰਹਿਣ ਲਈ ਕੋਈ ਥਾਂ ਨਹੀਂ ਸੀ। ਕੁੱਲ ਚਾਲੀ ਹਜ਼ਾਰ ਬੰਦੀ ਘਿਰੇ ਬੈਠੇ ਸਨ, ਹਰ ਮਹੀਨੇ ਕੇਵਲ ਪੰਦਰਾਂ ਸੌ ਫਲਸਤੀਨ ਜਾਣਗੇ, ਇਹੋ ਕੋਟਾ ਨਿਸ਼ਚਿਤ ਸੀ। ਡਾਕਟਰਾਂ ਨੇ ਦਸ ਦਿੱਤਾ ਸੀ ਕਿ ਆਗਾਮੀ ਸਰਦੀਆਂ ਵਿਚ ਹਜ਼ਾਰਾਂ ਬੱਚੇ ਮੌਤ ਦੇ ਮੂੰਹ ਚਲੇ ਜਾਣਗੇ। ਸਿਰਤੋੜ ਯਤਨ ਕਰਕੇ ਬਰਤਾਨੀਆਂ ਨੂੰ ਮਨਾ ਲਿਆ ਕਿ ਯਤੀਮ ਬੱਚੇ ਵਾਰੀ ਤੋਂ ਪਹਿਲਾਂ ਆਜ਼ਾਦ ਕਰ ਦਿੱਤੇ ਜਾਣ। ਪਰ ਕੁੱਝ ਬੱਚੇ ਨਰਾਜ਼ ਵੀ ਹੋਏ - ਸਾਨੂੰ ਇਸ ਲਈ ਰੁਕਣਾ ਪਵੇਗਾ ਕਿਉਂਕਿ ਸਾਡਾ ਇਹ ਕਸੂਰ ਹੈ ਸਾਡੇ ਮਾਪੇ ਜਿਉਂਦੇ ਹਨ?

ਕੈਂਪ ਵਿਚ ਘਾਹ ਬੂਟ ਦਾ ਨਾਮ ਨਿਸ਼ਾਨ ਨਹੀਂ ਸੀ। ਜਦੋਂ ਗੋਲਡਾ ਕੈਂਪ ਦਾ ਦੌਰਾ ਕਰਨ ਆਈ, ਨਿਕੇ ਬੱਚਿਆਂ ਨੇ ਆਪ ਬਣਾ ਕੇ ਕਾਗਜ਼ੀ ਗੁਲਦਸਤਾ ਭੇਂਟ ਕੀਤਾ, ਅਸਲੀ ਫੁੱਲ ਇਨ੍ਹਾਂ ਨੇ ਅਜੇ ਦੇਖੇ ਨਹੀਂ ਸਨ। ਇਕ ਸੁਣੱਖੀ ਜੁਆਨ ਰੇਡੀਓ ਓਪਰੇਟਰ ਕੁੜੀ ਮਿਲੀ ਜੋ ਆਖਰ ਕੈਂਪ ਵਿਚੋਂ ਰਿਹਾ ਹੋਈ ਤੇ ਬੱਚਿਆਂ ਦੀ ਮਨੋਰੋਗ ਮਾਹਿਰ ਡਾਕਟਰ ਬਣੀ। ਬਾਦ ਵਿਚ ਇਹ ਕੁੜੀ ਗੋਲਡਾ ਦੀ ਨੂੰਹ ਬਣੀ।

ਇਕ ਹੋਰ ਮੁਸ਼ਕਲ ਆਈ। ਯਤੀਮ ਬੱਚੇ ਰਿਹਾ ਹੋਣ ਲੱਗੇ, ਪਰ ਜਿਨ੍ਹਾਂ ਬੱਚਿਆਂ ਦੀ ਮਾਂ ਜਾਂ ਪਿਤਾ ਦੋਹਾਂ ਵਿਚੋਂ ਇਕ ਜਿਉਂਦਾ ਸੀ ਕੀ ਉਹ ਰਿਹਾ ਨਾ ਹੋਣ ? ਯਾਨੀ ਕਿ ਜਿਨ੍ਹਾਂ ਦੇ ਦੋਵੇਂ ਮਾਪੇ ਮਰ ਗਏ ਉਹ ਖੁਸ਼ਕਿਸਮਤ ਰਿਹਾ ਹੋ ਗਏ ਤੇ ਅੱਧੇ ਮਾਪਿਆਂ ਵਾਲੇ ਬੰਦੀ ਰਹਿਣਗੇ। ਦੇਰ ਪਿਛੋਂ ਸਾਈਪਰਸ ਦੇ ਕੈਂਪ ਵਿਚ ਮਰੇ ਸੌ ਬੱਚਿਆਂ ਦੇ ਪਿੰਜਰ, ਦਫਨਾਉਣ ਵਾਸਤੇ ਫਲਸਤੀਨ ਦੇ ਹਾਫੀਆ ਸ਼ਹਿਰ ਵਿਚ ਲਿਆਂਦੇ ਗਏ। ਗੋਲਡਾ ਨੇ ਕਿਹਾ - ਕੀ ਪਤਾ ਇਨ੍ਹਾਂ ਵਿਚ ਉਹ ਦੋ ਨਿਕੀਆਂ ਕੁੜੀਆਂ ਦੇ ਪਿੰਜਰ ਨਾ ਹੋਣ ਜਿਨ੍ਹਾਂ ਨੇ ਮੈਨੂੰ ਕਾਗਜ਼ ਦੇ ਫੁੱਲ ਅਰਪਣ ਕੀਤੇ ਸਨ ? 1970 ਵਿਚ ਇਕ ਔਰਤ ਆਪਣੀ ਵੀਹ ਸਾਲ ਦੀ ਸੁਣੱਖੀ ਧੀ ਸਣੇ ਗੋਲਡਾ ਨੂੰ ਮਿਲਣ ਆਈ, ਦੱਸਿਆ - ਇਹ ਮੇਰੀ ਕੁਛੜ ਵਿਚ ਸੀ ਜਦੋਂ ਸਾਈਪਰਸ ਵਿਚੋਂ ਤੁਸੀਂ ਸਾਨੂੰ ਬਚਾਇਆ। ਟਰੇਨਿੰਗ ਖਤਮ ਕਰਕੇ ਹੁਣ ਇਹ ਮਿਲਟਰੀ ਅਫਸਰ ਲੱਗ ਗਈ ਹੈ।

ਅੰਗਰੇਜ਼ਾਂ ਦੀ ਹਮਦਰਦੀ ਅਰਬਾਂ ਨਾਲ ਸੀ। ਰਤਾ ਕੁ ਗੜਬੜ ਹੁੰਦੀ, ਅੰਗਰੇਜ਼ਾਂ ਦੇ ਟੈਂਕ ਨਿਕਲਦੇ, ਗੋਲੀਆਂ ਦੀ ਬੁਛਾੜ ਹੁੰਦੀ, ਦਰਜਣਾ ਯਹੂਦੀ ਢੇਰ ਹੋ ਜਾਂਦੇ। ਅੱਕੇ ਬਰਤਾਨੀਆਂ ਨੇ ਯੂ.ਐਨ.ਓ. ਨੂੰ ਕਿਹਾ - ਇਹ ਰੱਫੜ ਸਾਥੋਂ ਹੱਲ ਨਹੀਂ ਹੁੰਦਾ, ਤੁਸੀਂ ਕੋਈ ਤਰੀਕਾ ਲੱਭੋ। ਜੂਨ ਵਿਚ ਯੂ.ਐਨ.ਓ ਦੀ ਟੀਮ ਫਲਸਤੀਨ ਆਈ ਜਿਸਨੇ ਇਕ ਸਤੰਬਰ 1947 ਨੂੰ ਆਪਣੀ ਰਿਪੋਰਟ ਦੇਣੀ ਸੀ। ਅਰਬਾਂ ਨੇ ਇਸ ਟੀਮ ਦਾ ਬਾਈਕਾਟ ਕੀਤਾ, ਯਹੂਦੀਆਂ ਨੇ ਆਪਣਾ ਪੱਖ ਪੇਸ਼ ਕੀਤਾ। ਇਸ ਟੀਮ ਨੂੰ ਯਹੂਦੀ ਮਸਲੇ ਦਾ ਭੋਰਾ ਪਤਾ ਨਹੀਂ ਸੀ, ਸਮਝਾਣ ਵਿਚ ਦੇਰ ਤਾਂ ਲੱਗੀ ਪਰ ਸਮਝ ਗਏ ਕਿ ਦੁਨੀਆਂ ਭਰ ਦੇ ਯਹੂਦੀ ਕੇਵਲ ਫਲਸਤੀਨ ਵਿਚ ਆਕੇ ਬਚ ਸਕਣਗੇ। ਇਹ ਸਾਰਾ ਸਿਲਸਿਲਾ ਅਜੇ ਚੱਲ ਹੀ ਰਿਹਾ ਸੀ ਕਿ ਬਰਤਾਨਵੀਂ ਫੌਜ ਨੇ 4500 ਉਹ ਯਹੂਦੀ ਪਿੰਜਰਿਆਂ ਵਿਚ ਬੰਦੀਵਾਨ ਇਸ ਟੀਮ ਨੂੰ ਦਿਖਾਏ ਜਿਹੜੇ 1947 ਵਿਚ ਬਾਹਰਲੇ ਦੇਸਾਂ ਵਿਚੋਂ ਨਾਜਾਇਜ਼ ਢੰਗ ਨਾਲ ਫਲਸਤੀਨ ਵਿਚ ਘੁਸਪੈਠ ਕਰ ਗਏ ਤੇ ਹੁਣ ਵਾਪਸ ਭੇਜੇ ਜਾਣਗੇ। ਹੱਥਾਂ ਵਿਚ ਪਿਸਤੌਲ, ਗਰਨੇਡ ਅਤੇ ਬੰਦੂਕਾਂ ਫੜੀ ਅੰਗਰੇਜ਼ ਸੈਨਿਕਾਂ ਨੇ ਇਹ ਕੈਦੀ ਘੇਰੇ ਹੋਏ ਸਨ। ਗਰਭਵਤੀ ਔਰਤਾਂ ਚੀਕ ਰਹੀਆਂ ਸਨ ਕਿ ਉਨ੍ਹਾਂ ਦਾ ਬੱਚਾ ਫਲਸਤੀਨ ਵਿਚ ਪੈਦਾ ਹੋਏ। ਪਸ਼ੂਆਂ ਵਾਂਗ ਇਨ੍ਹਾਂ ਬੰਦੀਆਂ ਨੂੰ ਸਮੁੰਦਰੀ ਜਹਾਜ਼ਾਂ ਵਿਚ ਲੱਦ ਕੇ ਯੋਰਪ ਦੇ ਕਿਸੇ ਕਬਰਸਤਾਨ ਵਿਚ ਧੱਕੇ ਜਾਣ ਲਈ ਤਿਆਰੀ ਹੋ ਚੁੱਕੀ ਸੀ।

ਗੋਲਡਾ ਨੇ ਇਸ ਟੀਮ ਨੂੰ ਕਿਹਾ- ਇਨ੍ਹਾਂ ਸਾਢੇ ਚਾਰ ਹਜ਼ਾਰ ਯਹੂਦੀਆਂ ਨੂੰ ਯੋਰਪ ਵਿਚ ਲਿਜਾ ਕੇ ਦਫਨਾ ਦਿਉ ਤਾਂ ਕੀ ਹਰ ਰੋਜ਼ ਕਿਸ਼ਤੀਆਂ ਇੱਧਰ ਆਉਣੋ ਹੱਟ ਜਾਣਗੀਆਂ ? ਯਹੂਦੀਆਂ ਵਾਸਤੇ ਫਲਸਤੀਨ ਲਈ ਮਰਨਾ ਖੇਡ ਹੈ, ਇਹ ਖੇਡ ਚੱਲੇਗੀ, ਉਦੋਂ ਤੱਕ ਚਲਦੀ ਰਹੇਗੀ

ਜਦੋਂ ਤੱਕ ਇਜ਼ਰਾਈਲ ਦੀ ਸਥਾਪਨਾ ਨਹੀਂ ਹੁੰਦੀ। ਬੰਦੂਕਾਂ, ਤੋਪਾਂ, ਜਹਾਜ਼ਾਂ ਦੇ ਹਮਲਿਆਂ ਕਾਰਨ ਯਹੂਦੀ ਭੈਭੀਤ ਨਹੀਂ ਹੋਣਗੇ।

ਅਪੀਲਾਂ ਦਲੀਲਾਂ ਦਾ ਕੋਈ ਅਸਰ ਨਾਂ ਹੋਇਆ। ਪੰਤਾਲੀ ਸੌ ਬੰਦਿਆਂ ਵਾਲਾ ਜਹਾਜ਼ ਜਰਮਨੀ ਵੱਲ ਰਵਾਨਾ ਹੋ ਗਿਆ।

31 ਅਗਸਤ ਨੂੰ ਯੂ.ਐਨ.ਓ. ਦੀ ਟੀਮ ਨੇ ਜਿਨੇਵਾ ਵਿਚ ਰਿਪੋਰਟ ਦੇ ਦਿੱਤੀ ਜਿਸ ਅਨੁਸਾਰ ਫਲਸਤੀਨ ਦੇ ਦੋ ਟੋਟੇ ਕਰ ਦਿੱਤੇ ਜਾਣ। ਇਕ ਪਾਸੇ ਇਜ਼ਰਾਈਲ ਦੂਜੇ ਪਾਸੇ ਫਲਸਤੀਨ, ਜਿਵੇਂ ਹੋਣਾ ਹੀ ਸੀ, ਯਹੂਦੀ ਮੰਨ ਗਏ। ਅਰਬ ਅੜ ਗਏ। ਅਰਬਾਂ ਨੇ ਕਿਹਾ - ਪੂਰਾ ਫਲਸਤੀਨ ਅਰਬਾਂ ਨੂੰ ਦੇ ਦਿਓ। ਅਜਿਹਾ ਨਹੀਂ ਹੁੰਦਾ ਤਾਂ ਯੁੱਧ ਲਈ ਤਿਆਰ ਰਹੋ। ਅੰਗਰੇਜ਼ਾਂ ਨੇ ਕਹਿ ਦਿੱਤਾ - ਜੇ ਦੋਵੇਂ ਧਿਰਾਂ ਨਹੀਂ ਮੰਨਦੀਆਂ ਤਾਂ ਜਿਵੇਂ ਹੈ ਤਿਵੇਂ ਰਹਿਣ ਦਿਓ। ਅੰਗਰੇਜ਼ਾਂ ਦੀ ਯਹੂਦੀਆਂ ਵਿਰੁੱਧ ਜ਼ਾਲਮ ਨੀਤੀ ਸਪਸ਼ਟ ਦਿੱਸ ਗਈ।

ਗੋਲਡਾ ਨੇ ਕਿਹਾ - ਅਸੀਂ ਜੇਰੂਸਲਮ ਬਗੈਰ ਕੋਈ ਇਲਾਕਾ ਨਹੀਂ ਲਵਾਂਗੇ, ਨਾਲੇ ਇਸ ਲਕੀਰ ਵਿਚ ਗੈਲੀਲੀ ਅਰਬਾਂ ਵਾਲੇ ਪਾਸੇ ਹੈ, ਅਸੀਂ ਗਲੀਲੀ ਤੋਂ ਹੱਕ ਨਹੀਂ ਛੱਡਾਂਗੇ। ਸਾਡੇ ਪਾਸੇ ਵਾਲੇ ਇਜ਼ਰਾਈਲ ਵਿਚ ਪੰਜ ਲੱਖ ਮੁਸਲਮਾਨਾ ਦੀ ਆਬਾਦੀ ਹੈ, ਅਸੀਂ ਵਾਅਦਾ ਕਰਦੇ ਹਾਂ ਕਿ ਇਕ ਵੀ ਬੰਦੇ ਉਪਰ ਇਸ ਕਰਕੇ ਜ਼ਿਆਦਤੀ ਨਹੀਂ ਹੋਵੇਗੀ ਕਿ ਉਹ ਮੁਸਲਮਾਨ ਹੈ। ਮੱਧ ਏਸ਼ੀਆਂ ਵਿਚ ਇਹ ਅਮਨ ਦੀ ਗਾਰੰਟੀ ਹੋਵੇਗੀ, ਸ਼ਾਨਦਾਰ ਭਵਿੱਖ।

29 ਨਵੰਬਰ ਨਿਊਯਾਰਕ ਵਿਚ ਇਸ ਰਿਪੋਰਟ ਉਪਰ ਵੋਟਾਂ ਪੈਣੀਆਂ ਸਨ। ਦੁਨੀਆਂ ਦਾ ਹਰੇਕ ਯਹੂਦੀ ਕਾਗਜ਼ ਪੈਨਸਿਲ ਫੜੀ ਰੇਡਿਓ ਅੱਗੇ ਬੈਠਾ ਐਲਾਨ ਉਡੀਕ ਰਿਹਾ ਸੀ। ਅੱਧੀ ਰਾਤ ਨੂੰ ਐਲਾਨ ਹੋਇਆ, ਅਮਰੀਕਾ, ਸੋਵੀਅਤ ਦੇਸ ਸਮੇਤ ਤੇਤੀ ਦੇਸਾਂ ਨੇ ਫਲਸਤੀਨ ਦੀ ਵੰਡ ਦਾ ਸਮਰਥਨ ਕੀਤਾ, ਤੇਰਾਂ ਅਰਬ ਦੇਸਾਂ ਨੇ ਵਿਰੋਧ ਕੀਤਾ, ਬਰਤਾਨੀਆਂ ਸਮੇਤ ਦਸ ਦੇਸ ਗੈਰਹਾਜ਼ਰ ਹੋ ਗਏ। ਗੋਲਡਾ ਖਬਰ ਸੁਣਨ ਸਾਰ ਯਹੂਦੀ ਏਜੰਸੀ ਦੇ ਲਾਅਨ ਵਿਚ ਚਲੀ ਗਈ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਸਨ, ਹੋਰ ਆਈ ਜਾ ਰਹੇ ਸਨ, ਨੱਚ ਰਹੇ ਸਨ, ਗਾ ਰਹੇ ਸਨ, ਇਥੋਂ ਤੱਕ ਕਿ ਨੱਚਣ ਵਾਲਿਆਂ ਵਿਚ ਅੰਗਰੇਜ਼ ਵੀ ਸਨ। ਇਕ ਦੂਜੇ ਦੇ ਹੱਥ ਵਿਚ ਹੱਥ ਫੜੀ ਜਸ਼ਨਾ ਵਿਚ ਮਸਰੂਫ। ਗੋਲਡਾ ਨੂੰ ਭਾਸ਼ਣ ਦੇਣ ਲਈ ਕਿਹਾ ਗਿਆ। ਗੋਲਡਾ ਦਾ ਭਾਸ਼ਣ ਅਰਬਾਂ ਵੱਲ ਸੇਧਤ ਸੀ - ਭਾਈਓ, ਅਰਬਾਂ ਨੇ ਇਸ ਵੰਡ ਖਿਲਾਫ, ਇਜ਼ਰਾਈਲ ਦੀ ਆਜ਼ਾਦੀ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ ਹੈ। ਯੂ.ਐਨ.ਓ. ਦੇ ਮੈਂਬਰ ਦੇਸਾਂ ਦੀ ਬਹੁਗਿਣਤੀ ਨੇ ਸਾਡੇ ਹੱਕ ਵਿਚ ਫੈਸਲਾ ਸੁਣਾ ਦਿੱਤਾ ਹੈ। ਵੰਡ ਦੀ ਲਕੀਰ ਸਥਾਈ ਅਤੇ ਸਾਰਥਕ ਹੱਲ ਨਹੀਂ, ਪਰ ਵਡੇਰੇ ਹਿਤਾਂ ਨੂੰ ਧਿਆਨ ਵਿਚ ਰਖਦਿਆਂ ਇਹ ਫੈਸਲਾ ਮੰਨ ਲੈਣਾ ਚਾਹੀਦਾ ਹੈ।

ਅਰਬਾਂ ਨੇ ਫੈਸਲਾ ਨਹੀਂ ਮੰਨਿਆਂ, ਫਲਸਰੂਪ ਅਗਲੇ ਦਿਨ ਬੱਸ ਵਿਚ ਸਫਰ ਕਰਦੇ ਸੱਤ ਯਹੂਦੀ ਗੋਲੀਆਂ ਨਾਲ ਢੁੰਡ ਦਿੱਤੇ। ਦੰਗੇ ਸ਼ੁਰੂ ਹੋ ਗਏ। ਦੋ ਦਸੰਬਰ ਨੂੰ ਜੇਰੂਸਲਮ ਦੇ ਯਹੂਦੀ ਵਪਾਰ ਕੇਂਦਰ ਨੂੰ ਅਰਬਾਂ ਦੀ ਭੀੜ ਨੇ ਅੱਗ ਲਾ ਦਿੱਤੀ। ਅੰਗਰੇਜ਼ ਸੈਨਿਕ ਖਲੋਤੇ ਤਮਾਸ਼ਾ ਦੇਖਦੇ ਰਹੇ। ਜਦੋਂ ਯਹੂਦੀਆਂ ਨੇ ਅਰਬਾਂ ਦਾ ਮੁਕਾਬਲਾ ਸ਼ੁਰੂ ਕੀਤਾ ਤਾਂ ਅੰਗੇਰਜ਼ ਸੈਨਿਕਾਂ ਨੇ ਯਹੂਦੀਆਂ ਵੱਲ ਬੰਦੂਕਾਂ ਤਾਣ ਲਈਆਂ।

ਇਜ਼ਰਾਈਲ, ਅਰਬਾਂ ਦੀ ਰੈਗੂਲਰ ਆਰਮੀ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਸੀ। ਮੁਕਾਬਲੇ ਲਈ ਹਥਿਆਰ ਚਾਹੀਦੇ ਸਨ, ਹਥਿਆਰ ਖਰੀਦਣ ਲਈ ਪੈਸੇ ਚਾਹੀਦੇ ਸਨ। ਪੈਸੇ ਕੌਣ ਦਏਗਾ? ਕੇਵਲ ਧਨਾਢ ਅਮਰੀਕਣ ਯਹੂਦੀ। ਹੋਰ ਕਿਸੇ ਕੋਲ ਸਮਰੱਥਾ ਨਹੀਂ। ਕੌਣ ਪੈਸੇ ਮੰਗਣ ਜਾਏ? ਬਿਨ ਗੁਰਿਓਂ ਨੇ ਕਿਹਾ - ਮੈਂ ਜਾਵਾਂਗਾ, ਐਲੀਜ਼ਰ ਮੇਰੇ ਨਾਲ ਜਾਵੇਗਾ। ਗੋਲਡਾ ਨੇ ਕਿਹਾ - ਇਸ ਸੰਕਟ ਵਿਚ ਇਥੇ ਇਜ਼ਰਾਈਲ ਵਿਚੋਂ ਤੁਹਾਡੀ ਗੈਰਹਾਜ਼ਰੀ ਖਤਰਨਾਕ ਹੋਵੇਗੀ। ਮੈਂ ਪਹਿਲਾਂ ਵੀ ਫੰਡ ਇਕੱਠਾ ਕਰਨ ਜਾਂਦੀ ਰਹੀ ਹਾਂ, ਮੇਰੀ ਅੰਗਰੇਜ਼ੀ ਵੀ ਅਮਰੀਕਨ ਸ਼ੈਲੀ ਦੀ ਹੈ। ਜੇ ਮੈਂ ਜਾਵਾਂ ਤਾਂ ਠੀਕ ਰਹੇਗਾ। ਜੇ ਸ਼ੱਕ ਹੈ ਤਾ ਕਾਰਜਕਾਰਨੀ ਦੀ ਵੋਟ ਕਰਾ ਲਓ। ਕਾਰਜਕਾਰਨੀ ਨੇ

ਗੋਲਡਾ ਦੇ ਹੱਕ ਵਿਚ ਵੋਟ ਦਿੱਤੀ। ਗੁਰੀਓਂ ਨੇ ਕਿਹਾ– ਏਨਾ ਸਮਾਂ ਨਹੀਂ ਕਿ ਘਰ ਜਾਏਂ ਤੇ ਸਮਾਂ ਖਰਾਬ ਕਰੇਂ, ਹੁਣੇ ਜਹਾਜ਼ ਤੇ ਚੜ੍ਹ, ਅਮਰੀਕਾ ਜਾਹ। ਰੋਜ਼ਮੱਰਰਾ ਦੀਆਂ ਚੀਜ਼ਾਂ ਉਥੋਂ ਖਰੀਦ ਲਈਂ। ਗੋਲਡਾ ਅਮਰੀਕਾ ਲਈ ਉਡ ਗਈ।

21 ਜਨਵਰੀ 1948 ਨੂੰ ਉਸਨੇ ਕੌਂਸਲ ਆਫ ਜਿਉਇਸ਼ ਫੈਡਰੇਸ਼ਨਜ਼ ਐਂਡ ਵੈਲਫੇਅਰ ਫੰਡ ਅੱਗੇ ਸ਼ਿਕਾਗੋ ਵਿਚ ਸਪੀਚ ਦਿੱਤੀ। ਕਿਹਾ– ਫਲਸਤੀਨੀ ਯਹੂਦੀ ਹੁਣ ਆਖਰੀ ਜੰਗ ਲੜਨਗੇ। ਸਾਡੇ ਕੋਲ ਹਥਿਆਰ ਹੋਏ, ਹਥਿਆਰਾਂ ਨਾਲ ਲੜਾਂਗੇ, ਨਹੀਂ ਤਾਂ ਸੋਟੀਆਂ ਤੇ ਪੱਥਰਾਂ ਨਾਲ ਲੜਾਂਗੇ। ਵੱਡੀ ਗਿਣਤੀ ਪਹਿਲੋਂ ਹੀ ਖਤਮ ਹੋ ਚੁੱਕੀ ਹੈ, ਰਹਿੰਦੇ ਹੁਣ ਮਰਨਗੇ। ਅਸੀਂ ਜੰਗ ਵਿਚ ਘਿਰ ਗਏ ਹਾਂ। ਹਰੇਕ ਯਹੂਦੀ ਦਾ ਵਿਸ਼ਵਾਸ ਹੈ ਜਿਤ ਸਾਡੀ ਹੋਏਗੀ। ਅਸੀਂ ਹੌਸਲੇ ਵਿਚ ਹਾਂ। ਜੇ ਹੌਸਲਾ ਨਹੀਂ ਤਾਂ ਹਥਿਆਰ ਬੇਕਾਰ ਹੈ। ਪਰ ਜੇ ਹੌਸਲਾ ਹੈ, ਹਥਿਆਰ ਨਹੀਂ ਤਾਂ ਹੌਸਲਾ ਕਿੰਨਾ ਕੁ ਚਿਰ ਜੀਏਗਾ? ਹਥਿਆਰਾਂ ਬਿਨਾ ਪਹਿਲਾਂ ਹੌਸਲੇ ਫਿਰ ਜਿਸਮ ਟੁੱਟਣਗੇ। ਸੰਕਟ ਸਮੇਂ ਦਾ ਹੈ, ਸਾਨੂੰ ਮਦਦ ਅਗਲੇ ਮਹੀਨੇ ਜਾਂ ਉਸ ਤੋਂ ਅਗਲੇ ਮਹੀਨੇ ਨਹੀਂ, ਹੁਣ ਚਾਹੀਦੀ ਹੈ, ਤੁਰੰਤ ਤੇ ਮਦਦ ਢਾਈ ਤਿੰਨ ਕਰੋੜ ਡਾਲਰ ਦੀ ਚਾਹੀਦੀ ਹੈ। ਮਿਸਰ ਅਤੇ ਸੀਰੀਆ ਦੀਆਂ ਸਰਕਾਰਾਂ ਨੇ ਸਾਡੀ ਤਬਾਹੀ ਵਾਸਤੇ ਬਜਟ ਪਾਸ ਕਰ ਦਿੱਤੇ ਹਨ। ਸਾਡੀ ਨਾ ਕੋਈ ਸਕਰਾਰ, ਨਾ ਬਜਟ, ਸਾਡੇ ਹਿੱਸੇ ਤਬਾਹੀ ਲਿਖੀ ਹੈ। ਲੜਾਕੇ ਜੁਆਨ ਸਾਡੇ ਕੋਲ ਬਥੇਰੇ ਹਨ ਪਰ ਕਾਹਦੇ ਨਾਲ ਲੜਨਗੇ ? ਮੈਨੂੰ ਮੇਰੇ ਲੋਕਾਂ ਤੇ ਇਤਬਾਰ ਹੈ। ਜਦੋਂ ਮੈਂ ਬਲੱਡ ਬੈਂਕ ਵਾਸਤੇ ਖੂਨ ਮੰਗਿਆ, ਹਸਪਤਾਲ ਦੇ ਬਿਸਤਰਿਆਂ ਵਿਚੋਂ ਉਠ ਕੇ ਮਰੀਜ਼ ਕਤਾਰਾਂ ਵਿਚ ਖਲੋ ਜਾਂਦੇ, ਵਾਰੀ ਆਉਣ ਤੱਕ ਘੰਟਿਆਂ ਬੱਧੀ ਖਲੋਤੇ ਰਹਿੰਦੇ। ਅਸੀਂ ਤੁਹਾਡੇ ਤੋਂ ਵੱਖਰੇ ਯਹੂਦੀ ਨਹੀਂ ਹਾਂ। ਆਪਾਂ ਇਕੋ ਜਿਹੇ ਹਾਂ। ਤੁਸੀਂ ਫਲਸਤੀਨ ਵਿਚ ਹੁੰਦੇ, ਅਸੀਂ ਅਮਰੀਕਾ ਵਿਚ, ਫਿਰ ਤੁਸੀਂ ਵੀ ਉਹੋ ਕਰਨਾ ਸੀ ਜੋ ਮੈਂ ਕਰਨ ਆਈ ਹਾਂ। ਅਸੀਂ ਫਲਸਤੀਨ ਵਿਚ ਲੜਾਂਗੇ, ਨੇਗੇਵ ਵਿਚ ਲੜਾਂਗੇ, ਗੈਲੀਲੀ ਵਿਚ ਲੜਾਂਗੇ, ਜੇਰੂਸਲਮ ਦੀਆਂ ਕੰਧਾਂ ਦੁਆਲੇ ਲੜਾਂਗੇ, ਇਕ ਇਕ ਯਹੂਦੀ ਜਦੋਂ ਤੱਕ ਮੁਕ ਨਹੀਂ ਜਾਂਦਾ ਲੜਾਂਗੇ। ਤੁਸੀਂ ਇਹ ਸਲਾਹ ਨਹੀਂ ਦੇ ਸਕਦੇ ਕਿ ਅਸੀਂ ਲੜੀਏ ਕਿ ਨਾਂ। ਅਸੀਂ ਲੜਾਂਗੇ। ਅਰਬਾਂ ਤੋਂ ਹਾਰਕੇ ਅਸੀਂ ਸਫੈਦ ਝੰਡਾ ਨਹੀਂ ਲਹਿਰਾਵਾਂਗੇ। ਫੈਸਲਾ ਹੋ ਚੁਕਾ ਹੈ ਤੇ ਇਹ ਫੈਸਲਾ ਬਦਲਿਆ ਨਹੀਂ ਜਾਏਗਾ। ਤੁਸੀਂ ਸਾਨੂੰ ਜਿਤਾਉਣਾ ਹੈ ਕਿ ਅਰਬਾਂ ਨੂੰ, ਇਹ ਤੁਸੀਂ ਜਾਣੋ। ਫੈਸਲਾ ਕਰਨ ਵਿਚ ਮਹੀਨੇ ਜਾਂ ਦਿਨ ਨਹੀਂ ਬਚੇ, ਹੁਣੇ ਫੈਸਲਾ ਕਰੋ, ਇਸੇ ਘੜੀ। ਇਹ ਹੁਣ ਦਾ ਪਲ ਮੁੜ ਕੇ ਨਹੀਂ ਪਰਤੇਗਾ।

ਗੋਲਡਾ ਦੀਆਂ ਗੱਲਾਂ ਅਮਰੀਕਣ ਯਹੂਦੀ ਸੁਣੀ ਗਏ, ਰੋਈ ਗਏ। ਉਨ੍ਹਾਂ ਨੇ ਇਕੋ ਵਕਤ ਏਨੀ ਰਕਮ ਦਿੱਤੀ ਜਿੰਨੀ ਦੁਨੀਆਂ ਵਿਚ ਕਿਸੇ ਨੇ ਨਹੀਂ ਦਿੱਤੀ ਸੀ, ਕਦੀ ਨਹੀਂ। ਬਹੁਤਿਆਂ ਨੇ ਬੈਂਕਾਂ ਵਿਚੋਂ ਕਰਜ਼ਾ ਲੈਕੇ ਦਾਨ ਦਿੱਤਾ। ਉਮੀਦ ਤੋਂ ਦੁਗਣਾ ਧਨ, ਪੰਜ ਕਰੋੜ ਡਾਲਰ ਅਤੇ ਹੰਝੂਆਂ ਦੀਆਂ ਵਾਛੜਾਂ। ਬਿਨ ਗੁਰਿਓਂ ਨੂੰ ਜਦੋਂ ਇਹ ਰਕਮ ਦਿੱਤੀ ਉਸਨੇ ਕਿਹਾ – ਜਦੋਂ ਇਜ਼ਰਾਈਲ ਦਾ ਇਤਿਹਾਸ ਲਿਖਿਆ ਗਿਆ, ਜ਼ਿਕਰ ਆਏਗਾ ਇਕ ਔਰਤ ਵਲੋਂ ਲਿਆਂਦੀ ਦੌਲਤ ਸਦਕਾ ਇਕ ਦੇਸ ਨਕਸ਼ੇ ਉਪਰ ਉਤਰ ਆਇਆ। ਗੋਲਡਾ ਨੇ ਕਿਹਾ– ਮੈਨੂੰ ਨਹੀਂ, ਲੋਕਾਂ ਨੇ ਇਜ਼ਰਾਈਲ ਨੂੰ ਪੈਸੇ ਦਿੱਤੇ। ਇਸ ਰਕਮ ਨਾਲ ਹਥਿਆਰਾਂ ਦੀ ਖਰੀਦ ਸ਼ੁਰੂ ਹੋਈ।

ਪਤਾ ਲੱਗ ਗਿਆ ਕਿ ਜਦੋਂ ਯੂ.ਐਨ.ਓ. ਆਜ਼ਾਦੀ ਦਾ ਐਲਾਨ ਕਰੇਗੀ, ਅਰਬ ਦੇਸ ਚੁਫੇਰਿਓਂ ਇਜ਼ਰਾਈਲ ਤੇ ਹੱਲਾ ਬੋਲਣਗੇ। ਬਾਕੀਆਂ ਵਿਚੋਂ ਟ੍ਰਾਂਸਜਾਰਡਨ ਦਾ ਬਾਦਸ਼ਾਹ ਅਬਦੁੱਲਾ ਕੁੱਝ ਭਲਾਮਾਣਸ ਲਗਦਾ ਸੀ। ਗੁਪਤ ਮੁਲਾਕਾਤ ਵਾਸਤੇ ਗੋਲਡਾ ਉਸਦੇ ਟਿਕਾਣੇ ਤੇ ਗਈ। ਉਹ ਨਰਮ, ਸਭਿਅਕ ਅਤੇ ਹਮਦਰਦ ਸੀ। ਉਸਨੇ ਕਿਹਾ – ਮੈਂ ਅਮਨ ਚਾਹੁੰਦਾ ਹਾਂ। ਜੇਰੂਸਲਮ ਦਾ ਮੁਫਤੀ(ਮੌਲਵੀ) ਹਾਜੀ ਅਮੀਨ ਅਲ ਹੁਸੈਨੀ ਸਾਡਾ ਸਾਂਝਾ ਦੁਸ਼ਮਣ ਹੈ। ਯੂ.ਐਨ.ਓ. ਦੇ ਐਲਾਨ ਬਾਦ ਆਪਾਂ ਫਿਰ ਮਿਲਾਂਗੇ। ਹਮਲਾ ਨਹੀਂ ਕਰਾਂਗਾ, ਵਾਅਦਾ ਰਿਹਾ।

ਪਰ ਖਬਰਾਂ ਆਉਂਦੀਆਂ ਰਹੀਆਂ ਕਿ ਅਬੱਦੁਲਾ ਅਰਬ ਦੇਸਾਂ ਦੇ ਹਮਲੇ ਵਿਚ ਸ਼ਾਮਲ ਹੋਣ ਦੀਆਂ ਵਿਉਂਤਾਂ ਬਣਾ ਰਿਹੈ। ਭਰੋਸੇਯੋਗ ਬੰਦੇ ਰਾਹੀਂ ਅਬਦੁੱਲਾ ਨਾਲ ਰਾਬਤਾ ਕਾਇਮ ਰੱਖਿਆ ਜਾ ਰਿਹਾ ਸੀ। ਗੋਲਡਾ ਨੇ ਆਪਣਾ ਖਦਸ਼ਾ ਬਾਦਸ਼ਾਹ ਤੱਕ ਪੁਚਾਇਆ ਤਾਂ ਉਤਰ ਮਿਲਿਆ- ਮੈਨੂੰ ਤੁਹਾਡੇ ਸ਼ੱਕ ਕਰਕੇ ਦੁੱਖ ਹੋਇਆ। ਦੂਤ ਨੂੰ ਕਿਹਾ - ਗੋਲਡਾ ਤਿੰਨ ਗੱਲਾਂ ਯਾਦ ਰੱਖੇ - ਮੈਂ ਬੱਦੂ ਹਾਂ, ਵਾਅਦਾ ਵਫਾ ਕਰਨ ਦਾ ਪਾਬੰਦ, ਦੂਜਾ ਇਹ ਵਾਅਦਾ ਬਾਦਸ਼ਾਹ ਨੇ ਕੀਤਾ ਹੈ ਕਿਸੇ ਲੱਲੂ ਪੰਜੂ ਨੇ ਨਹੀਂ ਤੇ ਤੀਜਾ, ਇਹ ਵਾਅਦਾ ਇਕ ਔਰਤ ਨਾਲ ਕੀਤਾ ਹੈ, ਪੂਰ ਚੜ੍ਹੇਗਾ। ਸ਼ੱਕ ਦੀ ਕੋਈ ਵਜਾਹ ਨਹੀਂ।

ਖਬਰਾਂ ਮਿਲੀਆਂ ਕਿ ਅਰਬਾਂ ਦੀ ਲੀਗ ਬਣ ਗਈ ਹੈ ਜਿਸ ਵਿਚ ਅਬਦੁੱਲਾ ਸ਼ਾਮਲ ਹੋ ਗਿਆ ਹੈ। ਫੈਸਲਾ ਹੋਇਆ ਕਿ ਜਿੰਨੀ ਜਲਦੀ ਸੰਭਵ ਹੋ ਸਕੇ ਬਾਦਸ਼ਾਹ ਨੂੰ ਮਿਲਿਆ ਜਾਵੇ। ਕੀ ਪਤਾ ਆਖਰੀ ਪਲ ਹੋਣੀ ਟਲ ਈ ਜਾਏ। ਬਾਦਸ਼ਾਹ ਕੋਲ ਬਰਤਾਨੀਆਂ ਵਲੋਂ ਟਰੇਂਡ ਸ਼ਾਨਦਾਰ ਫੌਜ ਹੈ। ਜੇ ਉਹ ਯੁੱਧ ਤੋਂ ਕਿਨਾਰਾ ਕਰ ਗਿਆ ਤਾਂ ਇਰਾਕੀ ਫੌਜ ਵੀ ਫਲਸਤੀਨ ਨਹੀਂ ਪੁੱਜ ਸਕੇਗੀ। ਬਿਨ ਗੁਰਿਓਂ ਨੇ ਕਿਹਾ- ਗੋਲਡਾ, ਇਕ ਵਾਰ ਮਿਲਣ ਵਿਚ ਕੀ ਹਰਜ? ਐਜ਼ਰਾ ਡੈਨੀ ਨੂੰ ਨਾਲ ਲੈਕੇ ਰਾਤ ਨੂੰ ਕਾਰ ਵਿਚ ਸਵਾਰ ਹੋ ਗੋਲਡਾ ਬਾਦਸ਼ਾਹ ਨੂੰ ਮਿਲਣ ਤੁਰ ਪਈ। ਇਹ ਪੂਰਾ ਗੁਪਤ ਮਿਸ਼ਨ ਸੀ। ਅਜਨਬੀ ਰਾਹਾਂ ਤੋਂ ਭਟਕ ਕੇ ਜੇ ਅਰਬਾਂ ਦੇ ਕਾਬੂ ਆ ਜਾਂਦੇ, ਜੀਵਨ ਖਤਮ। ਐਜ਼ਰਾ ਨੇ ਅਰਬੀ ਲਿਬਾਸ ਪਾ ਲਿਆ ਤੇ ਗੋਲਡਾ ਨੇ ਬੁਰਕਾ। ਗੋਲਡਾ ਐਜ਼ਰਾਂ ਦੀ ਪਤਨੀ ਵਜੋਂ ਪੇਸ਼ ਆਏਗੀ, ਐਜ਼ਰਾ ਵਧੀਆਂ ਅਰਬੀ ਬੋਲਦਾ ਸੀ, ਉਹੀ ਗੱਲਬਾਤ ਕਰੇਗਾ, ਅਰਬ ਔਰਤਾਂ ਚੁਪ ਰਹਿੰਦੀਆਂ ਹਨ। ਰਾਤ ਦਾ ਸਫਰ। ਚੌਦਾਂ ਮਈ ਨੂੰ ਇਜ਼ਰਾਈਲ ਦੀ ਆਜ਼ਾਦੀ ਦਾ ਐਲਾਨ ਹੋਣਾ ਸੀ ਤੇ ਇਹ ਦਸ ਮਈ ਦੀ ਰਾਤ ਸੀ। ਅਨੇਕ ਥਾਈਂ ਤਲਾਸ਼ੀ ਹੋਈ ਪਰ ਆਖਰ ਅਬਦੁਲਾ ਦੇ ਟਿਕਾਣੇ ਤੇ ਪੁੱਜਣ ਵਿਚ ਕਾਮਯਾਬ ਹੋ ਗਏ।

ਅਬਦੁਲਾ ਆਇਆ, ਉਸਦਾ ਚਿਹਰਾ ਪੀਲਾ ਹੋਇਆ ਪਿਆ ਸੀ, ਮੱਥੇ ਤੇ ਫਿਕਰ ਦੀਆਂ ਰੇਖਾਵਾਂ, ਅੱਖਾਂ ਵਿਚ ਖੌਫ, ਬੋਝ ਨਾਲ ਥੱਕਿਆ ਸਿਰ। ਗੋਲਡਾ ਨੇ ਵਕਤ ਜ਼ਾਇਆ ਕਰਨ ਦੀ ਥਾਂ ਸਿਧਾ ਸਵਾਲ ਪੁੱਛਿਆ - ਵਾਅਦਾ ਤੋੜਨ ਦਾ ਫੈਸਲਾ ਹੋ ਗਿਆ ਆਖਰ? ਬਾਦਸ਼ਾਹ ਦੇਰ ਤੱਕ ਖਾਮੋਸ਼ ਰਿਹਾ, ਆਖਰ ਬੋਲਿਆ - ਜਦੋਂ ਮੈਂ ਵਾਅਦਾ ਕੀਤਾ ਸੀ, ਉਦੋਂ ਮੈਂ ਇਕੱਲਾ ਸਾਂ, ਵਾਅਦਾ ਕਰਨ ਦੇ ਸਮਰਥ ਸਾਂ, ਮੈਂ ਆਪਣੀ ਹੋਣੀ ਦਾ ਖੁਦ ਮਾਲਕ ਸਾਂ। ਹੁਣ ਸਭ ਕੁੱਝ ਬਦਲ ਗਿਆ। ਪੰਜ ਦੇਸਾਂ ਦੀ ਲੀਗ ਬਣ ਗਈ ਹੈ, ਮੈਂ ਪੰਜਾਂ ਵਿਚ ਇਕ ਹਾਂ। ਮਿਸਰ, ਸੀਰੀਆ, ਲੈਬਨਾਨ ਅਤੇ ਇਰਾਕ ਇਕ ਪਾਸੇ, ਮੈਂ ਇਕੱਲਾ ਰਹਿ ਗਿਆ ਹਾਂ, ਫਿਰ ਵੀ, ਕੀ ਪਤਾ ਯੁੱਧ ਟਲ ਜਾਏ। ਪਰ ਮੈਨੂੰ ਇਹ ਦੱਸੋ ਤੁਸੀਂ ਇਜ਼ਰਾਈਲ ਦੀ ਆਜ਼ਾਦੀ ਦਾ ਐਲਾਨ ਕਰਨ ਵਾਸਤੇ ਏਨੇ ਕਾਹਲੇ ਕਿਉਂ ਹੋ? ਬਿਪਤਾ ਕੀ ਪਈ ਹੈ? ਏਨੀ ਬੇਸਬਰੀ ਠੀਕ ਨਹੀਂ। ਗੋਲਡਾ ਨੇ ਕਿਹਾ - ਜਿਨ੍ਹਾਂ ਲੋਕਾਂ ਨੇ ਦੋ ਹਜ਼ਾਰ ਸਾਲ ਸਬਰ ਸ਼ੁਕਰ ਨਾਲ ਬਿਤਾਏ ਹੋਣ ਉਹ ਬੇਸਬਰੇ ਹੋਏ? ਬਾਦਸ਼ਾਹ ਨੇ ਹਉਕਾ ਲਿਆ ਤੇ ਚੁਪ ਕਰ ਗਿਆ।

ਗੋਲਡਾ ਬੋਲੀ - ਬਾਦਸ਼ਾਹ ਸਲਾਮਤ, ਕੀ ਤੁਹਾਨੂੰ ਪਤੈ ਇਹ ਚਾਰੇ ਦੇਸ ਤੁਹਾਡੇ ਮਿੱਤਰ ਨਹੀਂ? ਜੇ ਕੋਈ ਤੁਹਾਡਾ ਹਮਦਰਦ ਹੈ ਉਹ ਹੈ ਇਜ਼ਰਾਈਲ। ਬਾਕੀ ਤੁਹਾਡੇ ਦੁਸ਼ਮਣ ਹਨ।

- ਪਰ ਮੈਂ ਕਰਾਂ ਕੀ ? ਮੈਂ ਇਕੱਲਾ ਨਹੀਂ ਫੈਸਲਾ ਕਰ ਸਕਦਾ, ਘਿਰ ਗਿਆ ਹਾਂ।

- ਜੇ ਜੰਗ ਛਿੜ ਗਈ ਤਾਂ ਹਜ਼ੂਰ ਅਸੀਂ ਖੂਨੀ ਜੰਗ ਲੜਾਂਗੇ ਤੇ ਜਿੱਤਾਂਗੇ।

- ਹਾਂ ਮੈਨੂੰ ਪਤੈ। ਤੁਸੀਂ ਲੜੋਗੇ। ਪਰ ਚੰਗਾ ਹੋਵੇ ਜੇ ਥੋੜੇ ਸਾਲ ਹੋਰ ਰੁਕ ਜਾਉ। ਨਾਲੇ ਯਹੂਦੀ ਰਫੂਜੀਆਂ ਨੂੰ ਫਲਸਤੀਨ ਆਉਣ ਤੋਂ ਰੋਕੋ। ਇਕ ਤਰੀਕਾ ਹੋਰ ਵੀ ਹੈ। ਇਜ਼ਰਾਈਲ ਸੁਤੰਤਰ ਦੇਸ ਹੋਣ ਦੀ ਥਾਂ ਮੇਰੇ ਦੇਸ ਵਿਚ ਸ਼ਾਮਲ ਹੋ ਜਾਵੇ। ਮੈਂ ਤੁਹਾਨੂੰ ਵਜ਼ੀਰ ਲੈ ਲਵਾਂਗਾ। ਯਹੂਦੀ ਭਿਆਨਕ ਕਤਲੋਗਾਰਤ ਤੋਂ ਬਚ ਜਾਣਗੇ।

– ਤੁਹਾਡਾ ਖਿਆਲ ਐ ਮੈਂ ਤੁਹਾਡੇ ਤੋਂ ਵਜ਼ਾਰਤ ਦੀ ਕੁਰਸੀ ਮੰਗਣ ਰਾਤ ਨੂੰ ਆਈ ਹਾਂ ? ਤੁਹਾਨੂੰ ਪਤੈ ਅਸੀਂ ਕੀ ਲੈਣੈ, ਕੀ ਕਰਨੈ। ਜੇ ਤੁਹਾਡੇ ਕੋਲ ਵਜ਼ਾਰਤ ਦੀ ਕੁਰਸੀ ਦੇਣ ਤੋਂ ਇਲਾਵਾ ਹੋਰ ਕੁਝ ਨਹੀਂ, ਫਿਰ ਯੁੱਧ ਯਕੀਨੀ ਹੈ। ਦੱਸ ਦਿਆਂ ਕਿ ਅਸੀਂ ਜਿੱਤਾਂਗੇ। ਜਿਤਣ ਤੋਂ ਬਾਦ ਕੀ ਪਤਾ ਆਪਾਂ ਫਿਰ ਮਿਲ ਸਕੀਏ। ਇਜ਼ਰਾਈਲ ਦੇ ਯਹੂਦੀ ਵਜ਼ੀਰ ਵਜੋਂ ਤੁਹਾਨੂੰ ਮਿਲਾਂਗੀ।

ਡੈਨੀ ਨੇ ਉਠਣ ਲੱਗਿਆਂ ਬਾਦਸ਼ਾਹ ਨੂੰ ਕਿਹਾ – ਤੁਸੀਂ ਲੋਕਾਂ ਨੂੰ ਖੁਲ੍ਹੇਆਮ ਨਾ ਮਿਲਿਆ ਕਰੋ। ਮੈਂ ਦੇਖਿਐ ਤੁਹਾਡਾ ਲਿਬਾਸ ਚੁੰਮਣ ਲਈ ਲੋਕ ਤੁਹਾਡੇ ਬਿਲਕੁਲ ਨੇੜੇ ਆ ਜਾਂਦੇ ਨੇ। ਕੋਈ ਸਿਰਫਿਰਿਆ ਕਾਰਾ ਕਰ ਸਕਦੈ। ਬਾਦਸ਼ਾਹ ਨੇ ਕਿਹਾ– ਮੈਂ ਬੱਦੂ ਹਾਂ, ਆਜ਼ਾਦ ਜੰਮਿਆਂ, ਆਜ਼ਾਦ ਜੀਵਿਆ। ਮੈਂ ਆਪਣੀ ਗਾਰਦ ਦਾ ਗੁਲਾਮ ਨਹੀਂ ਬਣਾਂਗਾ। ਉਸਨੇ ਅਲਵਿਦਾ ਕਹੀ ਅਤੇ ਸੌਣ ਵਾਸਤੇ ਚਲਾ ਗਿਆ। ਖਾਣਾ ਪਰੋਸਿਆ ਤਾਂ, ਪਰ ਕਿਸਦੇ ਸੰਘ ਹੇਠੋਂ ਬੁਰਕੀ ਲੰਘਣੀ ਸੀ ? ਗੋਲਡਾ ਹੁਣੇ ਤੋਂ ਪੰਜ ਦੇਸਾਂ ਦੇ ਟੈਂਕਾਂ ਵਿਚਕਾਰ ਘਿਰ ਗਈ ਮਹਿਸੂਸ ਕਰ ਰਹੀ ਸੀ। ਤਲ ਅਵੀਵ ਵਾਪਸ ਜਾਕੇ ਬਿਨ ਗੁਰੀਓਂ ਨੂੰ ਕੀ ਦੱਸੇਗੀ ? ਵਾਪਸੀ ਦੇ ਸਫਰ ਵਕਤ ਕਾਰ ਦੇ ਸ਼ੀਸ਼ਿਆਂ ਵਿਚੋਂ ਸਾਰਿਆਂ ਨੇ ਦੇਖਿਆ ਟੈਂਕ ਜੇਰੂਸਲਮ ਵਲ ਸਰਕ ਰਹੇ ਸਨ। ਡੇਨੀ ਨੇ ਹੌਲੀ ਦੇਕੇ ਕਿਹਾ – ਜੇ ਅਸੀਂ ਜਿੱਤ ਗਏ ਤਾਂ ਦਸ ਹਜ਼ਾਰ ਸਿਪਾਹੀਆਂ ਦੀਆਂ ਜਾਨਾ ਜਾਣਗੀਆਂ, ਜੇ ਹਾਰ ਗਏ ਤਾਂ ਪੰਜਾਹ ਹਜ਼ਾਰ ਖਪਣਗੇ। ਹਚਕੋਲੇ ਖਾਂਦੀ ਕਾਰ ਤਲ ਅਵੀਵ ਵਲ ਜਾ ਰਹੀ ਸੀ, ਟਿਕਾਣੇ ਪੁਜਣਗੇ ਵੀ ਕਿ ਨਾ, ਰੱਬ ਜਾਣੇ। – ਕੋਈ ਹੋਰ ਗੱਲ ਕਰ ਡੈਨੀ। ਹੌਲੀ ਬੋਲ ਡੈਨੀ। ਸਾਹ ਵੀ ਹੌਲੀ ਲੈ ਡੈਨੀ। ਆਪਣੇ ਮਿੱਤਰਾਂ ਨੂੰ ਦੱਸਣ ਲਈ ਕਿ ਕੀ ਹੋਣ ਜਾ ਰਿਹੈ, ਵਾਪਸ ਪੁਜਣ ਵਿਚ ਕਾਮਯਾਬ ਹੋ ਜਾਈਏ ਕੇਰਾਂ। ਪਤਾ ਨੀ ਠੀਕ ਦਿਸ਼ਾ ਵਿਚ ਜਾ ਵੀ ਰਹੇ ਹਾਂ ਕਿ ਨਹੀਂ।

ਆਖਰ ਸੁਖ ਦਾ ਸਾਹ ਉਦੋਂ ਆਇਆ ਜਦੋਂ ਯਹੂਦੀ ਖੁਫੀਆ ਏਜੰਸੀ ਦਾ ਸਾਰਜੰਟ ਕਾਰ ਨਜ਼ਦੀਕ ਆਇਆ। ਗੋਲਡਾ ਨੇ ਉਸ ਦਾ ਹੱਥ ਘੁੱਟ ਕੇ ਫੜਿਆ ਤੇ ਪੁੱਛਿਆ – ਪਹੁੰਚ ਗਏ ਹਾਂ? –ਹਾਂ ਗੋਲਡਾ, ਸਾਰੀ ਰਾਤ ਬੇਚੈਨੀ ਨਾਲ ਤੁਹਾਡਾ ਇੰਤਜ਼ਾਰ ਕੀਤਾ। ਹੁਣ ਖੈਰ ਹੈ।

ਪਤਾ ਲੱਗਾ ਕਿ ਬਾਦਸ਼ਾਹ ਅਬਦੁਲਾ ਕਿਹਾ ਕਰਦਾ ਸੀ – ਇਸ ਹੰਕਾਰੀ ਹੋਈ ਜ਼ਨਾਨੀ ਸਦਕਾ ਖੂਨ ਖਰਾਬਾ ਹੋਏਗਾ। ਮੇਰੀ ਗੱਲ ਮੰਨ ਕੇ ਵਜ਼ਾਰਤ ਵਿਚ ਸ਼ਾਮਲ ਹੋ ਜਾਂਦੀ ਤਾਂ ਯਹੂਦੀ ਨਰ ਸੰਘਾਰ ਤੋਂ ਬਚ ਜਾਂਦੇ। ਜੇਰੂਸਲਮ ਦੇ ਮੁਫਤੀ ਦੀ ਸਾਜ਼ਸ਼ ਨਾਲ ਦੋ ਸਾਲ ਬਾਦ ਅਬਦੁੱਲਾ ਦਾ ਕਤਲ ਹੋ ਗਿਆ। ਗੋਲਡਾ ਕਿਹਾ ਕਰਦੀ – ਬਾਦਸ਼ਾਹ ਰਤਾ ਕੁ ਹੌਸਲਾ ਦਿਖਾਉਂਦਿਆਂ ਯਹੂਦੀਆਂ ਵਿਰੁੱਧ ਜੰਗ ਵਿਚ ਨਾ ਕੁਦਦਾ, ਯਹੂਦੀਆਂ ਦਾ ਘੱਟ ਨੁਕਸਾਨ ਹੁੰਦਾ ਤੇ ਉਹ ਖੁਦ ਵੀ ਸ਼ਾਇਦ ਬਚ ਰਹਿੰਦਾ।

ਤਲ ਅਵੀਵ ਵਿਚ ਇੰਤਜ਼ਾਰ ਹੋ ਰਿਹਾ ਸੀ। ਬਾਕੀਆਂ ਵਿਚ ਬਿਨ ਗੁਰੀਓਂ ਬੈਠਾ ਸੀ। ਉਠਿਆ, ਗੋਲਡਾ ਨੂੰ ਕਿਹਾ – ਫੇਰ? ਗੋਲਡਾ ਬੋਲੀ ਨਹੀਂ। ਸਾਰਿਆਂ ਨੂੰ ਸਭ ਕੁੱਝ ਨਹੀਂ ਦੱਸਣਾ। ਇਕ ਸਲਿਪ ਉਪਰ ਲਿਖਿਆ – ਗੱਲ ਨੀ ਬਣੀ। ਸਾਰੀ ਰਾਤ ਟੈਂਕ ਇਸ ਪਾਸੇ ਵੱਲ ਸਰਕਦੇ ਦੇਖੇ। ਯੁੱਧ ਅੱਟਲ ਹੈ। ਬਿਨ ਗੁਰਿਓਂ ਦਾ ਚਿਹਰਾ ਕੁਮਲਾ ਗਿਆ ਪਰ ਉਹ ਸੰਭਲਿਆ ਤੇ ਖੁਫੀਆ ਸੈਨਾ ਦੇ ਦੋਵੇਂ ਜਰਨੈਲ ਬੁਲਾ ਕੇ ਰਾਇ ਮੰਗੀ। ਜਰਨੈਲਾਂ ਨੇ ਕਿਹਾ – ਜਿਸ ਪਲ ਆਜ਼ਾਦੀ ਦਾ ਐਲਾਨ ਹੋਇਆ, ਬਰਤਾਨਵੀ ਸੈਨਾ ਵਾਪਸ ਚਲੀ ਜਾਵੇਗੀ, ਸਾਰੇ ਅਰਬ ਦੇਸ ਗਿਰਝਾਂ ਵਾਂਗ ਝਪਟਣਗੇ। ਗੁਰੀਓਂ ਨੇ ਪੁੱਛਿਆ – ਚਾਂਸ ਕੀ ਨੇ ? ਜਰਨੈਲਾਂ ਨੇ ਕਿਹਾ – ਫਿਫਟੀ ਫਿਫਟੀ। ਜਿਤ ਵੀ ਸਕਦੇ ਹਾਂ, ਹਾਰ ਵੀ।

ਜਰਨੈਲਾਂ ਨੇ ਪੁੱਛਿਆ – ਕੀ ਆਜ਼ਾਦੀ ਦਾ ਦਿਨ ਅੱਗੇ ਪਾ ਦੇਈਏ? ਗੁਰੀਓਂ ਨੇ ਸਖਤ ਆਵਾਜ਼ ਵਿਚ ਕਿਹਾ – ਹਰਗਿਜ਼ ਨਹੀਂ। ਪੁੱਛਿਆ ਗਿਆ – ਅੰਦਾਜ਼ੇ ਕੀ ਹਨ? ਗੁਰੀਉਂ ਨੇ ਕਿਹਾ – ਸਾਡੀ ਕੁੱਲ ਆਬਾਦੀ ਇਜ਼ਰਾਈਲ ਵਿਚ ਇਸ ਵੇਲੇ ਸਾਢੇ ਛੇ ਲੱਖ ਹੈ। ਪੰਜ ਦੇਸਾਂ ਦੇ ਟਰੇਂਡ ਸੈਨਿਕ ਟੈਂਕਾਂ ਨਾਲ ਹੱਲਾ ਬੋਲਣਗੇ ਜਿਨ੍ਹਾਂ ਦੀ ਪਿੱਠ ਪਿੱਛੇ ਦਸ ਲੱਖ ਅਰਬ ਹਨ।

www.punjabilibrary.com

ਤਲ ਅਵੀਵ ਵਿਚ ਆਜ਼ਾਦੀ ਦੇ ਐਲਾਨ ਦਾ ਸਮਾਂ ਤੇ ਸਥਾਨ ਗੁਪਤ ਰੱਖਿਆ ਗਿਆ ਸੀ, ਥੋੜੇ ਕੁ ਚੋਣਵੇਂ ਲੀਡਰਾਂ ਨੂੰ ਪਤਾ ਸੀ। ਐਲਾਨ ਦਾ ਆਰੰਭ ਬਿਨ ਗੁਰੀਓਂ ਦੇ ਇਸ ਵਾਕ ਨਾਲ ਹੋਵੇਗਾ- ਇਜ਼ਰਾਈਲੀ ਚੱਟਾਨ ਦੀ ਸਹੁੰ ਖਾਕੇ ਅਸੀਂ ਆਪਣੀ ਆਜ਼ਾਦੀ ਦੇ ਐਲਾਨ ਉਪਰ ਸਹੀ ਪਾਉਂਦੇ ਹਾਂ। ਬਹੁਤ ਸਾਰੇ ਕਮਿਊਨਿਸਟ ਯਹੂਦੀ, ਰੱਬ ਜਾਂ ਪੈਗੰਬਰ ਆਦਿਕ ਧਰਮੀ ਲਫਜ਼ ਲਿਖਣ ਦੇ ਖਿਲਾਫ ਸਨ ਕਿਉਂਕਿ ਉਹ ਸਮਝਦੇ ਸਨ ਕਿ ਪੁਜਾਰੀ ਦੀ ਜ਼ਬਾਨ ਲੋਕਤੰਤਰ ਪ੍ਰਣਾਲੀ ਵਿਚ ਰੁਕਾਵਟ ਬਣੇਗੀ। ਧਰਮੀ ਗੁੱਟਾਂ ਦਾ ਰਬਈ ਫਿਸ਼ਮੈਨ ਅੜ ਗਿਆ ਕਿ ਇਜ਼ਰਾਈਲੀ ਚੱਟਾਨ ... ਸ਼ਬਦਾਂ ਮਗਰ ''ਅਤੇ ਇਸ ਦੇ ਮੁਕਤੀ ਦਾਤਾ ਦੀ ਸਹੁੰ ...'' ਲਿਖੋ, ਨਹੀਂ ਉਹ ਦਸਖਤ ਨਹੀਂ ਕਰੇਗਾ। ਲੇਬਰ ਪਾਰਟੀ ਦੇ ਲੀਡਰ ਆਰੋਨ ਨੇ ਕਿਹਾ - ਜੇ ਮੁਕਤੀ ਦਾਤਾ ਲਫਜ਼ ਲਿਖੋਗੇ ਮੈਂ ਦਸਖ਼ਤ ਨਹੀਂ ਕਰਾਂਗਾ। ਗੁਰੀਓਂ ਨੇ ਦੋਹਾਂ ਨੂੰ ਸ਼ਾਂਤ ਕਰਦਿਆਂ ਕਿਹਾ - ਇਜ਼ਰਾਈਲੀ ਚੱਟਾਨ ਵਿਚ ਸਾਰੇ ਆ ਜਾਂਦੇ ਹਨ, ਪੈਗੰਬਰ, ਰੱਬ, ਧਰਮ ਅਤੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਦਾ ਚਿੰਨ੍ਹ ਹੈ ਚੱਟਾਨ। ਆਖਰ ਮੰਨ ਗਏ। ਐਲਾਨਨਾਮੇ ਦਾ ਇਕ ਇਕ ਸ਼ਬਦ ਸੋਚ ਸੋਚ ਕੇ ਲਿਖਿਆ ਤੇ ਬਦਲਿਆ। ਬਣਨ ਵਾਲੀ ਨਵੀਂ ਸਰਕਾਰ ਦੇ ਮੁੱਖ ਸਕੱਤਰ ਜ਼ੀਵ ਸ਼ਰੀਫ ਨੇ ਜਦੋਂ ਸਭ ਦੇ ਦਸਖਤ ਕਰਵਾ ਲਏ, ਕਿਹਾ - ਇਹ ਘੋਸ਼ਣਾ ਪੱਤਰ ਮੈਂ ਐਂਗਲੋ-ਫਲਸਤੀਨ ਬੈਂਕ ਕੇ ਸਟਰਾਂਗ ਰੂਮ ਵਿਚ ਜਮ੍ਹਾਂ ਕਰਵਾਵਾਂਗਾ। ਜੇ ਯੁੱਧ ਦੌਰਾਨ ਫਲਸਤੀਨ ਵਿਚ ਵਸਦੇ ਸਾਰੇ ਯਹੂਦੀ ਮਾਰੇ ਗਏ, ਆਉਣ ਵਾਲੀਆਂ ਪੀੜ੍ਹੀਆਂ ਦੇਖ ਤਾਂ ਸਕਣਗੀਆਂ ਕਿ ਅਸੀ ਆਜ਼ਾਦੀ ਦਾ ਐਲਾਨਨਾਮਾ ਤਿਆਰ ਕਰਕੇ ਦਸਖ਼ਤ ਕੀਤੇ ਸਨ, ਕਿ ਅਸੀ ਆਜ਼ਾਦ ਹੋਕੇ ਮਰੇ ਸਾਂ।

ਸਤਾਈ ਪਿੰਡਾਂ ਨੂੰ ਪਾਣੀ ਦੇਣ ਵਾਲੀ ਪਾਈਪ ਨੇਗੇਵ ਲਾਗੇ ਮਿਸਰ ਦੀ ਫੌਜ ਨੇ ਕੱਟ ਦਿੱਤੀ। ਸੜਕ ਬੰਬਾਂ ਨਾਲ ਉਡਾ ਦਿੱਤੀ। ਹਿੰਮਤੀ ਜੁਆਨਾ ਨੇ ਰਸਤਾ ਚਾਲੂ ਕੀਤਾ। ਤਲ ਅਵੀਵ ਦੇ ਅਜਾਇਬ ਘਰ ਵਿਚ ਆਜ਼ਾਦੀ ਦਾ ਐਲਾਨਨਾਮਾ ਪੜ੍ਹਿਆ ਜਾਏਗਾ। ਆਰਜ਼ੀ ਸਰਕਾਰ ਦੇ ਤੇਰਾਂ ਮੈਂਬਰਾਂ ਵਾਸਤੇ ਕੁਰਸੀਆਂ ਤੇ ਦੋ ਕੁ ਸੌ ਦੇ ਖਲੋਣ ਲਈ ਥਾਂ ਸੀ। ਪਰ ਬਿਨਾ ਦੱਸੇ ਪੁਛੇ ਉਥੇ ਤਾਂ ਹਜ਼ਾਰਾਂ ਦੀ ਭੀੜ ਹਾਲ ਦੇ ਬਾਹਰ ਖਲੋਤੀ ਸੀ, ਹੋਰ ਆ ਰਹੇ ਸਨ। ਗੁਰੀਓਂ ਨੇ ਚਾਰ ਵਜੇ ਸ਼ਾਮ ਗੋਲ ਕੀਤਾ ਹੋਇਆ ਐਲਾਨਨਾਮਾ ਖੋਲ੍ਹ ਕੇ ਪੜ੍ਹਨਾ ਸੀ। ਜਦੋਂ ਗੁਰੀਓਂ ਕਾਗਜ਼ ਖੋਲ੍ਹ ਕੇ ਸਿਧਾ ਕਰਨ ਲੱਗੇਗਾ, ਆਰਕੈਸਟਰਾ ਰਾਸ਼ਟਰੀ ਗੀਤ ਦੀ ਧੁਨ ਵਜਾਏਗਾ। ਗੁਰੀਓਂ ਨੇ ਕਾਗਜ਼ ਖੋਲ੍ਹਿਆ, ਇਧਰ ਉਧਰ ਦੇਖਿਆ, ਆਰਕੈਸਟਰਾ ਵਾਲੇ ਆਏ ਹੀ ਨਹੀਂ। ਤਦ ਮੌਜੂਦ ਹਾਜ਼ਰੀਨ ਨੇ ਆਪੇ ਕੌਮੀ ਗੀਤ ਗਾਇਆ। ਫਿਰ ਗੁਰੀਓਂ ਨੇ ਪੰਦਰਾਂ ਮਿੰਟਾਂ ਵਿਚ ਐਲਾਨਨਾਮਾ ਪੜ੍ਹਿਆ, ਉਸਦੀ ਆਵਾਜ਼ ਕਦੀ ਉਚੀ ਕਦੀ ਧੀਮੀ ਹੁੰਦੀ। ਆਖਰੀ ਬੋਲ ਸਨ - ਅਸੀਂ ਯਹੂਦੀ ਪਰਜਾ ਦੇ ਪ੍ਰਤੀਨਿੱਧ ਇਥੇ ਇਕੱਠੇ ਹੋਕੇ ਐਲਾਨ ਕਰਦੇ ਹਾਂ ਕਿ ਬਰਤਾਨੀਆਂ ਦੀ ਹਕੂਮਤ ਦਾ ਦੌਰ ਖਤਮ ਹੋਇਆ। ਸਾਡਾ ਕੁਦਰਤੀ ਅਤੇ ਇਤਿਹਾਸਕ ਹੱਕ ਸਾਨੂੰ ਅੱਜ ਮਿਲਿਆ। ਯੂ.ਐਨ.ਓ. ਦੇ ਮਤੇ ਅਨੁਸਾਰ ਅੱਜ ਇਜ਼ਰਾਈਲ ਦੀ ਧਰਤੀ ਉਪਰ ਸਟੇਟ ਦੀ ਸਥਾਪਤੀ ਦਾ ਐਲਾਨ ਕਰਦੇ ਹਾਂ, ਨਵੇਂ ਦੇਸ ਦਾ ਨਾਮ ਇਜ਼ਰਾਈਲ ਹੋਵੇਗਾ।

ਨਵੇਂ ਦੇਸ ਦਾ ਨਾਮ ਇਜ਼ਰਾਈਲ ! ਹਾਜ਼ਰੀਨ ਦੀਆਂ ਅੱਖਾਂ ਛਲਕੀਆਂ। ਗੋਲਡਾ ਨੇ ਲਿਖਿਆ - ''ਖੁਸ਼ਨਸੀਬ ਨਿਕਲੀ ਮੈਂ, ਜਿਸਨੇ ਇਹ ਦਿਨ ਦੇਖ ਲਿਆ ਆਖਰ। ਯਹੂਦੀਆਂ ਨੂੰ ਮੁੱਦਤ ਬਾਦ ਘਰ ਮਿਲਿਆ। ਬਣਵਾਸ ਖਤਮ। ਵੀਹ ਸਦੀਆਂ ਬਾਦ ਆਪਣੀ ਹੋਣੀ ਦਾ ਫੈਸਲਾ ਖੁਦ ਕਰਨ ਦੇ ਕਾਬਲ ਹੋ ਗਏ। ਜਿਹੜੇ ਘੱਲੂਘਾਰਿਆਂ ਵਿਚ ਖਤਮ ਹੋਏ ਉਨ੍ਹਾਂ ਲਈ ਇਹ ਦਿਨ ਬਹੁਤ ਦੂਰ ਹੋ ਗਿਆ ਪਰ ਜਿਹੜੇ ਅਜੇ ਜੰਮੇ ਨਹੀਂ ਉਨ੍ਹਾਂ ਵਾਸਤੇ ਤਾਜ਼ੀ ਹਵਾ ਰੁਮਕੀ।''

ਪੰਜਾਹ ਸਾਲ ਪਹਿਲਾਂ ਥਿਓਡੋਰ ਹਰਜ਼ਲ ਨੇ ਆਪਣੀ ਡਾਇਰੀ ਵਿਚ ਲਿਖਿਆ ਸੀ, ''ਮੈਂ ਯਹੂਦੀ ਸਟੇਟ ਦੀ ਨੀਂਹ ਰੱਖ ਦਿੱਤੀ ਹੈ। ਅੱਜ ਕੋਈ ਮੇਰਾ ਇਹ ਵਾਕ ਪੜ੍ਹੇ ਤਾਂ ਹੱਸੇਗਾ। ਪੰਜ ਸਾਲ ਬਾਦ ਨਾ ਸਹੀ ਪੰਜਾਹ ਸਾਲ ਬਾਦ ਸਹੀ, ਦੁਨੀਆਂ ਦੇਖੇਗੀ ਮੇਰਾ ਕਥਨ ਸਹੀ ਸਾਬਤ

ਹੋਇਆ।'' ਜੁਮੇ ਦੇ ਦਿਨ ਢਲੇ ਦੁਨੀਆਂ ਦਾ ਹਰੇਕ ਯਹੂਦੀ, ਰੇਡਿਓ ਲਾਗੇ ਬੈਠਾ ਐਲਾਨਨਾਮਾ ਸੁਣ ਰਿਹਾ ਸੀ।

ਗੁਰੀਓਂ ਨੇ ਪੜ੍ਹਿਆ - ''ਉਜੜੇ ਯਹੂਦੀ ਸ਼ਰਣਾਰਥੀਆਂ ਲਈ ਇਜ਼ਰਾਈਲ ਦਾ ਦਰਵਾਜ਼ਾ ਖੁੱਲ੍ਹ ਗਿਆ ਹੈ। ਇਜ਼ਰਾਈਲ ਵਿਚ ਵਸਦੇ ਮੁਸਲਮਾਨ ਸਾਡੇ ਭਰਾ ਹਨ, ਅਸੀਂ ਆਰਜ਼ੀ ਅਤੇ ਸਥਾਈ ਸਰਕਾਰਾਂ ਵਿਚ ਉਨ੍ਹਾਂ ਨੂੰ ਭਾਈਵਾਲ ਬਣਾਵਾਂਗੇ, ਉਨ੍ਹਾਂ ਦੀ ਜਾਨ ਮਾਲ ਤੇ ਸਨਮਾਨ ਕਾਇਮ ਰੱਖਾਂਗੇ। ਗਵਾਂਢੀ ਅਰਬਾਂ ਨੂੰ ਸਾਡੀ ਅਪੀਲ ਹੈ ਕਿ ਅਮਨ ਕਾਇਮ ਕਰਨ ਵਿਚ ਸਾਡੀ ਮੱਦਦ ਕਰਨ। ਆਮੀਨ।'' ਇਸ ਹਿਬਰੂ ਸ਼ਬਦ ਨਾਲ ਰਸਮ ਖਤਮ ਹੋਣੀ ਸੀ ਪਰ ਬਿਨਾ ਦੱਸੇ ਪੁੱਛੇ ਰਬਈ ਫਿਸ਼ਮੈਨ ਨੇ ਉਚੀ ਆਵਾਜ਼ ਵਿਚ ਯਹੂਦੀ ਪ੍ਰਾਰਥਨਾ ਕੀਤੀ - ਬ੍ਰਹਿਮੰਡ ਦੇ ਮਾਲਕ, ਕ੍ਰਿਪਾਲੂ ਪਰਮੇਸਰ ਤੂੰ ਅੱਜ ਦਾ ਦਿਨ ਦੇਖਣ ਵਾਸਤੇ ਸਾਨੂੰ ਜਿਉਂਦੇ ਰੱਖਿਆ, ਤੇਰਾ ਸ਼ੁਕਰਾਨਾ। ਆਮੀਨ।

ਇਸ ਪਿਛੋਂ ਬਰਤਾਨੀਆਂ ਦੇ ਵਾਈਟ ਪੇਪਰ ਨੂੰ ਰੱਦ ਕਰਨ ਦਾ ਮਤਾ ਪਾਸ ਹੋ ਗਿਆ।

ਆਜ਼ਾਦੀ ਦੇ ਐਲਾਨਨਾਮੇ ਦੇ ਦਸਖ਼ਤ ਕਰਦਿਆਂ ਗੋਲਡਾ ਰੋ ਪਈ ... ਏਨੇ ਹੰਝੂ ਕਿ ਕਾਗਜ਼ ਦਿਸਣੋ ਹੱਟ ਗਿਆ। ਦਾਊਦ ਜ਼ਵੀ ਨੇ ਮੋਢੇ ਤੇ ਹੱਥ ਧਰ ਕੇ ਕਿਹਾ - ਕਿਸ ਲਈ ਰੋਨੀ ਏਂ ਗੋਲਡਾ? ਕਿਸ ਲਈ ? ਗੋਲਡਾ ਬੋਲੀ - ਉਨ੍ਹਾਂ ਲਈ ਜਿਨ੍ਹਾਂ ਨੂੰ ਇਥੇ ਹੋਣਾ ਚਾਹੀਦਾ ਸੀ ਹੁਣ, ਪਰ ਨਹੀਂ ਹਨ, ਸਦਾ ਲਈ ਵਿਛੜ ਗਏ।

ਗੁਰੀਓਂ ਨੇ ਆਖਰੀ ਵਾਕ ਕਿਹਾ - ਇਜ਼ਰਾਈਲ ਸਟੇਟ ਦੀ ਸਥਾਪਨਾ ਹੋ ਗਈ ਹੈ, ਮੀਟਿੰਗ ਸਮਾਪਤ। ਸਭ ਰਸਮਾਂ ਖਤਮ। ਗਲੋਬ ਉਪਰ ਨਵਾਂ ਨਕਸ਼ਾ ਉਭਰਿਆ। ਬਾਹਰ ਨਿਕਲ, ਅੱਧੀ ਰਾਤ ਲੋਕ ਗਲੀਆਂ ਵਿਚ ਨਚਦੇ ਗਾਉਂਦੇ ਦੇਖੇ। ਬਰਤਾਨੀਆਂ ਦਾ ਹਾਈ ਕਮਿਸ਼ਨਰ ਆਪਣੇ ਆਖਰੀ ਸਿਪਾਹੀ ਸਣੇ ਪਰਤ ਜਾਏਗਾ। ਦੁਨੀਆਂ ਵਿਚੋਂ ਉਦਾਸ ਯਹੂਦੀ ਇਜ਼ਰਾਈਲ ਆਉਣਗੇ, ਸਵਾਗਤ ਹੋਏਗਾ, ਹੁਣ ਯਹੂਦੀ ਰੁੱਖ ਕਦੀ ਨਹੀਂ ਉਖੜੇਗਾ।

ਪਰ ਹੁਣ ਗਵਾਂਢੀ ਦੇਸ ਹਮਲਾ ਕਰਨਗੇ, ਇਹ ਸੋਚ ਕੇ ਫਿਕਰ ਤਾਂ ਹੁੰਦਾ ਪਰ ਵਿਸ਼ਵਾਸ ਕਾਇਮ ਰਹਿੰਦਾ। ਮਿਸਰ ਦੇ ਜਹਾਜ਼ਾਂ ਨੇ ਤਲ ਅਵੀਵ ਦਾ ਬਿਜਲੀ ਘਰ ਅਤੇ ਹਵਾਈ ਅੱਡਾ ਉਡਾਉਣ ਦਾ ਫੈਸਲਾ ਕਰ ਲਿਆ।

ਸਮੁੰਦਰੋਂ ਇਕ ਕਿਸ਼ਤੀ ਕਿਨਾਰੇ ਲੱਗੀ। ਸਭ ਤੋਂ ਪਹਿਲਾਂ ਸੈਮੁਅਲ ਬਰਾਂ ਨਾਮ ਦਾ ਥੱਕਾ ਟੁੱਟਾ ਬਜ਼ੁਰਗ ਉਤਰਿਆ। ਉਸਨੂੰ ਇਕ ਪਰਚੀ ਦਿੱਤੀ, ਮੁਹਰ ਲਾਈ, ਲਿਖਿਆ ਸੀ - ਇਜ਼ਰਾਈਲ ਵਿਚ ਵਸਣ ਦਾ ਅਧਿਕਾਰ ਤੁਹਾਨੂੰ ਖੁਸ਼ੀ ਨਾਲ ਦਿੱਤਾ। ਇਹ ਆਜ਼ਾਦ ਸਟੇਟ ਦਾ ਪਹਿਲਾ ਵੀਜ਼ਾ ਸੀ ਜੋ ਇਜ਼ਤ ਨਾਲ ਮਿਲਿਆ। ਇਹ ਵੀਜ਼ਾ ਅਜਾਇਬ ਘਰ ਵਿਚ ਰੱਖਿਆ ਹੋਇਆ ਹੈ।

14 ਮਈ ਦੀ ਰਾਤ ਗੋਲਡਾ ਸੁੱਤੀ ਪਈ ਸੀ, ਫੋਨ ਦੀ ਘੰਟੀ ਵੱਜੀ, ਚੁਕਿਆ, ਕਿਸੇ ਨੇ ਦੱਸਿਆ- ਹੁਣੇ ਹੁਣੇ ਰੇਡਿਓ ਤੇ ਖਬਰ ਆਈ ਹੈ ਗੋਲਡਾ, ਅਮਰੀਕਾ ਦੇ ਰਾਸ਼ਟਰਪਤੀ ਟਰੂਮੈਨ ਨੇ ਇਜ਼ਰਾਈਲ ਨੂੰ ਮਾਨਤਾ ਦੇ ਦਿੱਤੀ ਹੈ। ਚਿੰਤਾ ਉਡ ਗਈ। ਗੋਲਡਾ ਨੂੰ ਆਪਣੇ ਅਮਰੀਕਣ ਹੋਣ ਦਾ ਮਾਣ ਵੀ ਹੋਇਆ। ਇਸ ਪਿੱਛੋਂ ਰੂਸ ਨੇ ਮਾਨਤਾ ਦੇ ਦਿੱਤੀ, ਦੋ ਵਡੀਆਂ ਤਾਕਤਾਂ ਨੇ ਸਹਾਰਾ ਦਿੱਤਾ।

15 ਮਈ 1948 ਨੂੰ ਸਵੇਰ ਸਾਰ ਮਿਸਰ ਨੇ ਦੱਖਣ ਵਲੋਂ, ਸੀਰੀਆ ਤੇ ਲੈਬਨਾਨ ਨੇ ਉੱਤਰ ਅਤੇ ਉੱਤਰ-ਪੂਰਬ ਵਲੋਂ, ਜਾਰਡਨ ਅਤੇ ਈਰਾਕ ਨੇ ਪੂਰਬ ਵਲੋਂ ਹਮਲਾ ਕਰਕੇ ਐਲਾਨ ਕੀਤਾ - ਦਸ ਦਿਨਾਂ ਵਿਚ ਇਜ਼ਰਾਈਲ ਦਾ ਮਲੀਆ ਮੇਟ। ਜਾਰਡਨ ਦਾ ਬਾਦਸ਼ਾਹ ਸਾਰੇ ਇਜ਼ਰਾਈਲ ਨੂੰ ਆਪਣੇ ਵਿਚ ਮਿਲਾਉਣ ਦਾ ਇੱਛੁਕ ਸੀ, ਖਾਸ ਕਰ ਜੇਰੂਸਲਮ ਨੂੰ। ਲੈਬਨਾਨ ਤੇ ਸੀਰੀਆ ਨੇ ਗੈਲੀਲੀ ਨੂੰ ਅੱਧਾ ਅੱਧਾ ਵੰਡ ਲੈਣਾ ਸੀ, ਈਰਾਕ ਨੂੰ ਇਹ ਲਾਭ ਸੀ ਕਿ ਉਸਨੂੰ ਬੰਦਰਗਾਹ ਮਿਲ ਜਾਣੀ ਸੀ। ਮਿਸਰ ਨੂੰ ਹੋਰ ਕੋਈ ਫਾਇਦਾ ਨਹੀਂ ਸੀ ਸਿਵਾਏ ਲੁੱਟ ਮਾਰ ਦਾ ਮਾਲ ਲਿਜਾਣ ਦੇ।

15 ਮਈ ਨੂੰ ਗੁਰੀਓਂ ਨੇ ਕਿਹਾ - ਗੋਲਡਾ ਅਮਰੀਕਾ ਜਾਹ, ਹੁਣੇ। ਪੈਸੇ ਇੱਕਠੇ ਕਰ। ਸਮਾਂ ਨਹੀਂ ਹੈ ਬੈਠਣ ਦਾ। ਚਲੀ ਗਈ। ਯਹੂਦੀ ਉਸ ਦਾ ਇਉਂ ਸਵਾਗਤ ਕਰਦੇ ਜਿਵੇਂ ਪੂਰਾ

ਇਜ਼ਰਾਈਲ ਆ ਗਿਆ ਹੋਵੇ। ਸਾਰਾ ਦਿਨ ਭਾਸ਼ਣ ਕਰਦੀ ਹੋਈ ਆਖਦੀ - ਹੁਣ ਭਾਸ਼ਣਾ, ਤਾੜੀਆਂ, ਜਜ਼ਬਾਤੀ ਹੰਝੂਆਂ ਦਾ ਸਮਾਂ ਨਹੀਂ, ਪੈਸੇ ਦਿਉ। ਕੋਈ ਨੀ ਉਧਾਰ ਦਿੰਦਾ ਹਥਿਆਰ। ਜਿਹੜੇ ਡੇਢ ਅਰਬ ਡਾਲਰ ਪਿਛਲੀ ਵਾਰ ਇਕੱਠੇ ਹੋਏ, ਉਨ੍ਹਾਂ ਵਿਚੋਂ ਅੱਧੇ ਇਥੇ ਹੀ ਛਡ ਗਈ ਸਾਂ ਤਾਂ ਕਿ ਦੁਨੀਆਂ ਦੇ ਬਾਕੀ ਦੇਸਾਂ ਵਿਚ ਵਸੇ ਯਹੂਦੀਆਂ ਨੂੰ ਰਾਹਤ ਮਿਲ ਸਕੇ, ਅੱਧੇ ਇਜ਼ਰਾਈਲ ਲੈ ਗਈ ਸਾਂ। ਪਹਿਲਾਂ ਤਾਂ 75 ਕਰੋੜ ਡਾਲਰ ਉਹੀ ਮੈਨੂੰ ਦਿਉ ਕਿਉਂਕਿ ਹੁਣ ਇਜ਼ਰਾਈਲ ਨੂੰ ਵਧੀਕ ਲੋੜ ਹੈ। ਇਸ ਤੋਂ ਇਲਾਵਾ ਹੋਰ ਜਿੰਨੇ ਦੇ ਸਕਦੇ ਹੋ ਦਿਉ। ਲੋਕਾਂ ਨੇ ਆਪਣੇ ਬਾਂਡ, ਸ਼ੇਅਰ ਵੇਚ ਵੇਚ ਪੈਸੇ ਦਿੱਤੇ, ਕਾਰਖਾਨੇਦਾਰਾਂ ਨੇ ਦਿਲ ਖੋਲ੍ਹ ਕੇ ਧਨ ਦਿੱਤਾ।

ਯਹੂਦੀ ਜਾਨ ਹੂਲ ਕੇ ਦੁਸ਼ਮਣਾਂ ਵਿਰੁੱਧ ਲੜੇ। ਰੈਗੂਲਰ ਆਰਮੀ ਕੇਵਲ 45 ਹਜ਼ਾਰ ਸੀ, ਪਰ ਸਾਰਾ ਇਜ਼ਰਾਈਲ ਹੀ ਲੜ ਰਿਹਾ ਸੀ। ਯੂ.ਐਨ.ਓ. ਤੋਂ ਬਾਰ ਬਾਰ ਜੰਗ ਬੰਦੀ ਦੀਆਂ ਅਪੀਲਾਂ ਆ ਰਾਹੀਆਂ ਸਨ ਪਰ ਜਦੋਂ ਤੱਕ ਅਰਬਾਂ ਨੂੰ ਅਹਿਸਾਸ ਨਹੀਂ ਹੁੰਦਾ ਕਿ ਇਜ਼ਰਾਈਲੀ ਅਜਿੱਤ ਹਨ, ਉਨ੍ਹਾਂ ਕਦੋਂ ਹਟਣਾ ਸੀ ? ਆਖਰ ਲਚਾਰੀ ਵਸ ਪੰਜ ਦੇਸਾਂ ਨੇ 11 ਜੂਨ ਨੂੰ ਆਰਜ਼ੀ ਜੰਗਬੰਦੀ ਦਾ ਐਲਾਨ ਕੀਤਾ।

ਇੱਛਾ ਖਿਲਾਫ ਗੋਲਡਾ ਨੂੰ ਰੂਸ ਵਿਚ ਰਾਜਦੂਤ ਲਾ ਦਿੱਤਾ ਗਿਆ। ਉਸ ਨੇ ਇਤਰਾਜ਼ ਕੀਤਾ - ਮੈਂ ਕੀ ਗੁਨਾਹ ਕੀਤਾ ਸੀ ਕਿ ਆਜ਼ਾਦ ਹੋਣ ਸਾਰ ਮੈਨੂੰ ਜਲਾਵਤਨੀ ਮਿਲੇਗੀ ? ਵਿਦੇਸ ਮੰਤਰੀ ਸ਼ੈਰੇ ਨੇ ਕਿਹਾ - ਤੇਰੀ ਧੀ ਸਾਰਾ, ਜਵਾਈ ਜ਼ਕਰੀਆ ਤੇਰੇ ਰੇਡੀਓ ਉਪਰੇਟਰਾਂ ਵਜੋਂ ਤੇਰੇ ਨਾਲ ਚਲੇ ਜਾਣ, ਤੇਰਾ ਦਿਲ ਲੱਗਾ ਰਹੇਗਾ। ਰਾਜਦੂਤ ਵਜੋਂ ਜਦੋਂ ਰੂਸ ਵਿਚ ਸਲਾਮੀ ਦਿੱਤੀ ਜਾਏਗੀ ਉਦੋਂ ਕਿਸ ਤਰ੍ਹਾਂ ਦਾ ਲਿਬਾਸ ਪਹਿਨਿਆ ਜਾਏ ? ਇਜ਼ਰਾਈਲ ਦਾ ਕੌਮੀ ਲਿਬਾਸ ਹੈ ਈ ਨਹੀਂ ! ਵਧੇਰੇ ਹਾਰ ਸ਼ਿੰਗਾਰ ਦਿਖਾਵੇ ਦੀ ਕੀ ਲੋੜ ? ਜਿਹੋ ਜਿਹਾ ਗਰੀਬ ਅਤੇ ਜ਼ਖਮੀ ਇਜ਼ਰਾਈਲ, ਗੋਲਡਾ ਉਵੇਂ ਰਹੇਗੀ। ਸਿਰ ਤੇ ਨਿਕੀ ਮਖਮਲ ਦੀ ਦਸਤਾਰ ਵਲੇਟੇਗੀ ਤੇ ਕਾਲੇ ਰੰਗ ਦਾ ਚੋਲਾ ਹੋਵੇਗਾ ਜਿਹੋ ਜਿਹਾ ਕਾਨਵੋਕੇਸ਼ਨ ਤੇ ਡਿਗਰੀ ਲੈਣ ਵੇਲੇ ਪਹਿਨਿਆਂ ਜਾਂਦਾ ਹੈ।

ਮਾਸਕੋ ਜਾਣ ਸਾਰ ਵਰਗ-ਮੁਕਤ ਰੂਸ ਦੀ ਝਲਕ ਦੇਖ ਲਈ। ਅਧਖੜ ਔਰਤਾਂ ਜਿਹੜੀਆਂ ਸੜਕ ਉਸਾਰਨ ਲਈ ਮਜ਼ਦੂਰੀ ਕਰਦੀਆਂ ਤੇ ਸਫਾਈ ਕਰਦੀਆਂ ਹੁੰਦੀਆਂ, ਕੜਕਦੀ ਸਰਦੀ ਵਿਚ ਉਨ੍ਹਾਂ ਨੇ ਪੈਰਾਂ ਦੁਆਲੇ ਚੀਥੜੇ ਲਪੇਟੇ ਹੁੰਦੇ, ਬੂਟ ਚਾਹੀਦੇ ਸਨ, ਕੀਮਤੀ ਗਰਮ ਸੂਟ ਪਹਿਨੀ ਕਾਰਾਂ ਵਿਚ ਸਜੀਆਂ ਧਜੀਆਂ ਔਰਤਾਂ ਉਨ੍ਹਾਂ ਦੇ ਲਾਗਿਓਂ ਲੰਘਦੀਆਂ।

ਸਲਾਮੀ ਦੀ ਰਸਮ ਤੋਂ ਬਾਦ ਗੋਲਡਾ ਨੇ ਚਾਹਿਆ ਯਹੂਦੀਆਂ ਨੂੰ ਮਿਲਾਂ, ਕਿਥੇ ? ਕਿਸੇ ਯਹੂਦੀ ਮੰਦਰ ਵਿਚ। ਰੂਸ ਨੇ ਜ਼ਿਓਨਿਜ਼ਮ ਉਪਰ ਪਾਬੰਦੀ ਲਾਈ ਹੋਈ ਸੀ, ਹਿਬਰੂ ਉਪਰ ਪਾਬੰਦੀ, ਯਿਦਿਸ਼ ਅਜੇ ਸਿਸਕ ਰਹੀ ਸੀ। ਗੋਲਡਾ ਦਾ ਸਟਾਫ ਕਈਆਂ ਯਹੂਦੀਆਂ ਨੂੰ ਜਾਣਦਾ ਸੀ, ਕੁੱਝ ਤਾਂ ਰਿਸ਼ਤੇਦਾਰ ਵੀ ਸਨ ਪਰ ਜੇ ਉਨ੍ਹਾਂ ਨੂੰ ਮਿਲੇ ਤੇ ਸਰਕਾਰ ਜਾਣ ਗਈ ਕਿ ਇਨ੍ਹਾਂ ਦੀ ਰਿਸ਼ਤੇਦਾਰੀ ਇਜ਼ਰਾਈਲ ਵਿਚ ਹੈ ਤਾਂ ਕੀ ਵਰਤਾਰਾ ਹੋਵੇਗਾ ? ਰੂਸੀ ਮੁਸ਼ੱਕਤ ਕੈਂਪਾਂ ਦਾ ਜੀਵਨ ਜਾਣ ਕੇ ਕਾਂਬਾ ਛਿੜ ਜਾਂਦਾ ਹੈ। ਮੰਦਰ ਵਿਚ ਅਧੇੜ ਅਤੇ ਵਡੀ ਉਮਰ ਦੇ ਬਜ਼ੁਰਗ ਦੇਖੇ, ਅੱਖਾਂ ਵਿਚ ਉਦਾਸੀ, ਚਿਹਰਿਆਂ ਤੇ ਥਕਾਨ ਦੇਖੀ। ਪੁਜਾਰੀ ਨੇ ਅਰਦਾਸ ਪਿਛੋਂ ਜਦੋਂ ਗੋਲਡਾ ਦਾ ਨਾਮ ਲਿਆ, ਸਾਰੀ ਸੰਗਤ ਦੀਆਂ ਨਿਗਾਹਾਂ ਉਸ ਵਲ ਗਈਆਂ ... ਲਗਾਤਾਰ ਦੇਰ ਤੱਕ ਦੇਖਦੇ ਰਹੇ। ਉਸਨੇ ਚਾਹਿਆ ਕਿ ਅਗਲੇ ਹਫਤੇ ਇਸ ਤੋਂ ਵੱਡੇ ਮੰਦਰ ਵਿਚ ਜਾਵੇਗੀ।

ਪ੍ਰਾਵਦਾ ਵਿਚ ਇਲੀਆ ਅਹਿਰਨ ਬਰਗ ਦਾ ਲੰਮਾ ਲੇਖ ਛਪਿਆ ਜਿਸ ਦੇ ਕੁਝ ਵਾਕ ਇਹ ਸਨ - ਸਟਾਲਿਨ ਨਾ ਹੁੰਦਾ, ਇਜ਼ਰਾਈਲ ਨਾਮ ਦੀ ਸਟੇਟ ਨਹੀਂ ਹੋਣੀ ਸੀ। ਪਰ ਹੁਣ ਇਜ਼ਰਾਈਲ ਨੂੰ ਰੂਸੀ ਯਹੂਦੀਆਂ ਦਾ ਫਿਕਰ ਕਰਨ ਦੀ ਲੋੜ ਨਹੀਂ, ਇਥੇ ਯਹੂਦੀ ਮਸਲਾ ਹੈ ਈ ਨੀਂ। ਇਹ ਉਸ ਵਲੋਂ ਗੋਲਡਾ ਨੂੰ ਅਤੇ ਰੂਸੀ ਯਹੂਦੀਆਂ ਨੂੰ ਸਰਕਾਰੀ ਚਿਤਾਵਨੀ ਸੀ।

ਪਰ ਇਹ ਕੀ ? ਇਸ ਵਡੇ ਗਿਰਜੇ ਵਿਚ ਦੋ ਹਜ਼ਾਰ ਤੋਂ ਵੱਧ ਯਹੂਦੀ ਨਹੀਂ ਸਨ ਆਉਂਦੇ, ਗੋਲਡਾ ਦੀ ਖਬਰ ਸੁਣਕੇ ਪੰਜਾਹ ਹਜ਼ਾਰ ਦਾ ਇਕੱਠ ਹੋ ਗਿਆ। ਵਡੇ ਛੋਟੇ, ਪੜ੍ਹੇ ਅਨਪੜ੍ਹ,

ਔਰਤਾਂ-ਮਰਦ, ਇਹ ਸਨ ਉਹ ਯਹੂਦੀ ਜਿਨ੍ਹਾਂ ਨੇ ਅਹਿਰਨਬਰਗ ਦੀ ਧਮਕੀ ਪਰਾਵਦਾ ਵਿਚ ਪੜ੍ਹ ਕੇ ਜਾਣਿਆ ਸੀ ਗੋਲਡਾ ਮੰਦਰ ਵਿਚ ਆਏਗੀ। ਇਹ ਭੀੜ ਗੋਲਡਾ ਦੇ, ਇਜ਼ਰਾਈਲ ਦੇ ਸਵਾਗਤ ਵਿਚ ਤੇ ਧਮਕੀ ਦੇ ਜਵਾਬ ਵਿਚ ਚੱਲ ਕੇ ਆਈ। ਪ੍ਰਾਰਥਨਾ ਤੋਂ ਬਾਦ ਯਿਦਿਸ਼ ਵਿਚ ਨਾਅਰੇ ਲੱਗੇ - ਸਾਡੀ ਗੋਲਡਾ, ਪਿਆਰੀ ਗੋਲਡਾ, ਸਲਾਮ ਗੋਲਡਾ। ਕੋਈ ਹੱਸ ਰਿਹਾ ਸੀ ਕੋਈ ਰੋ ਰਿਹਾ ਸੀ ਕੋਈ ਹੱਥ ਹਿਲਾ ਰਿਹਾ ਸੀ। ਇਨ੍ਹਾਂ ਦਾ ਸ਼ੁਕਰਾਨਾ ਕਿਵੇਂ ਕੀਤਾ ਜਾਏ ? ਉਚੀ ਥਾਂ ਤੇ ਖਲੋ ਕੇ ਗੋਲਡਾ ਨੇ ਉਚੀ ਆਵਾਜ਼ ਵਿਚ ਯਿਦਿਸ਼ ਵਾਕ ਬੋਲਿਆ - ਸ਼ੁਕਰਾਨਾ ਰੱਬ ਦਾ, ਤੁਸੀਂ ਯਹੂਦੀ ਹੀ ਰਹੇ। ਬਿਜਲੀ ਵਾਂਗ ਇਹ ਵਾਕ ਹਰੇਕ ਦਿਲ ਦਿਮਾਗ ਵਿਚੋਂ ਦੀ ਝੁਣਝੁਣੀ ਛੇੜਦਾ ਲੰਘਿਆ ਜਿਵੇਂ ਕਿਸੇ ਪੈਗੰਬਰ ਦਾ ਬੋਲ ਹੋਵੇ।

ਭੀੜ ਦਾ ਇਕ ਹਿੱਸਾ ਐਮਬੈਸੀ ਵਿਚ ਨਾਲ ਹੀ ਤੁਰ ਆਇਆ। ਗੱਲ ਕੋਈ ਨਹੀਂ ਹੋ ਰਹੀ ਸੀ, ਸਭ ਖਾਮੋਸ਼ ਪਰ ਕੋਈ ਸੁਨੇਹਾ ਆ ਜਾ ਰਿਹਾ ਸੀ। ਗੋਲਡਾ ਦਾ ਸਾਰਾ ਇਜ਼ਰਾਈਲੀ ਸਟਾਫ ਰੋ ਪਿਆ। ਬਹੁਤੇ ਯਹੂਦੀ ਕਹਿ ਰਹੇ ਸਨ ਜਦੋਂ ਰੱਬ ਦੀ ਰਜ਼ਾ ਹੋਈ ਅਸੀਂ ਇਜ਼ਰਾਈਲ ਤੁਹਾਡੇ ਕੋਲ ਆਕੇ ਰਹਾਂਗੇ ਗੋਲਡੀ। ਕਰਾਮਾਤ, ਸਟਾਲਿਨ ਵਰਗਾ ਸਖਤਜਾਨ ਤਾਨਾਸ਼ਾਹ ਯਹੂਦੀ ਸਪਿਰਿਟ ਨੂੰ ਤੋੜ ਨਾ ਸਕਿਆ। ਭੀੜ ਵਿਚ ਖਲੋਤੀ ਗੋਲਡਾ ਦੀ ਤਸਵੀਰ ਇਕ ਅਖਬਾਰ ਵਿਚ ਛਪੀ। ਵੀਹ ਸਾਲ ਬਾਦ ਤੱਕ ਰੂਸੀ ਯਹੂਦੀ ਇਜ਼ਰਾਈਲ ਵਿਚ ਸ਼ਰਣ ਲੈਣ ਆਉਂਦੇ, ਗੋਲਡਾ ਨੂੰ ਪੀਲੀ ਹੋ ਚੁਕੀ ਇਹ ਫੋਟੋ ਦਿਖਾਉਂਦੇ, ਸਾਂਭ ਸਾਂਭ ਰੱਖੀ ਹੋਈ ਯਾਦਗਾਰ। ਯਹੂਦੀ ਅਰਦਾਸ ਦਾ ਆਖਰੀ ਵਾਕ ਹੈ - ਇੰਸ਼ਾ ਅੱਲਾਹ, ਅਗਲੇ ਸਾਲ ਜੇਰੂਸਲਮ ਵਿਚ ਹੋਵਾਂਗੇ।

ਇਕ ਅੰਗਰੇਜ਼ ਪੱਤਰਕਾਰ ਗੋਲਡਾ ਕੋਲ ਆਕੇ ਕਹਿਣ ਲੱਗਾ - ਅਹਿਰਨ ਬਰਗ ਨੂੰ ਮਿਲਾਵਾਂ? ਗੋਲਡਾ ਨੇ ਕਿਹਾ - ਵਧੀਆ ਰਹੇ, ਹੈ ਉਹ ਵੀ ਯਹੂਦੀ ਪਰਿਵਾਰ ਵਿਚੋਂ। ਚੈਕ ਦੂਤਾਵਾਸ ਵਿਚ ਡਿਨਰ ਸੀ, ਉਹ ਵੀ ਆਇਆ ਹੋਇਆ ਸੀ। ਪੱਤਰਕਾਰ ਨੇ ਗੋਲਡਾ ਨੂੰ ਕਿਹਾ - ਅਹੁ ਬੈਠੈ, ਲਿਆਵਾਂ ? ਗੋਲਡਾ ਨੇ ਕਿਹਾ - ਉਹ ਤਾਂ ਸ਼ਰਾਬੀ ਲਗਦੈ। - ਹਾਂ ਮੈਡਮ, ਰੋਜ਼ ਦਾ ਇਹੀ ਹਾਲ ਐ ਕਾਮਰੇਡ ਦਾ। ਉਹ ਜਾਣਦੈ ਕਿ ਮੂਲੋਂ ਤੁਸੀਂ ਰੂਸ ਦੇ ਵਸਨੀਕ ਹੋ। ਪੱਤਰਕਾਰ ਲੜਖੜਾਉਂਦੇ ਅਹਿਰਨ ਬਰਗ ਨੂੰ ਲੈ ਆਇਆ। ਸਾਹਮਣੇ ਆਕੇ ਰਸ਼ੀਅਨ ਬੋਲਣ ਲੱਗ ਪਿਆ ਤਾਂ ਗੋਲਡਾ ਨੇ ਅੰਗਰੇਜ਼ੀ ਵਿਚ ਕਿਹਾ - ਮੈਂ ਰਸ਼ੀਅਨ ਨਹੀਂ ਬੋਲ ਸਕਦੀ। ਤਲਖੀ ਨਾਲ ਅਹਿਰਨ ਬਰਗ ਬੋਲਿਆ - ਰੂਸ ਵਿਚ ਜੰਮ ਕੇ ਜਿਹੜਾ ਅੰਗਰੇਜ਼ੀ ਬੋਲੇ, ਮੈਂ ਉਹਨੂੰ ਨਫਰਤ ਕਰਦਾਂ। ਗੋਲਡਾ ਬੋਲੀ - ਯਹੂਦੀ ਘਰ ਵਿਚ ਜੰਮ ਕੇ ਜਿਸ ਨੂੰ ਹਿਬਰੂ ਨੀ ਆਉਂਦੀ, ਯਿਦਿਸ਼ ਵੀ ਨਾ ਆਉਂਦੀ ਹੋਵੇ, ਲਾਹਨਤ ਉਸ ਉਪਰ। ਆਲੇ ਦੁਆਲੇ ਇਕੱਤਰ ਹੋਈ ਰੂਸੀਆਂ ਦੀ ਭੀੜ ਨੇ ਅਹਿਰਨਬਰਗ ਵਲ ਨਫਰਤ ਨਾਲ ਦੇਖਿਆ।

ਇਸੇ ਤਰ੍ਹਾਂ ਦੇ ਇਕ ਹੋਰ ਰਾਤਰੀ ਭੋਜ ਤੇ ਰੂਸ ਦਾ ਵਿਦੇਸ਼ ਮੰਤਰੀ ਮੋਲੋਤੋਵ ਆਪਣੀ ਪਤਨੀ ਸਣੇ ਮਿਲਿਆ। ਮਿਸਿਜ਼ ਮੋਲੋਤੋਵ ਨੇ ਯਿਦਿਸ਼ ਵਿਚ ਗੱਲਾਂ ਸ਼ੁਰੂ ਕਰਦਿਆਂ ਕਿਹਾ - ਦੇਰ ਤੋਂ ਤੁਹਾਨੂੰ ਮਿਲਣ ਦੀ ਇੱਛੁਕ ਸਾਂ, ਅੱਜ ਮੌਕਾ ਮਿਲਿਆ। - ਤੂੰ ਯਹੂਦੀ ਹੈ ? ਮਿਸਿਜ਼ ਮੋਲੋਤੋਵ ਨੇ ਕਿਹਾ - ਹਾਂ, ਪੱਕੀ। ਸੁਣਿਐ ਤੁਹਾਡੀ ਧੀ ਤੁਹਾਡੇ ਨਾਲ ਆਈ ਹੈ, ਕਿਥੇ ਹੈ ? ਗੋਲਡਾ ਨੇ ਬੁਲਾ ਲਈ, ਸਾਰਾ ਨੇ ਵੀ ਯਿਦਿਸ਼ ਵਿਚ ਗੱਲਾਂ ਕੀਤੀਆਂ। ਮਿਸਿਜ਼ ਮੋਲੋਤੋਵ ਬਾਦ ਵਿਚ ਗ੍ਰਿਫਤਾਰ ਕਰ ਲਈ ਗਈ। ਯਹੂਦੀਆਂ ਨੇ ਇਕ ਇਜ਼ਰਾਈਲੀ ਦੂਤ ਦਾ ਇਨਾ ਆਦਰ ਕਿਉਂ ਕੀਤਾ, ਇਸ ਦੇ ਫਲਸਰੂਪ ਪਹਿਲਾਂ ਮਾਸਕੋ ਦਾ ਯਿਦਿਸ਼ ਥਿਏਟਰ ਬੰਦ ਕੀਤਾ, ਫਿਰ ਯਿਦਿਸ਼ ਅਖਬਾਰ ਬੰਦ, ਫਿਰ ਯਿਦਿਸ਼ ਪ੍ਰਕਾਸ਼ਨ ਹਾਊਸ ਬੰਦ। ਇਸ ਗੱਲ ਦੀ ਪ੍ਰਵਾਹ ਨਹੀਂ ਕਿ ਇਹ ਸਾਰੇ ਅਦਾਰੇ ਕਮਿਊਨਿਸਟ ਲਾਈਨ ਉਤੇ ਚੱਲ ਰਹੇ ਸਨ ਪਰ ਇਜ਼ਰਾਈਲ ਵਿਚ ਦਿਲਚਸਪੀ ਲੈਣ ਦੀ ਕੀ ਵਜਾ ? ਪੰਜ ਮਹੀਨੇ ਬਾਦ ਇਕ ਵੀ ਯਹੂਦੀ ਨੇ ਗੋਲਡਾ ਨਾਲ ਸੰਪਰਕ ਕਰਨ ਦੀ ਜੁਰਅਤ ਨਹੀਂ ਕੀਤੀ। ਸੱਤ ਮਹੀਨੇ ਦੀ ਕੁਲ ਅਉਧ ਰੂਸ ਵਿਚ ਬਿਤਾ ਕੇ ਉਹ ਇਜ਼ਰਾਈਲ ਪਰਤ ਆਈ ਤੇ ਲੇਬਰ ਅਤੇ ਮਕਾਨ ਉਸਾਰੀ ਮੰਤਰੀ ਵਜੋਂ ਗੁਰੀਓਂ ਦੀ ਵਜ਼ਾਰਤ ਵਿਚ ਸ਼ਾਮਲ ਹੋ ਗਈ। ਪੁਜਾਰੀਆਂ

ਨੇ ਇਕ ਔਰਤ ਨੂੰ ਏਡਾ ਰੁਤਬਾ ਦੇਣ ਖਿਲਾਫ ਰੋਸ ਕੀਤਾ ਪਰ ਜਦੋਂ ਦੱਸਿਆ ਗਿਆ ਕਿ ਪੁਰਾਤਨ ਸਮੇਂ *ਦੇਬੋਰਾ* ਨਾਮ ਕੀ ਇਕ ਔਰਤ ਯਹੂਦੀਆਂ ਦੀ ਜੱਜ ਰਹੀ ਹੈ ਤਾਂ ਚੁੱਪ ਹੋ ਗਏ। ਸੱਤ ਸਾਲ ਦਾ ਉਸਦਾ ਮੰਤਰਾਲੇ ਦਾ ਸਮਾਂ ਸਭ ਤੋਂ ਵਧੀਕ ਖੁਸ਼ੀ ਦਾ ਸਮਾਂ ਰਿਹਾ।

ਅਰਬਾਂ ਨੇ ਜੰਗਬੰਦੀ ਤਾਂ ਕਰ ਲਈ ਪਰ ਬਾਰਡਰ ਪਾਰ ਕਰਕੇ ਹਥਿਆਰਬੰਦ ਗ੍ਰੋਹ ਆਉਂਦੇ, ਲੁਟਮਾਰ, ਅਗਜ਼ਨੀ ਅਤੇ ਕਤਲ ਕਰਕੇ ਪਰਤ ਜਾਂਦੇ, ਫਲਸਰੂਪ ਹੱਦਾਂ ਤੇ ਵਸਦੇ ਯਹੂਦੀਆਂ ਦੀ ਜ਼ਿੰਦਗੀ ਨਰਕ ਸਮਾਨ ਸੀ। ਦੋ ਸਾਲਾਂ ਵਿਚ ਦੁਨੀਆਂ ਭਰ ਵਿਚੋਂ ਯਹੂਦੀ ਸ਼ਰਨਾਰਥੀ ਆਉਣ ਕਾਰਨ ਆਬਾਦੀ ਦੁੱਗਣੀ ਹੋ ਗਈ ਜਿਨ੍ਹਾਂ ਨੂੰ ਵਸਾਉਣਾ ਤੇ ਰੁਜ਼ਗਾਰ ਦੇਣਾ ਸੀ। ਭਾਂਤ ਸੁਭਾਂਤੀਆਂ ਬੋਲੀਆਂ, ਭਾਂਤ ਸੁਭਾਂਤੇ ਲਿਬਾਸ, ਭਿੰਨ ਭਿੰਨ ਕਲਚਰ ਬਸ ਇਕੋ ਚੀਜ਼ ਸਾਂਝੀ – ਸਭ ਯਹੂਦੀ, ਸਭ ਨੂੰ ਹਿਬਰੂ ਬਾਈਬਲ ਪੜ੍ਹਨੀ ਆਉਂਦੀ ਹੁੰਦੀ। ਕੁੱਝ ਬੱਚੇ ਤਾਂ ਇੰਜੀਲ ਉਲਟੇ ਪਾਸਿਓਂ ਵੀ ਪੜ੍ਹ ਲੈਂਦੇ ਸਨ ਯਾਨੀ ਕਿ ਇਕ ਬੱਚਾ ਬਾਈਬਲ ਪੜ੍ਹ ਰਿਹਾ ਹੁੰਦਾ, ਉਸਦੇ ਸਾਹਮਣੇ ਬੈਠਾ ਬੱਚਾ ਦੂਜੇ ਪਾਸਿਓਂ ਉਸ ਕੇ ਨਾਲ ਨਾਲ ਪੜ੍ਹੀ ਜਾਂਦਾ।

ਸਾਲ 1949 ਵਿਚ 48 ਹਜ਼ਾਰ ਯਹੂਦੀ ਯਮਨ ਤੋਂ ਹਵਾਈ ਜਹਾਜ਼ਾਂ ਰਾਹੀਂ ਇਜ਼ਰਾਈਲ ਪੁੱਜੇ ਕਿਉਂਕਿ ਅਰਬਾਂ ਨੇ ਸੁਏਜ਼ ਨਹਿਰ ਯਹੂਦੀਆਂ ਦੇ ਲਾਂਘੇ ਵਾਸਤੇ ਬੰਦ ਕਰ ਦਿੱਤੀ ਸੀ। ਇਕ ਬਜ਼ੁਰਗ ਜਹਾਜ਼ ਤੋਂ ਹੇਠਾਂ ਉਤਰਿਆ ਤਾਂ ਗੋਲਡਾ ਨੇ ਪੁੱਛਿਆ – ਪਹਿਲਾਂ ਕਦੀ ਜਹਾਜ਼ ਦੀ ਸਵਾਰੀ ਕੀਤੀ ? ਬਜ਼ੁਰਗ ਨੇ ਕਿਹਾ – ਸਵਾਰੀ ? ਮੈਂ ਤਾਂ ਕਦੀ ਹੱਥ ਲਾ ਕੇ ਨਹੀਂ ਦੇਖਿਆ ਸੀ। ਫਿਰ ਪੁੱਛਿਆ – ਡਰ ਨੀ ਲੱਗਾ ? ਬੋਲਿਆ – ਡਰ ਕਾਹਦਾ ? ਬਾਈਬਲ ਵਿਚ ਲਿਖਿਆ ਤਾਂ ਹੋਇਐ – ਉਹ ਬਾਜ਼ਾਂ ਦੇ ਖੰਭਾਂ ਉਪਰ ਬੈਠ ਕੇ ਉਡ ਆਉਣਗੇ। ਜਦੋਂ ਇਸ ਯਾਤਰੀ ਨੇ ਹਿਬਰੂ ਦਾ ਇਹ ਮੂਲ ਵਾਕ ਸੁਣਾਇਆ, ਉਸਦੀਆਂ ਅੱਖਾਂ ਵਿਚ ਖੁਸ਼ੀ ਅਤੇ ਸ਼ੁਕਰਾਨੇ ਦੀ ਲਿਸ਼ਕ ਝਲਕੀ।

ਇਨ੍ਹਾਂ ਲੋਕਾਂ ਨੂੰ ਵਸਾਉਣ ਵਾਸਤੇ ਬਹੁਤ ਵਡੀ ਰਕਮ ਚਾਹੀਦੀ ਸੀ। ਕਿਉਂਕਿ ਆਲੇ ਦੁਆਲੇ ਦੁਸ਼ਮਣ ਹੱਦਾਂ ਸਨ, ਧਨ ਦਾ ਬਹੁਤਾ ਹਿੱਸਾ ਤਾਂ ਫੌਜ ਅਤੇ ਹਥਿਆਰ ਚੱਟ ਜਾਂਦੇ। ਰਫੂਜੀਆਂ ਨੂੰ ਕੰਮ ਦੇਣਾ ਹੈ, ਕਿਹੜਾ ਕੰਮ ? ਨਾ ਇਨ੍ਹਾਂ ਨੇ ਮਕਾਨ ਉਸਾਰੀ ਕੀਤੀ, ਨਾ ਖੇਤੀਬਾੜੀ, ਚਲੋ ਸੜਕਾਂ ਬਣਾਈਏ। ਪਰ ਸੜਕ ਬਣਾਉਣ ਦੀ ਨਿਗਰਾਨੀ ਅਤੇ ਅਗਵਾਈ ਕੌਣ ਕਰੇ ? ਚਲੋ ਫੋਰਮੈਨ ਲੱਭ ਲਿਆ, ਸੜਕ ਬਣਾਉਣ ਲਈ ਸਮਾਨ ਅਤੇ ਮਸ਼ੀਨਰੀ ? ਉਹ ਵੀ ਆ ਗਈ, ਇਕ ਫੋਰਮੈਨ ਨੂੰ ਦਸ ਮਜ਼ਦੂਰ ਦੇ ਦਿੱਤੇ, ਇਹ ਦਸ ਜਣੇ ਦਸ ਦੇਸਾਂ ਵਿਚੋਂ ਆਏ ਹਨ, ਕਿਸੇ ਨੂੰ ਨਾ ਫੋਰਮੈਨ ਦੀ ਬੋਲੀ ਸਮਝ ਆਏ ਨਾ ਇਕ ਦੂਜੇ ਦੀ। ਫਿਰ ਵੀ ਕ੍ਰਿਸ਼ਮਾ ਹੋਇਆ। ਸੜਕਾਂ ਬਣੀਆਂ। ਗੋਲਡਾ ਦੇ ਸਤਿਕਾਰ ਵਜੋਂ ਇਨ੍ਹਾਂ ਸੜਕਾਂ ਦਾ ਨਾਮ ਗੋਲਡਨ ਰੋਡਜ਼ ਰੱਖਿਆ ਗਿਆ।

ਦਾਨ ਬਥੇਰਾ ਲੈ ਲਿਆ, ਇਜ਼ਰਾਈਲ ਮੰਗਤਾ ਨਹੀਂ ਰਹਿਣਾ ਚਾਹੀਦਾ, ਪਰ ਪੈਸੇ ਤਾਂ ਚਾਹੀਦੇ ਹਨ, ਗੋਲਡਾ ਨੇ ਕਿਹਾ – ਕਰਜ਼ਾ ਮੰਗੀਏ। ਵਜ਼ਾਰਤ ਹੱਸੀ, ਮੰਗਤਿਆਂ ਨੂੰ ਕਰਜ਼ਾ ਕੌਣ ਦਏਗਾ ? ਜ਼ਮਾਨਤ ਕਿਸ ਦੀ ਦਿਆਂਗੇ ? ਗੋਲਡਾ ਫਿਰ ਦੁਨੀਆਂ ਵਿਚ ਕਰਜ਼ੇ ਵਾਸਤੇ ਘੁੰਮੀ, ਕਿਸੇ ਨੇ ਜ਼ਮਾਨਤ ਬਾਰੇ ਸਵਾਲ ਨਾ ਕੀਤਾ ਪਰ ਆਪੇ ਆਖ ਦਿੰਦੀ – ਅਣਖੀਲੇ ਯਹੂਦੀਆਂ ਨੂੰ ਛੱਤ ਮਿਲ ਜਾਏਗੀ ਤਾਂ ਉਨ੍ਹਾਂ ਦੇ ਬੱਚੇ ਵੱਡੇ ਹੋਕੇ ਤੁਹਾਡਾ ਕਰਜ਼ਾ ਲਾਹ ਦੇਣਗੇ, ਮੈਂ ਇਜ਼ਰਾਈਲ ਦੇ ਬੱਚਿਆ ਨੂੰ ਤੁਹਾਡੇ ਕੋਲ ਗਹਿਣੇ ਰੱਖਣ ਆਈ ਹਾਂ। ਦੁਨੀਆਂ ਨੇ ਵਡੀਆਂ ਰਕਮਾਂ ਦੇਕੇ ਬਾਂਡ ਖਰੀਦੇ ਤੇ ਰਫੂਜੀਆਂ ਨੂੰ ਘਰ ਮਿਲ ਗਏ। ਅੰਧਕਾਰ ਦਾ ਸਾਹਮਣਾ ਕਰਦੇ, ਨੀਵੀਂ ਪਾਈ, ਲੀਰ ਲੀਰ ਲਿਬਾਸ ਪਹਿਨੀ ਫਿਰਦੇ ਮਾਯੂਸ ਯਹੂਦੀਆਂ ਦੇ ਹੱਥਾਂ ਵਿਚ ਕਹੀਆਂ ਕੁਹਾੜੀਆਂ, ਖੁਰਪੇ, ਗੈਂਤੀਆਂ, ਔਂਦੀਆਂ ਉਨ੍ਹਾਂ ਦੇ ਹੋਠਾਂ ਤੇ ਮੁਸਕਾਨ ਆ ਜਾਂਦੀ। ਸਾਲ 1951 ਦੇ ਅਖੀਰ ਤੱਕ ਤਿੰਨ ਬਿਲੀਅਨ ਡਾਲਰ ਦੇ ਬਾਂਡ ਵਿਕ ਗਏ।

ਯੂ.ਐਨ.ਓ. ਨੇ ਸਲਾਹ ਦਿੱਤੀ ਕਿ ਰੋਜ਼ਾਨਾ ਖੂਨ ਖਰਾਬਾ ਨਾ ਹੋਵੇ, ਜੇਰੂਸਲਮ ਨੂੰ ਵੈਟੀਕਨ ਸਿਟੀ ਵਜੋਂ ਐਲਾਨ ਕਰ ਦਿੱਤਾ ਜਾਵੇ ਪਰ ਅਰਬ ਤੇ ਯਹੂਦੀ ਦੋਵੇਂ ਧਿਰਾਂ ਸਹਿਮਤ ਹੋਣ। ਇਥੇ ਅੰਤਰਰਾਸ਼ਟਰੀ ਪੁਲਿਸ ਹੋਵੇਗੀ ਤੇ ਯੂ.ਐਨ.ਓ. ਆਪਣਾ ਗਵਰਨਰ ਨਿਯੁਕਤ ਕਰੇਗੀ। ਅਰਬਾਂ ਨੇ

www.punjabilibrary.com

ਇਹ ਵਿਉਂਤ ਰੱਦ ਕਰ ਦਿੱਤੀ। ਯਹੂਦੀ, ਅਰਬਾਂ ਦੇ ਫੈਸਲੇ ਤੋਂ ਖੁਸ਼ ਹੋਏ ਕਿਉਂਕਿ ਯਹੂਦੀਆਂ ਦੀ ਇਥੇ ਗਿਣਤੀ ਇਕ ਲੱਖ ਸੀ ਤੇ 1948 ਦੇ ਸਾਲ ਮੁਸਲਮਾਨਾਂ ਦੀ ਗਿਣਤੀ 65 ਹਜ਼ਾਰ ਸੀ। ਬਿਨ ਗੁਰੀਓਂ ਨੇ ਐਲਾਨ ਕਰ ਦਿੱਤਾ ਕਿ ਤਲ ਅਵੀਵ ਤੋਂ ਬਦਲ ਕੇ ਰਾਜਧਾਨੀ ਜੇਰੂਸਲਮ ਹੋਏਗੀ, ਵਡੇਰਿਆਂ ਦੇ ਸ਼ਹਿਰ ਵਿਚ, ਪੈਗੰਬਰ ਦਾਊਦ ਦੇ ਸ਼ਹਿਰ ਵਿਚ। ਗੁਰੀਓਂ ਨੇ ਇਹ ਫੈਸਲਾ ਕਾਹਲੀ ਵਿਚ ਇਸ ਲਈ ਕੀਤਾ ਕਿ ਕਿਤੇ ਅਰਬਾਂ ਦੇ ਵਿਰੋਧ ਦੇ ਬਾਵਜੂਦ ਯੂ.ਐਨ.ਓ. ਇਸ ਸ਼ਹਿਰ ਨੂੰ ਵੈਟੀਕਨ ਦਾ ਦਰਜਾ ਨੇ ਦੇ ਦੇਵੇ। ਮਿਸਰ ਅਤੇ ਜਾਰਡਨ ਦੀਆਂ ਫੌਜਾਂ ਦੇ ਬੰਬਾਂ ਨੇ ਸ਼ਹਿਰ ਵਿਚ ਤਬਾਹੀ ਮਚਾ ਦਿੱਤੀ। ਦੁਨੀਆਂ ਦੇ ਕਿਸੇ ਦੇਸ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਸਾਰੇ ਦੂਤਾਵਾਸ ਸੁਰੱਖਿਆ ਕਾਰਨਾ ਕਰਕੇ ਤਲ ਅਵੀਵ ਰਹੇ, ਬਾਕੀ ਸਰਕਾਰ ਜੇਰੂਸਲਮ ਪੁੱਜ ਗਈ।

ਇਜ਼ਰਾਈਲ ਵਿਚੋਂ ਜਿਹੜੇ ਮੁਸਲਮਾਨ ਬਾਰਡਰ ਪਾਰ ਕਰਕੇ ਦੂਜੇ ਦੇਸਾਂ ਵਿਚ ਚਲੇ ਜਾਂਦੇ ਉਨ੍ਹਾਂ ਦੇ ਘਰ ਰਫੂਜੀਆਂ ਨੂੰ ਅਲਾਟ ਕਰ ਦਿੱਤੇ ਜਾਂਦੇ। ਜੇ ਪਹਿਲਾ ਮਾਲਕ ਵਾਪਸ ਆ ਜਾਂਦਾ ਉਸ ਨੂੰ ਘਰ ਵਾਪਸ ਦੇ ਦਿੱਤਾ ਜਾਂਦਾ ਜਾਂ ਉਹ ਕਿਸੇ ਹੋਰ ਵਧੀਕ ਸੁਰੱਖਿਅਤ ਥਾਂ ਤੇ ਰਹਿਣਾ ਚਾਹੁੰਦਾ ਤਦ ਉਸਨੂੰ ਨਵਾਂ ਘਰ ਦਿੱਤਾ ਜਾਂਦਾ, ਮੁਆਵਜ਼ਾ ਮੰਗਦਾ ਤਾਂ ਮੁਆਵਜ਼ਾ ਦਿੱਤਾ ਜਾਂਦਾ। ਅਜਿਹਾ ਕਰਨ ਵੇਲੇ ਉਸ ਤੋਂ ਭਵਿੱਖ ਵਿਚ ਵਫਾਦਾਰ ਰਹਿਣ ਦਾ ਕੋਈ ਇਕਰਾਰਨਾਮਾ ਨਹੀਂ ਮੰਗਿਆ ਜਾਂਦਾ ਸੀ। ਕਈ ਵਾਰ ਕ੍ਰੋਧਵਾਨ ਹੋਕੇ ਯਹੂਦੀ ਰਫ਼ੂਜ਼ੀ ਚੀਕਦੇ - ਸਾਡੇ ਨਾਲੋਂ ਮੁਸਲਮਾਨਾ ਦੀ ਵਧੀਕ ਕਦਰ ਹੋ ਰਹੀ ਹੈ। ਹਇਫਾ ਸ਼ਹਿਰ ਦੇ ਮੁਸਲਮਾਨ ਹਿਜਰਤ ਕਰਕੇ ਬਾਰਡਰ ਪਾਰ ਕਰਨ ਲੱਗੇ, ਗੋਲਡਾ ਤੁਰੰਤ ਪੁੱਜੀ, ਰੁਕਣ ਲਈ ਅਰਜ਼ ਕੀਤੀ, ਸੁਰੱਖਿਆ ਦਾ ਭਰੋਸਾ ਦਿੱਤਾ, ਕਿਹਾ ਕਿ ਗੁਰਬਤ ਦਾ ਦੈਂਤ ਤੁਹਾਨੂੰ ਉਥੇ ਨਿਗਲ ਜਾਏਗਾ। ਮੁਸਲਮਾਨਾ ਨੇ ਕਿਹਾ - ਕਿਸੇ ਡਰ ਕਾਰਨ ਨਹੀਂ, ਬੀਬੀ ਸਾਨੂੰ ਸਾਡੇ ਅਰਬ ਭਰਾਵਾਂ ਨੇ ਹੁਕਮ ਦਿੱਤਾ ਹੈ ਕਿ ਇਜ਼ਰਾਈਲ ਵਿਚੋਂ ਨਿਕਲੋ, ਨਾ ਨਿਕਲੇ ਤਾਂ ਉਹ ਸਾਨੂੰ ਗੱਦਾਰ ਕਹਿਣਗੇ। 1948 ਦੇ ਅਖੀਰ ਤੱਕ ਛੇ ਲੱਖ ਮੁਸਲਮਾਨ ਹਿਜਰਤ ਕਰ ਗਏ। ਤਾਂ ਵੀ ਅਜੇ ਬਹੁਤ ਵਡੀ ਗਿਣਤੀ ਮੁਸਲਮਾਨਾਂ ਨੇ ਇਜ਼ਰਾਈਲ ਵਿਚ ਟਿਕੇ ਰਹਿਣ ਦਾ ਫੈਸਲਾ ਕੀਤਾ। ਹਾਂ ਮੁਸਲਮਾਨਾਂ ਦੇ ਵੱਖਰੇ ਪਿੰਡ ਸਨ ਯਹੂਦੀਆਂ ਦੇ ਵੱਖਰੇ। ਵੀਹ ਸਾਲ ਦੇ ਸਮੇਂ ਵਿਚ ਇਕ ਵੀ ਪਿੰਡ ਅਜਿਹਾ ਨਹੀਂ ਰਿਹਾ ਸੀ ਜਿਥੇ ਬਿਜਲੀ ਅਤੇ ਪਾਣੀ ਨਾ ਪੁਜਦਾ ਹੋਵੇ। ਅਰਬ ਦੇਸਾਂ ਦੇ ਪਿੰਡਾਂ ਵਿਚ ਲੋਕਾਂ ਦੀ ਦੁਰਦਸ਼ਾ ਸੀ।

ਗੈਲੀਲੀ ਦੇ ਇਕ ਪਿੰਡ ਦੀ ਵਸੋਂ ਪਹਾੜੀ ਤੇ ਸੀ, ਸੜਕ ਨਹੀਂ ਸੀ। ਸੜਕ ਬਣਾ ਦਿੱਤੀ, ਉਦਘਾਟਨ ਵਾਸਤੇ ਗੋਲਡਾ ਪਿੰਡ ਗਈ। ਸਭ ਨੇ ਸ਼ੁਕਰਾਨਾ ਕੀਤਾ। ਰਿਵਾਜ ਦੇ ਉਲਟ ਇਕ ਮੁਸਲਮਾਨ ਔਰਤ ਖਲੋਕੇ ਬੋਲੀ - ਬੀਬੀ ਮਰਦਾਂ ਦੇ ਪੈਰਾਂ ਨੂੰ ਸੜਕ ਕਾਰਨ ਆਰਾਮ ਮਿਲਿਆ ਹੈ, ਸਹੀ, ਪਰ ਸਾਡੇ ਸਿਰਾਂ ਨੂੰ ਵੀ ਕਦੀ ਆਰਾਮ ਮਿਲੇਗਾ ? ਉਸ ਦਾ ਮਤਲਬ ਸੀ ਕਿ ਪਿੰਡ ਪਹਾੜੀ ਉਪਰ ਹੈ ਤੇ ਖੂਹ ਹੇਠਾਂ ਨੀਵੇਂ ਥਾਂ। ਪਾਣੀ ਉਪਰ ਪੁੱਜਣਾ ਚਾਹੀਦੈ ਤਾਂ ਕਿ ਘੜਿਆਂ ਦੀ ਢੁਆਈ ਤੋਂ ਬਚਿਆ ਜਾ ਸਕੇ। ਅਗਲੇ ਸਾਲ ਪਾਣੀ ਦੀਆਂ ਟੂਟੀਆਂ ਦਾ ਉਦਘਾਟਨ ਕਰ ਆਈ।

ਪੰਜ ਸਾਲ ਦੀ ਮਿਆਦ ਪੂਰੀ ਕਰਨ ਪਿਛੋਂ ਪ੍ਰਧਾਨ ਮੰਤਰੀ ਬਿਨ ਗੁਰੀਓਂ ਨੇ ਐਲਾਨ ਕੀਤਾ ਕਿ ਹੁਣ ਬਾਕੀ ਸਮਾਂ ਆਰਾਮ ਕਰਾਂਗਾ, ਕਿਸੇ ਹੋਰ ਨੂੰ ਇਹ ਜ਼ਿਮੇਵਾਰੀ ਦਿਉ। ਬੜਾ ਮਨਾਇਆ, ਕੋਈ ਅਸਰ ਨਹੀਂ, ਕਹਿਣ ਲੱਗਾ - ਦੁਪਹਿਰ ਤੱਕ ਸਾਂਝੇ ਫਾਰਮ ਵਿਚ ਪਸ਼ੂ ਚਾਰਾਂਗਾ, ਬਾਦ ਦੁਪਹਿਰ ਪੜ੍ਹਨ ਲਿਖਣ ਦਾ ਕੰਮ ਕਰਾਂਗਾ। ਗੱਲਾਂ ਨਾਲ ਸਹਿਮਤੀ ਹਾਸਲ ਕਰਨ ਦੀ ਥਾਂ ਉਹ ਫੈਸਲੇ ਕਰੀ ਜਾਂਦਾ ਜਿਹੜੇ ਕਿ ਆਖਰ ਸਹੀ ਸਾਬਤ ਹੁੰਦੇ। ਜਦੋਂ ਕੋਈ ਮੰਤਰੀ ਉਸਨੂੰ ਨਵੀਂ ਸਲਾਹ ਦਿੰਦਾ, ਉਸਦਾ ਇਕੋ ਸਵਾਲ ਹੁੰਦਾ - ਲੰਮੀ ਅਉਧ ਪਿਛੋਂ ਕੀ ਇਹ ਕੰਮ ਦੇਸ ਲਈ ਲਾਭਦਾਇਕ ਰਹੇਗਾ ? ਕਿਹਾ ਕਰਦਾ - ਮੈਨੂੰ ਲੋਕ ਰਾਇ ਦੀ, ਵਿਸ਼ਵ ਰਾਇ ਦੀ ਪ੍ਰਵਾਹ ਨਹੀਂ। ਬਿਆਨਾ ਅਤੇ ਸੰਪਾਦਕੀਆਂ ਦੀ ਕਿਰਪਾ ਸਦਕਾ ਨਹੀਂ, ਸਹੀ ਕੰਮਾਂ ਸਦਕਾ ਇਜ਼ਰਾਈਲ ਦੁਖਾਂ ਤੋਂ ਮੁਕਤ ਹੋਵੇਗਾ। ਦੁਨੀਆਂ ਜੋ ਕਹਿੰਦੀ ਹੈ, ਕਹੀ ਜਾਏ। ਸ਼ੈਰੇ ਪ੍ਰਧਾਨ ਮੰਤਰੀ ਚੁਣਿਆ ਗਿਆ।

ਗੁਰੀਓਂ ਨੇ ਗੁਸੇ ਵਿਚ ਆਕੇ ਇਕ ਵਾਰ ਕਿਸੇ ਵਜ਼ੀਰ ਨੂੰ ਬੇਈਮਾਨ ਕਹਿ ਦਿੱਤਾ ਸੀ ਤਾਂ ਗੋਲਡਾ ਬੋਲੀ - ਅਕਲਮੰਦ ਹੋਣਾ ਕਿਸੇ ਦੇ ਵਸ ਦੀ ਗੱਲ ਨਹੀਂ ਹੁੰਦੀ, ਕਈ ਬੰਦੇ ਜਮਾਂਦਰੂ ਮੂਰਖ ਹੁੰਦੇ ਹਨ, ਤਾ ਕੀ? ਰੱਬ ਨੇ ਜਿਵੇਂ ਚਾਹਿਆ ਬਣਾ ਦਿਤੇ। ਪਰ ਗੁਰੀਓਂ ਇਹ ਮੈਂ ਤੁਹਾਨੂੰ ਦੱਸ ਦਿਆਂ ਕੋਈ ਬੰਦਾ ਜਮਾਂਦਰੂ ਬੇਈਮਾਨ ਨਹੀਂ ਹੁੰਦਾ। ਬੇਈਮਾਨੀ ਸਿੱਖਣੀ ਪੈਂਦੀ ਹੈ। ਮੈਨੂੰ ਫਖਰ ਹੈ ਕਿ ਸਾਡੇ ਵਿਚੋਂ ਕੋਈ ਬੇਈਮਾਨੀ ਦੀ ਸਿਖਲਾਈ ਲੈਣ ਸਕੂਲ ਨਹੀਂ ਗਿਆ।

1956 ਵਿਚ ਗੋਲਡਾ ਨੂੰ ਵਿਦੇਸ਼ ਮੰਤਰਾਲਾ ਦਿੱਤਾ ਗਿਆ। ਮਿਸਰ ਦੇ ਫਿਦਾਈਨ ਗੁਰੀਲੇ ਗਾਜ਼ਾ ਪੱਟੀ ਵਲੋਂ ਮਾਰੂ ਹਮਲੇ ਕਰਦੇ। ਜਾਰਡਨ, ਸੀਰੀਆ ਤੇ ਲੈਬਨਾਨ ਵਿਚ ਵੀ ਉਨ੍ਹਾਂ ਦੇ ਅੱਡੇ ਸਨ। ਉਹ ਇਜ਼ਰਾਈਲ ਦੇ ਐਨ ਵਿਚਕਾਰ ਤੱਕ ਪੁੱਜ ਕੇ ਮਾਰੋ ਮਾਰ ਕਰਦੇ, ਕਰਨਲ ਨਾਸਰ ਨੇ ਮਿਸਰ ਦੀ ਹਕੂਮਤ ਸੰਭਾਲਦਿਆਂ ਕਿਹਾ - ਸਾਨੂੰ ਜਹਾਦ ਕਰਨ ਦਾ ਅਧਿਕਾਰ ਹੈ। ਕਾਇਰੋ ਰੇਡੀਓ ਤੋਂ ਐਲਾਨ ਆਉਂਦਾ- ਆਪਣੀ ਹੋਣੀ ਉਪਰ ਰੋ ਲੈ ਇਜ਼ਰਾਈਲ, ਤੇਰਾ ਅੰਤ ਨੇੜੇ ਹੈ।

ਚੈਕੋਸਲਵਾਕੀਆ ਉਪਰ ਰੂਸ ਦਾ ਕੰਟਰੋਲ ਸੀ, ਚੈੱਕ ਸਰਕਾਰ ਨੇ ਮਿਸਰ ਨਾਲ ਹਥਿਆਰਾਂ ਦੀ ਸੰਧੀ ਕਰ ਲਈ। ਰੂਸ ਨੇ ਟੈਂਕਾਂ ਸਮੇਤ ਭਾਰੀ ਮਾਤਰਾ ਵਿਚ ਮਿਸਰ ਨੂੰ ਹਥਿਆਰ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ ਜਿਹੜੇ ਆਖਰ ਇਜ਼ਰਾਈਲ ਵਿਰੁੱਧ ਵਰਤੇ ਜਾਣੇ ਸਨ। ਰੂਸ ਨੇ ਪਾਪੀ ਵਿਚਾਰਧਾਰਾ ਜ਼ੀਓਨਿਜ਼ਮ ਦਾ ਖਾਤਮਾ ਕਰਨਾ ਸੀ। ਮਾਸਕੋ ਤੋਂ *ਡਾਕਟਰਾਂ ਦੀ ਸਾਜ਼ਿਸ਼* ਨਾਮ ਦੀ ਖਬਰ ਨਸ਼ਰ ਹੋਈ ਕਿ ਨੌ ਡਾਕਟਰਾਂ ਨੇ ਸਟਾਲਿਨ ਸਮੇਤ ਹੋਰ ਲੀਡਰਾਂ ਨੂੰ ਕਤਲ ਕਰਨਾ ਚਾਹਿਆ ਸੀ ਜਿਨ੍ਹਾਂ ਵਿਚੋਂ ਛੇ ਯਹੂਦੀ ਸਨ। ਇਨ੍ਹਾਂ ਡਾਕਟਰਾਂ ਉਪਰ ਅਖੌਤੀ ਮੁਕੱਦਮਾ ਚਲਾਉਂਦਿਆ ਯਹੂਦੀਆਂ ਨੂੰ ਬਦਨਾਮ ਕੀਤਾ। ਫਿਰ ਤਲ ਅਵੀਵ ਸਥਿਤ ਰੂਸੀ ਦੂਤਾਵਾਸ ਦੇ ਅਹਾਤੇ ਵਿਚ ਬੰਬ ਫਟ ਗਿਆ। ਰੂਸ ਨੇ ਪੂਰੀ ਤਲਖੀ ਦਿਖਾਂਦਿਆਂ ਇਸ ਦੀ ਜ਼ਿਮੇਵਾਰੀ ਇਜ਼ਰਾਈਲੀ ਸਰਕਾਰ ਉਪਰ ਸੁੱਟ ਕੇ ਆਪਣੇ ਸਬੰਧ ਤੋੜ ਲਏ।

ਉਧਰ ਰੂਸ, ਮਿਸਰ ਨੂੰ ਧੜਾਧੜ ਮੁਫਤ ਹਥਿਆਰ ਦੇ ਰਿਹਾ ਸੀ, ਇਧਰ ਅਮਰੀਕਾ ਅਤੇ ਇੰਗਲੈਂਡ ਨੇ ਇਜ਼ਰਾਈਲ ਨੂੰ ਹਥਿਆਰ ਵੇਚਣ ਤੋਂ ਵੀ ਇਨਕਾਰ ਕਰ ਦਿੱਤਾ। ਅਮਰੀਕਾ ਨੇ ਕਹਿ ਦਿੱਤਾ - ਕੈਨੇਡਾ ਜਾਂ ਫਰਾਂਸ ਤੋਂ ਇਜ਼ਰਾਈਲ ਹਥਿਆਰ ਖਰੀਦ ਲਵੇ ਤਾਂ ਇਤਰਾਜ਼ ਨਹੀਂ। ਫਰਾਂਸ ਨੇ ਅਮਰੀਕਾ ਦੇ ਐਲਾਨ ਤੋਂ ਪਹਿਲਾ ਹੀ ਹਥਿਆਰ ਦੇਣ ਦਾ ਐਲਾਨ ਕਰ ਦਿੱਤਾ, ਉਸ ਨੇ ਅਮਰੀਕਾ ਤੋਂ ਆਗਿਆ ਲੈਣ ਦੀ ਲੋੜ ਨਹੀਂ ਸਮਝੀ। ਉਧਰ ਮਿਸਰ ਨਾਲ ਸੀਰੀਆ ਨੇ ਸੰਧੀ ਕਰ ਲਈ। ਮਿਸਰ ਨੇ ਸੁਏਜ਼ ਨਹਿਰ ਦਾ ਕੌਮੀਕਰਣ ਕਰਕੇ ਇਜ਼ਰਾਈਲ ਲਈ ਰਸਤਾ ਬੰਦ ਕਰ ਦਿੱਤਾ ਪਰ ਇਸ ਨਾਲ ਫਰਾਂਸ ਅਤੇ ਇੰਗਲੈਂਡ ਦੇ ਵਪਾਰ ਵਿਚ ਵੀ ਵਿਘਨ ਪੈਂਦਾ ਸੀ, ਸੋ ਦੋਹਾਂ ਲਈ ਸਿਆਸੀ ਮਜਬੂਰੀਆਂ ਕਾਰਨ ਇਜ਼ਰਾਈਲ ਦੀ ਮਦਦ ਕਰਨੀ ਜਰੂਰੀ ਹੋ ਗਈ। ਫੈਸਲਾ ਹੋ ਗਿਆ ਕਿ ਐਤਕਾਂ ਅਰਬਾਂ ਨੂੰ ਪਹਿਲ ਨਹੀਂ ਕਰਨ ਦੇਣੀ, 29 ਅਕਤੂਬਰ 1956 ਨੂੰ ਸ਼ਾਮੀ ਹਮਲਾ ਕਰਕੇ ਗਾਜ਼ਾ ਪੱਟੀ ਅਤੇ ਸਿਨਾਈ ਝੀਲ ਸਮੇਤ ਦੁਆਲੇ ਦੀ ਜ਼ਮੀਨ ਮਿਸਰ ਤੋਂ 100 ਘੰਟਿਆਂ ਅੰਦਰ ਖੋਹ ਲੈਣੀ ਹੈ। ਇਹ ਸਾਰਾ ਰਕਬਾ ਇਜ਼ਰਾਈਲ ਦੇ ਉਸ ਵੇਲੇ ਦੇ ਖੇਤਰ ਨਾਲੋਂ ਢਾਈ ਗੁਣਾ ਵੱਧ ਸੀ। ਛੇ ਦਿਨਾਂ ਬਾਦ ਜੰਗਬੰਦੀ ਹੋਵੇਗੀ। ਹੋਈ। ਇਜ਼ਰਾਈਲੀ ਫੌਜਾਂ ਬਾਜ਼ਾਂ ਵਾਂਗ ਝਪਟੀਆਂ। ਮਿਸਰ ਦੇ ਪੈਰ ਉਖੜ ਗਏ, ਫੌਜ ਦਾ ਤੀਜਾ ਹਿੱਸਾ ਤਬਾਹ ਕਰ ਦਿੱਤਾ। ਫਿਦਾਈਨ ਦੀਆਂ ਛੁਪਣ ਗਾਹਾਂ ਭੰਨ ਦਿੱਤੀਆਂ। ਲੱਖਾਂ ਹਥਿਆਰ ਅਤੇ ਕਰੋੜਾਂ ਦੀ ਰਕਮ ਦਾ ਅਣਵਰਤਿਆ ਅਮਨੀਸ਼ਨ ਖੋਹ ਲਿਆ। ਮਿਸਰ ਦੇ 30 ਹਜ਼ਾਰ ਸੈਨਿਕ ਮਾਰੂਥਲ ਵਿਚ ਘਿਰ ਗਏ। ਜੇ ਇਜ਼ਰਾਈਲ ਘੇਰਾ ਬੰਦੀ ਨਾ ਚੁਕਦਾ ਇਨ੍ਹਾਂ ਨੇ ਪਿਆਸ ਨਾਲ ਮਰ ਜਾਣਾ ਸੀ। ਪੰਜ ਹਜ਼ਾਰ ਬੰਦੀ ਬਣਾ ਲਏ, ਬਾਕੀ ਛੱਡ ਦਿੱਤੇ। ਇਨ੍ਹਾਂ ਬੰਦੀਆਂ ਬਦਲੇ ਅਰਬਾਂ ਤੋਂ ਆਪਣੇ ਕੈਦੀ ਛੁਡਾਉਣੇ ਸਨ। ਇਜ਼ਰਾਈਲ ਦੇ 172 ਸੈਨਿਕ ਮਰੇ 800 ਜ਼ਖਮੀ ਹੋਏ। ਜੇ ਹਮਲਾ ਕਰਨ ਵਿਚ ਅਰਬ ਪਹਿਲ ਕਰਦੇ ਤਦ ਨੁਕਸਾਨ ਬਹੁਤ ਵੱਧ ਹੋਣਾ ਸੀ। ਇਸ ਛੇ ਦਿਨਾਂ ਦੇ ਯੁੱਧ ਨਾਲ ਇਹ ਫਾਇਦਾ ਹੋ ਗਿਆ ਕਿ ਅਰਬਾਂ ਨੂੰ ਅਕਲ ਆ ਗਈ, ਉਹ ਗੱਲ ਕਰਨ ਲਈ ਤਿਆਰ ਹੋ ਗਏ ਆਖਰ। ਇਹੋ ਮਕਸਦ ਸੀ।

ਯ.ਐਨ.ਓ. ਦਾ ਹੁਕਮ ਆ ਗਿਆ ਕਿ ਜੰਗਬੰਦੀ ਕਰਕੇ ਜਿੱਤੇ ਇਲਾਕੇ ਖਾਲੀ ਕਰੋ ਤੇ 1949 ਵਾਲਾ ਇਜ਼ਰਾਈਲ ਸੰਭਾਲੋ। ਫਰਾਂਸ ਅਤੇ ਇੰਗਲੈਂਡ ਵਲੋਂ ਸੈਨਿਕ ਮਦਦ ਇਜ਼ਰਾਈਲ ਨੂੰ ਕਿਉਂ ਦਿੱਤੀ ਗਈ, ਅਮਰੀਕਾ ਦਾ ਰਾਸ਼ਟਰਪਤੀ ਈਜ਼ਨਹਾਵਰ ਪੂਰੇ ਗੁੱਸੇ ਵਿਚ ਆ ਗਿਆ। ਜੇ ਜਿੱਤੀਆਂ ਥਾਵਾਂ ਇਜ਼ਰਾਈਲ ਨੇ ਨਾ ਛੱਡੀਆਂ ਤਾਂ ਯੂ.ਐਨ.ਓ. ਵਿਚ ਇਜ਼ਰਾਈਲ ਖਿਲਾਫ ਮਤਾ ਪਾਏਗਾ, ਧਮਕੀ ਦਿੱਤੀ। ਰੂਸ ਵਖਰਾ ਪਸੀਨੋ ਪਸੀਨੀ ਹੋਈ ਫਿਰਦਾ ਸੀ, ਉਸਦੇ ਹਥਿਆਰ ਯਹੂਦੀਆਂ ਕੋਲ ਚਲੇ ਗਏ। ਉਸਨੇ ਧਮਕੀ ਦਿੱਤੀ ਕਿ ਹੁਣ ਜੇ ਇਜ਼ਰਾਈਲ ਪਿੱਛੇ ਨਾ ਹਟਿਆ ਤਾਂ ਰੂਸ ਖੁਦ ਯੁੱਧ ਵਿਚ ਉਤਰੇਗਾ।

ਗੋਲਡਾ ਨੂੰ ਯੂ.ਐਨ.ਓ. ਦੀ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ। ਉਸਨੇ ਫੈਸਲਾ ਕੀਤਾ – ਪਹਿਲੋਂ ਜਿਤੇ ਹੋਏ ਇਲਾਕੇ ਦੇਖਾਂਗੀ। ਗਾਜ਼ਾ ਪੱਟੀ ਵਿਚ ਫਿਦਾਈਨਾ ਦੇ ਮੋਰਚੇ ਤੋੜੇ ਖਿੱਲਰੇ ਪਏ ਸਨ। ਸਿਨਾਈ ਝੀਲ ਦਾ ਪਾਣੀ ਸਾਫ ਗੂਹੜਾ ਨੀਲਾ ਸੀ, ਪਹਾੜ ਲਾਲ, ਵੈਂਗਣੀ ਚਮਕੀਲੇ ਰੰਗਾਂ ਦੇ ਸਨ। ਢਾਈ ਲੱਖ ਗਰੀਬ ਮੁਸਲਮਾਨ ਤੰਬੂਆਂ ਵਿਚ ਭੁਖਮਰੀ ਦੀ ਜ਼ਿੰਦਗੀ ਬਿਤਾ ਰਹੇ ਸਨ। ਅਰਬ ਦੇਸ ਇਨ੍ਹਾਂ ਨੂੰ ਯਹੂਦੀਆਂ ਵਲੋਂ ਕੱਢੇ ਰਫੂਜੀ ਕਹਿ ਕਹਿ ਦੁਨੀਆਂ ਤੋਂ ਧਨ ਅਤੇ ਹਥਿਆਰ ਮੰਗਦੇ ਸਨ। ਉਹ ਇਨ੍ਹਾਂ ਨੂੰ ਆਸਾਨੀ ਨਾਲ ਆਪਣੇ ਦੇਸਾਂ ਵਿਚ ਵਸਾ ਕੇ ਕੁੰਭੀ ਨਰਕ ਵਿਚੋਂ ਕੱਢ ਸਕਦੇ ਸਨ ਪਰ ਇਸ ਨਾਲ ਉਨ੍ਹਾਂ ਨੂੰ ਸਿਆਸੇ ਪੈਂਤੜੇ ਤੋਂ ਨੁਕਸਾਨ ਸੀ। ਨਿਹੱਥਾ ਇਜ਼ਰਾਈਲ ਯਹੂਦੀ ਰਫੂਜੀਆਂ ਨੂੰ ਵਸਾ ਸਕਦਾ ਹੈ ਤਾਂ ਅਰਬ ਪਤੀ ਸ਼ੇਖ ਇਨ੍ਹਾਂ ਮੁਸਲਮਾਨਾ ਤੇ ਰਹਿਮ ਕਿਉਂ ਨਹੀਂ ਕਰਦੇ ?

ਯੂ.ਐਨ.ਓ. ਵਿਚ ਬੋਲਣ ਦਾ ਮੌਕਾ ਮਿਲਿਆ, ਗੋਲਡਾ ਨੇ ਕਿਹਾ – ਮਾਰੂਥਲ ਵਿਚ ਇਜ਼ਰਾਈਲ ਨੇ ਬਾਗ ਲਾਏ, ਸੜਕਾਂ ਬਣਾਈਆਂ, ਖੂਹ ਪੁੱਟੇ, ਹਸਪਤਾਲ ਬਣਾਏ। ਅਰਬ, ਫਿਦਾਈਨ ਭੇਜ ਕੇ ਇਨ੍ਹਾਂ ਨੂੰ ਬੰਬਾਂ ਨਾਲ ਤੋੜਦੇ ਹਨ। ਮੌਤ ਦੇ ਮੂੰਹ ਵਿਚ ਜਾ ਰਹੇ ਯਹੂਦੀ ਬੱਚੇ ਲੱਖਾਂ ਦੀ ਗਿਣਤੀ ਵਿਚ ਬਚਾਏ, ਫਿਦਾਈਨ ਬੱਚਾ ਜੱਚਾ ਘਰਾਂ ਨੂੰ ਬੰਬਾਂ ਨਾਲ ਉਡਾ ਰਹੇ ਹਨ। ਪਾਣੀ ਦੀਆਂ ਬਿਜਲੀ ਦੀਆਂ ਲਾਈਨਾ ਉਡਾ ਰਹੇ ਹਨ, ਪਵਿੱਤਰ ਮੰਦਰ ਤੋੜ ਰਹੇ ਹਨ ਤੇ ਮਿਸਰ ਪਤੀ ਨਾਸਰ ਮਾਣ ਨਾਲ ਇਸ ਨੂੰ ਧਰਮ ਯੁੱਧ ਕਹਿੰਦਾ ਹੈ, ਜੱਹਾਦ, ਸਥਾਈ ਅਮਨ ਦੀ ਉਮੀਦ ਨਾਲ ਇਜ਼ਰਾਈਲ ਨੇ ਅਰਬਾਂ ਤੇ ਹੱਲਾ ਬੋਲਿਆ, ਕਿਉਂਕਿ ਲੁਕਛੁਪ ਕੇ ਅਰਬ ਹਰ ਰਾਤ ਹੱਲੇ ਕਰਦੇ ਹਨ। ਅਸੀਂ ਮਿਤਰਤਾ ਲਈ ਅਰਬਾਂ ਨੂੰ ਵਾਜਾਂ ਮਾਰੀਆਂ, ਸਾਡੀ ਆਵਾਜ਼ ਦੀ ਗੂੰਜ ਵੀ ਵਾਪਸ ਨੀਂ ਆਈ। ਹਿਟਲਰ ਨੇ ਜਿਸ ਪਰੰਪਰਾ ਦੀ ਸ਼ੁਰੂਆਤ ਕੀਤੀ, ਉਹ ਜਾਰੀ ਰੱਖਣ ਦਾ ਫੈਸਲਾ ਹੁਣ ਅਰਬਾਂ ਨੇ ਆਪਣੇ ਹੱਥ ਲੈ ਲਿਆ ਹੈ। ਹਿਟਲਰ ਦੀ ਆਤਮ ਕਥਾ ਅਰਬੀ ਜ਼ਬਾਨ ਵਿਚ ਛਾਪ ਕੇ ਹਰੇਕ ਫੌਜੀ ਦੇ ਹੱਥ ਫੜਾ ਰੱਖੀ ਹੈ। ਹੁਣ ਸਿਨਾਈ ਇਲਾਕਾ ਫਿਦਾਈਨ ਦੀਆਂ ਛੁਪਣਗਾਹਾਂ ਵਾਸਤੇ ਫਿਰ ਖਾਲੀ ਕਰ ਦੇਈਏ ? ਸਾਨੂੰ ਪਛੜੇ ਦੇਸ ਕਿਹਾ ਜਾਂਦੈ ਜਿਥੇ ਕੰਗਾਲੀ, ਅਨਪੜ੍ਹਤਾ, ਬਿਮਾਰੀ ਫੈਲੀ ਹੋਈ ਹੈ, ਹਥਿਆਰਾਂ ਉਪਰ ਦੌਲਤ ਖਰਚਣ ਦੀ ਥਾਂ ਭਲਾਈ ਸਕੀਮਾਂ ਤੇ ਖਰਚ ਹੋਵੇ ਤਾਂ ਯੋਰਪ ਦੀ ਬਰਾਬਰੀ ਕਰ ਸਕਦੇ ਹਾਂ।

ਇਨ੍ਹਾਂ ਗੱਲਾਂ ਦਾ ਕਿਸੇ ਦੇਸ ਦੇ ਨੁਮਾਇੰਦੇ ਉਪਰ ਕੋਈ ਅਸਰ ਨਹੀਂ ਹੋਇਆ। ਯੂ.ਐਨ.ਓ. ਦਾ ਸੈਕਟਰੀ ਬੋਲਿਆ – ਜੇ ਫੌਜਾਂ ਜਿਤੇ ਇਲਾਕੇ ਖਾਲੀ ਕਰਕੇ ਵਾਪਸ ਨਹੀਂ ਜਾਂਦੀਆਂ ਤਾਂ ਵਿਸ਼ਵ ਯੁੱਧ ਛਿੜੇਗਾ ਜਿਸ ਲਈ ਇਜ਼ਰਾਈਲ ਜ਼ਿੰਮੇਵਾਰ ਹੋਏਗਾ। ਹਾਂ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਜ਼ਰਾਈਲ ਦੇ ਸਮੁੰਦਰੀ ਜਹਾਜ਼ ਨਹੀਂ ਰੋਕੇ ਜਾਣਗੇ ਤੇ ਗਾਜ਼ਾ ਪੱਟੀ, ਸਿਨਾਈ ਆਦਿਕ ਥਾਵਾਂ ਤੇ ਫੌਜੀ ਬੰਕਰ ਨਹੀਂ ਬਣਨਗੇ। ਇਹ ਕਹਿਕੇ ਕਿ ਬਿਲਕੁਲ ਕੁੱਝ ਨਹੀਂ ਨਾਲੋਂ ਜਿੰਨਾ ਕੁ ਮਿਲਿਆ, ਉਸ ਉਪਰ ਸਬਰ ਕਰੀਏ ਇਜ਼ਰਾਈਲ ਨੇ ਜਿਤੇ ਇਲਾਕੇ ਵਾਪਸ ਕਰਨ ਦੇ ਮਤੇ ਉਤੇ ਦਸਖ਼ਤ ਕਰ ਦਿੱਤੇ।

ਉਦਾਸ ਮਨ ਨਾਲ ਦਸਖ਼ਤ ਕਰਨ ਪਿਛੋਂ ਗੋਲਡਾ ਨੇ ਆਪਣੇ ਸਕੱਤਰ ਨੂੰ ਕਿਹਾ – ਸਾਰਾ ਕੁੱਝ ਨਹੀਂ ਗੁਆਚਾ। ਅਰਬਾਂ ਨੂੰ ਦਿਖਾ ਦਿਤੈ ਕਿ ਜਦੋਂ ਯੁੱਧ ਛਿੜੇਗਾ, ਉਹ ਹਾਰਨਗੇ, ਅਸੀਂ

ਜਿੱਤਾਂਗੇ। ਇਹ ਕੋਈ ਮਾੜੀ ਪ੍ਰਾਪਤੀ ਨਹੀਂ। ਇਜ਼ਰਾਈਲ ਨਾਮ ਦੇ ਇਸ ਬੱਚੇ ਨੂੰ ਪੰਜ ਅਰਬ ਦੇਸਾਂ ਨੇ ਜੰਮਦਿਆਂ ਮਾਰਨ ਦਾ ਫੈਸਲਾ ਕੀਤਾ, ਇਹ ਬਚ ਗਿਆ, ਹੁਣ ਇਸ ਸੱਤ ਸਾਲ ਦੇ ਬੱਚੇ ਨੇ ਅਰਬਾਂ ਦਾ ਲੱਕ ਤੋੜ ਦਿੱਤਾ। ਹੁਣ ਸਾਡਾ ਨਕਸ਼ਾ ਕੋਈ ਨਹੀਂ ਮਿਟਾ ਸਕੇਗਾ।

ਅਮਰੀਕਾ ਵਿਚ ਕੈਨੇਡੀ ਰਾਸ਼ਟਰਪਤੀ ਚੁਣਿਆ ਗਿਆ, ਗੋਲਡਾ ਮਿਲਣ ਗਈ। ਵੱਡੇ ਘਰ ਵਾਈਟ ਹਾਊਸ ਵਿਚ ਦੋ ਆਦਮੀ ਹੋਰ ਸਨ ਮੀਟਿੰਗ ਵਿਚ ਕੇਵਲ। ਗੋਲਡਾ ਨੇ ਕਿਹਾ - ਮੈਂ ਇਜ਼ਰਾਈਲ ਵਾਸਤੇ ਹਥਿਆਰ ਮੰਗਣ ਆਈ ਹਾਂ। ਪਰ ਪਹਿਲਾਂ ਦੱਸ ਦਿਆਂ ਇਜ਼ਰਾਈਲ ਹੈ ਕੀ। ਅਸੀਂ ਤਿੰਨ ਹਜ਼ਾਰ ਸਾਲ ਪਹਿਲਾਂ ਦੇ ਯਹੂਦੀ ਹਾਂ ਜਿਨ੍ਹਾਂ ਕੋਲੋਂ ਸਾਡਾ ਦੇਸ ਖੁੱਸ ਗਿਆ ਸੀ। ਉਦੋਂ ਹੋਰ ਕੌਮਾਂ ਵੀ ਸਨ ਜਿਵੇਂ ਅਮੋਲੀ, ਮੋਆਬੀ, ਅਸੀਰੀਏ, ਬੇਬੀਲੋਨ ਆਦਿਕ। ਇਨ੍ਹਾਂ ਸਾਰਿਆਂ ਉਤੇ ਇਨੀਆਂ ਸਖਤੀਆਂ ਹੋਈਆਂ ਕਿ ਇਹ ਥਕ ਗਏ, ਖੁਰ ਗਏ, ਖਤਮ ਹੋ ਗਏ। ਸਖਤੀਆਂ ਯਹੂਦੀਆਂ ਉਪਰ ਵੀ ਹੋਈਆਂ, ਉਨ੍ਹਾਂ ਨੇ ਭਾਣਾ ਮਿਠਾ ਕਰਕੇ ਮੰਨਿਆ ਤੇ ਬਚ ਗਏ। ਹੁਣ ਉਹ ਆਪਣੇ ਦੇਸ ਵਿਚ ਆ ਚੁਕੇ ਹਨ ਪਰ ਦਸ ਮੁਸਲਮਾਨ ਦੇਸਾਂ ਵਿਚ ਘਿਰੇ ਹੋਏ ਹਨ ਜਿਨ੍ਹਾਂ ਨੂੰ ਅਰਬ ਕੰਟਰੀਜ਼ ਕਿਹਾ ਜਾਂਦੈ। ਹੁਣ ਫਿਰ ਉਨ੍ਹਾਂ ਦਾ ਬੀਜਨਾਸ ਕਰਨ ਦੀਆਂ ਵਿਉਂਤਾਂ ਬਣ ਰਹੀਆਂ ਨੇ। ਸਾਡਾ ਕੋਈ ਸਹਾਰਾ ਨਹੀਂ। ਸੱਠ ਲੱਖ ਤਾਂ ਇਕੱਲੇ ਹਿਟਲਰ ਦੀ ਜਾੜ੍ਹ ਹੇਠ ਆ ਗਏ, ਬਾਕੀ ਅਰਬ ਖਾ ਜਾਣਗੇ। ਅਮਰੀਕਾ ਵਿਚ 56 ਲੱਖ ਯਹੂਦੀ ਨੇ। ਪਤਾ ਕਰਾਉ ਉਨ੍ਹਾਂ ਨੇ ਅਮਰੀਕਾ ਦੀ ਖੁਸ਼ਹਾਲੀ ਲਈ ਜਾਨ ਮਾਰ ਕੇ ਕਿੰਨਾ ਕੰਮ ਕੀਤੈ। ਗੁਲਾਮ ਗਰੀਬ ਯਹੂਦੀਆਂ ਨੇ ਆਪਣੇ ਹੱਥਾਂ ਨਾਲ ਅਨੇਕ ਦੇਸ ਅਮੀਰ ਕਰ ਦਿੱਤੇ। ਇਨ੍ਹਾਂ ਨੂੰ ਬਚਾਉ ਮਿਸਟਰ ਕੈਨੇਡੀ।

ਪੌਣਾ ਘੰਟਾ ਪੂਰੇ ਧਿਆਨ ਨਾਲ ਰਾਸ਼ਟਰਪਤੀ ਨੇ ਗੋਲਡਾ ਦੀ ਗੱਲ ਸੁਣੀ। ਫਿਰ ਉਠਿਆ, ਗੋਲਡਾ ਉਠੀ, ਉਸਦਾ ਹੱਥ ਆਪਣੇ ਹੱਥ ਫੜਕੇ ਕੈਨੇਡੀ ਨੇ ਕਿਹਾ - ਫਿਕਰ ਨਾ ਕਰ ਮਿਸਿਜ਼ ਗੋਲਡਾ ਮੀਰ। ਸਮਝ ਆ ਗਈ ਤੇਰੀ ਗੱਲ ਮੈਨੂੰ। ਇਜ਼ਰਾਈਲ ਦਾ ਵਾਲ ਵਿੰਗਾ ਨਹੀਂ ਹੋਵੇਗਾ। ਛੇਤੀ ਖਬਰ ਮਿਲੀ, ਕੈਨੇਡੀ ਦਾ ਕਤਲ ਹੋ ਗਿਆ।

ਜਾਨਸਨ ਨੇ ਅਗਲੇ ਰਾਸ਼ਟਰਪਤੀ ਵਜੋਂ ਹਲਫ ਲਿਆ। ਸਮਾਂ ਮੁਕਰਰ ਕਰਕੇ ਗੋਲਡਾ ਵਾਈਟ ਹਾਊਸ ਮਿਲਣ ਗਈ। ਅਜੇ ਕੋਈ ਗੱਲ ਨਹੀਂ ਹੋਈ ਸੀ, ਬੋਲਿਆ - ਮੈਨੂੰ ਪਤੈ ਗੋਲਡਾ, ਇਕ ਮਿੱਤਰ ਦੇ ਵਿਛੋੜੇ ਕਾਰਨ ਤੁਸੀਂ ਦੁਖ ਵਿਚ ਹੋ। ਯਕੀਨ ਕਰਨਾ, ਸਾਬਤ ਕਰਾਂਗਾ ਮੈਂ ਵੀ ਤੁਹਾਡਾ ਮਿੱਤਰ ਹਾਂ। ਉਸਨੇ ਦੋਸਤੀ ਨਿਭਾਈ।

ਪੈਰਿਸ ਵਿਚ ਜਾਕੇ ਪ੍ਰਧਾਨ ਮੰਤਰੀ ਚਾਰਲਸ ਡੀ ਗਾਲ ਨੂੰ ਮਿਲੀ ਜਿਸ ਬਾਰੇ ਸੁਣਿਆ ਸੀ ਬੜਾ ਸ੍ਵੈਅਭਿਮਾਨੀ ਹੈ, ਜਿਹੜਾ ਫਰੈਂਚ ਨਹੀਂ ਜਾਣਦਾ ਉਸ ਨਾਲ ਉਹ ਗੱਲ ਕਰਨੀ ਪਸੰਦ ਨਹੀਂ ਕਰਦਾ। ਸਹਿਮੀ ਗੋਲਡਾ ਅੰਦਰ ਗਈ, ਗਾਲ ਗਰਮਜੋਸ਼ੀ ਨਾਲ ਮਿਲਿਆ, ਦੁਭਾਸ਼ੀਏ ਰਾਹੀਂ ਗੱਲਾਂ ਹੋਈਆਂ। ਅਖੀਰ ਵਿਚ ਕਿਹਾ - ਜਦੋਂ ਪੂਰੀ ਤਰ੍ਹਾਂ ਮੁਸੀਬਤ ਵਿਚ ਘਿਰ ਜਾਏਂ ਉਦੋਂ ਵਾਜ ਮਾਰੀਂ ਗੋਲਡਾ, ਤੇਰੀ ਮਦਦ ਕਰਾਂਗਾ। ਜੇ ਤੂੰ ਆਪ ਹਮਲਾ ਕਰਨ ਦੀ ਪਹਿਲ ਕੀਤੀ, ਇਜ਼ਰਾਈਲ ਤਾਂ ਤਬਾਹ ਹੋਏਗਾ ਹੀ ਹੋਏਗਾ, ਸੰਸਾਰ ਯੁੱਧ ਯਕੀਨੀ ਹੈ।

ਕੈਨੇਡੀ ਦੇ ਜਨਾਜ਼ੇ ਵਿਚ ਸ਼ਾਮਲ ਹੋਈ, ਦੇਖਿਆ ਡੀ ਗਾਲ ਵੀ ਖਲੋਤਾ ਸੀ। ਉਸਨੇ ਗੋਲਡਾ ਨੂੰ ਦੇਖਿਆ ਤੇ ਉਧਰ ਵਲ ਤੁਰ ਪਿਆ। ਕਿਹਾ ਜਾਂਦਾ ਸੀ - ਡੀ ਗਾਲ ਆਪ ਕਿਸੇ ਕੋਲ ਨਹੀਂ ਜਾਂਦਾ, ਜਿਸ ਨਾਲ ਕੰਮ ਹੋਵੇ ਉਸਨੂੰ ਆਪਣੇ ਕੋਲ ਸਦਦਾ ਹੈ। ਉਚਾ ਲੰਮਾ ਸਰੂ ਕੱਦ ਡੀ ਗਾਲ ਕਿਸ ਵੱਲ ਚੱਲਿਐ ? ਕੌਣ ਹੈ ਏਨਾ ਮਹਾਨ ਸ਼ਖਸ਼ ? ਗੋਲਡਾ ਕੋਲ ਆ ਕੇ ਰੁਕਿਆ, ਵਧੀਆ ਅੰਗਰੇਜ਼ੀ ਬੋਲਦਿਆਂ ਹਾਲ ਚਾਲ ਪੁੱਛਿਆ ਤੇ ਕਿਹਾ - ਮੁਸ਼ਕਲ ਵਿਚ ਸਹਾਈ ਹੋਵਾਂਗਾ। ਗੋਲਡਾ ਨੇ ਕਿਹਾ - ਅੱਜ ਤਾਂ ਇਉਂ ਹੋਇਆ ਜਿਵੇਂ ਲਾਲ ਸਾਗਰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੋਵੇ ਤੇ ਯਹੂਦੀ ਜਾਨਾ ਬਚਾ ਕੇ ਸੁਕੇ ਰੇਤ ਉਪਰ ਦੀ ਮਹਿਫੂਜ ਲੰਘ ਜਾਣ !

1966 ਵਿਚ ਹਾਲਾਤ ਫਿਰ ਗੰਭੀਰ ਹੋਣ ਲੱਗੇ। ਜਿਵੇਂ ਪੰਜਾਹਵਿਆਂ ਵਿਚ ਨਾਸਰ ਨੇ ਫਿਦਾਈਨ ਗ੍ਰੋਹ ਦੀ ਸਥਾਪਨਾ ਕੀਤੀ ਉਵੇਂ ਯਾਸਰ ਅਰਾਫਾਤ ਨੇ ਅਲ ਫਤਾਹ ਗਰੁੱਪ ਬਣਾ ਲਿਆ

ਤੇ ਫਿਰ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਹੋਂਦ ਵਿਚ ਆਈ। ਨਾਸਰ ਇਸ ਦਾ ਸਰਪ੍ਰਸਤ ਸੀ। ਰੂਸ ਨੇ ਫਿਰ ਅਰਬਾਂ ਨੂੰ ਹਥਿਆਰਾਂ ਦੀਆਂ ਖੇਪਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ, ਗੋਲਾਨ ਚੋਟੀਆਂ ਉਪਰ ਤੋਪਾਂ ਗੱਜਣ ਲੱਗੀਆਂ। ਸਰਹੱਦਾਂ ਤੇ ਖੇਤੀ ਕਰਦੇ ਕਿਸਾਨਾ ਦੀ ਰਾਖੀ ਵਾਸਤੇ ਇਜ਼ਰਾਈਲੀ ਟੈਂਕ ਖਲੋਤੇ ਹੁੰਦੇ। ਹਰ ਰਾਤ ਬੱਚੇ ਬੰਕਰਾਂ ਵਿਚ ਸੌਂਦੇ। ਇਕ ਕਿਸਾਨ ਨੇ ਕਿਹਾ- ਸਾਨੂੰ ਇਸ ਤਰਜ਼ਿ ਜ਼ਿੰਦਗੀ ਦੀ ਆਦਤ ਪੈ ਗਈ ਹੈ ਬੀਬੀ ਗੋਲਡਾ। ਗੋਲਡਾ ਬੋਲੀ - ਇਹੋ ਤਾਂ ਦੁਖ ਹੈ, ਮਾਪਿਆਂ ਨੂੰ ਕਦੀ ਇਹ ਆਦਤ ਨਹੀਂ ਪੈਂਦੀ ਕਿ ਉਨ੍ਹਾਂ ਦੇ ਬੱਚਿਆਂ ਦੀ ਜਾਨ ਨੂੰ ਦਿਨ ਰਾਤ ਖਤਰਾ ਰਹੇ।

ਯਾਸਰ ਅਰਾਫਾਤ ਦੇ ਗੁਰੀਲਿਆਂ ਦਾ ਕੰਮ ਵੱਧ ਤੋਂ ਵੱਧ ਕਤਲ ਕਰਨਾ, ਬੱਚਿਆਂ ਨੂੰ ਅਪੰਗ ਕਰਨਾ, ਡਿਪਲੋਮੈਟਸ ਅਤੇ ਜਹਾਜ਼ ਅਗਵਾ ਕਰਨਾ ਸੀ। ਖੂਨ ਖਰਾਬੇ ਤੋਂ ਇਲਾਵਾ ਉਸਦਾ ਹੋਰ ਕੋਈ ਮਨੋਰਥ ਨਹੀਂ ਸੀ। ਬਲੈਕਮੇਲ ਕਰਕੇ ਫਿਰੌਤੀਆਂ ਇਕੱਠੀਆਂ ਕਰਨ ਨਾਲ ਕੀ ਹਾਸਲ ਹੋ ਸਕਦਾ ਹੈ? ਜਦੋਂ ਤੱਕ ਕਿਸੇ ਜੱਥੇਬੰਦੀ ਕੋਲ ਬੌਧਿਕ ਅਤੇ ਨੈਤਿਕ ਧਨ ਨਹੀਂ, ਉਸ ਵਿਚ ਡਕੈਤੀਆਂ ਪ੍ਰਫੁੱਲਤ ਹੋਣਗੀਆਂ, ਉਚੀ ਮੰਜ਼ਲ ਹਾਸਲ ਨਹੀਂ ਹੋਵੇਗੀ। ਯਾਸਰ ਦਾ ਮੁਕਾਬਲਾ ਕਰਨ ਲਈ ਇਲੇਹੂ ਨੇ ਯਹੂਦੀ ਅੰਡਰਗਰਾਉਂਡ ਗੁਰੀਲਾ ਸੈਨਾ ਖੜ੍ਹੀ ਕਰ ਦਿੱਤੀ। ਇਲੇਹੂ ਕਿਹਾ ਕਰਦਾ ਸੀ- ਜਿਨੇ ਹੁਣ ਤੱਕ ਹੋ ਗਏ ਹੋ ਗਏ, ਭਵਿੱਖ ਵਿਚ ਯਹੂਦੀਆਂ ਦਾ ਬੀਜਨਾਸ ਕਰਨ ਵਾਲਾ ਘੱਲੂਘਾਰਾ ਨਹੀਂ ਹੋਣ ਦਿਆਂਗਾ।

ਰੂਸ ਨੇ ਬਿਆਨ ਦਾਗਿਆ - ਤਿਆਰੀਆਂ ਤੋਂ ਲਗਦਾ ਹੈ ਇਜ਼ਰਾਈਲ ਸੀਰੀਆ ਉਪਰ ਹਮਲਾ ਕਰੇਗਾ। ਇਹ ਝੂਠਾ ਦੋਸ਼ ਸੀ ਪਰ ਯੂ.ਐਨ.ਓ. ਨੇ ਪੜਤਾਲੀਆ ਟੀਮ ਭੇਜੀ, ਟੀਮ ਨੇ ਰਿਪੋਰਟ ਦਿੱਤੀ- ਸਾਬਤ ਨਹੀਂ ਹੁੰਦਾ ਹਮਲੇ ਲਈ ਤਿਆਰੀ ਹੈ। ਇਸ ਦੇ ਉਲਟ ਸੀਰੀਆ ਰੂਸੀ ਹਥਿਆਰਾਂ ਨਾਲ ਬੰਬਮਾਰੀ ਕਰਦਾ ਰਿਹਾ। ਅਪ੍ਰੈਲ 1967 ਵਿਚ ਸੀਰੀਆ ਨੇ ਹਵਾਈ ਹਮਲੇ ਕੀਤੇ ਤਾਂ ਇਜ਼ਰਾਈਲੀ ਸੈਨਾ ਨੇ ਛੇ ਰੂਸੀ ਮਿੱਗ ਜਹਾਜ਼ ਫੁੰਡ ਲਏ। ਜੂਨ ਵਿਚ ਤੀਜੇ ਅਰਬ-ਇਜ਼ਰਾਈਲ ਯੁੱਧ ਦੇ ਸੰਕੇਤ ਮਿਲਣ ਲੱਗੇ। ਰੂਸੀ ਦੂਤ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੂੰ ਕਿਹਾ - ਤੁਹਾਡੀਆਂ ਫੌਜਾਂ ਦਾ ਸੀਰੀਆ ਵੱਲ ਵਧਣਾ ਠੀਕ ਨਹੀਂ। ਪ੍ਰਧਾਨ ਮੰਤਰੀ ਨੇ ਦੂਤ ਨੂੰ ਕਿਹਾ - ਚੱਲ, ਮੇਰੇ ਨਾਲ ਬਾਰਡਰ ਤੇ ਚੱਲਕੇ ਫੌਜਾਂ ਦਿਖਾ। ਦੂਤ ਨੇ ਇਹ ਕਹਿਕੇ ਗੱਲ ਟਾਲ ਦਿੱਤੀ - ਮੈਨੂੰ ਹੋਰ ਜਰੂਰੀ ਕੰਮ ਹਨ। ਰੂਸ ਅਤੇ ਨਾਸਿਰ ਨੂੰ ਉਹ ਝੂਠੇ ਕਿਵੇਂ ਸਾਬਤ ਕਰਦਾ ?

ਨਾਸਰ ਦਾ ਬਿਆਨ ਆਇਆ - ਇਜ਼ਰਾਈਲ ਹਮਲਾ ਕਰਨ ਹੀ ਵਾਲਾ ਹੈ, ਯੂ.ਐਨ.ਓ. ਦੀਆਂ ਜਿਹੜੀਆਂ ਫੌਜੀ ਟੁਕੜੀਆ ਗਾਜ਼ਾ ਪੱਟੀ ਅਤੇ *ਸ਼ਰਮ ਅਲ ਸ਼ੇਖ* ਵਿਚ ਬੈਠੀਆਂ ਹਨ, ਉਹ ਨਿਕਲ ਜਾਣ। ਇਹ ਫੌਜਾਂ ਤਾਂ ਇਥੇ ਰੱਖੀਆਂ ਹੀ ਇਸ ਲਈ ਸਨ ਕਿ ਸ਼ਰਾਰਤੀ ਅਨਸਰਾਂ ਤੇ ਨਿਗਾਹ ਰੱਖਣ। ਯੂ.ਐਨ.ਓ. ਇਨ੍ਹਾਂ ਨੂੰ ਕਿਉਂ ਕੱਢੇ ? ਪਰ ਗਜ਼ਬ, ਬਿਨਾ ਇਜ਼ਰਾਈਲ ਦੀ ਸਲਾਹ ਲਿਆਂ ਸਕੱਤਰ ਊਥਾਂਟ ਨੇ ਫੌਜੀਆਂ ਨੂੰ ਵਾਪਸ ਆਉਣ ਦੇ ਆਰਡਰ ਕਰ ਦਿੱਤੇ। ਨਾਸਰ ਦਾ ਦੂਜਾ ਬਿਆਨ 22 ਮਈ ਨੂੰ ਆਇਆ - ਇਜ਼ਰਾਈਲੀ ਸਮੁੰਦਰੀ ਜਹਾਜ਼ ਅਕਾਬਾ ਦੀ ਖਾੜੀ ਵਿਚੋਂ ਨਹੀਂ ਲੰਘਣਗੇ। ਯਾਨੀ ਕਿ ਯੂ.ਐਨ.ਓ. ਦੇ ਫੈਸਲੇ ਦੀ ਦਲੇਰੀ ਨਾਲ ਉਲੰਘਣਾ। ਰਾਸ਼ਟਰਪਤੀ ਜਾਨਸਨ ਦਾ ਬਿਆਨ ਆਇਆ - ਮਿਸਰ ਦੇ ਐਲਾਨ ਸਹੀ ਨਹੀਂ ਹਨ। ਊਥਾਂਟ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਉਹ ਨਾਸਰ ਨੂੰ ਮਿਲਣ ਤੇ ਮਨਾਉਣ ਵਾਸਤੇ ਕਾਇਰੋ ਗਿਆ ਪਰ ਨਾਸਰ ਉਪਰ ਕੀ ਅਸਰ ਹੋਣਾ ਸੀ ? ਰੂਸੀ ਰਾਸ਼ਟਰਪਤੀ ਕੋਸੀਗਿਨ ਨੇ ਨਾਸਰ ਨੂੰ ਸੁਨੇਹਾ ਭੇਜਿਆ - ਯੁੱਧ ਛਿੜ ਗਿਆ ਤਾਂ ਰੂਸ ਮਿਸਰ ਨਾਲ ਖਲੋਏਗਾ।

1 ਜੂਨ ਨੂੰ ਸਿਨਾਈ ਬਾਰਡਰ ਤੇ ਇਕ ਲੱਖ ਮਿਸਰੀ ਫੌਜੀ ਤੈਨਾਤ ਹੋ ਗਏ, ਨੌ ਸੋ ਮਿਸਰੀ ਟੈਂਕ ਤੇ ਤਿੰਨ ਸੌ ਸੀਰੀਅਨ ਟੈਂਕਾਂ ਸਮੇਤ ਛੇ ਬਟਾਲੀਅਨਾ ਉਤਰ ਵੱਲ ਸਜ ਗਈਆਂ। ਕੁੱਝ ਦਿਨ ਹਿਚਕਚਾਇਆ ਪਰ ਲੁੱਟ ਮਾਰ ਦਾ ਸ਼ੌਕ ਪੂਰਾ ਕਰਨ ਹਿਤ ਜਾਰਡਨ ਦਾ ਬਾਦਸ਼ਾਹ ਹੁਸੈਨ ਵੀ ਰਲ ਗਿਆ। ਉਸਨੇ ਦੋ ਸੌ ਸੱਤਰ ਟੈਂਕ ਤੇ ਸੱਤ ਬ੍ਰਿਗੇਡ ਫੌਜ ਭੇਜੀ। ਏਅਰ ਫੋਰਸ ਵੀ ਮਦਦ

www.punjabilibrary.com

ਲਈ ਆਈ। ਯੁੱਧ ਤੋਂ ਇਕ ਦਿਨ ਪਹਿਲਾਂ ਨਾਸਰ ਨਾਲ ਈਰਾਕ ਆ ਮਿਲਿਆ। ਯੋਰਪ ਅਤੇ ਅਮਰੀਕਾ ਖਾਮੋਸ਼ ਦਰਸ਼ਕ ਸਨ ਪਰ ਸੋਵੀਅਤ ਦੇਸ ਮਿਸਰ ਦੇ ਹੱਕ ਵਿਚ ਦਹਾੜ ਰਿਹਾ ਸੀ। ਨਾਸਰ ਨੂੰ ਵਿਸ਼ਵਾਸ ਹੋ ਗਿਆ - ਇਸ ਆਖਰੀ ਘਸੁੰਨ ਨਾਲ ਇਜ਼ਰਾਈਲ ਦਾ ਮਲੀਆਮੇਟ ਯਕੀਨੀ।

ਵਿਦੇਸ ਮੰਤਰੀ ਅਮਰੀਕਾ, ਫਰਾਂਸ, ਕੈਨੇਡਾ ਦੇ ਰਾਸ਼ਟਰਪਤੀਆਂ ਕੋਲ ਸਹਾਇਤਾ ਵਾਸਤੇ ਗਿਆ। ਸਾਰਿਆਂ ਦਾ ਇਕੋ ਉੱਤਰ - ਪਹਿਲ ਨਹੀਂ ਕਰਨੀ, ਸ਼ਾਂਤ ਰਹੋ ਉਡੀਕੋ। ਡੀ ਗਾਲ ਨੇ ਕਿਹਾ - ਜੇ ਤੁਹਾਡੇ ਉਪਰ ਹਮਲਾ ਹੋ ਗਿਆ ਅਸੀਂ ਮਦਦ ਕਰਨ ਆਵਾਂਗੇ। ਮੰਤਰੀ ਨੇ ਕਿਹਾ - ਪਰ ਤੁਹਾਡੇ ਆਉਣ ਤੋਂ ਪਹਿਲਾ ਸਾਡਾ ਭੋਗ ਪੈ ਗਿਆ ਫੇਰ ? ਡੀ ਗਾਲ ਨੇ ਵਾਕ ਦੁਹਰਾਇਆ - ਪਹਿਲ ਨਹੀਂ ਕਰਨੀ।

ਇਜ਼ਰਾਈਲ ਦੀ ਸੈਨਾ ਅਤੇ ਪਰਜਾ ਯੁੱਧ ਲਈ ਤਿਆਰ ਸੀ, ਕੋਈ ਮਦਦ ਆਵੇ ਨਾ ਆਵੇ। ਸਾਰੇ ਦੇਸ ਵਿਚ ਮੋਰਚੇ ਪੁੱਟ ਦਿੱਤੇ ਗਏ, ਤਿਆਰ ਬਰ ਤਿਆਰ ਸੈਨਿਕ ਬਿਗਲ ਦੀ ਵਾਜ ਉਡੀਕਣ ਲੱਗੇ। ਘੰਟੇ ਦਿਨ ਜਿਡੇ ਤੇ ਦਿਨ ਮਹੀਨੇ ਜਿੱਡੇ ਲੰਮੇ ਹੋ ਗਏ। ਕਿਸ ਕਿਸ ਬਾਗ ਵਿਚ ਲਾਸ਼ਾਂ ਦਫਨ ਹੋਣਗੀਆਂ, ਟਿੱਕ ਲਏ, ਬਲੈਕ ਆਊਟ ਦਾ ਐਲਾਨ ਹੋ ਗਿਆ। ਹੋਟਲ ਖਾਲੀ ਕਰਵਾਏ ਤਾਂ ਕਿ ਜ਼ਖਮੀਆਂ ਨੂੰ ਇਲਾਜ ਲਈ ਥਾਂ ਮਿਲੇ, ਦਵਾਈਆਂ, ਟੀਕੇ, ਪੱਟੀਆਂ ਦੇ ਥੋਕ ਆਰਡਰ ਹੋਏ। ਹਰੇਕ ਯਹੂਦੀ ਲੜਕੇ ਮਰਨ ਲਈ ਤਿਆਰ ਹੋਇਆ, ਕੇਵਲ ਫੌਜੀ ਨਹੀਂ ਸਿਵਲੀਅਨ ਵੀ। ਪੂਰਾ ਦੇਸ ਇਕ ਪਰਿਵਾਰ ਹੋ ਗਿਆ। ਜਿਤਣਾ ਪਵੇਗਾ ਕਿਉਂਕਿ ਹਾਰ ਦਾ ਮਤਲਬ ਹੈ ਪੂਰਨ ਤਬਾਹੀ, ਸਮੁੱਚੇ ਦੇਸ ਦਾ ਕਤਲ। ਇਕ ਬੰਦਾ ਵੀ ਇਜ਼ਰਾਈਲ ਛੱਡ ਦੇ ਕਿਸੇ ਹੋਰ ਦੇਸ ਨਹੀਂ ਗਿਆ। ਹਿਟਲਰ ਦੇ ਤਸੀਹਾ ਕੇਂਦਰਾਂ ਵਿਚੋਂ ਬਚੇ ਯਹੂਦੀਆਂ ਨੇ ਕਿਹਾ - ਮੌਤ ਠੀਕ ਹੈ, ਹੋਰ ਤਸੀਹਾ ਕੈਂਪ ਨਹੀਂ। ਜਿਹੜੇ ਯਹੂਦੀ ਕਿਸੇ ਕੰਮ ਕਾਜ ਸਦਕਾ ਬਾਹਰ ਗਏ ਹੋਏ ਸਨ, ਦੇਸ ਪਰਤ ਆਏ, ਇਸ ਮੌਕੇ ਪਿੱਠ ਨੀ ਦਿਖਾਉਣੀ, ਅੰਤਰਰਾਸ਼ਟਰੀ ਯਹੂਦੀ ਯੰਗਠਨ ਨੇ ਬਿਆਨ ਦਿੱਤਾ - ਜੇ ਇਜ਼ਰਾਈਲ ਮਿਟ ਗਿਆ, ਸਮਝਣਾ ਦੁਨੀਆਂ ਦਾ ਹਰ ਯਹੂਦੀ ਫਿਰ ਗੁਲਾਮ ਹੋ ਗਿਆ। ਬਰਤਾਨਵੀ ਯਹੂਦੀ ਹਿੰਸਾ ਉਪਰ ਉਤਰ ਆਏ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਦਿ ਇਕੋ ਇਕ ਇਜ਼ਰਾਈਲ ਏਅਰ ਲਾਈਨਜ਼ ਦਾ ਜਹਾਜ਼ ਸਾਰੇ ਮੁਸਾਫਰਾਂ ਨੂੰ ਲੰਡਨ ਤੋਂ ਇਜ਼ਰਾਈਲ ਲੈਕੇ ਕਿਉਂ ਨਹੀਂ ਗਿਆ ਜਦੋਂ ਕਿ ਉਹ ਫਰਸ਼ ਉਪਰ ਬੈਠ ਕੇ ਜਾਣ ਲਈ ਤਿਆਰ ਸਨ? ਯਾਨੀ ਕਿ ਲੰਡਨ, ਯਹੂਦੀਆਂ ਨੂੰ ਮੌਤ ਦੇ ਮੂੰਹ ਵਿਚ ਜਾਣ ਤੋਂ ਵੀ ਰੋਕ ਰਿਹੈ?

ਜਿਹੜੇ 2500 ਯਹੂਦੀ ਇੰਗਲੈਂਡ ਤੋਂ ਇਜ਼ਰਾਈਲ ਨਹੀਂ ਆ ਸਕੇ ਕਿਉਂਕਿ ਫਲਾਈਟਾਂ ਰੱਦ ਹੋ ਗਈਆਂ, ਵਾਰ ਫੰਡ ਲੈਣ ਗੋਲਡਾ ਨੇ ਯੋਰਪ ਦਾ ਦੌਰਾ ਕਰਦਿਆਂ ਉਨ੍ਹਾਂ ਨੂੰ ਮਿਲਣਾ ਚਾਹਿਆ। ਅਖਬਾਰ ਪੜ੍ਹ ਕੇ ਇਕ ਹਜ਼ਾਰ ਬੰਦੇ ਇਕੱਠੇ ਹੋ ਗਏ। ਗੋਲਡਾ ਨੇ ਪੁੱਛਿਆ - ਅਜਿਹੀ ਕੀ ਗੱਲ ਸੀ ਜਿਸ ਸਕਦਾ ਤੁਸੀਂ ਖਤਰਨਾਕ ਥਾਂ ਵਿਚ ਕੁੱਦਣਾ ਚਾਹਿਆ ? ਇਕ ਜੁਆਨ ਨੇ ਜਵਾਬ ਦਿੱਤਾ - ਜਦੋਂ ਪਿਛਲਾ ਛੇ ਦਿਨ ਦਾ ਯੁੱਧ ਛਿੜਿਆ, ਸਾਡੇ ਸਾਹ ਸੂਤੇ ਗਏ ਸਨ। ਇਜ਼ਰਾਈਲ ਹਾਰ ਜਾਂਦਾ ਅਸੀਂ ਉਹ ਨਹੀਂ ਰਹਿਣਾ ਸੀ ਜੋ ਹੁਣ ਹਾਂ, ਸਾਡੇ ਦੋਸਤਾਂ, ਗਵਾਂਢੀਆਂ ਤੱਕ ਦੇ ਨਜ਼ਰੀਏ ਬਦਲ ਜਾਣੇ ਸਨ, ਸਾਰੀ ਦੁਨੀਆਂ ਬਦਲ ਜਾਣੀ ਸੀ, ਇਕ ਵਡੇ ਪਰਿਵਾਰ ਦੀ ਸਮੂਹਕ ਹੱਤਿਆ। ਸਾਡੇ ਵਿਚੋਂ ਬਹੁਤੇ ਮੰਦਰ ਨਹੀਂ ਜਾਂਦੇ, ਤਾਂ ਕੀ ? ਸਾਡਾ ਪਰਿਵਾਰ ਜੇਰੂਸਲਮ ਵਿਚ ਵਸਦਾ ਹੈ। ਅਰਬਾਂ ਨੂੰ ਖੁਸ਼ ਕਰਨ ਲਈ ਇਜ਼ਰਾਈਲ ਨੂੰ ਗਲੋਬ ਦੇ ਨਕਸ਼ੇ ਤੋਂ ਪੂੰਝ ਦੇਈਏ ?

5 ਜੂਨ ਸਵੇਰ ਸਾਰ ਸਾਇਰਨ ਵੱਜੇ ਤਾਂ ਪਤਾ ਲੱਗਾ, ਯੁੱਧ ਛਿੜ ਗਿਆ, ਇੰਤਜ਼ਾਰ ਖਤਮ ; ਲੋਕ ਸਾਰਾ ਦਿਨ, ਅੱਧੀ ਰਾਤ ਤੱਕ ਰੇਡੀਓ ਨਾਲ ਲੱਗੇ ਬੈਠੇ ਰਹੇ। ਅੱਧੀ ਰਾਤ ਖਬਰ ਮਿਲੀ ਕਿ ਸੀਰੀਆ ਅਤੇ ਜਾਰਡਨ ਵਿਚ ਇਜ਼ਰਾਈਲ ਨੇ 400 ਲੜਾਕੂ ਜਹਾਜ਼ ਤਬਾਹ ਕਰ ਦਿੱਤੇ। ਹਵਾਈ ਅੱਡੇ ਬੰਬਾਰੀ ਨਾਲ ਪੁੱਟ ਸੁੱਟੇ। ਹੁਣ ਅਗਲੇ ਦਿਨ ਮੈਦਾਨਾਂ ਵਲੋਂ ਅੱਗੇ ਵਧਿਆ ਜਾ ਰਿਹਾ ਸੀ। ਇਜ਼ਰਾਈਲੀ ਫੌਜ ਵਾਹੋਦਾਹੀ ਸੁਏਜ਼ ਨਹਿਰ ਵਲ ਵਧ ਰਹੀ ਸੀ। ਜਿਹੜਾ ਯਹੂਦੀ ਹੱਥ

ਹਮੇਸ਼ਾ ਦੋਸਤੀ ਵਾਸਤੇ ਵਧਾਇਆ, ਉਹ ਘਸੁੰਨ ਬਣ ਗਿਆ। ਅਰਬਾਂ ਦੀਆਂ ਆਸਾਂ ਮਿਟਣ ਲੱਗੀਆਂ।

ਅਬਦੁਲੇ ਦਾ ਪੋਤਾ ਹੁਸੈਨ, ਜਾਰਡਨ ਦਾ ਬਾਦਸ਼ਾਹ, ਪਹਿਲਾਂ ਬਾਬੇ ਵਾਂਗ ਦੁਚਿਤੀ ਵਿਚ ਸੀ ਪਰ ਆਖਰ ਉਸ ਦਾ ਵੀ ਇਸਲਾਮੀ ਖੂਨ ਖੌਲ ਪਿਆ। ਉਸਨੇ ਜੇਰੂਸਲਮ ਦੇ ਮੰਦਰਾਂ ਵਿਚ ਭਾਰੀ ਬੰਬਾਰੀ ਕਰਕੇ ਤਬਾਹੀ ਮਚਾਈ। ਦੁਨੀਆਂ ਨੂੰ ਪਤਾ ਲੱਗ ਗਿਆ ਕਿ ਅਰਬ, ਈਸਾਈ ਚਰਚਾਂ, ਯਹੂਦੀ ਮੰਦਰਾਂ ਅਤੇ ਮਸਜਿਦਾਂ ਦਾ ਕਿੰਨਾ ਕੁ ਆਦਰ ਕਰਦੇ ਹਨ। ਮਸੀਤਾਂ ਦੇ ਮੀਨਾਰਾਂ ਉਪਰ ਮੋਰਚੇ ਬਣਾਕੇ ਫਾਇਰਿੰਗ ਕਰਦੇ ਰਹੇ ਜਿਸ ਨਾਲ ਪਰਜਾ ਅਤੇ ਫੌਜ ਦੋਵਾਂ ਦਾ ਨੁਕਸਾਨ ਹੋਇਆ।

ਮਿਸਰੀਆਂ ਨੂੰ ਤਿੰਨ ਦਿਨਾਂ ਵਿਚ ਕੁੱਟ ਦਿੱਤਾ, ਹੁਣ ਦੋ ਵਿਚ ਦਿਨ ਵਿਚ ਜਾਰਡਨ ਕੁਟਿਆ ਜਾਣਾ ਹੈ। ਅੱਠ ਜੂਨ ਨੂੰ ਗਾਜ਼ਾ ਪੱਟੀ ਦੇ ਰਾਜਪਾਲ ਨੇ ਹਥਿਆਰ ਸੁੱਟ ਦਿੱਤੇ। ਇਜ਼ਰਾਈਲੀ ਫੌਜ ਸੁਏਜ਼ ਨਹਿਰ ਦੇ ਪੂਰਬੀ ਕੰਢੇ ਤੱਕ ਜਾ ਪੁੱਜੀ, ਤਿਰਾਨ ਦੇ ਮੈਦਾਨ ਅਤੇ ਬੰਦਰਗਾਹ ਕਾਬੂ ਕਰ ਲਈ। ਨਾਸਰ ਨੇ ਖੁਦ ਸਵੀਕਾਰ ਕੀਤਾ ਕਿ ਉਸਦੇ ਦਸ ਹਜ਼ਾਰ ਜੁਆਨ ਅਤੇ ਡੇਢ ਹਜ਼ਾਰ ਅਫਸਰ ਮਾਰੇ ਗਏ ਹਨ, ਛੇ ਹਜ਼ਾਰ ਮਿਸਰੀ, ਇਜ਼ਰਾਈਲ ਨੇ ਬੰਦੀ ਬਣਾ ਲਏ ਹਨ। ਸਿਨਾਈ ਅਤੇ ਪੂਰੀ ਗਾਜ਼ਾ ਪੱਟੀ ਉਪਰ ਇਜ਼ਰਾਈਲ ਦੀ ਮਾਲਕੀ। ਜਾਰਡਨ ਦੀ ਅੱਧੀ ਰਾਜਧਾਨੀ ਉਪਰ ਇਜ਼ਰਾਈਲ ਦਾ ਕਬਜ਼ਾ ਹੋ ਗਿਆ।

9 ਜੂਨ 1967 ਨੂੰ ਸੀਰੀਆ ਦੀ ਵਾਰੀ ਆਈ। ਗੋਲਾਨ ਚੋਟੀਆਂ ਨੂੰ ਅਜਿਤ ਜਾਣ ਕੇ ਇਥੇ ਬੀੜੀਆਂ ਤੋਪਾਂ ਪੇਂਡੂਆਂ ਉਪਰ ਗੋਲੇ ਉਗਲ ਰਹੀਆਂ ਸਨ, ਉਹ ਖਾਮੋਸ਼ ਕਰਨੀਆਂ ਸਨ। ਗਿਠ ਗਿਠ ਧਰਤੀ ਵਿਚ ਮਾਈਨਾਂ ਦੱਬੀਆਂ ਹੋਈਆਂ ਸਨ ਤੇ ਸੀਰੀਅਨ ਫੌਜਾਂ ਨੇ ਪੱਕੇ ਬੰਕਰ ਬਣਾਏ ਹੋਏ ਸਨ। ਦੋ ਦਿਨ ਅਤੇ ਇਕ ਰਾਤ ਵਿਚ ਇਜ਼ਰਾਈਲੀ ਫੌਜਾਂ ਨੇ ਸਭ ਕੁੱਝ ਤਹਿਸ ਨਹਿਸ ਕਰ ਦਿੱਤਾ। ਸੀਰੀਆ ਨੇ ਯੂ.ਐਨ.ਓ. ਅੱਗੇ ਜੰਗਬੰਦੀ ਕਰਾਉਣ ਵਾਸਤੇ ਫਰਿਆਦ ਕੀਤੀ। ਯਹੂਦੀ ਫਰੰਟ ਦਾ ਇਜ਼ਰਾਈਲੀ ਜਰਨੈਲ ਦਾਊਦ ਇਲਜ਼ਰ ਸਭ ਤੋਂ ਉਚੀ ਗੋਲਾਨ ਚੋਟੀ ਉਪਰ ਚੜ੍ਹ ਕੇ ਦਹਾੜਿਆ - ਮੈਂ ਦੂਰ ਦੂਰ ਤੱਕ ਤੁਹਾਡੀ ਬਹਾਦਰੀ ਦਾ ਚਮਤਕਾਰ ਇਸ ਚੋਟੀ ਤੋਂ ਸਾਫ ਦੇਖ ਰਿਹਾਂ ਸੀਰੀਆ ਵਾਸੀਓ !

ਇਕ ਵਾਰ ਫਿਰ ਅਰਬ ਅਤੇ ਰੂਸ ਹਾਰ ਗਏ। ਐਤਕਾਂ ਦੀ ਹਾਰ ਮਹਿੰਗੀ ਪਈ। ਲਗਦੈ ਹੁਣ ਕਦੇ ਯੁੱਧ ਨਾਂ ਈ ਹੋਵੇ। ਸਾਰਾ ਇਜ਼ਰਾਈਲ ਛੁੱਟੀ ਲੈਕੇ ਜਸ਼ਨ ਮਨਾਣ ਲਈ ਨਿਕਲ ਤੁਰਿਆ। ਲੱਖਾਂ ਦੀ ਗਿਣਤੀ ਵਿਚ ਲੋਕ ਜੇਰੂਸਲਮ ਦੇ ਮੰਦਰ ਵਿਚ ਸ਼ੁਕਰਾਨਾ ਕਰਨ ਗਏ। ਜਿਨ੍ਹਾਂ ਜਿਨ੍ਹਾਂ ਥਾਵਾਂ ਤੇ ਯੁੱਧ ਹੋਇਆ, ਅਣਗਿਣਤ ਲੋਕ ਉਧਰਲੇ ਦ੍ਰਿਸ਼ ਦੇਖਣ ਗਏ। ਹਜ਼ਾਰਾਂ ਕਾਰਾਂ, ਬੱਸਾਂ, ਜੀਪਾਂ ਦੇ ਕਾਫਲੇ। ਜਾਰਡਨ ਸ਼ਹਿਰ ਨੂੰ ਕੰਡਿਆਲੀ ਤਾਰ ਅਤੇ ਕੰਧ ਨਾਲ ਦੋ ਹਿਸਿਆਂ ਵਿਚ ਵੰਡਿਆ ਹੋਇਆ ਸੀ। ਇਜ਼ਰਾਈਲੀ ਫੌਜ ਦੇ ਬੁਲਡੋਜ਼ਰਾਂ ਨੇ ਕੰਧ ਢੇਰੀ ਕਰ ਦਿੱਤੀ। ਸ਼ਹਿਰ ਇਕ ਹੋ ਗਿਆ। ਮੁਸਲਮਾਨ ਵੀ ਵੱਡੀ ਗਿਣਤੀ ਵਿਚ ਪੁਰਾਣੇ ਜਾਰਡਨ ਨੂੰ ਦੇਖਣ ਆਏ।

ਗੋਲਡਾ ਨੇ ਲਿਖਿਆ - ਮੈਂ ਮੰਨਦੀ ਹਾਂ ਇਜ਼ਰਾਈਲੀ ਲੋਕਾਂ ਵਿਚ ਘੁੱਗੀਆਂ ਵੀ ਹਨ ਬਾਜ਼ ਵੀ ਪਰ ਦੁਨੀਆਂ ਨੇ ਦੇਖਿਆ ਅਸੀਂ ਮਿੱਟੀ ਦੇ ਤੋਤੇ ਨਹੀਂ।

ਜਾਰਡਨ ਦੇ ਆਕਾ, ਹੁਸੈਨ ਨੇ ਦੁਨੀਆਂ ਅੱਗੇ ਵਾਸਤਾ ਪਾਇਆ - ਸਾਡਾ ਬਹੁਤ ਜਾਨੀ ਨੁਕਸਾਨ ਹੋ ਗਿਆ ਹੈ, ਸਾਡੀ ਮਦਦ ਕਰੋ। ਗੋਲਡਾ ਨੇ ਕਿਹਾ - ਇਹ ਵਾਸਤਾ ਇਉਂ ਹੈ ਜਿਵੇਂ ਕੋਈ ਬੰਦਾ ਆਪਣੇ ਮਾਪਿਆਂ ਨੂੰ ਕਤਲ ਕਰ ਕੇ ਆਖੇ - ਮੈਂ ਯਤੀਮ ਹੋ ਗਿਆ, ਮੇਰੀ ਮਦਦ ਕਰੋ।

7 ਮਾਰਚ 1979 ਨੂੰ ਗੋਲਡਾ ਨੇ ਪ੍ਰਧਾਨ ਮੰਤਰੀ ਦੀ ਜ਼ਿਮੇਵਾਰੀ ਸੰਭਾਲੀ, ਪਹਿਲਾ ਕੰਮ ਉਸਨੇ ਅਮਨ ਦਾ ਵਾਸਤਾ ਪਾਉਂਦਿਆ ਅਰਬਾਂ ਅਗੇ ਸ਼ਾਂਤੀ ਸੰਧੀ ਦੀ ਅਪੀਲ ਕੀਤੀ। ਨਾਸਰ ਨੇ ਜਵਾਬ ਦਿੱਤਾ- ਯੁੱਧ ਦੇ ਬਿਗਲ ਤੋਂ ਵਧੀਕ ਉਚੀ ਕੋਈ ਆਵਾਜ਼ ਨਹੀਂ। ਯੁੱਧ ਨੂੰ ਸੱਦਾ ਦੇਣ ਤੋਂ ਪਵਿੱਤਰ ਕੋਈ ਸੱਦਾ ਨਹੀਂ।

ਜਾਰਡਨ ਦੇ ਮਸ਼ਹੂਰ ਅਖਬਾਰ ਨੇ ਲਿਖਿਆ - ਬੀਬੀ ਗੋਲਡਾ ਕਾਇਰੋ ਜਾਕੇ ਬਾਦਸ਼ਾਹ ਨਾਸਰ ਨਾਲ ਗੱਲ ਕਰਨੀ ਚਾਹੁੰਦੀ ਹੈ ਪਰ ਉਸ ਨੂੰ ਅਫਸੋਸ ਹੈ ਕਿ ਉਸ ਨੂੰ ਕੋਈ ਸੱਦਦਾ ਈ ਨੀਂ। ਉਸ ਨੂੰ ਲਗਦੈ ਜਦੋਂ ਚੰਗਾ ਦਿਨ ਚੜ੍ਹੇਗਾ, ਉਦੋਂ ਮੱਧ ਏਸ਼ੀਆਂ ਵਿਚ ਹਥਿਆਰ ਨਹੀਂ ਦਿਸਣਗੇ। ਮਾਈ ਗੋਲਡਾ ਦਾਦੀ ਮਾਂ ਵਾਂਗ ਬੱਚਿਆਂ ਨੂੰ ਬਾਤਾਂ ਸੁਣਾ ਰਹੀ ਹੈ ਤਾਂ ਕਿ ਸੌਂ ਜਾਣ।

ਗੋਲਡਾ ਨੇ ਅਮਰੀਕੀ ਰਾਸ਼ਟਰਪਤੀ ਨੂੰ ਮਿਲਣ ਵਾਸਤੇ ਸੁਨੇਹਾ ਭੇਜਿਆ। ਨਿਕਸਨ ਨੇ 24 ਸਤੰਬਰ ਨੂੰ ਆਉਣ ਲਈ ਕਿਹਾ, ਨਾਲੇ ਪਰਿਵਾਰ ਨੂੰ ਡਿਨਰ ਵਾਸਤੇ ਸੱਦਾ ਦਿੱਤਾ। ਜਦੋਂ ਗੋਲਡਾ ਅਮਰੀਕਾ ਪੁੱਜੀ, ਤੀਹ ਹਜ਼ਾਰ ਯਹੂਦੀਆਂ ਦਾ ਇਕੱਠ ਉਸਦੇ ਸਵਾਗਤ ਵਾਸਤੇ ਘੰਟਿਆਂ ਤੋਂ ਉਡੀਕ ਵਿਚ ਖਲੋਤਾ ਸੀ। ਉਸਨੇ ਸ਼ੁਕਰਾਨੇ ਵਜੋਂ ਥੋੜੇ ਕੁ ਲਫਜ਼ ਕਹੇ। ਜੋਸ਼ੀਲੇ ਹਜੂਮ ਨੇ ਬੁਲੰਦ ਨਾਅਰੇ ਲਾਏ, ਸੁਆਗਤੀ ਸ਼ਬਦ ਕਹੇ। ਇਕ ਪ੍ਰਸ਼ੰਸਕ ਨੇ ਹੌਲੀ ਜਿਹੀ ਕਿਹਾ - ਗੋਲਡਾ ਤੂੰ ਜੇ ਡਾਇਰੈਕਟਰੀ ਦਾ ਪੰਨਾ ਖੋਲ੍ਹ ਕੇ ਉਸ ਵਿਚੋਂ ਟੈਲੀਫੋਨਾਂ ਦੇ ਨੰਬਰ ਸੁਣਾਉਣ ਲੱਗ ਜਾਏਂ ਤਾਂ ਵੀ ਇਹ ਜੈਕਾਰੇ ਛੱਡੀ ਜਾਣਗੇ, ਸਭ ਤੇਰੇ ਤੇ ਫਿਦਾ ਹਨ।

ਅਗਲੇ ਦਿਨ ਵਾਈਟ ਹਾਊਸ ਲਿਮੋਜ਼ੀਨ ਰੁਕੀ ਤਾਂ ਨਿਕਸਨ ਨੇ ਬਾਹਰ ਆਉਣ ਵਾਸਤੇ ਹੱਥ ਦਾ ਸਹਾਰਾ ਦਿੱਤਾ, ਉਸ ਦੀ ਪਤਨੀ ਨੇ ਗੁਲਦਸਤਾ ਭੇਂਟ ਕੀਤਾ। ਇਸ ਸੁਆਗਤ ਨੇ ਗੋਲਡਾ ਦੇ ਤੌਖਲੇ ਦੂਰ ਕਰ ਦਿੱਤੇ। ਫਿਰ ਫੌਜ ਨੇ ਰਸਮੀ ਸਲਾਮੀ ਦਿੱਤੀ। ਨਿਕਸਨ ਅਤੇ ਗੋਲਡਾ ਉਚੇ ਮੰਚ ਉਪਰ ਖਲੋਤੇ ਸਨ, ਦੋਵਾਂ ਦੇਸਾਂ ਦੇ ਰਾਸ਼ਟਰੀ ਗੀਤ ਗਾਏ ਗਏ। ਗੋਲਡਾ ਦੀਆਂ ਅੱਖਾਂ ਇਹ ਸੋਚ ਕੇ ਛਲਕੀਆਂ ਕਿ ਅਸੀਂ ਤਾਂ ਰੱਬ ਤੋਂ ਕੇਵਲ ਜਾਨਾ ਦੇ ਬਚਾਉ ਲਈ ਅਰਦਾਸਾਂ ਕੀਤੀਆਂ ਸਨ, ਸਨਮਾਨ ਮਿਲ ਜਾਣਗੇ, ਇਹ ਤਾਂ ਖਾਬੋ ਖਿਆਲ ਵਿਚ ਨਹੀਂ ਸੀ।

ਚਾਰ ਲੰਮੀਆਂ ਮੀਟਿੰਗਾਂ ਹੋਈਆਂ। ਰੂਸ ਦਾ ਵਿਦੇਸ ਮੰਤਰੀ ਆਂਦ੍ਰੇ ਗ੍ਰੋਮੀਕੋ ਨਿਊਯਾਰਕ ਵਿਚ ਅਮਰੀਕਾ ਦੇ ਸੈਕਟਰੀ ਆਫ ਸਟੇਟ ਨਾਲ ਗੱਲ ਕਰਨ ਆਇਆ ਹੋਇਆ ਸੀ। ਗ੍ਰੋਮੀਕੋ ਨੂੰ ਪਤਾ ਲੱਗੇਗਾ ਕਿ ਗੋਲਡਾ ਰਾਸ਼ਟਰਪਤੀ ਨੂੰ ਮਿਲ ਰਹੀ ਹੈ, ਕੀ ਸੋਚੇਗਾ ?

ਗੋਲਡਾ ਨੇ ਰਸਮੀ ਗੱਲਾਂ ਨਹੀਂ ਕੀਤੀਆਂ। ਇਜ਼ਰਾਈਲ ਦੀ ਭੂਗੋਲਕ ਬਣਤਰ ਦੱਸ ਕੇ ਨਿਤ ਖੂਨ ਖਰਾਬੇ ਦਾ ਖਾਤਮਾ ਚਾਹਿਆ। ਯੂ.ਐਨ.ਓ. ਜਿਤੇ ਹੋਏ ਇਲਾਕੇ ਛੱਡਣ ਲਈ ਪੂਰਾ ਦਬਾ ਪਾ ਰਿਹਾ ਹੈ, ਰੂਸ ਅਰਬਾਂ ਦੀ ਹਮਾਇਤ ਤੇ ਹੈ। ਲੜਾਕੂ ਜਹਾਜ਼ ਚਾਹੀਦੇ ਹਨ, 200 ਮਿਲੀਅਨ ਡਾਲਰ ਕਰਜ਼ਾ ਘੱਟ ਵਿਆਜ ਤੇ ਚਾਹੀਦਾ ਹੈ। ਕਿਹਾ - ਮਿਸਟਰ ਨਿਕਸਨ ਤੁਹਾਨੂੰ ਸਾਡੀ ਲੋੜ ਪਵੇ ਜਾਂ ਨਾ, ਸਾਨੂੰ ਤੁਹਾਡੇ ਜਿਹੀ ਵਡੀ ਤਾਕਤ ਦਾ ਸਹਾਰਾ ਨਾ ਮਿਲਿਆ ਤਾਂ ਅਰਬ ਸਾਨੂੰ ਨਿਗਲ ਜਾਣਗੇ। ਜਿਨ੍ਹਾਂ ਦੇਸਾਂ ਤੋਂ ਅਮਰੀਕਾ ਸਮੇਤ ਕਰਜ਼ਾ ਲਿਆ ਸੀ, ਅਸੀਂ ਸਮੇਂ ਸਿਰ ਮੋੜਿਆ, ਕਰਜ਼ਾ ਮਾਫੀ ਲਈ ਬੇਨਤੀਆਂ ਨਹੀਂ ਕੀਤੀਆਂ।

ਨਿਕਸਨ ਨੇ ਸ਼ਾਨਦਾਰ ਰਾਤ੍ਰੀ ਭੋਜ ਦਿੱਤਾ ਜਿਸ ਵਿਚ ਸਵਾ ਸੌ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸਾਰਾ ਸਮਾਂ ਇਜ਼ਰਾਈਲੀ ਸੰਗੀਤ ਦੀਆਂ ਧੁਨਾਂ ਵਜਦੀਆਂ ਰਹੀਆਂ, ਇਜ਼ਰਾਈਲੀ ਖਾਣਾ ਪਰੋਸਿਆ ਗਿਆ। ਇਕ ਦੂਜੇ ਦੇ ਪਰਿਵਾਰਾਂ ਨੂੰ ਕੀਮਤੀ ਤੋਹਫੇ ਦਿੱਤੇ ਗਏ। ਸ਼ੁਕਰਾਨਾ ਕਰਦਿਆਂ ਗੋਲਡਾ ਨੇ ਕਿਹਾ - ਮੈਂ ਆਪਣੇ ਦੇਸ ਜਾਕੇ ਦੱਸਣ ਜੋਗੀ ਹੋ ਗਈ ਹਾਂ ਕਿ ਵਡੀ ਤਾਕਤ ਨੇ ਛੋਟੇ ਦੇਸ ਨਾਲ ਹਮਦਰਦੀ ਜਤਾਈ ਹੈ। ਨਿਕਸਨ ਨੇ ਹੱਸ ਕੇ ਕਿਹਾ - ਮੁਸ਼ਕਲ ਵਿਚ ਦੋਸਤਾਂ ਵਾਂਗ ਕੰਮ ਆਵਾਂਗੇ। ਪ੍ਰੈਸ ਵਿਚ ਬਹੁਤੀ ਗੱਲ ਨਹੀਂ ਕਰਨੀ।

ਆਖਰੀ ਦਿਨ ਪ੍ਰੈੱਸ ਮੀਟ ਹੋਈ। ਗੋਲਡਾ ਨੇ ਦੱਸਿਆ - ਜਿਵੇਂ ਸਾਰੀ ਦੁਨੀਆਂ ਦੇ ਦੇਸਾਂ ਨਾਲ ਅਸੀਂ ਮਿਤਰਤਾ ਚਾਹੁੰਦੇ ਹਾਂ, ਉਵੇਂ ਅਮਰੀਕਾ ਨਾਲ ਵਧੀਆਂ ਸਬੰਧ ਰਹਿਣ, ਇਸ ਮਨਸ਼ਾ ਨਾਲ ਆਈ ਹਾਂ। ਪੱਤਰਕਾਰਾਂ ਨੇ ਪੁੱਛਿਆ - ਕੀ ਕੀ ਦਿੱਤਾ ਅਮਰੀਕਾਂ ਨੇ ? ਗੋਲਡਾ ਨੇ ਕਿਹਾ - ਭਰੋਸਾ, ਮੁਸ਼ਕਲ ਵਿਚ ਸਾਥ ਨਿਭਾਉਣ ਦਾ ਭਰੋਸਾ। ਫਿਰ ਪੁੱਛਿਆ - ਜੇ ਬਹੁਤ ਬਦਤਰ ਹਾਲਾਤ ਹੋ ਗਏ, ਕੀ ਸੁਰੱਖਿਆ ਲਈ ਪ੍ਰਮਾਣੂ ਬੰਬ ਚਲਾਉਗੇ ? ਗੋਲਡਾ ਨੇ ਕਿਹਾ - ਅਸੀਂ ਤਾਂ ਪੁਰਾਣੇ ਹਥਿਆਰਾਂ ਨਾਲ ਛਾਲਾਂ ਚੁਕਾ ਦਿਨੇ ਆਂ, ਪ੍ਰਮਾਣੂ ਬੰਬ ਦੀ ਕੀ ਲੋੜ ? ਸਾਰੇ ਹੱਸ ਪਏ।

ਵਾਪਸ ਦੇਸ ਪਰਤੀ, ਵਾਧੂ ਕੁੱਝ ਦੱਸਣ ਦੀ ਲੋੜ ਨਹੀਂ ਸੀ, ਮੁਸਕਾਨ ਸਭ ਭੇਤ ਖੋਲ੍ਹ ਰਹੀ ਸੀ। ਪਰ ਮੁਸਲਮਾਨ ਖਾੜਕੂ ਗ੍ਰੋਹ ਹੁਣ ਵਡੀ ਗਿਣਤੀ ਵਿਚ ਹਮਲੇ ਕਰਨ ਲੱਗੇ। ਸੋਵੀਅਤ ਦੇਸ ਅੱਗੇ ਸਿਰਫ ਹਥਿਆਰ ਦਿੰਦਾ ਸੀ, ਹੁਣ ਜੰਗੀ ਟ੍ਰੇਨਿੰਗ ਦੇਣ ਵਾਸਤੇ ਵੀ ਰੂਸੀ ਉਸਤਾਦ ਹਜ਼ਾਰਾਂ ਦੀ ਗਿਣਤੀ ਵਿਚ ਪੁੱਜਣ ਲੱਗੇ। ਪਰ ਇਸ ਦੇ ਮੁਕਾਬਲੇ 1948 ਤੋਂ ਲੈਕੇ 1970 ਤੱਕ ਇਜ਼ਰਾਈਲੀ ਸਰਕਾਰ ਨੇ ਚਾਰ ਲੱਖ ਮਕਾਨ ਉਸਾਰ ਕੇ ਰਫੂਜੀਆਂ ਨੂੰ ਛੱਤ ਦਿੱਤੀ।

ਦੁਨੀਆਂ ਦੇ ਦਬਾਅ ਸਦਕਾ ਮਿਸਰੀ ਬਾਦਸ਼ਾਹ ਨਾਸਰ ਨੇ ਕਿਹਾ - ਤਿੰਨ ਮਹੀਨੇ ਵਾਸਤੇ ਗੋਲੀਬਾਰੀ ਬੰਦ। ਕੁਦਰਤ ਦੀ ਮਰਜ਼ੀ, ਤੀਜੇ ਮਹੀਨੇ ਉਸਦੀ ਮੌਤ ਹੋ ਗਈ। ਉਸ ਦੀ ਗੱਦੀ ਤੇ ਸਾਦਤ ਬੈਠਾ। ਪਤਾ ਨਹੀਂ ਕੀ ਗੱਲ ਹੋਈ, ਉਹ ਰੂਸੀਆਂ ਦੀ ਮਰਜ਼ੀ ਅਨੁਸਾਰ ਨਾ ਚੱਲਿਆ, ਆਪੋ ਵਿਚ ਅਣਬਣ ਹੋ ਗਈ। ਇਵੇਂ ਹੀ ਜਾਰਡਨ ਦੇ ਬਾਦਸ਼ਾਹ ਹੁਸੈਨ ਨੇ ਖਾੜਕੂ ਗਰੋਹਾਂ ਨਾਲ ਸਾਂਝ ਭਿਆਲੀ ਪਾਈ ਹੋਈ ਸੀ, ਖਾੜਕੂ ਉਸ ਉਪਰ ਜਦੋਂ ਜ਼ਿਆਦਾ ਰੋਅਬ ਪਾਉਣ ਲੱਗੇ ਤਾਂ ਉਸਨੇ ਵਡੀ ਗਿਣਤੀ ਵਿਚ ਫੌਜ ਤੋਂ ਅੰਡਰਗਰਾਊਂਡ ਖਾੜਕੂ ਗ੍ਰੋਹ ਮਰਵਾ ਦਿੱਤੇ। ਤਾਂ ਵੀ ਖਾੜਕੂ ਅਜੇ ਮੁਕੇ ਨਹੀਂ। ਮਿਊਨਿਖ ਓਲਿੰਪਿਕ ਖੇਡਾਂ ਵਿਚ ਗਏ ਇਜ਼ਰਾਈਲ ਦੇ ਐਥਲੀਟ ਗੋਲੀਆਂ ਨਾਲ ਫੁੰਡ ਦਿੱਤੇ। ਸਕੂਲ ਦੀ ਘੇਰਾਬੰਦੀ ਕਰਕੇ ਸਾਰੇ ਬੱਚੇ ਕਤਲ ਕਰ ਦਿੱਤੇ। ਖਾੜਕੂ ਢੰਗ ਤਰੀਕੇ ਕਦੀ ਸਫਲ ਨਹੀਂ ਹੁੰਦੇ, ਉਨ੍ਹਾਂ ਦੀਆਂ ਸ਼ਰਤਾਂ ਮੰਨੋ, ਤਾਂ ਖਾੜਕੂਵਾਦ ਵਧੀ ਜਾਏਗਾ, ਗੋਲਡਾ ਦਾ ਫੈਸਲਾ ਸੀ, ਉਨ੍ਹਾਂ ਨਾਲ ਸਮਝੌਤਾ ਨਹੀਂ ਕਰਨਾ।

ਪੋਪ ਦਾ ਵਿਹਾਰ ਮਾੜਾ ਸੀ, ਅਰਬਾਂ ਨੂੰ ਮਿਲਦਾ, ਯਹੂਦੀਆਂ ਨਾਲ ਹਮਦਰਦੀ ਨਹੀਂ। ਅਕਸਰ ਕਿਹਾ ਕਰਦਾ - ਮੁਸਲਮਾਨ ਸਾਡੇ ਮਸੀਹੇ ਯਸੂ ਦਾ ਆਦਰ ਕਰਦੇ ਨੇ, ਯਹੂਦੀ ਨਹੀਂ। ਦੂਜੇ ਵਿਸ਼ਵ ਯੁੱਧ ਦੌਰਾਨ ਥੋਕ ਵਿਚ ਮਾਰੇ ਯਹੂਦੀਆਂ ਵਾਸਤੇ ਵੀ ਉਸਦੀ ਹਮਦਰਦੀ ਨਹੀਂ ਸੀ। ਜੇਰੂਸਲਮ ਵਿਚ ਈਸਾਈ ਚਰਚਾਂ ਦੀ ਸੰਭਾਲ ਯਹੂਦੀਆਂ ਨੇ ਕੀਤੀ, ਇਸ ਵਾਸਤੇ ਸ਼ਾਬਾਸ਼ ਨਹੀਂ। ਉਸਨੂੰ ਅਰਬ ਸੁਲਤਾਨਾਂ ਦੀ ਮੇਜ਼ਬਾਨੀ ਪਸੰਦ ਹੁੰਦੀ।

ਜਿਹੜੇ ਰੂਸੀ ਯਹੂਦੀ ਇਜ਼ਰਾਈਲ ਆਉਣ ਵਾਸਤੇ ਅਰਜ਼ੀ ਦਿੰਦੇ, ਸਾਲਾਂ ਬੱਧੀ ਉੱਤਰ ਨਾ ਮਿਲਦਾ ਜੇ ਪ੍ਰਵਾਨਗੀ ਮਿਲ ਜਾਂਦੀ ਤਾਂ ਹਦਾਇਤ ਹੁੰਦੀ ਕਿ ਹਫਤੇ ਜਾਂ ਦਸ ਦਿਨ ਦੇ ਅੰਦਰ ਅੰਦਰ ਨਿਕਲੋ, ਕਦੀ ਕਦੀ ਕੁੱਝ ਕੁ ਘੰਟਿਆਂ ਦੀ ਮੁਹਲਤ ਮਿਲਦੀ, ਜਿਵੇਂ ਉਹ ਅਪਰਾਧੀ ਹੋਣ। ਪਹਿਲਾਂ ਤਾਂ ਪਤਾ ਨਹੀਂ ਆਗਿਆ ਮਿਲੇਗੀ ਕਿ ਨਾ, ਜੇ ਮਿਲ ਗਈ ਫਿਰ ਉਨ੍ਹਾਂ ਨੇ ਆਪਣਾ ਘਰ ਸਮਾਨ ਵੇਚਣਾ ਹੈ ਜੋ ਤੁਰਤ ਫੁਰਤ ਦਾ ਕੰਮ ਨਹੀਂ। ਰੇਲ ਰਾਹੀਂ ਬਰਾਸਤਾ ਆਸਟਰੀਆ ਆਉਣਾ ਪੈਂਦਾ। ਅਰਬ ਖਾੜਕੂਆਂ ਨੇ ਗੱਡੀਓਂ ਉਤਰਦੇ ਯਹੂਦੀ ਅਗਵਾ ਕਰ ਲਏ ਜਿਨ੍ਹਾਂ ਵਿਚ ਇਕ 73 ਸਾਲ ਦਾ ਬਜ਼ੁਰਗ, ਇਕ ਬਿਮਾਰ ਔਰਤ, ਇਕ ਤਿੰਨ ਸਾਲ ਦੀ ਬੱਚੀ ਸੀ। ਆਸਟਰੀਆ ਸਰਕਾਰ ਨੂੰ ਹੁਕਮ ਦੇ ਦਿੱਤਾ - ਆਸਟਰੀਆ ਯਹੂਦੀਆਂ ਦਾ ਲਾਂਘਾ ਬੰਦ ਕਰੋ ਨਹੀਂ ਤਾਂ ਸਾਰੇ ਬੰਦੀ ਫੁੰਡ ਦਿੱਤੇ ਜਾਣਗੇ। ਸਰਕਾਰ ਨੇ ਗੋਡੇ ਟੇਕ ਦਿੱਤੇ। ਗੋਲਡਾ ਨੇ ਆਸਟਰੀਆ ਦੇ ਪ੍ਰਧਾਨ ਮੰਤਰੀ ਕ੍ਰੇਸਕੀ ਨਾਲ ਮੀਟਿੰਗ ਕੀਤੀ, ਕਿਹਾ - ਇਸ ਦਾ ਮਤਲਬ ਇਹ ਹੋਇਆ ਕਿ ਰੂਸੀ ਯਹੂਦੀਆਂ ਦਾ ਲਾਂਘਾ ਹਮੇਸ਼ਾ ਲਈ ਬੰਦ ? ਕ੍ਰੇਸਕੀ ਨੇ ਕਿਹਾ - ਹੋਰ ਵੀ ਤਾਂ ਦੇਸ ਹਨ, ਕਿਸੇ ਹੋਰ ਪਾਸਿਓਂ ਲੰਘ ਆਇਆ ਕਰਨ। ਗੋਲਡਾ ਬੋਲੀ - ਪਰ ਇਹ ਫੈਸਲਾ ਰੂਸੀ ਸਰਕਾਰ ਦਾ ਹੈ ਕਿ ਆਸਟਰੀਆ ਤੋਂ ਇਲਾਵਾ ਹੋਰ ਲਾਂਘਾ ਮਨਜ਼ੂਰ ਨਹੀਂ। ਕ੍ਰੇਸਕੀ, ਜੋ ਖੁਦ ਯਹੂਦੀ ਸੀ, ਬੋਲਿਆ - ਪਰ ਯਹੂਦੀਆਂ ਦੇ ਲਾਂਘੇ ਸਦਕਾ ਮੈਂ ਆਪਣੇ ਦੇਸ ਨੂੰ ਮੁਸੀਬਤ ਵਿਚ ਕਿਉਂ ਪਾਵਾਂ ? ਗੋਲਡਾ ਨੇ ਕਿਹਾ - ਚਾਹੀਦਾ ਤਾਂ ਇਹ ਸੀ ਕਿ ਪ੍ਰਧਾਨ ਮੰਤਰੀ ਵਜੋਂ ਤੂੰ ਖਾੜਕੂਆਂ ਦਾ ਲਾਂਘਾ ਰੋਕਦਾ, ਤੂੰ ਮਾਸੂਮ ਯਹੂਦੀਆਂ ਦੇ ਰਸਤੇ ਵਿਚ ਕੰਧ ਉਸਾਰ ਦਿੱਤੀ? ਕ੍ਰੇਸਕੀ ਬੋਲਿਆ - ਤੁਹਾਡਾ ਜਹਾਨ ਹੋਰ ਹੈ ਮੈਡਮ, ਮੇਰਾ ਜਹਾਨ ਹੋਰ। ਗੱਲ ਖਤਮ। ਬਾਹਰ ਪ੍ਰੈੱਸ ਉਡੀਕ ਰਹੀ ਸੀ ਬਿਨਾ ਕਿਸੇ ਵੱਲ ਦੇਖੇ, ਤੇਜ਼ੀ ਨਾਲ ਹਾਲ ਵਿਚੋਂ ਬਾਹਰ ਹੋ ਗਈ।

ਮਈ 1973 ਵਿਚ ਖਬਰ ਮਿਲੀ ਕਿ ਸੀਰੀਆ ਅਤੇ ਮਿਸਰੀ ਫੌਜਾਂ ਬਾਰਡਰਾਂ ਵਲ ਸਰਕ ਰਹੀਆਂ ਹਨ। ਗੋਲਾਨ ਚੋਟੀਆਂ ਤੇ ਤੋਪਾਂ ਬੀੜੀਆਂ ਗਈਆਂ, 13 ਸਤੰਬਰ ਨੂੰ ਹਵਾਈ ਹਮਲੇ ਸ਼ੁਰੂ ਹੋ ਗਏ, ਤੇਰਾਂ ਸੀਰੀਅਨ ਮਿਗ ਲੜਾਕੂ ਫੁੰਡ ਲਏ। ਪੰਜ ਅਕਤੂਬਰ ਨੂੰ ਖੂਫੀਆਂ ਏਜੰਸੀ ਨੇ ਖਬਰ ਦਿੱਤੀ ਕਿ ਰੂਸੀ ਉਸਤਾਦ ਪਰਿਵਾਰਾਂ ਸਮੇਤ ਫਟਾਫਟ ਸੀਰੀਆ ਵਿਚੋਂ ਨਿਕਲ ਕੇ ਵਾਪਸ ਰੂਸ ਪਰਤ ਰਹੇ ਹਨ। ਕਿਉਂ ? ਗੋਲਡਾ ਨੇ ਫੌਜਾਂ ਦੇ ਕਮਾਂਡਰ ਬੁਲਾ ਲਏ - ਸਭ ਨੇ ਕਿਹਾ, ਅਸੀਂ ਦੇਖ ਰਹੇ ਹਾਂ ਤੇ ਅਸੀਂ ਤਿਆਰ ਹਾਂ। ਵਜ਼ਾਰਤ ਦੀ ਮੀਟਿੰਗ ਸੱਦੀ, ਸਾਰੇ ਕਹਿਣ ਲੱਗੇ ਐਵੇਂ ਫਿਕਰ ਨਾ ਕਰੋ, ਹੁਣ ਹਿੰਮਤ ਨਹੀਂ ਕਰਨਗੇ, ਤਾਂ ਵੀ ਤੁਰੰਤ ਕੋਈ ਫੈਸਲਾ ਲੈਣਾ ਪਿਆ ਤਾਂ ਮਤਾ ਪਾ ਦਿੱਤਾ - ਪ੍ਰਧਾਨ ਮੰਤਰੀ ਨੂੰ ਸਭ ਅਖਤਿਆਰ ਦਿੱਤੇ। ਸੀਰੀਆ ਰੇਡੀਓ ਨੇ ਇਹ ਵੀ ਖਬਰਾਂ ਨਸ਼ਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਇਜ਼ਰਾਈਲੀ ਫੌਜਾਂ ਸੀਰੀਆ ਵਲ ਵਧ ਰਹੀਆਂ ਹਨ। ਇਹ ਜੰਗ ਦਾ ਪੱਕਾ ਸਬੂਤ ਸੀ। ਗੋਲਡਾ ਨੇ ਅਮਰੀਕੀ ਦੂਤਾਵਾਸ ਨੂੰ ਚੌਕਸ ਕਰਦਿਆਂ ਕਿਹਾ - ਹੁਣ ਡੋਰ ਅਮਰੀਕਾ ਹੱਥ ਹੈ, ਧਿਆਨ ਰਹੇ।

5 ਅਕਤੂਬਰ ਨੂੰ ਤਲ ਅਵੀਵ ਉਪਰ ਹਵਾਈ ਹਮਲਾ ਹੋਇਆ। ਸੁਏਜ਼ ਨਹਿਰ ਪਾਰ ਕਰਕੇ ਮਿਸਰੀ ਫੌਜ ਸਿਨਾਈ ਵਲ ਮਾਰ ਕਰਨ ਲੱਗੀ, ਉਧਰ ਸੀਰੀਆ ਗੋਲਾਨ ਚੋਟੀਆਂ ਸਰ ਕਰਦਾ ਅੱਗੇ ਵਧਣ ਲੱਗਾ। ਦੋਵਾਂ ਪਾਸਿਆਂ ਦੀ ਭਿਆਨਕ ਤਬਾਹੀ ਹੋਈ, ਪੰਜ ਦਿਨ ਖੂੰਖਾਰ ਝਪਟਾਂ ਹੋਈਆਂ ਪਰ ਅਮਰੀਕਾ ਨੇ ਮਦਦ ਨਹੀਂ ਭੇਜੀ। ਰੂਸ ਸਮੁੰਦਰੀ ਅਤੇ ਹਵਾਈ ਰਸਤਿਆਂ ਰਾਹੀਂ ਅਸਲਾ ਭੇਜ ਰਿਹਾ ਸੀ। ਸਵੇਰ ਦੇ ਤਿੰਨ ਵਜੇ ਗੋਲਡਾ ਨੇ ਅਮਰੀਕਾ ਵਿਚ ਆਪਣੇ ਸਫੀਰ ਨੂੰ ਤੇ ਇਜ਼ਰਾਈਲ ਵਿਚ ਅਮਰੀਕਣ ਸਫੀਰ ਨੂੰ ਫੋਨ ਕਰਕੇ ਕਿਹਾ - ਹੁਣੇ ਨਿਕਸਨ ਨੂੰ ਜਗਾ ਕੇ ਪੁੱਛੋ ਮਦਦ ਕਿਉਂ ਨਹੀਂ ਭੇਜੀ। ਦਿਨ ਚੜ੍ਹਨ ਦੀ ਆਸ ਨਾ ਕਰੋ, ਹੋ ਸਕਦੈ ਦਿਨ ਚੜ੍ਹੇ ਈ ਨਾ ਸਾਡੇ ਲਈ।

ਆਖਰ ਨੌ ਦਿਨਾਂ ਬਾਦ 14 ਅਕਤੂਬਰ ਨੂੰ ਅਮਰੀਕਣ ਜਹਾਜ਼ ਆ ਉਤਰੇ। ਇਸ ਦਿਨ ਤੱਕ 656 ਇਜ਼ਰਾਈਲੀ ਜੁਆਨ ਮਾਰੇ ਗਏ। ਦਿਉ ਕੱਦ ਜਹਾਜ਼ ਟੈਂਕ ਉਤਾਰਨ ਲੱਗੇ। ਤੇ ਲੜਾਕੂ ਜਹਾਜ਼? ਪਤਾ ਲੱਗਾ - ਆ ਰਹੇ ਹਨ, ਰਸਤੇ ਵਿਚ ਫਿਊਲ ਭਰਨ ਲਈ ਨਹੀਂ ਉਤਰਨਗੇ, ਉਡਦਿਆਂ ਉਡਦਿਆਂ ਫਿਊਲ ਭਰਿਆ ਜਾ ਰਿਹਾ ਹੈ। ਪੰਦਰਾਂ ਪੰਦਰਾਂ ਮਿੰਟਾਂ ਬਾਦ ਇਕ ਇਕ ਕਰਕੇ ਜਹਾਜ਼ ਉਤਰਨ ਲੱਗੇ। ਨਿਕਸਨ ਨੇ ਏਅਰ ਫੋਰਸ ਦੇ ਅਫਸਰ ਭੇਜੇ ਤਾਂ ਕਿ ਇਜ਼ਰਾਈਲੀ ਸੈਨਿਕਾਂ ਨੂੰ ਰਾਤ ਦਿਨ ਟ੍ਰੇਨਿੰਗ ਦੇਣ। ਡਰ ਸੀ ਕਿ ਕਿਤੇ ਤੀਜਾ ਫਰੰਟ ਨਾ ਖੁਲ੍ਹ ਜਾਵੇ ਪਰ ਜਾਰਡਨ ਦੇ ਹੁਸੈਨ ਨੇ ਪਿਛਲੀ ਜੰਗ ਤੋਂ ਸਬਕ ਸਿੱਖ ਲਿਆ ਸੀ, ਖਾਮੋਸ਼ ਰਿਹਾ।

ਅਮਰੀਕਾ ਤੋਂ ਆਈਆਂ ਮਿਜ਼ਾਈਲਾਂ ਅਤੇ ਫਾਈਟਰ ਜਹਾਜ਼ਾਂ ਨੇ ਕੁਹਰਾਮ ਮਚਾ ਦਿੱਤਾ। ਇਜ਼ਰਾਈਲੀ ਫੌਜਾਂ ਵਾਹੋਦਾਹੀ ਸੀਰੀਆ ਅਤੇ ਮਿਸਰ ਵੱਲ ਵਧਣ ਲੱਗੀਆਂ। ਸੁਏਜ਼ ਨਹਿਰ ਤੇ ਕਬਜ਼ਾ ਹੋ ਗਿਆ। ਸੋਵੀਅਤ ਰਾਸ਼ਟਰਪਤੀ ਕੋਸੀਗਿਨ ਖੁਦ ਕਾਇਰੋ ਵਿਚ ਆ ਪੁੱਜਾ। ਹੁਣ ਅਰਬਾਂ ਦੀ ਇਜ਼ਤ ਰੱਖਣ ਦਾ ਸਮਾਂ ਸੀ, ਦੋਸਤ ਦੇਸਾਂ ਦੇ ਵੱਕਾਰ ਦਾ ਸਵਾਲ। ਆਉਂਦਿਆਂ ਹੀ ਉਸਨੇ ਯੁੱਧ ਬੰਦੀ ਦੀ ਪੁਕਾਰ ਕੀਤੀ। ਉਹ ਇਹੋ ਕਰਦਾ ਹੁੰਦਾ ਸੀ। ਯੁੱਧ ਕਿਸ ਨੇ ਛੇੜਿਆ, ਕਸੂਰਵਾਰ ਕੌਣ ਹੈ, ਇਹ ਗੱਲ ਨਹੀਂ ਕਰਨੀ, ਯੁੱਧ ਬੰਦ ਕਰੋ ਤੇ ਯੁੱਧਬੰਦੀ ਤੋਂ ਪਹਿਲਾਂ ਦੀਆਂ ਥਾਵਾਂ ਤੇ ਚਲੇ ਜਾਓ, ਯਾਨੀ ਕਿ ਇਜ਼ਰਾਈਲ ਜਿਤੇ ਇਲਾਕੇ ਵਾਪਸ ਕਰੇ। ਅਰਬਾਂ ਨੂੰ ਸੰਕਟ ਵਿਚੋਂ ਕੱਢਣ ਲਈ ਮੁਕਤੀਦਾਤਾ ਪੁੱਜ ਗਿਆ।

ਨਿਕੇ ਦੇਸ ਵੱਡੀਆਂ ਤਾਕਤਾਂ ਸਾਹਮਣੇ ਆਪਣੀ ਹਰ ਗੱਲ ਨਹੀਂ ਮਨਾ ਸਕਦੇ, 22 ਅਕਤੂਰ ਨੂੰ ਹੰਗਾਮੀ ਮੀਟਿੰਗ ਸੱਦ ਕੇ ਯੂ.ਐਨ.ਓ. ਦੀ ਸੁਰੱਖਿਆ ਏਜੰਸੀ ਨੇ ਬਾਰਾਂ ਘੰਟਿਆਂ ਦੇ ਅੰਦਰ ਜੰਗਬੰਦੀ ਕਰਨ ਲਈ ਕਿਹਾ। ਮਤੇ ਵਿਚ ਇਕ ਲਾਈਨ ਇਹ ਵੀ ਸੀ - ਜੰਗਬੰਦੀ ਸਥਾਈ ਅਮਨ ਵਾਸਤੇ ਜਰੂਰੀ ਹੈ। ਗੋਲਡਾ ਨੇ ਕਿਹਾ - ਦੋ ਦਿਨ ਹੋਰ ਮਿਲ ਜਾਂਦੇ, ਮਿਸਰ ਅਤੇ ਸੀਰੀਆ ਦੀ

www.punjabilibrary.com

ਫੌਜੀ ਤਾਕਤ ਦਾ ਪੂਰਾ ਸਫਾਇਆ ਕਰ ਦੇਣਾ ਸੀ, ਫੇਰ ਹੁੰਦਾ ਸਥਾਈ ਅਮਨ। ਰੂਸ ਨੇ ਦੋਵੇਂ ਦੇਸਾਂ ਨੂੰ ਪਿੰਜੇ ਜਾਣ ਤੋਂ ਬਚਾ ਲਿਆ।

ਮਿਸਰ ਦੀ 20 ਹਜ਼ਾਰ ਫੌਜ ਇਜ਼ਰਾਈਲ ਦੀ ਫੌਜ ਨੇ ਘੇਰ ਰੱਖੀ ਸੀ। ਰੂਸ ਦਬਾਉ ਪਾ ਰਿਹਾ ਸੀ - ਇਨ੍ਹਾਂ ਨੂੰ ਛੱਡੋ। ਇਜ਼ਰਾਈਲ ਬਜ਼ਿਦ ਸੀ ਕਿ ਹਥਿਆਰ ਸੁਟਣਗੇ ਤਾਂ ਛੱਡਾਂਗੇ। ਰੂਸ ਇਸੇ ਭਾਰੀ ਹੱਤਕ ਤੋਂ ਬਚਾਅ ਕਰ ਰਿਹਾ ਸੀ। ਫੈਸਲਾ ਹੋਇਆ ਕਿ ਰੂਸੀ ਅਮਰੀਕੀ ਦੂਤ ਸੰਧੀ ਵਾਰਤਾ ਦੀ ਨਿਗਰਾਨੀ ਕਰਨ। ਨਿਕਸਨ ਨੇ ਹੈਨਰੀ ਕਿਸਿੰਜਰ ਭੇਜਿਆ। ਇਸ ਯੁੱਧ ਦੇ ਨਾਇਕ ਨਾ ਅਰਬ ਸ਼ਾਸਕ ਬਣੇ ਨਾ ਗੋਲਡਾ ਮੀਰ, ਕਿਸਿੰਜਰ ਨਾਇਕ ਵਜੋਂ ਜਾਣਿਆ ਗਿਆ। ਉਸਦੀ ਸਿਆਸੀ ਸਮਰੱਥਾ ਅਥਾਹ ਸੀ। ਆਕੜਿਆਂ ਨੂੰ ਮਨਾਉਣ ਵਿਚ ਪ੍ਰਵਾਹ ਨਹੀਂ ਕਿੰਨੇ ਦਿਨ ਲੱਗਣ, ਥਕਦਾ ਈ ਨਹੀ ਸੀ ਤੇ ਆਖਰ ਆਪਣੀ ਗੱਲ ਮਨਾ ਕੇ ਟਿਕਦਾ ਸੀ, ਧੌਂਸ ਨਾਲ ਨਹੀਂ, ਦਲੀਲ ਨਾਲ।

ਕੁੱਝ ਮਸਲਿਆਂ ਉਪਰ ਗੋਲਡਾ ਕਿਸਿੰਜਰ ਨਾਲ ਸਹਿਮਤ ਨਾ ਹੋਈ। ਕਿਸਿੰਜਰ ਨੇ ਕਿਹਾ - ਜੇ ਆਪਣੇ ਸਟੈਂਡ ਤੇ ਅੜੀ ਹੈਂ ਫਿਰ ਮੈਂ ਵਾਸ਼ਿੰਗਟਨ ਚਲਾ ਜਾਵਾਂ ਗੋਲਡਾ ? ਗੋਲਡਾ ਨੇ ਕਿਹਾ - ਵਾਸ਼ਿੰਗਟਨ ਨਹੀਂ, ਦਮਸਕਸ, ਰੂਸ ਦਾ ਵਿਦੇਸ਼ ਮੰਤਰੀ ਗ੍ਰੋਮੀਕੋ ਇਸ ਵੇਲੇ ਦਮਸਕਸ ਵਿਚ ਹੈ। ਉਸ ਨੂੰ ਸਾਡੀ ਗੱਲ ਮਨਾ। ਇਸ ਵਾਰ ਅਸੀਂ ਕੂਟਨੀਤੀ ਵਿਚ ਹਾਰ ਗਏ ਫਿਰ ਕਦੀ ਨਹੀਂ ਜਿੱਤ ਸਕਦੇ। ਸਾਨੂੰ ਮੰਝਧਾਰ ਵਿਚ ਛੱਡ ਕੇ ਨਾਂ ਜਾਹ।

ਉਹ ਦਮਸਕਸ ਚਲਾ ਗਿਆ, ਗ੍ਰੋਮੀਕੋ ਨੂੰ ਮਿਲਿਆ। ਉਸਨੂੰ ਸਹਿਮਤ ਕਰਨ ਵਿਚ ਕਾਮਯਾਬ ਹੋ ਗਿਆ। ਇਸ ਯਹੂਦੀ ਨੇ ਇਜ਼ਰਾਈਲ ਦੀ ਕਿਸ਼ਤੀ ਕਿਨਾਰੇ ਲਾ ਦਿੱਤੀ।

ਲੰਡਨ ਵਿਚ ਯੋਰਪੀਅਨ ਸੋਸ਼ਲਿਸਟਾਂ ਦੀ ਮੀਟਿੰਗ ਵਿਚ ਗੋਲਡਾ ਵੀ ਗਈ। ਉਸਨੇ ਸਵਾਲ ਕੀਤਾ - ਇਥੇ ਸਾਰੀਆਂ ਉਘੀਆਂ ਹਸਤੀਆਂ ਹਾਜ਼ਰ ਨੇ। ਸਾਰਾ ਯੋਰਪ ਜਾਣਦਾ ਹੈ ਕਿ ਵੀਹ ਤਾਨਾਸ਼ਾਹ ਅਰਬ ਦੇਸਾਂ ਵਿਚਕਾਰ ਕੇਵਲ ਇਕ ਨਿਕਾ ਲੋਕਤੰਤਰ ਹੈ, ਇਜ਼ਰਾਈਲ। ਜਦੋਂ ਅਮਰੀਕਾ ਜੰਗ ਵਿਚ ਅਮਨੀਸ਼ਨ ਭੇਜਣਾ ਮੰਨ ਗਿਆ ਤਾਂ ਸਾਰੇ ਦੇਸਾਂ ਨੇ ਫਿਊਲ ਭਰਨ ਦੇਣ ਲਈ ਉਸ ਨੂੰ ਨਾਂਹ ਕਰ ਦਿੱਤੀ। ਜੇ ਨਿਕਸਨ ਸਾਨੂੰ ਆਖ ਦਿੰਤਾ, ਮੈਂ ਤਾਂ ਮਦਦ ਕਰਨ ਲਈ ਤਿਆਰ ਹਾਂ, ਪਰ ਫਿਊਲ ਭਰਨ ਦਾ ਕੀ ਬੰਦੋਬਸਤ ਕਰਾਂ, ਫਿਰ ਅਸੀਂ ਕੀ ਕਹਿੰਦੇ ? ਮੇਰੇ ਸਵਾਲ ਦਾ ਉੱਤਰ ਦਿਉ। ਕਿਸੇ ਨੇ ਉਤਰ ਨਹੀਂ ਦਿੱਤਾ। ਇਕ ਜਣਾ ਬੋਲਿਆ - ਮੈਡਮ ਬੋਲ ਨਹੀਂ ਸਕਦੇ ਕਿਉਂਕਿ ਇਨ੍ਹਾਂ ਦਿਆਂ ਗਲਾਂ ਵਿਚ ਅਰਬਾਂ ਦਾ ਤੇਲ ਭਰ ਗਿਆ ਹੈ।

11 ਨਵੰਬਰ 1973 ਨੂੰ ਇਜ਼ਰਾਈਲ ਅਤੇ ਮਿਸਰ ਵਿਚਕਾਰ ਸੰਧੀ ਉਪਰ ਸਹੀ ਪਾਈ ਗਈ। ਜ਼ਖਮੀ ਹਸਪਤਾਲਾਂ ਵਿਚ ਗਏ, ਬੰਦੀ ਫੌਜੀ ਰਿਹਾ ਹੋਏ। ਕਈ ਤਾਂ ਗੋਲਡਾ ਨੂੰ ਗਲਵਕੜੀ ਪਾਕੇ ਬੱਚਿਆਂ ਵਾਂਗ ਰੋਏ। ਇਕ ਦੇ ਵੀ ਚਿਹਰੇ ਉਪਰ ਸ਼ਿਕਨ ਨਹੀਂ ਸੀ। ਜੇਲ੍ਹਾਂ ਵਿਚੋਂ ਤੁਹਫੇ ਲੈਕੇ ਆਏ, ਬੰਦੀ ਕਾਲ ਦੌਰਾਨ ਬਣਾਈਆਂ ਚੀਜ਼ਾਂ। ਦਾਊਦ ਦਾ ਤਾਰੇ ਜੜਿਆ ਝੰਡਾ ਫੜਾਂਦਿਆਂ ਸਿਪਾਹੀ ਨੇ ਕਿਹਾ - ਮੈਡਮ ਇਹ ਸਾਡੇ ਜੇਲ੍ਹ ਅੰਦਰਲੀ ਯੂਨਿਟ ਦਾ ਝੰਡਾ ਅਸੀਂ ਸਲਾਮੀ ਦੇਣ ਵਾਸਤੇ ਬਣਾਇਆ ਸੀ, ਹੁਣ ਸਾਡੀ ਇਹ ਯੂਨਿਟ ਟੁੱਟ ਗਈ ਹੈ, ਇਸ ਲਈ ਝੰਡਾ ਤੁਹਾਨੂੰ ਦਿੱਤਾ। ਗੋਲਡਾ ਨੇ ਸਾਰੀ ਉਮਰ ਇਹ ਝੰਡਾ ਆਪਣੇ ਡ੍ਰਾਇੰਗ ਰੂਮ ਵਿਚ ਸਜਾਇਆ।

ਗੋਲਡਾ ਆਖਿਆ ਕਰਦੀ - ਮੈਂ ਖੁਸ਼ਕਿਸਮਤ ਹਾਂ ਜਿਹੜੀ ਆਪਣਾ ਮੁਲਕ ਆਜ਼ਾਦ ਦੇਖ ਸਕੀ। ਸਾਰੀ ਦੁਨੀਆਂ ਦੇ ਯਹੂਦੀ ਇਥੇ ਆਕੇ ਵਸੇ, ਇਸੇ ਕਰਕੇ ਇਹ ਗਤੀਸ਼ੀਲ ਅਤੇ ਸਿਹਤਮੰਦ ਰਹੇਗਾ। ਅਸੀਂ ਅਮਨ ਦੇ ਇਛੁੱਕ ਹਾਂ, ਪਰ ਅਮਨ ਤਦ ਕਾਇਮ ਰਹੇਗਾ ਜੇ ਇਜ਼ਰਾਈਲ ਮਜ਼ਬੂਤ ਹੋਵੇਗਾ, ਸਿਆਣੇ ਦੇਸਾਂ ਦੇ ਸਿਆਣੇ ਹੁਕਮਰਾਨ ਭੀੜ ਪਈ ਤੋਂ ਅੱਖਾਂ ਫੇਰ ਲੈਂਦੇ ਹਨ। ਵਡੀਆਂ ਤਾਕਤਾਂ ਕਠੋਰ ਹਨ, ਸਵਾਰਥੀ ਹਨ, ਉਨ੍ਹਾਂ ਦੀ ਮੰਨਣੀ ਪਵੇਗੀ ਪਰ ਕਦੀ ਕਦਾਈਂ ਉਨ੍ਹਾਂ ਨੂੰ ਸਾਫ ਜਵਾਬ ਦੇਣ ਦਾ ਜੇਰਾ ਵੀ ਦਿਖਾਣਾ ਪਏਗਾ। ਸਾਡੇ ਬੱਚੇ, ਸਾਡੇ ਬੱਚਿਆਂ ਦੇ ਬੱਚੇ, ਅੱਗੇ ਉਨ੍ਹਾਂ ਦੇ

ਬੱਚੇ ਆਜ਼ਾਦ ਫਿਜ਼ਾ ਵਿਚ ਕਿਲਕਾਰੀਆਂ ਮਾਰ ਸਕਣਗੇ। ਹਜ਼ਾਰਾਂ ਸਾਲ ਪੁਰਾਣਾ ਸੁਫਨਾ ਸਾਕਾਰ ਹੋਇਆ।

ਸਿਮੋਨ 'ਦ ਬੋਵੂਅਰ (1908-1986)

ਦੋ ਕਾਰਨਾਂ ਕਰਕੇ ਸਿਮੋਨ (Simone de Beauvoir) ਚੜ੍ਹਦੀ ਜੁਆਨੀ ਵਿਚ ਮਸ਼ਹੂਰ ਹੋਈ। ਪਹਿਲਾ, ਫਲਸਫੇ ਦੀ ਗੰਭੀਰ ਵਿਦਿਆਰਥਣ ਜੀਵਨ ਪ੍ਰਤੀ, ਲਿਖਤ ਦੀ ਸ਼ੈਲੀ ਪ੍ਰਤੀ ਉਕਾ ਗੰਭੀਰ ਨਹੀਂ, ਦੂਜਾ ਸਥਾਪਤ ਫਿਲਾਸਫਰ ਸਾਰਤ੍ਰ ਨਾਲ ਰੋਮਾਂਸ ; ਦੋਹਾਂ ਦਾ ਫੈਸਲਾ - ਵਿਆਹ ਨਹੀਂ ਕਰਵਾਉਣਾ, ਦੋਵਾਂ ਨੇ ਇਕ ਦੂਜੇ ਦੇ ਹੋਰ ਵਧੀਕ ਇਸ਼ਕਾਂ ਵਿਚ ਵਿਘਨ ਨਹੀਂ ਪਾਉਣਾ, ਲੁਕ

ਛੁਪ ਕੇ ਨਹੀਂ: ਸ਼ਰੇਆਮ ਅਜਿਹਾ ਕਰਨਾ। ਮਰਦ ਆਪਣੇ ਇਸ਼ਕਾਂ ਦੇ ਮਸਾਲੇਦਾਰ ਕਿੱਸੇ ਸੁਣਾਉਂਦੇ ਰਹੇ ਪਰ ਕੁੜੀ ਅਜਿਹਾ ਕਰੇ, ਉਸ ਸਮੇਂ ਦੇ ਯੋਰਪ ਵਿਚ ਵੀ ਪ੍ਰਵਾਨ ਨਹੀਂ ਸੀ। ਰੱਜਵੀਂ ਭੰਡੀ ਹੋਈ, ਅਖਬਾਰਾਂ ਰਿਸਾਲਿਆਂ, ਕਿਤਾਬਾਂ, ਸਟੇਜਾਂ ਤੱਕ ਬਦਨਾਮੀ ਮਿਲੀ। ਆਪਣੀਆਂ ਲਿਖਤਾਂ ਵਿਚ ਆਪਣੇ ਕਾਰਨਾਮਿਆਂ ਦੇ ਬਾਜ਼ਾਰ ਸਿਮੋਨ ਨੇ ਖੁਦ ਸਜਾ ਲਏ, ਇਕ ਤਰ੍ਹਾਂ ਦਾ ਐਲਾਨਨਾਮਾ - ਜੋ ਆਪਣੇ ਬਾਰੇ ਖੁਦ ਲਿਖ ਰਹੀ ਹਾਂ, ਇਸ ਤੋਂ ਵਧੀਕ ਮੇਰੇ ਖਿਲਾਫ ਕੀ ਲਿਖੋਗੇ?

ਜਾਰਜ ਲੂਈ ਬੋਰਖੇਜ਼ (1899 - 1986) ਨੇ ਕਿਹਾ, ''ਕਿਸੇ ਵਲੋਂ ਆਪਣੇ ਖਿਲਾਫ ਲਿਖਤ ਪੜ੍ਹਦਾ ਹਾਂ ਤਾਂ ਮੈਂ ਉਸਦੀ ਭਾਵਨਾ ਸਮਝਦਿਆਂ ਸੋਚਦਾ ਹਾਂ ਕਿ ਇਸ ਤੋਂ ਵਧੀਆ ਤਾਂ ਮੈਂ ਖੁਦ ਲਿਖ ਸਕਦਾ ਸਾਂ। ਛਪਣ ਤੋਂ ਪਹਿਲਾਂ ਮੇਰੇ ਆਲੋਚਕ ਆਪਣੀ ਲਿਖਤ ਮੈਨੂੰ ਦਿਖਾ ਦਿਆ ਕਰਨ ਤਾਂ ਮੈਂ ਉਸ ਵਿਚ ਜਾਨ ਪਾ ਸਕਦਾ ਹਾਂ। ਮੇਰਾ ਕਈ ਵਾਰ ਦਿਲ ਕੀਤਾ ਕਿ ਕਿਸੇ ਫਰਜ਼ੀ ਨਾਮ ਹੇਠ ਲਿਖ ਲਿਖ ਆਪਣੇ ਬਖੀਏ ਉਧੇੜਦਿਆਂ। ਅਠਾਹਰਵੀਂ ਸਦੀ ਵਿਚ ਰੂਸੋ (1712–1778) ਨੇ ਕਨਫੈਸ਼ਨਜ਼ ਵਿਚ ਆਪਣੇ ਖਿਲਾਫ ਜੋ ਜੋ ਲਿਖਿਆ, ਪਾਠਕ ਜਾਣਦੇ ਹਨ। ਰੂਸੋ ਅਤੇ ਬੋਰਖੇਜ਼ ਦੀਆਂ ਲਿਖਤਾਂ ਪੜ੍ਹਦਿਆਂ ਵਾਰਿਸ ਸ਼ਾਹ ਦਾ ਬੈਂਤ ਯਾਦ ਆ ਜਾਂਦਾ -

ਖੂਹੇ ਨੈਣਾ ਦੇ ਗੇੜ ਇਸ਼ਨਾਨ ਕਰੀਏ,
ਦਿਲਾਂ ਸੱਚਿਆਂ ਦੇ ਦਰਸ਼ਨ ਪਾਂਵਦੇ ਹਾਂ।

ਸਿਮੋਨ ਦੇ ਕਾਰਨਾਮਿਆਂ ਵਿਚੋਂ ਕਚਿਆਣ ਆਈ, ਉਸਦੀ ਲਿਖਤ ਪੜ੍ਹਦਿਆਂ ਇਲੀਅਟ ਦਾ ਬੰਦ ਯਾਦ ਆਇਆ -

*We are hollow men*
*We are stuffed men*
(ਅਸੀਂ ਥੋਥੇ ਬੰਦੇ ਹਾਂ। ਅਸੀਂ ਤੂੜੀ ਤੁੰਨੇ ਪੁਤਲੇ ਹਾਂ।)

ਤਾਂ ਵੀ, ਪਹਿਲੋਂ ਫਰਾਂਸ ਨੇ ਫਿਰ ਯੋਰਪ ਨੇ ਨਾ ਕੇਵਲ ਉਸਨੂੰ ਸਵੀਕਾਰ ਕੀਤਾ, ਸਗੋਂ ਸਤਿਕਾਰਿਆ। ਅਮਰੀਕਨ ਲੇਖਕ ਅਲਗਰਿਨ ਨੇ ਖਬਰ ਪੜ੍ਹੀ ਕਿ ਲੱਖਾਂ ਕੁੜੀਆਂ ਲਈ ਉਹ ਪ੍ਰੇਰਨਾ ਸਰੋਤ ਬਣ ਗਈ ਹੈ ਤਾਂ ਉਸ ਨੇ ਲਿਖਿਆ, ''ਸਿਮੋਨ ਜਿਨ੍ਹਾਂ ਲਈ ਪ੍ਰੇਰਨਾ ਹੈ, ਉਹ ਲੱਖਾਂ ਕੁੜੀਆਂ ਕਿਹੋ ਜਿਹੀਆਂ ਹਨ?'' ਮਰਦ ਪ੍ਰਧਾਨ ਸਮਾਜ ਵਿਰੁੱਧ ਝੰਡਾ ਚੁੱਕਿਆ, ਔਰਤ ਦੀ ਆਜ਼ਾਦੀ, ਬਰਾਬਰੀ, ਸਵੈਮਾਨ ਦਾ ਨਾਅਰਾ ਦਿੱਤਾ ਤੇ ਮਰਦਜ਼ਾਤ ਦੀ ਰੱਜ ਕੇ ਨਿੰਦਿਆ ਕੀਤੀ। ਉਮਰ ਦੇ ਅਖੀਰ ਵਿਚ ਉਹੀ ਸਿਮੋਨ ਆਪਣੀ ਸਵੈਜੀਵਨੀ ਵਿਚ ਲਿਖਦੀ ਹੈ, ''ਮਰਦਾਂ ਦੀ ਮਦਦ ਨਾ ਮਿਲਦੀ ਤਾਂ ਮੇਰਾ ਅੰਦੋਲਨ ਫੇਲ ਹੋ ਜਾਂਦਾ। ਮੇਰਾ ਨਿੱਜੀ ਅਨੁਭਵ ਇਹੋ ਹੈ ਕਿ ਜੀਵਨ ਵਿਚ ਜਿਥੇ ਮੈਨੂੰ ਲੋੜ ਪਈ, ਮਰਦਾਂ ਨੇ ਮੈਨੂੰ ਮੇਰੇ ਬਣਦੇ ਹੱਕਾਂ ਤੋਂ ਵਧੀਕ ਸਹਾਇਤਾ ਦਿੱਤੀ। ਦੁਸ਼ਮਣ ਨਹੀਂ, ਮਰਦ ਮੇਰੇ ਦੋਸਤ ਬਣੇ, ਉਨ੍ਹਾਂ ਨੂੰ ਨਫਰਤ ਕੀ ਕਰਨੀ, ਕੁੜੀ ਹੋਣ ਕਾਰਨ ਮੈਨੂੰ ਉਹ ਆਪਣੇ ਨਾਲੋਂ ਪਹਿਲ ਦਿਆ ਕਰਦੇ ਸਨ।'' ਬੱਚੇ ਜੰਮਣ ਦੀ ਥਾਂ ਉਸਨੇ ਫੈਮਿਨਿਨ ਲਹਿਰ ਨੂੰ ਜਨਮ ਦਿੱਤਾ।

ਸਿਮੋਨ ਨੇ ਲਿਖਿਆ, ''ਜਨਮ ਵੇਲੇ ਕੁੜੀ ਮੁੰਡੇ ਵਿਚ ਭੇਦ ਨਹੀਂ ਹੁੰਦਾ। ਕੁੜੀ ਨੂੰ ਔਰਤ ਤਾਂ ਮਰਦ ਬਣਾਉਂਦਾ ਹੈ, ਆਪਣੇ ਮਨਪਸੰਦ ਦੀ ਘੜਦਾ ਹੈ, ਆਦਰਸ਼ਕ ਧੀ, ਆਦਰਸ਼ਕ ਪ੍ਰੇਮਿਕਾ, ਆਦਰਸ਼ਕ ਪਤਨੀ, ਆਦਰਸ਼ਕ ਮਾਂ ਆਦਿਕ ਗਹਿਣਿਆਂ ਨਾਲ ਲੱਦ ਕੇ ਉਸ ਨੂੰ ਅਪਾਹਜ ਕਰ ਦਿੰਦਾ ਹੈ। ਅਸੀਂ ਵੀਹਵੀਂ ਸਦੀ ਦੀਆਂ ਕੁੜੀਆਂ ਉਹ ਕੁਝ ਬਣਾਂਗੀਆਂ ਜੋ ਅਸੀਂ ਬਣਨਾ ਚਾਹਾਂਗੀਆਂ, ਮਰਦਾਂ ਨੂੰ ਚੰਗੀਆਂ ਲੱਗੀਏ ਜਾਂ ਮਾੜੀਆਂ, ਪ੍ਰਵਾਹ ਨਹੀਂ।'' ਅਜਿਹੀਆਂ ਸਤਰਾਂ ਲਿਖਣ ਵਾਲੀ ਇਹ ਔਰਤ ਸਵੀਕਾਰ ਕਰਦੀ ਹੈ ਕਿ ਸਾਰਤ੍ਰ ਉਸ ਨਾਲੋਂ ਕਿਤੇ ਵੱਡਾ ਇਨਸਾਨ ਹੈ, ਉਸਦੇ ਇਸ਼ਕਾਂ ਵਿਚ ਵਿਘਨ ਨਹੀਂ ਪਾਉਂਦੀ ਪਰ ਈਰਖਾ ਕਰਦੀ ਹੈ, ਇਸ ਈਰਖਾ ਅਤੇ ਗੁੱਸੇ ਨੂੰ ਆਪਣੇ ਫਲਸਫੇ ਵਿਚਕਾਰ ਕੰਧ ਨਹੀਂ ਬਣਨ ਦਿੰਦੀ। ਕਈ ਵਾਰ ਸਾਰਤ੍ਰ ਤੋਂ ਬਦਲਾ ਲੈਣ ਵਾਸਤੇ ਵੀ ਉਹ ਹੋਰਾਂ ਨਾਲ ਰੋਮਾਂਸ ਕਰਦੀ ਹੈ। ਉਸ ਵਾਸਤੇ ਬੱਚੇ ਜੰਮਣੇ ਔਰਤ ਦੀ ਸਭ ਤੋਂ ਸਖਤ ਗੁਲਾਮੀ ਹੈ

ਸੋ ਉਹ ਗਰਭਪਾਤ ਦੇ ਹੱਕ ਵਿਚ ਜਲੂਸ ਕੱਢਦੀ ਹੋਈ ਐਲਾਨ ਕਰਦੀ ਹੈ, ''ਔਰਤ ਸਭ ਤੋਂ ਵਧੀਕ ਆਜ਼ਾਦ ਉਦੋਂ ਹੁੰਦੀ ਹੈ ਜਦੋਂ ਉਸਦਾ ਮਾਸਿਕ ਧਰਮ ਬੰਦ (ਮੀਨੋਪਾਜ਼) ਹੋ ਜਾਂਦਾ ਹੈ।''

9 ਜਨਵਰੀ 1908 ਨੂੰ ਪੈਰਿਸ ਲਾਗੇ ਨਿੱਕੇ ਜਿਹੇ ਪਿੰਡ ਵਿਚ ਉਸਦਾ ਜਨਮ ਹੋਇਆ। ਹੁਣ ਤਾਂ ਇਹ ਪਿੰਡ ਪੈਰਿਸ ਸ਼ਹਿਰ ਦਾ ਹਿੱਸਾ ਬਣ ਗਿਆ ਹੈ ਪਰ ਬਚਪਨ ਵਿਚ ਉਸਨੇ ਪਿੰਡ ਦੀ ਟੁੱਟ ਭੱਜ ਹੁੰਦੀ ਦੇਖੀ। ਉਸਦਾ ਨਾਨਾ ਕਿਸੇ ਜ਼ਮਾਨੇ ਵਿਚ ਧਨਾਡ ਸੀ ਪਰ ਹੁਣ ਦਿਨੋ ਦਿਨ ਹਾਲਤ ਪਤਲੀ ਹੁੰਦੀ ਜਾ ਰਹੀ ਸੀ। ਤਾਂ ਵੀ, ਇਸ ਜ਼ਮਾਨੇ ਦੇ ਖਾਨਦਾਨੀ ਘਰਾਂ ਦੀਆਂ ਕੁੜੀਆਂ ਵਾਸਤੇ ਕੁਝ ਨਿਯਮ ਹੁੰਦੇ ਸਨ। ਉਹ ਆਪਣੀ ਪੱਧਰ ਦੇ ਖਾਨਦਾਨ ਵਿਚ ਵਿਆਹੀਆਂ ਜਾਣਗੀਆਂ ਤੇ ਆਪਣੇ ਬੱਚਿਆਂ ਰਾਹੀਂ ਇਸ ਵੇਲ ਨੂੰ ਅੱਗੇ ਵਧਾਉਣਗੀਆਂ। ਵਿਆਹ ਦੇ ਬੰਧਨ ਤੱਕ ਪਵਿੱਤਰ ਰਹਿਣਗੀਆਂ। ਸਿਮੋਨ ਦੀ ਮਾਂ ਨੂੰ ਸਾਰੀ ਉਮਰ ਇਸ ਗੱਲ ਦਾ ਅਫਸੋਸ ਰਿਹਾ ਕਿ ਉਹ ਆਪਣੇ ਪਤੀ ਅੱਗੇ ਸਿਰ ਉਚਾ ਕਰਕੇ ਇਸ ਲਈ ਨਹੀਂ ਤੁਰ ਸਕੀ ਕਿਉਂਕਿ ਜਿੰਨੇ ਦੀ ਆਸ ਸੀ ਸਿਮੋਨ ਦਾ ਨਾਨਾ ਆਪਣੀ ਧੀ ਨੂੰ ਉਨਾ ਦਾਜ ਨਾ ਦੇ ਸਕਿਆ। ਮਾਂ ਦਾ ਨਾਮ ਫਰਾਂਕਿਸ ਬ੍ਰੇਜੀਅਰ ਅਤੇ ਪਿਤਾ ਜਾਰਜ 'ਦ ਬੋਵੁਅਰ। ਜਾਰਜ ਔਰਤਾਂ ਅਤੇ ਕਿਤਾਬਾਂ ਦਾ ਰਸੀਆ ਸੀ, ਥਿਏਟਰ ਅਤੇ ਸ਼ਰਾਬ ਦਾ ਸ਼ੁਕੀਨ। ਕੋਠਿਆਂ ਉਪਰ ਰਾਤਾਂ ਬਿਤਾ ਕੇ ਘਰ ਆਪਣੇ ਕਾਰੋਬਾਰ ਦੀਆਂ ਕਹਾਣੀਆਂ ਘੜ ਘੜ ਸੁਣਾਉਂਦਾ। ਘਰ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਗਈ।

ਤਿੰਨ ਸਾਲ ਦੀ ਉਮਰੇ ਸਿਮੋਨ ਨੇ ਪੜ੍ਹਨਾ ਸਿੱਖ ਲਿਆ। ਉਹ ਕਾਗਜ਼ਾਂ ਨਾਲ ਚਿਪਕੀ ਰਹਿੰਦੀ। ਮਨਮਰਜ਼ੀ ਕਰਨ ਵਾਲਾ ਗੁਸੈਲਾ ਸੁਭਾਅ ਦੇਖ ਕੇ ਮਾਂ ਆਖਦੀ - ਬਹੁਤ ਛੋਟੀ ਹੈ ਅਜੇ। ਆਪੇ ਉਮਰ ਨਾਲ ਸਮਝ ਜਾਏਗੀ। ਭੈਣ ਹੈਲਨ ਉਸ ਤੋਂ ਢਾਈ ਸਾਲ ਛੋਟੀ ਸੀ। ਹੈਲਨ ਨੂੰ ਪੜ੍ਹਨਾ ਲਿਖਣਾ ਸਿਮੋਨ ਨੇ ਸਿਖਾਇਆ, ਬਹੁਤ ਪਿਆਰ ਕਰਦੀ, ਸੋਚਿਆ ਕਰਦੀ - ਜਿਨ੍ਹਾਂ ਦੀ ਛੋਟੀ ਭੈਣ ਨਹੀਂ ਹੁੰਦੀ, ਉਹ ਬੱਚੇ ਕਿਵੇਂ ਦਿਨ ਕੱਟਦੇ ਹੋਣਗੇ? ਮਾਂ ਪੂਰੀ ਧਰਮੀ ਕੈਥੋਲਿਕ, ਧੀਆਂ ਨੂੰ ਸਾਹਮਣੇ ਬਿਠਾ ਕੇ ਦੋਵੇਂ ਵਕਤ ਪਾਠ ਕਰਦੀ, ਐਤਵਾਰ ਗਿਰਜੇ ਲਿਜਾਂਦੀ। 1913 ਵਿਚ ਜਦੋਂ ਸਿਮੋਨ ਸਕੂਲ ਵਿਚ ਦਾਖਲ ਕਰਵਾਈ, ਮਾਂ ਨੇ ਆਗਿਆ ਲੈ ਕੇ ਕਲਾਸ ਵਿਚ ਬੈਠਣਾ ਸ਼ੁਰੂ ਕਰ ਦਿੱਤਾ ਤਾਂ ਕਿ ਖੁਦ ਲੈਟਿਨ ਅਤੇ ਅੰਗਰੇਜ਼ੀ ਸਿੱਖ ਕੇ ਆਪਣੀਆਂ ਧੀਆਂ ਨੂੰ ਪੜ੍ਹਾਵੇ। ਖਾਨਦਾਨ ਦੀਆਂ ਸਭ ਕੁੜੀਆਂ ਘਰਾਂ ਵਿਚ ਉਸਤਾਨੀਆਂ ਤੋਂ ਪੜ੍ਹਦੀਆਂ ਪਰ ਗਰੀਬੀ ਕਾਰਨ ਸਿਮੋਨ ਸਕੂਲ ਜਾਂਦੀ। ਸਕੂਲ ਕਾਰਨ ਉਸ ਵਿਚ ਆਤਮ ਵਿਸ਼ਵਾਸ ਮਜ਼ਬੂਤ ਹੋਇਆ।

ਤੰਗੀ ਕਾਰਨ ਪੰਜਵੀਂ ਮੰਜ਼ਲ ਉਪਰ ਨਿੱਕਾ ਫਲੈਟ ਕਿਰਾਏ ਤੇ ਲੈਣਾ ਪਿਆ। ਪੁਰਾਣੇ ਤੇ ਮੈਲੇ ਕੱਪੜੇ, ਅਣਵਾਹੇ ਵਾਲ, ਕੁੜੀਆਂ ਝੱਲੀਆਂ ਲੱਗਦੀਆਂ, ਦਲਿੱਦਰ ਨੇ ਮਾਂ ਉਪਰ ਅਸਰ ਕਰਨਾ ਸ਼ੁਰੂ ਕਰ ਦਿਤਾ। ਆਪਣੀਆਂ ਧੀਆਂ ਨੂੰ ਦੱਸਦੀ ਰਹਿੰਦੀ ਕਿ ਧਰਮ ਅਤੇ ਨੇਕੀ ਸਾਹਮਣੇ ਪੈਸਾ ਕੀ ਚੀਜ਼ ਹੈ? ਸਿਮੋਨ ਪੜ੍ਹਨ ਵਿਚ ਮਿਹਨਤੀ ਨਿਕਲੀ, ਮਾਂ ਹਮੇਸ਼ਾਂ ਆਖਦੀ - ਤੇਰੇ ਵਰਗੀ ਧੀ ਲੱਖਾਂ ਵਿਚੋਂ ਇੱਕ ਹੁੰਦੀ ਹੈ, ਕੇਵਲ ਵਿੱਦਿਆ ਕਾਰਨ ਤੂੰ ਬੜੀ ਉਚੀ ਥਾਂ ਅੱਪੜੇਂਗੀ।

ਗਰੀਬੀ ਕਾਰਨ ਕਲੇਸ਼ ਕੁਦਰਤੀ ਹੈ। ਪਿਤਾ ਦਾ ਸੁਭਾਅ ਦਿਨ ਬ ਦਿਨ ਚਿੜਚਿੜਾ ਹੁੰਦਾ ਗਿਆ ਤੇ ਉਹ ਸਮਾਂ ਵੀ ਆਇਆ ਜਦੋਂ ਮਹਿਮਾਨਾਂ ਸਾਹਮਣੇ ਵੀ ਸਿਮੋਨ ਦੀ ਮਾਂ ਨੂੰ ਥੱਪੜ ਮਾਰ ਦਿੰਦਾ। ਮਾਂ ਦਾ ਹੋਰ ਤਾਂ ਕੀ ਜ਼ੋਰ ਸੀ, ਵਿਗੜ ਨਾ ਜਾਣ, ਧੀਆਂ ਉਪਰ ਸਖਤੀ ਕਰਦੀ। ਕਿਤਾਬ ਦੇ ਜਿਹੜੇ ਵਰਕੇ ਇਸ ਉਮਰ ਵਿਚ ਪੜ੍ਹਨਯੋਗ ਨਹੀਂ ਹੁੰਦੇ, ਉਨ੍ਹਾਂ ਨੂੰ ਆਪਸ ਵਿਚ ਸੂਈ ਨਾਲ ਸਿਉਂ ਦਿੰਦੀ। ਜਿਉਂ ਜਿਉਂ ਜਵਾਨ ਹੁੰਦੀ ਗਈ ਸਿਮੋਨ ਦੇ ਸਵਾਲ ਵਧਦੇ ਗਏ ਜਿਨ੍ਹਾਂ ਦਾ ਉਤਰ ਨਾ ਮਿਲਦਾ। ਸਿਉਂਤੇ ਹੋਏ ਵਰਕੇ ਬਾਕੀ ਲਿਖਤ ਤੋਂ ਪਹਿਲਾਂ ਪੜ੍ਹਦੀ, ਚਚੇਰੀ ਭੈਣ ਜਾਜ਼ਾ ਤੋਂ ਵਰਜਿਤ ਕਿਤਾਬਾਂ ਲੈ ਕੇ ਚੋਰੀ ਚੋਰੀ ਪੜ੍ਹਦੀ। ਧਰਮ ਵੱਲੋਂ ਮਨ ਉਚਾਟ ਹੁੰਦਾ ਗਿਆ। ਮਾਂ ਵਾਂਗ ਪਿਤਾ ਪੱਕਾ ਈਸਾਈ ਨਹੀਂ ਸੀ, ਕਿਹਾ ਕਰਦਾ - ਜੇ ਪੋਪ ਰੱਬ ਦਾ ਭੇਜਿਆ ਹੋਇਆ ਹੈ, ਤਾਂ ਫਿਰ ਰੱਬ ਦੀਆਂ ਗੱਲਾਂ ਕਰੇ, ਦੁਨੀਆਂ ਦੇ ਕੰਮਾਂ ਵਿਚ ਟੰਗ ਕਿਉਂ ਅੜਾਉਂਦੈਂ? ਸਿਮੋਨ ਨੂੰ ਇਹ ਗੱਲ

ਠੀਕ ਲੱਗਦੀ। ਬਚਪਨ ਦੀਆ ਇਹ ਯਾਦਾਂ ਉਸਦੀ ਕਿਤਾਬ *ਆਗਿਆਕਾਰ ਧੀ ਦੀਆਂ ਯਾਦਾਂ* ਵਿਚ *(Memoires of a Dutiful Daughter)* ਮੌਜੂਦ ਹਨ।

ਗਰਮੀਆਂ ਦੇ ਦਿਨੀਂ ਬੱਚੇ ਪਿੰਡ ਵਾਲੇ ਘਰ ਛੁੱਟੀਆਂ ਬਿਤਾਉਂਦੇ ਜਿਥੇ ਸਖਤ ਨਿਗਰਾਨੀ, ਝਾੜ ਝੰਬ ਤੋਂ ਛੁਟਕਾਰਾ ਮਿਲਦਾ। ਚੌਦਾਂ ਸਾਲ ਦੀ ਉਮਰ ਵਿਚ ਸਿਮੋਨ ਪਿੰਡ ਗਈ ਤਾਂ ਸੋਚਣ ਲੱਗੀ, ''ਧਰਮ ਅਤੇ ਰੱਬ ਦੀ ਕੀ ਲੋੜ ਹੈ? ਮੁੰਡੇ ਇਨੇ ਧਰਮੀਂ ਕਿਉਂ ਨਹੀਂ ਹੁੰਦੇ ਜਿੰਨੀਆਂ ਕੁੜੀਆਂ, ਹਾਲਾਂਕਿ ਬਾਕੀ ਸਭ ਕੰਮਾਂ ਵਿਚ ਉਹ ਅੱਗੇ ਹਨ? ਉਸ ਦੇ ਦਿਲ ਵਿਚੋਂ ਧਰਮ ਅਤੇ ਰੱਬ ਗੈਰ ਹਾਜ਼ਰ ਰਹਿਣ ਲੱਗੇ ਤਾਂ ਉਸਨੇ ਉਹ ਸਾਰੇ ਕੰਮ ਕੀਤੇ ਜਿਨ੍ਹਾਂ ਤੋਂ ਧਰਮ ਨੇ ਵਰਜਿਆ ਸੀ, ਯਾਨੀ ਕਿ ਉਹ ਪਾਪਣ ਹੋ ਗਈ। ਇਥੇ ਉਸਨੂੰ ਯਕੀਨ ਹੋ ਗਿਆ ਕਿ ਪਵਿਤਰਾਂ ਨਾਲੋਂ ਪਾਪੀ ਵਧੀਕ ਚੰਗੇ ਹਨ ਤੇ ਇਹ ਯਕੀਨ ਸਾਰੀ ਉਮਰ ਲਈ ਪੱਕਾ ਹੋ ਗਿਆ। ''ਪਿੰਡੋਂ ਵਾਪਸ ਆ ਕੇ ਮਾਂ ਸਾਹਮਣੇ ਮੈਂ ਹਰ ਪੱਖੋਂ ਧਰਮੀ ਧੀ ਬਣਕੇ ਰਹਿੰਦੀ ਪਰ ਵਕਤ ਬਵਕਤ ਸਮਾਂ ਮਿਲਣ ਤੇ ਮਰਜ਼ੀ ਕਰਦੀ। ਇਉਂ ਇਕ ਲਿਬਾਸ ਵਿਚ ਦੋ ਕੁੜੀਆਂ ਰਹਿਣ ਲਗ ਪਈਆਂ ਜਿਨ੍ਹਾਂ ਦੀ ਆਪਸ ਵਿਚ ਬਣਦੀ ਨਹੀਂ ਸੀ।''

ਪਿਤਾ ਨੇ ਦੱਸਿਆ ਸੀ ਕਿ ਲੇਖਕ ਮਹਾਨ ਹੁੰਦੇ ਹਨ ਤੇ ਉਹ ਮਰਦੇ ਨਹੀਂ। ਪੰਦਰਾਂ ਸਾਲ ਦੀ ਉਮਰ ਵਿਚ ਉਸਨੇ ਲੇਖਕ ਹੋਣ ਦਾ ਸੁਫਨਾ ਇਸ ਕਰਕੇ ਲਿਆ ਕਿਉਂਕਿ ਪਾਪੀ ਲੋਕ ਮਰਦੇ ਹਨ, ਧਰਮੀ ਜਿਉਂਦੇ ਰਹਿੰਦੇ ਹਨ। ਮੌਤ ਦੇ ਖੌਫ ਸਦਕਾ ਉਸਨੂੰ ਲੇਖਕ ਬਣਨ ਦੀ ਸੁੱਝੀ। ਉਨ੍ਹੀਂ ਦਿਨੀਂ ਕੁੜੀਆਂ ਨੌਕਰੀ ਨਹੀਂ ਕਰਿਆ ਕਰਦੀਆਂ ਸਨ। ਸਿਮੋਨ ਨੇ ਫਿਲਾਸਫੀ ਅਤੇ ਗਣਿਤ ਦੇ ਵਿਸ਼ਿਆਂ ਨਾਲ ਗ੍ਰੈਜੂਏਸ਼ਨ ਕਰਨ ਦਾ ਫੈਸਲਾ ਕੀਤਾ ਤਾਂ ਪਿਤਾ ਨੇ ਹਉਕਾ ਲੈਂਦਿਆਂ ਕਿਹਾ - ''ਬਾਕੀ ਕੁੜੀਆਂ ਜਦੋਂ ਵਿਆਹ ਬਾਦ ਇੱਜ਼ਤਦਾਰ ਸੁਆਣੀਆਂ ਬਣਨਗੀਆਂ, ਤੁਸੀਂ ਨੌਕਰੀ ਕਰੋਗੀਆਂ ਤੇ ਵਿਆਹ ਨਹੀਂ ਹੋਏਗਾ।'' ਇਸ ਦੇ ਉਲਟ ਸਿਮੋਨ ਨੂੰ ਲੱਗਦਾ ਜਿਵੇਂ ਵਿਆਹ ਦਾ ਸੰਸਕਾਰ ਕੁੜੀ ਵਾਸਤੇ ਇਕ ਤਰ੍ਹਾਂ ਦੀ ਬਲੀ ਦੀ ਰਸਮ ਹੈ।

ਚਚੇਰੀ ਭੈਣ ਜਾਜ਼ਾ ਨੂੰ ਗਵਾਂਢੀ ਜੁਆਨ ਮਾਰਲੇ ਪੌਂਟੀ ਨਾਲ ਪਿਆਰ ਹੋ ਗਿਆ। ਦੋਵਾਂ ਨੇ ਮਾਪਿਆਂ ਕੋਲ ਗੱਲ ਕੀਤੀ। ਕਿਸੇ ਕਾਰਨ ਜਾਜ਼ਾ ਦੇ ਮਾਪੇ ਤਿਆਰ ਨਹੀਂ ਹੋ ਰਹੇ ਸਨ। ਇਕ ਦਿਨ ਜਾਜ਼ਾ ਹੈਰਾਨ ਹੋ ਗਈ ਜਦੋਂ ਉਨ੍ਹਾਂ ਦੇ ਘਰ ਆ ਕੇ ਮਾਰਲੇ ਖੁਦ ਨਾਂਹ ਕਰ ਗਿਆ। ਭੇਦ ਇਹ ਖੁੱਲ੍ਹਿਆ ਕਿ ਮਾਰਲੇ ਹਰਾਮ ਦੀ ਔਲਾਦ ਸੀ ਜਿਸਦਾ ਉਸਨੂੰ ਖੁਦ ਪਤਾ ਨਹੀਂ ਸੀ, ਨਾ ਜਾਜ਼ਾ ਨੂੰ। ਮਾਂ ਨੇ ਪੁੱਤਰ ਨੂੰ ਇਹ ਗੱਲ ਦੱਸ ਦਿੱਤੀ। ਬਜਾਇ ਇਸਦੇ ਕਿ ਇਧਰ ਉਧਰ ਰੌਲਾ ਰੱਪਾ ਮਾਪਿਆਂ ਦੀ ਬਦਨਾਮੀ ਦਾ ਕਾਰਨ ਬਣੇ, ਮਾਰਲੇ ਜਵਾਬ ਦੇ ਗਿਆ। ਜਾਜ਼ਾ ਨੂੰ ਪਤਾ ਲੱਗਾ ਤਾਂ ਪਹਿਲਾਂ ਬੁਖਾਰ ਚੜ੍ਹਿਆ, ਫਿਰ ਪਾਗਲ ਹੋ ਕੇ ਮਰ ਗਈ। ਮੌਤ ਬਾਦ ਮਾਪੇ ਕਹਿੰਦੇ ਸੁਣੇ ਗਏ ਕਿ ਵਿਆਹ ਹੋ ਜਾਂਦਾ ਤਾਂ ਠੀਕ ਹੋਣਾ ਸੀ, ਬੱਚਿਆਂ ਦਾ ਇਸ ਵਿਚ ਕੀ ਦੋਸ਼? ਇਨ੍ਹਾਂ ਘਟਨਾਵਾਂ ਨੇ ਸਿਮੋਨ ਉਪਰ ਅਸਰ ਪਾਇਆ। ਵਿਆਹ ਵਿਰੁੱਧ ਉਸਦੀ ਨੀਤ ਹੋਰ ਪੱਕੀ ਹੋ ਗਈ, ਕਿਹਾ ਕਰਦੀ - ਮੇਰੀ ਭੈਣ ਦੀ ਮੌਤ ਮੇਰੀ ਆਜ਼ਾਦੀ ਦੀ ਨੀਂਹ ਬਣੀ।

ਜੈਕ ਨਾਮ ਦਾ ਇਕ ਮੁੰਡਾ ਦੇਖਣ ਨੂੰ ਠੀਕ ਸੀ, ਸਿਮੋਨ ਨਾਲ ਦੋਸਤੀ ਹੋਈ, ਕਿਤਾਬਾਂ ਦੇ ਜਾਂਦਾ, ਥੋੜ੍ਹੇ ਸਮੇਂ ਬਾਦ ਉਸਦਾ ਮੰਗਣਾ ਹੋ ਗਿਆ। ਪਤਾ ਲੱਗਾ ਅਮੀਰ ਘਰ ਦੀ ਕੁੜੀ ਵਿਆਹ ਵਿਚ ਬੜਾ ਦਾਜ ਲਿਆਈ ਸੀ। ਮਾਂ ਦਾ ਕਿੱਸਾ ਸਿਮੋਨ ਦੀਆਂ ਅੱਖਾਂ ਅੱਗਿਓਂ ਘੁੰਮ ਗਿਆ।

ਜੈਕ ਨੇ ਦੱਸਿਆ ਸੀ ਕਿ ਕੈਫੇ ਵਿਚ ਬੈਠੇ ਲੋਕ ਸਾਰਾ ਦਿਨ ਅਕਲ ਦੀਆਂ ਗੱਲਾਂ ਕਰਦੇ ਨੇ। ਕੁੜੀਆਂ ਕੈਫੇ ਨਹੀਂ ਜਾਂਦੀਆਂ ਸਨ। ਸਿਮੋਨ ਮਾਂ ਦੀਆਂ ਨਜ਼ਰਾਂ ਤੋਂ ਪਰ੍ਹੇ ਹੋਣ ਲਈ ਆਪਣੀ ਭੈਣ ਨੂੰ ਨਾਲ ਲੈ ਕੇ ਜਾਂਦੀ ਹੋਈ ਆਖਦੀ - ਸਹੇਲੀ ਨੂੰ ਮਿਲਣ ਚੱਲੀਆਂ ਹਾਂ। ਕੈਫੇ ਜਾਂਦੀਆਂ, ਕਾਫੀ ਤੋਂ ਬਾਅਦ ਸਿਗਰਟਾ ਪੀਂਦੀਆਂ ਤੇ ਫਿਰ ਵਿਸਕੀ ਵੀ ਚੱਲਦੀ, ਅਜਨਬੀਆਂ ਨਾਲ ਨੱਚਦੀ, ਮਰਦਾਂ ਦੀ ਛੁਹ ਦਾ ਅਨੰਦ ਲੈਂਦੀ, ਆਵਾਰਗੀ ਉਸ ਵਾਸਤੇ ਜੀਵਨ ਦਾ ਮਾਡਲ ਹੋ ਗਈ। ਉਸ

www.punjabilibrary.com

ਵਾਸਤੇ ਕੁਆਰਾਪਣ ਪਾਖੰਡ ਸੀ। ਬਗਾਵਤ, ਹਰੇਕ ਸਥਾਪਤੀ ਵਿਰੁੱਧ ਬਗਾਵਤ, ਚੱਲ ਪਈ ਤਾਂ ਚੱਲ ਸੋ ਚੱਲ।

1927 ਵਿਚ ਬੀ.ਏ. ਕਰਕੇ ਐਮ.ਏ. ਕਰਨ ਲਈ ਯੂਨੀਵਰਸਿਟੀ ਵਿਚ ਦਾਖਲ ਹੋ ਗਈ। ਮਾਰਿਸ, ਮਾਰਲੋ ਪੌਂਟੀ ਅਤੇ ਲੇਵੀ ਸਤ੍ਰਾਸ ਉਸਦੇ ਜਮਾਤੀ ਸਨ ਜੋ ਭਵਿੱਖ ਵਿਚ ਨਾਮਵਰ ਫਿਲਾਸਫਰ ਬਣਨੇ ਸਨ। ਸਾਰਤ੍ਰ ਉਸ ਤੋਂ ਇਕ ਕਲਾਸ ਅੱਗੇ ਸੀ ਪਰ ਫੇਲ੍ਹ ਹੋਣ ਕਾਰਨ ਐਮ.ਏ. ਦੇ ਆਖਰੀ ਸਾਲ 1929 ਵਿਚ ਦੋਵਾਂ ਨੇ ਇਕੱਠਿਆਂ ਇਮਤਿਹਾਨ ਦਿੱਤਾ। ਪੇਪਰਾਂ ਦਾ ਮੁੱਲਾਂਕਣ ਹੋਇਆ ਤਾਂ ਸਾਰਤ੍ਰ ਫਸਟ ਰਿਹਾ ਤੇ ਸਿਮੋਨ ਸੈਕਿੰਡ, ਪਰ ਅਧਿਆਪਕਾਂ ਨੇ ਕਿਹਾ - ਸਾਰਤ੍ਰ ਨੇ ਇਮਤਿਹਾਨ ਦੂਜੀ ਵਾਰ ਦਿੱਤਾ ਹੈ ਤੇ ਸਿਮੋਨ ਨੇ ਪਹਿਲੀ ਵਾਰ, ਇਸ ਲਈ ਦੋਹਾਂ ਨੂੰ ਗੋਲਡ ਮੈਡਲ ਦਿੱਤੇ ਜਾਣ। ਵਿਦਾਇਗੀ ਪਾਰਟੀ ਦਿੱਤੀ ਗਈ ਤਾਂ ਸਾਰਤ੍ਰ ਪੂਰਾ ਨੰਗਾ ਹੋ ਕੇ ਆ ਗਿਆ। ਪਹਿਲੋਂ ਸੰਨਾਟਾ ਫਿਰ ਹਾਸਾ, ਇਹ ਘਟਨਾ ਕਈ ਸਾਲ ਤੱਕ ਈਖੋਲ ਸਕੂਲ ਆਫ ਫਿਲਾਸਫੀ ਸੋਰਬੋਨ ਯੂਨੀਵਰਸਿਟੀ ਵਿਚ ਚਰਚਿਤ ਰਹੀ। ਲੇਵੀ, ਪੌਂਟੀ ਅਤੇ ਸਾਰਤ੍ਰ ਤਿੰਨਾਂ ਨੇ ਐਲਾਨ ਕਰ ਦਿੱਤਾ ਕਿ ਉਹ ਧਾਰਮਿਕ ਪ੍ਰੀਖਿਆ ਦਾ ਪੇਪਰ ਨਹੀਂ ਦੇਣਗੇ। ਆਗਿਆ ਮਿਲ ਗਈ। ਇਨ੍ਹਾਂ ਨੇ ਧਰਮ ਦੀ, ਸਮਾਜ ਦੀ, ਹਰ ਸਥਾਪਤ ਪਰੰਪਰਾ ਦੀ ਖਿੱਲੀ ਉਡਾਈ, ਕਿਹਾ ਕਿ ਆਦਮੀ ਹੱਡ ਮਾਸ ਦਾ ਬਣਿਆ ਹੋਰ ਜਾਨਵਰਾਂ ਵਰਗਾ ਜਾਨਵਰ ਹੈ ਤੇ ਪਸ਼ੂ ਬਿਰਤੀਆਂ ਦਾ ਸਨਮਾਨ ਹੋਣਾ ਚਾਹੀਦਾ ਹੈ। ਸਿਮੋਨ ਦੀਆਂ ਦੱਬੀਆਂ ਖਾਹਸ਼ਾਂ ਵਿਚ ਭਾਂਬੜ ਬਾਲਣ ਵਾਲੇ ਇਹੋ ਤਿੰਨ ਯੋਧੇ ਸਨ।

ਮੁੰਡਿਆਂ ਦੇ ਕਾਲਜ ਲਾਇਸੀ ਵਿਚ ਜਦੋਂ ਉਹ ਫਿਲਾਸਫੀ ਦੀ ਲੈਕਚਰਾਰ ਨਿਯੁਕਤ ਹੋਈ, ਇਸ ਖੇਤਰ ਵਿਚ ਉਹ ਪਹਿਲੀ ਕੁੜੀ ਸੀ। ਸਾਰਤ੍ਰ ਦੇ ਸੰਪਰਕ ਵਿਚ ਆਈ ਤਾਂ ਉਸ ਨੂੰ ਲੱਗਾ ਜਿਵੇਂ ਅਸਮਾਨ ਦੀ ਬੰਦ ਖਿੜਕੀ ਖੁੱਲ੍ਹ ਗਈ ਹੋਵੇ। ਉਹ ਸੋਚਿਆ ਕਰਦੀ - ਲਿਖਣ ਪੜ੍ਹਨ ਤੋਂ ਬਗੈਰ ਜੀਵਨ ਵਿਅਰਥ ਹੈ ਪਰ ਸਾਰਤ੍ਰ ਵਾਸਤੇ ਲਿਖਣਾ ਹੀ ਜਿਊਣਾ ਸੀ। ਜੋ ਲਿਖਦੇ, ਦੋਵੇਂ ਇਕ ਦੂਜੇ ਨੂੰ ਦਿਖਾਉਂਦੇ, ਸੋਧਾਂ ਕਰਦੇ ਤੇ ਇਹ ਅਮਲ ਸਾਰੀ ਉਮਰ ਲਈ ਨਿਭਿਆ। ਉਨ੍ਹਾਂ ਨੇ ਜੀਵਨ ਦਾ ਹਰੇਕ ਹਿੱਸਾ ਆਪਸ ਵਿਚ ਵੰਡ ਲਿਆ।

ਸਿਮੋਨ ਨਾਲੋਂ ਢਾਈ ਸਾਲ ਵੱਡਾ ਸਾਰਤ੍ਰ ਪੈਰਿਸ ਦੇ ਦੂਜੇ ਪਾਸੇ ਜੰਮਿਆਂ ਸੀ। ਇਕ ਸਾਲ ਦਾ ਸੀ, ਪਿਤਾ ਦੀ ਮੌਤ ਹੋ ਗਈ, ਮਾਂ ਆਪਣੇ ਪੇਕੇ ਘਰ ਚਲੀ ਗਈ। ਗਿਆਰਾਂ ਸਾਲ ਤੱਕ ਮਾਂ ਅਤੇ ਨਾਨੇ ਦੀ ਨਿਗਰਾਨੀ ਵਿਚ ਪਲਿਆ, ਪੜ੍ਹਿਆ। ਨਾਨਾ ਜਰਮਨ ਅਤੇ ਅੰਗਰੇਜ਼ੀ ਦਾ ਅਧਿਆਪਕ ਸੀ। ਉਸਨੇ ਦਸ ਸਾਲ ਦੇ ਸਾਰਤ੍ਰ ਨੂੰ ਫਰੈਂਚ ਸਮੇਤ ਜਰਮਨ ਅਤੇ ਅੰਗਰੇਜ਼ੀ ਪੜ੍ਹਨੀਆਂ ਲਿਖਣੀਆਂ ਸਿਖਾ ਦਿੱਤੀਆਂ। ਮਾਂ ਨੇ ਜਦੋਂ ਇੰਜਨੀਅਰ ਨਾਲ ਦੂਜਾ ਵਿਆਹ ਕਰਵਾਇਆ, ਸਾਰਤ੍ਰ ਦੀ ਜ਼ਿੰਦਗੀ ਖਾਲੀ ਹੋ ਗਈ, ਉਸਦਾ ਸਹਾਰਾ ਕੇਵਲ ਕਿਤਾਬਾਂ ਰਹਿ ਗਈਆਂ। ਕਾਰਟੂਨ ਬਣਾਉਣੇ ਸ਼ੁਰੂ ਕਰ ਦਿੱਤੇ ਤੇ ਅਧਿਆਪਕਾਂ ਪਾਦਰੀਆਂ, ਜਮਾਤੀਆਂ ਦੇ ਕਾਰਟੂਨ ਉਸਦੀ ਪਸੰਦੀਦਾ ਖੇਡ ਸੀ। ਜਦੋਂ ਉਸਨੇ ਜੁਆਨ ਉਮਰੇ ਫਿਲਾਸਫੀ ਦੇ ਵਿਸ਼ਿਆਂ ਉਪਰ ਲਿਖਣਾ ਸ਼ੁਰੂ ਕੀਤਾ, ਉਸਦੀ ਲਿਖਤ ਦਾ ਮਨੋਰਥ ਕੁੜੀਆਂ ਜਿੱਤਣਾ ਸੀ, ਇੱਕ ਨਹੀਂ, ਇੱਕ ਤੋਂ ਬਾਦ ਇੱਕ ਹੋਰ। ਕੇਵਲ ਸਿਮੋਨ ਨਾਲ ਲੰਮਾ ਸਮਾਂ ਬਿਤਾਇਆ, ਹੋਰ ਕਿਸੇ ਨੂੰ ਇਹ ਅਧਿਕਾਰ ਨਹੀਂ।

ਸਿਮੋਨ ਦੀ ਨਾਨੀ ਆਪਣੀ ਕੋਠੀ ਦੇ ਕਮਰੇ ਕਿਰਾਏ ਤੇ ਚਾੜ੍ਹਦੀ, ਇਕ ਕਮਰਾ ਸਿਮੋਨ ਨੇ ਵੀ ਕਿਰਾਏ ਤੇ ਲਿਆ। ਅਧਿਆਪਨ ਰਾਹੀਂ ਪੈਸੇ ਆਉਣੇ ਸ਼ੁਰੂ ਹੋਏ ਤਾਂ ਉਸਦਾ ਲਿਬਾਸ ਠੀਕ ਹੋ ਗਿਆ। ਆਪਣੀ ਪ੍ਰਾਈਵੇਸੀ, ਜੋ ਚਾਹੇ ਕਰੇ, ਨਵਜੀਵਨ ਸ਼ੁਰੂ। ਸਾਰਤ੍ਰ ਨਾਲ ਨਿੱਜੀ ਮੇਲ ਆਰੰਭ। ਲਿਖਦੀ ਹੈ, ਦਿਲ, ਦਿਮਾਗ, ਸਰੀਰ ਅਤੇ ਕੁਆਰਾਪਣ ਪ੍ਰਸੰਨਤਾ ਨਾਲ ਸਾਰਤ੍ਰ ਦੇ ਹਵਾਲੇ ਕੀਤੇ। ਜਿਸਮਾਨੀ ਏਕਤਾ ਤੋਂ ਵੱਡਾ ਅਨੰਦ ਹੋਰ ਕੋਈ ਨਹੀਂ।'' ਇਥੇ ਫੋਕਸ ਵਿਚ ਇਹ ਨੁਕਤਾ ਲਿਆਉਣਾ ਜ਼ਰੂਰੀ ਹੈ ਕਿ ਇਹ ਸਾਰਤ੍ਰ ਸੀ ਜਿਸਨੇ ਸਿਮੋਨ ਨੂੰ ਕਿਹਾ - ਮੈਂ ਇਕ ਕੁੜੀ ਨਾਲ ਹਮੇਸ਼ ਨਹੀਂ ਰਹਿ ਸਕਦਾ। ਆਪਣੇ ਨਵੇਂ ਤੋਂ ਨਵੇਂ ਰੋਮਾਂਸ ਦੀ ਕਹਾਣੀ ਸਿਮੋਨ ਨੂੰ ਸੁਣਾਉਂਦਾ। ਸਿਮੋਨ ਸਾਰਤ੍ਰ ਨੂੰ ਪਾ ਕੇ ਸੰਤੁਸ਼ਟ ਸੀ ਤੇ ਉਮਰ ਭਰ ਵਿਆਹ ਦੇ ਬੰਧਨ ਵਿਚ ਰਹਿਣ ਦੀ ਇਛੁਕ। ਸਾਰਤ੍ਰ ਕਿਉਂਕਿ

ਉਸ ਦਾ ਮਾਡਲ ਸੀ, ਇਸ ਕਰਕੇ ਸਿਮੋਨ ਉਵੇਂ ਕਰੇਗੀ ਜਿਵੇਂ ਸਾਰਤ੍ਰ। ਉਹ ਇਸ ਰਸਤੇ ਉਪਰ ਨਿਧੜਕ ਚੱਲ ਪਈ। ਜੇ ਸਾਰਤ੍ਰ ਵਰਜਦਾ, ਰੁਕ ਜਾਂਦੀ, ਉਹ ਤਾਂ ਉਤਸ਼ਾਹਿਤ ਕਰਦਾ ਰਹਿੰਦਾ। ਜੇ ਕਿਸੇ ਦਾ ਮਨ ਸਿਮੋਨ ਨੂੰ ਦੋਸ਼ੀ ਸਾਬਤ ਕਰਨਾ ਹੋਵੇ, ਸਾਰਤ੍ਰ ਦੋਸ਼ੀ ਸਾਬਤ ਹੋਏਗਾ। ਸਾਰਤ੍ਰ ਨੇ ਇਨ੍ਹਾਂ ਰੋਮਾਂਸਾਂ ਦਾ ਨਾਮ ਤੂਫਾਨੀ ਇਸ਼ਕ ਰੱਖਿਆ ਜੋ ਆਉਂਦਾ ਤੇ ਚਲਾ ਜਾਂਦਾ ਹੈ। ਸਿਮੋਨ ਤੂਫਾਨਾਂ ਦਾ ਸਵਾਗਤ ਕਰਨ ਲੱਗ ਪਈ। ਲਿਖਦੀ ਹੈ, ''ਸਿਰ ਦੇ ਵਾਲਾਂ ਤੋਂ ਲੈ ਕੇ ਪਾਤਲੀਆਂ ਤੱਕ ਮੇਰੇ ਜਿਸਮ ਦੁਆਲੇ ਜ਼ਹਿਰੀਲੀ ਤਾਣੀ ਤਣੀ ਜਾਂਦੀ। ਮੇਰੇ ਜਿਸਮ ਨੂੰ ਕਿਸੇ ਦੀ ਜ਼ਰੂਰਤ ਪੈਂਦੀ। ਮੇਰੀ ਮਰਜ਼ੀ ਖਿਲਾਫ ਮੇਰੀ ਜਿਸਮਾਨੀ ਭੁੱਖ ਵਧਦੀ, ਮੈਨੂੰ ਪਸੰਦੀਦਾ ਮਰਦ ਦੀ ਜ਼ਰੂਰਤ ਰਹਿਣ ਲੱਗੀ। ਮੇਰੀ ਅਕਲ ਮਨ੍ਹਾ ਕਰਦੀ ਪਰ ਵਾਸਨਾ ਅੱਗੇ ਅਕਲ ਦੀ ਆਵਾਜ਼ ਕੌਣ ਸੁਣਦੈ? ਉਹ ਆਪਣੇ ਉਪਰ ਸਵਾਲ ਕਰਦੀ - ਕੋਈ ਵੀ ਮਰਦ ਆ ਜਾਏ, ਕਿਤੋਂ ਵੀ, ਕੀ ਇਹ ਰੁਝਾਣ ਸਹੀ ਹੈ, ਕੀ ਇਸ ਬਾਰੇ ਸਾਰਤ੍ਰ ਨੂੰ ਦੱਸਿਆ ਜਾ ਸਕਦੈ? ਇਹ ਸੋਚ ਕੇ ਉਸ ਅੰਦਰਲੀ ਔਰਤ ਸ਼ਰਮਾ ਜਾਂਦੀ, ''ਬੇਸ਼ਕ ਅਸੀਂ ਸੱਚ ਬੋਲਣ ਦਾ ਵਾਅਦਾ ਕੀਤਾ ਸੀ, ਮੈਂ ਸਾਰਤ੍ਰ ਨੂੰ ਹਰੇਕ ਗੱਲ ਨਾ ਦੱਸ ਸਕਦੀ।'' ਆਪਣੀ ਕਿਤਾਬ *'ਦ ਸੈਕੰਡ ਸੈਕਸ'* ਵਿਚ ਉਹ ਇਨ੍ਹਾਂ ਦਿਨਾਂ ਬਾਰੇ ਵਿਸਥਾਰ ਨਾਲ ਦੱਸਦੀ ਹੈ।

ਸਾਰਤ੍ਰ ਅਨੁਸਾਰ, ''ਔਰਤ ਦਾ ਸਾਥ ਮੇਰੇ ਲਈ ਆਦਮੀ ਦੇ ਸਾਥ ਤੋਂ ਵਧੀਕ ਸੁਹਣਾ ਹੈ ਪਰ ਔਰਤ ਮੈਨੂੰ ਨਿਗਲ ਜਾਵੇ, ਮੈਂ ਰਹਾਂ ਈ ਨਾ ਬਾਕੀ, ਇਹ ਮੈਨੂੰ ਮਨਜ਼ੂਰ ਨਹੀਂ। ਔਰਤ ਆਏ, ਰਹਿਣ ਨਾ ਲੱਗ ਪਏ, ਚਲੀ ਜਾਵੇ, ਇਹ ਮੇਰੀ ਇੱਛਾ ਹੈ।'' ਜਿਸਮਾਨੀ ਬੁਖਾਰ ਲੱਥ ਜਾਂਦਾ ਬੌਧਿਕ ਤਪਸ਼ ਕਾਇਮ ਰਹਿੰਦੀ। ਇਸ ਬੌਧਿਕ ਤਪਸ਼ ਵਿਚੋਂ ਹੋਂਦਵਾਦ ਦੀ ਸਿਰਜਣਾ ਹੋਈ। ਡਾਕਟਰਾਂ ਨੇ ਦੱਸਿਆ ਹੈ - ਉਮਰ ਦੇ ਅਖੀਰ ਵਿੱਚ ਜਦੋਂ ਉਸਦੇ ਜਿਸਮ ਵਿਚ ਬੇਕਾਬੂ ਦਰਦ ਹੁੰਦਾ, ਬਗੈਰ ਦਵਾਈ ਜਾਂ ਟੀਕੇ ਦੇ ਉਹ ਅਰਾਮ ਨਾਲ ਦਰਦ ਉਪਰ ਕਾਬੂ ਪਾ ਲੈਂਦਾ। ਸਿਮੋਨ ਔਰਤਾਂ ਨੂੰ ਹਦਾਇਤ ਕਰਦੀ - ਜਿਸਮਾਨੀ ਕਾਮਕ ਇਛਾਵਾਂ ਉਪਰ ਕੰਟਰੋਲ ਰੱਖੋ, ਇਹ ਤੁਹਾਨੂੰ ਗੁਲਾਮ ਕਰ ਦਿੰਦੀਆਂ ਹਨ। ਆਪ ਇਸ ਗੁਲਾਮੀ ਤੋਂ ਮੁਕਤ ਨਾ ਹੋ ਸਕੀ। ਆਪਣੀ ਸਵੈਜੀਵਨੀ ਵਿਚ ਉਹ ਆਪਣੀਆਂ ਕੁਝ ਗੱਲਾਂ ਛੁਪਾ ਜਾਂਦੀ ਹੈ, ਬਚ ਬਚ ਤੁਰਦੀ ਹੈ, ਇਹ ਤੱਥ ਉਹ ਆਪਣੇ ਗਲਪ ਵਿਚ ਦਿਖਾ ਦਿੰਦੀ ਹੈ। ਔਰਤਾਂ ਵਿਚਲੀ ਈਰਖਾ ਅਤੇ ਇਸ਼ਕ ਦੀ ਦੀਵਾਨਗੀ, ਆਵਾਰਗੀ ਦਾ ਵਰਣਨ ਉਸਦੇ ਗਲਪ ਵਿਚ ਖੂਬ ਪ੍ਰਗਟ ਹੋਇਆ ਹੈ।

ਸਾਰਤ੍ਰ ਹੈਰਾਨ ਹੁੰਦਾ ਕਿ ਸਿਮੋਨ ਉਸਦੀ ਹਰ ਸਲਾਹ ਮਨਜ਼ੂਰ ਕਰਦੀ - ਜਿਸ ਨੂੰ ਮੈਂ ਆਜ਼ਾਦੀ ਆਖਦਾ ਹਾਂ, ਇਹ ਆਜ਼ਾਦੀ ਹੈ ਕਿ ਗੁਲਾਮੀ ? ਆਪਣਾ ਜੀਵਨ ਕਿਵੇਂ ਬਿਤਾਵਾਂ, ਮੈਨੂੰ ਕਦੀ ਸਹੀ ਪਤਾ ਨਾ ਲੱਗਾ। ਮੈਨੂੰ ਲਗਦਾ, ਅਖੌਤੀ ਕਲਮ ਧਰੀਕ ਦਰਅਸਲ ਮੈਂ ਸਿਰੇ ਦਾ ਹਰਾਮੀ ਹਾਂ ਜਿਸ ਨੂੰ ਦੇਖ ਕੇ ਉਲਟੀ ਆ ਜਾਏ। ਸਰਕਾਰੀ ਨੌਕਰੀ ਦੌਰਾਨ ਸਾਰਤ੍ਰ ਦੀ ਬਦਲੀ ਦੂਰ ਹੋ ਗਈ, ਉਸ ਨੇ ਸਿਮੋਨ ਨੂੰ ਸਲਾਹ ਦਿੱਤੀ ਕਿ ਜੇ ਵਿਆਹ ਕਰਵਾ ਲਈਏ ਤਾਂ ਤੇਰੀ ਬਦਲੀ ਮੇਰੇ ਕੋਲ ਹੋ ਜਾਏਗੀ। ਸਿਮੋਨ ਨੇ ਨਾਂਹ ਕਰ ਦਿੱਤੀ। ਸਟੇਟ ਦੇ ਬੰਧਨ ਤੋੜਨੇ ਹੋਣ ਤਾਂ ਸਟੇਟ ਤੋਂ ਰਿਆਇਤਾਂ ਖੈਰਾਤਾਂ ਕਿਉਂ ਮੰਗੀਏ? ਆਪਣੇ ਆਪ ਨੂੰ ਜ਼ਮਾਨੇ ਦਾ ਪਿਉ ਸਮਝਣ ਵਾਲਾ ਸਾਰਤ੍ਰ, ਸਿਮੋਨ ਅੱਗੇ ਬੱਚਾ ਹੋ ਜਾਂਦਾ ਸੀ। ਸਿਮੋਨ ਨੂੰ ਵਿਆਹ ਅਤੇ ਸੰਤਾਨ ਦੀ ਕੀ ਲੋੜ, ਉਸਨੂੰ ਸਾਰਤ੍ਰ ਵਰਗਾ ਬੱਚਾ ਮਿਲ ਗਿਆ ਸੀ। ਲਿਖਦੀ ਹੈ, ''ਸਾਰਤ੍ਰ ਅਤੇ ਮੇਰੇ ਵਿਚਕਾਰਲਾ ਬੰਧਨ ਇਕ ਬੱਚੇ ਸਦਕਾ ਵਧੀਕ ਮਜ਼ਬੂਤ ਨਹੀਂ ਹੋ ਸਕਦਾ। ਮੈਂ ਚਾਹੁੰਦੀ ਵੀ ਨਹੀਂ ਸਾਂ ਸਾਰਤ੍ਰ ਦਾ ਵਿਸਥਾਰ ਉਸਦੇ ਬੱਚੇ ਵਿਚ ਦੇਖਾਂ ਜਦੋਂ ਕਿ ਆਪਣੇ ਆਪ ਵਿਚ ਇਕ ਜੋੜੇ ਵਜੋਂ ਅਸੀਂ ਸੰਪੂਰਨ ਸਾਂ। ਬਤੌਰ ਲੇਖਕ ਅਤੇ ਚਿੰਤਕ ਮੈਂ ਜਾਣਦੀ ਸਾਂ ਸਿਵਾਇ ਕੰਮ ਵਿਚ ਵਿਘਨ ਪਾਉਣ ਦੇ, ਬੱਚਾ ਹੋਰ ਕੁਝ ਨਹੀਂ ਕਰੇਗਾ। ਮਮਤਾ ਵਰਗੇ ਸ਼ਬਦ ਮੇਰੇ ਲਈ ਬੇਕਾਰ ਹਨ। ਵਿਆਹ ਕਰਵਾ ਕੇ ਕਿਸੇ ਮਰਦ ਦੀ ਸਹਾਇਕ ਵਜੋਂ ਜ਼ਿੰਦਗੀ ਬਿਤਾਉਂਦੀ ਤਦ ਮੇਰਾ ਸਾਰਾ ਫਲਸਫਾ, ਔਰਤ ਦੀ ਆਜ਼ਾਦੀ ਦਾ ਫਲਸਫਾ

ਬੇਕਾਰ ਹੋ ਜਾਂਦਾ। ਭੂਤਕਾਲ ਦਾ ਅਨੁਭਵ ਮੈਨੂੰ ਅਜਿਹੇ ਬੰਧਨ ਵਿਰੁੱਧ ਰੋਕਦਾ। ਜਿਹੜਾ ਫੈਸਲਾ ਮੇਰੀ ਸੁਤੰਤਰਤਾ ਵਿਚ ਵਿਘਨਕਾਰੀ ਹੋਏਗਾ, ਮੈਂ ਨਹੀਂ ਮੰਨਾਂਗੀ।''

ਅਧਿਆਪਨ ਵਿਚ ਗੜਬੜ ਹੋਣ ਲੱਗੀ। ਕਲਾਸ ਵਿਚ ਉਨ੍ਹਾਂ ਫਿਲਾਸਫਰਾਂ, ਨਾਵਲਕਾਰਾਂ ਅਤੇ ਚਿੰਤਕਾਂ ਦੇ ਹਵਾਲੇ ਦਿੰਦੀ ਜਿਹੜੇ ਸੋਸਾਇਟੀ ਵਲੋਂ ਵਰਜਿਤ ਸਨ ਜਿਵੇਂ ਜੀਦੇ, ਪਰੂਸਤ। ਮਾਪਿਆਂ ਵਲੋਂ ਸ਼ਿਕਾਇਤਾਂ ਅਤੇ ਅਧਿਕਾਰੀਆਂ ਵਲੋਂ ਜਵਾਬ-ਤਲਬੀਆਂ ਹੁੰਦੀਆਂ, ਕਿਹਾ ਜਾਂਦਾ - ਕੇਵਲ ਅਧਿਆਪਨ ਨਹੀਂ, ਪੜਤਾਲ ਕਰੋ, ਇਸ ਦਾ ਜੀਵਨ ਵੀ ਦੁਰਾਚਾਰਪੂਰਨ ਹੈ। ਕੁਆਰੀ ਕੁੜੀ ਕਾਫੀ ਹਾਊਸ ਵਿਚ, ਸਿਨੇਮਾ, ਬਾਜ਼ਾਰ, ਉਨ੍ਹਾਂ ਖੇਤਰਾਂ ਵਿਚ ਇਕੱਲੀ ਕਿਉਂ ਘੁੰਮੇ ਜਿਥੇ ਰੇਪ ਤੱਕ ਦਾ ਖਤਰਾ ਹੈ?

ਇਕ ਕੁਲੀਗ ਮੈਡਮ ਨਾਲ ਉਸਦੇ ਹਮਜਿਣਸੀ ਸਬੰਧ ਬਣੇ। ਮਰਦ ਨਾਲੋਂ ਇਹ ਸਬੰਧ ਉਸਨੂੰ ਠੀਕ ਲੱਗਾ। ਸਿਮੋਨ ਅਤੇ ਸਾਰਤ੍ਰ ਦੋਵਾਂ ਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ। ਧਰਮ ਵਾਂਗ ਰਾਜਨੀਤੀ ਵੀ ਉਨ੍ਹਾਂ ਨੂੰ ਵੇਲਾ ਵਿਹਾ ਚੁੱਕੀ ਪਰੰਪਰਾ ਲੱਗੀ। ਅਨਾਰਕਿਸਟ ਹੋਣ ਵਿਚ ਫਖਰ ਸੀ। ਹਰੇਕ ਰਸਮ ਵਿਰੁੱਧ ਬਗਾਵਤ, ਪਰ ਬਦਲ? ਦੋਵਾਂ ਕੋਲ ਕੋਈ ਬਦਲ ਨਹੀਂ ਸੀ।

ਸਾਰਤ੍ਰ ਦੀ ਬਰਲਿਨ ਵਿਚ ਬਦਲੀ ਹੋ ਗਈ। ਲਿਖਦੀ ਹੈ, ''ਨਾ ਪਤੀ, ਨਾ ਬੱਚੇ, ਨਾ ਘਰ, ਨਾ ਸਮਾਜ, ਮੇਰਾ ਕੋਈ ਨਹੀਂ ਸੀ। ਛੱਬੀ ਸਾਲ ਦੀ ਉਮਰ ਵਿਚ ਮੈਨੂੰ ਮਾੜੀ ਮੋਟੀ ਸੋਝੀ ਆਉਣ ਲੱਗੀ ਕਿ ਪੈਰਾਂ ਹੇਠ ਜ਼ਮੀਨ ਹੋਣੀ ਜ਼ਰੂਰੀ ਹੈ।'' ਇਥੇ ਉਸਨੂੰ ਪਤਾ ਲੱਗਾ ਕਿ ਇਕ ਕੁਲੀਗ ਦੀ ਪਤਨੀ ਉਪਰ ਸਾਰਤ੍ਰ ਫਿਦਾ ਹੋ ਗਿਆ ਤੇ ਇਹ ਵਕਤੀ ਤੂਫਾਨ ਨਹੀਂ ਥਿਰ ਪਿਆਰ ਹੈ। ਉਹ ਬਰਲਿਨ ਵੱਲ ਚੱਲ ਪਈ ... ਤੂਫਾਨਾਂ ਵਿਚ ਘਿਰੀ ...ਕੀ ਕੋਈ ਹੋਰ ਔਰਤ ਮੈਥੋਂ ਮੇਰਾ ਥਾਂ ਖੋਹ ਲਏਗੀ? ਤਾਂ ਕੀ? ਸਾਰਤ੍ਰ ਉਤੇ ਮੇਰਾ ਸਥਾਈ ਹੱਕ ਕਿਵੇਂ ਹੈ? ਡਿਪਰੈਸ਼ਨ ਨੇ ਉਸ ਉਪਰ ਹਮਲਾ ਕੀਤਾ। ਲੱਗਣ ਲੱਗਾ ਕਿ ਉਹ ਬੁੱਢੀ ਹੋ ਗਈ ਹੈ। ਹਮਲੇ ਤੋਂ ਬਚਾਉ ਦਾ ਉਪਾਅ ਦਵਾਈਆਂ ਨਹੀਂ, ਲੇਖਣ ਹੈ। ਲਿਖਣ ਲੱਗੀ। ਸਾਰਤ੍ਰ ਨੇ ਦੱਸਿਆ - ਨਾਜ਼ੀਆਂ ਨੇ ਹਿਟਲਰ ਨੂੰ ਲੀਡਰ ਮੰਨ ਲਿਆ ਹੈ। ਭਿਆਨਕ ਤਬਾਹੀ ਹੋਏਗੀ। ਦੂਜਾ ਵਿਸ਼ਵ ਯੁੱਧ ਛਿੜੇਗਾ, ਯਹੂਦੀ ਵੱਢੇ ਜਾਣਗੇ। ਰੱਜ ਕੇ ਸ਼ਰਾਬ ਪੀਂਦੀ, ਰੋਂਦੀ। ਸਾਰਤ੍ਰ ਆਖਦਾ - ਫਲਸਫੇ ਕਰਕੇ ਨਹੀਂ, ਤੂੰ ਸ਼ਰਾਬ ਕਾਰਨ ਬਿਮਾਰ ਹੈਂ। ਸਾਰਤ੍ਰ ਖੁਦ ਬਿਮਾਰ ਰਹਿਣ ਲੱਗਾ। ਪਾਗਲਪਣ ਦੇ ਦੌਰੇ ਪੈਂਦੇ। ਨਜ਼ਰ ਅਤੇ ਕੰਨਾਂ ਉਪਰ ਅਸਰ ਹੋਇਆ। ਲਗਦਾ ਜਿਵੇਂ ਮਕਾਨਾਂ ਨੇ ਜਬਾੜੇ ਖੋਲ੍ਹ ਲਏ ਤੇ ਬਿੱਛੂ ਉਸਦਾ ਪਿੱਛਾ ਕਰ ਰਹੇ ਹੋਣ। ਸਿਮੋਨ ਆਖਦੀ - ਸਾਰਤ੍ਰ ਹੈ ਤਾਂ ਜਹਾਨ ਹੈ, ਹਿਜ਼ ਮੀਅਰ ਐਗਜ਼ਿਸਟੈਂਸ ਜਸਟੀਫਾਈਡ 'ਦ ਵਰਲਡ। ਪ੍ਰਕਾਸ਼ਕ ਸਾਰਤ੍ਰ ਦੀ ਲਿਖਤ ਪ੍ਰਵਾਨ ਨਾ ਕਰਦੇ ਤਾਂ ਕਸ਼ਟ ਹੁੰਦਾ। ਸਿਮੋਨ ਨੂੰ ਲੱਗਦਾ ਜਿਵੇਂ ਪਾਖੰਡ ਕਰ ਰਿਹੈ। ਮੈਥੋਂ ਖਹਿੜਾ ਛੁਡਾਉਣ ਦੀ ਸਕੀਮ।

ਸਿਮੋਨ ਤੀਹ ਸਾਲ ਦੀ ਹੋ ਗਈ। ਰੂਸੀ ਕੁੜੀ ਓਲਗਾ, ਜੋ ਸਿਮੋਨ ਦੀ ਵਿਦਿਆਰਥਣ ਰਹੀ, ਸਾਰਤ੍ਰ ਦੀ ਦੇਖਭਾਲ ਵਾਸਤੇ ਪੁੱਜੀ। ਚੜ੍ਹਦੀ ਜੁਆਨੀ, ਸੁਹਣੀ, ਬਗਾਵਤੀ ਸੁਰਾਂ ਵਾਲੀ, ਸਾਰਤ੍ਰ ਨੂੰ ਮੋਹਿਤ ਕਰਨ ਵਾਲਾ ਸਭ ਕੁਝ। ਮਾਪਿਆਂ ਨੂੰ ਮਨਾ ਕੇ ਸਾਰਤ੍ਰ ਅਤੇ ਸਿਮੋਨ ਨੇ ਉਸਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਉਹ ਪੜ੍ਹਨ ਵਾਲੀ ਕਿਥੇ ਸੀ? ਫੇਲ੍ਹ ਹੋ ਗਈ। ਮਾਪੇ ਨਾਰਾਜ਼ ਹੋਏ ਤਾਂ ਦੋਵਾਂ ਨੇ ਮਾਪਿਆਂ ਨੂੰ ਓਲਗਾ ਗੋਦ ਲੈਣ ਲਈ ਮਨਾ ਲਿਆ। ਦੋਹਾਂ ਨੂੰ ਓਲਗਾ ਵਿਚ ਆਪਣਾ ਭੂਤਕਾਲ ਦਿਸਿਆ। ਪਰ ਕੋਈ ਸਿਧਾਇਆ ਜਾ ਸਕਣ ਵਾਲਾ ਪਾਲਤੂ ਜੀਵ ਥੋੜ੍ਹਾ ਸੀ ਓਲਗਾ? ਫਰਿਸ਼ਤੇ ਅਤੇ ਸ਼ੈਤਾਨ ਦਾ ਮਿਸ਼ਰਣ ਸੀ ਇਹ ਕੁੜੀ ਪਰ ਦੋਵਾਂ ਦੀ ਪ੍ਰਯੋਗਸ਼ਾਲਾ ਵਾਸਤੇ ਠੀਕ ਮਸਾਲਾ ਸੀ। ਸਿਮੋਨ ਨੂੰ ਪਤਾ ਨਹੀਂ ਸੀ ਇਹ ਕੁੜੀ ਉਸੇ ਨੂੰ ਡੰਗੇਗੀ। ਸਾਰਤ੍ਰ ਨਾਲ ਰੋਮਾਂਸ ਚੱਲ ਪਿਆ। ਉਹ ਉਸਦੀਆਂ ਇਛਾਵਾਂ ਅੱਗੇ ਅੰਨ੍ਹਾ ਹੋ ਗਿਆ। ਸਿਮੋਨ ਦੁਰਕਾਰੀ ਗਈ। ਹਰ ਵਕਤ 'ਅਸੀਂ', 'ਸਾਡਾ' ਸ਼ਬਦ ਵਰਤਿਆ ਕਰਦੇ ਸਨ। ਸਾਰਤ੍ਰ ਮੈਂ, ਮੇਰਾ ਸ਼ਬਦ ਵਰਤਣ ਲੱਗਾ। ਸਿਮੋਨ ਦੁਆਲੇ ਬੇਗਾਨਗੀ ਦਾ ਭੂਤ ਮੰਡਰਾਉਣ ਲੱਗਾ। ਸਾਰਤ੍ਰ ਨੇ ਕਿਹਾ - ਆਪਾਂ ਇਉਂ ਕਰਦੇ ਹਾਂ ਸਿਮੋਨ, ਓਲਗਾ ਨੂੰ ਪੁੱਛ

ਲੈਂਦੇ ਹਾਂ ਕਿ ਉਹ ਤੇਰੇ ਨਾਲ ਰਹੇਗੀ ਜਾਂ ਮੇਰੇ ਨਾਲ, ਜਾਂ ਫਿਰ ਤਿੰਨੇ ਇਕੱਠੇ ਰਹਾਂਗੇ? ਓਲਗਾ ਦੇ ਹੱਥ ਫੈਸਲਾ ਆ ਜਾਏਗਾ ਤਾਂ ਸਿਮੋਨ ਦੀ ਥਾਂ ਕਿੱਥੇ? ਅਨੰਤ ਸਾਗਰ ਕਿਨਾਰੇ ਉਹ ਇਕੱਲੀ ਰਹਿ ਜਾਏਗੀ। ਇਸ ਛਿਣ ਬਾਰੇ ਲਿਖਦੀ ਹੈ, ''ਮੈਂ ਆਖਰ ਆਪਣੇ ਆਪ ਨੂੰ ਪੁੱਛ ਹੀ ਲਿਆ- ਕੀ ਮੇਰੀ ਜ਼ਿੰਦਗੀ ਸਚਮੁੱਚ ਵੱਡੇ ਸਾਰੇ ਝੂਠ ਉਪਰ ਖਲੋਤੀ ਹੈ? ਓਲਗਾ ਮੇਰੇ ਵੱਲ ਦੇਖਦੀ, ਜਾਂ ਤਾਂ ਉਸਦੀਆਂ ਨਜ਼ਰਾਂ ਖਾਲੀ ਹੁੰਦੀਆਂ, ਜਾਂ ਫਿਰ ਇਉਂ ਦੇਖਦੀ ਜਿਵੇਂ ਮੈਂ ਕੋਈ ਵਸਤੂ ਹੋਵਾਂ, ਕੋਈ ਬੁੱਤ ਜਾਂ ਦੁਸ਼ਮਣ।''

ਓਲਗਾ ਵੀ ਸੰਕਟ-ਮੁਕਤ ਨਹੀਂ ਸੀ। ਸਿਗਰਟ ਸੁਲਗਾਈ ਤੇ ਆਪਣੀ ਹੱਥੇਲੀ ਉਪਰ ਅੱਗ ਰੱਖ ਦਿੱਤੀ, ਮਾਸ ਸੜਨ ਲੱਗਾ, ਕੋਈ ਪ੍ਰਵਾਹ ਨਹੀਂ। ਖੋਹ ਕੇ ਸਿਗਰਟ ਪਰ੍ਹੇ ਸੁੱਟੀ। ਦੋ ਪਾਗਲ ਕਾਫੀ ਸਨ, ਤੀਜੇ ਦੀ ਕੀ ਲੋੜ ਪੈ ਗਈ ਸੀ? ਆਖਰ ਓਲਗਾ ਤਕੜੀ ਨਿਕਲੀ। ਸਾਰਤ੍ਰ ਦੇ ਵਿਦਿਆਰਥੀ ਜੈਕ ਬੋਸਤ ਉਪਰ ਮੋਹਿਤ ਹੋ ਕੇ ਦੋਵਾਂ ਨੂੰ ਛੱਡ ਗਈ। ਸਿਮੋਨ ਨੂੰ ਨਮੂਨੀਆਂ ਹੋ ਗਿਆ ਅਤੇ ਬੇਹੋਸ਼ੀ ਦੇ ਦੌਰੇ ਪੈਣ ਲੱਗੇ। ਸ਼ਾਇਦ ਓਲਗਾ ਅਤੇ ਸਾਰਤ੍ਰ ਤੋਂ ਬਦਲਾ ਲੈਣ ਲਈ, ਉਸ ਨੇ ਬੋਸਤ ਨਾਲ ਇਸ਼ਕ ਸ਼ੁਰੂ ਕਰ ਦਿੱਤਾ। ਇਸ ਘੁੰਮਣਘੇਰੀ ਵਿਚੋਂ *ਸ਼ੀ ਕੇਮ ਟੂ ਸਟੇਅ* ਨਾਵਲ ਨਿਕਲ ਆਇਆ। ਨਾਵਲ ਵਿਚ ਫਰਜ਼ੀ ਨਾਮ ਦੇ ਕੇ ਸਿਮੋਨ ਓਲਗਾ ਨੂੰ ਦੋਸ਼ੀ ਠਹਿਰਾਉਂਦੀ ਹੈ, ਖੁਦ ਨੂੰ ਅਤੇ ਸਾਰਤ੍ਰ ਨੂੰ ਮੁਕਤ ਕਰਦੀ ਹੈ। ਇਹੋ ਹੋਣਾ ਸੀ, ਖੁਦ ਨੂੰ ਦੋਸ਼ ਦੇਣ ਲਈ ਦਿਲ ਨਹੀਂ ਮੰਨਦਾ, ਸਾਰਤ੍ਰ ਨਾਲ ਪਿਆਰ ਹੈ, ਸੋ ਉਹ ਵੀ ਸਿਮੋਨ ਹੀ ਹੈ, ਸੋ ਮੁਕਤ ਹੈ। ਸਾਰਤ੍ਰ ਨੇ ਓਲਗਾ ਭੁਲਾ ਦਿੱਤੀ ਤੇ ਸਿਮੋਨ ਨੇ ਬੋਸਤ। ਦੋਵੇਂ ਹੋਟਲ ਵਿਚ ਰਹਿਣ ਲੱਗੇ, ਸਿਮੋਨ ਉਪਰ, ਤੇ ਸਾਰਤ੍ਰ ਗ੍ਰਾਊਂਡ ਫਲੋਰ ਤੇ। ਇਕੱਠੇ ਵੀ, ਵੱਖਰੇ ਵੀ। ਇਸ ਘਟਨਾ ਬਾਰੇ ਉਸਦੇ ਸ਼ਬਦ ਹਨ - ਬੇਵਫਾਈ ਅਤੇ ਗੈਰਹਾਜ਼ਰੀ ਇਕੋ ਚੀਜ਼ ਦੇ ਦੋ ਨਾਮ ਹਨ। ਔਰਤ ਜਿਸ ਮਰਦ ਨੂੰ ਪਿਆਰ ਕਰਦੀ ਹੈ ਉਸ ਮਰਦ ਦੀ ਦੂਸਰੀ ਔਰਤ ਵੱਲ ਇਕ ਨਜ਼ਰ ਉਸ ਲਈ ਕਿਆਮਤ ਹੈ ਕਿਉਂਕਿ ਔਰਤ ਪੂਰਨ ਸਮੁੱਚਤਾ ਵਿਚ ਪਿਆਰ ਕਰਦੀ ਹੈ, ਆਦਮੀ ਵਾਸਤੇ ਪਿਆਰ ਉਸਦੀ ਸ਼ਖਸੀਅਤ ਦਾ ਇਕ ਹਿੱਸਾ ਹੈ। ਇਸ ਨਾਵਲ ਵਿਚਲੀ ਨਾਇਕਾ ਦਾ ਨਾਮ ਉਸਨੇ ਆਪਣੀ ਮਾਂ ਵਾਲਾ ਰੱਖਿਆ ਹੈ, ਅਸਲ ਵਿਚ ਨਾਇਕਾ ਸਿਮੋਨ ਖੁਦ ਹੈ। ਮਾਂ ਦੀ ਥਾਂ ਧੀ ਪਿਤਾ ਉਪਰ ਕਾਬਜ਼ ਹੋਣਾ ਚਾਹੁੰਦੀ ਹੈ ਜਿਸ ਵਿਚੋਂ ਸਾਰਤ੍ਰ ਦਾ ਕਿਰਦਾਰ ਪਿਤਾ ਵਾਲਾ ਦਿਸਦਾ ਹੈ। ਕਿਤੇ ਸਾਰਤ੍ਰ ਪੁੱਤਰ ਲਗਦਾ ਸੀ, ਕਿਤੇ ਪਿਤਾ, ਪਰ ਹੈ ਉਹ ਪ੍ਰੇਮੀ, ਪੱਛਮ ਅਨੁਸਾਰ ਸਾਹਿਤ ਅਨੇਕ ਭੇਖ ਧਾਰ ਕੇ ਮੁਕਤੀਦੁਆਰ ਤਲਾਸ਼ਦਾ ਹੈ। ਸਿਮੋਨ ਦੇ ਸ਼ਬਦਾਂ ਵਿਚ, ''ਸਾਹਿਤ ਉਥੇ ਜਨਮ ਲੈਂਦਾ ਹੈ ਜਿਥੋਂ ਜੀਵਨ ਕੁਰਾਹੇ ਵੱਲ ਮੁੜ ਜਾਂਦਾ ਹੈ।''

1930 ਵਿਚ ਦੂਜੇ ਵਿਸ਼ਵ-ਯੁਧ ਦੀਆਂ ਕਨਸੋਆਂ ਕੰਨੀ ਪੈਣ ਲੱਗੀਆਂ। ਸਿਮੋਨ ਇਸ ਸਭ ਕੁਝ ਤੋਂ ਪੂਰਨ ਅਨਜਾਣ ਸੀ। ਖਾਣਾ, ਪੀਣਾ, ਦੂਰ ਦੁਰਾਡੇ ਦੀਆਂ ਸੈਰਾਂ, ਕਾਫੀ ਹਾਊਸ ਦੀਆਂ ਗੱਲਾਂ ਅਤੇ ਖੁਸ਼ੀ ਦੀ ਤਲਾਸ਼, ਬਸ ਇਹੋ ਜੀਵਨ ਹੈ। ਯੁੱਧ ਦੇ ਨਗਾਰੇ ਉਸ ਨੂੰ ਮੌਤ ਯਾਦ ਕਰਾਉਣ ਲੱਗੇ, ਸਭ ਦੀ ਮੌਤ, ਜਿਨ੍ਹਾਂ ਨੂੰ ਪਿਆਰ ਕੀਤਾ, ਜਿਨ੍ਹਾਂ ਨੂੰ ਨਫਰਤ ਕੀਤੀ, ਸਭ ਦੀ। ਉਸ ਨੂੰ ਲੱਗਾ ਹੁਣ ਤੱਕ ਦਾ ਜੀਵਨ ਸਵਾਰਥੀ, ਮਨੁੱਖਤਾ ਵਿਰੋਧੀ ਅਤੇ ਅੰਨ੍ਹਾ ਨਿੱਜਵਾਦ ਸੀ। ਸਿਆਸਤ ਵਲ ਜਾਂਦੇ ਰਾਹ ਤੇ ਤੁਰਨ ਲਈ ਅੱਖਾਂ ਖੋਲ੍ਹਣੀਆਂ ਪੈਣਗੀਆਂ। ਯੁੱਧ ਛਿੜ ਗਿਆ ਅਤੇ ਜਰਮਨਾ ਨੇ ਸਾਰਤ੍ਰ ਨੂੰ ਗ੍ਰਿਫਤਾਰ ਕਰ ਲਿਆ, ਦਸ ਮਹੀਨੇ ਦੀ ਕੈਦ ਕੱਟ ਕੇ ਮਾਰਚ 1941 ਵਿਚ ਪਰਤਿਆ। ਇਸ ਸਮੇਂ ਸਿਮੋਨ ਨੇ ਫੈਸਲਾ ਕੀਤਾ- ਉਹ ਸਮਾਜ ਅੱਗੇ ਜਵਾਬਦੇਹ ਹੈ, ਸਮਾਜ ਲਈ ਕੁਝ ਕਰੇਗੀ। ਬਲੈਕਆਊਟ ਦੀਆਂ ਲੰਮੀਆਂ ਰਾਤਾਂ ਬਿਤਾਣ ਲਈ ਸੰਗੀਤ ਸਿੱਖਣਾ ਸ਼ੁਰੂ ਕੀਤਾ। ਜਰਮਨ ਫਰਾਂਸ ਵਲ ਵਧਣ ਲਗੇ, ਕਿਤੇ ਖੱਡ ਵਿਚ ਫਸੇ ਚੂਹੇ ਵਾਂਗ ਫੜੀ ਨਾ ਜਾਵਾਂ, ਇਕ ਅਟੈਚੀ ਚੁਕ ਕੇ ਦੱਖਣ ਵਲ ਤੁਰ ਪਈ। ਜਰਮਨਾ ਦੇ ਦਹਿਲ ਕਾਰਨ ਲੱਖਾਂ ਲੋਕਾਂ ਦੇ ਕਾਰਵਾਂ ਵਿਚ ਸ਼ਾਮਲ ਹੋ ਗਈ। ਅਟੈਚੀ ਵਿਚ ਸਾਰਤ੍ਰ ਵਲੋਂ ਲਿਖੇ ਖਤ ਸਨ। ਰਸਤੇ ਵਿਚ ਅਟੈਚੀ ਚੋਰੀ ਹੋ ਗਿਆ। ਇਥੋਂ ਵਾਪਸ 110 ਮੀਲ ਦਾ ਪੰਧ ਪੈਦਲ ਚੱਲ ਕੇ ਤੈਅ ਕੀਤਾ, ਪੈਰਿਸ ਆ ਗਈ।

ਉਜਾੜ ਪੈਰਿਸ ਪ੍ਰੇਤਾਂ ਦਾ ਅੱਡਾ ਸੀ। ਖਬਰ ਮਿਲੀ ਕਿ ਸਾਰਤ੍ਰ ਜਿਉਂਦਾ ਹੈ। ਸਿਮੋਨ ਤੋਂ ਕਾਲਜ ਅਧਿਕਾਰੀਆਂ ਨੇ ਲਿਖਵਾਇਆ- ਮੈਂ ਫਰੀਮੇਸਨ ਨਹੀਂ, ਮੈਂ ਯਹੂਦੀ ਨਹੀਂ। ਲਿਖ ਦਿਤਾ। ਇਕ ਵਿਦਿਆਰਥਣ ਦੇ ਮਾਪਿਆਂ ਨੇ ਸ਼ਿਕਾਇਤ ਕਰ ਦਿਤੀ- ਸਾਡੀ ਧੀ ਨਾਲ ਇਸ ਅਧਿਆਪਕਾ ਨੇ ਹਮਜਿਨਸੀ ਸਬੰਧ ਬਣਾ ਲਏ ਹਨ, ਸਾਡਾ ਆਖਾ ਮੰਨ ਕੇ ਕੁੜੀ ਵਿਆਹ ਨਹੀਂ ਕਰਵਾਉਂਦੀ। ਸਿਮੋਨ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ।

ਸਾਰਤ੍ਰ ਨੂੰ ਮਿਲੀ, ਦੋਵਾਂ ਨੇ ਜਰਮਨ ਕਬਜ਼ੇ ਵਿਰੁੱਧ ਆਵਾਜ਼ ਉਠਾਈ ਪਰ ਇਨ੍ਹਾਂ ਦਾ ਕੋਈ ਸਿਆਸੀ ਆਧਾਰ ਨਹੀਂ ਸੀ। ਕਦੀ ਕਦਾਈਂ ਕਮਿਊਨਿਸਟਾਂ ਨਾਲ ਸੁਰ ਰਲਿਆ ਕਰਦੀ ਸੀ, ਉਨ੍ਹਾਂ ਦਾ ਵੋਟ ਬੈਂਕ ਸੀ, ਕਿਉਂ ਨਾ ਉਨ੍ਹਾਂ ਨਾਲ ਰਲ ਕੇ ਅੰਦੋਲਨ ਆਰੰਭੀਏ? ਕਮਿਊਨਿਸਟ ਇਨ੍ਹਾਂ ਨੂੰ ਮੂੰਹ ਲਾ ਕੇ ਰਾਜੀ ਨਹੀਂ ਸਨ। ਸਾਰਤ੍ਰ ਬਾਰੇ ਅਫਵਾਹ ਸੀ- ਕਿ ਜਰਮਨਾ ਨੇ ਉਸ ਨੂੰ ਅੰਦਰਖਾਤੇ ਸਮਝੌਤੇ ਅਧੀਨ ਰਿਹਾ ਕੀਤਾ ਹੈ ਤਾਂ ਕਿ ਜਰਮਨਾ ਦੇ ਹਿਤਾਂ ਲਈ (Agent Collaborateor) ਕੰਮ ਕਰੇ। ਉਧਰ ਸਾਰਤ੍ਰ ਨੇ ਆਖ ਦਿਤਾ ਕਿ ਮੈਂ ਕਾਰਡ ਹੋਲਡਰ ਕਾਮਰੇਡ ਨਹੀਂ, ਅਕਲ ਦੇ ਫੈਸਲੇ ਅਕਲਵੰਦ ਕਰਨਗੇ ਨਾ ਕਿ ਪਾਰਟੀ ਲਾਈਨ ਉਪਰ ਚੱਲਾਂਗੇ। ਦੂਜਾ ਸਟਾਲਿਨ ਦੀਆਂ ਕਰਤੂਤਾਂ ਨਾਲ ਅਸੀਂ ਸਹਿਮਤ ਨਹੀਂ। ਪਾਰਟੀ ਵਾਸਤੇ ਉਹ ਪੈਟੀ-ਬੁਰਜੁਆ ਬੁਧਜੀਵੀ ਸਨ। ਦੋਸਤਾਂ ਦੀ ਨਿਕੀ ਜਿਹੀ ਟੋਲੀ ਸੀ, ਆਪੋ ਵਿਚ ਚਾਹ-ਪਾਣੀ ਤੇ ਇਕੱਠੇ ਹੋ ਕੇ ਸਲਾਹਾਂ ਕਰਦੇ ਜਿਨ੍ਹਾਂ ਵਿਚ ਕਾਮੂ, ਪਿਕਾਸੋ ਅਤੇ ਲੇਅਰੀ ਆਦਿਕ ਹੁੰਦੇ। ਜਦੋਂ 1945 ਵਿਚ ਉਸ ਦਾ ਦੂਜਾ ਨਾਵਲ *ਦ ਬਲੱਡ ਆਫ ਅਦਰਜ਼* ਛਪਿਆ ਤਾਂ ਧੁੰਮਾਂ ਪੈ ਗਈਆਂ, ਸਮੇਂ ਦਾ ਮਹਾਨ ਹੋਂਦਵਾਦੀ ਨਾਵਲ ਕਿਹਾ ਗਿਆ। ਪਰੰਪਰਾ ਜਾਬਤਾ ਠੋਸਦੀ ਹੈ, ਕਾਰਜ ਰਾਹੀਂ ਕਰਤਾ ਹੋ ਕੇ ਸਿਰਜਣਾ ਕਰਨੀ ਸੁਤੰਤਰਤਾ ਹੈ, ਇਹ ਵਾਕ ਹੋਂਦਵਾਦ ਦਾ ਧੁਰਾ ਹੈ। ਆਦਮੀ ਆਜ਼ਾਦੀ ਲੋਚਦਾ ਹੈ ਪਰ ਘਾਹ ਦੀ ਪੱਤੀ ਜੰਗਲ ਤੋਂ ਵੱਖ ਹੋ ਕੇ ਕੀ ਕਰੇਗੀ? ਇਹ ਦੱਸਣ ਲਈ ਕਿ ਮੈਂ ਤਾਕਤਵਰ ਹਾਂ, ਆਦਮੀ ਨੇ ਐਟਮ ਬੰਬ ਬਣਾਇਆ, ਇਸ ਦਾ ਕੰਮ ਕੀ ? ਮਨੁਖਤਾ ਦਾ ਨਾਸ, ਯਾਨੀ ਕਿ ਆਦਮੀ ਵਲੋਂ ਕੀਤੀ ਖੁਦਕਸ਼ੀ। *ਬਲੱਡ ਆਫ ਅਦਰਜ* ਵਿਚ ਹੀਰੋ ਦਾ ਕਥਨ ਹੈ- ਜਿਵੇਂ ਜੰਗ ਰਾਹੀਂ ਖੂਨ੍ਹ ਡੋਲ੍ਹਣਾ ਗੁਨਾਹ ਹੈ ਉਵੇਂ ਜੰਗ ਰੋਕਣ ਲਈ ਆਪਣਾ ਖੂਨ ਵਗਾਉਣ ਦੀ ਥਾਂ ਬਚਾ ਕੇ ਰੱਖਣਾ ਗੁਨਾਹ ਹੈ। ਪੁਰਾਣੇ ਵਕਤ ਜਦੋਂ ਦੁਸ਼ਮਣ ਸ਼ਹਿਰ ਨੂੰ ਘੇਰਾ ਪਾ ਲੈਂਦਾ, ਰਾਸ਼ਣ ਮੁੱਕਣ ਲਗਦਾ ਤਾਂ ਘਿਰੇ ਜੁਆਨ ਬਿਰਧਾਂ, ਔਰਤਾਂ ਅਤੇ ਬੱਚਿਆਂ ਨੂੰ ਵੱਢ ਕੇ ਦੁਸ਼ਮਣ ਉਪਰ ਹੱਲਾ ਬੋਲਦੇ। ਜਿੱਤ ਜਾਂ ਵਿਨਾਸ਼, ਕੀ ਫਰਕ?

ਕਮਿਊਨਿਸਟਾਂ ਨੇ ਸਾਰਤ੍ਰ ਅਤੇ ਸਿਮੋਨ ਨੂੰ ਮਨਜੂਰ ਨਹੀਂ ਕੀਤਾ ਬੇਸ਼ਕ ਦੋਹਾਂ ਵਾਸਤੇ ਕੰਮ/ਢੰਗ ਇਸੇ ਪਾਰਟੀ ਰਾਹੀਂ ਸਿਰੇ ਚੜ੍ਹਨ ਦੀ ਸੰਭਾਵਨਾ ਸੀ। ਕਮਿਊਨਿਸਟ ਵਡੇਰੇ ਸਮਾਜ ਦੇ ਹਿਤਾਂ ਵਾਸਤੇ ਨਿੱਜੀ ਆਜ਼ਾਦੀ ਦੀ ਕੁਰਬਾਨੀ ਮੰਗਦੇ ਸਨ ਪਰ ਇਹ ਜੋੜਾ ਆਖਦਾ ਸੀ ਅਸੀਂ ਫਿਲਾਸਫਰ ਹਾਂ ਕਿਸੇ ਫੌਜ ਦੇ ਸਿਪਾਹੀ ਨਹੀਂ। ਸਮਾਜ ਦਾ ਬੰਧਨ ਜਾਂ ਫੌਜ ਦਾ, ਬੰਧਨਾਂ ਨੂੰ ਤੋੜ ਕੇ ਇਨ੍ਹਾਂ ਦੇ ਦਰਸ਼ਨ ਦੀ ਜੜ ਲੱਗਣੀ ਸੀ, ਫਿਰ ਪ੍ਰਵਾਨਿਤ ਵਿਚਾਰਧਾਰਾ ਵਿਚ ਕਿਵੇਂ ਜਜ਼ਬ ਹੋਣ? ਸਾਰਤ੍ਰ ਦਾ ਭਾਸ਼ਣ ਸੁਣਨ ਵਾਸਤੇ ਵੱਡੀ ਗਿਣਤੀ ਵਿਚ ਲੋਕ ਪੁਜਦੇ, ਕਾਲੇ ਸਵਾਟਰ ਪਹਿਨਣੇ, ਪੀਲੇ ਚਿਹਰੇ ਅਤੇ ਸਿਰ ਤੇ ਵਾਲ ਸਿਧੇ ਖੜ੍ਹੇ ਰੱਖਣ ਦਾ ਫੈਸ਼ਨ ਪ੍ਰਚਲਤ ਹੋਇਆ, ਤਿੱਖੀਆਂ ਧੁਨਾ ਅਤੇ ਉਚੇ ਬੀਟ, ਬੁੱਗੀ ਵੁੱਗੀ, ਬਲੂਜ਼, ਕੈਬਰੇ, ਜਾਜ਼। ਜੁਆਨੀ ਵਾਸਤੇ ਸਾਰਤ੍ਰ ਸਿਮੋਨ ਦੀ ਜੋੜੀ ਮਾਡਲ, ਚਰਚ ਵਾਸਤੇ ਪਾਗਲਖਾਨਾ। ਨੌਕਰੀ ਨਾ ਹੋਣ ਕਾਰਨ ਉਹ ਸਾਰਤ੍ਰ ਉਪਰ ਨਿਰਭਰ ਹੋ ਗਈ। ਲਿਖਦੀ ਹੈ- ਜਦੋਂ ਮੈਂ ਔਰਤ ਦੀ ਆਜ਼ਾਦੀ ਦੀ ਗੱਲ ਕਰਦੀ ਹਾਂ ਉਦੋਂ ਮੇਰੀ ਜੇਬ ਵਿਚ ਪੈਸੇ ਹੋਣੇ ਚਾਹੀਦੇ ਨੇ, ਔਰਤ ਨੂੰ ਪਤਾ ਹੋਣਾ ਚਾਹੀਦੈ ਪੈਸੇ ਬਿਨਾਂ ਆਜ਼ਾਦੀ ਨਹੀਂ।

ਰਾਇਲਟੀ ਤੋਂ ਬਹੁਤ ਪੈਸਾ ਮਿਲਣ ਲੱਗਾ। ਵੱਡੀ ਗਿਣਤੀ ਵਿਚ ਔਰਤਾਂ ਸਿਮੋਨ ਕੋਲ ਆ ਕੇ ਆਪਣੇ ਅਨੁਭਵ ਦੱਸਦੀਆਂ, ਇਹੋ ਅਨੁਭਵ ਉਸ ਦੀਆਂ ਲਿਖਤਾਂ ਵਾਸਤੇ ਸਮੱਗਰੀ ਬਣਦੇ। ਬੇਸ਼ਕ ਉਸ ਨੂੰ ਹਰ ਥਾਂ ਸਨਮਾਨ ਮਿਲਿਆ, ਤਾਂ ਵੀ ਆਖਦੀ ਹੈ, "ਜੇ ਮੈਂ ਮੁੰਡਾ ਹੁੰਦੀ ਫੇਰ ਮੈਂ ਵੱਖਰੀ ਤਰਾਂ ਲਿਖਦੀ..., ਪਰ ਇਸ ਦਾ ਮਤਲਬ ਇਹ ਨਹੀਂ ਕਿ ਔਰਤ, ਮਰਦ ਦੀ ਬਰਾਬਰੀ ਦਾ

www.punjabilibrary.com

ਦਾਅਵਾ ਕਰਦਿਆਂ ਚਾਹੇ ਕਿ ਉਸ ਦੇ ਜਿਸਮ ਉਪਰ ਮਰਦ ਵਾਲਾ ਲਿੰਗ ਚਾਹੀਦਾ ਸੀ। ਜੀਵ ਜਗਤ ਵਿਚ ਫਿਮੇਲ ਦਾ ਸਟੈਟਸ ਗਿਣ ਮਿਥ ਕੇ ਉਸ ਤਰਾਂ ਦਾ ਨਹੀਂ ਬਣਾਇਆ ਗਿਆ ਜਿਵੇਂ ਮਨੁੱਖੀ ਸਮਾਜ ਵਿਚ ਬਣ ਗਿਆ। ਜੰਮਣ ਸਾਰ ਉਹ ਔਰਤ ਨਹੀਂ ਹੁੰਦੀ ਬਹੁਤ ਮਿਹਨਤ ਨਾਲ ਘੜ ਤ੍ਰਾਸ ਕੇ ਉਸ ਨੂੰ ਔਰਤ ਬਣਾਇਆ ਜਾਂਦਾ ਹੈ ਤੇ ਬਣਾਈ ਗਈ ਇਹ ਔਰਤ, ਇਸਤਰੀ ਅਤੇ ਹਿਜੜੇ ਦੇ ਵਿਚ ਵਿਚਾਲੇ ਜਿਹੇ ਕੋਈ ਚੀਜ਼ ਹੁੰਦੀ ਹੈ। ਔਰਤ ਦੀ ਸਹੀ ਤਸਵੀਰ ਉਹ ਮੰਨੀ ਜਾਂਦੀ ਹੋ ਜੋ ਆਦਮੀ ਨੇ ਬਣਾਈ ਹੈ। ਮਰਦ ਕੇਂਦਰ ਵਿਚ ਹੈ, ਮਰਦ ਜੱਜ ਹੈ, ਮਰਦ ਅਨੰਤ ਹੈ, ਔਰਤ ਉਸ ਦੀ ਪਰਿਕਰਮਾ ਕਰੇ। ਆਦਮੀ ਆਤਮ ਹੈ, ਔਰਤ ਇਸ ਆਤਮ ਦੁਆਲੇ ਲਿਪਟਿਆ ਫਾਲਤੂ ਹੱਡ ਮਾਸ ਹੈ, ਕਾਮ ਦੀ ਪੂਰਤੀ ਵਾਲਾ ਮਸਾਲਾ।

ਔਰਤ ਮਰਦ ਦਾ ਇਹ ਰਿਸ਼ਤਾ/ਰੂਪ ਗੋਪੀ ਨਾਥ ਮਹੰਤੀ ਕ੍ਰਿਤ *ਅੰਮ੍ਰਿਤਸੰਤਾਨ* ਨਾਵਲ (ਨੈਸ਼ਨਲ ਬੁਕ ਟਰੱਸਟ) ਵਿਚ ਖੂਬ ਦਿਸਦਾ ਹੈ। ਮਰਦ ਦਰਮੂ ਹੈ, ਔਰਤ ਦਰਤਣੀ। ਦਰਮੂ ਮਾਇਨੇ ਧਰਮ, ਦਰਮੂ ਮਾਇਨੇ ਆਕਾਸ਼, ਦਰਤਣੀ ਮਾਇਨੇ ਧਰਤੀ, ਮਿੱਟੀ। ਆਕਾਸ਼ ਬੀਜ ਹੈ, ਧਰਤੀ ਇਸ ਬੀਜ ਨੂੰ ਕਬੂਲ ਕਰਕੇ ਸੰਪੂਰਨ ਹੋਏਗੀ। ਕੰਧ ਨਾਮ ਦੇ ਜਾਂਗਲੀ ਕਬੀਲੇ ਦੀ ਗਰੀਬ ਔਰਤ ਸੋਚਦੀ ਫਿਰਦੀ ਹੈ, ''ਆਕਾਸ਼ ਕਹੇਗਾ, ਧਰਤੀ ਸੁਣੇਗੀ, ਇਹੋ ਹੋਇਆ ਆਦਿ ਕਾਲ ਤੋਂ। ਕਦੀ ਉਲਟ ਵੀ ਹੋਏਗਾ? ਕਦੀ ਨਹੀਂ, ਕਿਉਂਕਿ ਕਦੀ ਹੋਇਆ ਨਹੀਂ।'' ਇਕੱਲੀ ਘਾਸ ਭਾਤ ਚੁਗਦੀ ਫਿਰਦੀ ਨੂੰ ਪ੍ਰਸੂਤ ਦਰਦ ਹੋਇਆ, ਪੁੱਤਰ ਜੰਮਿਆ। ਨਦੀ ਕਿਨਾਰੇ ਗਈ, ਨੁਹਾਇਆ, ਪੂੰਝਿਆ, ਬਾਹਰ ਆਕੇ ਬੈਠੀ। ਗੋਦ ਵਿਚ ਬੱਚਾ ਰੋ ਰਿਹਾ ਹੈ। ਨਾਇਕਾ ਆਖਦੀ ਹੈ- ''ਕਰਾਮਾਤ ਹੋ ਗਈ ਅੱਜ। ਟੁੱਟ ਕੇ, ਆਕਾਸ਼ ਧਰਤੀ ਦੀ ਝੋਲੀ ਵਿਚ ਆ ਡਿੱਗਾ। ਇਸ ਨੂੰ ਬੋਲਣਾ ਨਹੀਂ ਆਉਂਦਾ। ਫੇਰ ਕੀ, ਓ ਨਿਕੇ ਆਕਾਸ਼ ! ਮੈਂ ਤੈਨੂੰ ਬੋਲ ਦਿਆਂਗੀ, ਮਿਠੇ ਬੋਲ, ਗੀਤ ਦਿਆਂਗੀ, ਗਰੀਬ ਜਾਂਗਲੀਆਂ ਦੇ ਅਮੀਰ ਗੀਤ। ਰੋਂਦਾ ਹੈਂ ਦੁੱਧ ਲਈ? ਭੁੱਖ ਲੱਗੀ ਹੈ? ਦਿਆਂਗੀ ਦੁੱਧ ਤੈਨੂੰ, ਥੋੜਾ ਕੁ ਹੋਰ ਰੋ। ਮੈਨੂੰ ਪਤੈ ਭੁੱਖ ਕੀ ਹੁੰਦੀ ਐ। ਤੈਨੂੰ ਵੀ ਪਤਾ ਲੱਗੇ। ਜੰਮਦਿਆਂ ਭੁੱਖ ਦੀ ਥਾਹ ਪਾ ਲਏਂਗਾ, ਉਮਰ ਭਰ ਰੱਜਿਆ ਰਹੇਂਗਾ।''

ਸਿਮੋਨ ਅਨੁਸਾਰ ਗੁਲਾਮਾ ਬਗੈਰ ਮਾਲਕੀ ਸੰਭਵ ਨਹੀਂ, ਸੋ ਔਰਤ ਖਤਮ ਨਹੀਂ ਹੋਣੀ ਚਾਹੀਦੀ, ਰਹਿਣੀ ਚਾਹੀਦੀ ਹੈ ਤਾਂ ਕਿ ਮਰਦ ਦੀ ਮਾਲਕੀ ਕਾਇਮ ਰਹੇ। ਸੰਸਾਰ ਵਿਚ ਜੇ ਔਰਤ ਨਾ ਹੁੰਦੀ, ਆਦਮੀ ਨੇ ਇਸ ਦੀ ਕਾਢ ਕੱਢ ਲੈਣੀ ਸੀ। ਆਦਮੀ ਨੇ ਆਪਣੀਆਂ ਨਾਲਾਇਕੀਆਂ ਵਾਸਤੇ ਔਰਤ ਨੂੰ ਜ਼ਿਮੇਵਾਰ ਠਹਿਰਾ ਕੇ ਮੁਕਤ ਵੀ ਤਾਂ ਹੋਣਾ ਸੀ ਆਖਰ। ਲੌਕਿਕ ਸਾਹਿਤ ਵਿਚ ਬਦਨਾਮ ਕਰਕੇ ਤਸੱਲੀ ਨਹੀਂ ਹੋਈ, ਧਰਮ ਗ੍ਰੰਥਾਂ ਵਿਚ ਦੁਰਕਾਰ ਕੇ ਔਰਤ ਉਪਰ ਦੁਰਾਚਾਰਨ ਹੋਣ ਦੀ ਪਵਿੱਤਰ ਮੁਹਰ ਲਾਈ।

ਔਰਤ ਨੂੰ ਸਿਧਾ ਲਿਆ ਗਿਆ, ਪਰ ਹੋਇਆ ਇਹ ਕਿ ਪੂਰੀ ਤਰ੍ਹਾਂ ਸਿਧਾਈ ਜਾਣ ਤੇ ਬਾਵਜੂਦ ਉਸ ਵਿਚ ਫੇਰ ਅਜਿਹਾ ਕੁਝ ਨਾ ਕੁਝ ਬਚ ਜਾਂਦਾ ਰਿਹਾ ਜਿਹੜਾ ਸਥਾਈ ਸੀ, ਅਮਰ ਸੀ, ਅਜਿੱਤ ਸੀ, ਆਦਮੀ ਨੇ ਪ੍ਰਤੀਤ ਕੀਤਾ ਕਿ ਜੇ ਔਰਤ ਉਸਦੇ ਸੁਫਨਿਆਂ ਵਿਚਲੀ ਪਰੀ ਹੈ ਤਾਂ ਉਲਝਣਾਂ ਦੀ ਮਾਂ ਵੀ ਤਾਂ ਉਹੀ ਹੈ, ਇਸ ਦਾ ਕੀਤਾ ਕੀ ਜਾਵੇ? ਕੋਈ ਇਲਾਜ ਨਹੀਂ। ਉਸ ਨੂੰ ਬੇਵਫਾ ਕਿਹਾ ਗਿਆ, ਆਦਮੀ ਨੇ ਜੋ ਚਾਹਿਆ ਸੋ ਔਰਤ ਨੇ ਨਾ ਕੀਤਾ ਤਾਂ ਉਹ ਛਲਨੀ, ਕਪਟੀ, ਮਾਇਆ ਅਖਵਾਈ, ਜਵਾਨੀ ਵਕਤ ਸਿਮੋਨ ਦਾ ਖਿਆਲ ਸੀ ਕਿ ਸੰਤਾਨ ਉਤਪਤੀ ਦੀ ਖਾਹਸ਼ ਅਤੇ ਇਸ ਨਾਲ ਜੁੜਿਆ ਸਾਰਾ ਜੰਜਾਲ ਔਰਤ ਦੀ ਗੁਲਾਮੀ ਦਾ ਕਾਰਨ ਹੈ ਪਰ ਪਿਛਲੀ ਉਮਰ ਤੱਕ ਪੁਜਦਿਆਂ ਪਰਿਵਾਰ ਨਿਯੋਜਨ ਦੇ ਤਰੀਕੇ ਈਜਾਦ ਹੋ ਗਏ। ਸਿਮੋਨ ਨੂੰ ਹੁਣ ਹੋਰ ਕਾਰਨ ਲੱਭਣੇ ਪਏ। ਨਿਰੋਧ ਦੀ ਵਰਤੋਂ ਅਤੇ ਗਰਭਪਾਤ ਦੇ ਹੱਕ ਵਿਚ ਜਦੋਂ ਉਸਨੇ ਰੈਲੀਆਂ ਕੀਤੀਆਂ ਤਦ ਉਨ੍ਹਾਂ ਜ਼ਿੰਮੇਵਾਰ ਬੰਦਿਆਂ ਨੂੰ ਵੀ ਸ਼ੁਦੈਣ ਲੱਗਣ ਲੱਗੀ ਜਿਹੜੇ ਉਸਦੇ ਮਦਦਗਾਰ ਸਨ। ਕੁੜੀਆਂ ਦੇ ਫੋਨ ਆਉਂਦੇ, ''ਮੈਡਮ ਗਰਭਪਾਤ ਕਿਥੇ ਕਰਵਾਈਏ?'' ਖਿਝ ਕੇ ਜਵਾਬ ਦਿੰਦੀ, ''ਮੇਰੇ ਘਰ ਦੇ ਵਿਹੜੇ ਵਿਚ।'' ਉਸ ਨੂੰ ਇਸ ਗੱਲ ਤੇ ਗੁੱਸਾ ਆਉਂਦਾ ਕਿ ਵਧੀਕ ਔਰਤਾਂ ਚਾਹੁੰਦੀਆਂ ਹਨ ਉਨ੍ਹਾਂ ਦੇ

ਮਰਦ ਕਮਾਈ ਕਰਨ ਤੇ ਆਪ ਉਹ ਬਣ ਸੰਵਰ ਕੇ ਰਹਿਣ, ਘਰ ਸੰਭਾਲਣ, ਅਜਿਹਾ ਇਸ ਕਰਕੇ ਹੈ ਕਿਉਂਕਿ ਆਜ਼ਾਦ ਹੋਣ ਦਾ ਮਤਲਬ ਹੈ ਜ਼ੁੰਮੇਵਾਰੀ ਸੰਭਾਲਣਾ, ਕੰਮ ਕਰਨਾ, ਜੇ ਗੁਲਾਮੀ ਨਾਲ ਸੌਖ ਮਿਲਦੀ ਹੈ ਤਾਂ ਗੁਲਾਮੀ ਵਿਚ ਕੀ ਹਰਜ਼? ਔਰਤ ਸੌਖੇ ਰਸਤੇ ਨੂੰ ਤਰਜੀਹ ਦਿੰਦੀ ਹੈ, ਸੋ ਇਸ ਦਸ਼ਾ ਲਈ ਜ਼ਿੰਮੇਵਾਰ ਹੈ।

ਸਿਮੋਨ ਦਾ ਵਾਕ ਪੜ੍ਹਿਆ, ''ਔਰਤ ਨੂੰ ਆਜ਼ਾਦ ਕਰਨ ਨਾਲ ਹੀ ਮਰਦ ਨੂੰ ਆਜ਼ਾਦੀ ਮਿਲੇਗੀ,'' ਤਾਂ ਮੈਨੂੰ ਟੈਗੋਰ ਦਾ ਵਾਕ ਯਾਦ ਆਇਆ, ''ਤਣੇ ਹੋਏ ਧਨੁੱਖ ਨੂੰ ਤੀਰ ਨੇ ਕਿਹਾ - ਮੈਨੂੰ ਆਜ਼ਾਦ ਕਰ ਦਿਉ ਹਜ਼ੂਰ, ਮੇਰੀ ਆਜ਼ਾਦੀ ਵਿਚ ਤੁਹਾਡੀ ਆਜ਼ਾਦੀ ਵੀ ਹੈ।'' ਟੈਗੋਰ ਦਾ ਇੱਕ ਹੋਰ ਵਾਕ, ''ਪਹਾੜ ਨੇ ਪਾਣੀ ਨੂੰ ਆਜ਼ਾਦੀ ਦਿੱਤੀ ਤਾਂ ਨੱਚਣਾ ਗਾਉਣਾ ਝਰਨੇ ਨੂੰ ਆਪੇ ਆ ਗਿਆ।''

ਰੱਬ ਖਾਵੰਦ ਹੈ ਅਤੇ ਬਾਕੀ ਜੀਵ ਉਸਦੀਆਂ ਪਤਨੀਆਂ ਹਨ (ਏਕਾ ਪੁਰਖ ਸਬਾਈ ਨਾਰ), ਕਥਨ ਸਿਮੋਨ ਵਾਸਤੇ ਔਰਤ ਦੇ ਗਲ ਵਿਚ ਰਹੱਸਮਈ ਫੰਦਾ ਹੈ। ਰੱਬ ਨੂੰ ਮਰਦ ਸਮਝ ਲਿਆ ਤਾਂ ਮਰਦ ਆਪੇ ਰੱਬ ਹੋ ਗਿਆ। ਉਸਦੇ ਕਥਨ ਪੜ੍ਹਦਿਆਂ ਮੈਂ ਸੋਚਦਾ, ਜੇ ਕਿਤੇ ਪੰਜਾਬੀ ਆਉਂਦੀ ਹੁੰਦੀ, ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ, ਕਾਫੀ ਸੁਣ ਕੇ ਸਿਮੋਨ ਨੇ ਗਵੱਈਆਂ ਨੂੰ ਉਨ੍ਹਾਂ ਦੇ ਛੈਣਿਆਂ ਨਾਲ ਕੁੱਟ ਧਰਨਾ ਸੀ। ਇਕ ਪਾਸੇ ਫਕੀਰ ਵਜਦ ਵਿਚ ਆ ਕੇ ਆਪਣੇ ਕੱਪੜੇ ਪਾੜਦੇ ਫਿਰਦੇ ਦੂਜੇ ਪਾਸੇ ਸਿਮੋਨ ਉਨ੍ਹਾਂ ਨੂੰ ਝੰਬਦੀ ਫਿਰਦੀ, ਇਹ ਦ੍ਰਿਸ਼ ਅਲੌਕਿਕ ਹੁੰਦਾ। ਪੰਜਾਬੀ ਜਿਸ ਤੋਂ ਵੰਚਿਤ ਰਹਿ ਗਏ, ਮੈਂ ਉਹ ਅਖਾੜਾ ਕਲਪਣਾ ਵਿਚ ਦੇਖ ਲਿਆ ਹੈ।

ਸਿਮੋਨ ਬਾਣੀ ਦਾ ਮੂਲ ਮੰਤਰ ਹੈ - *ਇਕ ਔਰਤ ਵਲੋ ਇਕ ਮਰਦ ਪ੍ਰਤੀ ਉਮਰ ਭਰ ਦੀ ਵਫਾ ਤੋਂ ਵੱਡਾ ਸਰਾਪ ਅਤੇ ਸਜ਼ਾ ਹੋਰ ਕੋਈ ਨਹੀਂ।*

ਲਿਖਦੀ ਹੈ - ਔਰਤ ਸਭ ਤੋਂ ਵੱਧ ਬੇਵਕੂਫ ਉਦੋਂ ਹੁੰਦੀ ਹੈ ਜਦੋਂ ਉਹ ਮਰਦ ਨੂੰ ਪਿਆਰ ਕਰਨ ਲੱਗਦੀ ਹੈ, ਉਸਨੂੰ ਲੱਗਦਾ ਹੈ ਉਸ ਨੇ ਅਨੰਤ ਸੰਸਾਰ ਪ੍ਰਾਪਤ ਕਰ ਲਿਆ ਹੈ, ਵਿਸ਼ਵ ਦਾ ਜੱਜ ਉਸਦੇ ਕਦਮਾਂ ਵਿਚ ਹੈ। ਵਿਆਹ ਤੋਂ ਬਾਦ ਪਤਾ ਲੱਗਦਾ ਹੈ ਕਿ ਅਨੰਤ ਦੀ ਪ੍ਰਾਪਤੀ ਦੂਰ, ਮਰਦ ਤਾਂ ਮਰਦ ਵੀ ਨਹੀਂ, ਉਹ ਤਾਂ ਜਾਨਵਰ ਨਿਕਲਿਆ। ਔਰਤਾਂ ਇਸ ਕਾਰਨ ਧਰਮ ਸਥਾਨਾਂ ਤੇ ਜਾਂਦੀਆਂ ਹਨ, ਸਾਰਾ ਸਾਰਾ ਦਿਨ ਪਾਠ ਕਰਦੀਆਂ ਰਹਿੰਦੀਆਂ ਹਨ ਕਿਉਂਕਿ ਉਹ ਮਰਦ ਨਾਮ ਦੇ ਦਰਿੰਦੇ ਤੋਂ ਬਚਣਾ ਚਾਹੁੰਦੀਆਂ ਹਨ, ਧਰਮ ਉਨ੍ਹਾਂ ਨੂੰ ਰਾਹਤ ਦਿੰਦਾ ਹੈ। ਮਰਦ ਉਨ੍ਹਾਂ ਦਾ ਰੱਬ ਹੋਵੇ ਜਾਂ ਵਾਸਤਵ ਵਿਚ ਧਿਆਨ ਅਸਲ ਰੱਬ ਵੱਲ ਹੋਵੇ, ਔਰਤ ਦਾ ਕੰਮ ਹੈ ਗੋਡੇ ਟੇਕਣਾ, ਸਮਰਪਣ ਕਰਨਾ। ਸ਼ਿਕਾਰ ਕਰਨਾ ਅਤੇ ਸ਼ਿਕਾਰ ਹੋਣਾ ਉਸਦੀ ਯੁੱਧ ਨੀਤੀ ਹੈ।

ਯੋਰਪ ਵਿਚ ਉਸਦੀਆਂ ਲਿਖਤਾਂ ਸਦਕਾ ਤੂਫਾਨ ਉਠਣਾ ਸੁਭਾਵਿਕ ਸੀ। ਸਿਮੋਨ ਦੇ ਅਖਬਾਰ ਵਾਸਤੇ ਲਿਖਣ ਵਾਲੇ ਇਕ ਕਾਲਮਨਵੀਸ ਨੂੰ ਨਾਵਲਕਾਰ ਫਰਾਂਸਿਸ ਮਾਰਿਸ ਨੇ ਲਿਖਿਆ - ਮੈਂ ਤੇਰੀ ਸੰਪਾਦਕ ਦੇ ਹਰੇਕ ਅੰਗ ਦੀ ਬਣਤਰ ਜਾਣਦਾ ਹਾਂ। ਹੋਰ ਕੀ ਸਿਖਾਏਂਗਾ? ਕਾਮੂ ਨੇ ਸਖਤ ਲਫਜ਼ਾਂ ਵਿਚ ਸਿਮੋਨ ਦੀ ਆਲੋਚਨਾ ਕੀਤੀ। ਸਾਰਤ੍ਰ ਦਾ ਨਵਾਂ ਇਸ਼ਕ ਅਮਰੀਕਨ ਅਦਾਕਾਰਾ ਆਂਦਰੇ ਬ੍ਰਟੇਨ ਨਾਲ ਚੱਲ ਪਿਆ, ਸਿਮੋਨ ਨੇ ਪੁੱਛਿਆ - ਉਸ ਵਿਚ ਕੀ ਖਾਸ ਹੈ? ਸਾਰਤ੍ਰ ਨੇ ਕਿਹਾ - ਉਹ ਮੇਰੇ ਲਈ ਕਾਫੀ ਕੁਝ ਹੈ ਪਰ ਦਿਲੋਂ ਮੈਂ ਤੇਰੇ ਨਾਲ ਹਾਂ। ਸਿਮੋਨ ਦਾ ਗੁੱਸਾ ਤੇ ਬਦਲੇ ਦੀ ਇਛਾ ਪ੍ਰਚੰਡ ਹੋ ਗਏ, ਉਹ ਅਮਰੀਕਾ ਗਈ ਤੇ ਸ਼ਿਕਾਗੋ ਨਿਵਾਸੀ ਪ੍ਰਸਿੱਧ ਅਮਰੀਕਨ ਨਾਵਲਕਾਰ ਨੈਲਸਨ ਐਲਗ੍ਰਿਨ ਨਾਲ ਇਸ਼ਕ ਕੀਤਾ।

ਸਾਰਤ੍ਰ ਅਤੇ ਸਿਮੋਨ ਨੂੰ ਅਮਰੀਕਾ ਦਾ ਪੂੰਜੀਵਾਦ ਕਦੀ ਸਹੀ ਨਹੀਂ ਲੱਗਿਆ ਪਰ ਉਥੇ ਜਾ ਕੇ ਤਾਜ਼ੀ ਹਵਾ ਮਿਲੀ, ਮਿਜਾਜ਼ ਦੋਸਤਾਨਾ, ਹਿੰਮਤੀ, ਮਿਹਨਤੀ ਲੋਕ। ਪ੍ਰਸਿੱਧ ਅਖਬਾਰ ਪਾਰਟੀਜ਼ਨ ਰੀਵੀਊ ਦੇ ਸਟਾਫ ਨੇ ਸਵਾਗਤ ਕਰਦਿਆਂ ਕਿਹਾ - ਸਿਮੋਨ, ਫਰਾਂਸੀਸੀਆਂ ਉਤੇ, ਤੂੰ ਉਥੇ ਰਹਿੰਦਿਆਂ ਅਨੰਤ ਸਵਾਲ ਕੀਤੇ। ਅਸੀਂ ਸਵਾਲ ਨਹੀਂ ਕਰਦੇ। ਅਸੀਂ ਸਵਾਲਾਂ ਦੇ ਜਵਾਬ ਹਾਂ।

ਸਿਮੋਨ ਨੂੰ ਇਹ ਗੱਲ ਬੁਰੀ ਲੱਗੀ ਕਿ ਅਮਰੀਕਣ ਲੇਖਕ ਕਮਿਊਨਿਸਟਾਂ ਦਾ ਮਜ਼ਾਕ ਉਡਾਉਂਦੇ ਹਨ।

ਉਸਨੇ ਐਲਗ੍ਰਿਨ ਨੂੰ ਫੋਨ ਕੀਤਾ, ਐਲਗ੍ਰਿਨ ਨੂੰ ਸਿਮੋਨ ਦੀ ਅੰਗਰੇਜ਼ੀ ਸਮਝ ਨਾ ਲੱਗੀ, ਏਨਾ ਕੁ ਜਾਣ ਗਿਆ ਕਿ ਮਿਲਣ ਦੀ ਇਛੁਕ ਹੈ। ਐਲਗ੍ਰਿਨ ਲੰਮਾ ਸਮਾਂ ਕੋਠਿਆਂ ਵਾਲੀਆਂ ਨਾਲ ਰਿਹਾ, ਨਸ਼ੇੜੀਆਂ, ਡਾਕੂਆਂ ਅਤੇ ਸਮੱਗਲਰਾਂ ਵਿਚ ਵਿਚਰਿਆ ਸੀ। ਮਿਲਣ ਦਾ ਸਮਾਂ ਤੈਅ ਹੋ ਗਿਆ। ਸਿਮੋਨ ਦੇ ਸ਼ਬਦਾਂ ਵਿਚ- ਮੈਂ ਦਰਵਾਜ਼ਾ ਖੜਕਾਇਆ, ਇਕ ਜੁਆਨ ਨੇ ਚਿਟਕਣੀ ਖੋਲ੍ਹੀ, ਕੁਝ ਜ਼ਿਆਦਾ ਹੀ ਲੰਮੇ ਕੱਦ, ਚੌੜੀ ਛਾਤੀ, ਸੁਡੌਲ, ਜੈਕਟ ਪਹਿਨੀ ਉਹ ਸਾਹਮਣੇ ਖੜ੍ਹਾ ਸੀ। ਹੈਰਾਨੀ ਨਾਲ ਉਸਨੇ ਮੇਰੇ ਵੱਲ ਦੇਖਿਆ।

- ਘਰ ਸੌਖਾ ਲੱਭ ਗਿਆ?
- ਹਾਂ, ਆਰਾਮ ਨਾਲ।

ਕਾਗਜ਼, ਅਖਬਾਰ, ਕਚਰਾ ਇਧਰ ਉਧਰ ਖਿਲਰਿਆ ਪਿਆ ਦੇਖ ਕੇ ਐਲ ਨੇ ਕਿਹਾ - ਮੈਂ ਸਫਾਈ ਕਰਨ ਵਾਲਾ ਈ ਸਾਂ ਕਿ ਤੂੰ ਆ ਗਈ। ਹੱਸ ਪਏ। ਇਸ਼ਕ ਸ਼ੁਰੂ ਹੋ ਗਿਆ। ਐਲ ਨੇ ਸਿਮੋਨ ਅੱਗੇ ਵਿਆਹ ਦੀ ਪੇਸ਼ਕਸ਼ ਕੀਤੀ, ਕਿਹਾ - ਮੈਨੂੰ ਸੰਤਾਨ ਦੀ ਜ਼ਰੂਰਤ ਹੈ। ਸਿਮੋਨ ਨੇ ਕਿਹਾ - ਵਿਆਹ ਅਤੇ ਸੰਤਾਨ ਮੇਰੇ ਅਸੂਲਾਂ ਖਿਲਾਫ ਹੈ, ਸੋ, ਸੰਭਾਵਨਾ ਨਹੀਂ। ਪਹਿਲੀ ਵਾਰ 1947 ਵਿਚ ਫਿਰ 1948 ਵਿਚ ਫਿਰ 1950 ਵਿਚ ਐਲ ਨੂੰ ਮਿਲਣ ਗਈ। ਉਸਨੇ ਐਲ ਨੂੰ ਲੰਮੇ ਖਤ ਲਿਖੇ ... 1800 ਪੰਨਿਆਂ ਵਿਚ ਫੈਲੇ ਹੋਏ ਅਹਿਸਾਸ। ਇਨ੍ਹਾਂ ਖਤਾਂ ਵਿਚ ਉਹ ਗੰਭੀਰ ਦਾਰਸ਼ਨਿਕ ਨਹੀਂ, ਜੁਆਨ ਜਜ਼ਬਾਤੀ ਕੁੜੀ ਲਗਦੀ ਹੈ।

ਐਲਗ੍ਰਿਨ ਆਪਣੀ ਪਤਨੀ ਨੂੰ ਦੇਰ ਪਹਿਲਾਂ ਤਲਾਕ ਦੇ ਚੁਕਾ ਸੀ, ਸਿਮੋਨ ਦਾ ਵਿਹਾਰ ਦੇਖ ਕੇ ਉਸਨੂੰ ਆਪਣੀ ਪਤਨੀ ਚੰਗੀ ਲੱਗਣ ਲੱਗੀ ਤੇ ਦੁਬਾਰਾ ਘਰ ਵਸ ਗਿਆ। ਸਿਮੋਨ ਬਾਰੇ ਲਿਖਦਾ ਹੈ - ''ਮਨੁੱਖੀ ਨਿਆਂ ਬਾਰੇ ਉਹ ਇੰਨਾ ਬੋਰ ਲਿਖਦੀ ਹੈ ਕਿ ਦਮ ਘੁਟਦਾ ਹੈ। ਪਾਠਕ ਨੂੰ ਧੌਣੋ ਫੜਕੇ ਉਸ ਦਾ ਮੱਥਾ ਬਲੈਕਬੋਰਡ ਨਾਲ ਪਟਕਦੀ ਹੈ, ਉਨੀ ਦੇਰ ਤੱਕ ਨਹੀਂ ਛਡਦੀ ਜਦੋਂ ਤੱਕ ਕਾਬੂ ਆਇਆ ਪਾਠਕ ਐਲਾਨ ਨਹੀਂ ਕਰਦਾ ਕਿ ਮੈਡਮ ਮੈਂ ਗੱਲ ਸਮਝ ਗਿਆਂ। ਆਪਣੇ ਆਪ ਨੂੰ ਮਾਨਵਵਾਦੀ ਦੱਸਦੀ ਹੈ ਪਰ ਮਰਦ ਜ਼ਾਤ ਦੀ ਦੁਸ਼ਮਣ ਹੈ। ਉਸਦੀ ਲਿਖਤ ਕੁਝ ਅਜਿਹਾ ਪਾਖੰਡ ਹੈ ਜਿਵੇਂ ਕਹਿੰਦੀ ਹੋਵੇ - ਮੈਂ ਮਰਦ ਜ਼ਾਤ ਦੇ ਖਿਲਾਫ ਨਹੀਂ ਪਰ ਚਿਲਾ ਚਿਲਾ ਕੇ, ਡੰਡਾ ਹਵਾ ਵਿਚ ਲਹਿਰਾ ਕੇ ਕੁੜੀਆਂ ਨੂੰ ਕਹੇ - ਜੁਰਾਬਾਂ ਪਹਿਨੋ ਜੁਰਾਬਾਂ, ਸਦਾਚਾਰ ਦੀਆਂ ਜੁਰਾਬਾਂ ਪਹਿਨੋ ਨਹੀਂ ਮਾਰ ਪਏਗੀ। ਬਾਕੀ ਲਿਬਾਸ ਪਹਿਨ ਲਿਆ ਜਾਂ ਨਹੀਂ, ਕੋਈ ਗੱਲ ਨਹੀਂ, ਜੁਰਾਬਾਂ ਪਾਓ। ਇਹ ਜਿਹੜੇ ਤੂਫਾਨੀ ਇਸ਼ਕ ਦੀ ਕਾਢ ਸਾਰਤ੍ਰ ਨਾਲ ਰਲ ਕੇ ਉਸਨੇ ਕੱਢੀ ਹੈ, ਇਹ ਹੈ ਕੀ? ਅਨੇਕ ਮਰਦਾਂ ਨਾਲ ਸੌਣ ਪਿਛੋਂ ਕਹੇਗੀ - ਪਰ ਹਾਂ ਮੈਂ ਸਾਰਤ੍ਰ ਦੀ। ਯਾਨੀ ਕਿ ਥੋੜੀ ਬਹੁਤ ਵਫਾ ਵੀ ਚਿਪਕਾ ਲੈਣੀ ਚਾਹੀਦੀ ਹੈ। ਇਹੋ ਜਿਹੇ ਫਿਲਾਸਫਰਾਂ ਨਾਲੋਂ ਤਾਂ ਦੱਲੇ ਚੰਗੇ ਜੋ ਪਾਖੰਡ ਤਾਂ ਨਹੀਂ ਕਰਦੇ। ਗ੍ਰਿਹਸਥੀ ਹੋਣ ਜਾਂ ਕੋਠੇ ਵਾਲੀਆਂ, ਦੋਹਾਂ ਸ਼੍ਰੇਣੀਆਂ ਦੀਆਂ ਔਰਤਾਂ ਵਾਸਤੇ ਤੂਫਾਨੀ ਇਸ਼ਕ ਨੁਕਸਾਨਦਾਇਕ ਹੁੰਦੇ ਹਨ।'' ਸਿਮੋਨ ਨੇ ਲਿਖਿਆ - ਮੈਂ ਤੈਨੂੰ ਮਿਲਣ ਆ ਰਹੀ ਹਾਂ ਐਲਗ੍ਰਿਨ। ਐਲ ਨੇ ਜਵਾਬ ਦਿੱਤਾ - ਮਿਲਣ ਦੀ ਇੱਛਾ ਨਹੀਂ।

ਬਿਮਾਰ ਹੋ ਗਈ। ਡਾਕਟਰਾਂ ਦਾ ਖਿਆਲ ਸੀ ਕਿ ਛਾਤੀ ਕੱਟਣੀ ਪਵੇਗੀ ਪਰ ਬਚਾਉ ਹੋ ਗਿਆ। ਇਸ ਬਿਮਾਰੀ ਦੀ ਵਜ੍ਹਾ ਐਲਗ੍ਰਿਨ ਵੱਲੋਂ ਉਸ ਨੂੰ ਰੱਦ ਕਰਨਾ ਸੀ, ਮਾਨਸਿਕ ਸੱਟ - ਕੀ ਮੈਂ ਬੁੱਢੀ ਹੋ ਗਈ ਹਾਂ? ਕੀ ਹੁਣ ਕਦੀ ਅਜਿਹਾ ਮਰਦ ਨਹੀਂ ਮਿਲੇਗਾ ਜਿਸਦੇ ਜਿਸਮ ਦਾ ਨਿੱਘ ਮਿਲ ਸਕੇ? ਲਿਖਿਆ - ਮੇਰੀ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਇਕ ਖਾਈ ਦੇਖੀ, ਖਾਈ ਜਿਸ ਦੇ ਪਰਲੇ ਪਾਰ ਬੁਢਾਪਾ ਅਤੇ ਮੌਤ ਸੀ, ਮੈਂ ਇਹ ਖਾਈ ਪਾਰ ਨਹੀਂ ਕੀਤੀ ਪਰ ਦਿੱਸਣ ਲੱਗੀ ਹੀ ਦੁਖਦਾਈ ਸੀ। ਮਾਨਸਿਕ ਅਤੇ ਸਰੀਰਕ ਕਸ਼ਟ ਜਿਉਂ ਹੀ ਘਟੇ, ਉਸਨੇ ਆਪਣੇ ਤੋਂ ਸਤਾਰਾਂ ਸਾਲ

ਛੋਟੇ ਲਾਂਜ਼ਮੈਨ ਜੁਆਨ ਨਾਲ ਤੂਫਾਨੀ ਇਸ਼ਕ ਸ਼ੁਰੂ ਕਰ ਦਿੱਤਾ। ਜਦੋਂ ਸਿਮੋਨ ਨੇ ਪੁੱਛਿਆ ਕਿ ਮੇਰੇ ਬਾਰੇ ਪਹਿਲਾ ਪ੍ਰਤੀਕਰਮ ਕੀ ਸੀ, ਦੋਵਾਂ ਦਾ ਵਾਰਤਾਲਾਪ ਦੇਖੋ।

ਲਾਂਜ਼ਮੈਨ - ਤੂੰ ਸੁਹਣੀ ਲੱਗੀ। ਤੇਰਾ ਚਿਹਰਾ ਬੇਰੰਗ ਸੀ। ਮੈਂ ਦੇਖਣਾ ਚਾਹਿਆ ਇਸ ਚਿਹਰੇ ਪਿੱਛੇ ਕੀ ਛੁਪਿਆ ਹੈ।

ਸਿਮੋਨ - ਕੀ ਲੱਗਾ? ਮੇਰੇ ਬੇਨੂਰ ਚਿਹਰੇ ਪਿੱਛੇ ਲੱਭਾ ਕੁਝ?

ਲਾਂਜ਼ਮੈਨ - ਹਾਂ ਮੈਂ ਵਾਧੂ ਕੁਝ ਕਹਿਣਾ ਨਹੀਂ ਚਾਹੁੰਦਾ : ਜੀਵਨ ਪ੍ਰਤੀ ਨਿਰੰਤਰ ਉਤਸ਼ਾਹ, ਜਾਣਨ, ਕੁਝ ਕਰਨ ਦੀ ਤੀਬਰਤਾ, ਸੈਰ ਸਪਾਟੇ, ਤੇਰੇ ਨਾਲ ਸੰਸਾਰ ਦੇਖਣਾ ਵੱਖਰੀ ਕਿਸਮ ਦਾ ਆਨੰਦ ਸੀ। ਇਹ ਲੁਤਫ ਮੈਂ ਲਿਆ।

ਲਿਖਦੀ ਹੈ, ''ਮੇਰੇ ਅੰਦਰ ਘਟੀਆਪਣ ਦੇ ਅਹਿਸਾਸ ਜਾਗ ਪਏ ਸਨ, ਲਾਂਜ਼ਮੈਨ ਦੇ ਆਉਣ ਨਾਲ ਸਿਹਤ ਠੀਕ ਹੋਈ, ਐਲਗ੍ਰਿਨ ਨੇ ਮੈਨੂੰ ਰੱਦ ਕੀਤਾ, ਮੈਂ ਟੁੱਟ ਗਈ।'' ਉਧਰ ਐਲਗ੍ਰਿਨ ਨੇ ਕਿਹਾ, ''ਸਿਮੋਨ ਦੀ ਸ਼ਖਸੀਅਤ ਦੇਖ ਪਰਖ ਕੇ ਘ੍ਰਿਣਾ ਹੋਈ। ਤਲਾਕਸ਼ੁਦਾ ਬੀਵੀ ਏਨੀ ਚੰਗੀ ਲੱਗਣ ਲੱਗੀ ਕਿ ਖਿਮਾਂ ਮੰਗੀ ਤੇ ਵਾਪਸ ਮੋੜ ਲਿਆਂਦੀ। ਮੇਰਾ ਉਜੜਿਆ ਘਰ ਵਸ ਗਿਆ।'' ਲਗਦਾ ਸੀ ਲਾਂਜ਼ਮੈਨ ਦੇ ਆਉਣ ਨਾਲ ਸ਼ਾਇਦ ਸਾਰਤ੍ਰ ਨਾਲ ਵਕਫਾ ਵਧ ਜਾਵੇ। ਅਜਿਹਾ ਨਹੀਂ ਹੋਇਆ। ਸਾਰਤ੍ਰ ਆਪਣੇ ਨੇੜੇ ਸਿਮੋਨ ਨੂੰ ਹੀ ਚਾਹੁੰਦਾ ਸੀ ਕਿਉਂਕਿ ਉਸਦੀ ਗੈਰਹਾਜ਼ਰੀ ਵਿਚ ਵਧੀਕ ਔਰਤਾਂ ਆਉਣ ਲੱਗ ਜਾਂਦੀਆਂ, ਥਕਾ ਦੇਂਦੀਆਂ। ਸਿਮੋਨ ਵਿਚ ਕੋਈ ਆਕਰਸ਼ਣ ਨਹੀਂ ਰਿਹਾ, ਸੋ ਵਧੀਆ ਪਹਿਰੇਦਾਰ ਬਣਦੀ। ਪਹਿਲਾਂ ਡੋਲੋਰ, ਫਿਰ ਮਿਸ਼ੇਲ ਤੇ ਫਿਰ ਲਾਂਜ਼ਮੈਨ ਦੀ ਅਭਿਨੇਤ੍ਰੀ ਭੈਣ ਐਵੇਲਿਨ, ਇਕ ਤੋਂ ਬਾਦ ਇਕ ਨੇ ਉਸ ਨਾਲ ਸਬੰਧ ਬਣਾਏ। ਵਧੀਕ ਸ਼ਰਾਬ, ਵਧੀਕ ਡਰੱਗਜ਼, ਮਨ ਅਤੇ ਜਿਸਮ ਦੋਹਾਂ ਤੋਂ ਵਧੀਕ ਕੰਮ ਲੈਣ ਸਦਕਾ ਬਿਮਾਰ ਹੋ ਗਿਆ, ਲਹੂ ਦਾ ਵਧੀਕ ਦਬਾਉ, ਦਿਲ ਦੀਆਂ, ਦਿਮਾਗ ਦੀਆਂ ਤਕਲੀਫਾਂ ਘੇਰਦੀਆਂ ਗਈਆਂ। ਉਧਰ ਸਿਮੋਨ ਮਾਰੂ ਸੁਫਨਿਆਂ ਨੇ ਬੇਹਾਲ ਕਰ ਦਿੱਤੀ। ਉਸਨੂੰ ਤੇਜ਼ ਲਿਸ਼ਕਦੀ ਵੱਡੀ ਪੀਲੀ ਅੱਖ ਦਿਸਦੀ, ਉਸ ਅੱਖ ਵਿਚ ਸਵੈਟਰ ਬੁਣਨ ਵਾਲੀ ਸਲਾਈ ਧਸ ਜਾਂਦੀ, ਚੀਕਾਂ ਮਾਰਦੀ ਜਾਗ ਪੈਂਦੀ। ਸਾਰਤ੍ਰ ਨਾਲ ਸਿਮੋਨ ਰੋਮ ਚਲੀ ਜਾਂਦੀ ਜਿਥੇ ਦੋਵਾਂ ਦੇ ਖੱਬੇ-ਪੱਖੀ ਦੋਸਤ ਰਹਿੰਦੇ ਸਨ। ਬਿਮਾਰ ਸਿਮੋਨ ਬਿਮਾਰ ਸਾਰਤ੍ਰ ਲਈ ਚੰਗੀ ਨਰਸ ਹੁੰਦੀ, ਦੋਵੇਂ ਇਕੱਠੇ ਹੁੰਦੇ ਤਾਂ ਤੂਫਾਨੀ ਇਸ਼ਕਾਂ ਦੇ ਦੌਰੇ ਨਾ ਪੈਂਦੇ। ਸਾਰਤ੍ਰ ਦੀ ਮੌਤ ਤੱਕ ਇਹ ਇੰਤਜ਼ਾਮ ਠੀਕ ਚਲਦਾ ਰਿਹਾ।

ਅਲਜੀਰੀਆ ਫਰਾਂਸ ਦੇ ਕਬਜ਼ੇ ਤੋਂ ਮੁਕਤ ਹੋਣਾ ਚਾਹੁੰਦਾ ਸੀ, ਫਰਾਂਸ ਵਿਰੁੱਧ ਵਿਦ੍ਰੋਹ ਸ਼ੁਰੂ ਹੋ ਗਿਆ। ਸਿਮੋਨ ਨੇ ਅਲਜੀਰੀਆ ਦੇ ਹੱਕ ਵਿਚ ਝੰਡਾ ਚੁੱਕਿਆ। ਫਰਾਂਸ ਨੇ ਐਲਾਨ ਕਰਕੇ ਕਿ ਅਲਜੀਰੀਆ ਤੋਂ ਕਬਜ਼ਾ ਨਹੀਂ ਹਟੇਗਾ, ਐਮਰਜੈਂਸੀ ਲਾ ਦਿੱਤੀ। ਸਾਰਤ੍ਰ ਅਤੇ ਸਿਮੋਨ ਵੱਡੀਆਂ ਰੈਲੀਆਂ ਵਿਚ ਭਾਸ਼ਣ ਦਿੰਦੇ, ਅਖਬਾਰਾਂ ਵਿਚ ਤਾਕਤਵਰ ਲੇਖ ਛਪਦੇ। ਫਰਾਂਸ ਸਰਕਾਰ ਨੇ ਉਨ੍ਹਾਂ ਦੀਆਂ ਸਰਗਰਮੀਆਂ ਕਾਰਨ ਦੇਸ਼ ਧ੍ਰੋਹ, ਧੋਖਾਧੜੀ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲਾਏ। ਫਰਾਂਸ ਦੀ ਕਮਿਊਨਿਸਟ ਪਾਰਟੀ ਅਲਜੀਰੀਆ ਦੀ ਆਜ਼ਾਦੀ ਵਿਰੁੱਧ ਸੀ ਕਿਉਂਕਿ ਅਲਜੀਰੀਆ ਵਿਚੋਂ ਚੰਗੀ ਕਮਾਈ ਹੋ ਰਹੀ ਸੀ। ਫੌਜ ਵੱਲੋਂ ਦਿੱਤੇ ਜਾਂਦੇ ਤਸੀਹੇ ਅਤੇ ਬਲਾਤਕਾਰ ਦੇ ਕੇਸ ਸਿਮੋਨ ਦੀ ਕਲਮ ਰਾਹੀਂ ਅਖਬਾਰਾਂ ਵਿਚ ਆਉਣ ਲੱਗੇ। ਦੂਜੇ ਪਾਸੇ ਰੂਸ ਨੇ ਹੰਗਰੀ ਉਪਰ ਕਬਜ਼ਾ ਕਰ ਲਿਆ, ਸਾਰਤ੍ਰ ਅਤੇ ਸਿਮੋਨ ਨੇ ਇਸ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਰੂਸੀ ਦੋਸਤਾਂ ਨਾਲੋਂ ਸੰਬੰਧ ਤੋੜ ਲਏ। ਦੋਵਾਂ ਨੇ ਫਰਾਂਸੀਸੀ ਕਾਮਰੇਡਾਂ ਨੂੰ ਝੂਠੇ ਅਤੇ ਪਖੰਡੀ ਕਿਹਾ ਜਿਹੜੇ ਹੰਗਰੀ ਅਤੇ ਅਲਜੀਰੀਆ ਨੂੰ ਗੁਲਾਮ ਰੱਖਣ ਦੇ ਹੱਕ ਵਿਚ ਸਨ। ਫਰਾਂਸ ਵਿਚ ਵਸਦੇ ਅਲਜੀਰੀਅਨ ਲੋਕ ਢੁੰਡੇ ਜਾਣ ਲੱਗੇ।

ਰੋਜ਼ੀਅਰ ਮਿਊਲਰ ਅਖਬਾਰ ਵਿਚ ਫਰਾਂਸੀਸੀ ਸਿਪਾਹੀ ਵੱਲੋਂ ਦੱਸੇ ਭੇਦ ਛਪੇ, ਕਿਵੇਂ ਪੂਰੀ ਦੀ ਪੂਰੀ ਬਟਾਲੀਅਨ ਨਿਹੱਥੇ ਸਿਵਲ ਅਲਜੀਰੀਅਨ ਲੋਕਾਂ ਉਪਰ ''ਸ਼ੈਤਾਲ ਮੁੱਲਾਣੇ '' ਆਖਕੇ ਗੋਲੀਆਂ ਦਾਗਦੀ, ਲੁੱਟਮਾਰ, ਅਗਜ਼ਨੀ, ਬਲਾਤਕਾਰ, ਅੱਤਿਆਚਾਰ ਕਰਦੀ। ਇਹ ਹਰ ਰੋਜ਼ ਦਾ

ਵਰਤਾਰਾ ਸੀ। ਫਰਾਂਸ ਦੀ ਪਾਰਲੀਮੈਂਟ ਨੇ ਚਾਰਲਸ ਡੀ ਗਾਲ ਨੂੰ ਮਨਮਰਜ਼ੀ ਕਰਨ ਦੀਆਂ ਸ਼ਕਤੀਆਂ ਦੇ ਦਿੱਤੀਆਂ ਤਾਂ ਸਾਰਤ੍ਰ ਭੜਕ ਉੱਠਿਆ। ਉਸਨੇ ਮਾਰਸ਼ਲ ਕੋਰਟ ਦੇ ਨਾਮ ਪੱਤਰ ਲਿਖਿਆ, ''ਅਲਜੀਰੀਆ ਦੀ ਆਜ਼ਾਦੀ ਯਕੀਨੀ ਹੈ, ਜੇ ਕੋਈ ਚੀਜ਼ ਯਕੀਨੀ ਨਹੀਂ, ਉਹ ਫਰਾਂਸ ਦੀ ਆਪਣੀ ਆਜ਼ਾਦੀ ਹੈ। ਅਲਜੀਰੀਆ ਵਿਰੁੱਧ ਯੁੱਧ ਨੇ ਫਰਾਂਸ ਤਬਾਹ ਕਰ ਦੇਣਾ ਹੈ। ਸ਼ਖਸੀ ਆਜ਼ਾਦੀ ਉਪਰ ਰੋਕਾਂ, ਸਿਆਸੀ ਗਤੀਵਿਧੀਆਂ ਉਪਰ ਪਾਬੰਦੀਆਂ, ਤਸੀਹਿਆਂ ਦੇ ਕਾਰੋਬਾਰ, ਫੌਜੀ ਰਾਜ ਤੇ ਡੀ ਗਾਲ ਦੀ ਤਾਨਾਸ਼ਾਹੀ ਭਿਆਨਕ ਫਾਸ਼ੀਵਾਦ ਹੈ। ਫਰਾਂਸ ਖੁਦਕੁਸ਼ੀ ਦੇ ਰਸਤੇ ਉਪਰ ਹੈ।''

ਉਕਤ ਸਟੇਟਮੈਂਟ ਪਾਰਲੀਮੈਂਟ ਵਿਚ ਵਿਚਾਰ ਕੇ ਫੈਸਲਾ ਹੋਇਆ ਕਿ ਸਾਰਤ੍ਰ ਉਪਰ ਮੁਕੱਦਮਾ ਚਲਾਇਆ ਜਾਵੇ। 1960 ਵਿਚ ਅਲਜੀਰੀਅਨ ਕੁੜੀ ਜਮੀਲਾ ਬੋਪਾਸ਼ਾ ਨੇ ਸਿਮੋਨ ਨੂੰ ਕਿਹਾ – ਫੌਜ ਨੇ ਮੈਨੂੰ ਤਸੀਹੇ ਦਿੱਤੇ। ਮੈਂ ਫਰਾਂਸੀਸੀ ਫੌਜ ਉਪਰ ਮੁਕੱਦਮਾ ਦਾਇਰ ਕਰਨਾ ਚਾਹੁੰਦੀ ਹਾਂ। ਜਦੋਂ ਵਕੀਲ ਫਰਾਂਸ ਵਿਚ ਇਹ ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕਰ ਰਹੇ ਸਨ ਤਾਂ ਸਿਮੋਨ ਨੇ ਕੁੜੀ ਦੇ ਹੱਕ ਵਿਚ ਲੇਖ ਲਿਖਿਆ ਜਿਸ ਨਾਲ ਇਹ ਕੇਸ ਅੰਤਰਰਾਸ਼ਟਰੀ ਲਹਿਰ ਬਣ ਗਿਆ। ਜਮੀਲਾ ਉਪਰ ਲਿਖੀ ਗਈ ਕਿਤਾਬ ਦਾ ਮੁਖਬੰਧ ਸਿਮੋਨ ਨੇ ਲਿਖਿਆ। ਫਰਾਂਸ ਦੇ ਮੂੰਹ ਤੇ ਕਾਲਖ ਪੋਚੀ ਗਈ, ਸਿਮੋਨ ਜਮੀਲਾ ਦੇ ਹੱਕ ਵਿਚ ਬਣੀ ਡਿਫੈਂਸ ਕਮੇਟੀ ਦੀ ਮੈਂਬਰ ਬਣੀ।

ਸਾਰਤ੍ਰ ਅਤੇ ਸਿਮੋਨ ਨੇ ਬ੍ਰਾਜ਼ੀਲ ਵਿਚੋਂ ਬਿਆਨ ਦਿੱਤਾ, ''ਫਰਾਂਸੀਸੀਓ, ਫਾਸ਼ੀ ਸਰਕਾਰ ਵਿਰੁੱਧ ਬਗਾਵਤ ਕਰੋ।'' ਖਬਰ ਮਿਲੀ ਕਿ ਸਾਰਤ੍ਰ ਪੈਰਿਸ ਆ ਰਿਹਾ ਹੈ। ਪੰਜਾਹ ਹਜ਼ਾਰ ਫਰਾਂਸੀਸੀਆ ਨੇ ਸਾਰਤ੍ਰ ਵਿਰੁੱਧ ਰੋਸ ਮਾਰਚ ਕੱਢਦਿਆਂ ਮੰਗ ਕੀਤੀ, ''ਗੱਦਾਰ ਸਾਰਤ੍ਰ ਦੀ ਹਿੱਕ ਵਿਚ ਗੋਲੀ ਦਾਗੋ।'' ਗੱਦਾਰੀ ਦਾ ਮੁਕੱਦਮਾ ਦਰਜ ਹੋਇਆ, ਦੋਸ਼ ਫਰੇਮ ਹੋਏ, ਖਬਰ ਸੀ ਜਹਾਜ ਅੱਡੇ ਉਪਰ ਉਤਰਦੇ ਸਾਰਤ੍ਰ ਨੂੰ ਫੜ ਲਿਆ ਜਾਏਗਾ। ਸਾਰਤ੍ਰ ਜਹਾਜੋਂ ਉਤਰ ਕੇ ਟਿਕਾਣੇ ਤੇ ਚਲਾ ਗਿਆ। ਡੀ ਗਾਲ ਨੂੰ ਅਖਬਾਰ ਨਵੀਸਾਂ ਨੇ ਪੁੱਛਿਆ, ''ਉਸ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ?'' ਡੀ ਗਾਲ ਨੇ ਕਿਹਾ, ''ਵਾਲਟੇਅਰ ਨੂੰ ਗ੍ਰਿਫਤਾਰ ਨਹੀਂ ਕਰੀਦਾ।'' ਲੋਕਾਂ ਵਿਚ ਨਾਅਰਾ ਪ੍ਰਚਲਿਤ ਹੋਇਆ – ਸਾਰਤ੍ਰ ਇਜ਼ ਫਰਾਂਸ। ਫਰੈਂਚ ਖਾੜਕੂਆ ਨੇ ਉਸਨੂੰ ਕਤਲ ਕਰਨ ਲਈ ਕਈ ਵਾਰ ਬੰਬ ਧਮਾਕੇ ਕੀਤੇ, ਬਚਦਾ ਰਿਹਾ।

48 ਸਾਲ ਦੀ ਉਮਰ ਵਿਚ ਸਿਮੋਨ ਨੇ ਚਾਰ ਜਿਲਦਾਂ ਵਿਚ ਆਪਣੀ ਸ੍ਵੈਜੀਵਨੀ *ਮੈਮਾਇਰਜ਼ ਆਫ ਏ ਡਿਊਟੀਫੁਲ ਡਾਟਰ* ਛਪਵਾਈ ਜਿਸ ਵਿਚ ਕੈਥੋਲਿਕ ਬਚਪਨ, ਜਵਾਨੀ, ਬਗਾਵਤ ਤੇ ਸਾਰਤ੍ਰ ਨਾਲ ਮੁਲਾਕਾਤ ਤੱਕ ਦਾ ਬਿਉਰਾ ਹੈ। 1960 ਵਿਚ *ਦ ਪ੍ਰਾਈਮ ਆਫ ਲਾਈਫ* ਛਾਪੀ, ਇਸ ਵਿਚ ਸਾਰਤ੍ਰ ਨਾਲ ਬਿਤਾਈ ਜ਼ਿੰਦਗੀ ਦਰਜ ਹੈ। ਸਾਲ 1963 ਵਿਚ *ਫੋਰਸ ਆਫ ਸਰਕਮਸਟਾਂਸ* ਛਪੀ ਜਿਸ ਵਿਚ ਠੰਢੀ ਜੰਗ ਰਣਨੀਤੀ, ਅਲਜੀਰੀਆ ਦਾ ਸੰਗ੍ਰਾਮ ਤੇ ਸਿਆਸੀ ਸਰਗਰਮੀਆਂ ਦਾ ਜ਼ਿਕਰ ਹੈ। 1972 ਵਿਚ *ਆਲ ਸੈਡ ਐਂਡ ਡਨ* ਛਪੀ ਜਿਸ ਵਿਚ ਆਪਣੇ ਜੀਵਨ ਉਪਰ ਅਕਾਦਮਿਕ ਝਾਤ ਪੁਆਈ ਹੈ। ਯਾਦਾਂ ਕਲਾਮਈ ਸਿਰਜਣਾ ਹੋ ਗਈਆਂ ਹਨ। ਔਰਤ ਅੰਦਰਲੀ ਬੇਗਾਨਮੀ ਨੂੰ ਉਸਨੇ ਮਾਲਕੀ ਦੇ ਅਖਤਿਆਰ ਦੇਣੇ ਚਾਹੇ ਹਨ, ਹਾਸ਼ੀਏ ਤੋਂ ਕੇਂਦਰ ਵਿਚ ਲੈ ਆਈ ਹੈ। ਉਤਸੁਕਤਾ, ਉਕਸਾਹਟ, ਕਾਮੁਕਤਾ, ਸੰਜੋਗ ਅਤੇ ਉਦਾਸੀ ਦਾ ਜ਼ਿਕਰ ਕਰਦਿਆਂ ਜਦੋਂ ਬਚ ਬਚ ਕੇ ਕਦਮ ਰੱਖਦੀ ਹੈ, ਉਦੋਂ ਅਹਿਸਾਸ ਹੁੰਦਾ ਹੈ ਔਰਤ ਦਾ ਅੰਦਾਜ਼ਿ ਬਯਾਂ ਮਰਦ ਨਾਲੋਂ ਕਿਵੇਂ ਵੱਖਰਾ ਹੈ। ਆਪਣੇ ਅੰਦਰਲੀ ਈਰਖਾ, ਸਵਾਰਥ, ਗੁੱਸਾ, ਹਵਸ ਦਿਖਾ ਵੀ ਜਾਂਦੀ ਹੈ ਛੁਪਾ ਵੀ ਲੈਂਦੀ ਹੈ। ''ਮੈਂ ਇਨਸਾਨ ਹਾਂ, ਇਹ ਦਾਅਵਾ ਕਰਦਿਆਂ ਵੀ ਮੁੱਕਰੀ ਨਹੀਂ ਕਿ ਮੈਂ ਔਰਤ ਹਾਂ। ਔਰਤ ਹੋਣ ਦੇ ਹਾਣ ਲਾਭ ਦੇਖੇ, ਅਨੁਭਵ ਵਿਚ ਲਿਆਂਦੇ, ਲਿਖੇ।'' ਪਾਠਕ ਦੇਖਣਗੇ, ਮੁਢਲੇ ਦੌਰ ਦੀ ਰੋਮਾਂਟਿਕ ਅਨ੍ਹੇਰੀ ਸ਼ਾਂਤ ਹੋ ਗਈ ਹੈ, ਜਵਾਨੀ ਦਾ ਜ਼ਿਕਰ ਕਰਦਿਆਂ ਇਉਂ ਝਿਜਕਦੀ ਹੈ ਜਿਵੇਂ ਫਜ਼ੂਲ ਗੱਲ ਕੀ ਕਰਨੀ ਹੋਈ? ਪਕੇਰੀ ਉਮਰ ਦੇ ਬੰਦਿਆਂ ਨੂੰ ਉਸ ਵਲੋਂ ਚੜ੍ਹਦੀ ਜਵਾਨੀ ਵਿਚ ਲਿਖੇ ਕਾਮੁਕ ਬਿਰਤਾਂਤ ਜਿਵੇਂ ਫੂਹੜ ਲਗਦੇ ਹਨ ਪਰ ਜੁਆਨਾ ਨੂੰ ਦਿਲਕਸ਼, ਉਵੇਂ ਉਸ ਦੀ

www.punjabilibrary.com

ਜੀਵਨੀ ਦਾ ਆਖਰੀ ਹਿੱਸਾ ਸਿਆਣਿਆਂ ਨੂੰ ਗੰਭੀਰ ਤੇ ਨਿਆਣਿਆਂ ਨੂੰ ਬੋਰ ਕਰਦਾ ਹੈ। ਜਿਨ੍ਹਾਂ ਨੇ *ਦ ਸੈਕੰਡ ਸੈਕਸ* ਪੜ੍ਹੀ ਸੀ, ਉਨ੍ਹਾਂ ਨੂੰ ਨਿਰਾਸਤਾ ਹੋਈ ਕਿਉਂਕਿ ਬਾਦ ਦੀ ਲਿਖਤ ਚੱਕਵੀਂ ਨਹੀਂ ਰਹੀ।

ਸਾਲ 1969, ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਨੂੰ ਸਮਰਪਿਤ ਕਵੀ ਦਰਵਾਰ ਮਹਿੰਦਰਾ ਕਾਲਜ ਵਿਚ ਕਰਵਾਇਆ ਗਿਆ। ਮੋਹਨ ਸਿੰਘ, ਸ਼ਿਵ ਬਟਾਲਵੀ, ਅੰਮ੍ਰਿਤਾ ਪ੍ਰੀਤਮ ਆਦਿਕ ਆਏ ਸਨ। ਮੈਂ ਗਿਆਹਰਵੀਂ ਦਾ ਵਿਦਿਆਰਥੀ ਸਾਂ। ਉਸ ਵਕਤ ਦਾ ਸੁਣਿਆ ਸ਼ਿਅਰ ਯਾਦ ਆ ਗਿਆ ਹੈ:

ਪਰੀਏ ਨੀ ਪਰੀਏ
ਉਮਰਾਂ ਦੇ ਪੁਲਾਂ ਹੇਠ ਲੰਘ ਗਿਆ ਪਾਣੀ ਰੇਤੜ ਵਿਚ ਕਿੰਝ ਤਰੀਏ।

ਗੁਸੈਲੀ ਤੇ ਬਦਲਾਖੋਰ ਸਿਮੋਨ ਸੋਚਣ ਲੱਗੀ ਹੈ, ਜਿਸ ਕਿਸਮ ਦੀ ਆਜ਼ਾਦੀ ਦੀ ਉਦੋਂ ਗੱਲ ਕਰਦੀ ਸਾਂ, ਉਹ ਛਲਾਵਾ ਵਧੀਕ ਮਹੱਤਵਪੂਰਨ ਨਹੀਂ ਸੀ, ਹੋਰ ਵਡੇਰੀਆਂ ਦੁਰੇਡੀਆਂ ਹੱਦਾਂ ਤੱਕ ਪੁੱਜਣਾ ਹੈ। ਕੁੱਟ ਖਾ ਕੇ ਆਇਆ ਹੋਏ ਜਾਂ ਕਿਸੇ ਨੂੰ ਕੁੱਟ ਕੇ ਆਏ, ਘਰ ਆਏ ਬੱਚੇ ਨੂੰ ਫੜ ਕੇ ਮਾਂ ਜਦੋਂ ਉਸ ਦੇ ਹੱਥ ਮੂੰਹ ਧੋਂਦੀ ਹੈ, ਤਦ ਬੱਚੇ ਦਾ ਅਸਲੀ ਅਕਸ ਦਮਕਦਾ ਹੈ। ਇਸ ਵਕਤ ਪਤਾ ਲਗਦਾ ਹੈ ਕਿ ਮਰਦਾਂ ਨੇ ਜਿਆਦਤੀ ਤਾਂ ਕੀ ਕਰਨੀ ਸੀ ਜਿੰਨਾਂ ਬਣਦਾ ਹੈ, ਉਸ ਤੋਂ ਵਧੀਕ ਹਿੱਸਾ ਦਿੱਤਾ, ਹੌਸਲਾ ਤੇ ਹਮਦਰਦੀ, ਹਰ ਥਾਂ ਮਿਲੇ। ਲਿਖਦੀ ਹੈ, ''ਮੇਰੇ ਸੱਚ ਮੇਰੇ ਕਲਪੇ ਆਪਣੇ ਜਹਾਨ ਦੇ ਸੱਚ ਹਨ, ਅਨੰਤ ਸੱਚ ਨਹੀਂ ਹਨ। ਆਪਣੀ ਮੂਰਤ ਨਾਲੋਂ ਆਪਣਾ ਸੱਚ ਮੈਨੂੰ ਵਧੀਕ ਜਚਿਆ। ਮੇਰਾ ਭੂਤਕਾਲ ਮੇਰੀ ਤਸਵੀਰ ਹੈ, ਇਸ ਤਸਵੀਰ ਦੀ ਫਾਲਤੂ ਕੀਮਤ ਨਹੀਂ ਮੰਗਦੀ, ਮੈਨੂੰ ਦੂਸਰਿਆਂ ਦੀ ਜੱਜਮੈਂਟ ਪ੍ਰਤੀ ਫਿਕਰ ਨਹੀਂ। ਮਨੋਵਿਗਿਆਨੀ ਜਿਹੜੀ ਮੇਰੀ ਤਸਵੀਰ ਬਣਾਉਣਗੇ ਉਹ ਪ੍ਰੇਸ਼ਾਨੀਕੁਨ ਹੋਵੇਗੀ, ਆਪਣੇ ਖਿਲਾਫ ਜੋ ਮੈਂ ਖੁਦ ਲਿਖਿਆ, ਉਸ ਤੋਂ ਮੈਨੂੰ ਡਰ ਨਹੀਂ ਲਗਦਾ। ਫਰਾਂਸੀਸੀ ਲੇਖਕ ਲੀਜ਼ਾ ਦੀ ਉਸ ਉਪਰ ਟਿੱਪਣੀ ਹੈ— ''ਬਾਲਜ਼ਕ ਦੇ ਨਾਇਕਾਂ ਵਾਂਗ ਸਿਮੋਨ ਹਰ ਵਰਗ ਦੇ ਬੰਧਨਾਂ ਤੋਂ ਮੁਕਤ ਹੈ, ਸੰਸਾਰ ਵਿਚ ਆਪਣਾ ਥਾਂ ਭਾਲਦੀ ਹੋਈ ਕਦੀ ਮਿਹਨਤੀ ਵਿਦਿਆਰਥਣ, ਹਰਮਨ ਪਿਆਰੀ ਅਧਿਆਪਕਾ, ਆਜ਼ਾਦ ਕਮਾਊ ਔਰਤ, ਵਿਸ਼ਵ ਪ੍ਰਸਿਧ ਫਿਲਾਸਫ਼ਰ ਸਾਰਤ੍ਰ ਦੀ ਦੋਸਤ, ਪ੍ਰਸਿਧ ਲੇਖਕ, ਖੱਬੇ ਪੱਖੀ ਸਿਆਸੀ ਵਿੰਗ ਦੀ ਨੇਤਾ ਤੇ ਫੈਮੀਨਿਸਟ ਲਹਿਰ ਦੀ ਜਣਨੀ, ਉਹ ਬਾਕੀਆਂ ਤੋਂ ਵੱਖਰੀ ਹੈ। ਏਂਜਲਾ ਕਾਰਟਰ ਅਨੁਸਾਰ, ''ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਸਾਰਤ੍ਰ ਨੂੰ ਮਿੱਥ ਬਣਾਉਣ ਵਿਚ ਹੈ। ਇਸ ਕੰਮ ਵਾਸਤੇ ਉਸ ਨੇ ਹਜ਼ਾਰਾਂ ਸਫੇ ਕਾਲੇ ਕਰ ਦਿਤੇ। ਉਸ ਦਾ ਸਾਰਤ੍ਰ ਦੂਰ ਦੁਰਾਡੇ ਖਲੋਤਾ ਹੈ,'' ਪਕੜ ਪਹੁੰਚ ਤੋਂ ਪਾਰ, ਸੁਫਨਿਆਂ ਵਿਚਲਾ ਹੀਰੋ, ਪੱਥਰ ਦਿਲ, ਮੇਰੇ ਹੰਝੂਆਂ, ਹਉਕਿਆਂ, ਪ੍ਰਾਰਥਨਾਵਾਂ ਤੇ ਬੇਹੋਸ਼ੀਆਂ ਤੋਂ ਬੇਪ੍ਰਵਾਹ ਸਾਰਤ੍ਰ ਹੁਣੇ ਮਾਲਕ, ਹੁਣੇ ਗੁਲਾਮ। ਖਤਾਂ ਵਿਚ ਲਿਖਦਾ - ਤੇਰੇ ਵਰਗੀ ਪਿਆਰੀ ਕੁੜੀ ਕੋਈ ਨਹੀਂ... ਪਰ ਮੇਰੀਆਂ ਦੂਜੀਆਂ ਸਹੇਲੀਆਂ ਨੂੰ ਇਹ ਗੱਲ ਪਤਾ ਨਹੀਂ ਲੱਗਣੀ ਚਾਹੀਦੀ।''

ਮਾਂ ਦੀ ਮੌਤ ਦੇਖੀ, ਮੌਤ ਬਾਰੇ ਸੋਚਣ ਲੱਗੀ। ਐਲਗ੍ਰਿਨ ਦੇ ਵਰਤਾਰੇ ਨੇ ਦੂਜੀ ਵਾਰ ਮੌਤ ਯਾਦ ਕਰਵਾਈ, ਬੁਢਾਪਾ, ਮੌਤ ਵੱਲ ਜਾਂਦਾ ਰਸਤਾ ਦਿਸਿਆ, ਸਾਰਤ੍ਰ ਨੂੰ ਬੇਹੋਸ਼ੀ ਦੇ ਦੌਰੇ ਪੈਣ ਲੱਗੇ, ਦਿਸਣੋ ਜਾਂਦਾ ਰਿਹਾ ਤੇ ਮੌਤ ਨੇ ਬੁਲਾ ਲਿਆ। ਲਿਖਦੀ ਹੈ, ''ਮੌਤ ਸਾਡੇ ਅੰਦਰ ਮੌਜੂਦ ਹੈ, ਇਸ ਤਰਾਂ ਨਹੀਂ ਜਿਵੇਂ ਫਲ ਅੰਦਰ ਗੁਠਲੀ ਹੁੰਦੀ ਹੈ, ਸ਼ਬਦ ਅੰਦਰ ਅਰਥ ਵਾਂਗ, ਸਾਡੇ ਅੰਦਰ ਹੈ ਪਰ ਅਜਨਬੀ, ਦੁਸ਼ਮਣ ਵਾਂਗ ਖੌਫਨਾਕ, ਮੇਰੇ ਦੁਆਲੇ ਦਾ ਸੰਸਾਰ ਬਦਲ ਗਿਆ, ਤੰਗ ਹੋ ਗਿਆ, ਹੁਣ ਪਾਗਲਪਣ ਪਵਿੱਤਰ ਨਹੀਂ ਰਿਹਾ, ਭੀੜਾਂ ਉਤੇਜਤ ਨਹੀਂ ਕਰਦੀਆਂ, ਜਿਹੜੀ ਜਵਾਨੀ ਚਕਾਚੌਂਧ ਕਰ ਦਿੰਦੀ ਸੀ, ਉਹ ਬੁਢਾਪੇ ਦਾ ਮੰਗਲਾਚਰਨ ਨਿਕਲੀ, ਸੱਚ ਹੁਣ ਵੀ ਦਿੱਸ ਰਿਹੈ ਪਰ ਪਹਿਲਾਂ ਵਰਗੀ ਵਿਸਮਾਦੀ ਬਿਜਲੀ ਇਸ ਵਿਚ ਨਹੀਂ ਰਹੀ। ਪੀਂਘ ਦੇ ਹੁਲਾਰੇ ਤੋਂ ਭਵਿੱਖ ਦਿਸਦਾ ਸੀ। ਵਰਤਮਾਨ ਕਿਧਰੇ ਨਹੀਂ ਦਿਸਦਾ। ਮੌਤ ਡਰਾਉਣੀ ਹੈ ਤਾਂ ਵੀ ਮੌਤ ਤੋਂ ਏਨਾ ਡਰ ਨਹੀਂ ਲਗਦਾ ਜਿੰਨਾ ਇਸ ਗੱਲ ਤੋਂ ਕਿ ਕੋਈ ਨਵੀਂ ਇਛਾ ਹੀ ਨਹੀਂ ਰਹੀ। ਕਹਾਣੀਆਂ ਵਿਚਲੀਆਂ

ਉਨ੍ਹਾਂ ਔਰਤਾਂ ਦੇ ਦਿਲ ਦੀ ਗੱਲ ਹੁਣ ਸਮਝ ਆਉਣ ਲੱਗੀ ਹੈ ਜਿਹੜੀਆਂ ਸ਼ੀਸ਼ੇ ਤੋੜਦੀਆਂ ਫਿਰਦੀਆਂ ਸਨ। ਪਾਪਾ ਦੀ ਮੌਤ ਨੇ ਮੇਰੇ ਉਪਰ ਅਸਰ ਨਹੀਂ ਕੀਤਾ। ਮਾਂ ਦੀ ਮੌਤ ਹੋਈ, ਅੱਖੀਂ ਦੇਖੀ, ਪਤਾ ਲੱਗਾ ਮਨੁੱਖ ਕਿੰਨਾ ਲਾਚਾਰ ਹੈ। ਮੈਂ ਚੁਪ ਰਹੀ, ਮੇਰੇ ਅੰਦਰ ਕੋਈ ਹੋਰ ਕੁੜੀ ਦੇਰ ਤੱਕ ਰੋਈ। ਮੈਂ ਸਾਰਤ੍ਰ ਕੋਲ ਗਈ। ਉਸ ਨੂੰ ਆਪਣੀ ਮਾਂ ਦੇ ਆਖਰੀ ਪਲਾਂ ਬਾਰੇ ਦੱਸਣ ਲੱਗੀ, ਉਸਨੇ ਕਿਹਾ - ਚੁਪ ਕਰ। ਬੋਲਾਂ ਵਿਚ ਕੀ ਪਿਐ? ਤੇਰੇ ਚਿਹਰੇ ਉਪਰ ਖੁਣੀ ਹੋਈ ਮੌਤ ਦਿਸ ਤਾਂ ਰਹੀ ਐ ਸਾਫ। ''ਮਾਂ ਦੀ ਮੌਤ ਪਿਛੋਂ ਮੈਂ ਆਪਣੀ ਵਿਦਿਆਰਥਣ ਸਿਲਵੀ ਨੂੰ ਆਪਣੇ ਘਰ ਵਿਚ ਰੱਖ ਲਿਆ। ਉਮਰੋਂ ਮੈਥੋਂ ਤੇਤੀ ਸਾਲ ਛੋਟੀ ਸਿਲਵੀ ਵਿਚ ਮੇਰੇ ਸਾਰੇ ਗੁਣ, ਸਾਰੇ ਔਗੁਣ। ਮੈਨੂੰ ਮੇਰੀ ਧੀ ਲੱਭ ਗਈ।''

ਇਨ੍ਹਾਂ ਸਤਰਾਂ ਤੋਂ ਬਾਦ ਸਿਮੋਨ ਵਲੋਂ ਲਿਖਿਆ ਗਿਆ ਆਤਮ ਪ੍ਰਸੰਗ ਪੜ੍ਹੋ ਨਾ ਪੜ੍ਹੋ ਇਕੋ ਗੱਲ ਹੈ। ਇਹੀ ਹਾਲ ਫਿਕਸ਼ਨ ਦਾ ਹੈ। ਫਲੈਟ ਫਲਸਫੇ ਦਾ ਕੀ ਕਰੀਏ? ਇਹ ਉਲਝੀਆਂ, ਬੇਰਸ ਕ੍ਰਿਤਾਂ ਪਹਿਲਾਂ ਵਰਗਾ ਅਸਰ ਨਹੀਂ ਕਰਦੀਆਂ। ਫੈਮੀਨਿਸਟ ਜਥੇਬੰਦੀਆਂ ਸਿਮੋਨ ਨਾਲ ਨਾਰਾਜ਼ ਹੋਈਆਂ ਕਿ ਉਸਨੇ ਇਹ ਕਿਹੋ ਜਿਹੀਆਂ ਅਜੀਬ ਔਰਤਾਂ ਘੜ ਦਿੱਤੀਆਂ ਹਨ? ਉਦਾਸ ਔਰਤਾਂ, ਲਾਚਾਰ ਨਸਲਾਂ। ਜਿਵੇਂ ਭੁੱਖ ਲੱਗੀ ਤਾਂ ਰੋਟੀ ਖਾਧੀ, ਉਵੇਂ ਲੋੜ ਪੈਣ ਤੇ ਮਰਦ ਨਾਲ ਜਾ ਲੇਟੀ। ਆਧੁਨਿਕ ਔਰਤ ਵਿਚ ਕਲਪਣਾ ਅਤੇ ਥਰਿੱਲ ਨਹੀਂ। ਆਦਮੀ ਆਰਾਮ ਨਾਲ ਸਦਾ ਲਈ ਅੱਖਾਂ ਬੰਦ ਕਰ ਲੈਂਦੇ ਹਨ ਕਿਉਂਕਿ ਜਾਣਦੇ ਹਨ, ਆਪਣੀ ਸੰਤਾਨ ਵਿਚ ਉਹ ਜਿਉਂਦੇ ਰਹਿਣਗੇ। ਜੀਨ ਜੈਕ ਰੂਸੋ ਕਿਸੇ ਅਦ੍ਰਿਸ਼ਟ ਯੂਟੋਪੀਆ ਦੇ ਸੁਫਨੇ ਸਦਕਾ ਆਪਣੇ ਬੱਚੇ ਯਤੀਮਖਾਨੇ ਵਿਚ ਦੇ ਆਇਆ ਸੀ। ਉਮਰ ਦੇ ਅਖੀਰ ਵਿਚ ਪਾਗਲ ਹੋ ਕੇ ਲਭਦਾ ਫਿਰਿਆ। ਸਿਮੋਨ ਨੇ ਸਿਲਵੀ ਲੱਭ ਲਈ। ਆਦਮੀ ਜੀਵਨ ਸੰਗਲੀ ਦੀ ਕੋਈ ਕੜੀ ਟੁੱਟਣ ਨਹੀਂ ਦਿੰਦਾ।

ਆਖਰੀ ਦੌਰ ਦੀਆਂ ਲਿਖਤਾਂ ਵਿਚ ਬੁਢਾਪੇ ਦਾ ਸੰਤਾਪ ਹੈ। ਬੁੱਢੇ ਬੰਦੇ ਅੰਦਰ ਕਾਮੁਕ ਰੁਚੀਆਂ ਮਰਦੀਆਂ ਨਹੀਂ ਪਰ ਬੁੱਢੇ ਅਜਿਹੀਆਂ ਗੱਲਾਂ ਕਰਨ ਤਾਂ ਠਰਕੇ ਹੋਏ ਹੋਣ ਦੀ ਗਾਲ ਖਾਂਦੇ ਹਨ, ਜੇ ਕਾਮਕ੍ਰੀੜਾ ਦੇ ਇਛੁਕ ਹੋਣ ਤਾਂ ਮਜ਼ਾਕ ਦੇ ਪਾਤਰ, ਔਰਤਾਂ, ਯਾਨੀ ਕਿ ਬੁੱਢੀਆਂ ਬਾਰੇ ਤਾਂ ਸੋਚਿਆ ਵੀ ਨਹੀਂ ਜਾਂਦਾ ਕਿ ਇਨ੍ਹਾਂ ਵਿਚ ਕੋਈ ਰੁਮਾਂਟਕ ਕਣੀ ਮੌਜੂਦ ਹੈ। ਬੁਢੇਪਾ ਅਤੇ ਕਬਾੜਖਾਨਾ ਇਕੋ ਗੱਲ ਹੈ। ਬਿਰਧ ਆਸ਼ਰਮਾਂ ਵਿਚ ਇਕ ਝਾਤ ਮਾਰੋ, ਜੇਲ੍ਹ ਅਤੇ ਪਾਗਲਖਾਨਾ ਇਕੋ ਇਮਾਰਤ ਵਿਚ ਦਿਸ ਜਾਣਗੇ। ਬਾਰ ਬਾਰ ਦੇਖਣ ਨੂੰ ਮਿਲੇਗਾ ਕਿ ਜ਼ਮਾਨੇ ਨੂੰ ਬੁੱਢਿਆਂ ਦੀ ਲੋੜ ਨਹੀਂ।

1960 ਵਿਚ ਉਨ੍ਹਾਂ ਦੋਵਾਂ ਨੇ ਬ੍ਰਾਜ਼ੀਲ ਦਾ ਦੌਰਾ ਕੀਤਾ ਤੇ ਫਿਰ ਕਿਊਬਾ ਗਏ ਜਿਥੇ ਕਾਸਤ੍ਰੋ ਦੇ ਮਹਿਮਾਨ ਰਹੇ। ਸਾਲ 1963 ਵਿਚ ਚੈਕੋਸਲਵਾਕੀਆ, 1966 ਵਿਚ ਜਾਪਾਨ ਤੇ ਸੋਵੀਅਤ ਦੇਸ ਗਏ। ਜਦੋਂ 1968 ਵਿਚ ਰੂਸ ਨੇ ਫਿਰ ਸੱਦਾ ਭੇਜਿਆ ਤਾਂ ਉਨ੍ਹਾਂ ਨੇ ਸਦਾ ਲਈ ਰੂਸ ਨਾਲੋਂ ਇਸ ਕਰਕੇ ਨਾਤਾ ਤੋੜ ਲਿਆ, ਇਕ ਤਾਂ ਰੂਸ ਨੇ ਦੋ ਲੇਖਕਾਂ ਸਿਨੇਵਸਕੀ ਅਤੇ ਦੇਨੀਅਲ ਨੂੰ ਸਜ਼ਾ ਦਿੱਤੀ ਸੀ ਤੇ ਦੂਜੇ ਚੈਕੋਸਲਵਾਕੀਆ ਉਪਰ ਕਬਜ਼ਾ ਕਰ ਲਿਆ ਸੀ।

ਕਾਇਰੋ ਵਿਚ ਭਾਸ਼ਣ ਦਿੰਦਿਆਂ ਸਿਮੋਨ ਨੇ ਦੋਸ਼ ਲਾਇਆ ਕਿ ਮਿਸਰ ਦੇ ਮਰਦ ਔਰਤਾਂ ਨਾਲ ਦੁਰਵਿਹਾਰ ਕਰਦੇ ਹਨ ਜੋ ਜਗੀਰੂ ਰੁਚੀ ਹੈ। ਉਸਨੂੰ ਥਾਂ ਥਾਂ ਸੁਣਨਾ ਪਿਆ ਕਿ ਇਸਲਾਮਿਕ ਕਲਚਰ ਵਿਚ ਇਹੋ ਕੁਝ ਹੈ, ਸੋ ਸਹੀ ਹੈ। ਰਾਸ਼ਟਰਪਤੀ ਨਾਸਰ ਉਸਨੂੰ ਲੈਣ ਆਇਆ ਤਾਂ ਮੀਟਿੰਗ ਵਿਚ ਸਿਮੋਨ ਨੇ ਇਹੋ ਮੁੱਦਾ ਦੁਹਰਾਇਆ। ਉਸਨੂੰ ਕਦੀ ਇਹ ਨੀਤੀ ਚੰਗੀ ਨਹੀਂ ਲੱਗੀ ਕਿ ਖੱਬੇ ਪੱਖੀ ਹੋਣ ਦਾ ਮਤਲਬ ਹੈ ਚੀਨ ਅਤੇ ਰੂਸ ਦੀ ਹਰ ਗੱਲੋਂ ਸਿਫਤ ਕਰੋ; ਇਜ਼ਰਾਈਲ ਦਾ ਵਿਰੋਧ ਅਤੇ ਫਲਸਤੀਨ ਦੀ ਹਮਾਇਤ ਕਰੋ। ਸਿਮੋਨ ਨੇ ਬੰਦਸ਼ਾਂ, ਸ਼ਰਤਾਂ ਮੰਨਣੋਂ ਇਨਕਾਰ ਕੀਤਾ।

ਅਮਰੀਕਾ ਦੀਆਂ ਵੀਤਨਾਮ ਵਿਰੁੱਧ ਜ਼ਿਆਦਤੀਆਂ ਦੀ ਪੜਤਾਲ ਲਈ 1967 ਵਿਚ ਬਰਟ੍ਰੰਡ ਰਸਲ ਦੀ ਚੇਅਰ ਅਧੀਨ ਅੰਤਰਰਾਸ਼ਟਰੀ ਅਦਾਲਤ ਦਾ ਗਠਨ ਹੋਇਆ ਜਿਸ ਵਿਚ ਸਾਰਤ੍ਰ ਅਤੇ ਸਿਮੋਨ ਨੇ ਅਹਿਮ ਭੂਮਿਕਾ ਨਿਭਾਈ। ਦੋਵਾਂ ਨੇ ਐਲਾਨ ਕੀਤਾ ਕਿ ਅਮਰੀਕਾ ਵੀਤਨਾਮੀਆਂ ਦਾ

ਬੀਜਨਾਸ਼ ਕਰਨ ਲਈ ਬਜ਼ਿੱਦ ਹੈ, ਰੋਕਿਆ ਜਾਵੇ। ਵਾਕ ਹੈ, ''ਅਮਰੀਕਾ ਮਨਮਰਜ਼ੀ ਨਾਲ ਕਿਸੇ ਦੇਸ਼ ਨੂੰ ਇਸ ਲਈ ਤਬਾਹ ਕਰ ਦਿੰਦਾ ਹੈ ਕਿਉਂਕਿ ਉਹ ਕਰ ਸਕਦਾ ਹੈ।''

1970 ਵਿਚ ਉਸਨੇ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਹਿਤ ਸੰਘਰਸ਼ ਵਿਢ ਦਿੱਤਾ ਤੇ ਆਪਣੇ ਮੈਨੀਫੈਸਟੋ ਵਿਚ ਪਹਿਲੀ ਸਤਰ ਦਰਜ ਕੀਤੀ, ''ਮੈਂ ਗਰਭਪਾਤ ਕਰਵਾਇਆ ਸੀ, ਇਹ ਹੱਕ ਮੈਂ ਹਰ ਔਰਤ ਨੂੰ ਦਿਵਾ ਕੇ ਰਹਾਂਗੀ।''

1972 ਵਿਚ ਬੇਨੀ ਲੇਵੀ ਨਾਮ ਦਾ ਰੌਸ਼ਨ ਦਿਮਾਗ ਜੁਆਨ ਸਾਰਤ੍ਰ ਦੇ ਜੀਵਨ ਵਿਚ ਆਇਆ। ਸਾਰਤ੍ਰ ਦਿਨ ਬ ਦਿਨ ਕਮਜ਼ੋਰ ਹੁੰਦਾ ਜਾ ਰਿਹਾ ਸੀ। ਲੇਵੀ ਨਾਲ ਸਾਰਤ੍ਰ ਦੀਆਂ ਲੰਮੀਆਂ ਗੁਫਤਗੂਆਂ ਹੁੰਦੀਆਂ, ਸਾਰਤ੍ਰ ਨੂੰ ਲੱਗਾ ਜਿਵੇਂ ਫਲਸਫੇ ਵਿਚ ਉਸ ਵਲੋਂ ਰਹਿ ਗਏ ਖੱਪੇ ਪੂਰਨ ਵਾਸਤੇ ਲੇਵੀ ਉਸਦਾ ਯੋਗ ਉਤਰਾਧਿਕਾਰੀ ਹੈ। ਉਸਨੇ ਸਾਰਤ੍ਰ ਨਾਲ ਜਿਹੜੇ ਸੰਵਾਦ ਰਚਾਏ, ਉਨ੍ਹਾਂ ਦੀ ਆਵਾਜ਼ ਰਿਕਾਰਡ ਕੀਤੀ। ਉਹ ਮਾਓਵਾਦੀ ਸੀ ਪਰ ਸਿਮੋਨ ਉਸਨੂੰ ਵਿਗੜਿਆ ਹੋਇਆ ਯਹੂਦੀ ਰਹੱਸਵਾਦੀ ਦੱਸਦੀ ਹੈ। ਲੇਵੀ, ਸਾਰਤ੍ਰ ਨਾਲ ਸੰਵਾਦ ਰਚਾ ਕੇ ਇਕ ਕਿਤਾਬ *'ਤਾਕਤ ਅਤੇ ਆਜ਼ਾਦੀ'* ਦੀ ਰਚਨਾ ਕਰ ਰਿਹਾ ਸੀ। ਉਸਨੇ ਆਪਣੇ ਰਿਕਾਰਡ ਕੀਤੇ ਸੰਵਾਦ ਕਾਗਜ਼ ਉਪਰ ਉਤਾਰ ਕੇ ਸਿਮੋਨ ਨੂੰ ਪੜ੍ਹਨ ਲਈ ਦਿੱਤੇ ਤਾਂ ਉਹ ਅੱਗ ਬਗੂਲਾ ਹੋ ਗਈ। ਜੋ ਕੁਝ ਸਾਰਤ੍ਰ ਨੇ ਸਾਰੀ ਉਮਰ ਕੀਤਾ ਅਤੇ ਲਿਖਿਆ ਇਹ ਸੰਵਾਦ ਉਸ ਤੋਂ ਬਿਲਕੁਲ ਭਿੰਨ ਦਿਸ਼ਾ ਵੱਲ ਜਾ ਰਹੇ ਸਨ। ਲੇਵੀ ਨੇ ਜੋ ਕਰਨਾ ਸੀ ਕਿਸੇ ਗੁਪਤ ਸਾਜ਼ਸ਼ ਤਹਿਤ ਨਹੀਂ ਕੀਤਾ, ਸਾਰਤ੍ਰ ਦੇ ਸਾਰੇ ਦੋਸਤਾਂ ਵਿਚ ਇਹ ਲਿਖਤਾਂ ਵਿਚਾਰਨ ਲਈ ਭੇਜੀਆਂ। ਸਿਮੋਨ ਲਿਖਦੀ ਹੈ, ''ਮੈਂ ਪੜ੍ਹ ਕੇ ਭੈਭੀਤ ਹੋ ਗਈ। ਸਾਰਤ੍ਰ ਦੇ ਮੂੰਹ ਵਿਚ ਜੋ ਕਥਨ ਪਾਏ ਗਏ ਉਹ ਇਕ ਵਚਨ, ਮੈਂ ਕਰਕੇ ਕਹੇ ਗਏ ਹਨ, 'ਅਸੀਂ (ਭਾਵ ਸਾਰਤ੍ਰ ਜਮ੍ਹਾ ਸਿਮੋਨ) ਤੋਂ ਵੱਖ ਹਨ। ਲੇਵੀ ਨੇ ਸਿਧੀ ਤਰ੍ਹਾਂ ਆਪਣਾ ਫਲਸਫਾ ਬਿਆਨ ਕਰਨ ਦੀ ਥਾਂ ਆਪਣੇ ਕਥਨ ਸਾਰਤ੍ਰ ਦੇ ਮੂੰਹੋਂ ਅਖਵਾ ਦਿੱਤੇ। ਲੇਵੀ ਦਾ ਹੰਕਾਰ ਸਾਰਤ੍ਰ ਦੇ ਕਿਸੇ ਦੋਸਤ ਨੂੰ ਵੀ ਚੰਗਾ ਨਹੀਂ ਲੱਗਾ। ਜਿਸ ਜਿਸ ਨੇ ਇਹ ਹੱਥ ਲਿਖਤਾਂ ਪੜ੍ਹੀਆਂ, ਮੇਰੇ ਵਾਂਗ ਭੈਭੀਤ ਹੋਇਆ।''

ਉਸਨੇ ਸਾਰਤ੍ਰ ਨੂੰ ਕਿਹਾ, ''ਇਹ ਖੁਦਕੁਸ਼ੀ ਵਾਲਾ ਦਸਤਾਵੇਜ਼ ਕਿਸੇ ਕੰਮ ਦਾ ਨਹੀਂ, ਲੇਵੀ ਨੂੰ ਆਖ ਇਹ ਤੇਰੇ ਕਥਨ ਨਹੀਂ, ਤੇਰੇ ਖਿਆਲ ਨਹੀਂ, ਛਪਣੋਂ ਰੋਕ। ਸਾਰਤ੍ਰ ਨੇ ਕਿਹਾ – ''ਪਰ ਇਹ ਮੇਰੇ ਕਥਨ ਹਨ, ਮੇਰੀ ਗੱਲ ਰਿਕਾਰਡ ਹੋਈ ਹੈ, ਲੇਵੀ ਮੇਰੇ ਚਿੰਤਨ ਦਾ ਉਤਰਾਧਿਕਾਰੀ ਹੈ, ਉਹ ਮੇਰੀ ਸ਼ਾਮ ਦਾ ਸਵੇਰਾ ਹੈ। ਜੋ ਉਸਨੇ ਲਿਖਿਆ ਸਹੀ ਹੈ, ਛਾਪੇਗਾ।'' ਸਿਮੋਨ ਉਦਾਸ ਹੋਈ। ਸਾਰਤ੍ਰ ਦੀਆਂ ਨਵੀਆਂ ਨਕੋਰ ਸਹੇਲੀਆਂ ਤੋਂ ਉਸਨੂੰ ਈਰਖਾ ਹੁੰਦੀ, ਤਾਂ ਵੀ ਬਰਦਾਸ਼ਤ ਕਰ ਲੈਂਦੀ, ਉਹ ਉਸਦੇ ਜਿਸਮ ਦਾ ਇਕ ਹਿੱਸਾ, ਉਸਦੇ ਵਕਤ ਦਾ ਇਕ ਹਿੱਸਾ ਵੰਡਾਉਂਦੀਆਂ ਸਨ। ਲੇਵੀ ਨੇ ਉਸਦੇ ਖਿਆਲਾਂ ਵਿਚੋਂ ਹਿੱਸਾ ਮੰਗਿਆ ਅਤੇ ਹਾਸਲ ਕੀਤਾ, ਸਿਮੋਨ ਦੀ ਥਾਂ ਸਾਰਤ੍ਰ-ਦਰਸ਼ਨ ਦਾ ਉਤਰਾਧਿਕਾਰੀ ਲੇਵੀ ਹੋ ਗਿਆ ਤਾਂ ਸਿਮੋਨ ਵਾਸਤੇ ਵੱਡੀ ਸੱਟ ਸਾਬਤ ਹੋਇਆ।

ਸਾਰਤ੍ਰ ਦੀ ਮੌਤ ਬਾਦ ਸਿਮੋਨ ਦੀਆਂ ਦੋ ਕਿਤਾਬਾਂ ਆਈਆਂ, *ਏ ਫੇਅਰਵੈਲ ਟੂ ਸਾਰਤ੍ਰ* ਅਤੇ *ਏ ਵੈਰੀ ਈਜ਼ੀ ਡੈਥ*। ਇਨ੍ਹਾਂ ਕਿਤਾਬਾਂ ਵਿਚ ਸਿਮੋਨ ਦੀ ਜੀਵਨੀ ਦੇ ਅੰਤਮ ਸਮੇਂ ਦਾ ਹਿਰਦੇਵੇਧਕ ਵਰਣਨ ਹੈ, ਜੀਵਨ ਦੀ ਹੱਤਕਪੂਰਨ ਹਾਰ। ਸਾਰਤ੍ਰ ਨੂੰ ਯਾਦ ਕਰਦਿਆਂ ਲਿਖਦੀ ਹੈ, ''ਇਹ ਉਹ ਲਿਖਤਾਂ ਹਨ। ਜਿਹੜੀਆਂ ਤੂੰ ਕਦੀ ਪੜ੍ਹੇਂਗਾ ਨਹੀਂ। ਛਪਣ ਤੋਂ ਪਹਿਲਾਂ ਤੂੰ ਮੇਰੀ ਅਤੇ ਮੈਂ ਤੇਰੀ ਹਰ ਹੱਥ ਲਿਖਤ ਪੜ੍ਹੀ। ਮੇਰੀਆਂ ਇਹ ਆਖਰੀ ਲਿਖਤਾਂ ਤੇਰੇ ਬਾਰੇ ਹਨ, ਤੈਨੂੰ ਸਮਰਪਿਤ ਹਨ ਪਰ ਹੁਣ ਇਹ ਤੇਰੇ ਉਪਰ ਅਸਰ ਨਹੀਂ ਕਰਨਗੀਆਂ। ਬੇਸ਼ੱਕ ਮੈਨੂੰ ਤੇਰੀ ਕਬਰ ਦੇ ਐਨ ਨਜ਼ਦੀਕ ਦਫਨ ਕਰ ਦਿੱਤਾ ਜਾਵੇ ਤਾਂ ਵੀ ਤੇਰੀ ਅਤੇ ਮੇਰੀ ਮਿੱਟੀ ਵਿਚਕਾਰ ਕਦੀ ਗੁਫਤਗੂ ਨਹੀਂ ਹੋਵੇਗੀ।

14 ਅਪ੍ਰੈਲ 1986 ਨੂੰ ਪੈਰਿਸ ਵਿਚ ਸਿਮੋਨ ਦੀ ਮੌਤ ਹੋਈ।

ਅਜ਼ਰਾ ਨਫੀਸੀ

ਅਹਿਮਦ ਨਫੀਸੀ ਦੀ ਧੀ ਅਜ਼ਰਾ ਨਫੀਸੀ, ਯੂਨੀਵਰਸਿਟੀ ਆਫ ਤਹਿਰਾਨ ਵਿੱਚ ਅੰਗਰੇਜ਼ੀ ਦੀ ਪ੍ਰੋਫੈਸਰ ਵਜੋਂ ਪੜ੍ਹਾਉਂਦੀ ਰਹੀ ਪਰ ਜਿਸ ਤਰ੍ਹਾਂ ਦਾ ਉਸਦਾ ਵਿਦਰੋਹੀ ਸੁਭਾ ਸੀ ਪਹਿਲੋਂ ਉਸਨੂੰ ਨੌਕਰੀ ਤੋਂ ਅਸਤੀਫਾ ਦੇਣਾ ਪਿਆ ਅਤੇ ਫੇਰ ਸਰਕਾਰ ਨੇ ਦੇਸ ਨਿਕਾਲਾ ਦਿੱਤਾ

ਤਾਂ 1997 ਵਿੱਚ ਅਮਰੀਕਾ ਚਲੀ ਗਈ ਜਿਥੇ ਜਾਨ ਹਾਪਕਿਨਜ਼ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਨਿਯੁਕਤ ਹੋਈ। ਉਸਨੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਅਖਬਾਰਾਂ/ਰਿਸਾਲਿਆਂ ਵਾਸਤੇ ਤਾਂ ਲਿਖਿਆ ਹੀ, ਦੋ ਕਿਤਾਬਾਂ ਵੀ ਛਪਵਾਈਆਂ। ਪਹਿਲੀ ਕਿਤਾਬ ਨੋਬੋਕੋਵ ਦੇ ਨਾਵਲਾਂ ਦਾ ਆਲੋਚਨਾਤਮਕ ਅਧਿਐਨ ਸੀ ਤੇ ਦੂਜੀ ਕਿਤਾਬ ਜਿਸਨੇ ਉਸਨੂੰ ਵਡੇਰਾ ਮਾਣ ਦਿੱਤਾ ਉਹ ਹੈ, *ਰੀਡਿੰਗ ਲੌਲਿਤਾ ਇਨ ਤਹਿਰਾਨ* । ਇਸ ਕਿਤਾਬ ਉਪਰ ਅੰਗਰੇਜ਼ੀ ਵਿੱਚ ਫਿਲਮ ਬਣ ਚੁਕੀ ਹੈ। ਦੋ ਬੱਚਿਆਂ ਅਤੇ ਪਤੀ ਸਣੇ ਹੁਣ ਉਹ ਵਾਸ਼ਿੰਗਟਨ ਡੀਸੀ ਦੀ ਵਸਨੀਕ ਹੈ।

ਪਿਤਾ ਅਹਿਮਦ ਨਫੀਸੀ ਦ੍ਰਿੜ੍ਹ ਆਤਮ ਵਿਸ਼ਵਾਸ ਵਾਲਾ ਈਮਾਨਦਾਰ ਖੁੱਦਦਾਰ ਇਨਸਾਨ ਸੀ। ਸਿਆਸਤ ਵਿੱਚ ਉਸ ਦੀ ਲਗਾਤਾਰ ਚੜ੍ਹਤ ਰਹੀ ਜਿਸ ਸਦਕਾ ਉਸਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਦੀ ਕਾਰਪੋਰੇਸ਼ਨ ਦਾ ਮੇਅਰ ਸਰਬਸੰਮਤੀ ਨਾਲ ਚੁਣ ਲਿਆ ਗਿਆ। ਤਹਿਰਾਨ ਦੇ ਇਤਿਹਾਸ ਵਿੱਚ ਉਹ ਸਭ ਤੋਂ ਛੋਟੀ ਉਮਰ ਵਿੱਚ ਮੇਅਰ ਚੁਣਿਆ ਗਿਆ ਸੀ। ਮੇਅਰ ਦਾ ਆਫਿਸ ਸੰਭਾਲਣ ਪਿਛੋਂ ਉਸ ਉਪਰ ਮੁਸੀਬਤਾਂ ਦਾ ਦੌਰ ਚੱਲਿਆ। ਬਾਦਸ਼ਾਹ ਮੁਹੰਮਦ ਸ਼ਾਹ ਪਹਿਲਵੀ ਦੀ ਜੁੰਡਲੀ ਨਾ ਸਿਆਣੀ ਸੀ ਨਾ ਈਮਾਨਦਾਰ। ਧੌਂਸ ਨਾਲ ਉਹ ਮੇਅਰ ਤੋਂ ਮਨਮਰਜ਼ੀ ਦੇ ਨਾਜਾਇਜ਼ ਕੰਮ ਕਰਵਾਉਣ ਦੇ ਇੱਛੁਕ ਸਨ। ਅਹਿਮਦ ਕਿਸੇ ਹੋਰ ਮਿੱਟੀ ਦਾ ਬਣਿਆ ਹੋਇਆ ਸੀ। ਜੋ ਇਸ ਤਰ੍ਹਾਂ ਦੇ ਹਾਲਾਤ ਵਿੱਚ ਹੋਇਆ ਕਰਦਾ ਹੈ ਉਹੀ ਹੋਇਆ, ਉਸ ਉਪਰ ਭਰਿਸ਼ਟਾਚਾਰ ਦੇ ਦੋਸ਼ ਲਾਕੇ ਗ੍ਰਿਫਤਾਰ ਕੀਤਾ ਗਿਆ। ਮੁਕੱਦਮੇ ਦੌਰਾਨ ਫਰਜ਼ੀ ਗਵਾਹੀਆਂ ਦੇ ਆਧਾਰ ਤੇ ਪੰਜ ਸਾਲ ਦੀ ਕੈਦ ਹੋਈ। ਟ੍ਰਾਇਲ ਚਲਦਿਆਂ ਉਸਨੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਨ ਲਈ ਭੇਜ ਦਿੱਤਾ ਕਿਉਂਕਿ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਉਹ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਨਹੀਂ ਪਾਉਣਾ ਚਾਹੁੰਦਾ ਸੀ। ਧੀ ਅਜ਼ਰਾ ਨੇ ਅਮਰੀਕਾ ਵਿੱਚ ਅੰਗਰੇਜ਼ੀ ਦੀ ਡਾਕਟਰੇਟ ਕੀਤੀ। ਬਾਦਸ਼ਾਹ ਦੇਸ ਛੱਡ ਗਿਆ ਤੇ ਜੁੰਡਲੀ ਖਤਮ ਹੋ ਗਈ ਤਾਂ ਅਜ਼ਰਾ ਨੇ ਤਹਿਰਾਨ ਵਿੱਚ ਆਕੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਅਗਲਾ ਦੌਰ ਵੱਖਰੀ ਪ੍ਰਕਾਰ ਦੀਆਂ ਮੁਸ਼ਕਲਾਂ ਲੈ ਕੇ ਆਵੇਗਾ, ਇਸ ਦਾ ਉਸਨੂੰ ਖਿਆਲ ਨਹੀਂ ਸੀ।

ਅਜ਼ਰਾ ਲਿਖਦੀ ਹੈ, "ਮੇਅਰ ਚੁਣੇ ਜਾਣ ਪਿਛੋਂ ਪਿਤਾ ਦੀ, ਪਰਿਵਾਰ ਦੀ ਚੰਗੀ ਸਾਖ ਬਣੀ, ਇਹ ਸੁਭਾਵਕ ਹੀ ਸੀ ਪਰ ਜਦੋਂ ਬਾਦਸ਼ਾਹ ਨੇ ਜੇਲ੍ਹ ਵਿੱਚ ਸੁੱਟ ਦਿਤੇ, ਇਸ ਪਿਛੋਂ ਤਾਂ ਸ਼ੁਹਰਤ ਕੁੱਲ ਈਰਾਨ ਵਿੱਚ ਫੈਲ ਗਈ। ਲੋਕਾਂ ਨੂੰ ਯਕੀਨ ਨਹੀਂ ਸੀ ਆਉਂਦਾ ਕੋਈ ਅਜਿਹਾ ਬੰਦਾ ਹੈ ਜੋ ਬਾਦਸ਼ਾਹ ਖਿਲਾਫ ਫੈਸਲਾ ਲੈਕੇ ਜੇਲ੍ਹ ਜਾਣ ਨੂੰ ਤਿਆਰ ਹੈ। ਅੱਬੂ ਨਾਲ ਜੇਲ੍ਹ ਵਿੱਚ ਮੁਲਾਕਾਤਾਂ ਕਰਨ ਵਾਲਿਆਂ ਦੇ ਮੇਲੇ ਲੱਗੇ ਰਹਿੰਦੇ ਸਨ।"

ਸਟੇਟ ਦਾ ਸੁਭਾਅ ਹਰ ਸਮੇਂ ਇਕ ਜਿਹਾ ਹੁੰਦਾ ਹੈ। ਜਦੋਂ ਸ੍ਰ. ਸੇਵਾ ਸਿੰਘ ਠੀਕਰੀਵਾਲਾ ਨੂੰ ਮਹਾਰਾਜਾ ਭੁਪਿੰਦਰ ਸਿੰਘ ਨੇ ਕੈਬਨਿਟ ਵਿਚ ਮੰਤਰੀ ਲਿਆ ਤਦ ਸੇਵਾ ਸਿੰਘ ਨੇ ਆਪਣੇ ਪਿੰਡ ਠੀਕਰੀ ਵਾਲਾ ਵਿਚ ਮਹਾਰਾਜੇ ਨੂੰ ਜੋ ਡਿਨਰ ਦਿੱਤਾ ਉਸ ਵਾਸਤੇ ਕਰਾਕਰੀ ਇੰਗਲੈਂਡ ਤੋਂ ਖਰੀਦੀ ਗਈ ਤੇ ਉਸ ਉਪਰ ਪੇਂਟਿੰਗ ਪੈਰਿਸ ਤੋਂ ਕਰਵਾਈ ਗਈ ਸੀ। ਜਦੋਂ ਸੇਵਾ ਸਿੰਘ ਸਰਦਾਰ ਨੇ ਮਹਾਰਾਜੇ ਦੀ ਹਰੇਕ ਗੱਲ ਦੀ ਹਾਂ ਵਿਚ ਹਾਂ ਮਿਲਾਉਣ ਤੋਂ ਇਨਕਾਰ ਕੀਤਾ ਤਾਂ ਪੁਲਿਸ ਨੇ ਠੀਕਰੀਵਾਲਾ ਪਿੰਡ ਦੇ ਸਾਂਝੇ ਖੂਹ ਉਪਰ ਪਾਣੀ ਖਿਚਣ ਵਾਲਾ ਗੜਵਾ-ਰੱਸਾ ਚੋਰੀ ਕਰਨ ਦਾ ਮੁਕੱਦਮਾ ਦਰਜ ਕਰਕੇ ਪਟਿਆਲਾ ਜੇਲ੍ਹ ਵਿਚ ਸੁੱਟਿਆ, ਜਿੱਥੇ ਉਸਦੀ ਮੌਤ ਹੋਈ।

ਪ੍ਰੋਫੈਸਰ ਨਫੀਸੀ ਦਾ ਬਾਕੀ ਲੋਕਾਂ ਵਾਂਗ ਖਿਆਲ ਸੀ ਕਿ ਇਨਕਲਾਬ ਲਈ ਜਦੋਂ ਜਹਿਦ ਖ਼ਤਮ ਹੋਈ, ਹੁਣ ਅਮਨ ਦੇ, ਸੁਖ ਦੇ ਦਿਨ ਆਉਣਗੇ। ਯੂਨੀਵਰਸਿਟੀਆਂ ਵਿਚ ਪੜ੍ਹਾਈ ਸ਼ੁਰੂ

www.punjabilibrary.com

ਹੋ ਗਈ ਪਰ ਹੁਣ ਅਜੀਬ ਕਿਸਮ ਦੀ ਹਲਚਲ ਦੇਖੀ ਗਈ। ਲਿਖਤੀ ਅਤੇ ਜ਼ਬਾਨੀ ਹੁਕਮਨਾਮੇ/ਰਹਿਤਨਾਮੇ ਜਾਰੀ ਹੋਣ ਲੱਗੇ। ਕੁੜੀਆਂ ਮੁੰਡਿਆਂ ਨਾਲ ਗੱਲਾਂ ਕਰਨ, ਇਹ ਮਨ੍ਹਾ ਹੋ ਗਿਆ। ਕੋਈ ਕੁੜੀ ਉੱਚੀ ਹੱਸੇਗੀ ਨਹੀਂ, ਉਚੀ ਬੋਲੇਗੀ ਨਹੀਂ ਤੇ ਜੇ ਲੇਟ ਹੋ ਗਈ ਤਾਂ ਦੌੜ ਕੇ ਕਲਾਸ ਰੂਮ ਵਿਚ ਨਹੀਂ ਜਾਏਗੀ। ਰੋਂਦਿਆਂ ਇਕ ਕੁੜੀ ਨੇ ਨਫੀਸੀ ਨੂੰ ਦੱਸਿਆ, ਮੈਂ ਇਸ ਕਰਕੇ ਲੇਟ ਹੋ ਗਈ ਮੈਡਮ, ਮੇਨ ਗੇਟ ਉਪਰ ਤੈਨਾਤ ਸੁਰੱਖਿਆ ਸਟਾਫ ਦੀਆਂ ਔਰਤਾਂ ਨੇ ਪਰਸ ਚੈੱਕ ਕੀਤਾ ਤਾਂ ਵਿਚੋਂ ਸੁਰਖੀ ਨਿਕਲ ਆਈ। ਉਹ ਬਜ਼ਿਦ ਸਨ ਕਿ ਤੇਰੇ ਮਾਪਿਆਂ ਨੂੰ ਬੁਲਾਕੇ ਇਹ ਤੇਰੀ ਕਰਤੂਤ ਦੱਸਣੀ ਹੈ, ਮੈਂ ਮਾਫੀਆਂ ਮੂਫੀਆਂ ਮੰਗ ਕੇ ਖਹਿੜਾ ਛੁਡਾ ਕੇ ਆਈ ਹਾਂ।

ਨਫੀਸੀ ਨੇ ਯੂਨੀਵਰਸਿਟੀ ਅਤੇ ਆਪਣੇ ਘਰ ਵਿਚ ਕੁੜੀਆਂ ਨੂੰ ਸੰਗਠਿਤ ਹੋਕੇ ਸੰਘਰਸ਼ ਕਰਨ ਵਾਸਤੇ ਪ੍ਰੇਰਿਤ ਕਰਨਾ ਸ਼ੁਰੂ ਕਰ ਦਿੱਤਾ। ਇਕ ਵਾਰ ਤਾਂ ਥੱਕ ਗਈ ਤੇ ਅਸਤੀਫਾ ਦੇਣ ਦੀ ਸਲਾਹ ਬਣਾਈ, ਇਕ ਕੁਲੀਗ ਨ ਕਿਹਾ- ਤੂੰ ਕਿਵੇਂ ਪੜ੍ਹਾਉਣਾ ਹੈ, ਕਿੰਨਾ ਚਿਰ ਪੜ੍ਹਾਉਣਾ ਹੈ, ਤੈਨੂੰ ਨੌਕਰੀ 'ਚੋਂ ਕੱਢਣਾ ਹੈ ਕਿ ਰੱਖਣਾ ਹੈ, ਜੇ ਕੱਢਣਾ ਹੈ ਤਾ ਕਿਵੇਂ, ਇਸ ਦਾ ਫੈਸਲਾ ਹੁਣ ਤੇਰੇ ਹੱਥ ਨਹੀਂ ਮੁੰਡਿਆਂ ਦੇ ਹੱਥ ਵਿਚ ਹੈ।

ਨੋਬੋਕੋਵ ਦਾ ਨਾਵਲ 'ਲੌਲਿਤਾ' ਦੁਨੀਆਂ ਭਰ ਵਿਚ ਚਰਚਿਤ ਰਿਹਾ ਹੈ। ਸਾਲ 1970 ਬੀਏ ਵਿਚ ਮੈਂ ਇਹ ਨਾਵਲ ਇਸ ਕਰਕੇ ਪੜ੍ਹਿਆ ਕਿਉਂਕਿ ਚਟਕਾਰੇਦਾਰ ਚੀਜ਼ ਸੀ। ਦੇਰ ਬਾਅਦ ਸਮਝ ਆਈ ਕਿ ਇਸ ਵਿਚਲੀ ਲਚਰਤਾ ਪਿਛੇ ਲੌਲਿਤਾ ਦੀ ਬੇਬਸੀ ਅਤੇ ਸ਼ੋਸ਼ਣ ਬਾਬਤ ਸੋਚਣ ਦੀ ਉਦੋਂ ਅਕਲ ਨਹੀਂ ਸੀ। ਪ੍ਰੋਫੈਸਰ ਨਫੀਸੀ ਆਪਣੀਆਂ ਵਿਦਿਆਰਥਣਾਂ ਨੂੰ ਇਸ ਪੱਖ ਤੋਂ ਜਾਣੂ ਕਰਵਾਉਣ ਵਾਸਤੇ ਇਸ ਕਿਤਾਬ ਨੂੰ ਕੇਂਦਰ ਬਣਾਉਂਦੀ ਹੈ। ਦੂਜੀ ਕਿਤਾਬ ਜਿਸ ਦਾ ਨਫੀਸੀ ਦੇ ਘਰ ਪਾਠ ਕੀਤਾ ਜਾਂਦਾ ਹੈ, ਉਹ ਹੈ, ਬੁਲਬੁਲ ਹਜ਼ਾਰ ਦਾਤਸਾਨ। ਪਰ ਇਹ ਸਾਰੀ ਚਰਚਾ ਚੋਣਵੀਆਂ ਵਿਦਿਆਰਥਣਾ ਨਾਲ ਉਹ ਆਪਣੇ ਘਰ ਵਿਚ ਕਰਦੀ ਹੈ, ਯੂਨੀਵਰਸਿਟੀ ਵਿਚ ਨਹੀਂ। ਕਹਾਣੀ ਵਿਚਲੀ ਆਪਣੀ ਮਲਕਾ ਦੀ ਬੇਵਫਾਈ ਸਾਬਤ ਹੋਣ ਪਿਛੋਂ ਬਾਦਸ਼ਾਹ ਉਸਨੂੰ ਤਾਂ ਮੌਤ ਦੀ ਸਜ਼ਾ ਦਿੰਦਾ ਹੀ ਹੈ, ਬਾਂਦੀਆਂ ਨੂੰ ਵੀ ਇੱਕ ਇੱਕ ਕਰਕੇ ਕਤਲ ਕੀਤਾ ਜਾਂਦਾ ਹੈ, ਇਸ ਸ਼ੱਕ ਨਾਲ ਕਿ ਉਹ ਇਸ ਪਾਪ ਵਿਚ ਹਿੱਸੇਦਾਰ ਹਨ। ਕਹਾਣੀਆਂ ਸੁਣਾ ਸੁਣਾ ਕੇ ਕੇਵਲ ਇਕ ਕੁੜੀ ਸ਼ਹਿਰਜ਼ਾਦ ਬਚਦੀ ਹੈ। ਲੋਕਾਂ ਨੂੰ ਯਾਦ ਰਹਿ ਜਾਂਦੀ ਹੈ ਬੇਵਫਾ ਮਕਤੂਲ ਮਲਕਾ ਜਾਂ ਬਚ ਗਈ ਸ਼ਹਿਰਜਾਦ। ਵਿਚ ਵਿਚਕਾਰ ਕਤਲ ਹੋਈਆਂ ਬਾਂਦੀਆਂ, ਜਿਨ੍ਹਾਂ ਦਾ ਕੋਈ ਕਸੂਰ ਨਹੀਂ, ਵਲ ਪਾਠਕਾਂ ਦਾ ਧਿਆਨ ਨਹੀਂ ਜਾਂਦਾ। ਇਹੀ ਉਹ ਆਪਣੀਆਂ ਵਿਦਿਆਰਥਣਾਂ ਨੂੰ ਦੱਸਣਾ ਚਾਹੁੰਦੀ ਹੈ ਕਿ ਅਣਗਿਣਤ ਈਰਾਨੀ ਕੁੜੀਆਂ ਦੇ ਦੁਖਾਂ ਦੀ ਦਾਸਤਾਨ ਵਲ ਤਵੱਜੋ ਦੇਣੀ ਪਵੇਗੀ। ਨੋਬੋਕੋਵ ਦੇ ਨਾਵਲ ਲੌਲਿਤਾ, ਨਫੀਸੀ ਦੀਆਂ ਕਿਤਾਬਾਂ, ਅਤੇ ਹਜ਼ਾਰ ਦਾਸਤਾਨ ਕਿਤਾਬਾਂ ਪੜ੍ਹਨ ਉਪਰ ਉਥੇ ਪਾਬੰਦੀ ਲੱਗੀ ਹੋਈ ਹੈ।

ਨਫੀਸੀ ਸੋਚਦੀ ਹੈ, "ਨੌਕਰੀਓਂ ਮੁਕਤ ਹੋਣ ਬਾਦ ਜਿਹੜੀ ਸੁੰਨ ਵਰਤੀ ਜਾਂ ਤਾਂ ਮੈਂ ਉਸ ਕਾਰਨ ਖੁਦਕੁਸ਼ੀ ਕਰਦੀ ਜਾਂ ਫਿਰ ਆਪਣੀ ਵਾਇਲਨ ਲੈਕੇ ਦਿਨ ਰਾਤ ਸੁਰ ਲਹਿਰਾਂ ਵਿਚ ਮਸਤ ਹੋ ਜਾਂਦੀ। ਮੈਂ ਦੂਜਾ ਰਸਤਾ ਚੁਣਿਆ। ਸਾਹਿਤ ਮੇਰੀ ਵਾਇਲਨ, ਮੇਰੀਆਂ ਵਿਦਿਆਰਥਣਾਂ ਉਸਦੀਆਂ ਸੁਰਾਂ।"

ਰਾਜ ਪਲਟੇ ਤੋਂ ਬਾਦ ਕੁੜੀਆਂ ਲਈ ਵਿਆਹ ਦੀ ਉਮਰ 18 ਸਾਲ ਤੋਂ ਘਟਾ ਕੇ ਜਦੋਂ 9 ਸਾਲ ਕਰ ਦਿਤੀ ਗਈ ਤੇ ਨਾਜਾਇਜ਼ ਕਾਮ ਸਬੰਧਾਂ ਦੀ ਸਜ਼ਾ ਪੱਥਰ ਮਾਰ ਕੇ ਮਾਰਨਾ ਕੀਤਾ ਗਿਆ ਤਾਂ ਇਸ ਵਿਰੁੱਧ ਤੂਫਾਨ ਖੜ੍ਹਾ ਹੋ ਗਿਆ, ਕਾਨੂੰਨ ਵਾਪਸ ਲੈਣਾ ਪਿਆ।

ਕੁੜੀਆਂ ਦੀ ਕਲਾਸ ਵਿਚ ਇਕ ਮੈਡਮ ਨੇ ਬਲੈਕਬੋਰਡ ਵਿਚਕਾਰ ਉਪਰੋਂ ਹੇਠਾਂ ਲਕੀਰ ਵਾਹ ਦਿੱਤੀ। ਖੱਬੇ ਪਾਸੇ ਲਿਖ ਦਿੱਤਾ ਈਸਾਈ ਕੁੜੀ, ਸੱਜੇ ਮੁਸਲਮਾਨ ਕੁੜੀ, ਦੱਸਣਾ ਸ਼ੁਰੂ ਕੀਤਾ - ਈਸਾਈ ਕੁੜੀ ਵਿਆਹ ਤੋਂ ਪਹਿਲਾਂ ਕੁਆਰੀ ਨਹੀਂ ਰਹਿੰਦੀ। ਮੁਸਲਮਾਨ ਕੁੜੀ ਕੁਆਰੀ ਰਹਿੰਦੀ ਹੈ। ਦੂਜਾ ਵਾਕ - ਵਿਆਹ ਤੋਂ ਬਾਦ ਵੀ ਈਸਾਈ ਕੁੜੀ ਸੱਜੇ ਖੱਬੇ ਮੂੰਹ ਮਾਰਨੋਂ ਨਹੀਂ ਹਟਦੀ, ਮੁਸਲਮਾਨ ਕੁੜੀ ਸਾਰੀ ਉਮਰ ਆਪਣੇ ਖਾਵੰਦ ਨਾਲ ਰਹਿੰਦੀ ਹੈ। ਇਵੇਂ ਹੀ ਕੱਪੜੇ ਪਹਿਨਣੇ, ਸੈਰ ਸਪਾਟਾ, ਸੁਰਖੀ ਬਿੰਦੀ ਆਦਿਕ ਫੈਸ਼ਨ ਦੀ ਤੁਲਨਾ ਕੀਤੀ। ਕੁੜੀਆਂ ਉਚੀ ਉਚੀ ਹੱਸਣ ਲੱਗ ਪਈਆਂ। ਮੈਡਮ ਨੇ ਕਾਰਨ ਪੁਛਿਆਂ ਤਾਂ ਇੱਕ ਹੌਂਸਲਾ ਕਰਕੇ ਬੋਲੀ - ਮੈਡਮ ਤੁਸੀਂ ਆਪਣੇ ਵੱਲੋਂ ਤਾਂ ਇਸਲਾਮ ਦੀਆਂ ਖ਼ੂਬੀਆਂ ਦਾ ਜ਼ਿਕਰ ਕਰ ਰਹੇ ਹੋ, ਕੁੜੀਆਂ ਇਸ ਕਰਕੇ ਹੱਸੀ ਜਾਂਦੀਆਂ ਨੇ ਕਿ ਤੁਹਾਡੀ ਵਿਆਖਿਆ ਨਾਲ ਉਨ੍ਹਾਂ ਦਾ ਈਸਾਈ ਬਣਨ ਨੂੰ ਜੀ ਕਰਨ ਲੱਗ ਪਿਐ। ਬੰਦ ਕਰੋ ਭਾਸ਼ਣ।

ਸਵਿਟਜ਼ਰਲੈਂਡ ਦੇ ਸਕੂਲ ਵਿਚ ਪੜ੍ਹਦੀ ਨਫੀਸੀ ਨੂੰ ਅਧਿਆਪਕ ਨੇ ਕਲਾਸ ਤੋਂ ਬਾਹਰ ਬੁਲਾ ਕੇ ਦੱਸਿਆ, ਤੇਰੇ ਪਿਤਾ ਨੂੰ ਸਰਕਾਰ ਨੇ ਗ੍ਰਿਫਤਾਰ ਕਰ ਲਿਆ ਹੈ। "ਮੈਂ ਆਪਣੇ ਪਿਤਾ ਨੂੰ ਮਿਲਣ ਤਹਿਰਾਨ ਗਈ। ਏਅਰਪੋਰਟ ਉਪਰ ਅਹਿਸਾਸ ਹੋਇਆ ਕਿ ਪਾਪਾ ਜੇਲ੍ਹ ਵਿਚ ਹਨ ਕਿਉਂਕਿ ਪਹਿਲੀ ਵਾਰ ਮੈਨੂੰ ਲੈਣ ਉਹ ਹਵਾਈ ਅੱਡੇ ਉਪਰ ਨਹੀਂ ਆਏ।" ਕਦੀ ਖਬਰ ਮਿਲਦੀ ਉਨ੍ਹਾਂ ਨੂੰ ਜਲਦੀ ਗੋਲੀ ਮਾਰ ਦਿੱਤੀ ਜਾਵੇਗੀ, ਕਦੀ ਕੋਈ ਆਖਦਾ, ਬਸ ਰਿਹਾਅ ਹੋਣ ਵਾਲੇ ਹਨ। ਅਜੇ ਤਿੰਨ ਹਫਤੇ ਪਹਿਲਾਂ ਪੈਰਿਸ ਮੈਚ ਅਖਬਾਰ ਵਿਚ ਛਪੀ ਉਨ੍ਹਾਂ ਦੀ ਵੱਡੀ ਰੰਗੀਨ ਫੋਟੋ ਦੇਖੀ ਸੀ। ਉਨ੍ਹਾਂ ਨਾਲ ਜਰਨੈਲ ਡੀ ਗਾਲ ਖਲੋਤੇ ਸਨ। ਡੀ ਗਾਲ ਜਦੋਂ ਤਹਿਰਾਨ ਆਇਆ ਸੀ ਤਾਂ ਅੱਬਾ ਨੇ ਫਰਾਂਸੀਸੀ ਜ਼ਬਾਨ ਵਿਚ ਸਵਾਗਤੀ ਭਾਸ਼ਣ ਦਿੱਤਾ ਸੀ ਜਿਸ ਵਿਚ ਵਿਕਟਰ ਹਿਉਗੋ ਸਮੇਤ ਅਨੇਕ ਫਰੈਂਚ ਚਿੰਤਕਾਂ ਦੇ ਹਵਾਲੇ ਦਿੱਤੇ ਸਨ। ਡੀਗਾਲ ਨੇ ਉਨ੍ਹਾਂ ਨੂੰ ਫਰਾਂਸ ਦਾ ਸਰਬੋਤਮ ਸਨਮਾਨ *ਲੀਅਨ ਆਫ ਆਨਰ* ਦੇਣ ਦਾ ਫੈਸਲਾ ਕੀਤਾ। ਪਿਛੋਂ ਜਾ ਕੇ ਜਦੋਂ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ, ਬਾਕੀ ਇਲਜ਼ਾਮ ਸਾਬਤ ਨਹੀਂ ਹੋਏ, ਅਦਾਲਤ ਨੇ ਕੇਵਲ ਇੱਕ ਦੋਸ਼ ਸਹੀ ਮੰਨਿਆ, ਉਹ ਸੀ-ਵੱਡਿਆਂ ਦਾ ਆਖਾ ਨਹੀਂ ਮੰਨਦਾ। ਧੀ ਲਿਖਦੀ ਹੈ ਇਹ ਦੋਸ਼ ਸਹੀ ਸੀ। ਇਸ ਦੋਸ਼ ਦੀ ਸਜ਼ਾ ਦਾ ਨਾ ਪਾਪਾ ਨੂੰ ਨਾ ਸਾਡੇ ਵਿਚੋਂ ਕਿਸੇ ਹੋਰ ਪਰਿਵਾਰਕ ਮੈਂਬਰ ਨੂੰ ਅਫਸੋਸ ਹੋਇਆ।

ਨਫੀਸੀ ਦੇ ਗੁਆਂਢ ਵਿਚ ਇਕ ਮੁੰਡਾ ਰਹਿੰਦਾ ਸੀ, ਪੂਰਾ ਅੱਯਾਸ਼। ਏਨੀ ਦੌਲਤ ਉਸ ਕੋਲ ਕਿਥੋਂ ਆਈ ਪਤਾ ਨਹੀਂ। ਕਦੀ ਕਦਾਈਂ ਸੁਣਦੇ, ਸਮੱਗਲਰ ਹੈ। ਉਸਦੇ ਘਰ ਵਿਚ ਇਕ ਦਿਨ ਹਥਿਆਰਬੰਦ ਮੁੰਡੇ (ਚੇਤੇ ਰਹੇ ਕਿ ਇਹ ਹਥਿਆਰਬੰਦ ਮੁੰਡੇ ਪੁਲੀਸ ਪਾਰਟੀ ਦੇ ਨਹੀਂ ਹੁੰਦੇ ਸਨ, ਆਪੇ ਬਣੇ ਇਸਲਾਮੀ ਸਕੁਐਡ ਸਨ) ਉਸਨੂੰ ਗ੍ਰਿਫਤਾਰ ਕਰਨ ਆ ਕੁੱਦੇ ਤਾਂ ਉਹ ਕੰਧ ਟੱਪ ਕੇ ਨਫੀਸੀ ਦੇ ਲਾਅਨ ਵਿਚ ਜਾ ਲੁਕਿਆ। ਇਹ ਮੁੰਡੇ ਨਫੀਸੀ ਦੇ ਘਰ ਆ ਗਏ ਤਾਂ ਉਹ ਡਰ ਗਈ, ਇਸ ਕਰਕੇ ਨਹੀਂ ਕਿ ਕਿਸੇ ਗ੍ਰਿਫਤਾਰੀ ਸਜ਼ਾ ਆਦਿਕ ਦਾ ਡਰ ਸੀ, ਛੁਪੇ ਦੁਸ਼ਮਣ ਨੂੰ ਗ੍ਰਿਫਤਾਰ ਕਰਨ ਜਾਂ ਮਾਰਨ ਵਾਸਤੇ ਜਦੋਂ ਉਹ ਛੱਤ ਉਪਰ ਚੜ੍ਹੇ, ਡਰ ਇਸ ਗੱਲ ਦਾ ਸੀ ਕਿ ਉਹ ਡਿਸ਼ ਐਂਟਿਨਾ ਦੇਖ ਲੈਣਗੇ ਕਿਉਂਕਿ ਡਿਸ਼ ਲਾਉਣੀ ਅਪਰਾਧ ਸੀ। ਪਰ ਉਹ ਆਪਣੇ ਸ਼ਿਕਾਰ ਦਾ ਪਿੱਛਾ ਏਨੇ ਇਕਾਗਰ ਚਿਤ ਹੋਕੇ ਕਰ ਰਹੇ ਹਨ ਕਿ ਇੱਕ ਮੁੰਡੇ ਨੇ ਡਿਸ਼ ਪਿਛੇ ਆਪਣੇ ਬਚਾਉ ਲਈ ਪੁਜ਼ੀਸ਼ਨ ਤਾਂ ਲੈ ਲਈ ਪਰ ਉਹ ਭੁੱਲ ਗਿਆ ਕਿ ਇਕ ਗੈਰਕਾਨੂੰਨੀ ਵਸਤੂ ਵੀ ਦੇਖੀ ਹੈ। ਕੁਝ ਫਾਇਰਾਂ ਪਿਛੋਂ ਛੁਪਿਆ ਮੁੰਡਾ ਫੜ ਲਿਆ ਗਿਆ। ਲਿਜਾਂਦਿਆਂ ਹੋਇਆਂ ਮੁੰਡਿਆਂ ਨੇ ਦੱਸਿਆ- ਇਹ ਵੱਡਾ ਸਮੱਗਲਰ ਹੈ। ਕਈ ਕਤਲ ਤਾਂ ਪੈਰਿਸ ਸ਼ਹਿਰ

ਵਿਚ ਕਰ ਚੁੱਕਿਆ ਹੈ। ਕੁਝ ਦਿਨਾਂ ਬਾਦ ਮੁੰਡਾ ਸਹੀ ਸਲਾਮਤ ਘਰ ਵਾਪਸ ਆ ਗਿਆ, ਇਕ ਦਿਨ ਨਫੀਸੀ ਦੇ ਘਰ ਆ ਕੇ ਕਹਿਣ ਲੱਗਾ- ਬੀਬੀ ਤੁਸੀਂ ਸਰਕਾਰ ਕੋਲ ਸ਼ਿਕਾਇਤ ਕਰੋ ਕਿ ਮੁਸ਼ਟੰਡੇ ਜਬਰਨ ਤੁਹਾਡੇ ਘਰ ਦਾਖਲ ਹੋਏ ਸਨ ਤੇ ਫਾਇਰਿੰਗ ਕੀਤੀ ਸੀ। ਨਫੀਸੀ ਨੇ ਸ਼ਿਕਾਇਤ ਕਰਨੀ ਹੀ ਨਹੀਂ ਸੀ। ਸਾਫ ਹੈ, ਸੌਦਾ ਹੋ ਗਿਆ। ਮੁੰਡਾ ਫੇਰ ਉਸੇ ਠਾਠ ਬਾਠ ਨਾਲ ਰਹਿਣ ਲੱਗਾ।

ਸਨਾਜ਼ ਤੇ ਉਹਦੀਆਂ ਸਹੇਲੀਆਂ ਕੈਸਪੀਅਨ ਸਾਗਰ ਕੰਢੇ ਛੁੱਟੀ ਮਨਾਉਣ ਗਈਆਂ। ਸਾਰੀਆਂ ਸਹੀ ਇਸਲਾਮਿਕ ਲਿਬਾਸ ਵਿਚ, ਜ਼ਾਬਤੇ ਵਿਚ। ਇਕ ਸਹੇਲੀ ਦਾ ਮੰਗੇਤਰ ਬੀਚ ਕਿਨਾਰੇ ਰਹਿੰਦਾ ਸੀ, ਫੈਸਲਾ ਹੋਇਆ ਚਾਹ ਉਸਦੇ ਘਰ ਪੀਣੀ ਹੈ। ਸਭ ਪਰਿਵਾਰਕ ਮੈਂਬਰ ਬੈਠੇ ਸਨ ਤਾਂ ਵਿਹੜੇ ਦੀ ਕੰਧ ਉਪਰੋਂ ਕੁੱਦ ਕੇ ਇਸਲਾਮਿਕ ਸਕੁਐਡ ਦੇ ਹਥਿਆਰਬੰਦ ਮੁੰਡੇ ਅੰਦਰ ਆਏ। ਤਲਾਸ਼ੀਆਂ ਲਈਆਂ ਗਈਆਂ। ਨਾ ਨਸ਼ਾ ਮਿਲਿਆ, ਨਾ ਇਤਰਾਜ਼ਯੋਗ ਕੋਈ ਸੀਡੀ, ਨਾ ਕੁੱਝ ਹੋਰ। ਪਰ ਕਿਉਂਕਿ ਮੁੰਡਿਆਂ ਕੋਲ ਤਲਾਸ਼ੀ ਵਰੰਟ ਸੀ, ਉਨ੍ਹਾਂ ਆਪਣਾ ਰੇਡ ਵਿਅਰਥ ਨਹੀਂ ਗੁਆਉਣਾ ਸੀ। ਜੇਲ੍ਹ ਵਿਚ ਲੈ ਗਏ। ਉਥੇ 48 ਘੰਟੇ ਉਸ ਕਮਰੇ ਵਿਚ ਰੱਖੀਆਂ ਜਿਥੇ ਨਸ਼ੇੜੀ ਜਨਾਨੀਆਂ ਤੇ ਵੇਸਵਾਵਾਂ ਬੰਦ ਸਨ। ਫਿਰ ਮੈਡੀਕਲ ਅਫਸਰ ਕੋਲ ਭੇਜੀਆਂ ਗਈਆਂ ਕਿ ਕੁਆਰ-ਟੈਸਟ ਕਰੋ, ਲੇਡੀ ਡਾਕਟਰ ਨਾਲ ਮੈਡੀਕਲ ਕਾਲਜ ਦੀਆਂ ਵਿਦਿਆਰਥਣਾਂ ਵੀ ਸਨ ਜਿਨ੍ਹਾਂ ਇਹ ਕੰਮ ਸਿੱਖਣਾ ਸੀ। ਡਾਕਟਰ ਨੇ ਕਿਹਾ ਕੁੜੀਆਂ ਠੀਕ ਨੇ। ਮੁੰਡੇ ਕਿਥੇ ਮੰਨਣ ਵਾਲੇ ਸਨ? ਇਹ ਸਚ ਕੇ ਕਿ ਰਿਆਇਤ ਕੀਤੀ ਗਈ ਹੈ, ਪ੍ਰਾਈਵੇਟ ਕਲਿਨਿਕ ਲੈ ਗਏ। ਉਥੇ ਵੀ ਰਿਪੋਰਟ ਸਹੀ ਮਿਲੀ। ਫਿਰ ਕਿਹਾ, ਬਿਨਾਂ ਦੱਸੇ ਘਰੋਂ ਕਿਉਂ ਆਈਆਂ? ਕੁੜੀਆਂ ਨੇ ਕਿਹਾ - ਦੱਸ ਕੇ ਆਈਆਂ ਹਾਂ, ਸਾਡੇ ਮਾਪਿਆਂ ਨੂੰ ਬੁਲਾਉ ਤਾਂ ਸਹੀ। ਪੱਚੀ ਪੱਚੀ ਕੋੜਿਆਂ ਦੀ ਸਜ਼ਾ ਦਿੱਤੀ ਗਈ। ਲੱਭਦੇ ਲਭਦੇ ਜਦੋਂ ਮਾਪੇ ਕੁੜੀਆਂ ਤੱਕ ਪੁੱਜ, ਉਹ ਅਧਮਰੀਆਂ ਹੋਈਆਂ ਪਈਆਂ ਸਨ।

ਈਰਾਨੀ ਮੁੰਡਿਆਂ ਦੀਆਂ ਇਹ ਕਾਰਵਾਈਆਂ ਪੜ੍ਹ ਕੇ ਮੈਨੂੰ ਗੁੱਸਾ ਆਉਣ ਲੱਗਾ ਪਰ ਜਲਦੀ ਮੇਰਾ ਦਿਮਾਗ ਠੀਕ ਵੀ ਹੋ ਗਿਆ ਜਦੋਂ ਯਾਦ ਆਇਆ ਕਿ ਈਰਾਨ ਵਿਚ ਇਨਕਲਾਬ ਆਉਣ ਬਾਦ ਅਜਿਹੇ ਹੁਕਮ ਜਾਰੀ ਹੋਏ, ਪੰਜਾਬ ਵਿਚ ਤਾਂ ਖਾਲਿਸਤਾਨ ਬਣਨ ਤੋਂ ਪਹਿਲਾਂ ਹੀ ਖਾਲਸਈ ਕੋਡ ਆਫ ਕੰਡਕਟ ਲਾਗੂ ਹੋ ਗਏ ਸਨ। ਇਕ ਪ੍ਰੋਫੈਸਰ ਨੇ ਮੈਨੂੰ ਪੁੱਛਿਆ, ਹੁਕਮ ਆਇਐ ਕਿ ਦਾਹੜੇ ਖੋਲ੍ਹ ਦਿਉ ਨਹੀਂ ਤਾਂ ਗੋਲੀ ਦਾਗ ਦਿੱਤੀ ਜਾਏਗੀ। ਕੀ ਕਰਾਂ? ਮੈਂ ਕਿਹਾ- ਏਕੇ ਸੰਤਾਲੀ ਦੀ ਗੋਲੀ ਜੇ ਜ਼ਿਆਦਾ ਮਿੱਠੀ ਐ ਤਾਂ ਖਾ ਲੈ। ਉਸਨੂੰ ਤਾਂ ਮੈਂ ਇਹ ਗੱਲ ਆਖ ਦਿੱਤੀ, ਮੈਂ ਜਿਹੜਾ ਪਹਿਲੋਂ ਹੀ ਦਾਹੜੀ ਖੁੱਲ੍ਹੀ ਰੱਖਣ ਦਾ ਆਦੀ ਸਾਂ, ਮੇਰਾ ਦਿਲ ਕੀਤਾ ਸੀ ਕਿ ਦਾਹੜੀ ਬੰਨ੍ਹ ਦੇ ਇਨ੍ਹਾਂ ਯੋਧਿਆਂ ਹੱਥੋਂ ਮਰਨਾ ਵਧੀਕ ਚੰਗਾ ਰਹੇ।

ਦਿਨ ਰਾਤ ਪਰਚਾਰ ਹੋਣ ਲੱਗਾ, ਵਿਸਕੀ ਬੰਦ, ਆਪਣੇ ਬੰਦ ਘਰਾਂ ਅੰਦਰ ਵੀ। ਨਾ ਨੱਚਣਾ ਹੈ ਨਾ ਕੁੜੀਆਂ ਨੇ ਖੇਡਣਾ ਹੈ, ਪੱਛਮ ਦਾ ਬਾਸੀ ਲਚਰ ਸੰਗੀਤ ਮਨ੍ਹਾ ਹੈ, ਕੇਵਲ ਲੋਕ ਸੰਗੀਤ ਜਾਂ ਇਨਕਲਾਬੀ ਗੀਤ। ਗੁੱਤਾਂ ਕਰਕੇ ਰੱਖੋ ਤੇ ਜਿੰਨਾ ਕੁ ਸੰਭਵ ਹੋਵੇ ਕੁੜੀਆਂ ਪੜ੍ਹਨ ਲਿਖਣ ਦੀ ਬੁਰਜੁਆ ਰੁਚੀ ਤਿਆਗ ਦੇਣ। ਇਕ ਦਿਨ ਨਫੀਸੀ ਆਪਣੇ ਖਾਵੰਦ ਨਾਲ ਯੂਨੀਵਰਸਿਟੀ ਜਾ ਰਹੀ ਸੀ। ਗੇਟ ਅੱਗੇ ਭੀੜ ਸੀ ਤੇ ਜਮ ਕੇ ਲੜਾਈ ਹੋ ਰਹੀ ਸੀ। ਪਤਾ ਲੱਗਾ ਕਿ ਨੇਤਾ ਤਿਲਗਾਨੀ ਮਰ ਗਿਆ ਹੈ। ਓਸ ਦੀ ਲਾਸ਼ ਲਿਜਾਣ ਪਿਛੇ ਇੱਕ ਪਾਸੇ

ਹਿਜਬੁੱਲਾ ਪਾਰਟੀ ਦੇ ਮੈਂਬਰ ਆਪਣਾ ਹੱਕ ਜਤਾ ਰਹੇ ਸਨ, ਦੂਜੇ ਪਾਸੇ ਮੁਜਾਹਿਦੀਨ। ਮੁਜਾਹਿਦੀਨਾ ਦਾ ਦਾਅਵਾ ਸੀ ਕਿ ਉਹ ਧਰਮੀ ਨੇਤਾ ਦੇ ਵਾਰਸ ਹਨ ਪਰ ਹਿਜ਼ਬੁੱਲਾ ਪਾਰਟੀ, ਜੋ ਰੱਬ ਦਾ ਕਾਨੂੰਨ ਧਰਤੀ ਉਪਰ ਇਨ ਬਿਨ ਲਾਗੂ ਕਰਨ ਵਾਸਤੇ ਵਚਨਬੱਧ ਹੈ, ਉਹ ਖਿਚ ਧੂਹ ਕਰ ਰਹੇ ਸਨ। ਆਮ ਲੋਕ ਆਪਣੇ ਸਿਰ ਅਤੇ ਛਾਤੀਆਂ ਪਿੱਟ ਰਹੇ ਚੀਕ ਰਹੇ ਸਨ - ਅੱਜ ਦੁਖਦਾਈ ਦਿਨ ਹੈ, ਅੱਜ ਤਿਲਗਾਨੀ ਬਹਿਸ਼ਤ ਵਿਚ ਚਲਾ ਗਿਆ ਹੈ।

ਇਸਲਾਮਿਕ ਸਟੇਟ ਨੇ ਕਿੰਨੇ ਲੱਖ ਬੰਦੇ ਸ਼ਾਹ ਦੇ ਮੁਰੀਦ ਆਖ ਕੇ ਮਾਰੇ, ਕੋਈ ਗਿਣਤੀ ਨਹੀਂ ਕਿਉਂਕਿ ਪ੍ਰੈਸ ਉਪਰ ਸਖਤ ਸੈਂਸਰ ਸੀ। ਆਇਤੁੱਲਾ ਖੁਮੀਨੀ ਦਾ ਬਿਆਨ ਆਇਆ- ਅਸੀਂ ਰੂਲਿੰਗ ਪਾਰਟੀ ਨੂੰ ਛੱਡ ਕੇ ਬਾਕੀ ਸਭ ਸਿਆਸੀ ਪਾਰਟੀਆਂ ਉਪਰ ਪਾਬੰਦੀ ਲਾ ਦਿੱਤੀ ਹੈ...ਗਲਤੀਆਂ ਕਿਸ ਤੋਂ ਨੀ ਹੁੰਦੀਆਂ? ਅਸੀਂ ਸਮਝਦੇ ਰਹੇ ਸਾਡਾ ਵਾਹ ਬੰਦਿਆਂ ਨਾਲ ਪਵੇਗਾ। ਪਰ ਇਹ ਸਾਡੀ ਗਲਤੀ ਸੀ। ਸਾਨੂੰ ਤਾਂ ਜੰਗਲੀ ਜਾਨਵਰਾਂ ਨਾਲ ਸਿੱਝਣਾ ਪੈ ਰਿਹਾ ਹੈ। ਅਸੀਂ ਕਿਸੇ ਸੂਰਤ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ।

ਨਫੀਸੀ ਨੇ ਆਪਣੀ ਕਲਾਸ ਵਿਚ ਜਰਮਨ ਚਿੰਤਕ ਥਿਓਡੋਰ ਅਡੋਰਨੋ ਦਾ ਇਹ ਵਾਕ ਵਿਦਿਆਰਥੀਆਂ ਨੂ ਨੋਟ ਕਰਵਾਇਆ- ਸਰਬੋਤਮ ਸਦਾਚਾਰ ਉਹ ਹੁੰਦਾ ਹੈ ਜਿਹੜਾ ਤੁਹਾਨੂੰ ਆਪਣੇ ਘਰ ਵਿਚ ਵੀ ਬੇਚੈਨ ਰੱਖੇ।

ਐਮਨੈਸਟੀ ਇੰਟਰਨੈਸ਼ਨਲ ਦੇ ਜੁਲਾਈ 1982, ਜਿਲਦ XII ਨੰ. 7 ਤੋਂ ਇਹ ਸੂਚਨਾ ਪ੍ਰਾਪਤ ਹੋਈ: ਨਾਮ- ਉਮੀਦ ਗਰੀਬ; ਗ੍ਰਿਫਤਾਰੀ 9.6.1980; ਗ੍ਰਿਫਤਾਰੀ ਦਾ ਥਾਂ- ਤਹਿਰਾਨ; ਕੈਦ- ਕਜ਼ਰ ਜੇਲ੍ਹ ਤਹਿਰਾਨ; ਦੋਸ਼- ਪੱਛਮੀ ਆਦਤਾਂ, ਪੱਛਮੀ ਕਲਚਰ ਵਿਚ ਜੰਮਿਆਂ ਪਲਿਆ, ਪੜ੍ਹਨ ਲਈ ਦੇਰ ਤੱਕ ਪੱਛਮ ਵਿਚ ਰਿਹਾ, ਸਿਗਰਟ ਪੱਛਮੀ ਪੀਂਦਾ ਹੈ, ਖੱਬੀਆਂ ਰੁਚੀਆਂ ਵੀ ਦੇਖੀਆਂ ਗਈਆਂ; ਕੈਦ- ਪਹਿਲੋਂ ਤਿੰਨ ਸਾਲ ਫੇਰ ਮੌਤ, ਮੁਕੱਦਮੇ ਦਾ ਵੇਰਵਾ- ਦੋਸ਼ੀ ਤੇ ਬੰਦ ਕਮਰਾ ਜੇਲ੍ਹ ਵਿਚ ਮੁੱਕਦਮੇ ਦੀ ਸੁਣਵਾਈ ਹੋਈ। ਉਸਨੇ ਇਕ ਦੋਸਤ ਨੂੰ ਫਰਾਂਸ ਦੇ ਸਿਰਨਾਵੇਂ ਤ ਖ਼ਤ ਲਿਖਿਆ ਜਿਸ ਤੋਂ ਅਧਿਕਾਰੀਆਂ ਨੂੰ ਉਸ ਬਾਰੇ ਸੂਚਨਾ ਮਿਲੀ; ਸਾਲ 1980 ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ। ਉਮੀਦ ਗਰੀਬ ਜਦੋਂ ਆਪਣੀ ਸਜ਼ਾ ਭੁਗਤ ਰਿਹਾ ਸੀ 2 ਫਰਵਰੀ 82, ਮਾਪਿਆਂ ਨੂੰ ਖਬਰ ਮਿਲੀ ਕਿ ਉਸਨੂੰ ਫਾਹੇ ਲਾ ਦਿੱਤਾ। ਫਾਂਸੀ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ।

ਜਦੋਂ ਅੰਤਰਾਸ਼ਟਰੀ ਮਨੁਖ ਅਧਿਕਾਰ ਸੰਗਠਨਾਂ ਨ ਇਨ੍ਹਾਂ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ ਤਾ ਖੁਮੀਨੀ ਦਾ ਬਿਆਨ ਆਇਆ- ਅਪਰਾਧੀਆਂ ਉਪਰ ਮੁਕੱਦਮਾ ਚਲਾਉਣ ਦੀ ਲੋੜ ਨਹੀਂ। ਗੁਨਾਹਗਾਰ ਉਪਰ ਮੁਕੱਦਮਾ ਚਲਾਇਆ ਜਾਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੋੜ ਹੈ ਕਿ ਅਪਰਾਧੀ ਨੂੰ ਫੜਨ ਸਾਰ ਮਾਰ ਦਿੱਤਾ ਜਾਵੇ। ਲੋਕ ਸਾਨੂੰ ਨਿੰਦ ਰਹੇ ਹਨ ਕਿਉਂਕਿ ਅਸੀਂ ਦਰਿੰਦਿਆਂ ਨੂੰ ਮਾਰ ਰਹੇ ਹਾਂ।

ਮੌਲਵੀਆਂ ਨੇ ਔਰਤਾਂ ਦੇ ਅਧਿਕਾਰ ਨੂੰ ਇਕ ਤੋਂ ਬਾਦ ਇਕ ਝਟਕਾ ਦਿੱਤਾ। ਬੁਰਕੇ ਵਕਤ ਬੜੀ ਦਿੱਕਤ ਆਈ। ਜਬਰਨ ਬੁਰਕਾ ਪਹਿਨਣ ਵਿਰੁੱਧ ਔਰਤਾਂ ਨੇ ਕਈ ਵਾਰ ਤਾਂ ਹਥਿਆਰ ਬੰਦ ਵਿਰੋਧ ਕੀਤੇ। ਰਜ਼ਾ ਸ਼ਾਹ ਪਹਿਲਵੀ ਨੇ 1936 ਵਿਚ ਕਾਨੂੰਨ ਬਣਾਇਆ ਸੀ ਕਿ ਬੁਰਕਾ ਪਹਿਨਣਾਂ ਜਾਂ ਨਾ ਪਹਿਨਣਾ ਔਰਤ ਦਾ ਨਿੱਜੀ ਮਸਲਾ ਹੈ, ਇਸ ਵਿਚ ਦਖਲਅੰਦਾਜ਼ੀ ਉਪਰ ਪਾਬੰਦੀ ਹੈ। ਪਰ ਮੌਲਵੀ ਬੇਚੈਨ ਸਨ। ਜਦੋਂ ਤੱਕ ਬੁਰਕਾ ਲਾਜ਼ਮੀ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕਿਵੇਂ ਮੰਨਿਆ ਜਾਇਗਾ ਕਿ ਸ਼ਾਹ ਨਹੀਂ ਰਿਹਾ, ਕਿ ਇਹ ਇਸਲਮਿਕ ਗਣਰਾਜ ਹੈ? ਨਫੀਸੀ ਨੇ ਥਾਂ ਥਾਂ ਭਾਸ਼ਣ ਦਿੱਤੇ ਕਿ ਮੇਰੀ ਦਾਦੀ ਤੇ ਨਾਨੀ ਮਰਨ

ਤੱਕ ਬੁਰਕਾ ਪਹਿਨਦੀਆਂ ਰਹੀਆਂ ਹਾਲਾਂ ਕਿ ਮੇਰੀ ਮਾਂ ਨੇ ਛੱਡ ਦਿੱਤਾ ਸੀ। ਹੁਣ ਤਕ ਬਥੇਰੀਆਂ ਔਰਤਾਂ ਖੁਸ਼ੀ ਖੁਸ਼ੀ ਬੁਰਕਾ ਪਹਿਨਦੀਆਂ ਹਨ ਪਰ ਜਬਰਨ ਬੁਰਕੇ ਵਾਲੇ ਕਾਨੂੰਨ ਖਿਲਾਫ ਅੰਦੋਲਨ ਕਰਾਂਗੇ।

ਕਾਫੀ ਹਾਊਸ ਵਿਚ ਨਫੀਸੀ ਨੇ ਦੇਖਿਆ, ਉਸਦਾ ਇਕ ਕਮਿਊਨਿਸਟ ਵਿਦਿਆਰਥੀ ਜੋਸ਼ ਨਾਲ ਇੱਕ ਮੇਜ਼ ਨੇੜੇ ਖਲੋਤਾ ਕੋਕ ਪੀਂਦਾ ਆਖ ਰਿਹਾ ਸੀ- ਦੁਸ਼ਮਣ ਦੋ ਤਰ੍ਹਾਂ ਦਾ ਹੁੰਦੈ। ਇਕ ਉਹ ਜੋ ਸਾਹਮਣੇ ਐਲਾਨੀਆਂ ਦਿਸਦਾ ਹੈ। ਇਕ ਉਹ ਜੋ ਤੁਹਾਡੇ ਵਿਚ ਬੈਠਾ ਹੈ, ਲਗਦਾ ਦੋਸਤ ਹੈ ਪਰ ਹੈ ਦੁਸ਼ਮਣ। ਦੋਵੇਂ ਇਕੋ ਤਰੀਕੇ ਮਾਰਨੇ ਚਾਹੀਦੇ ਨੇ। ਕੀ ਸਟਾਲਿਨ ਨੇ ਤਾਸਕੀ ਦੇ ਚੇਲੇ, ਵਾਈਟ ਗਾਰਡ, ਸਿਉਂਕ ਤੇ ਚੂਹੇ ਮਾਰੇ ਨਹੀਂ ਸਨ?

ਖੁਮੀਨੀ ਨੂੰ ਜਦੋਂ ਦੱਸਿਆ ਗਿਆ ਕਿ ਫਲਾਣੀ ਯੂਨੀਵਰਸਿਟੀ ਵਿਚ ਕਾਮਰੇਡਾਂ ਦਾ ਬੜਾ ਦਬਦਬਾ ਹੈ, ਉਸਨੇ ਮੁਸਲਮਾਨ ਵਿਦਿਆਰਥੀਆਂ ਨੂੰ ਕਿਹਾ- ਮੁੱਠੀ ਭਰ ਕਾਮਰੇਡ ਦਾਨਿਸ਼ਗਾਹ ਤੇ ਕਾਬਜ਼, ਤੁਸੀਂ ਹੱਥ ਤੇ ਹੱਥ ਧਰੀ ਬੈਠੇ ਓ? ਉਨ੍ਹਾਂ ਖਿਲਾਫ ਦਲੀਲਾਂ ਤਿਆਰ ਕਰੋ, ਉਨ੍ਹਾਂ ਨੂੰ ਵੰਗਾਰੋ, ਖੜ੍ਹੇ ਹੋ ਜਾਓ ਤੇ ਦੱਸੋ ਤੁਸੀਂ ਤਕੜੇ ਹੋ। ਫਰਜ਼ ਕਰੋ ਇਕ ਬੰਦੇ ਕੋਲ ਦੋ ਕੁੱਤੇ ਨੇ, ਇਕ ਦਾ ਨਾਮ ਉਸਨੇ ਸੱਯਦ ਰੱਖ ਦਿੱਤਾ ਹੈ ਤੇ ਦੂਜੇ ਦਾ ਨਾਮ ਸ਼ੇਖ, ਤਾਂ ਫੇਰ ਤੁਸੀਂ ਉਸਤੇ ਮੁਕੱਦਮਾ ਚਲਾਉਗੇ? ਗੋਲੀ ਮਾਰ ਕੇ ਕੰਮ ਤਮਾਮ ਕਰੋ। ਹਮਲਾ ਕਰੋ ਤਾਂ ਕਿ ਦੁਸ਼ਮਣ ਸ਼ਿਕਾਇਤ ਕਰਦਾ ਫਿਰੇ। ਸ਼ਿਕਾਰ ਨਾ ਹੋਵੋ ਸ਼ਿਕਾਰੀ ਬਣੋ।

ਜਦੋਂ ਦੇਖਿਆ ਕਿ ਔਰਤਾਂ ਬੁਰਕਾ ਪਹਿਨਣ ਤੋਂ ਇਨਕਾਰੀ ਨੇ ਤਾਂ ਸਖਤੀ ਵਰਤਣ ਦਾ ਫੈਸਲਾ ਹੋਇਆ। ਪਹਿਲਾਂ ਕੰਮਕਾਜੀ ਔਰਤਾਂ ਨੂੰ ਕਿਹਾ ਗਿਆ ਜੇ ਬੁਰਕਾ ਨਹੀਂ ਪਹਿਨਣਾ ਤਾਂ ਨੌਕਰੀ ਤੋਂ ਛੁੱਟੀ। ਫੇਰ ਬਜ਼ਾਰਾਂ, ਦੁਕਾਨਾਂ ਵਿਚ ਕਿਹਾ ਗਿਆ ਕਿ ਦੁਕਾਨਦਾਰ ਉਨ੍ਹਾਂ ਔਰਤਾਂ ਨੂੰ ਸੌਦਾ ਨਹੀਂ ਦੇਣਗੇ ਜਿਨ੍ਹਾਂ ਨੇ ਬੁਰਕਾ ਨਾ ਪਾਇਆ ਹੋਵੇ, ਇਨਕਾਰ ਕਰਨ ਤਾਂ ਸਰਕਾਰ ਨੂੰ ਦੱਸੋ। ਸਦਾਚਾਰਕ-ਸਕੁਐਡ ਬਣਾਏ ਗਏ, ਚਿੱਟੀਆਂ ਵਰਦੀਆਂ, ਚਿੱਟੀ ਟੋਯੋਟਾ ਕਾਰ ਵਿਚ ਚਾਰ ਜੁਆਨ ਇਕ ਔਰਤ। ਜਿਥੇ ਕਿਸੇ ਨੂੰ ਬਗੈਰ ਬੁਰਕਾ ਦੇਖਣ, ਜਾਂ ਦੁਕਾਨਦਾਰ ਬਾਗੀ ਔਰਤ ਨੂੰ ਸੌਦਾ ਦਿੰਦਾ ਦਿੱਸੇ, ਭਾਰੀ ਜੁਰਮਾਨੇ ਕਰੋ, ਛਿਅੱਤਰ ਕੋੜਿਆਂ ਤੱਕ ਦੀ ਸਜਾ ਦਿਉ।

ਅਰਬਾਂ ਨੇ ਜਦੋਂ ਛੇਵੀਂ ਸਦੀ ਵਿਚ ਈਰਾਨ ਤੇ ਹੱਲਾ ਬੋਲਿਆ, ਈਰਾਨੀ ਸ਼ਾਇਦ ਆਪਣੇ ਬਾਦਸ਼ਾਹਾਂ ਦੇ ਜੁਲਮ ਤੋਂ ਅੱਕੇ ਹੋਣਗੇ, ਦੁਸ਼ਮਣ ਲਈ ਦਰਵਾਜ਼ੇ ਖੋਲ੍ਹ ਦਿੱਤੇ। ਅਰਬਾਂ ਨੇ ਪਹਿਲਾਂ ਮਹਿਲ ਲੁਟੇ ਫੇਰ ਈਰਾਨੀਆਂ ਦੇ ਘਰ ਤੇ ਮੰਦਰ ਲੁੱਟੇ, ਧਰਮ ਗ੍ਰੰਥਾਂ ਨੂੰ ਅੱਗਾਂ ਲਾਈਆਂ। ਜਦੋਂ ਈਰਾਨੀਆਂ ਨੂੰ ਸਮਝ ਆਈ ਉਦੋਂ ਤੱਕ ਉਨ੍ਹਾਂ ਦਾ ਵਿਰਸਾ, ਇਤਿਹਾਸ, ਧਰਮ, ਸਾਹਿਤ, ਬੋਲੀ ਸਭ ਕੁਝ ਥੇਹ ਹੋ ਚੁੱਕਾ ਸੀ। ਨਫੀਸੀ ਲਿਖਦੀ ਹੈ - ਅੱਬਾ ਸਾਨੂੰ ਫਿਰਦੌਸੀ ਤੇ ਰੂਮੀ ਪੜ੍ਹਾਉਂਦੇ ਕਿਹਾ ਕਰਦੇ, ਜਿਹੜਾ ਖੂਬਸੂਰਤ ਇਤਿਹਾਸ ਫਿਰਦੌਸੀ ਨੇ ਲਿਖਿਆ, ਉਹ ਉਸਦੀ ਆਪਣੀ ਘਾੜਤ ਹੈ, ਉਹ ਸਾਰਾ ਮਿੱਥ ਹੈ। ਪਰ ਫੇਰ ਵੀ ਆਪਣਾ ਅਸਲੀ ਘਰ ਉਹੀ ਹੈ, ਆਪਣਾ ਦੇਸ ਉਹੀ ਹੈ ਜਿਹੜਾ ਫਿਰਦੌਸੀ, ਰੂਮੀ ਤੇ ਹਾਫਿਜ਼ ਨੇ ਘੜਿਆ। ਦੁਸ਼ਮਣ ਵਾਸਤੇ ਹੁਣ ਆਪਾਂ ਫੇਰ ਦਰਵਾਜ਼ੇ ਖੋਲ੍ਹ ਦਿੱਤੇ। ਐਤਕੀ ਦੁਸ਼ਮਣ ਨੂੰ ਦੂਰੋਂ ਚੱਲ ਕੇ ਨੀਂ ਆਉਣਾ ਪਿਆ। ਮੈਨੂੰ ਕਿਸੇ ਹੋਰ ਚੀਜ਼ ਦਾ ਵਧੀਕ ਫਿਕਰ ਨਹੀਂ, ਫਿਕਰ ਇਹ ਹੈ ਕਿ ਉਹ ਰੂਮੀ ਅਤੇ ਹਾਫਿਜ਼ ਨੂੰ ਸੈਂਸਰ ਕਰ ਰਹੇ ਨੇ। ਸਾਡਾ ਉਹ ਸੁਹਣਾ ਦੇਸ ਜਿਹੜਾ ਵਿਦੇਸ਼ੀ ਧਾੜਵੀਆਂ ਨੇ ਉਜਾੜਿਆ, ਫਿਰਦੌਸੀ, ਰੂਮੀ ਤੇ ਹਾਫਿਜ ਨੇ ਫੇਰ ਬਣਾ ਦਿੱਤਾ ਸੀ, ਹੁਣ ਉਹ ਫੇਰ ਉਜੜਨ ਲੱਗ ਪਿਐ। ਨੀਤਸ਼ੇ ਨੇ ਲਿਖਿਆ- ਦਰਿੰਦੇ ਨੂੰ ਮਾਰੋ ਪਰ ਧਿਆਨ

www.punjabilibrary.com

ਰੱਖਿਓ ਖੁਦ ਦਰਿੰਦੇ ਨਹੀਂ ਬਣਨਾ। ਅੰਨ੍ਹੇ ਖੂਹ ਵਿੱਚ ਝਾਤ ਮਾਰੋਗੇ, ਚੇਤੇ ਰੱਖਣਾ, ਅੰਨ੍ਹਾ ਖੂਹ ਤੁਹਾਡੇ ਵੱਲ ਵੀ ਝਾਤ ਮਾਰੇਗਾ।

ਨਫੀਸੀ ਆਖਦੀ ਹੈ- ਮੈਂ ਪੜ੍ਹਾਉਣਾ ਛੱਡ ਦਿੱਤਾ। ਮੈਂ ਗੱਲ ਕਰਨੀ ਛੱਡ ਦਿੱਤੀ। ਮੈਂ ਘਰ ਦੇ ਅੰਦਰ ਅੰਦਰ ਰਹਿਣ ਲੱਗੀ। ਇਹ ਨਾ ਜਾਣਿਓਂ ਕਿ ਮੈਂ ਹਾਰ ਗਈ ਸੀ। ਮੈਂ ਲਾਚਾਰ, ਮਜਬੂਰ ਸਾਂ, ਹਾਰੀ ਨਹੀਂ। ਜੇ ਮੈਂ ਦੁਸ਼ਮਣ ਦੀ ਹਾਂ ਵਿਚ ਹਾਂ ਮਿਲਾਉਂਦੀ ਫੇਰ ਤੁਸੀਂ ਆਖ ਦਿੰਦੇ ਨਫੀਸੀ ਹਾਰ ਗਈ। ਚੁਪ ਹੋਣਾ ਪਿਆ। ਮੈਂ ਚੁੱਪ ਦੀ ਮਾਡਲ ਨਹੀਂ ਬਣੀ। ਠੀਕ ਹੈ ਮੈਂ ਜਿੱਤੀ ਨਹੀਂ, ਪਰ ਸਾਬਤ ਕਰੋ ਕਿ ਮੈਂ ਹਾਰੀ ਹਾਂ। ਖਾਮੋਸ਼ ਬੰਦਾ ਬੁਜ਼ਦਿਲ ਨੀਂ ਹੋਇਆ ਕਰਦਾ। ਮੈਂ ਇਸਲਾਮਿਕ ਰਿਪਬਲਿਕ ਆਫ ਈਰਾਨ ਤੋਂ ਬਾਹਰ ਹੋ ਗਈ ਹਾਂ, ਦੁਨੀਆਂ ਦੇ ਤਾਂ ਅੰਦਰ ਹਾਂ ਅਜੇ। ਜਿਵੇਂ ਮੈਨੂੰ ਆਪਣੇ ਅੱਬੂ ਤੇ ਮਾਣ ਹੈ, ਉਵੇਂ ਮੇਰਾ ਸ਼ਾਇਰ ਅੱਬਾ ਮੇਰੇ ਤੇ ਫ਼ਖ਼ਰ ਕਰਦਾ ਹੈ।

ਨਫੀਸੀ ਅਮਰੀਕਾ ਤੋਂ ਵਾਪਸ ਆਈ, ਪੁਰਾਣੇ ਮਿਤਰ ਪਿਆਰੇ ਮਿਲੇ, ਕਈ ਵਿਦਿਆਰਥੀ ਮਿਲੇ ਜਿਨ੍ਹਾਂ ਵਿਚੋਂ ਇੱਕ, ਨਸਰੀਨ ਸੱਤ ਸਾਲ ਬਾਦ ਮਿਲੀ। ਉਸਨੂੰ ਪੁਛਿਆ-ਕਿਵੇਂ ਲੰਘਿਆ ਪਿਛਲਾ ਸਮਾਂ, ਨਸਰੀਨ ਨੇ ਦੱਸਿਆ ਆਪਣੀਆਂ ਸਾਥਣਾ ਸਣੇ ਗਲੀਆਂ ਵਿਚ ਪੈਂਫਲਿਟ ਵੰਡਦੀ ਫੜੀ ਗਈ। ਤੁਹਾਨੂੰ ਪਤਾ ਈ ਐ ਸਰਕਾਰ ਮੁਜਾਹਿਦੀਨਾ ਦੇ ਖ਼ੂਨ ਦੀ ਪਿਆਸੀ ਸੀ। ਮੇਰੀਆਂ ਕਈ ਸਹੇਲੀਆਂ ਨੂੰ ਫਾਂਸੀ ਦਿੱਤੀ ਗਈ ਪਰ ਮੇਰੀ ਕਿਸਮਤ ਚੰਗੀ, ਦਸ ਸਾਲ ਦੀ ਕੈਦ ਹੋਈ। ਜੇਲ੍ਹ ਵਿਚ ਇਕ ਔਰਤ ਲਿਆਂਦੀ ਤਾਂ ਉਸਦੀ 12 ਸਾਲ ਦੀ ਧੀ ਮਾਂ ਨੂੰ ਮਿਲਣ ਲਈ ਕਦੀ ਜੇਲ੍ਹ ਦਰਵਾਜੇ ਦੇ ਸੱਜੇ ਕਦੀ ਖੱਬੇ ਚੀਕਾਂ ਮਾਰਦੀ ਦੌੜੀ ਫਿਰਦੀ ਨੂੰ ਇਕ ਗਾਰਡ ਨੇ ਗੋਲੀ ਮਾਰਕੇ ਮਾਰ ਦਿੱਤਾ। ਮਾਂ ਤਾਂ ਮੈਨੂੰ ਵੀ ਯਾਦ ਆਈ, ਰੋਣ ਨੂੰ ਦਿਲ ਵੀ ਕੀਤਾ, ਇਸ ਕੁੜੀ ਦਾ ਹਸ਼ਰ ਦੇਖ ਕੇ ਚੁਪ ਕਰ ਗਈ। ਮੇਰਾ ਪਿਤਾ ਇਕ ਤਾਂ ਪੱਕਾ ਧਰਮੀ ਬੰਦਾ ਸੀ, ਦੂਜਾ ਸਰਕਾਰ ਵਿਚ ਅਸਰ ਰਸੂਖ ਵਾਲੀਆਂ ਥਾਵਾਂ ਤੇ ਉਸਦੇ ਕੁੱਝ ਵਿਦਿਆਰਥੀ ਵੀ ਸਨ, ਇਹ ਸਭ ਕੰਮ ਆਇਆ। ਪਹਿਲਾਂ ਤਾਂ ਜੇਲ੍ਹ ਵਿਚ ਮੇਰੇ ਨਾਲ ਵਰਤਾਅ ਠੀਕ ਹੋਇਆ ਫੇਰ ਮੇਰੀ ਕੈਦ ਘਟਦੀ ਘਟਦੀ ਤਿੰਨ ਸਾਲ ਹੋ ਗਈ। ਬਾਹਰ ਤਾਂ ਮੈਂ ਆ ਗਈ ਪਰ ਇਕ ਤਾਂ ਮੈਨੂੰ ਯੂਨੀਵਰਸਿਟੀ ਵਿਚ ਪੜ੍ਹਨ ਦਾ ਹੁਕਮ ਨੀ, ਦੂਜਾ ਮੈਂ ਪਰੋਬੇਸ਼ਨ ਤੇ ਆਂ, ਮੇਰੀ ਨਿਗਰਾਨੀ ਹੋ ਰਹੀ ਐ। ਜਦੋਂ ਮੈਂ ਆਖਰੀ ਵਾਰ ਤੁਹਾਡੀ ਕਲਾਸ ਅਟੈਂਡ ਕੀਤੀ ਸੀ, ਹੋਮਵਰਕ ਨਾ ਕਰਨ ਕਰਕੇ ਤੁਸੀਂ ਮੈਨੂੰ ਝਿੜਕਿਆ ਸੀ। ਮਾਫੀ ਮੰਗੀ, ਤੁਸੀਂ ਚੁਪ ਕਰ ਗਏ। ਹੁਣ ਫੇਰ ਮਾਫੀ ਮੰਗਦੀ ਹਾਂ ਮੈਡਮ।

ਈਰਾਕ ਨਾਲ ਯੁੱਧ ਲੰਮਾ ਹੋ ਗਿਆ ਤਾਂ ਅਕਸਰ ਯੂਨੀਵਰਸਿਟੀ ਵਿਚ ਛੁੱਟੀ ਹੋ ਜਾਂਦੀ, ਕਦੀ ਇਸ ਲਈ ਕਿ ਇਸ ਦਾ ਪੁਰਾਣਾ ਵਿਦਿਆਰਥੀ ਜੰਗ ਵਿਚ ਸ਼ਹੀਦ ਹੋ ਗਿਆ, ਕਦੀ ਇਸ ਲਈ ਕਿ ਈਰਾਨੀ ਫੌਜ ਨੇ ਈਰਾਕੀ ਕਾਫਰਾਂ ਨੂੰ ਹਰਾ ਦਿੱਤਾ ਹੈ। ਕਿਸੇ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਿ ਇਰਾਕੀ ਕਾਫਰ ਵੀ ਮੁਸਲਮਾਨ ਹਨ। ਇਕ ਦਿਨ ਕਲਾਸਾਂ ਬੰਦ ਹੋਈਆਂ, ਇਕ ਵਿਦਿਆਰਥੀ "ਸ਼ਹੀਦ" ਹੋ ਗਿਆ, ਸ਼ਰਧਾਂਜਲੀ ਵਿਚ ਕਿਹਾ ਗਿਆ - "ਮੌਤ ਨਹੀਂ; ਉਹਦਾ ਵਿਆਹ ਹੈ। ਹਰੇਕ ਸ਼ਹੀਦ ਦੀ ਮਹਿਬੂਬਾ ਰੱਬ ਹੁੰਦਾ ਹੈ।" ਕੁੜੀਆਂ ਮੂੰਹਾਂ ਦੁਆਲੇ ਚੁੰਨੀਆਂ ਲਪੇਟ ਕੇ ਹੱਸਣ ਲੱਗੀਆਂ, ਇਕ ਨੇ ਕਿਹਾ- ਐਨੇ ਸ਼ਹੀਦਾਂ, ਯਾਨੀ ਕਿ ਐਨੇ ਖਸਮਾਂ ਨਾਲ ਰੱਬ ਦਾ ਕੀ ਬਣੇਗਾ? ਠੀਕ ਹੈ; ਅੱਲਾਹ ਆਪਣੇ ਹੁਕਮਾਂ ਨਾਲ ਜੋ ਔਰਤਾਂ ਵਿਰੁੱਧ ਕਰਦਾ ਰਿਹੈ, ਭੁਗਤੇ ਹੁਣ ਮਹਿਬੂਬਾ ਦੇ ਰੂਪ ਵਿਚ। ਹਰੇਕ ਜਨਾਨੀ ਵਿਰੁੱਧ ਬਦਚਲਣੀ ਦੇ ਫਤਵੇ ਸੁਣਦਾ ਰਿਹੈ ਰੱਬ। ਹੁਣ ਸ਼ਹੀਦ ਉਹਦਾ ਚਾਲ ਚੱਲਣ ਠੀਕ ਕਰਨਗੇ।

ਜਿਸ ਜੇਲ੍ਹ ਵਿਚ ਨਸਰੀਨ ਰਹੀ, ਉਥੇ ਹੀ ਮਾਹਤਾਬ ਨੂੰ ਪੰਜ ਸਾਲ ਦੀ ਕੈਦ ਹੋਈ। ਮਾਹਤਾਬ ਨੇ ਦੱਸਿਆ- ਨੇਕ ਚਲਣੀ ਕਰਕੇ ਮੈਨੂੰ ਢਾਈ ਸਾਲ ਦੀ ਕੈਦ ਮਾਫੀ ਮਿਲੀ। ਜਿਸ ਜੇਲ੍ਹ ਦੇ ਪ੍ਰਬੰਧਕ ਮਰਦ ਹੋਣ, ਤੁਹਾਨੂੰ ਪਤਾ ਈ ਐ ਮੈਡਮ ਕਿ ਉਥੇ ਨੇਕ ਚਲਣੀ ਦੀ ਮਾਫੀ ਕਿਨ੍ਹਾਂ ਔਰਤਾਂ ਨੂੰ ਮਿਲਿਆ ਕਰਦੀ ਹੈ।

ਇਸ ਸਾਰੇ ਕਾਸੇ ਨੂੰ ਭੁੱਲਣ ਲਈ ਨਫੀਸੀ ਲਾਇਬ੍ਰੇਰੀ ਚਲੀ ਗਈ। ਕਿਤਾਬਾਂ ਦੀਆਂ ਕਤਾਰਾਂ ਵਲ ਦੇਖਦੀ ਅੱਗੇ ਤੁਰਦੀ ਗਈ। ਦੇਖਿਆ, ਈਲੀਆ ਦੀ ਕਿਤਾਬ Four Quartets ਪਈ ਹੈ, ਚੁੱਕ ਲਈ, ਅੱਖਾਂ ਬੰਦ ਕਰਕੇ ਇਉਂ ਖੋਲ੍ਹੀ ਜਿਵੇਂ ਵਾਕ ਲੈਣ ਲਈ ਹਾਫਿਜ਼ ਦਾ ਦੀਵਾਨ ਖੋਲ੍ਹੀਦਾ ਹੈ, ਬੰਦ ਅੱਖਾਂ ਨਾਲ ਜਿਸ ਥਾਂ ਤੇ ਉਂਗਲ ਟਿਕੀ, ਉਥੇ ਇਹ ਪੰਕਤੀਆਂ ਸਨ:

*At the still point of the turning world*
*Neither flesh nor fleshness*
*Neither from nor onwards*
*At the still point, there the dance is. (Burnt Norton)*

ਇਨਕਲਾਬ ਤੋਂ ਬਾਦ ਬਹਾਈਆਂ ਦਾ ਕਬਰਸਤਾਨ ਬੁਲਡੋਜ਼ਰਾਂ ਨਾਲ ਪੱਧਰ ਕੀਤਾ ਗਿਆ, ਕਬਰਾਂ ਦਾ ਨਾ ਨਿਸ਼ਾਨ ਨਹੀਂ ਰਿਹਾ। ਫਿਰ ਇਸ ਦੀ ਥਾਂ ਤੇ ਪਾਰਕ ਬਣਾ ਦਿੱਤਾ ਗਿਆ ਜਿਸਦਾ ਨਾਮ ਰੱਖਿਆ ਬਖ਼ਤਰਾਨ। ਬਹਾਈਆਂ ਨੂੰ ਜਿਉਣ ਵਿਚ ਕੀ ਕੀ ਮੁਸ਼ਕਲਾਂ ਆਈਆਂ, ਇਹ ਗੱਲ ਛੱਡੋ, ਮੁਰਦਿਆਂ ਦਾ ਦਫਨ ਮੁਸੀਬਤ ਬਣ ਗਈ। ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਦੀ ਕਬਰ ਪੁੱਟ ਦਿੱਤੀ ਗਈ, ਉਸ ਥਾਂ ਉਪਰ ਪਬਲਿਕ ਟਾਇਲਟ ਉਸਾਰੀ ਗਈ ਜਿਸ ਦਾ ਉਦਘਾਟਨ ਇਨਕਲਾਬ ਦੇ ਰੂਹੇ ਰਵਾਂ ਨੇ ਸਭ ਤੋਂ ਪਹਿਲਾਂ ਪੇਸ਼ਾਬ ਕਰ ਕੇ ਕੀਤਾ। ਯੁੱਧ ਇਸ ਦੇ ਬੇਟੇ ਮੁਹੰਮਦ ਸ਼ਾਹ ਵਿਰੁੱਧ ਸੀ, ਪਰ ਉਹ ਵਿਦੇਸ਼ ਦੌੜ ਗਿਆ ਤੇ ਬਾਹਰ ਹੀ ਮਰਿਆ, ਇਸ ਦੀ ਕਬਰ ਨਾ ਸਹੀ, ਬਾਪੂ ਦੀ ਸਹੀ।

ਈਰਾਕ ਨਾਲ ਛਿੜੀ ਜੰਗ ਨੇ ਈਰਾਨ ਤਬਾਹ ਕਰ ਦਿੱਤਾ ਜਿਸ ਵਿਚ ਦੋ ਲੱਖ ਈਰਾਨੀ ਮਰੇ। ਇਲਕਲਾਬੀ ਇਸ ਗੱਲੋਂ ਹੱਤਾਸ਼ ਸਨ ਕਿ ਸਿੱਝਣਾ ਤਾਂ ਦੇਸ਼ ਅੰਦਰਲੇ ਦੁਸ਼ਮਣ ਵਿਰੁੱਧ ਸੀ, ਲੜਨਾ ਪੈ ਗਿਆ ਈਰਾਕ ਵਿਰੁੱਧ ਜੋ ਤਕੜਾ ਸੀ। ਥਾਂ ਥਾਂ ਹਾਰ ਦਾ ਮੂੰਹ, ਬਰਬਾਦੀ ਦਾ ਮੂੰਹ ਦੇਖਣਾ ਪਿਆ। ਆਖਰ ਜੰਗਬੰਦੀ ਹੋਈ ਤਾਂ ਖੁਮੀਨੀ ਦਾ ਬਿਆਨ ਆਇਆ, "ਅਮਨ ਮੇਰੇ ਲਈ ਜ਼ਹਿਰ ਦਾ ਪਿਆਲਾ ਪੀਣ ਵਾਂਗ ਹੈ"। ਜੁਝਾਰੂ ਇਸ ਪ੍ਰਕਾਰ ਮਹਿਸੂਸ ਕਰ ਰਹੇ ਸਨ ਜਿਵੇਂ ਹਾਰ ਦਾ ਹੀ ਦੂਸਰਾ ਨਾਮ ਜੰਗਬੰਦੀ ਹੋਵੇ।

ਖੁਮੀਨੀ ਦੀ ਮੌਤ ਉਪਰੰਤ ਦੇਸ਼ ਵਿਚ 40 ਦਿਨ ਲਈ ਵਿਆਪਕ ਸਰਕਾਰੀ ਸੋਗ ਮਨਾਇਆ ਗਿਆ। ਔਰਤਾਂ ਮਰਦ ਵਿਰਲਾਪ ਕਰਦੇ ਕਾਫਲਿਆਂ ਦੀ ਸ਼ਕਲ ਵਿਚ ਗਲੀਆਂ ਬਜਾਰਾਂ ਵਿਚੋਂ ਦੀ ਲੰਘ ਰਹੇ ਸਨ। ਪੰਜ ਸਾਲ ਦੀ ਕੁੜੀ ਨੇ ਚੁਬਾਰੇ ਦੀ ਖਿੜਕੀ ਵਿਚੋਂ ਹੇਠ ਦੇਖ ਕੇ ਪੁੱਛਿਆ, ਕੀ ਹੋਇਐ? ਮਾਂ ਨੇ ਜਦੋਂ ਦੱਸਿਆ, ਕੁੜੀ ਬੋਲੀ- ਗਲਤ ਖਬਰ ਹੈ, ਜੇ ਉਹ ਮਰਿਆ ਹੁੰਦਾ ਫਿਰ ਜਨਾਨੀਆਂ ਬੁਰਕਾ ਪਹਿਨ ਕੇ ਥੋੜਾ ਬਾਹਰ ਨਿਕਲਦੀਆਂ।

ਮੁਸਲਮਾਨਾਂ ਵਿਚ ਵਿਸ਼ਵਾਸ ਹੈ ਕਿ ਮਹਾਂਪੁਰਖ ਦੀ ਲਾਸ਼ ਦੁਆਲੇ ਵਲ੍ਹੇਟੀ ਚਾਦਰ ਦਾ ਨਿੱਕਾ ਜਿਹਾ ਟੁਕੜਾ ਮਿਲ ਜਾਵੇ ਤਾਂ ਘਰ ਵਿਚ ਸੁਖ ਸ਼ਾਂਤੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਅਜੀਬ ਵਿਸ਼ਵਾਸ਼ ਮੈਂ ਸਿੱਖਾਂ ਵਿਚ ਵੀ ਦੇਖਿਆ। ਆਪ੍ਰੇਸ਼ਨ ਬਲੂਸਟਾਰ ਬਾਦ ਮੈਨੂੰ ਫਾਂਸੀ ਚੱਕੀਆਂ ਵਿਚ ਬੰਦ ਰੱਖਿਆ ਗਿਆ। ਇਹ ਨਿੱਕੇ ਨਿੱਕੇ ਸੈੱਲ (ਕਾਲ ਕੋਠੜੀਆਂ) ਉਨ੍ਹਾਂ

ਵਾਸਤੇ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲ ਚੁੱਕੀ ਹੋਵੇ। ਮੁਲਾਕਾਤ ਕਰਨ ਆਏ ਜਿਸ ਬੰਦੇ ਨੂੰ ਪਤਾ ਲਗਦਾ ਕਿ ਮੈਂ ਕਾਲਕੋਠੜੀ ਵਿਚ ਹਾਂ, ਉਹ ਅਰਜ਼ ਕਰਦਾ ਕਿ ਅਗਲੀ ਮੁਲਾਕਾਤ ਕਰਨ ਆਵਾਂਗਾ ਤਾਂ ਮਿਹਰਬਾਨੀ ਕਰਕੇ ਫਾਂਸੀ ਵਾਲੀ ਖੂਹੀ ਦੀਆਂ ਲੱਕੜਾਂ ਵਿਚੋਂ ਇਕ ਨਿਕਾ ਜਿਹਾ ਟੁਕੜਾ ਲਿਆ ਦੇਣਾ। ਲੱਕੜੀ ਕੱਟਣ ਲਈ ਕੋਈ ਜਣਾ ਤਾਂ ਨਿੱਕਾ ਜਿਹਾ ਚਾਕੂ ਵੀ ਮੇਰੀ ਜੇਬ ਵਿਚ ਪਾਉਣ ਦਾ ਯਤਨ ਕਰਦਾ ਜਿਸਨੂੰ ਮੈਂ ਮਨ੍ਹਾ ਕਰ ਦਿੰਦਾ। ਖੈਰ, ਜਦੋਂ ਖੁਮੀਨੀ ਦੀ ਲਾਸ਼ ਕਬਰਸਤਾਨ ਵਿਚ ਦਫਨ ਕਰਨ ਵਾਸਤੇ ਲਿਆਂਦੀ ਤਾਂ ਕੱਪੜੇ ਦਾ ਇਕ ਟੁਕੜਾ ਲੈਣ ਲਈ ਭੀੜ ਉਸ ਉਪਰ ਟੁੱਟ ਪਈ। ਪਲਾਂ ਵਿਚ ਚਾਦਰ ਉਤਰ ਗਈ ਤੇ ਤਾਬੂਤ ਦੇ ਬਾਹਰ ਖੁਮੀਨੀ ਦੀ ਇਕ ਨੰਗੀ ਲੱਤ ਲਮਕਦੀ ਦੇਖੀ ਗਈ। ਤੁਰੰਤ ਗਾਰਦ ਨੇ ਕੰਮ ਸੰਭਾਲਿਆ, ਲਾਸ਼ ਹੈਲੀਕਾਪਟਰ ਰਾਹੀਂ ਵਾਪਸ ਤਹਿਰਾਨ ਲਿਜਾਂਦੀ ਗਈ ਤੇ ਕਫ਼ਨ ਪਹਿਨਾ ਕੇ ਜਦੋਂ ਦੁਬਾਰਾ ਕਬਰਿਸਤਾਨ ਵਿਚ ਆਏ ਤਾਂ ਖੁਮੀਨੀ ਦੇ ਦੋਸਤ ਨਤਗ ਨੂਰੀ ਹੁੱਜਤੁਲ ਇਸਲਾਮ ਦੇ ਹੱਥ ਵਿਚ ਕੋੜਾ ਫੜਿਆ ਹੋਇਆ ਸੀ ਜਿਹੜਾ ਉਹ ਕਫਨ ਲਾਗੇ ਆਉਂਦੇ ਬੰਦੇ ਉਪਰ ਬਖ਼ਸ਼ਦਾ। ਆਖਰ ਇਉਂ ਰੁਹੇਲਾ ਖੁਮੀਨੀ ਦਾ ਸਸਕਾਰ ਹੋਇਆ। ਰੁਹੇਲਾ ਖੁਮੀਨੀ ਮਾਇਨੇ ਰੱਬ ਦੀ ਰੂਹ। ਖੁਮੀਨੀ ਤੋਂ ਬਾਦ ਜਦੋਂ ਰਾਸ਼ਟਰਪਤੀ ਦੀ ਚੋਣ ਹੋਈ ਤਾਂ ਆਇਤੁੱਲਾ ਖਾਤਮੀ ਨੇ ਇਸ ਛਾਂਟਾ ਮਾਸਟਰ ਨੂੰ ਹਰਾ ਦਿੱਤਾ।

ਖੁਮੀਨੀ ਦਾ ਜਨਾਜ਼ਾ ਦੇਖ ਕੇ ਵਾਪਸ ਆਏ ਟੈਕਸੀ ਡਰਾਇਵਰ ਨੇ ਕਿਹਾ- ਧਰਮ ਦੇ ਨਾਮ ਨਾਲ ਕਿਡੇ ਕਿਡੇ ਫਰਾਡ ਹੋ ਜਾਂਦੇ ਹਨ ਮੈਂ ਤਾਂ ਹੈਰਾਨ ਹੋ ਗਿਆ, ਮੈਨੂ ਡਰ ਲੱਗਾ ਕਿ ਸਾਡੇ ਪੈਗੰਬਰ ਅਤੇ ਈਮਾਮ ਵੀ ਇਵੇਂ ਦੇ ਹੀ ਨਾ ਹੋਣ ਕਿਤੇ। ਅਸਮਾਨ ਤੱਕ ਪੁਜਦੇ ਨਾਅਰੇ- ਈਮਾਮ ਖੁਮੀਨੀ ਜ਼ਿੰਦਾਬਾਦ। ਇਹ ਅਫ਼ਵਾਹ ਸੁਣਨ ਨੂੰ ਮਿਲੀ- ਕਿ ਚੰਦ ਵਿਚ ਉਸ ਦੀ ਤਸਵੀਰ ਦਿਖਾਈ ਦਿੰਦੀ ਹੈ। ਸਿਆਣੇ ਬਿਆਣੇ ਲੋਕ ਚੰਦ ਵਿਚੋਂ ਉਸਦੀ ਦਾਹੜੀ ਤੇ ਮੁੱਛਾਂ ਲੱਭ ਲੈਂਦੇ। ਇਕ ਪ੍ਰੋਫੈਸਰ ਨੂੰ ਨਫੀਸੀ ਨੇ ਗੁੱਸੇ ਨਾਲ ਪੁੱਛਿਆ - ਪਤਾ ਲਗੈ ਤੂੰ ਵੀ ਜਨਾਜ਼ੇ ਵਿਚ ਸ਼ਾਮਲ ਹੋਇਆ ਸੀ ਤਹਿਰਾਨ? ਉਹ ਹੱਸ ਕੇ ਬੋਲਿਆ - ਜ਼ਿੰਦਗੀ ਵਿਚ ਇਕ ਵਾਰ ਤਾਂ ਮੌਕਾ ਮਿਲਿਆ ਸੀ ਬੀਬੀ। ਨਰਾਜ਼ ਨਾ ਹੋ। ਰੋਜ਼ ਰੋਜ਼ ਥੋੜਾ ਦਿਸਣਾ ਹੈ ਉਸ ਜਨਾਜ਼ੇ ਦਾ ਨਜ਼ਾਰਾ।

ਹੈਨਰੀ ਜੇਮਜ਼ ਨੇ ਲਿਖਿਆ- ਅਸੀਂ ਨੇਰ੍ਹੇ ਵਿਚ ਕੰਮ ਕਰਦੇ ਹਾਂ, ਜੋ ਕਰ ਸਕਦੇ ਹਾਂ ਕਰਦੇ ਆਂ, ਜੋ ਮਿਲਦਾ ਹੈ, ਦੇ ਦਿੰਦੇ ਹਾਂ, ਹਰ ਸ਼ੱਕੀ ਚੀਜ਼ ਵਾਸਤੇ ਭਾਵਕ ਹਾਂ, ਸਾਡੇ ਲਈ ਭਾਵਨਾ ਸ਼੍ਰੋਮਣੀ ਹੈ। ਇਸ ਤੋਂ ਇਲਾਵਾ ਜੋ ਬਾਕੀ ਬਚਦਾ ਹੈ ਉਹ ਪਾਗਲ ਹੁਨਰ ਹੈ।

ਖੁਮੀਨੀ ਤੋਂ ਬਾਦ ਉਸ ਦੇ ਦੌਰ ਦੀਆਂ ਯਾਦਾਂ ਬਚੀਆਂ। ਕੁਝ ਵਿਦਿਆਰਥੀ ਉਸਦੇ ਮੁਰੀਦਾਂ ਹੱਥੋਂ ਹੋਈਆਂ ਜ਼ਿਆਦਤੀਆਂ ਨੂੰ ਨਹੀਂ ਭੁੱਲੇ। ਮੁਸਲਿਮ ਸਟੂਡੈਂਟਸ ਐਸੋਸਿਏਸ਼ਨ ਦੇ ਇਕ ਨੇਤਾ ਨੇ ਆਪਣੀ ਜਮਾਤਣ ਦੀ ਸ਼ਿਕਾਇਤ ਲਾਈ ਸੀ ਕਿ ਉਸ ਦੇ ਸਕਾਰਫ ਹੇਠਾਂ ਇਕ ਮਾਸ ਦਾ ਟੁਕੜਾ ਢਕਿਆ ਹੋਇਆ ਨਹੀਂ ਜਿਸ ਕਾਰਨ ਸ਼ਿਕਾਇਤ ਕਰਤਾ ਦੇ ਦਿਲ ਵਿਚ ਕਾਮੁਕ ਭਾਵਨਾ ਪੈਦਾ ਹੁੰਦੀ ਹੈ। ਕੁੜੀ ਨੂੰ ਸਜਾ ਦਿੱਤੀ ਗਈ ਕਿਉਂਕਿ ਸ਼ਿਕਾਇਤ ਕਰਤਾ ਲੀਡਰ ਸੀ। ਉਹ ਮੁੰਡਾ ਈਰਾਕ ਦੀ ਜੰਗ ਵਿਚ ਸ਼ਹੀਦ ਹੋ ਗਿਆ। ਸ਼ਹਾਦਤ ਵਿੱਚ ਵੀ ਤਾਕਤ ਨਹੀਂ ਕਿ ਕੁੜੀ ਦੇ ਜਿਸਮ ਦੀ ਟਾਕੀ ਵਾਲੀ ਗਲ ਭੁਲਣ ਦੇਵੇ। ਨਫੀਸੀ ਦੇ ਕੁੱਝ ਪ੍ਰਸ਼ਨ- ਕੀ ਇਸ ਮੁੰਡੇ ਨੇ ਕਦੀ ਇਸ਼ਕ ਕੀਤਾ ਹੋਏਗਾ? ਉਹ ਨੇਤਾ ਬਣ ਗਿਆ, ਇਨਕਲਾਬੀ ਹੋ ਗਿਆ, ਇੱਜ਼ਤਦਾਰ ਕਮਾਂਡਰ ਦਾ ਖ਼ਿਤਾਬ ਪਾਇਆ, ਸ਼ਹੀਦ ਹੋ ਗਿਆ, ਕੀ ਕਦੀ ਉਸਦਾ ਦਿਲ ਨਹੀਂ ਕੀਤਾ ਕਿ ਜਿਸ ਕੁੜੀ ਦੇ ਗਲ ਦੀ ਟਾਕੀ ਉਸ ਦੀਆਂ ਅੱਖਾਂ ਚੁੰਧਿਆ ਦਿੰਦੀ ਸੀ ਉਸਦਾ ਹੱਥ

ਫੜ ਕੇ ਬਗੀਚੇ ਦੀ ਸੈਰ ਕਰੇ, ਗੀਤ ਗਾਏ ਜਾਂ ਗੀਤ ਸੁਣੇ? ਸ਼ਹੀਦ ਹੋਣ ਨਾਲੋਂ ਜੇ ਉਹ ਆਮ ਜਿਹਾ ਕੋਈ ਮੁੰਡਾ ਹੁੰਦਾ ਤਾਂ ਜ਼ਿਆਦਾ ਠੀਕ ਨਹੀਂ ਸੀ ਭਲਾ?

ਇਕ ਦਿਨ ਦੁਖਦਾਈ ਘਟਨਾ ਘਟੀ। ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਆਪਣੇ ਉਪਰ ਪੈਟਰੋਲ ਡੋਲ੍ਹ ਕੇ ਅੱਗ ਲਾਈ ਤੇ ਮਰ ਗਿਆ। ਇਹ ਜੰਗ ਵਿਚ ਲੜਨ ਗਿਆ ਸੀ। ਬੁੱਢੀ ਮਾਂ ਦਾ ਇਕਲੌਤਾ ਮੁੰਡਾ। ਮਾਂ ਨੂੰ ਪੈਸੇ ਭੇਜਦਾ। ਜੰਗ ਖਤਮ ਹੋਣ ਬਾਦ ਫਿਰ ਯੂਨੀਵਰਸਿਟੀ ਵਿਚ ਪੜ੍ਹਨ ਲੱਗਾ, ਪਰ ਪ੍ਰਸੰਗਹੀਣ ਹੋ ਗਿਆ। ਕਿਸੇ ਨੂੰ ਉਸਦੀ ਬਹਾਦਰੀ ਵਿਚ ਜਾਂ ਜੰਗ ਦੀਆਂ ਗੱਲਾਂ ਵਿਚ ਦਿਲਚਸਪੀ ਨਹੀਂ ਸੀ। ਉਹ ਫਾਲਤੂ ਚੀਜ਼ ਹੋ ਗਿਆ। ਦੋ ਪੀਪੀਆਂ ਪੈਟਰੋਲ ਦੀਆਂ ਲਕੇ ਗੇਟ ਦੇ ਅੰਦਰੋਂ ਲੰਘਿਆ ਤਾਂ ਗੇਟਕੀਪਰਾਂ ਨੇ ਰੋਕਿਆ ਨਹੀਂ ਕਿਉਂਕਿ ਯੁੱਧਵੀਰ ਨੂੰ ਸਭ ਜਾਣਦੇ ਸਨ। ਇਕ ਖਾਲੀ ਕਮਰੇ ਵਿਚ ਗਿਆ। ਲਾਟਾਂ ਵਿਚ ਵਰੋਲਾ ਬਣਿਆ ਦੌੜਦਾ ਬਾਹਰ ਨਿਕਲਿਆ, ਚੀਕਾਂ ਮਾਰਦਾ ਕਹੀ ਜਾ ਰਿਹਾ ਸੀ- ਸਾਡੇ ਨਾਲ ਧੋਖਾ ਹੋਇਆ, ਝੂਠ ਸੁਣੀ ਗਏ ਅਸੀਂ, ਦੇਖੋ ਸਾਡੇ ਨਾਲ ਕੀ ਹੋਇਆ।

ਹਸਪਤਾਲ ਵਿਚ ਉਸਦੀ ਮੌਤ ਹੋ ਗਈ। ਨਾ ਮਾਤਮੀ ਜਲੂਸ, ਨਾ ਤਕਰੀਰਾਂ, ਨਾ ਸ਼ਰਧਾਂਜਲੀ, ਨਾ ਗੁਲਦਸਤੇ, ਜਿਵੇਂ ਕੋਈ ਗੱਲ ਨਹੀਂ ਹੋਈ। ਨਾ ਉਸਦੇ ਸਾਥੀ ਇਨਕਲਾਬੀਆਂ ਨੇ ਕੁਝ ਕਿਹਾ ਨਾ ਵਿਰੋਧੀਆਂ ਨੇ। ਲਾਊਡ ਸਪੀਕਰ ਤੇ ਐਲਾਨ ਹੋਇਆ- ਕਲਾਸਾਂ ਆਮ ਵਾਂਗ ਲੱਗਣਗੀਆਂ। ਕਲਾਸਾਂ ਲੱਗੀਆਂ ਪਰ ਆਮ ਵਾਂਗ ਬਿਲਕੁਲ ਨਹੀਂ।

ਕਲਾਸ ਵਿਚ ਔਰਤ ਜਾਤ ਦੇ ਹੱਕਾਂ ਬਾਬਤ ਅਕਸਰ ਵਿਚਾਰਾਂ ਹੁੰਦੀਆਂ। ਜੱਸੀ ਕਹਿਣ ਲੱਗੀ, ਮੁਸਲਮਾਨ ਵਾਸਤੇ ਨੌ ਸਾਲ ਦੀ ਕੁਆਰੀ ਕੰਨਿਆ ਚਾਹੀਦੀ ਹੁੰਦੀ ਹੈ। ਮੰਨਾ ਬੋਲੀ, ਕਿਉਂ ਇਕ ਕਿਉਂ? ਚਾਹੇ ਭੁੱਖਾ ਮਰਦਾ ਹੋਵੇ ਚਾਰ ਦਾ ਹੱਕਦਾਰ ਹੈ। ਇਸਲਾਮ ਉਸ ਦਾ ਸਮਰਥੱਕ ਹੈ। ਨਸਰੀਨ ਬੋਲੀ- ਚਾਰ ਕਿਉਂ? ਨਿੱਕੇ ਨਿੱਕੇ ਨਕਾਹ ਜਿੰਨੇ ਮਰਜ਼ੀ ਕਰਾ ਲਏ। ਦਸ ਮਿੰਟ ਤੋਂ ਲੈ ਕੇ 99 ਸਾਲ ਦੀ ਉਮਰ ਦੀ ਅਉਧ ਤਕ ਨੂੰ ਨਿਕਾ ਨਕਾਹ ਕਿਹਾ ਜਾਂਦਾ ਹੈ। ਰਾਸ਼ਟਰਪਤੀ ਰਫਸਨਜਾਨੀ ਨੇ ਸੁਧਾਰ ਕਰਦਿਆਂ ਐਲਾਨ ਕੀਤਾ ਸੀ ਕਿ ਈਰਾਨ ਵਿਚ ਟੈਂਪਰੇਰੀ ਨਿਕਾਹ ਕਰਵਾਉਣੇ ਵਾਜਬ ਹਨ ਤਾਂ ਈਰਾਨ ਦੀ ਹਰੇਕ ਪਾਰਟੀ ਨੇ ਇਸਦਾ ਵਿਰੋਧ ਕੀਤਾ ਸੀ। ਔਰਤਾਂ ਨਾਲੋਂ ਮਰਦਾਂ ਨੇ ਵਧੀਕ। ਭਾਵੇਂ ਸ਼ਰਾ ਵਿਚ ਇਸਦੀ ਵਿਵਸਥਾ ਹੈ, ਲੋਕਾਂ ਨੇ ਰਾਸ਼ਟਰਪਤੀ ਨੂੰ ਕਿਹਾ- ਤੇਰੇ ਇਹ ਸ਼ਰਈ ਸੁਧਾਰ ਵੇਸਵਾਗਮਨੀ ਨਹੀਂ ਤਾਂ ਹੋਰ ਕੀ ਨੇ?

ਮਰਦ ਆਪਣੀ ਮਰਜ਼ੀ ਦੀ ਕੁੜੀ ਵੱਲ ਉਂਗਲ ਕਰਕੇ ਕਹਿ ਸਕਦਾ ਹੈ- ਮੈਂ ਇਸ ਨਾਲ ਵਿਆਹ ਕਰਾਵਾਂਗਾ। ਕੁੜੀ ਨੂੰ ਇਹ ਹੱਕ ਨਹੀਂ। ਵੀਹਵੀਂ ਸਦੀ ਦੇ ਸ਼ੁਰੂ ਵਿਚ ਕੁੜੀ ਦੇ ਵਿਆਹ ਲਈ ਉਸਦੀ ਉਮਰ 9 ਸਾਲ ਸੀ, ਬਾਦ ਵਿਚ 13 ਸਾਲ ਕੀਤੀ ਗਈ, ਫਿਰ ਪਿਛੋਂ 18 ਸਾਲ। ਨਫੀਸੀ ਦੀ ਮਾਂ ਨੇ ਆਪਣੀ ਪਸੰਦ ਦੇ ਜੁਆਨ ਨਾਲ ਵਿਆਹ ਕਰਾਉਣ ਦੀ ਜੁਰਅਤ ਕੀਤੀ ਸੀ। ਜਦੋਂ ਦੇਸ਼ ਵਿਚ ਪਹਿਲੀ ਪਾਰਲੀਮੈਂਟ ਬਣੀ, ਉਸ ਵਿਚ 6 ਔਰਤਾਂ ਮੈਂਬਰ ਚੁਣੀਆਂ ਗਈਆਂ, ਇਨ੍ਹਾਂ ਛੇਆਂ ਵਿਚੋਂ ਇਕ ਨਫੀਸੀ ਦੀ ਮਾਂ ਸੀ। ਮਾਂ ਅਤੇ ਅੱਬਾ ਅਕਸਰ ਕਿਹਾ ਕਰਦੇ- ਅਸੀਂ ਬਾਦਸ਼ਾਹ ਦੇ ਖਿਲਾਫ ਇਸ ਕਰਕੇ ਯੁੱਧ ਵਿਚ ਸ਼ਾਮਲ ਹੋਏ ਸਾਂ ਤਾਂ ਕਿ ਵਧੀਕ ਅਧਿਕਾਰ, ਵਧੀਕ ਆਜ਼ਾਦੀ ਮਿਲੇ। ਸਾਨੂੰ ਕੀ ਪਤਾ ਸੀ ਕਿ ਪਹਿਲੇ ਵੀ ਖੁੱਸ ਜਾਣਗੇ।

ਈਰਾਨ ਦੇ ਪਾਰਲੀਮਾਨੀ ਇਤਿਹਾਸ ਵਿਚ ਕੇਵਲ ਦੋ ਔਰਤਾਂ ਕੇਂਦਰੀ ਕੈਬਨਿਟ ਵਿਚ ਵਜ਼ੀਰ ਬਣੀਆਂ। ਇਨਕਲਾਬ ਤੋਂ ਬਾਦ ਦੋਵਾਂ ਨੂੰ ਮੌਤ ਦੀ ਸਜਾ ਦਿੱਤੀ ਗਈ। ਇਕ, ਔਰਤਾਂ ਦੀ ਖੁਸ਼ਹਾਲੀ ਦੇ ਮੰਤਰਾਲੇ ਦੀ ਵਜ਼ੀਰ ਸੀ ਜਿਹੜੀ ਸ਼ਾਹ ਵੇਲੇ ਜਲਾਵਤਨ ਹੋਕੇ ਪੱਛਮ ਵਿਚ ਈਰਾਨੀ ਔਰਤਾਂ ਦੇ ਹੱਕਾਂ ਦੀ ਵਕਾਲਤ ਕਰਦੀ ਰਹੀ ਸੀ, ਦੂਜੀ ਨਫੀਸੀ ਦੇ ਸਕੂਲ ਦੀ

ਪ੍ਰਿੰਸੀਪਲ ਸੀ। ਦੋਵਾਂ ਉਪਰ ਕਾਫਰ ਅਤੇ ਬਦਅਖਲਾਕ ਹੋਣ ਦਾ ਇਲਜਾਮ ਲੱਗਿਆ। ਪ੍ਰਿੰਸੀਪਲ ਨੂੰ ਪੱਥਰ ਮਾਰ ਮਾਰ ਕੇ ਮਾਰਿਆ। ਨਫੀਸੀ ਲਿਖਦੀ ਹੈ- ਸ਼ੁਕਰ ਹੈ ਅੱਲਾਹ ਦਾ, ਜਿਸ ਤਰ੍ਹਾਂ ਦੀਆਂ ਇਹ ਦੋਵੇਂ ਔਰਤਾਂ ਸਨ, ਸਾਡੀਆਂ ਧੀਆਂ ਵਿਚ ਅਜੇ ਉਹੋ ਜਿਹੀ ਤਾਕਤ ਤੇ ਖੁੱਦਦਾਰੀ ਕਾਇਮ ਹੈ। ਇਕ ਦਿਨ ਇਹ ਔਰਤਾਂ ਸਾਡੀਆਂ ਨਾਇਕਾਵਾਂ ਹੋਣਗੀਆਂ।

ਇਸ ਵਕਤ ਦੇਸ਼ ਵਿੱਚ 48 ਬੱਚੇ ਜੇਲ੍ਹਾਂ ਵਿਚ ਬੰਦ ਹਨ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਕਾਨੂੰਨਨ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਫਾਹੇ ਨਹੀਂ ਲਾਇਆ ਜਾ ਸਕਦਾ। ਬੰਦੀ, ਜਦੋਂ 18 ਸਾਲ ਦੇ ਹੁੰਦੇ ਜਾਣਗੇ, ਫਾਂਸੀ ਦਿੱਤੀ ਜਾਏਗੀ। ਇਨ੍ਹਾਂ ਉਪਰ ਰਾਜ ਪਲਟੇ ਦਾ ਇਲਜ਼ਾਮ ਲੱਗਾ ਹੋਇਆ ਹੈ।

ਉਕਤ ਸਾਰਾ ਕੁਝ ਜਾਣਨ ਤੋਂ ਬਾਦ ਈਰਾਨ ਫਿਰ ਸੁਹਣੇ ਦਾ ਸੁਹਣਾ ਹੈ। ਜੋ ਬਿਆਨ ਕੀਤਾ ਸੋ ਈਰਾਨ ਥੋੜ੍ਹਾ ਹੈ, ਇਹ ਤਾਂ ਸਟੇਟ ਹੈ। ਸਟੇਟ ਦਾ ਸੁਭਾਅ ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ, ਸਿੱਖਾਂ ਨੂੰ ਪਤਾ ਹੈ। ਸਟਾਲਿਨ ਦੀਆਂ ਵਾਰਦਾਤਾਂ ਜਾਣਨ ਤੋਂ ਬਾਦ ਰੂਸ ਬੁਰਾ ਕਦੋਂ ਲੱਗਾ? ਇਹ ਉਹੀ ਰੂਸ ਹੈ ਜਿਸਨੇ ਮੈਨੂੰ ਪੰਜਵੀਂ ਜਮਾਤ ਵਿਚ ਰੂਸੀ ਲੋਕ ਕਥਾਏਂ(ਹਿੰਦੀ), ਬਿਹਤਰੀਨ ਕਿਤਾਬ ਪੜ੍ਹਨ ਨੂੰ ਦਿੱਤੀ। ਗਜ਼ਬ ਦੀ ਛਪਾਈ, ਗਜ਼ਬ ਕਾਗਜ, ਸਚਿੱਤਰ ਤੇ ਸਖਤ ਜਿਲਦ ਵਿਚ ਮੜ੍ਹੀਆਂ ਹੋਈਆਂ ਫੇਰ ਪੰਜਾਬੀ ਜ਼ਬਾਨ ਵਿਚ ਰੂਸੀ ਲੋਕ ਕਹਾਣੀਆਂ ਆਈਆਂ। ਰੂਸੀ ਸਾਹਿਤ ਤੋਂ ਮੈਂ ਇਸ ਕਰਕੇ ਜਾਣੂ ਹੋ ਸਕਿਆ ਸੀ ਕਿਉਂਕਿ ਬਹੁਤ ਥੋੜ੍ਹੇ ਪੈਸਿਆਂ ਵਿਚ ਉਤਮ ਕਿਤਾਬਾਂ ਮਿਲ ਜਾਇਆ ਕਰਦੀਆਂ ਸਨ। ਰੂਸੀ ਕਿਸਾਨਾਂ ਤੇ ਮਜ਼ਦੂਰਾਂ ਦਾ ਸੁਭਾ ਮੈਨੂੰ ਪੰਜਾਬੀਆਂ ਵਰਗਾ ਲਗਦਾ ਹੁੰਦਾ ਸੀ। ਜਿਸ ਈਰਾਨ ਵਿਚ ਤਾਕਤਵਰ ਤੇ ਧਰਮੀ ਬਾਦਸ਼ਾਹ ਹੋਏ, ਫਕੀਰ ਅਤੇ ਸ਼ਾਇਰ ਹੋਏ, ਜਿਥੋਂ ਦੇ ਬਰੀਕ ਹੁਨਰ ਦੀ ਸੰਸਾਰ ਵਿਚ ਮੰਗ ਰਹੀ ਤੇ ਅੱਜ ਤੱਕ ਹੈ, ਉਹ ਮਾੜਾ ਕਿਵੇਂ ਹੋ ਸਕਦੈ? ਜਿਸ ਥਾਂ ਸਖਤੀ ਦਾ ਵਧੀਕ ਦੌਰ ਚੱਲਿਆ, ਉਥੇ ਥਾਂ-ਥਾਂ ਰੱਬ ਨੇ ਸੂਖਮ ਫੁੱਲਾਂ ਦੇ ਹੜ੍ਹ ਲਿਆਂਦੇ।

ਈਰਾਨ ਨਾਲ ਭਾਰਤ ਦਾ ਮਿਲਾਪ ਵਧਣਾ ਚਾਹੀਦਾ ਹੈ।ਦਿਲੀ ਸਥਿਤ ਈਰਾਨ ਕਲਚਰ ਹਾਊਸ ਬੇਜਾਨ ਅਤੇ ਨਿਕੰਮਾ ਪਿਆ ਹੈ, ਜ਼ਰੂਰੀ ਹੈ ਸਰਗਰਮ ਹੋਵੇ। ਈਰਾਨ ਕਲਚਰ ਹਾਊਸ ਤੋਂ ਸੂਚਨਾ ਮੰਗੋ, ਖਾਮੋਸ਼, ਕਿਤਾਬਾਂ ਮੰਗਵਾਉ ਉਤਰ ਨਹੀਂ।

## ਮੁਖਤਾਰਾਂ ਬੀਬੀ

ਪਾਕਿਸਤਾਨੀ ਪੰਜਾਬ ਦੱਖਣ ਵਲ, ਭਾਰਤੀ ਸਰਹੱਦ ਨੇੜੇ ਨਿਕਾ ਜਿਹਾ ਪਿੰਡ ਮੀਰਵਾਲਾ ਹੈ ਜਿਥੇ ਮੁਖਤਾਰਾਂ ਆਪਣੇ ਗੁੱਜਰ ਮਾਪਿਆਂ ਨਾਲ ਰਹਿ ਰਹੀ ਸੀ। ਵਿਆਹ ਹੋਇਆ ਸੀ ਪਰ ਕਿਸੇ ਵਜਾ ਸਦਕਾ ਤਲਾਕ ਹੋ ਗਿਆ ਸੀ। ਉਸ ਦੀਆਂ ਖਬਰਾਂ ਅਖਬਾਰ ਵਿਚ ਪੜ੍ਹ ਕੇ ਫਰਾਂਸੀਸੀ ਪੱਤਰਕਾਰ ਉਸ ਦੇ ਘਰ ਪੁਜੇ ਤੇ ਕਿਹਾ ਤੇਰੇ ਉਪਰ ਕਿਤਾਬ ਲਿਖਣੀ ਹੈ। ਉਹ ਨਾ ਮੰਨੀ, ਬਹੁਤ

www.punjabilibrary.com

ਸਮਝਾਈ ਤੇ ਦੱਸਿਆ ਜਿਹੜੀ ਲੜਾਈ ਤੂੰ ਲੜ ਰਹੀ ਹੈ, ਕਿਤਾਬ ਉਸ ਵਿਚ ਮਦਦਗਾਰ ਹੋਵੇਗੀ। ਆਖਰ ਘੰਟਿਆਂ ਬਧੀ ਕੀਤੇ ਵਿਚਾਰ ਵਟਾਂਦਰੇ ਪਿਛੋਂ ਮੰਨ ਗਈ, ਇਹ ਵੀ ਮੰਨ ਗਈ ਕਿ ਕਿਤਾਬ ਛਪੇਗੀ ਤਾਂ ਫਰਾਂਸ ਵਿਚ ਰਿਲੀਜ਼ ਸਮਾਰੋਹ ਮੌਕੇ ਆਏਗੀ।

ਉਹ ਸਰਾਇਕੀ ਬੋਲਦੀ ਹੈ ਨਾ ਪੜ੍ਹਨਾ ਜਾਣੇ ਨਾ ਲਿਖਣਾ, ਉਸਨੂੰ ਦੁਭਾਸ਼ੀਏ ਦੀ ਮਦਦ ਨਾਲ ਅੰਗਰੇਜ਼ੀ ਵਿਚ ਸਮਝਿਆ, ਫਿਰ ਫਰਾਂਸੀਸੀ ਵਿਚ ਲਿਖਿਆ। ਫਰਾਂਸ ਦਾ ਵਿਦੇਸ ਮੰਤਰੀ ਅਤੇ ਕਿਤਾਬ ਦੇ ਪ੍ਰਕਾਸ਼ਕ ਉਸਨੂੰ ਹਵਾਈ ਅੱਡੇ ਤੇ ਲੈਣ ਆਏ। ਬੀਬੀ ਨੇ ਭਰੀ ਸਭਾ ਵਿਚ ਔਰਤ ਦੀ ਦਸ਼ਾ ਅਤੇ ਹੱਕਾਂ ਬਾਰੇ ਗਲ ਕੀਤੀ।

ਘੱਟ ਬੋਲਦੀ ਹੈ, ਸ਼ਰਮਾਕਲ ਹੈ ਪਰ ਥੋੜੀ ਦੇਰ ਵਿਚ ਤੁਸੀਂ ਜਾਣ ਜਾਓਗੇ ਉਸ ਵਿਚ ਨਾਇਕ ਵਾਲੇ ਗੁਣ ਹਨ, ਲੁਕੀ ਹੋਈ ਤਾਕਤ ਹੈ। ਪਿੰਡ ਵਿਚ ਜ਼ਿਮੀਦਾਰਾਂ ਦੀਆਂ ਵੱਡੀਆਂ ਹਵੇਲੀਆਂ ਹਨ, ਉਚੀਆਂ ਕੰਧਾਂ, ਰੋਅਬਦਾਬ ਵਾਲੇ ਦਰਵਾਜ਼ੇ। ਇਨ੍ਹਾਂ ਤੋਂ ਤਿੰਨ ਕੁ ਸੌ ਗਜ਼ ਦੂਰ ਗੁੱਜਰਾਂ ਦੀਆਂ ਝੁਗੀਆਂ ਝੌਂਪੜੀਆਂ। ਗੁੱਜਰਾਂ ਦੇ ਬੱਚਿਆਂ ਨੇ ਬਾਹਰੋਂ ਹਵੇਲੀਆਂ ਦੇਖੀਆਂ ਹਨ ਅੰਦਰ ਜਾਣ ਦੀ ਹਿੰਮਤ ਨਹੀਂ। ਜ਼ਿਮੀਦਾਰਾਂ ਨੇ ਦੋਸ਼ ਲਾਇਆ ਕਿ ਮੁਖਤਾਰਾਂ ਦੇ 12 ਸਾਲ ਉਮਰ ਦੇ ਭਰਾ ਸ਼ਕੂਰ ਲੇ 20 ਸਾਲ ਤੋਂ ਉਪਰ ਦੀ ਸਲਮਾ ਨੂੰ ਛੇੜਿਆ ਹੈ। ਮਸਜਿਦ ਦਾ ਮੌਲਵੀ ਅਬਦੁਲ ਰੱਜ਼ਾਕ ਮੁਖਤਾਰਾਂ ਦੇ ਘਰ ਆਇਆ, ਕਿਹਾ - ਤੈਨੂੰ ਜਿਰਗਾ ਸਾਹਮਣੇ ਪੇਸ਼ ਹੋਣਾ ਪਵੇਗਾ ਬੀਬੀ। ਤੈਨੂੰ ਪਤੈ ਮਸਤੋਈ ਵੱਡੀ ਗਿਣਤੀ ਵਿਚ ਹਨ, ਹਥਿਆਰ ਬੰਦ ਹਨ, ਗੁੱਜਰਾਂ ਨੂੰ ਉਨ੍ਹਾਂ ਦੀ ਮੰਨਣੀ ਪਏਗੀ ਹੀ। ਹਰਿਆਣੇ ਵਿਚ ਜਿਵੇਂ ਖਾਪ ਪੰਚਾਇਤਾਂ ਹਨ, ਪਾਕਿਸਤਾਨ ਵਿਚ ਉਵੇਂ ਜਿਰਗੇ ਹਨ।

- ਪਰ ਮੈਨੂੰ ਕਿਉਂ ਜਾਣਾ ਪਏਗਾ ? ਮੁਖਤਾਰਾਂ ਨੇ ਪੁੱਛਿਆ। ਮੌਲਵੀ ਨੇ ਦੱਸਿਆ - ਕਿਸੇ ਕੁੜੀ ਨੂੰ ਪੇਸ਼ ਹੋਣਾ ਪੈਣੈ। ਬਾਕੀ ਕੁੜੀਆਂ ਛੋਟੀਆਂ ਨੇ। ਤੂੰ ਤਲਾਕ ਸ਼ੁਦਾ ਹੈਂ, ਕੁਰਾਨ ਦਾ ਪਾਠ ਕਰਦੀ ਹੈਂ, ਸੋ ਇਜ਼ਤਦਾਰ ਹੈਂ। ਤੈਨੂੰ ਜਾਣਾ ਪਏਗਾ। ਮਸਤੋਈਆਂ ਨੇ ਲੰਮੇ ਵਿਚਾਰ ਵਟਾਂਦਰੇ ਪਿਛੋਂ ਮੌਲਵੀ ਨੂੰ ਕਿਹਾ ਸੀ - ਮੁਖਤਾਰਾਂ ਆਵੇ। ਦੁਪਹਿਰ ਤੋਂ ਸ਼ਕੂਰ ਗਾਇਬ ਸੀ। ਕਣਕ ਦੇ ਖੇਤ ਵਿਚੋਂ ਫੜ ਕੇ ਜ਼ਿਮੀਦਾਰ ਆਪਣੇ ਘਰ ਲੈ ਗਿਆ ਸੀ ਜਿਥੇ ਬੇਰਹਿਮੀ ਨਾਲ ਕੁੱਟਿਆ ਗਿਆ, ਫਿਰ ਪੁਲਸ ਲੈ ਗਈ। ਕਿਸੇ ਨੇ ਦੱਸਿਆ ਕਿ ਜਦੋਂ ਹਵੇਲੀ ਵਿਚੋਂ ਪੁਲਸ ਠਾਣੇ ਲਿਜਾ ਰਹੀ ਸੀ, ਉਸਦੇ ਕੱਪੜੇ ਫਟੇ ਹੋਏ ਸਨ ਤੇ ਖੂਨ ਨਾਲ ਲਥ ਪਥ। ਚੰਗਾ ਹੋਇਆ ਪੁਲਸ ਲੈ ਗਈ। ਮਸਤੋਈ ਸ਼ਕੂਰ ਨੂੰ ਮਾਰ ਵੀ ਸਕਦੇ ਸਨ।

ਮੁਖਤਾਰਾਂ ਦਾ ਪਿਤਾ ਠਾਣੇ ਵਿਚ ਸ਼ਕੂਰ ਨੂੰ ਕੁੱਟਣ ਮਾਰਨ ਦੀ ਸ਼ਿਕਾਇਤ ਲਿਖਾ ਕੇ ਆਇਆ ਸੀ ਤਾਂ ਪੁਲਸ ਉਸਨੂੰ ਹਿਰਾਸਤ ਵਿਚ ਲੈ ਗਈ। ਮਸਤੋਈ ਕ੍ਰੋਧ ਵਿਚ ਆ ਗਏ। ਗੁੱਜਰ ਸਾਡੇ ਖਿਲਾਫ ਰਪਟ ਲਿਖਾਵੇ ? ਸਲਮਾ ਨਾਲ ਬਲਾਤਕਾਰ ਕੀਤਾ ਹੈ। ਲੁੱਟ ਮਾਰ, ਬਲਾਤਕਾਰ, ਅਗਜ਼ਨੀ, ਮਸਤੋਈ ਕੁੱਝ ਵੀ ਕਰ ਸਕਦੇ ਹਨ ਕਿਉਂਕਿ ਉਪਰ ਤਕ ਪਹੁੰਚ ਹੈ। ਗੁੱਜਰਾਂ ਦਾ ਕੋਈ ਵਾਲੀ ਨਹੀਂ। ਸ਼ਕੂਰ ਨੇ ਕਿਉਂਕਿ ਜਬਰ ਜਨਾਹ ਕੀਤਾ, ਇਸ ਲਈ ਜਿਰਗਾ ਮੌਤ ਦੀ ਸਜ਼ਾ ਵੀ ਦੇ ਸਕਦੀ ਹੈ।

- ਉਠ ਮੁਖਤਾਰਾਂ, ਸਾਡੇ ਨਾਲ ਚੱਲ, ਮੌਲਵੀ ਨੇ ਕਿਹਾ। ਮੁਖਤਾਰਾਂ ਕੁਰਾਨ ਛਾਤੀ ਨਾਲ ਘੁੱਟ ਕੇ ਤੁਰ ਪਈ, ਅੱਬੂ ਤੁਰ ਪਿਆ। ਕੁਰਾਨ ਰਾਖੀ ਕਰੇਗਾ। ਅਨਪੜ੍ਹ ਕੁੜੀ ਨੂੰ ਪੂਰਾ ਕੁਰਾਨ ਯਾਦ ਸੀ ਤੇ ਉਹ ਛੋਟੇ ਬੱਚਿਆ ਨੂੰ ਸਿਖਾਇਆ ਕਰਦੀ ਸੀ, ਇਸ ਕਾਰਨ ਪਿੰਡ ਉਸਦਾ ਸਤਿਕਾਰ ਕਰਦਾ ਸੀ। ਸਲਮਾ ਅਵਾਰਾ ਕਿਸਮ ਦੀ ਕੁੜੀ ਸੀ, ਪੈਸੇ ਲੈਕੇ ਮਸਤੋਈਆਂ ਦੇ ਹੱਕ ਵਿਚ ਕੁੱਝ ਵੀ ਬਿਆਨ ਦੇ ਸਕਦੀ ਸੀ। - ਮੈਂ ਕੋਈ ਬੁਰਾ ਕੰਮ ਕੀਤਾ ਈ ਨੀ ਤਾਂ ਮੈਨੂੰ ਜਾਣ ਵਿਚ ਕੀ ਝਿਜਕ ? ਇਹ ਸੋਚਦੀ ਮੁਖਤਾਰਾਂ ਤੁਰੀ ਗਈ।

ਮਸੀਤ ਨਜ਼ਦੀਕ ਮਸਤੋਈ ਦੀ ਹਵੇਲੀ ਨੇੜੇ ਦੋ ਢਾਈ ਸੌ ਮਰਦ ਬੈਠੇ ਉਚੀ ਉਚੀ ਗੱਲਾਂ ਕਰ ਰਹੇ ਸਨ, ਲਾਲਟੈਨ ਦਾ ਚਾਨਣਾ ਸੀ। ਫੈਜ਼ ਮੁਹੰਮਦ (ਫੈਜ਼ਾ), ਅਬਦੁਲ ਖਾਲਿਕ, ਗੁਲਾਮ ਫਰੀਦ, ਅੱਲਾ ਦਿਤਾ ਹਥਿਆਰਾਂ ਨਾਲ ਲੈਸ ਬੈਠੇ ਸਨ। ਘਟਨਾ 22 ਜੂਨ 2002 ਰਾਤ ਦੀ ਹੈ।

ਮੁਖਤਾਰਾਂ ਨੇ ਇਕ ਦੁਪੱਟੇ ਨਾਲ ਸਿਰ ਕੱਜਿਆ ਹੋਇਆ ਸੀ, ਇਕ ਹੋਰ ਨਾਲ ਲੈਕੇ ਆਈ ਸੀ, ਦੂਜਾ ਦੁਪੱਟਾ ਚੋਧਰੀ ਦੇ ਪੈਰਾਂ ਵਿਚ ਰੱਖ ਦਿਤਾ ਜੋ ਕਿ ਤਾਬਿਆਦਾਰੀ ਦੀ ਨਿਸ਼ਾਨੀ ਸੀ। ਫਿਰ ਪਾਕਿ ਕੁਰਾਨ ਦੀ ਆਇਤ ਸੁਣਾਈ। ਗੁਸੈਲੀਆਂ ਅੱਖਾਂ, ਪਸਤੌਲਾਂ, ਬੰਦੂਕਾਂ ਦਾ ਮੁਖਤਾਰਾਂ ਦੇ ਸ਼ਾਂਤ ਚਿਹਰੇ ਉਪਰ ਅਸਰ ਨਹੀਂ। ਮੌਲਵੀ ਖਿਸਕ ਚੁਕਾ ਸੀ ਕਿਉਂਕਿ ਉਸਨੂੰ ਪਤਾ ਸੀ ਕੀ ਹੋਣਾ ਹੈ। ਉਸਨੇ ਡਟ ਕੇ ਮਸਤੋਈਆਂ ਦਾ ਵਿਰੋਧ ਕੀਤਾ ਸੀ ਪਰ ਉਹ ਮੰਨੇ ਨਹੀਂ।

ਅਬਦੁਲ ਖਾਲਿਕ ਉਠਿਆ, ਮੁਖਤਾਰਾਂ ਦੀ ਬਾਂਹ ਫੜ ਲਈ, ਫਿਰ ਗੁਲਾਮ ਫਰੀਦ, ਅੱਲਾ ਦਿਤਾ ਤੇ ਮੁਹੰਮਦ ਫੈਜ਼ ਨੇ ਘਸੀਟਣਾ ਸ਼ੁਰੂ ਕਰ ਦਿੱਤਾ। ਜਿਵੇਂ ਬੱਕਰੀ ਨੂੰ ਜ਼ਿਬਾਹ ਕਰਨਾ ਹੋਵੇ ਇਉਂ ਘਸੀਟ ਰਹੇ ਸਨ, ਬੀਬੀ ਦੀਆਂ ਲੱਤਾਂ ਬਾਹਾਂ ਝੂਠੀਆਂ ਪੈ ਗਈਆਂ, ਵਾਲ ਖੁੱਲ੍ਹ ਗਏ, ਕੱਪੜੇ ਉਤਾਰ ਦਿੱਤੇ। ਕੁਰਾਨ ਅਤੇ ਰੱਬ ਦੇ ਵਾਸਤੇ ਪਾਉਂਦੀ ਰਹੀ। ਤਬੇਲੇ ਵਿਚ ਲੈ ਗਏ। ਬਾਹਰ ਸੰਤਰੀ ਦਾ ਪਹਿਰਾ। ਚਾਰਾਂ ਨੇ ਬਲਾਤਕਾਰ ਕੀਤਾ। ਪਤਾ ਨਹੀਂ ਕਦੋਂ ਛੱਡਣਗੇ।

ਪੀੜਤ ਔਰਤ ਅਕਸਰ ਖੁਦਕੁਸ਼ੀ ਕਰ ਲਿਆ ਕਰਦੀ ਹੈ ਇਸ ਕਰਕੇ ਜ਼ਿਮੀਦਾਰ ਨੂੰ ਗੋਲੀ ਖਰਾਬ ਕਰਨ ਦੀ ਵੀ ਲੋੜ ਨਹੀਂ। ਆਪਣਾ ਕੰਮ ਮੁਕਾ ਕੇ ਦਰਿੰਦਿਆਂ ਨੇ ਕਿਹਾ - ਜਾਹ ਦਫਾ ਹੋ ਹੁਣ। ਨੰਗੀ ਬਾਹਰ ਨਿਕਲੀ, ਪਿਛੋਂ ਇਕ ਜਣੇ ਨੇ ਉਸ ਵਲ ਸਲਵਾਰ ਵਗਾਹ ਕੇ ਮਾਰੀ। ਬਾਹਰ ਭੀੜ ਤਮਾਸ਼ਾ ਦੇਖ ਰਹੀ ਸੀ। ਜਿਹੜਾ ਦੁਪੱਟਾ ਪੰਚਾਇਤ ਦੇ ਕਦਮਾਂ ਵਿਚ ਰੱਖਿਆ ਸੀ, ਅੱਬੂ ਨੇ ਉਸ ਨਾਲ ਧੀ ਦਾ ਜਿਸਮ ਕੱਜਿਆ। ਆਪਣੇ ਘਰ ਵੱਲ ਹਨੇਰੇ ਵਿਚ ਇਉਂ ਤੁਰੀ ਜਾ ਰਹੀ ਸੀ ਜਿਵੇਂ ਭੂਤਨੀ ਜਾ ਰਹੀ ਹੋਵੇ। ਅੱਬੂ, ਚਾਚਾ ਅਤੇ ਨੀਵੀਂ ਜਾਤ ਦਾ ਇਕ ਹੋਰ ਹਮਦਰਦ ਰਮਜ਼ਾਨ ਪਿਛੇ ਪਿਛੇ ਤੁਰ ਪਏ। ਘਰੋਂ ਬਾਹਰ ਖਲੋਤੀ ਮਾਂ ਰੋ ਰਹੀ ਸੀ। ਘਰ ਅੰਦਰ ਹੋਰ ਵੀ ਔਰਤਾਂ ਆਈਆਂ ਬੈਠੀਆਂ ਸਨ। ਇਕ ਕਮਰੇ ਵਿਚ ਜਾਕੇ ਜ਼ਮੀਨ ਤੇ ਡਿਗ ਪਈ। ਮਾਂ ਨੇ ਉਪਰ ਖੇਸ ਦੇ ਦਿੱਤਾ।

18 ਸਾਲ ਦੀ ਉਮਰ ਵਿਚ ਵਿਆਹ ਦਿੱਤੀ ਸੀ। ਮੁੰਡਾ ਆਲਸੀ ਅਤੇ ਨਿਕੰਮਾ ਨਿਕਲਿਆ। ਮਾਪਿਆਂ ਦੀ ਸਹਾਇਤਾ ਨਾਲ ਜਲਦੀ ਤਲਾਕ ਲੈ ਲਿਆ। ਕੁੜੀਆਂ ਨੂੰ ਕਢਾਈ, ਬੁਣਾਈ ਸਿਖਾਉਂਦੀ, ਕੁਰਾਨ ਜ਼ਬਾਨੀ ਯਾਦ ਕਰਨਾ ਸਿਖਾਉਂਦੀ। ਘਰ ਅਤੇ ਪਿੰਡ ਉਸਦਾ ਜਹਾਨ ਸੀ।

ਮੁਖਤਾਰਾਂ ਦੁਆਲੇ ਬੈਠੀਆਂ ਸਾਰੀਆਂ ਔਰਤਾਂ ਰੋਈਆਂ। ਸਿਰ ਪਲੋਸਣਾ ਸ਼ੁਰੂ ਕੀਤਾ। ਛੋਟੀਆਂ ਭੈਣਾ ਰੋ ਰਹੀਆਂ ਸਨ। ਤਿੰਨ ਦਿਨ ਇਸੇ ਕਮਰੇ ਵਿਚ ਬਿਨਾ ਕੁੱਝ ਖਾਧੇ, ਬਗੈਰੇ ਰੋਏ, ਬਗੈਰ ਬੋਲੇ, ਪਈ ਰਹੀ।

ਮਾਂ ਨੇ ਕਿਹਾ - ਜੋ ਹੋਇਆ ਭੁੱਲ ਜਾ ਮੁਖਤਾਰਾਂ। ਹੁਣ ਪੁਲਸ ਤੇਰੇ ਭਰਾ ਨੂੰ ਛੱਡ ਦਏਗੀ। ਪਿੰਡ ਦੀਆਂ ਕੁੱਝ ਔਰਤਾਂ ਕਹਿ ਰਹੀਆਂ ਸਨ - ਸਹੀ ਹੋਇਆ। ਸ਼ਕੂਰ ਨੇ ਸਲਮਾ ਨਾਲ ਜਬਰਜਨਾਹ ਕੀਤਾ ਸੀ ਤਾਂ ਭੁਗਤਣ ਹੁਣ। ਮੁਲਾ ਕਹਿ ਰਿਹਾ ਸੀ - ਮੈਂ ਮੁਖਤਾਰਾਂ ਨੂੰ ਕਿਹਾ ਸੀ ਮਸਤੋਈ ਨਾਲ ਵਿਆਹ ਕਰ ਲੈ, ਸ਼ਕੂਰ ਸਲਮਾ ਨਾਲ ਵਿਆਹ ਕਰਵਾ ਲਏ ਤਾਂ ਮਾਮਲਾ ਠੀਕ ਹੋ ਜਾਂਦਾ। ਪਰ ਉਹ ਮੰਨੀ ਈ ਨਹੀਂ। ਇਹ ਉਸਦਾ ਆਪਣਾ ਕਸੂਰ ਹੈ। ਕੁੱਝ ਹਮਦਰਦੀ ਦੇ ਕੁੱਝ ਨਫਰਤ ਦੇ ਬੋਲ ਮੁਖਤਾਰਾਂ ਕੋਲ ਪੁੱਜੀ ਜਾਂਦੇ।

ਬਾਦ ਵਿਚ ਕਹਾਣੀ ਦੀ ਤਹਿ ਦਾ ਪਤਾ ਲੱਗਾ। ਸ਼ਕੂਰ ਨੇ ਮਸਤੋਈ ਦੇ ਖੇਤ ਵਿਚੋਂ ਗੰਨੇ ਪੁੱਟ ਕੇ ਚੂਪ ਲਏ ਸਨ। ਮਸਤੋਈ ਉਸਨੂੰ ਫੜ ਕੇ ਲੈ ਗਿਆ ਤੇ ਕੱਪੜੇ ਉਤਾਰ ਕੇ ਜਬਰਜਨਾਹ ਕੀਤਾ। ਜਿਰਗਾ ਬੈਠੀ ਤਾਂ ਮੁੰਡਾ ਠਾਣੇ ਵਿਚ ਬੰਦ ਸੀ, ਗੁਨਾਹ ਛੁਪਾਉਣ ਲਈ ਸ਼ਕੂਰ ਅਤੇ ਸਲਮਾ ਦੀ ਕਹਾਣੀ ਘੜ ਲਈ।

ਪੰਚਾਇਤ ਦੇ ਕਦਮਾਂ ਵਿਚ ਚੁੰਨੀ ਰੱਖ ਦਏ, ਇਹ ਸਲਾਹ ਮੁਖਤਾਰਾਂ ਨੂੰ ਰਮਜ਼ਾਨ ਨੇ ਦਿੱਤੀ ਸੀ। ਉਸਦਾ ਖਿਆਲ ਸੀ ਜਿਸ ਕੁੜੀ ਨੂੰ ਕੁਰਾਨ ਯਾਦ ਹੈ, ਉਹ ਪੈਰਾ ਵਿਚ ਚੁੰਨੀ ਧਰੇਗੀ ਤਾਂ ਪੰਚਾਇਤ ਰਹਿਮ ਕਰੇਗੀ, ਸ਼ਕੂਰ ਨੂੰ ਠਾਣੇ 'ਚੋਂ ਛੁਡਾ ਲਿਆਵਾਂਗੇ।

ਸ਼ਕੂਰ ਦੀ ਰਾਤ ਠਾਣੇ ਵਿਚ ਬੀਤੀ। ਮੁਖਤਾਰਾਂ ਦੇ ਚਚੇਰੇ ਭਰਾ ਮਸਤੋਈ ਚੀਫ ਫੈਜ਼ੇ ਕੋਲ ਗਏ ਤੇ ਕਿਹਾ – ਜੋ ਹੋ ਗਿਆ ਸੋ ਹੋ ਗਿਆ, ਹੁਣ ਸ਼ਕੂਰ ਨੂੰ ਤਾਂ ਛੁਡਵਾਉ। ਫੈਜ਼ਾ ਬੋਲਿਆ – ਤੁਸੀਂ ਠਾਣੇ ਜਾਉ। ਮੈਂ ਗੱਲ ਕਰਾਂਗਾ। ਠਾਣੇ ਪੁੱਜੇ ਤੇ ਕਿਹਾ ਫੈਜ਼ੇ ਨਾਲ ਗੱਲ ਹੋ ਗਈ ਐ ਮੁੰਡਾ ਛੱਡ ਦਿਉ। ਠਾਣੇਦਾਰ ਨੇ ਫੈਜ਼ੇ ਨੂੰ ਫੋਨ ਕਰਕੇ ਪੁੱਛਿਆ – ਤੁਹਾਡਾ ਨਾਂ ਲੈਕੇ ਕੁੱਝ ਬੰਦੇ ਆਏ ਨੇ ਕਿ ਸ਼ਕੂਰ ਨੂੰ ਛੱਡ ਦਿਆਂ, ਦੱਸੋ?

ਫੈਜ਼ੇ ਨੇ ਕਿਹਾ – ਆਹੋ, ਪੈਸੇ ਲੈਕੇ ਛੱਡ ਦਿਉ। ਹੋਰ ਇਹਦਾ ਕੀ ਕਰਨੈ। ਠਾਣੇਦਾਰ ਨੇ ਬਾਰਾਂ ਹਜ਼ਾਰ ਰੁਪਏ ਮੰਗੇ। ਇਨੇ ਪੈਸੇ ਘਰ ਵਿਚ ਕਿਥੇ ? ਅੱਬੂ ਨੇ ਸਾਰੇ ਪਿੰਡ ਵਿਚ ਗੇੜਾ ਮਾਰਿਆ, ਦਿਨ ਢਲੇ ਤੱਕ ਇਨੇ ਪੈਸੇ ਇਕੱਠੇ ਹੋਏ, ਰਕਮ ਤਾਰ ਕੇ ਸ਼ਕੂਰ ਛੁਡਾ ਲਿਆਂਦਾ।

ਬੀਬੀ ਨੇ ਇਕ ਦਿਨ ਮਾਂ ਨੂੰ ਕਿਹਾ – ਮੇਰੀ ਮਦਦ ਕਰ ਮਾਂ। ਪਿੰਡ ਦੀਆਂ ਨਜ਼ਰਾਂ ਵਿਚ ਮੈਂ ਮਰ ਚੁੱਕੀ ਆਂ। ਤੇਜ਼ਾਬ ਲਿਆ ਦੇ, ਪੀ ਕੇ ਖੇਡ ਖਤਮ ਕਰਾਂ। ਮੇਰਾ ਇਥੇ ਕੀ ਹੈ ਹੁਣ। ਮਸਤੋਈ ਤਾਕਤਵਰ ਨੇ, ਹਥਿਆਰਾਂ ਨਾਲ ਲੈਸ ਨੇ, ਆਪਣੇ ਕੋਲ ਤਾਂ ਬਾਲਣ ਲਈ ਲੱਕੜੀਆਂ ਨੇ ਬਸ। ਇਹ ਕਰਤੂਤ ਉਹ ਦੁਹਰਾ ਵੀ ਸਕਦੇ ਨੇ। ਮੇਰੀ ਮਦਦ ਕਰ ਮਾਂ। ਮਾਂ ਦੁਹੱਥੜ ਮਾਰ ਕੇ ਰੋਈ। ਦਿਨ ਰਾਤ ਧੀ ਦੀ ਰਾਖੀ ਕਰਨ ਲੱਗੀ। ਲਾਸ਼ ਬਣ ਰਹੀ ਧੀ ਨੂੰ ਨੀਂਦ ਨਹੀਂ ਆਉਂਦੀ ਤੇ ਮਾਂ ਮਰਨ ਨੀਂ ਦਿੰਦੀ। ਕਰੇ ਤਾਂ ਕੀ ਕਰੇ। ਜ਼ਖਮੀ ਜਾਨਵਰ ਵਾਂਗ ਹਨੇਰੇ ਵਿਚ ਪਈ ਰਹੇ ? ਸੋਚਣ ਲੱਗੀ – ਪਤਾ ਲੱਗੈ ਭਾੜੇ ਦੇ ਬਦਮਾਸ਼ਾਂ ਦੇ ਗ੍ਰੋਹ ਮਿਲ ਜਾਂਦੇ ਨੇ, ਇਹਨਾਂ ਮਸਤੋਈਆਂ ਨੂੰ ਮਰਵਾ ਦਿਆਂ ? ਪਰ ਗ੍ਰੋਹ ਨੂੰ ਦੇਣ ਲਈ ਪੈਸੇ ? ਤੇਜ਼ਾਬ ਦੀ ਬਾਲਟੀ ਭਰਲਾਂ, ਇਕ ਇਕ ਗਲਾਸ ਸਾਰੇ ਚੌਧਰੀਆਂ ਦੇ ਮੂੰਹਾਂ ਤੇ ਸੁੱਟ ਕੇ ਅੰਨ੍ਹੇ ਨਾ ਕਰ ਦਿਆਂ ?

ਪਰ ਮਸਤੋਈ ਤਕੜੇ ਨੇ, ਅਗੇ ਵੀ ਬਲਾਤਕਾਰ ਕਰ ਚੁਕੇ ਨੇ, ਕਤਲ ਕਰ ਚੁੱਕੇ ਨੇ, ਮਕਾਨਾਂ ਨੂੰ ਅੱਗਾਂ ਲਾ ਚੁੱਕੇ ਨੇ। ਇਹ ਸ਼ਕੂਰ ਅਤੇ ਪਰਿਵਾਰ ਨੂੰ ਮਾਰ ਸਕਦੇ ਨੇ। ਉਸ ਨੇ ਰੱਬ ਨੂੰ ਪੁੱਛਿਆ – ਪਿਤਾ ਦੱਸ ਦੋਵਾਂ ਵਿਚੋਂ ਕੀ ਕਰਾਂ, ਖੁਦਕੁਸ਼ੀ ਕਿ ਬਦਲਾ ? ਮਾਂ ਨੇ ਬਚਪਨ ਵਿਚ ਦੱਸਿਆ ਸੀ ਰੱਬ ਅਸਮਾਨ ਵਿਚੋਂ ਸਭ ਦੇਖਦਾ ਹੈ, ਤਾਂ ਫਿਰ ਉਹ ਦੇਖ ਕੀ ਰਿਹੈ ?

ਨਿਕੀ ਹੁੰਦੀ ਦਾਦੀ ਤੋਂ ਪੁੱਛਦੀ – ਦਾਦੀ ਮਾਂ ਅਸਮਾਨ ਵਿਚ ਕੋਈ ਖਿੜਕੀ ਹੈ ਜਿਸ ਨੂੰ ਖੋਲ੍ਹ ਅੱਲਾ ਦੇਖ ਲੈਂਦੈ ਹੇਠਾਂ ? ਦਾਦੀ ਹੱਸਦੀ – ਕਮਲੀਏ ਸਾਰਾ ਅਸਮਾਨ ਉਸ ਦੀ ਖਿੜਕੀ ਹੈ। ਬਚਪਨ ਗਰੀਬੀ ਵਿਚ ਬੀਤਿਆ ਸੀ ਪਰ ਮਾਸੂਮ ਖੁਸ਼ੀਆਂ ਤੇ ਖੇੜਿਆਂ ਨਾਲ ਭਰਿਆ ਹੋਇਆ। ਥੱਪੜ ਤਾਂ ਕੀ, ਕਿਸੇ ਨੇ ਉਚਾ ਬੋਲ ਨਹੀਂ ਬੋਲਿਆ ਸੀ। ਹੁਣ ਇਸ ਸੰਕਟ ਦੇ ਮੌਕੇ ਆਪਣੀ ਇਜ਼ੱਤ ਕਿਵੇਂ ਕਾਇਮ ਰੱਖੇ? ਖੁਦਕੁਸ਼ੀ ਕਰਕੇ ਜਾਂ ਬਦਲਾ ਲੈਕੇ ? ਰੱਬ ਕਰੇਗਾ ਕੁੱਝ ਮਦਦ ?

ਪਤਾ ਲੱਗਾ ਕਿ ਇਸ ਜੁਮੇ ਦੀ ਨਮਾਜ਼ ਤੋਂ ਬਾਦ ਮੌਲਵੀ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪਿੰਡ ਵਿਚ ਜੋ ਹੋਇਆ ਉਹ ਗੁਨਾਹ ਹੈ ਤੇ ਅੱਲਾ ਨੂੰ ਮਨਜ਼ੂਰ ਨਹੀਂ। ਸਾਰੇ ਪਿੰਡ ਦੀ ਬਦਨਾਮੀ ਹੋਈ, ਮੈਂ ਤੁਹਾਨੂੰ ਪੁੱਛਦਾਂ ਪਿੰਡ ਪੁਲਸ ਨਾਲ ਕਿਉਂ ਨੀ ਗੱਲ ਕਰਦਾ ? ਇਹ ਭਾਸ਼ਣ ਉਸਨੇ ਲਾਊਡ ਸਪੀਕਰ ਵਿਚ ਦਿੱਤਾ ਸੀ ਤੇ ਕਿਸੇ ਪੱਤਰਕਾਰ ਨੇ ਸੁਣ ਕੇ ਅਖਬਾਰ ਵਿਚ ਖਬਰ ਛਾਪ ਦਿੱਤੀ।

ਇਹ ਗੱਲ ਸੁਣਕੇ ਮੁਖਤਾਰਾਂ ਰੋਈ, ਏਨੀ ਰੋਈ ਕਿ ਕਦੇ ਏਨੇ ਹੰਝੂ ਪਹਿਲਾਂ ਨਹੀਂ ਵਗੇ ਸਨ। ਉਸਦਾ ਦਿਲ ਹਲਕਾ ਹੋ ਗਿਆ। ਕੁਰਾਨ ਹੱਥਾਂ ਵਿਚ ਫੜ ਲਿਆ – ਯਾ ਅੱਲਾਹ ਮੌਲਵੀ ਜੀ ਨੇ ਨਮਾਜ਼ੀਆਂ ਨੂੰ ਵੰਗਾਰਿਐ, ਕੋਈ ਤਾਂ ਮੇਰਾ ਹਮਦਰਦਰ ਮਿਲਿਆ ? ਮੇਰਾ ਕੀ ਕਸੂਰ ਸੀ ? ਫਿਰ ਮੈਂ ਏਨੀ ਬੇਇਜ਼ਤੀ ਕਿਉਂ ਮਹਿਸੂਸ ਕਰ ਰਹੀ ਆਂ ? ਬੇਕਸੂਰ ਨੂੰ ਤਾਂ ਹੌਸਲਾ ਰੱਖਣਾ ਚਾਹੀਦੈ ਕਿਉਂਕਿ ਅੱਲਾਹ ਉਸ ਵੱਲ ਹੈ। ਸ਼ਰਮਿੰਦੇ ਤਾਂ ਮਸਤੋਈ ਹੋਣੇ ਚਾਹੀਦੇ ਨੇ।

ਅਗਲੇ ਦਿਨ ਘਰ ਪੁਲਸ ਆ ਗਈ, ਸਿਪਾਹੀ ਦੇਖਣ ਸਾਰ ਸ਼ਕੂਰ ਫੈਜ਼ੇ ਮਸਤੋਈ ਦੇ ਖੇਤਾਂ ਵਲ ਦੌੜ ਗਿਆ, ਪਿੱਛੇ ਅੱਬਾ ਦੌੜਿਆ। ਠਾਣੇਦਾਰ ਨੇ ਪੁੱਛਿਆ – ਮੁਖਤਾਰਾਂ ਕੌਣ ਐ ?

– ਮੈਂ ਆਂ ਜੀ ਮੁਖਤਾਰਾਂ

– ਤੁਹਾਨੂੰ ਆਪਣੇ ਭਰਾ ਅਤੇ ਅੱਬਾ ਨਾਲ ਠਾਣੇ ਜਾਣਾ ਪਏਗਾ।

ਮੁਖਤਾਰਾਂ ਨੇ ਭਰਾ ਅਤੇ ਅੱਬਾ ਨੂੰ ਵਾਜਾਂ ਮਾਰ ਕੇ ਵਾਪਸ ਬੁਲਾ ਲਿਆ। ਚਾਚੇ ਨੂੰ ਨਾਲ ਲੈਕੇ ਚਾਰੇ ਜਣੇ ਪੁਲਸ ਵੈਨ ਵਿਚ ਬੈਠ ਕੇ ਜਤੋਈ ਪੁੱਜ ਗਏ। ਠਾਣੇਦਾਰ ਨੇ ਕਿਹਾ – ਸਾਬ੍ਹ ਸੁੱਤੇ ਪਏ ਨੇ ਜਾਗੇ ਤਾਂ ਗੱਲ ਕਰਾਵਾਂਗਾ। ਕੁਰਸੀਆਂ ਖਾਲੀ ਪਈਆਂ ਸਨ, ਕਿਸੇ ਨੇ ਬੈਠਣ ਲਈ ਨਾ ਕਿਹਾ ਤਾਂ ਖਲੋਤੇ ਰਹੇ।

ਪੱਤਰਕਾਰ ਪਹਿਲੋਂ ਹੀ ਆਏ ਹੋਏ ਸਨ। ਉਹ ਸਵਾਲ ਪੁੱਛਣ ਲੱਗੇ, ਬੀਬੀ ਜਵਾਬ ਦੇਈ ਗਈ। ਉਸਨੂੰ ਕਾਨੂੰਨ ਦਾ ਅਦਾਲਤਾਂ ਦਾ ਕੋਈ ਇਲਮ ਨਹੀਂ ਸੀ ਪਰ ਤਾਂ ਕੀ ? ਸੱਚ ਦੱਸਣਾ ਸੀ, ਪੂਰੇ ਆਤਮ ਵਿਸ਼ਵਾਸ ਨਾਲ ਦਸਦੀ ਗਈ, ਹਰ ਗੱਲ ਵਿਸਥਾਰ ਨਾਲ, ਆਪਣਾ ਸਨਮਾਨ ਖੋਏ ਬਗੈਰ।

ਪਿੰਡੋਂ ਕੋਈ ਗਵਾਂਢੀ ਦੌੜਿਆ ਆਇਆ, ਕਹਿਣ ਲੱਗਾ – ਮਸਤੋਈਆਂ ਨੂੰ ਪਤਾ ਲੱਗ ਗਿਐ ਤੁਸੀਂ ਠਾਣੇ ਗਏ ਓ, ਉਹ ਬੈਠਕ ਕਰ ਰਹੇ ਨੇ। ਮੁਖਤਾਰਾਂ ਛੱਡ ਇਹ ਸਾਰਾ ਤਮਾਸ਼ਾ, ਵਾਪਸ ਚਲੋ, ਹੁਣ ਗੱਲ ਖਤਮ ਹੋ ਗਈ ਐ, ਜੇ ਪੁਲਸ ਕੋਲ ਇਹ ਸ਼ਿਕਾਇਤ ਹੋ ਗਈ ਉਹ ਤੁਹਾਨੂੰ ਸਾਰਿਆਂ ਨੂੰ ਫੂਕ ਦੇਣਗੇ।

ਪੱਤਰਕਾਰਾਂ ਵਿਚ ਘਿਰੀ ਬੀਬੀ ਨੇ ਕਿਹਾ – ਮੈਂ ਜੰਗ ਲੜਾਂਗੀ। ਖੁਦਕੁਸ਼ੀ ਕਰਨ ਨਾਲੋਂ ਉਨ੍ਹਾਂ ਦੀ ਗੋਲੀ ਨਾਲ ਮਰਨਾ ਚੰਗਾ। ਹੋਇਆ ਇਹ ਕੇ ਪਹਿਲੋਂ ਲੋਕਲ ਅਖਬਾਰ ਵਿਚ ਖਬਰ ਛਪੀ ਸੀ, ਫਿਰ ਨੈਸ਼ਨਲ ਫਿਰ ਇੰਟਰਨੈਸ਼ਨਲ ਪ੍ਰੈਸ ਵਿਚ। ਇਸਲਾਮਾਬਾਦ ਵਿਚ ਸਰਕਾਰ ਖਬਰ ਪੜ੍ਹ ਰਹੀ ਸੀ – ਮੌਲਵੀ ਦੀ ਹਦਾਇਤ ਨੂੰ ਨਜ਼ਰੰਦਾਜ ਕਰਕੇ ਜਿਰਗਾ ਨੇ ਇਕ ਔਰਤ ਨਾਲ ਬਲਾਤਕਾਰ ਕੀਤਾ। ਸਰਕਾਰ ਨੇ ਪੁਲਸ ਨੂੰ ਪੂਰੀ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ।

ਮੁਖਤਾਰਾਂ ਹੈਰਾਨ ਰਹਿ ਗਈ ਜਦੋਂ ਪਿਤਾ ਨੇ ਧੀ ਨੂੰ ਹੌਸਲਾ ਦਿੰਦਿਆ ਕਿਹਾ – ਆਪਾਂ ਲੜਾਂਗੇ ਮੁਖਤਾਰਾਂ। ਜੋ ਹੋ ਚੁੱਕਾ ਉਸ ਨਾਲੋਂ ਵੱਧ ਕੇ ਕੀ ਹੋਵੇਗਾ ? ਇਨ੍ਹਾਂ ਨੇ ਕਦੀ ਕਿਸੇ ਵਕੀਲ ਨਾਲ ਗੱਲ ਨਹੀਂ ਕੀਤੀ ਸੀ, ਕੋਈ ਪਤਾ ਨਹੀਂ ਸੰਵਿਧਾਨ ਵੀ ਹੁੰਦਾ ਹੈ, ਪਤਾ ਨਹੀਂ ਔਰਤਾਂ ਤੇ ਗਰੀਬਾਂ ਦੇ ਹੱਕ ਵਿਚ ਕੁੱਝ ਲਿਖਿਆ ਹੋਇਆ ਹੈ। ਤਾਂ ਵੀ ਲੜਨ ਦਾ ਫੈਸਲਾ ਹੋ ਗਿਆ। ਇਨਸਾਫ ਵੀ ਮਿਲ ਸਕਦੈ, ਮੌਤ ਵੀ, ਦੋਵੇਂ ਵੀ, ਫੇਰ ਕੀ ?

ਠਾਣੇਦਾਰ ਨੇ ਅੰਦਰ ਬੁਲਾ ਲਈ, ਸਵਾਲ ਪੁੱਛੀ ਗਿਆ, ਫਿਰ ਆਪਣੇ ਅਫਸਰ ਕੋਲ ਜਾਂਦਾ, ਕੁੱਝ ਉਸ ਤੋਂ ਪੁੱਛ ਕੇ ਲਿਖ ਦਿੰਦਾ। ਕਿੱਸਾ ਲੰਮਾ ਸੁਣਾਇਆ ਸੀ, ਪਰ ਲਿਖਤ ਅੱਧਾ ਸਫਾ ਹੈ। ਮੁਖਤਾਰਾਂ ਨੂੰ ਕਿਹਾ – ਅੰਗੂਠਾ ਲਾ। ਅੰਗੂਠਾ ਲਾ ਦਿੱਤਾ। ਬਿਆਨ ਪੜ੍ਹ ਕੇ ਨਹੀਂ ਸੁਣਾਇਆ। ਮੁਖਤਾਰਾਂ ਨੂੰ ਮਾਮਲਾ ਕੁੱਝ ਸ਼ੱਕੀ ਲੱਗਾ ਪਰ ਕੀ ਕਰ ਸਕਦੀ ਸੀ ?

ਅੱਧੀ ਰਾਤ ਕੰਮ ਮੁਕਾ ਕੇ ਠਾਣਿਓਂ ਬਾਹਰ ਨਿਕਲੇ ਤਾਂ ਆਮ ਰਸਤੇ ਪਿੰਡ ਨੂੰ ਨਹੀਂ ਗਏ, ਖੇਤਾਂ ਵਿਚ ਟੇਢੇ ਮੇਢੇ ਰਸਤੇ ਗਏ, ਮਸਤੋਈ ਰਾਹ ਵਿਚ ਘੇਰ ਸਕਦੇ ਸਨ। ਹੁਣ ਤੱਕ ਮੁਖਤਾਰਾਂ ਨੇ ਪੂਰਨ ਤਾਬਿਆਦਾਰੀ ਨਿਭਾਈ ਸੀ, ਹੁਣ ਉਸ ਅੰਦਰਲਾ ਗੁੱਸਾ ਬਗਾਵਤ ਕਰਨ ਲੱਗਾ।

ਅਗਲੇ ਦਿਨ ਜੀਪ ਫੇਰ ਆ ਗਈ, ਹੁਣ ਵੱਡੇ ਸ਼ਹਿਰ ਦੇ ਵੱਡੇ ਅਫਸਰ ਕੋਲ ਜਾਣਾ ਪਵੇਗਾ। ਚਿਹਰਾ ਢਕ ਕੇ ਬੈਠ ਗਈ। ਭਰਾ ਤੇ ਪਿਤਾ ਬਾਦ ਵਿਚ ਪੁੱਜੇ। ਹਵਾਲਾਤ ਵਿਚ ਭੁੰਜੇ ਬਿਠਾ ਰੱਖੀ ਸੀ, ਪਿਉ ਪੁੱਤ ਨੂੰ ਵੀ ਉਥੇ ਭੇਜ ਦਿੱਤਾ।

ਅਗਲੇ ਦਿਨ ਸਵੇਰੇ ਵੱਡੇ ਅਫਸਰ ਕੋਲ ਪੇਸ਼ ਹੋਏ। ਬੰਦ ਇਸ ਕਰਕੇ ਕੀਤੇ ਸਨ ਤਾਂ ਕਿ ਪ੍ਰੈਸ ਨਾਲ ਗੱਲ ਨਾ ਕਰਨ। ਅਫਸਰ ਨੇ ਕਾਗਜ਼ ਉਪਰ ਕੁੱਝ ਲਿਖਿਆ ਹੋਇਆ ਸੀ। ਮੁਖਤਾਰਾਂ ਨੂੰ ਕੀ ਪਤਾ ਕੀ ਸੀ। ਸਾਹਬ ਬੋਲਿਆ – ਦੇਖ ਮੁਖਤਾਰਾਂ, ਮੈਂ ਮਸਤੋਈਆਂ ਨੂੰ ਜਾਣਦਾਂ, ਉਹ ਮਾੜੇ ਬੰਦੇ ਨਹੀਂ ਤੂੰ ਉਨ੍ਹਾਂ ਉਪਰ ਮਨਘੜਤ ਦੋਸ਼ ਲਾ ਰਹੀ ਐਂ, ਕਿਉਂ ? ਮੁਖਤਾਰਾਂ ਨੇ ਕਿਹਾ – ਬਿਲਕੁਲ ਝੂਠ ਨਹੀਂ, ਜੋ ਹੋਇਆ ਉਹ ਲਿਖਵਾਇਆ।

– ਮੂਰਖ ਕੁੜੀਏ ਇਹੋ ਜਿਹੀ ਗੱਲ ਨੀ ਕਰੀਦੀ ਹੁੰਦੀ। ਹੁਣ ਜੋ ਮੈਂ ਲਿਖਿਐ ਤੈਨੂੰ ਪੜ੍ਹ ਕੇ ਸੁਣਾ ਦਿੰਨਾ, ਕੱਲ੍ਹ ਨੂੰ ਜੱਜ ਦੇ ਪੇਸ਼ ਹੋਣੈ, ਉਥੇ ਨਾ ਕਰੀਂ ਇਹੋ ਜਿਹੀ ਗੱਲ ਕੋਈ। ਤੇਰਾ ਭਲਾ ਸੋਚ ਰਿਹਾਂ ਮੈਂ।

– ਪਰ ਉਨ੍ਹਾਂ ਨੇ ਬਲਾਤਕਾਰ ਕੀਤਾ, ਮੈਂ ਜੱਜ ਨੂੰ ਦਸਾਂਗੀ।

– ਅਬਦੂਲ ਖਾਲਿਕ ਦਾ ਨਾਮ ਨਹੀਂ ਲੈਣਾ।

– ਪਰ ਅਬਦੁਲ ਖਾਲਿਕ ਵੀ ਉਥੇ ਸੀ।

– ਹਾਂ ਉਥੇ ਸੀ, ਪਿੰਡ ਜਾਣਦੈ ਪਰ ਤੂੰ ਇਹ ਕਹੀਂ ਕਿ ਅਬਦੁਲ ਖਾਲਿਕ ਨੇ ਉਚੀ ਆਵਾਜ਼ ਵਿਚ ਕਿਹਾ ਸੀ ਇਸ ਕੁੜੀ ਨਾਲ ਜ਼ਿਆਦਤੀ ਨਾ ਕਰੋ। ਇਹਨੂੰ ਮਾਫ ਕਰ ਦਿਉ।

– ਮੈਨੂੰ ਪਤੈ ਮੈਂ ਕੀ ਕਹਿਣੈ।

ਪਤਾ ਲੱਗਾ, ਜੱਜ ਦੇ ਘਰ ਮਹਿਮਾਨ ਆ ਗਏ, ਉਹ ਘਰ ਚਲੇ ਗਏ, ਕੋਠੀ ਵਿਚ ਬਿਆਨ ਸੁਣਨਗੇ। ਪੁਲਸ ਕੋਠੀ ਲੈ ਗਏ। ਉਥੇ ਜੱਜ ਸਾਬ੍ਹ ਨੇ ਕਿਹਾ – ਇਹ ਮਾਮਲਾ ਘਰ ਵਿਚ ਸੁਣਨ ਵਾਲਾ ਨਹੀਂ, ਅਦਾਲਤ ਵਿਚ ਚਲੋ। ਮੈਂ ਉਥੇ ਆ ਰਿਹਾਂ। ਫਿਰ ਵਾਪਸ ਅਦਾਲਤ ਵਿਚ ਆ ਗਏ। ਦਿਨ ਛਿਪਣ ਪਿਛੋਂ ਹਨੇਰਾ ਹੋ ਗਿਆ ਸੀ, ਤਾਂ ਵੀ ਪਛਾਣ ਲਏ, ਚਾਰੇ ਮਸਤੋਈ ਵੀ ਆਏ ਹੋਏ ਸਨ। ਕੀ ਮਾਮਲਾ ਹੈ ? ਕੀ ਕਰਨਗੇ ? ਬੀਬੀ ਕੁੱਝ ਨਹੀਂ ਜਾਣਦੀ।

ਆਖਰ ਜੱਜ ਸਾਹਿਬ ਆ ਗਏ। ਸਭ ਤੋਂ ਪਹਿਲਾਂ ਮੁਖਤਾਰਾਂ ਨੂੰ ਵਾਜ ਮਾਰੀ। ਉਹ ਅੱਗੇ ਵਧੀ। ਜੱਜ ਨੇ ਆਪਣੇ ਲਾਗੇ ਇਕ ਹੋਰ ਕੁਰਸੀ ਮੰਗਵਾ ਕੇ ਮੁਖਤਾਰਾਂ ਨੂੰ ਕਿਹਾ – ਇਧਰ ਆ ਬੀਬੀ, ਕੁਰਸੀ ਤੇ ਬੈਠ। ਪਾਣੀ ਦਾ ਜੱਗ ਅਤੇ ਗਲਾਸ ਮੰਗਵਾ ਲਏ। ਆਪ ਪਾਣੀ ਪੀਤਾ, ਮੁਖਤਾਰਾਂ ਨੂੰ ਪਿਲਾਇਆ। ਸਾਰਾ ਦਿਨ ਰੁਖੇ ਪੁਲਸੀਆਂ ਵਿਚ ਘਿਰੀ ਬੀਬੀ ਨੂੰ ਕੁੱਝ ਸਕੂਨ ਮਿਲਿਆ। ਕੋਈ ਤਾਂ ਹੈ ਜੋ ਆਦਰ ਨਾਲ ਗੱਲ ਸੁਣਦੈ। ਭਲਾ ਹੋਵੇ।

– ਦੇਖ ਬੀਬੀ, ਤੂੰ ਜੱਜ ਅਗੇ ਪੇਸ਼ ਹੈਂ। ਸੱਚ ਬੋਲੀਂ, ਜੋ ਹੋਇਆ ਸੰਖੇਪ ਵਿਚ ਉਹੀ ਦੱਸੀਂ। ਡਰਨਾ ਨਹੀਂ ਬਿਲਕੁਲ। ਮੈਨੂੰ ਹਕੀਕਤ ਪਤਾ ਹੋਣੀ ਚਾਹੀਦੀ ਹੈ। ਇਸ ਅਦਾਲਤ ਵਿਚ ਆਜ਼ਾਦ ਦਿਲ ਨਾਲ ਗੱਲ ਕਰ।

ਬੋਲਣ ਲੱਗੀ, ਕਈ ਵਾਰ ਗਲਾ ਜਵਾਬ ਦੇ ਜਾਂਦਾ, ਹੰਝੂ ਉਤਰ ਆਉਂਦੇ। ਜੱਜ ਹੌਸਲਾ ਦਿੰਦਾ, ਹਮਦਰਦੀ ਜਤਾਉਂਦਾ। ਅਨਪੜ੍ਹ, ਕੁੜੀ ਨੂੰ ਲਗਦਾ ਸੀ ਪੁਲਸ ਨੇ ਗੜਬੜ ਕੀਤੀ ਐ, ਉਸਨੂੰ ਲੱਗਾ, ਜੱਜ ਨਿਰਪੱਖ ਬੰਦਾ ਹੈ। ਘਬਰਾਉਣ ਲਗਦੀ ਤਾਂ ਆਖਦਾ – ਰੁਕ ਜਾ। ਪਾਣੀ ਪੀ ਪਹਿਲਾਂ।

ਡੇਢ ਘੰਟਾ ਲੱਗਾ, ਜਿਹੜੀਆਂ ਗੱਲਾਂ ਮਾਂ ਨੂੰ ਵੀ ਨਹੀਂ ਦੱਸੀਆਂ ਸਨ, ਉਹ ਵੀ ਦੱਸ ਦਿੱਤੀਆਂ। ਜੱਜ ਪਹਿਲਾਂ, ਨੀਵੀਂ ਥਾਂ ਉਤੇ ਮੁਖਤਾਰਾਂ ਕੋਲ ਬੈਠਾ ਸੀ ਫਿਰ ਜੱਜ ਵਾਲੀ ਉਚੀ ਕੁਰਸੀ ਤੇ ਬੈਠ ਕੇ ਕਿਹਾ – ਤੂੰ ਸੱਚ ਬਿਆਨ ਕਰਕੇ ਚੰਗਾ ਕੀਤਾ ਮੁਖਤਾਰਾਂ। ਰੱਬ ਹੁਣ ਫੈਸਲਾ ਕਰੇਗਾ। ਜੱਜ ਨੇ ਜੋ ਸੁਣਿਆ, ਲਿਖਾਣਾ ਸ਼ੁਰੂ ਕਰ ਦਿੱਤਾ। ਫਿਰ ਮੁੱਲਾ ਰਜ਼ਾਕ ਨੂੰ ਬੁਲਾਇਆ, ਉਸ ਨਾਲ ਵੀ ਠਰ੍ਹਮੇ ਨਾਲ ਗੱਲ ਕੀਤੀ, ਉਹ ਬਿਆਨ ਲਿਖਾਣ ਲੱਗਾ। ਥੱਕੀ ਹੋਈ ਮੁਖਤਾਰਾਂ ਕੁਰਸੀ ਤੇ ਬੈਠੀ ਮੇਜ਼ ਉਪਰ ਸਿਰ ਰੱਖ ਕੇ ਸੌਂ ਗਈ। ਕਿਸ ਕਿਸ ਨੇ ਕੀ ਬਿਆਨ ਦਿਤੇ ਪਤਾ ਨਹੀਂ। ਅਬੂ ਨੇ ਜਗਾ ਕੇ ਕਿਹਾ – ਚੱਲ ਮੁਖਤਾਰਾਂ, ਘਰ ਚੱਲੀਏ। ਬਾਹਰ ਵੱਲ ਤੁਰੇ, ਜੱਜ ਉਠ ਕੇ ਉਨ੍ਹਾਂ ਕੋਲ ਆਇਆ, ਕਿਹਾ – ਦਿਲ ਨੀ ਛੱਡਣਾ, ਡਟੇ ਰਹੋ। ਹੌਸਲਾ ਰੱਖਿਓ। ਪੁਲਸ ਆਪਣੀ ਜੀਪ ਵਿਚ ਘਰ ਛੱਡ ਗਈ। ਰੋਟੀ ਖਾ ਕੇ ਸੌਂ ਗਏ। ਮਸਤੋਈਆਂ ਦੇ ਬਿਆਨ ਲਏ ਕਿ ਨਾ ਪਤਾ ਨਹੀਂ।

ਅਗਲੀ ਸਵੇਰ ਉਠੇ, ਭੀੜ ਇੱਕਠੀ ਹੋਈ ਖੜੀ ਸੀ। ਏਨੀਆਂ ਕਾਰਾਂ, ਏਨੇ ਬੰਦੇ ? ਰੇਡੀਓ ਵਾਲੇ, ਟੀਵੀ ਵਾਲੇ, ਬੀ.ਬੀ.ਸੀ. ਦੇ ਨਾਮਾਨਿਗਾਰ, ਇਕ ਤਾਂ ਇਸਲਾਮਾਬਾਦ ਤੋਂ ਆਇਆ ਸੀ। ਏਨੇ ਬੰਦੇ ਕਦੇ ਨਹੀਂ ਆਏ ਸਨ। ਮੁਰਗੀਆਂ ਨੱਠ ਗਈਆਂ, ਕੁੱਤਾ ਲਗਾਤਾਰ ਭੌਂਕਦਾ ਰਿਹਾ।

www.punjabilibrary.com

ਉਹ ਸਵਾਲ ਪੁੱਛਦੇ ਰਹੇ, ਮੁਖਤਾਰਾਂ ਜਵਾਬ ਦਿੰਦੀ ਰਹੀ। ਹੁਣ ਹੌਸਲਾ ਹੋ ਗਿਆ - ਇਨੇ ਬੰਦਿਆਂ ਸਦਕਾ ਹੁਣ ਮੈਂ ਮਸਤੋਈਆਂ ਤੋਂ ਬਚ ਜਾਵਾਂਗੀ।

ਇਨ੍ਹਾਂ ਪੱਤਰਕਾਰਾਂ ਤੋਂ ਬੀਬੀ ਨੂੰ ਹੋਰ ਔਰਤਾਂ ਨਾਲ ਹੋਈਆਂ ਬੇਇਨਸਾਫੀਆਂ ਦਾ ਪਤਾ ਲੱਗਾ। ਇਕ ਨੇ ਦੱਸਿਆ ਕਿ ਇੱਕਲੇ ਜੂਨ ਮਹੀਨੇ ਵਿਚ 53 ਮਰਦਾਂ ਨੇ 20 ਔਰਤਾਂ ਨਾਲ ਬਲਾਤਕਾਰ ਕੀਤਾ, ਦੋ ਔਰਤਾਂ ਮਰ ਗਈਆਂ, ਇਕ ਕਤਲ ਕੀਤੀ ਗਈ ਦੂਜੀ ਨੇ ਖੁਦਕੁਸ਼ੀ ਕੀਤੀ। ਇਕ ਔਰਤ ਪੱਤਰਕਾਰ ਨੇ ਕਿਹਾ - ਪਾਕਿਸਤਾਨ ਵਿਚ ਅੱਧੀਆਂ ਔਰਤਾਂ ਵਖ ਵਖ ਜ਼ੁਲਮਾਂ ਦਾ ਸ਼ਿਕਾਰ ਹਨ। ਔਰਤਾਂ ਨੂੰ ਇਸ ਕਰਕੇ ਪੜ੍ਹਨ ਤੋਂ ਵਰਜਿਆ ਹੈ ਤਾਂ ਕਿ ਉਨ੍ਹਾਂ ਨੂੰ ਆਪਣੇ ਹੱਕਾਂ ਦਾ ਪਤਾ ਨਾ ਲੱਗੇ, ਹੱਕਾਂ ਵਾਸਤੇ ਲੜ ਨਾ ਸਕਣ।

ਇਕ ਪੱਤਰਕਾਰ ਨੇ ਦੱਸਿਆ- ਬੀਬੀ ਇਸ ਸਾਲ ਦੇ ਸ਼ੁਰੂ ਵਿਚ ਇਸੇ ਫੈਜ਼ੇ ਨੇ ਇਕ ਕੁੜੀ ਚੁੱਕ ਲਿਆਂਦੀ ਸੀ ਤੇ ਬੰਦ ਰੱਖ ਕੇ ਬਲਾਤਕਾਰ ਕਰਦਾ ਰਿਹਾ। ਕੁੜੀ ਦੀ ਮਾਂ ਨੇ ਮੈਨੂੰ ਦੱਸਿਆ ਕਿ ਮੇਰੀ ਕਿਧਰੇ ਸੁਣਵਾਈ ਨਹੀਂ ਹੋਈ। ਮੈਂ ਉਸਦੀ ਖਬਰ ਲਾਈ ਤਾਂ ਲੋਕਲ ਪ੍ਰੈੱਸ ਵੀ ਹਰਕਤ ਵਿਚ ਆ ਗਈ, ਤਾਂ ਕਿਤੇ ਕੁੜੀ ਮੁਕਤ ਹੋਈ।

ਖਬਰਾਂ ਨਹੀਂ ਕੇਵਲ, ਅਖਬਾਰਾਂ ਨੇ ਲੰਮੇ ਲੇਖ ਛਾਪੇ, ਪੂਰੇ ਪਾਕਿਸਤਾਨ ਦੀ ਤਸਵੀਰ ਪੇਸ਼ ਕੀਤੀ, ਟੀਵੀ ਚੈਨਲਾਂ ਨੇ ਲੰਮੀਆਂ ਗੱਲਾਂ ਬਾਤਾਂ ਕੀਤੀਆਂ। ਅਫਸੋਸ ਕਿ ਬੀਬੀ ਪੜ੍ਹ ਨਹੀਂ ਸਕਦੀ। ਉਸ ਕੋਲ ਕੁਰਾਨ ਨਾਮ ਦੀ ਕਿਤਾਬ ਹੈ ਕੇਵਲ, ਉਹ ਵੀ ਪੜ੍ਹਨੀ ਨਹੀਂ ਆਉਂਦੀ ਪਰ ਸਾਰੀ ਜ਼ਬਾਨੀ ਯਾਦ ਹੈ, ਹੋਰਾਂ ਨੂੰ ਯਾਦ ਕਰਵਾਏਗੀ। ਪਰ ਜਿਹੜੀਆਂ ਕੁੜੀਆਂ ਸਿੱਖਣ ਆਇਆ ਕਰਦੀਆਂ ਸਨ, ਇਸ ਘਟਨਾ ਤੋਂ ਬਾਦ ਮਾਪਿਆਂ ਨੇ ਹਟਾ ਲਈਆਂ। ਪਿੰਡ ਵਾਲੇ ਆਖ ਰਹੇ ਨੇ - ਇਹ ਕੁੜੀ ਅਖਬਾਰਾਂ ਦੇ ਵਰੋਲੇ ਵਿਚ ਪਿੰਡ ਦੀ ਬਦਨਾਮੀ ਕਰਵਾ ਰਹੀ ਐ। ਮਰ ਜਾਂਦੀ ਠੀਕ ਸੀ। ਇਹੋ ਜਿਹੀਆਂ ਗੱਲਾਂ ਅਜਨਬੀ ਮਰਦਾਂ ਨਾਲ ਕਰਨ ਦਾ ਕੀ ਮਤਲਬ ?

ਪੰਜ ਦਿਨਾਂ ਬਾਦ ਫੇਰ ਪੁਲਸ ਵੈਨ ਆ ਗਈ। ਵਡੇ ਸ਼ਹਿਰ ਹੋਰ ਵੱਡੇ ਪੁਲਸ ਅਫਸਰ ਕੋਲ ਜਾਣਾ ਹੈ। ਬੀਬੀ ਦਾ ਖਿਆਲ ਸੀ ਜੋ ਪੁੱਛਿਆ ਦੱਸ ਦਿੱਤਾ, ਹੁਣ ਹੋਰ ਕੀ ਕਰਨੈ ? ਪਿਤਾ, ਮੌਲਵੀ ਅਤੇ ਸ਼ਕੂਰ ਬੀਬੀ ਨਾਲ ਬੈਠ ਗਏ। ਦੇਖਿਆ, ਮੁਜੱਫਰਗੜ, ਵੱਡੇ ਅਫਸਰ ਸਾਹਮਣੇ ਉਹ ਦੋਵੇਂ ਪੁਲਸ ਅਫਸਰ ਬੈਠੇ ਸਨ ਜਿਹੜੇ ਬੀਬੀ ਨੂੰ ਕਹਿ ਰਹੇ ਸਨ ਕਿ ਮਸਤੋਈਆਂ ਖਿਲਾਫ ਬਿਆਨ ਨਹੀਂ ਦੇਣਾ। ਇਕ ਜਣਾ ਆਪਣੇ ਸੀਨੀਅਰ ਨੂੰ ਕੁੱਝ ਕਹਿਣ ਲੱਗਾ ਤਾਂ ਉਸ ਨੇ ਕਿਹਾ - ਚੁਪ ਰਹਿ, ਬੀਬੀ ਮੁਖਤਾਰਾਂ ਨਾਲ ਗੱਲ ਕਰਨੀ ਐ।

- ਧੀਏ, ਇਨ੍ਹਾਂ ਪੁਲਸੀਆਂ ਨੇ ਤੇਰੇ ਨਾਲ ਕੋਈ ਵਧੀਕੀ ਕੀਤੀ ? ਕੋਈ ਗਲਤ ਗੱਲ ਹੋਈ ? ਅਫਸਰ ਨੇ ਪੁੱਛਿਆ।

- ਨਹੀਂ ਵਧੀਕੀ ਕੋਈ ਨੀਂ, ਇਕ ਤਾਂ ਇਹ ਕਹਿੰਦੇ ਰਹੇ ਕਿ ਜੋ ਮੇਰੇ ਨਾਲ ਹੋਇਆ ਉਹ ਮੈਂ ਜੱਜ ਨੂੰ ਨਾਂ ਦਸਾਂ। ਦੂਜਾ ਮੈਥੋਂ ਮੇਰੇ ਭਰਾ ਅਤੇ ਪਿਤਾ ਤੋਂ ਕੋਰੇ ਕਾਗਜ਼ਾਂ ਤੇ ਅੰਗੂਠੇ ਲੁਆ ਲਏ, ਕਹਿੰਦੇ ਬਿਆਨ ਬਾਦ ਵਿਚ ਲਿਖਾਂਗੇ।

- ਅੱਛਾ ? ਕਮਾਲ ਐ। ਉਨ੍ਹਾਂ ਪੁਲਸੀਆਂ ਦੇ ਨਾਮ ਕੀ ਸਨ ?

- ਜੀ ਨਾਵਾਂ ਦਾ ਮੈਨੂੰ ਕੀ ਪਤਾ, ਪਛਾਣ ਸਕਦੀ ਆਂ ਉਨ੍ਹਾ ਨੂੰ।

- ਠੀਕ ਐ, ਅੱਜ ਫਾਈਲ ਵੀ ਨਹੀਂ, ਉਹ ਬੰਦੇ ਵੀ ਨਹੀਂ, ਮੈਂ ਫਿਰ ਬੁਲਾਵਾਂਗਾ।

ਚਾਰ ਦਿਨਾਂ ਬਾਦ ਪੁਲਸ ਫਿਰ ਬੁਲਾ ਲਿਆਈ। ਐਤਕੀ ਪੁਲਸ ਅਫਸਰ ਕੋਲ ਨਹੀ, ਇਕ ਡਾਕਟਰ ਕੋਲ ਲੈ ਗਏ। ਸਲਮਾਂ ਪਹਿਲੋਂ ਆਈ ਬੈਠੀ ਸੀ। ਮਸਤੋਈਆਂ ਨੇ ਬਿਆਨ ਵਿਚ ਕਿਹਾ ਸੀ ਸ਼ਕੂਰ ਨੇ ਉਸਨੂੰ ਰੇਪ ਕੀਤਾ ਸੀ। ਡਾਕਟਰ ਦੋਵਾਂ ਦੀ ਜਾਂਚ ਕਰੇਗਾ। ਪਰ ਮੁਖਤਾਰਾਂ ਨੂੰ ਕਿਉਂ ਬੁਲਾਇਆ ? ਉਸ ਦਾ ਵੀ ਮੈਡੀਕਲ ਕਰਨਗੇ ? ਅੱਠ ਦਿਨ ਉਸ ਘਟਨਾ ਨੂੰ ਬੀਤ ਗਏ ਹਨ। ਇਸ ਦਿਨ ਪਹਿਨੇ ਕੱਪੜੇ ਮਾਂ ਨੇ ਧੋ ਦਿੱਤੇ ਸਨ, ਉਹ ਕੰਮ ਆ ਸਕਦੇ ਸਨ। ਡਾਕਟਰ ਨੇ

ਰਿਪੋਰਟ ਵਿਚ ਲਿਖਿਆ - ਮੁਖਤਾਰਾਂ ਦਾ ਦਿਮਾਗ ਠੀਕ ਹੈ। ਹੋਰ ਕੀ ਲਿਖਿਆ ਉਸਨੂੰ ਪਤਾ ਨਹੀਂ।

ਸਲਮਾ ਬੁਲਾ ਲਈ। ਉਸਨੂੰ ਕਿਵੇਂ ਟੈਸਟ ਕਰੇਗਾ ਡਾਕਟਰ ? ਸ਼ਕੂਰ ਸੱਦ ਲਿਆ। ਡਾਕਟਰ ਨੇ ਬਾਰਾਂ ਸਾਲ ਦਾ ਮੁੰਡਾ ਗਹੁ ਨਾਲ ਦੇਖਿਆ। ਪਤਾ ਲੱਗਾ ਕਿ ਸਲਮਾ ਅਚਾਨਕ ਮੁੱਕਰ ਗਈ ਜਦੋਂ ਡਾਕਟਰ ਨੇ ਕਿਹਾ ਕਿ ਉਹ ਸਲਮਾ ਅਤੇ ਸ਼ਕੂਰ ਦੇ ਕੁੱਝ ਤਰਲ ਪਰਖੇਗਾ ਫਿਰ ਪਤਾ ਲੱਗ ਜਾਏਗਾ ਕਿ ਗੱਲ ਸੱਚ ਹੈ ਕਿ ਝੂਠ। ਲੈਬ ਟੈਸਟਾਂ ਦੀ ਗੱਲ ਸੁਣ ਕੇ ਸਲਮਾ ਡਰ ਗਈ। ਬਿਆਨ ਬਦਲ ਕੇ ਕਹਿਣ ਲੱਗੀ - ਨਹੀਂ ਸ਼ਕੂਰ ਨੇ ਜਬਰ ਜਨਾਅ ਲਹੀਂ ਕੀਤਾ, ਇਹਨੇ ਮੇਰੀਆਂ ਬਾਹਵਾਂ ਫੜ ਲਈਆ, ਇਹਦੇ ਵੱਡੇ ਭਰਾ ਅਤੇ ਚਾਚੇ ਦੇ ਤਿੰਨ ਮੁੰਡਿਆ ਨੇ ਕੀਤਾ।

- ਤੂੰ ਮਜ਼ਾਕ ਸੁਣਾ ਰਹੀ ਐਂ ? ਤੈਨੂੰ ਹੱਟੀ ਕੱਟੀ ਜ਼ਨਾਨੀ ਨੂੰ ਬਾਹਵਾਂ ਫੜ ਕੇ 12 ਸਾਲ ਦੇ ਮੁੰਡੇ ਨੇ ਕਾਬੂ ਕਰ ਲਿਆ ? ਡਾਕਟਰ ਨੇ ਉਸ ਦੀ ਉਮਰ 27 ਸਾਲ ਅੰਗੀ ਤੇ ਲਿਖਿਆ ਕਿ ਤਿੰਨ ਸਾਲ ਪਹਿਲਾ ਤੋਂ ਇਹ ਮਰਦਾਂ ਨਾਲ ਮਿਲਦੀ ਰਹੀ ਤੇ ਇਕ ਵਾਰ ਗਰਭਪਾਤ ਵੀ ਹੋਇਆ। ਇਸ 22 ਜੂਨ ਤੋਂ ਬਹੁਤ ਸਮਾਂ ਪਹਿਲਾਂ ਉਸਨੇ ਕਿਸੇ ਨਾਲ ਹਮਬਿਸਤਰੀ ਕੀਤੀ ਹੈ। ਡੀ.ਐਨ.ਏ. ਟੈਸਟ ਰਿਪੋਰਟਾ ਨੇ ਦੱਸਿਆ ਕਿ ਸ਼ਕੂਰ ਬੇਕਸੂਰ ਹੈ।

ਸ਼ਕੂਰ ਨੇ ਜੱਜ ਕੋਲ ਬਿਆਨ ਦਿੱਤਾ ਕਿ ਖੇਤ ਵਿਚੋਂ ਚੁਕ ਕੇ ਉਸਨੂੰ ਇਕ ਕੋਠੇ ਵਿਚ ਲੈ ਗਏ ਜਿਥੇ ਤਿੰਨ ਬੰਦਿਆਂ ਨੇ ਉਸ ਨਾਲ ਜਬਰ ਜਨਾਅ ਕੀਤਾ। ਜਦੋਂ ਚੀਕਾਂ ਮਾਰੀਆਂ ਤੇ ਕਿਹਾ - ਅਬੂ ਨੂੰ ਅਤੇ ਪੁਲਸ ਨੂੰ ਦੱਸਾਂਗਾ, ਫਿਰ ਡੰਡਿਆ ਨਾਲ ਕੁੱਟਿਆ। ਦੁਬਾਰਾ ਫਿਰ ਕੁਕਰਮ ਕੀਤਾ ਤੇ ਕਿਹਾ - ਜੇ ਕਿਸੇ ਨੂੰ ਦੱਸਿਆ, ਗੋਲੀ ਮਾਰ ਦਿਆਂਗੇ। ਪਾਕਿਸਤਾਨ ਕਾਨੂੰਨ ਅਨੁਸਾਰ ਰੇਪ ਕੇਸ ਸਾਬਤ ਕਰਨ ਲਈ ਚਾਰ ਚਸ਼ਮਦੀਦ ਗਵਾਹ ਚਾਹੀਦੇ ਹਨ। ਚਸ਼ਮਦੀਦ ਗਵਾਹ ਤਾਂ ਉਹੀ ਹੁੰਦੇ ਨੇ ਜਿਨ੍ਹਾਂ ਨੇ ਰੇਪ ਕੀਤਾ ? ਹੋਰ ਗਵਾਹ ਕਿਥੋਂ ਆਣ ?

ਕੁੱਝ ਦਿਨਾਂ ਬਾਦ ਪੁਲਸ ਫੇਰ ਆਈ। ਸ਼ਕੂਰ ਅਤੇ ਬੀਬੀ ਨੂੰ ਇਕ ਔਰਤ ਕੋਲ ਲੈ ਗਏ। ਇਹ ਬੀਬੀ ਵਜ਼ੀਰ ਸੀ ਤੇ ਮੁਖਤਾਰਾਂ ਨੂੰ ਪੰਜ ਲੱਖ ਰੁਪਏ ਦੀ ਰਾਹਤ ਦੇਣ ਆਈ ਸੀ। ਮੁਖਤਾਰਾਂ ਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ? ਡਰ ਗਈ ਕਿ ਇਹ ਕੋਈ ਨਵਾਂ ਫੰਦਾ ਹੈ। ਵਜ਼ੀਰ ਨੇ ਬੀਬੀ ਨੂੰ ਚੈਕ ਫੜਾ ਦਿੱਤਾ। ਮੁਖਤਾਰਾਂ ਨੇ ਚੈਕ ਫਰਸ਼ ਤੇ ਸੁੱਟ ਕੇ ਕਿਹਾ - ਮੈਨੂੰ ਨੀ ਚਾਹੀਦੇ ਪੈਸੇ। ਮੈਂ ਉਨ੍ਹਾਂ ਨਾਲ ਰਾਜ਼ੀਨਾਵਾਂ ਪੈਸੇ ਲੈਕੇ ਕਰਲਾਂ ? ਵਜ਼ੀਰ ਨੇ ਸਾਰੀ ਗੱਲ ਠਰ੍ਹਮੇ ਨਾਲ ਦੱਸੀ ਤੇ ਕਿਹਾ - ਕੋਈ ਰਾਜ਼ੀਨਾਵਾਂ ਨੀ ਕਰਨਾ। ਤੈਨੂੰ ਦੁਖ ਮਿਲੇ, ਸਰਕਾਰ ਦੇ ਭਲਾਈ ਫੰਡ ਨੇ ਇਹ ਪੈਸੇ ਦਿੱਤੇ ਨੇ।

- ਚੈੱਕ ਨਹੀਂ, ਮੈਨੂੰ ਤਾਂ ਸਕੂਲ ਚਾਹੀਦੈ।

- ਸਕੂਲ ? ਕੀ ਮਤਲਬ ?

- ਪਿੰਡ ਕੁੜੀਆਂ ਲਈ ਸਕੂਲ ਨਹੀਂ, ਮੁੰਡਿਆਂ ਦੇ ਸਕੂਲ ਵਿਚ ਮਾਪੇ ਭੇਜਦੇ ਨਹੀਂ। ਮੈਂ ਪੜ੍ਹੀ ਲਿਖੀ ਹੁੰਦੀ, ਧੋਖਿਆਂ ਵਿਚ ਨਾ ਘਿਰਦੀ।

- ਸਕੂਲ ਵੀ ਦੇ ਦਿਆਂਗੇ, ਪਹਿਲੋਂ ਇਹ ਚੈਕ ਫੜ।

ਮੁਖਤਾਰਾਂ ਨੂੰ ਇਸ ਬੀਬੀ ਨੇ ਦੱਸਿਆ ਕਿ ਸਾਰੀ ਦੁਨੀਆਂ ਦੀ ਤੇਰੇ ਨਾਲ ਹਮਦਰਦੀ ਹੈ। ਇਹ ਚੈਕ ਰਾਸ਼ਟਰਪਤੀ ਨੇ ਭੇਜਿਐ। ਮੁਖਤਾਰਾਂ ਬੋਲੀ - ਪਰ ਮੈਨੂੰ ਇਨ੍ਹਾਂ ਦਰਿੰਦਿਆਂ ਤੋਂ ਡਰ ਲਗਦੈ। ਮੇਰੀ ਹਰ ਖਬਰ ਪਹੁੰਚਦੀ ਐ। ਪੁਲਸ ਨੇ ਫੜੇ ਤਾਂ ਸਨ ਪਰ ਥੋੜੇ ਦਿਨਾਂ ਬਾਦ ਘਰ ਆ ਗਏ।

ਵਜ਼ੀਰ ਨੇ ਦੱਸਿਆ - ਜੱਜ ਨੇ ਪੁਲਸ ਅਫਸਰਾਂ ਦੀ ਖਿਚਾਈ ਕਰ ਦਿੱਤੀ ਐ। ਪਾਕਿਸਤਾਨ ਦੇ ਕਾਨੂੰਨ ਮੰਤਰੀ ਦਾ ਬੀ.ਬੀ.ਸੀ. ਉਪਰ ਬਿਆਨ ਆਇਆ ਹੈ ਕਿ ਮਸਤੋਈ ਜਿਰਗੇ ਖਿਲਾਫ ਦਹਿਸ਼ਤਗਰਦੀ ਵਿਰੋਧੀ ਐਕਟ ਅਧੀਨ ਮੁਕੱਦਮਾ ਚਲਾਇਆ ਜਾਵੇ। ਉਨ੍ਹਾਂ ਨੇ ਦਹਿਸ਼ਤਗਰਦੀ ਕੀਤੀ ਹੈ। ਮਨੁੱਖੀ ਹੱਕਾਂ ਦੇ ਕਾਰਕੁਨਾ ਨੇ ਜਲੂਸ ਕੱਢੇ ਨੇ। ਚਾਰ ਬੰਦੇ ਫੜ ਲਏ ਤੇ ਚਾਰ ਭਗੌੜੇ ਹੋ

ਗਏ। ਸਟੇਟ ਗੰਭੀਰਤਾ ਨਾਲ ਕੇਸ ਦੇਖਣ ਲੱਗੀ, ਪੂਰੀ ਜਿਰਗਾ ਦੇ 14 ਮੈਂਬਰ ਹਿਰਾਸਤ ਵਿਚ ਲੈ ਲਏ।

ਵਜ਼ੀਰ ਨੇ ਕਿਹਾ - ਬੈਂਕ ਮੈਨੇਜਰ ਨੂੰ ਕਹਿ ਦਿਤੈ ਤੁਹਾਡਾ ਪਿਉ ਧੀ ਦਾ ਖਾਤਾ ਖੋਲ੍ਹ ਦੇਣਗੇ। ਦੋ ਗਵਾਹ ਲੈ ਜਾਉ। ਪਹਿਲੀ ਵਾਰ ਬੈਂਕ ਵਿਚ ਗਏ ਤੇ ਖਾਤਾ ਖੁਲਵਾ ਕੇ ਚੈਕ ਜਮਾ ਕਰਵਾਇਆ। ਮੈਨੇਜਰ ਨੇ ਚੈਕ ਬੁੱਕ ਦੇ ਕੇ ਕਿਹਾ - ਜਦੋਂ ਕਢਵਾਉਣੇ ਹੋਣ ਮੇਰੇ ਕੋਲ ਆ ਜਾਇਆ ਕਰਿਉ।

ਹਾਲਾਤ ਤੇਜ਼ੀ ਨਾਲ ਬਦਲਣ ਲੱਗੇ। ਜਦੋਂ ਘਰ ਵਾਪਸ ਆਏ, ਪੰਦਰਾਂ ਪੁਲਸੀਏ ਖਲੋਤੇ ਸਨ। ਥੋੜੀ ਦੇਰ ਬਾਦ ਪੰਜਾਹ ਬੰਦਿਆਂ ਦੀ ਫਲੀਟ ਗਵਰਨਰ ਨੂੰ ਲੈ ਆਈ। ਗਵਰਨਰ ਨੇ ਕਿਹਾ - ਤੂੰ ਮੇਰੀ ਧੀ ਹੈਂ ਮੁਖਤਾਰਾਂ ਬੀਬੀ। ਸਭ ਠੀਕ ਹੋਵੇਗਾ, ਤੇਰੀ ਰਾਖੀ ਕਰਾਂਗੇ। ਜਦੋਂ ਚਲਾ ਗਿਆ ਮੁਖਤਾਰਾਂ ਨੇ ਕਿਹਾ - ਅੱਬਾ ਕਾਸੇ ਜੋਗਾ ਨਹੀਂ ਇਹ ਆਦਮੀ। ਫੋਟੋਆਂ ਖਿਚਵਾਉਣ ਆਇਆ ਸੀ, ਅਖਬਾਰਾਂ ਵਿਚ ਛਾਪਣਗੇ। ਆਪਾਂ ਖੁਦ ਲੜਾਂਗੇ।

ਪੁਲਸ ਦਾ ਪਹਿਰਾ ਲੱਗ ਗਿਆ, ਇਹ ਹੋਰ ਤਰ੍ਹਾਂ ਦੀ ਮੁਸੀਬਤ ਸੀ। ਇਕ ਕਮਰਾ ਇਨ੍ਹਾਂ ਨੂੰ ਦੇਣਾ ਪਿਆ ਤੇ ਰੋਟੀ ਮੁਖਤਾਰਾਂ ਦੇ ਘਰੋਂ ਖਾਣਗੇ ਤਨਖਾਹ ਸਰਕਾਰ ਦਏਗੀ। ਮਿਲੇ ਪੈਸੇ ਇਹੀ ਖਾ ਜਾਣਗੇ।

ਦੂਰੋਂ ਪਾਰੋਂ ਇਕ ਮਾਮਾ ਆਇਆ ਹੋਇਆ ਸੀ। ਦਸ ਸਾਲ ਬਾਦ ਆਇਆ। ਉਸਦਾ ਮੁੰਡਾ ਮੁਖਤਾਰਾਂ ਦਾ ਹਾਣੀ ਵਿਆਹਿਆ ਵਰਿਆ ਬਾਲ ਬਚੇਦਾਰ। ਗਵਰਨਰ ਨਾਲ ਫੋਟੋਆਂ ਤੇ ਪੰਜ ਲੱਖ ਦਾ ਚੈਕ ! ਕਹਿਣ ਲੱਗਾ - ਟੁੱਟੀ ਟਾਹਣੀ ਸੁਟਣੀ ਨੀ ਚਾਹੀਦੀ। ਫੇਰ ਜੋੜਨੀ ਜਰੂਰੀ ਹੈ। ਆਗਿਆ ਹੋਵੇ ਤਾਂ ਮੁਖਤਾਰਾਂ ਨੂੰ ਮੇਰੇ ਮੁੰਡੇ ਨਾਲ ਵਿਆਹ ਦਈਏ, ਮੁਖਤਾਰਾਂ ਹੱਸ ਪਈ - ਸਕੂਲ ਦੀ ਉਸਾਰੀ ਕਰਾਂਗੀ ਮਾਮਾ ਜਾਨ, ਵਿਆਹ ਦੀ ਲੋੜ ਨੀ।

ਕੇਸ ਐਂਟੀਟੈਰੋਰਿਸਟ ਅਦਾਲਤ ਦੇ ਸਪੁਰਦ ਕਰ ਦਿੱਤਾ। ਸਿੰਧ ਦਰਿਆ ਕਿਨਾਰੇ ਇਹ ਅਦਾਲਤ ਡੇਰਾ ਗਾਜ਼ੀ ਖਾਂ ਵਿਚ ਹੈ। ਇਥੇ ਇਨਸਾਫ ਛੇਤੀ ਮਿਲ ਜਾਂਦਾ ਹੈ। ਪੁਲਸ ਨੇ ਮਸਤੋਈਆਂ ਦੇ ਘਰਾਂ ਦੀ ਤਲਾਸ਼ੀ ਲਈ, ਨਾਜਾਇਜ਼ ਹਥਿਆਰ ਫੜੇ ਗਏ। ਮੈਡੀਕਲ ਰਿਪੋਰਟ ਨੇ ਰੇਪ ਕਰਫਰਮ ਕਰ ਦਿੱਤੀ। ਤਿੰਨ ਹਫਤੇ ਗਵਾਹੀਆਂ ਭੁਗਤਣੀਆਂ ਸਨ, ਮੁਖਤਾਰਾਂ ਹਰ ਰੋਜ਼ ਚਾਹੀਦੀ ਸੀ। ਏਨੀ ਦੂਰ ਰੋਜ਼ ਕਿਵੇਂ ਜਾਏ ? ਉਸਨੇ ਜੱਜਾਂ ਨੂੰ ਪੁੱਛਿਆ। ਅਦਾਲਤ ਦੇ ਨੇੜੇ ਸਰਕਾਰੀ ਕੁਆਰਟਰ ਸਨ, ਰਹਿਣ ਦਾ ਇੰਤਜ਼ਾਮ ਕਰ ਦਿੱਤਾ।

ਗ੍ਰਿਫਤਾਰ 14 ਬੰਦੇ ਹਰ ਰੋਜ਼ ਲਿਆਏ ਜਾਂਦੇ। ਨੀਵੀਆਂ ਪਾਈ ਰਖਦੇ। ਕੇਵਲ ਵਕੀਲ ਬੋਲਦੇ। ਜਿਹੜੇ ਮਹੀਨਾ ਪਹਿਲਾਂ ਬਘਿਆੜ ਸਨ, ਲੇਲੇ ਦਿਖਾਈ ਦਿੰਦੇ। ਤਾਂ ਵੀ ਇਨ੍ਹਾਂ ਨੂੰ ਵਿਸ਼ਵਾਸ ਸੀ ਕਿ ਜਿਰਗਾ ਪੰਚਾਇਤ ਦੇ ਫੈਸਲੇ ਖਿਲਾਫ ਅਦਾਲਤ ਨੇ ਕਦੀ ਹੁਕਮ ਨੀਂ ਸੁਣਾਇਆ। ਕੁੱਝ ਦਿਨ ਭਕਾਈ ਹੋਵੇਗੀ, ਬਰੀ ਹੋ ਜਾਣਗੇ। ਮੁਖਤਾਰਾਂ ਭੈ ਮੁਕਤ ਸੀ।

ਦੋਸ਼ੀਆਂ ਵਲੋਂ ਵਕੀਲ ਪੇਸ਼ ਹੋ ਰਹੇ ਹਨ। ਕਹਿ ਰਹੇ ਹਨ ਮੁਖਤਾਰਾਂ ਨੇ ਗਪੋੜ ਮਾਰੇ ਹਨ। ਤਲਾਕ ਸ਼ੁਦਾ ਜ਼ਨਾਨੀ ਦੀ ਕੀ ਇਜ਼ਤ, ਕੀ ਵੁੱਕਤ ? ਗੁਲਾਮ ਫਰੀਦ ਗੁੱਜਰ ਦੀ ਵੱਡੀ ਧੀ ਨਾਲ ਕੋਈ ਜਬਰ ਜਨਾਅ ਨਹੀਂ ਹੋਇਆ।

ਜੋ ਜੋ 22 ਜੂਨ ਨੂੰ ਹੋਇਆ, ਦੋਸ਼ੀਆਂ ਸਾਹਮਣੇ ਵਿਸਥਾਰ ਨਾਲ ਦੁਹਰਾ ਦਿੱਤਾ। ਬਿਆਨ ਬੰਦ ਕਮਰੇ ਵਿਚ ਹੋਏ, ਪ੍ਰੈੱਸ ਬਾਹਰ ਰਹੀ, ਜਿਨ੍ਹਾਂ ਪੁਲਸੀਆਂ ਨੇ ਮਨਮਰਜ਼ੀ ਦੇ ਬਿਆਨ ਲਿਖੇ ਸਨ ਉਹ ਵੀ ਤਲਬ ਕਰ ਲਏ, ਗੁੱਸੇ ਨਾਲ ਜੱਜ ਕੜਕਿਆ - ਮੇਰਾ ਜੀ ਕਰਦੈ ਤੁਹਾਨੂੰ ਜੇਲ੍ਹ ਭੇਜ ਦਿਆਂ। ਤੁਹਾਡੀ ਕਰਤੂਤ ਸਦਕਾ ਫੈਸਲਾ ਕੁੱਝ ਦਿਨ ਲੇਟ ਹੋ ਜਾਵੇਗਾ।

31 ਅਗਸਤ 2002 ਨੂੰ ਜੱਜਮੈਂਟ ਸੁਣਾਈ - ਛੇ ਬੰਦਿਆਂ ਨੂੰ ਫਾਂਸੀ ਦੀ ਸਜ਼ਾ। ਚਾਰ ਉਹ ਜਿਨ੍ਹਾਂ ਨੇ ਰੇਪ ਕੀਤੀ। ਦੋ ਉਹ ਜਿਨ੍ਹਾਂ ਨੇ ਅਜਿਹਾ ਕਰਨ ਲਈ ਉਕਸਾਇਆ - ਫੈਜ਼ਾ ਤੇ ਰਮਜ਼ਾਨ। ਹਰੇਕ ਦੋਸ਼ੀ ਪੰਜਾਹ ਹਜ਼ਾਰ ਹਰਜਾਨੇ ਦਾ ਭਰੇਗਾ। ਬਾਕੀ ਅੱਠ ਬਰੀ ਹੋ ਗਏ।

ਬਾਹਰ ਪ੍ਰੈਸ ਉਡੀਕ ਕਰ ਰਹੀ ਸੀ, ਬੀਬੀ ਨੇ ਕਿਹਾ - ਮੈਂ ਸੰਤੁਸ਼ਟ ਹਾਂ। ਅਜੇ ਮੁਜਰਿਮਾਂ ਵਲੋਂ ਅਪੀਲਾਂ ਹੋਣਗੀਆਂ, ਇਹ ਸਿਲਸਿਲਾ ਚੱਲੇਗਾ। ਪਰ ਸਿਰ ਢਕ ਕੇ ਮੱਥਾ ਉਚਾ ਕਰਕੇ ਮੈਂ ਪਿੰਡ ਜਾਣ ਜੋਗੀ ਤਾਂ ਹੋਈ। ਹੁਣ ਆਰਾਮ ਨਾਲ ਸਕੂਲ ਉਸਾਰਾਂਗੀ।

ਵਕੀਲਾਂ ਨੇ ਦੱਸਿਆ - ਡੇਢ ਦੋ ਸਾਲ ਅਪੀਲਾਂ ਸੁਣਨ ਨੂੰ ਲੱਗ ਜਾਂਦੇ ਨੇ, ਉਨਾ ਚਿਰ ਇਨ੍ਹਾਂ ਦੀ ਜਮਾਨਤ ਨਹੀਂ ਹੋਣੀ। ਜਿਹੜੇ ਅੱਠ ਬਰੀ ਹੋਏ ਨੇ ਉਹ ਟੁੱਟ ਚੁਕੇ ਨੇ, ਨਵਾਂ ਪੰਗਾ ਲੈਣ ਦੀ ਹਿੰਮਤ ਨਹੀਂ। ਆਰਾਮ ਨਾਲ ਘਰ ਜਾਉ। ਤੂੰ ਹੋਰ ਦੁਖੀ ਔਰਤਾਂ ਲਈ ਮਿਸਾਲ ਬਣੇਗੀ। ਮੁਖਤਾਰਾਂ ਨੇ ਹਉਕਾ ਲਿਆ - ਇਨ੍ਹਾਂ ਰੇਪ ਹੋਈਆਂ ਔਰਤਾਂ ਨੂੰ ਕੋਈ ਘਰ ਨਹੀਂ ਵੜਨ ਦਿੰਦਾ ਕਿਉਂਕਿ ਕਲੰਕਿਤ ਹੋ ਚੁਕੀਆਂ ਨੇ। ਮੇਰੇ ਅੱਬੂ ਵਾਂਗ ਹਰੇਕ ਅੱਬਾ ਨਹੀਂ ਹੈ। ਅਜੇ ਵਕਤ ਲੱਗੇਗਾ, ਬਹੁਤ ਕੁੱਝ ਕਰਨ ਵਾਲਾ ਹੈ। ਅਜੇ ਤਾਂ ਮੈਂ ਆਪ ਦਸਖਤ ਕਰਨੇ ਸਿਖਾਂਗੀ, ਹੁਣ ਮੈਂ ਖਾਲੀ ਕਾਗਜ਼ ਤੇ ਅੰਗੂਠਾ ਨੀ ਲਾਉਣਾ। ਮੇਰੀ ਕਿਸਮਤ ਚੰਗੀ, ਪ੍ਰੈਸ ਆ ਗਈ, ਜੱਜ ਨੇਕਬਖਤ ਮਿਲਿਆ, ਸਰਕਾਰ ਹਮਾਇਤ ਤੇ ਆ ਗਈ। ਬਦਨਸੀਬਾਂ ਦੀ ਫਰਿਆਦ ਕੌਣ ਸੁਣਦੈ ? ਨਲਾਇਕ ਮਰਦ ਤੋਂ ਜਲਦੀ ਖਹਿੜਾ ਛੁਡਾ ਲਿਆ, ਬਾਲ ਬੱਚੇ ਨਹੀਂ। ਚੰਗੈ, ਹੁਣ ਮੈਂ ਹੋਰਾਂ ਦੇ ਬੱਚਿਆਂ ਵਲ ਵਧੀਕ ਧਿਆਨ ਦੇ ਸਕਾਂਗੀ। ਸਾਰੇ ਬੱਚੇ ਬੱਚੀਆਂ ਮੇਰੇ ਨੇ ਹੁਣ।

ਦਸੰਬਰ 2002 ਵਿਚ ਸਕੂਲ ਚਲ ਪਿਆ। ਸਰਕਾਰ ਨੇ ਮਦਦ ਕੀਤੀ, ਸੈਨੀਟੇਸ਼ਨ ਦਾ ਇੰਤਜ਼ਾਮ ਕੀਤਾ, ਚੌੜੀ ਸੜਕ ਬਣਵਾ ਦਿੱਤੀ। ਬਿਜਲੀ ਅਤੇ ਟੈਲੀਫੋਨ ਦੇ ਕੁਨੈਕਸ਼ਨ ਦੇ ਦਿੱਤੇ। ਘਰ ਨੇੜੇ ਚਾਰ ਏਕੜ ਜ਼ਮੀਨ ਖਰੀਦੀ। ਲੋੜ ਪਈ, ਸਕੂਲ ਵਾਸਤੇ ਸਾਰੇ ਗਹਿਣੇ ਵੇਚ ਦਿੱਤੇ। ਅਜੇ ਇਮਾਰਤ ਨਹੀਂ ਉਸਾਰੀ, ਬੱਚੀਆਂ ਦਰਖਤਾਂ ਦੀ ਛਾਂ ਹੇਠ ਪੜ੍ਹਦੀਆਂ ਹਨ। ਮਾਈ ਮਾਇਨੇ ਵੱਡੀ ਭੈਣ। ਕੁੜੀਆਂ ਉਸਨੂੰ ਮੁਖਤਾਰਾਂ ਮਾਈ ਕਹਿੰਦੀਆਂ ਹਨ। ਗਰੀਬ ਗੁੱਜਰ ਦੀ ਜਾਹਲ, ਬਦਨਾਮ ਹੋ ਚੁਕੀ ਧੀ ਕਦੀ ਸਕੂਲ ਬਣਾ ਦਏਗੀ ਕਿਸ ਨੂੰ ਪਤਾ ਸੀ ? ਰੱਬ ਨੇ ਕੀਤਾ ਕਰਵਾਇਆ। ਇਕ ਅਧਿਆਪਕ ਦੀ ਤਨਖਾਹ ਸਰਕਾਰ ਦਏਗੀ, ਤਿੰਨ ਸਾਲ ਵਾਸਤੇ ਦੂਜੇ ਅਧਿਆਪਕਕ ਨੂੰ 15 ਹਜ਼ਾਰ ਰੁਪਏ ਮਹੀਨਾ ਫਿਨਲੈਂਡ ਨੇ ਦੇਣ ਦਾ ਜ਼ਿਮਾ ਲੈ ਲਿਆ। ਹੋਰ ਦਾਨੀ ਆ ਜਾਣਗੇ। ਸਰਟੀਫਿਕੇਟ ਡਾਕ ਵਿਚ ਆਇਆ

International Human Rights Day
First National Observance of Women's Rights
In Recogmition of Mukhtaran Bibi
December 10, 2002, The International Committee for Human Rights

ਸਪੇਨ ਵਿਚ ਅੰਤਰਰਾਸ਼ਟਰੀ ਵਿਮੈਨਜ਼ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਜਿਸਦੀ ਪ੍ਰਧਾਨਗੀ ਜਾਰਡਨ ਦੀ ਮਹਾਰਾਣੀ ਨੇ ਕੀਤੀ। ਵੱਡੇ ਭਰਾ ਨਾਲ ਪਹਿਲੀ ਵਾਰ ਜਹਾਜ਼ ਵਿਚ ਸਫਰ ਕੀਤਾ। ਘਬਰਾਂ ਰਹੇ ਸਨ, ਪਰ ਹਰ ਥਾਂ ਇਨ੍ਹਾਂ ਨੂੰ ਮਦਦ ਕਰਨ ਵਾਲੇ ਖਲੋਤੇ ਹੁੰਦੇ।

ਦਰਖਤਾਂ ਹੇਠ ਬੱਚੇ ਕੁਰਾਨ ਯਾਦ ਕਰਦੇ, ਪਹਾੜੇ ਯਾਦ ਕਰਦੇ, ਏ ਬੀ ਸੀ, ਅਲਫ ਬੇ ਯਾਦ ਕਰਦੇ, ਰੱਟੇ ਲਾਉਂਦੇ, ਬੀਬੀ ਰੱਬ ਦਾ ਸ਼ੁਕਰਾਨਾ ਕਰਦੀ ਰਹਿੰਦੀ। ਕੁੜੀਆਂ ਨੂੰ ਮੁੰਡਿਆਂ ਬਰਾਬਰ ਤਾਲੀਮ ਦਾ ਹੱਕ ਮਿਲਿਆ।

ਇਕ ਦਿਨ ਪੀਰਵਾਲੇ ਤੋਂ ਨਸੀਮ ਦਾ ਫੋਨ ਆਇਆ ਤੇ ਦੱਸਿਆ ਕਿ ਉਸਦਾ ਪਾਪਾ ਮੁਖਤਾਰਾਂ ਦਾ ਸੁਰੱਖਿਆ ਗਾਰਡ ਹੈ, ਇਹ ਕੁੜੀ ਕਾਨੂੰਨ ਦੀ ਉਚੇਰੀ ਤਾਲੀਮ ਹਾਸਲ ਕਰ ਰਹੀ ਸੀ, ਕਦੇ ਨਹੀਂ ਮਿਲੀ, ਅਖਬਾਰਾਂ ਵਿਚ ਪੜ੍ਹ ਕੇ ਟੀਵੀ ਦੇਖਕੇ ਉਸ ਬਾਰੇ ਜਾਣਦੀ ਸੀ ਤੇ ਦਸਦੀ ਸੀ ਕਿ ਦੂਰ ਦੀ ਰਿਸ਼ਤੇਦਾਰੀ ਵੀ ਹੈ ਇਨ੍ਹਾਂ ਦੀ। ਮਿਲੀਆਂ, ਪੱਕੀਆਂ ਸਹੇਲੀਆਂ ਬਣ ਗਈਆਂ।

ਲੋਕ ਉਸ ਉਤੇ ਪੈਸੇ ਹੜੱਪਣ ਦਾ ਦੋਸ਼ ਲਾਉਂਦੇ। ਤਲਾਕਸ਼ੁਦਾ ਪਤੀ ਦਸਦਾ - ਹਸ਼ੀਸ਼ ਖਾਣ ਲੱਗ ਪਈ ਸੀ, ਮੈਂ ਘਰੋਂ ਕੱਢ ਦਿੱਤੀ।

ਨਸੀਮ ਨੇ ਕਿਹਾ - ਭੈਣ ਮੇਰੇ ਪਿੰਡ ਆ, ਬੜੀਆਂ ਗੱਲਾਂ ਕਰਾਂਗੇ। ਮੁਖਤਾਰਾਂ ਨੇ ਕਿਹਾ - ਨਹੀਂ ਸਗੋਂ ਤੂੰ ਆ ਜਾਹ। ਮੈਨੂੰ ਮਿਲਣ ਆਏ ਈ ਰਹਿੰਦੇ ਨੇ, ਸਕੂਲ ਦੇ ਵੀ ਕੰਮ ਨੇ। ਉਹ ਆ

ਗਈ। ਇਕ ਦੂਜੀ ਵਿਚ ਘੁਲ ਮਿਲ ਗਈਆਂ। ਨਸੀਮ ਨੇ ਕਿਹਾ - ਤੂੰ ਚੁਪ ਕਿਉਂ ਰਹਿਨੀ ਐ ? ਹਸਦੀ ਕਿਉਂ ਨੀ ? ਮੈਨੂੰ ਬਚਪਨ ਤੋਂ ਲੈਕੇ ਹੁਣ ਤਕ ਦੀ ਆਪਣੀ ਕਹਾਣੀ ਸੁਣਾ। ਸਾਰੀ ਹੱਡ ਬੀਤੀ ਸੁਣਾਈ ਜਿਹੜੀ ਕਿਸੇ ਨੂੰ ਨਹੀਂ ਸੁਣਾਈ ਸੀ। ਇਹ ਤਾਂ ਬੜੀ ਹਸਮੁਖ ਚੁਲਬੁਲੀ ਕੁੜੀ ਹੁੰਦੀ ਸੀ। ਇਸ ਹਾਦਸੇ ਨੇ ਸਭ ਕੁੱਝ ਸੁਹਣਾ ਖੋਹ ਲਿਆ। ਦੱਸਿਆ- ਨਿਕੇ ਹੁੰਦੇ ਅਸੀਂ ਸਾਰੇ ਭੈਣ ਭਰਾ ਬੜੇ ਹਸਦੇ ਖੇਡਦੇ। ਇਕ ਵਾਰ 30 ਮੀਲ ਦੂਰ ਕਿਸੇ ਵਿਆਹ ਤੇ ਜਾਣਾ ਸੀ। ਤਿੰਨ ਸਾਈਕਲਾਂ ਤੇ ਸਾਰਾ ਪਰਿਵਾਰ, ਸਾਮਾਨ ਵੀ। ਅਚਾਨਕ ਉਹ ਸਾਈਕਲ ਡਿਗ ਪਿਆ ਜਿਸ ਤੇ ਚਾਚੀ ਬੈਠੀ ਸੀ। ਉਸਦੇ ਗੁੱਟ ਤੇ ਡਾਢੀ ਸੱਟ ਲੱਗੀ ਤੇ ਰੰਗ ਬਰੰਗੀਆਂ ਚੂੜੀਆਂ ਟੁੱਟ ਗਈਆਂ, ਚੂੜੀਆਂ ਨੇ ਲਹੂ ਚਲਾ ਦਿੱਤਾ। ਉਚੀ ਉਚੀ ਰੋਣ ਲੱਗੀ। ਪਹਿਲਾਂ ਤਾਂ ਅਸੀਂ ਸਾਰੇ ਚੁੱਪ ਚਾਪ ਦੇਖਦੇ ਰਹੇ, ਫਿਰ ਮੈਂ ਪੁੱਛਿਆ - ਸੱਟ ਲੱਗੀ ਹੈ ਚਾਚੀ ਕਿ ਚੂੜੀਆਂ ਟੁੱਟਣ ਕਰਕੇ ਰੋਨੀ ਐਂ। ਸਾਰੇ ਬੱਚੇ ਉਚੀ ਉਚੀ ਹੱਸਣ ਲੱਗੇ, ਫਿਰ ਵੱਡੇ ਹੱਸ ਪਏ, ਰੋਂਦੀ ਰੋਂਦੀ ਚਾਚੀ ਵੀ ਹੱਸ ਪਈ। ਅਸੀਂ ਇਸ ਤਰ੍ਹਾਂ ਦੇ ਸਾਂ। ਨਸੀਮ ਨੇ ਕਿਹਾ - ਹੁਣ ਫੇਰ ਤੈਨੂੰ ਪਹਿਲਾਂ ਵਰਗੀ ਕਰਕੇ ਜਾਵਾਂਗੀ। ਕਮਾਲ ਹੋਈ, ਮੁਖਤਾਰਾਂ ਦਾ ਮੁਰਝਾਇਆ ਚਿਰਹਾ ਖਿੜਨ ਲੱਗਾ, ਉਦਾਸ ਅੱਖਾਂ ਵਿਚ ਚਮਕ ਆਉਣ ਲੱਗੀ। ਕਿਸੇ ਹਮਦਰਦ ਕੋਲ ਆਪਣੇ ਦੁਖ ਦਸਣ ਨਾਲ ਰਾਹਤ ਮਿਲਦੀ ਹੈ, ਉਸਨੂੰ ਹੁਣ ਪਤਾ ਲੱਗਾ। ਮੁਖਤਾਰਾਂ ਦੇ ਕੁੱਝ ਗਾਰਡ ਮਸਤੋਈਆਂ ਨਾਲ ਮਿਲਣ ਜੁਲਣ ਲੱਗੇ ਸਨ, ਨਸੀਮ ਦੇ ਅੱਬੂ ਨੇ ਸ਼ਿਕਾਇਤ ਕਰਕੇ ਬਦਲੀ ਕਰਵਾ ਦਿੱਤੀ।

ਮੁਖਤਾਰਾਂ ਨੇ ਆਪਣੇ ਵਿਆਹ ਦੀ ਗੱਲ ਦੱਸੀ, ਅੱਬੂ ਨੇ ਨਹੀਂ, ਚਾਚੇ ਨੇ ਮੁੰਡਾ ਪਸੰਦ ਕੀਤਾ ਸੀ, ਮਾਪੇ ਫੌਤ ਹੋ ਚੁਕੇ ਸਨ। ਆਪਣੇ ਵੱਡੇ ਭਰਾ ਨਾਲ ਇਨ੍ਹਾਂ ਦੇ ਘਰ ਆਇਆ ਸੀ। ਚਿਹਰਾ ਠੀਕ ਸੀ ਪਰ ਪੋਲੀਉ ਕਾਰਨ ਇਕ ਲੱਤ ਕਮਜ਼ੋਰ ਸੀ। ਬਾਕੀ ਕਮਜ਼ੋਰੀਆਂ ਬਾਦ ਵਿਚ ਪਤਾ ਲੱਗੀਆਂ। ਕੁੜੀ ਦੀ ਮਰਜ਼ੀ ਕੌਣ ਪੁੱਛਦੈ ? ਵਿਆਹ ਦਾ ਦਿਨ ਮਿਥਣ ਲੱਗ ਪਏ। ਇਕ ਨੇ ਕਿਹਾ - ਫਲਾਣਾ ਜੁਮਾ ਠੀਕ ਰਹੇਗਾ, ਦੂਜੇ ਨੇ ਕਿਹਾ - ਨਹੀਂ ਇਸ ਦਿਨ ਤਾਂ ਫਲਾਣੇ ਦਾ ਵਿਆਹ ਹੈ। ਫਿਰ ਹੋਰ ਦਿਨ ਬਾਰੇ ਗੱਲ ਹੋਈ ਤਾਂ ਇਕ ਨੇ ਕਿਹਾ - ਨਹੀਂ, ਇਸ ਦਿਨ ਮੇਰੀ ਪਾਣੀ ਲਾਉਣ ਦੀ ਵਾਰੀ ਹੈ, ਹੋਰ ਦਿਨ ਦੇਖੋ। ਰਮਜ਼ਾਨ ਤੋਂ ਇਕ ਮਹੀਨਾ ਪਹਿਲਾਂ ਵਿਆਹ ਹੋ ਗਿਆ। ਰਿਵਾਜ ਮੁਤਾਬਕ ਮੰਗੇਤਰ ਕੁੜੀ ਦੋ ਗੁੱਤਾਂ ਕਰਦੀ ਹੈ, ਵਿਆਹ ਤੋਂ ਕੁੱਝ ਦਿਨ ਪਹਿਲਾਂ ਮੁੰਡੇ ਦੇ ਘਰ ਦੀਆਂ ਔਰਤਾਂ ਦੋਵੇਂ ਗੁੱਤਾਂ ਖੋਲ੍ਹ ਕੇ ਕੇਸ ਵਾਹੁੰਦੀਆਂ ਹਨ ਤੇ ਜੂੜਾ ਕਰਦੀਆਂ ਹਨ। ਵਿਆਹ ਵਾਲੇ ਦਿਨ ਲਾਲ ਲਹਿੰਗਾ ਜਾਂ ਸੂਟ ਪਹਿਨਿਆਂ ਜਾਂਦਾ ਹੈ। ਮੁੰਡੇ ਵਲੋਂ ਭੇਜਿਆ ਹਾਰ ਪਹਿਨਿਆਂ ਜਾਂਦਾ ਹੈ। ਹੱਥਾਂ ਪੈਰਾਂ ਤੇ ਮਹਿੰਦੀ ਲਾਈ ਜਾਂਦੀ ਹੈ। ਸਾਰੀਆਂ ਰਸਮਾਂ ਦੌਰਾਨ ਗੀਤ ਗਾਏ ਜਾਂਦੇ ਹਨ।

ਵਿਆਹ ਮਗਰੋਂ ਕੁੜੀਆਂ ਪੇਕਿਓ ਪਰਾਈਆਂ ਹੋ ਜਾਂਦੀਆਂ ਹਨ, ਵਿਆਹ ਪਿਛੋਂ ਮਾਸੂਮ ਹਾਸੇ, ਮਾਸੂਮ ਸ਼ਰਾਰਤਾਂ ਖਤਮ, ਮਾਪਿਆਂ ਕੋਲ ਬੱਚਿਆਂ ਦਾ ਬਚਪਨ ਹੁੰਦਾ ਹੈ, ਸਹੁਰੇ ਘਰ ਬੰਦਸ਼ਾਂ ਤੇ ਬੰਦਸ਼ਾਂ। ਲਾੜਾ ਆਇਆ, ਰਸਮਾਂ ਹੋਈਆਂ ਫਿਰ ਵੱਡੇ ਭਰਾ ਨੇ ਟਰਾਲੀ ਵਿਚ ਬਿਠਾ ਦਿੱਤੀ, ਟ੍ਰੈਕਟਰ ਸਟਾਰਟ ਹੋਇਆ ਤੇ ਸਹੁਰੇ ਘਰ ਵਲ ਰਵਾਨਗੀ।

ਤਿੰਨ ਦਿਨ ਜੇਠ ਜਠਾਣੀ ਦੇ ਘਰ ਵਿਚ ਰਹੇ, ਉਥੇ ਸੁੱਤੇ ਜਿਥੇ ਸਾਰਾ ਪਰਿਵਾਰ ਵੱਡੇ ਕਮਰੇ ਵਿਚ ਸੌਂਦਾ ਸੀ। ਇਕ ਦਿਨ ਵਾਸਤੇ ਉਸਦਾ ਪਤੀ ਵਖਰੇ ਕਮਰੇ ਵਿਚ ਲੈ ਗਿਆ ਪਰ ਅਗਲੇ ਦਿਨ ਫਿਰ ਜੇਠ ਦੇ ਘਰ ਲੈ ਆਇਆ। ਇਹ ਗੱਲ ਵੀ ਹੋਈ ਕਿ ਕਿਉਂਕਿ ਮੁੰਡੇ ਦੇ ਮਾਪੇ ਨਹੀਂ ਸਨ ਇਸ ਕਰਕੇ ਉਹ ਮੁਖਤਾਰਾਂ ਦੇ ਘਰ ਆ ਜਾਵੇ, ਉਹ ਇਹ ਵੀ ਨਹੀਂ ਮੰਨਿਆ। ਜਦੋਂ ਉਸਨੂੰ ਤਲਾਕ ਦੇਣ ਬਾਰੇ ਪੁੱਛਿਆ, ਉਸਨੇ ਇਕ ਵਾਰ ਵੀ ਨਾਂਹ ਨਹੀਂ ਕੀਤੀ, ਜਿਵੇਂ ਪਹਿਲਾਂ ਈ ਤਿਆਰ ਹੋਵੇ। ਉਸ ਵਲੋਂ ਦਿੱਤੇ ਗਹਿਣੇ ਵਾਪਸ ਕਰ ਦਿੱਤੇ। ਥੋੜੇ ਦਿਨ ਗਵਾਂਢ ਵਿਚ ਚਰਚਾ ਹੋਈ ਕਿਉਂਕਿ ਤਲਾਕ ਬੁਰੀ ਗੱਲ ਹੈ ਪਰ ਫਿਰ ਜ਼ਿੰਦਗੀ ਸ਼ਾਂਤ ਹੋ ਗਈ। ਘਰ ਬਥੇਰੇ ਕੰਮ ਸਨ, ਰੋਟੀ

www.punjabilibrary.com

ਟੁੱਕ ਕਰਨਾ, ਸਾਫ ਸਫਾਈਆਂ, ਕਢਾਈ ਬੁਣਾਈ, ਕੁਰਾਨ ਸਿਖਾਣਾ, ਪੱਠੇ ਕੁਤਰਨੇ, ਪਸ਼ੂਆਂ ਦੀ ਸਾਂਭ ਸੰਭਾਲ। ਗੱਲ ਕੀ, ਮਨਹੂਸ 22 ਜੂਨ ਤੋਂ ਪਹਿਲਾਂ ਜੀਵਨ ਮਸਤ ਚਾਲ ਤੁਰਿਆ ਜਾ ਰਿਹਾ ਸੀ।

ਜਿਰਗਾ ਪੰਚਾਇਤਾਂ ਦੇ ਖਤਰਨਾਕ ਫੈਸਲਿਆਂ ਬਾਰੇ ਸਰਕਾਰ ਨੂੰ ਪਤਾ ਹੈ ਇਸ ਕਰਕੇ ਪਿੰਡਾ ਵਿਚ ਦੱਸਿਆ ਗਿਆ ਹੈ ਕਿ ਸਥਾਨਕ ਪੰਚਾਇਤ ਪੁਲਸ ਕੋਲ ਹਰ ਕੇਸ ਦੀ ਲਿਖਤੀ ਸੂਚਨਾ ਜਰੂਰ ਦਏ, ਕੀ ਕੀ ਹੋਇਆ, ਕਿਉਂ ਹੋਇਆ ਤੇ ਜਿਰਗਾ ਨੇ ਕੀ ਫੈਸਲਾ ਕੀਤਾ ਤਾਂ ਕਿ ਵੱਡਾ ਅਪਰਾਧੀ ਰਸੂਖ ਨਾਲ ਬਚ ਨਾ ਸਕੇ। ਛੋਟੇ ਮੋਟੇ ਕੇਸਾਂ ਵਿਚ ਪੁਲਸ ਦਖਲ ਨਹੀਂ ਦਿੰਦੀ। ਇਡੇ ਵੱਡੇ ਅਪਰਾਧ ਪਿਛੋਂ ਪੁਲਸ ਮੁਖਤਾਰਾਂ ਤੋਂ ਖਾਲੀ ਕਾਗਜ਼ਾਂ ਤੇ ਅੰਗੂਠਾ ਲੁਆਉਂਦੀ ਰਹੀ ਤੇ ਮਨ ਮਰਜ਼ੀ ਦਾ ਬਿਆਨ ਲਿਖਦੀ ਰਹੀ ਜਿਹੜਾ ਦੋਸ਼ੀਆਂ ਦੇ ਹੱਕ ਵਿਚ ਹੁੰਦਾ। ਉਚੀ ਜਾਤ ਤੇ ਜ਼ਿਮੀਦਾਰਾਂ ਦੀ ਇਜ਼ਤ ਬਚੀ ਰਹਿਣੀ ਚਾਹੀਦੀ ਹੈ, ਵੱਢੀ ਟੁਕੀ ਜਾਤ ਦੀ ਕੌਣ ਸੁਣੇ।

ਜਦੋਂ ਜਿਰਗਾ ਪੰਚਾਇਤ ਸ਼ੁਰੂ ਹੋਈਆਂ, ਇਨ੍ਹਾਂ ਦੇ ਮੈਂਬਰ ਫਕੀਰਾਂ ਵਰਗੇ ਹੋਣਗੇ, ਹਰੇਕ ਦੀ ਇਜ਼ਤ ਦਾ ਖਿਆਲ ਰਖਣ ਵਾਲੇ, ਇਨਸਾਫ ਪਸੰਦ ਦਰਿਆ ਦਿਲ, ਪਰ ਵਡੇਰਿਆਂ ਨੂੰ ਕੀ ਪਤਾ ਸੀ ਸਿਰੇ ਦੇ ਹਰਾਮਖੋਰ, ਅਪਰਾਧੀ, ਬਦਮਾਸ਼ ਇਨ੍ਹਾਂ ਉਪਰ ਕਾਬਜ਼ ਹੋਕੇ ਕਿਸੇ ਦੀ ਇਜ਼ਤ ਲੁੱਟਣਗੇ। ਜਿਰਗਾ ਦੀ ਮੈਂਬਰ ਔਰਤ ਨਹੀਂ ਹੋ ਸਕਦੀ। ਫੈਸਲੇ ਮਰਦ ਕਰਨਗੇ, ਜੋ ਫੈਸਲਾ ਹੋਵੇਗਾ, ਔਰਤ ਮਨਜ਼ੂਰ ਕਰੇਗੀ। ਦੋ ਪਰਿਵਾਰਾਂ ਦਾ ਝਗੜਾ ਹੋ ਗਿਆ, ਦੋਸ਼ੀ ਕੌਣ ਹੈ, ਜਿਰਗਾ ਫੈਸਲਾ ਕਰੇਗੀ ਤੇ ਜਿਰਗਾ ਜਿਸ ਨੂੰ ਦੋਸ਼ੀ ਮੰਨੇ, ਉਹ ਆਪਣੀ ਧੀ ਦੂਜੀ ਧਿਰ ਦੇ ਮੁੰਡੇ ਨੂੰ ਵਿਆਹੇਗਾ, ਜੇ ਧੀ ਵਾਲੇ ਨਾ ਮੰਨਣ ਤਾਂ ਦੂਜੀ ਧਿਰ ਨੂੰ ਰੇਪ ਕਰਨ ਦਾ ਅਖਤਿਆਰ ਹੈ। ਕੁੜੀ ਅਤੇ ਮੁੰਡੇ ਦੀ ਉਮਰ ਵਿਚ ਕਿੰਨਾ ਫਰਕ ਹੈ, ਕੋਈ ਪਰਵਾਹ ਨਹੀਂ। ਝਗੜਾ ਮਰਦਾਂ ਦਾ ਸੀ, ਨਿਬੇੜਾ ਔਰਤ ਦੀ ਬਲੀ ਨਾਲ ਹੋਵੇਗਾ। ਪਾਕਿਸਤਾਨ ਵਿਚ ਜਿਰਗਾ ਅਤੇ ਭਾਰਤ ਵਿਚ ਖਾਪ ਅਜੇ ਕਮਜ਼ੋਰ ਨਹੀਂ ਹੋਈਆਂ। ਰੇਪ ਹੋਈ ਔਰਤ ਜੇ ਜਿਰਗਾ ਵਿਚ ਸ਼ਿਕਾਇਤ ਕਰੇ, ਸੰਭਾਵਨਾ ਹੈ ਕਿ ਉਸੇ ਉਤੇ ਬਦਕਾਰੀ ਦਾ ਇਲਜ਼ਾਮ ਲਾਕੇ ਸੰਗੀਨ ਸਜ਼ਾ ਸੁਣਾ ਦਏ। ਚੁੱਪ ਕਰਨਾ ਜਾਂ ਖੁਦਕੁਸ਼ੀ, ਦੋਵਾਂ ਵਿਚੋਂ ਕੋਈ ਚੁਣ ਲਉ।

ਨਸੀਮ ਦੇ ਸਾਥ ਨੇ ਉਸਨੂੰ ਆਪਣੇ ਆਪੇ ਦੀ ਜਾਣ ਪਛਾਣ ਕਰਵਾਈ। ਪਹਿਲਾਂ ਉਹ ਗੁੱਸੇ ਕਾਰਨ ਜਾਂ ਖਤਰਿਆਂ ਤੋਂ ਬਚਣ ਕਾਰਨ ਸੰਘਰਸ਼ ਕਰ ਰਹੀ ਸੀ। ਔਰਤ ਹੋਣਾ ਕੀ ਹੈ, ਮਨੁੱਖ ਹੋਣਾ ਕੀ ਹੁੰਦਾ ਹੈ, ਇਹ ਸਭ ਨਸੀਮ ਨੇ ਦੱਸਿਆ। ਮਰਦ ਇਸ ਕਰਕੇ ਬਲਵਾਨ ਹੈ ਕਿਉਂਕਿ ਔਰਤ ਨੇ ਉਸ ਅੱਗੇ ਸਮਰਪਣ ਕਰ ਦਿੱਤਾ ਨਹੀਂ ਤਾਂ ਜਿਸ ਬੱਚੇ ਨੂੰ ਉਸਨੇ ਤੁਰਨਾ ਸਿਖਾਇਆ ਬੋਲਣਾ ਸਿਖਾਇਆ ਉਹ ਬਲਵਾਨ ਕਿਵੇਂ ਹੋਇਆ ? ਮੁਖਤਾਰਾਂ ਦੀ ਬਗਾਵਤ ਕਿਸੇ ਗਿਆਨ ਵਿਚੋਂ ਨਹੀਂ ਉਠੀ ਸੀ, ਖੂਨ ਵਿਚ ਸੀ ਬਸ, ਇੰਸਟਿੰਕਟਿਵ, ਬਿਨਾ ਕਿਸੇ ਨਾਪ ਤੋਲ ਦੇ ਉਹ ਅੱਗ ਵਿਚ ਕੁੱਦ ਪਈ। ਹੁਣ ਉਸਦਾ ਆਤਮਬੋਧ ਜਾਗਣ ਲੱਗਾ। ਖੁਦਕੁਸ਼ੀ ਆਸਾਨ ਕੰਮ ਹੈ, ਬੇਇਜ਼ਤ ਹੋਕੇ ਜਿਉਣਾ ਔਖਾ। ਝੱਖੜ ਨਾਲ ਝੰਬੀ ਫਸਲ ਡਿਗ ਕੇ ਗਲ ਵੀ ਸਕਦੀ ਹੈ ਦੁਬਾਰਾ ਖੜ੍ਹੀ ਵੀ ਹੋ ਸਕਦੀ ਹੈ।

ਨਸੀਮ ਨੂੰ ਲੈਕੇ ਮੁਖਤਾਰਾਂ ਘਰ ਘਰ ਜਾਕੇ ਅਰਜ਼ ਕਰਦੀ - ਆਪਣੀ ਧੀ ਨੂੰ ਮੇਰੇ ਸਕੂਲ ਭੇਜੋ। ਹੁਣ ਉਸ ਦੇ ਪੁੱਜਣ ਤੇ ਘਰ ਵਾਲੇ ਫਟਾਕ ਦੇਣੀ ਦਰਵਾਜ਼ਾ ਬੰਦ ਨਾ ਕਰਦੇ। ਧੀਰਜ ਨਾਲ ਗੱਲ ਸੁਣਦੇ, ਆਦਰ ਨਾਲ ਜਵਾਬ ਦਿੰਦੇ। ਮਸਤੋਈਆਂ ਦੇ ਘਰ ਜਾਣਾ ਤੇ ਗੱਲ ਕਰਨੀ ਨਾ ਮੁਮਕਿਨ। ਮੁਖਤਾਰਾਂ ਦੀ ਕਰਤੂਤ ਸਦਕਾ ਜਿਨ੍ਹਾਂ ਦੇ ਬੰਦੇ ਜੇਲ੍ਹਾਂ ਵਿਚ ਬੰਦ ਹਨ ਜੇ ਸੁਰੱਖਿਆ ਨਾ ਹੋਵੇ ਉਹ ਤਾਂ ਸਾਰੇ ਟੱਬਰ ਨੂੰ ਕਤਲ ਕਰਕੇ ਘਰ ਫੂਕ ਦੇਣ। ਜਿਸ ਖਾਨਦਾਨ ਦੀ ਬੇਇਜ਼ਤੀ ਇਕ ਮਾਮੂਲੀ ਕੁੜੀ ਨੇ ਕਰਵਾਈ, ਉਸਨੂੰ ਛੱਡਿਆ ਕਿਉਂ ਜਾਵੇ ?

ਕੁੱਝ ਕਮਰੇ ਬਣ ਗਏ। ਕੋਈ ਦਾਨੀ ਪੱਖੇ ਲੁਆ ਗਿਆ ਜਿਸ ਨਾਲ ਬੱਚਿਆਂ ਨੂੰ ਗਰਮੀ ਅਤੇ ਮੱਖੀਆਂ ਤੋਂ ਰਾਹਤ ਮਿਲੀ। *'ਦ ਨਿਊਯਾਰਕ ਟਾਈਮਜ਼* ਅਖਬਾਰ ਵਿਚ ਦਸੰਬਰ 2004 ਮਹੀਨੇ ਮੁਖਤਾਰਾਂ ਬਾਰੇ ਅਤੇ ਉਸਦੇ ਸਕੂਲ ਬਾਰੇ ਵਿਸਤ੍ਰਿਤ ਰਿਪੋਰਟ ਛਪੀ ਜੋ ਇਲਾਮਾਬਾਦ ਵਿਚਲੇ ਕੈਨੇਡਾ

ਦੇ ਸਫੀਰ ਦੇ ਨਜ਼ਰੀਂ ਚੜ੍ਹੀ। ਕੈਨੇਡਾ 1947 ਤੋਂ ਹੀ ਸਿਹਤ, ਸਫਾਈ ਅਤੇ ਵਿਦਿਆ ਦੇ ਖੇਤਰ ਵਿਚ ਪਾਕਿਸਤਾਨ ਦੀ ਮੱਦਦ ਕਰਦਾ ਆ ਰਿਹਾ ਹੈ। ਜਨਵਰੀ 2005 ਵਿਚ ਮੁਸਤਫਾ ਬਲੋਚ ਨੂੰ ਨਾਲ ਲੈਕੇ ਇਕ ਕੈਨੇਡੀਅਨ ਬੀਵੀ ਹਿਊਬਰ, ਮੁਖਤਾਰਾਂ ਦੇ ਸਕੂਲ ਵਿਚ ਆਈ। ਸਾਰੇ ਪਿਛੋਕੜ ਦੀ ਵਾਕਫੀ ਲਈ, ਸਕੂਲ ਦਾ ਦੌਰਾ ਕੀਤਾ, ਬੱਚਿਆਂ ਨਾਲ ਗੱਲਾਂ ਕੀਤੀਆਂ ਤੇ ਜਾਂਦੀ ਹੋਈ ਦੋ ਕਰੋੜ ਵੀਹ ਲੱਖ ਦਾ ਚੈੱਕ ਫੜਾ ਗਈ। ਕੈਨੇਡਾ ਵਾਸੀਆਂ ਨੇ ਸਕੂਲ ਦੀ ਬਿਲਡਿੰਗ ਵਾਸਤੇ ਦਾਨ ਦਿੱਤਾ, ਕਿਹਾ ਤੂੰ ਤਾਕਤਵਰ ਹੈਂ। ਇਨਸਾਫ ਵਾਸਤੇ ਵੀ ਲੜੀ, ਹੁਣ ਵਿਦਿਆ ਵਾਸਤੇ ਸੰਘਰਸ਼ ਕਰ ਰਹੀ ਹੈਂ। ਕੈਨੇਡਾ ਸਰਕਾਰ ਨੇ ਪੰਜ ਅਧਿਆਪਕਾਂ ਨੂੰ ਇਕ ਸਾਲ ਵਾਸਤੇ ਤਨਖਾਹਾਂ ਦੇਣ ਦਾ ਫੈਸਲਾ ਵੀ ਕੀਤਾ। ਪ੍ਰਿੰਸੀਪਲ ਦਾ ਦਫਤਰ ਬਣ ਗਿਆ, ਲਾਇਬਰੇਰੀ ਬਣ ਗਈ। ਕੁੜੀਆਂ ਦੇ ਕਮਰਿਆਂ ਤੋਂ ਦੂਰ ਦੋ ਕਮਰੇ ਮੁੰਡਿਆਂ ਦੀ ਪੜ੍ਹਾਈ ਲਈ ਵੱਖ ਬਣਾ ਦਿੱਤੇ।

ਬਣੇ ਬਣਾਏ ਬੈਂਚ ਡੈਸਕ ਮਹਿੰਗੇ ਸਨ, ਲੱਕੜ ਖਰੀਦੀ, ਚਿਰਾਈ ਅਤੇ ਮਿਸਤਰੀ ਕੰਮ ਤੇ ਲਾਕੇ ਫਰਨੀਚਰ ਤਿਆਰ ਕਰਵਾਇਆ। ਮੱਝਾਂ, ਗਾਵਾਂ, ਬੱਕਰੀਆਂ ਲਈ ਹਟਵਾਂ ਸ਼ੈੱਡ ਬਣਵਾਇਆ। ਵਿਦੇਸੀ ਪੈਸੇ ਕਿਹੜਾ ਸਦਾ ਆਈ ਜਾਣਗੇ। ਡੇਅਰ ਫਾਰਮ ਦੀ ਆਮਦਣ ਤਨਖਾਹਾਂ ਦੇਣ ਦੇ ਕੰਮ ਆਏਗੀ। ਬੱਚਿਆਂ ਤੋਂ ਫੀਸ ਨਹੀਂ ਲਈ ਜਾਂਦੀ। ਸਾਲ 2005 ਦੇ ਅਖੀਰ ਵਿਚ ਕਮਾਲ ਹੋ ਗਈ, 160 ਮੁੰਡੇ ਅਤੇ 200 ਕੁੜੀਆਂ ਪੜ੍ਹਨ ਲਈ ਆ ਪੁੱਜੇ। ਆਏ ਗਏ ਨੂੰ ਚਾਉ ਨਾਲ ਮੁਖਤਾਰਾਂ ਆਪਣੀ ਫਸਲ ਦਿਖਾਉਂਦੀ - ਇਹ ਦੋ ਸੌ ਬੱਚੀਆਂ ਮੇਰਾ ਖਜ਼ਾਨਾ ਹਨ। ਕੰਮਕਾਜ ਦੇ ਲਾਲਚ ਵਸ ਮਾਪੇ ਕਈ ਵਾਰ ਬੱਚਿਆਂ ਨੂੰ ਸਕੂਲ ਨਾ ਭੇਜਦੇ, ਹਾਜ਼ਰੀ ਵਿਚ ਸੁਧਾਰ ਲਿਆਉਣ ਲਈ ਦੋ ਇਨਾਮਾਂ ਦਾ ਐਲਾਨ ਕੀਤਾ - ਸਭ ਤੋਂ ਵਧ ਹਾਜ਼ਰੀਆਂ ਵਾਲੀ ਕੁੜੀ ਨੂੰ ਬੱਕਰੀ ਤੇ ਮੁੰਡੇ ਨੂੰ ਸਾਈਕਲ ਮਿਲੇਗਾ।

ਨਸੀਮ ਹੈਡਮਿਸਟ੍ਰੈਸ ਲੱਗ ਗਈ, ਮੁਸਤਫਾ ਬਲੋਚ ਪ੍ਰਬੰਧਕ ਹੋ ਗਿਆ। ਕੈਨੇਡਾ ਸਰਕਾਰ ਦੇ ਨੁਮਾਇੰਦੇ ਗਾਹੇ ਬਗਾਹੇ, ਪੜਤਾਲ ਕਰਨ ਆਉਂਦੇ ਰਹਿੰਦੇ ਸਨ ਕਿ ਸਹੀ ਕੰਮ ਹੋ ਰਿਹਾ ਹੈ ਜਾਂ ਨਹੀਂ। ਆਲੇ ਦੁਆਲੇ ਗੰਨੇ ਅਤੇ ਕਣਕ ਦੀਆਂ ਫਸਲਾਂ, ਉਚੇ ਲਹਿਰਾਉਂਦੇ ਖਜੂਰ, ਵਿਚਕਾਰ ਮੰਗਲਮਈ ਸਕੂਲ। ਸਕੂਲ ਦੇ ਦਰਵਾਜ਼ੇ ਵਿਚ ਖਲੋ ਜਾਉ। ਪਿੰਡ ਦੇ ਇਕ ਪਾਸੇ ਮਸੀਤ ਦਿਸਦੀ ਹੈ ਦੂਜੇ ਪਾਸੇ ਮਸਤੋਈਆਂ ਦਾ ਫਾਰਮ ਹਾਊਸ। ਮਸਤੋਈਆਂ ਨੇ ਆਪਣੇ ਮੁੰਡੇ ਕੁੜੀਆਂ ਇਸ ਸਕੂਲ ਵਿਚ ਦਾਖਲ ਕਰਵਾ ਦਿੱਤੇ ਹਨ, ਕੀ ਪਤਾ ਅਕਲ ਆਉਣ ਲੱਗੀ ਹੋਵੇ, ਫਿਲਹਾਲ ਹਾਲਾਤ ਸ਼ਾਂਤ ਹਨ। ਕਈ ਕਬੀਲਿਆਂ ਜਾਤਾਂ ਦੇ ਬੱਚੇ ਪੜ੍ਹਦੇ ਹਨ, ਜਾਤਪਾਤ ਕਾਰਨ ਮੁੰਡੇ ਕਦੀ ਕਦਾਈਂ ਇਕ ਦੂਜੇ ਨਾਲ ਬੋਲ ਕੁਬੋਲ ਕਰ ਲੈਂਦੇ ਹਨ, ਕੁੜੀਆਂ ਦੀ ਕਦੀ ਸ਼ਿਕਾਇਤ ਨਹੀਂ ਆਈ। ਮੁੰਡਿਆਂ ਦੇ ਸਕੂਲ ਨੂੰ ਵਖਰੀ ਸੜਕ ਹੈ, ਕੁੜੀਆਂ ਦੇ ਸਕੂਲ ਵਲ ਵਖਰੀ।

ਸ਼ੁਰੂ ਵਿਚ ਸਤਾਈਆਂ ਹੋਈਆਂ ਔਰਤਾਂ ਮੁਖਤਾਰਾਂ ਦੇ ਘਰ ਆਉਂਦੀਆਂ, ਕਈ ਕਈ ਦਿਨ ਰਹੀ ਜਾਂਦੀਆਂ, ਸਾਰੀਆਂ ਜਣੀਆਂ ਰਲ ਕੇ ਜ਼ਮੀਨ ਤੇ ਸੌਂ ਜਾਂਦੀਆਂ ਪਰ ਜਦੋਂ ਦੀ ਨਸੀਮ ਆਈ ਹੈ, ਕੰਮ ਸੁਖਾਲਾ ਹੋ ਗਿਆ ਹੈ। ਨਸੀਮ ਦੱਸ ਦਿੰਦੀ ਹੈ ਕਿਹੜਾ ਕੇਸ ਕਿਵੇਂ ਹੱਲ ਹੋਏਗਾ, ਕਿਹੜੀ ਸੰਸਥਾਂ ਕਾਨੂੰਨੀ ਮੱਦਦ ਕਰਦੀ ਹੈ, ਕਿਥੋਂ ਕਿਵੇਂ ਰਾਹਤ ਮਿਲ ਸਕਦੀ ਹੈ। ਇਕੱਲੇ ਪੰਜਾਬ ਵਿਚ ਛੇ ਮਹੀਨਿਆਂ ਦੌਰਾਨ ਡੇਢ ਸੌ ਰੇਪ ਕੇਸ ਹੋਏ। ਮੁਖਤਾਰਾਂ ਦਸਖਤ ਕਰ ਲੈਂਦੀ ਹੈ ਉਰਦੂ ਪੜ੍ਹਨੀ ਸਿਖ ਗਈ ਹੈ ਪਰ ਬਹੁਤੀਆਂ ਖਬਰਾਂ ਨਸੀਮ ਪੜ੍ਹ ਕੇ ਸੁਣਾਉਂਦੀ ਹੈ ਕਿਉਂਕਿ ਉਹ ਤੇਜ਼ੀ ਨਾਲ ਪੜ੍ਹ ਲੈਂਦੀ ਹੈ। ਖਬਰ ਸੀ- ਜ਼ਾਫਰਾਂ ਬੀਬੀ ਨੂੰ ਉਸ ਦੇ ਦਿਉਰ ਨੇ ਰੇਪ ਕੀਤਾ, ਉਹ ਗਰਭਵਤੀ ਹੋ ਗਈ। ਉਸ ਨੂੰ ਪੱਥਰ ਮਾਰ ਕੇ ਮਾਰਨ ਦੀ ਸਜ਼ਾ ਹੋਈ। ਹੁਣ ਜੇਲ੍ਹ ਵਿਚ ਹੈ, ਉਸਦਾ ਪਤੀ ਮੁਲਾਕਾਤ ਕਰਕੇ ਆਉਂਦਾ ਹੈ ਤੇ ਅਰਜ਼ੀ ਤੇ ਅਰਜ਼ੀ ਪਾ ਰਿਹਾ ਹੈ ਕਿ ਮੇਰੀ ਬੇਕਸੂਰ ਬੀਵੀ ਨੂੰ ਰਿਹਾਅ ਕੀਤਾ ਜਾਏ। ਕੋਹਾਟ ਜੇਲ੍ਹ ਵਿਚ ਬੰਦ ਹੈ, ਏਨਾ ਹੋ ਗਿਐ ਕਿ ਸੰਗਸਾਰੀ ਤੋਂ ਬਚ ਗਈ ਹੈ ਪਰ ਕਿੰਨੇ ਸਾਲ ਜੇਲ੍ਹ ਵਿਚ ਸੜੇਗੀ ਪਤਾ ਨਹੀਂ। ਬਲਾਤਕਾਰੀ ਨੂੰ ਕੋਈ ਸਜ਼ਾ ਨਹੀਂ ਹੋਈ।

ਫਹੀਮੁੱਦੀਨ ਨੇ ਹਜੀਰਾ ਕੁੜੀ ਨਾਲ ਵਿਆਹ ਕਰਵਾ ਲਿਆ। ਦੋਵਾਂ ਦੀਆਂ ਜਾਤਾਂ ਵੱਖ ਵੱਖ ਸਨ। ਕੁੜੀ ਦੇ ਮਾਪਿਆਂ ਨੇ ਪੁਲਸ ਕੋਲ ਰੇਪ ਕੇਸ ਦਰਜ ਕਰਵਾ ਦਿੱਤਾ। ਕੁੜੀ ਅਤੇ ਮੁੰਡੇ ਨੇ ਬਿਆਨ ਦਿੱਤੇ ਕਿ ਉਹ ਬਾਲਗ ਹਨ ਤੇ ਦੋਵਾਂ ਦੀ ਰਜ਼ਾਮੰਦੀ ਨਾਲ ਵਿਆਹ ਹੋਇਆ ਹੈ। ਅਦਾਲਤ ਨੇ ਬਰੀ ਕਰ ਦਿੱਤੇ। ਬਰੀ ਹੋਕੇ ਆਉਂਦਿਆਂ ਨੂੰ ਕੁੜੀ ਵਾਲਿਆਂ ਨੇ ਵੱਢ ਦਿੱਤਾ। ਕਾਤਲ ਅੰਦਰ ਹਨ, ਬਰੀ ਹੋਣਗੇ, ਗਵਾਹ ਨਹੀਂ।

ਕੁੱਤਾ ਭੌਂਕਣ ਦੀ ਵਜਹ ਕਰਕੇ ਦੋ ਪਰਿਵਾਰਾਂ ਦੀ ਲੜਾਈ ਹੋ ਗਈ, ਇਕ ਬੰਦਾ ਕਤਲ ਹੋ ਗਿਆ। ਜਿਰਗਾ ਨੇ ਫੈਸਲਾ ਸੁਣਾਇਆ – ਕਾਤਲ ਦੀਆਂ ਦੋ ਕੁੜੀਆਂ ਹਨ ਵੱਡੀ 11 ਸਾਲ ਦੀ ਛੋਟੀ 6 ਸਾਲ ਦੀ। ਵੱਡੀ ਮਕਤੂਲ ਦੇ ਘਰ 46 ਸਾਲ ਦੇ ਬੰਦੇ ਨਾਲ ਵਿਆਹ ਦਿਉ, ਛੋਟੀ ਅੱਠ ਸਾਲ ਦੇ ਮੁੰਡੇ ਨਾਲ। ਦੋਵਾਂ ਪਰਿਵਾਰਾਂ ਨੇ ਫੈਸਲਾ ਮੰਨ ਲਿਆ। ਨਸੀਮ ਆਖਦੀ – ਅਸੀਂ ਤਾਂ ਬੱਕਰੀਆਂ ਤੋਂ ਬਦਤਰ ਹਾਂ, ਅਸੀਂ ਤਾਂ ਮਰਦ ਦੇ ਪੈਰ ਦੀ ਜੁੱਤੀ ਹਾਂ, ਪੁਰਾਣੀ ਉਤਾਰੋ ਨਵੀਂ ਪਹਿਨ ਲਉ।

1 ਮਾਰਚ 2005 ਨੂੰ ਲਾਹੌਰ ਹਾਈਕੋਰਟ ਨੇ ਅਪੀਲਾਂ ਦੀ ਸੁਣਵਾਈ ਕਰਨੀ ਸੀ। ਦੋਸ਼ੀ ਆਪਣੇ ਆਪਨੂੰ ਬੇਕਸੂਰ ਦਸ ਰਹੇ ਸਨ ਜਦੋਂ ਕਿ ਮੁਖਤਾਰਾਂ ਦਾ ਵਕੀਲ ਕਹਿ ਰਿਹਾ ਸੀ ਜਿਹੜੇ ਅੱਠ ਬੰਦੇ ਛੱਡੇ ਹਨ ਉਨ੍ਹਾਂ ਨੂੰ ਸਜ਼ਾ ਦਿਉ ਤੇ ਦੋਸ਼ੀਆਂ ਨੂੰ ਫਾਹੇ ਲਾਉ। ਡਿਫੈਂਸ ਅਜੀਬ ਇਸ਼ੂ ਚੁੱਕ ਰਿਹਾ ਸੀ – ਮੁਖਤਾਰਾਂ ਨੇ ਠਾਣੇ ਰਪਟ ਲਿਖਵਾਉਣ ਵਿਚ ਏਨੀ ਦੇਰ ਕਿਉਂ ਕੀਤੀ, ਦੇਰ ਕਰਨ ਦੇ ਕਾਰਨ ਨਹੀਂ ਦੱਸੇ, ਪੁਲਸ ਦਾ ਬਿਆਨ ਹੋਰ ਹੈ, ਮੁਖਤਾਰਾਂ ਦਾ ਹੋਰ, ਜਾਸੂਸਾਂ ਦਾ ਹੋਰ। ਚਸ਼ਮਦੀਦ ਗਵਾਹ ਇਕ ਵੀ ਨਹੀਂ। ਕੌਣ ਕਹੇ ਕਿ ਚਸ਼ਮਦੀਦ ਗਵਾਹ ਸਾਰਾ ਪਿੰਡ ਸੀ ਪਰ ਗਵਾਹੀ ਦੇਣ ਨਹੀਂ ਆਇਆ, ਕਾਰਨ ਸਭ ਜਾਣਦੇ ਨੇ। ਸਾਰੀ ਕਾਰਵਾਈ ਅੰਗਰੇਜ਼ੀ ਵਿਚ ਚੱਲ ਰਹੀ ਸੀ। ਨਸੀਮ ਵਿਚ ਵਿਚ ਮੁਖਤਾਰਾਂ ਨੂੰ ਦੱਸ ਦਿੰਦੀ। ਪੂਰੀ ਗੱਲ ਸ਼ਾਮ ਨੂੰ ਵਕੀਲ ਸਮਝਾਉਂਦਾ। ਮੁਖਤਾਰਾਂ ਦੇ ਮੁੜ ਬਿਆਨ ਹੋਏ ਨੇ। ਪਰ ਇਸ ਵਾਰ ਉਹ ਇਕੱਲੀ ਨਹੀਂ, ਨਸੀਮ ਹੈ, ਦਰਜਣਾ ਔਰਤ ਜਥੇਬੰਦੀਆਂ ਹਨ, ਪ੍ਰੈੱਸ ਹੈ।

ਬਚਾਉ ਵਕੀਲ ਕਹਿ ਰਿਹਾ ਸੀ – ਇਕ ਸਥਾਨਕ ਅਖਬਾਰ ਵਾਲੇ ਨੂੰ ਖਬਰ ਵਾਸਤੇ ਮਸਾਲਾ ਮਿਲ ਗਿਆ, ਝੂਠੀ ਖਬਰ ਘੜ ਕੇ ਛਾਪ ਦਿੱਤੀ। ਫਿਰ ਕੌਮੀ ਅਖਬਾਰ ਆ ਗਏ ਫਿਰ ਦੁਨੀਆਂ ਦਾ ਮੀਡੀਆ ਆ ਗਿਆ। ਉਹ ਵਾਰਦਾਤ ਜਿਹੜੀ ਕਦੀ ਵਾਪਰੀ ਹੀ ਨਹੀਂ ਸੱਚ ਮੰਨ ਕੇ ਛੇ ਮਾਸੂਮਾਂ ਨੂੰ ਫਾਹੇ ਲਾਉਣ ਦਾ ਫੈਸਲਾ ਹੋ ਗਿਆ, ਘੋਰ ਅਨਰਥ, ਬੇਇਨਸਾਫੀ। ਐਂਟੀਟੈਰੋਰਿਸਟ ਅਦਾਲਤ ਕੋਲ ਇਹ ਕੇਸ ਭੇਜਿਆ ਹੀ ਕਿਉਂ ਗਿਆ ? ਮਸ਼ਹੂਰੀ ਚਾਹੀਦੀ ਸੀ, ਮੁਖਤਾਰਾਂ ਨੂੰ ਮਿਲ ਗਈ, ਪੈਸੇ ਮਿਲ ਗਏ, ਬੈਂਕ ਖਾਤੇ ਖੁਲਵਾ ਲਏ। ਵਿਦੇਸਾਂ ਤੋਂ ਧਨ ਆਇਆ। ਦੇਸ ਬਦਨਾਮ ਹੋਇਆ।

ਤਿੰਨ ਮਾਰਚ ਬਹਿਸਾਂ ਮੁਕੰਮਲ ਹੋਣ ਮਗਰੋਂ ਸਵੇਰ ਨੂੰ ਫੈਸਲਾ ਸੁਣਾ ਦਿੱਤਾ – ਛੇਆਂ ਵਿਚੋਂ ਪੰਜ ਬਰੀ, ਇਕ ਨੂੰ ਫਾਂਸੀ ਦੀ ਥਾਂ ਉਮਰ ਕੈਦ। ਸੁਣਨ ਵਾਲਿਆਂ ਵਿਚ ਸੋਗ ਛਾ ਗਿਆ। ਅਖਬਾਰਾਂ ਦੀਆਂ ਸੁਰਖੀਆਂ ਸਨ – ਕੌਮ ਵਾਸਤੇ ਉਦਾਸ ਦਿਨ, ਔਰਤਾਂ ਲਈ ਹੱਤਕਪੂਰਨ ਫੈਸਲਾ, ਇਕ ਵਾਰ ਫਿਰ ਕਾਨੂੰਨ ਵਗਾਹ ਕੇ ਫਰਸ਼ ਤੇ ਪਟਕਾ ਮਾਰਿਆ, ਆਦਿਕ।

ਪੱਤਰਕਾਰਾਂ ਵਿਚ ਘਿਰੀ ਮੁਖਤਾਰਾਂ ਕੰਬ ਰਹੀ ਸੀ – ਮੈਂ ਹੁਣ ਕੀ ਕਹਿਣੈ ? ਮੇਰਾ ਵਕੀਲ ਉਪਰ ਅਪੀਲ ਕਰੇਗਾ, ਪਰ ਇਸ ਦੌਰਾਨ ਦੋਸ਼ੀ ਪਿੰਡ ਚਲੇ ਜਾਣਗੇ, ਮੇਰੇ ਸਕੂਲ ਦੇ ਐਨ ਨਜ਼ਦੀਕ, ਕੌਣ ਮੇਰੀ ਆਬਰੂ ਬਚਾਏਗਾ ਇਨ੍ਹਾਂ ਦਰਿੰਦਿਆਂ ਤੋਂ ? ਮੈਂ ਉਡੀਕ ਰਹੀ ਸੀ ਕਦੋਂ ਫਾਹੇ ਚੜ੍ਹਨ ; ਘੱਟੋ ਘੱਟ ਉਮਰ ਭਰ ਬੰਦ ਤਾਂ ਰਹਿਣ ਜੇਲ੍ਹ ਵਿਚ। ਸਾਰਾ ਪਿੰਡ ਹਕੀਕਤ ਤੋਂ ਵਾਕਫ ਹੈ ਪਰ ਮੇਰੇ ਕੋਲੋਂ ਅਦਾਲਤ ਗਵਾਹ ਮੰਗ ਰਹੀ ਹੈ। ਮਸਤੋਈਆਂ ਦੀ ਇੱਜ਼ਤ ਵਾਪਸ ਪਰਤ ਆਈ ਪਰ ਮੇਰੀ ਇਜ਼ਤ ? ਮੈਂ ਆਪਣੇ ਵਾਸਤੇ ਨਹੀਂ, ਹਰੇਕ ਮੁਸਲਮਾਨ ਔਰਤ ਦੇ ਹੱਕ ਵਿਚ ਲੜ ਰਹੀ ਹਾਂ ਜਿਹੜੀ ਚਾਰ ਚਸ਼ਮਦੀਦ ਗਵਾਹ ਪੇਸ਼ ਕਰਨੋ ਅਸਮਰਥ ਹੈ। ਮੁਖਤਾਰਾਂ ਰੋ ਪਈ।

ਜੱਜ ਨੇ ਵਿਆਪਕ ਬੇਚੈਨੀ ਦੇਖਦਿਆਂ ਕਿਹਾ - ਮੈਂ ਫੈਸਲਾ ਸੁਣਾਇਆ ਹੈ, ਅਜੇ ਲਾਗੂ ਨਹੀਂ ਕੀਤਾ, ਦੋਸ਼ੀ ਅਜੇ ਰਿਹਾਅ ਨਹੀਂ ਹੋਏ। ਨਸੀਮ ਨੇ ਕਿਹਾ - ਆਪਾਂ ਇਕੱਲੀਆਂ ਨਹੀਂ ਹੁਣ, ਜਹਾਨ ਆਪਣੇ ਨਾਲ ਹੈ, ਆਪਾਂ ਲੜਾਂਗੇ। ਆਲੇ ਦੁਆਲੇ ਖਲੋਤੀਆਂ ਔਰਤ ਜਥੇਬੰਦੀਆਂ ਦੀਆਂ ਵਰਕਰਜ਼ ਪੂਰੇ ਕ੍ਰੋਧ ਵਿਚ ਸਨ, ਸਭ ਬੇਇਜ਼ਤ ਹੋ ਗਈਆਂ। ਪੰਜ ਮਾਰਚ ਨੂੰ ਉਸਨੇ ਪ੍ਰੈੱਸ ਮਿਲਣੀ ਕੀਤੀ, ਕਿਹਾ - ਮੈਂ ਬਾਹਰਲੇ ਕਿਸੇ ਦੇਸ ਵਿਚ ਸ਼ਰਣ ਨਹੀਂ ਲਵਾਂਗੀ, ਮੈਂ ਅਪੀਲ ਕਰਾਂਗੀ, ਆਪਣੇ ਘਰ ਵਿਚ ਰਹਾਂਗੀ, ਆਖਰੀ ਸਾਹ ਤੱਕ ਯੁੱਧ ਲੜਾਂਗੀ, ਇਥੇ ਮੇਰਾ ਘਰ, ਮੇਰਾ ਸਕੂਲ, ਮੇਰਾ ਪਿੰਡ, ਮੇਰਾ ਪੰਜਾਬ, ਮੇਰਾ ਪਾਕਿਸਤਾਨ ਹੈ। ਲੋੜ ਪਈ ਤਾਂ ਮੈਂ ਰਾਸ਼ਟਰਪਤੀ ਮੁਸ਼ੱਰਫ ਨੂੰ ਮਿਲਾਂਗੀ।

7 ਮਾਰਚ ਨੂੰ ਮੁਲਤਾਨ ਵਿਚ ਇਸ ਫੈਸਲੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਤਿੰਨ ਹਜ਼ਾਰ ਔਰਤਾਂ ਇਕੱਠੀਆਂ ਹੋਈਆਂ ਜਿਥੇ ਮੁਖਤਾਰਾਂ ਨੇ ਪੁੱਜਣਾ ਹੈ। ਔਰਤਾਂ ਨੇ ਮੁਖਤਾਰਾਂ ਦੀ ਤਸਵੀਰ ਦੇ ਪੋਸਟਰ, ਬੈਨਰ ਚੁਕੇ ਹੋਏ ਹਨ, ਹਦੂਦ ਕਾਨੂੰਨ ਵਾਪਸ ਲੈਣ ਦੇ ਨਾਹਰੇ ਲਗ ਰਹੇ ਹਨ ਜਿਸ ਅਨੁਸਾਰ ਚਾਰ ਚਸ਼ਮਦੀਦ ਗਵਾਹਾਂ ਦੀ ਲੋੜ ਹੈ। ਮੁਖਤਾਰਾਂ ਖਾਮੋਸ਼ ਇਸ ਹਜੂਮ ਵਿਚ ਤੁਰੀ ਜਾ ਰਹੀ ਸੋਚ ਰਹੀ ਹੈ - ਉਨ੍ਹਾਂ ਨੂੰ ਕਦੋਂ ਰਿਹਾਅ ਕਰ ਦੇਣਗੇ ? ਮਤਾ ਪਾਸ ਹੋਇਆ - ਮੁਖਤਾਰਾਂ ਦਾ ਕੇਸ ਦਸਦਾ ਹੈ ਪਾਕਿਸਤਾਨ ਸਰਕਾਰ ਅਜੇ ਔਰਤ ਵਿਰੁੱਧ ਹਿੰਸਾ ਬਾਰੇ ਗੰਭੀਰ ਨਹੀਂ। ਰਾਸ਼ਟਰਪਤੀ ਅਪਰਾਧੀਆਂ ਨੂੰ ਰਿਹਾਅ ਹੋਣ ਤੋਂ ਰੋਕੇ। ਸਟੇਟ ਆਪਣੀ ਸਾਖ ਆਪ ਦੁਨੀਆਂ ਦੀਆਂ ਨਜ਼ਰਾਂ ਵਿਚ ਡੇਰ ਰਹੀ ਹੈ। ਅਪਰਾਧੀਆਂ ਦੇ ਹੌਸਲੇ ਬੁਲੰਦ ਹੋਣਗੇ।

ਅਗਲੇ ਦਿਨ ਕੈਨੇਡਾ ਦੀ ਸਫੀਰ ਮਾਰਗ੍ਰੇਟ ਫਿਰ ਸਕੂਲ ਵਿਚ ਦੁਪਹਿਰ ਵੇਲੇ ਆਈ। ਅਖਬਾਰ ਨਵੀਸ ਆ ਗਏ। ਮਾਰਗ੍ਰੇਟ ਨੇ ਕਿਹਾ - ਕੈਨੇਡਾ ਨੇ ਇਸ ਸਕੂਲ ਦੀ ਮੱਦਦ ਕੀਤੀ ਅਤੇ ਭਵਿੱਖ ਵਿਚ ਕਰਦੀ ਰਹੇਗੀ ਕਿਉਂਕਿ ਇਹ ਪ੍ਰਾਜੈਕਟ ਮੁਖਤਾਰਾਂ ਬੀਬੀ ਦਾ ਹੈ ਜਿਹੜੀ ਲੜਕੀਆਂ ਦੇ ਭਵਿੱਖ ਪ੍ਰਤੀ ਫਿਕਰਮੰਦ ਹੈ। ਔਰਤਾਂ ਵਿਰੁੱਧ ਹਿੰਸਾ ਅੰਤਰਰਾਸ਼ਟਰੀ ਪਲੇਗ ਹੈ ਜਿਸ ਦਾ ਇਲਾਜ ਫੌਰਨ ਕਰਨ ਦੀ ਲੋੜ ਹੈ। ਜੋ ਮੁਖਤਾਰਾਂ ਨਾਲ ਵਾਪਰਿਆ, ਇਹ ਕਿਸੇ ਨੂੰ ਵੀ ਤੋੜ ਕੇ ਰੱਖ ਦਏਗਾ।

ਇਹ ਕੁੜੀ ਹਾਰੀ ਨਹੀਂ, ਇਸ ਨੇ ਸਕੂਲ ਦੀ ਨੀਂਹ ਰੱਖ ਦਿੱਤੀ ਤਾਂ ਕਿ ਜਹਾਲਤ ਵਿਚੋਂ ਕੁੜੀਆਂ ਨਿਕਲ ਸਕਣ। ਮੀਰਵਾਲੇ ਪਿੰਡ ਦੀਆਂ ਕੁੜੀਆਂ ਨਾਲ ਕੋਈ ਹਾਦਸਾ ਨਾ ਵਾਪਰੇ, ਇਹ ਹੈ ਉਸਦਾ ਸੁਫਨਾ। ਅੰਤਰਰਾਸ਼ਟਰੀ ਔਰਤ ਸੰਗਠਨਾ ਦੀ ਰੂਹ ਹੈ ਮੁਖਤਾਰਾਂ ਬੀਬੀ। ਚਾਰ ਘੰਟੇ ਸਕੂਲ ਵਿਚ ਰਹੀ।

ਮੁਖਤਾਰਾਂ ਕੋਲ ਵਕੀਲ ਦਾ ਫੋਨ ਆਇਆ - ਦੋਸ਼ੀ 14 ਮਾਰਚ ਨੂੰ ਰਿਹਾ ਕੀਤੇ ਜਾਣਗੇ ਪਰ ਜੇਲ੍ਹ ਦੇ ਬਾਹਰ ਔਰਤ ਜਥੇਬੰਦੀਆਂ ਦੇ ਕਾਰਕੁਨ, ਮਰਦ, ਔਰਤਾਂ, ਅਖਬਾਰ ਨਵੀਸਾਂ ਦਾ ਜਮਘਟਾ ਹੈ। ਸਟੇਟ ਨੂੰ ਡਰ ਹੈ ਕਿ ਭੀੜ ਉਨ੍ਹਾਂ ਉਪਰ ਹਮਲਾ ਨਾ ਕਰ ਦਏ। ਲੋਕ ਗੁੱਸੇ ਵਿਚ ਹਨ, ਫਸਾਦ ਛਿੜ ਸਕਦੇ ਨੇ। ਮੁਖਤਾਰਾਂ ਖਾਮੋਸ਼ ਨਹੀਂ ਬੈਠੇਗੀ, ਆਪਣੇ ਪਰਿਵਾਰ ਦੀ ਰਾਖੀ ਕਰੇਗੀ। ਤਿੰਨ ਸੌ ਬੱਚਿਆਂ ਦਾ ਜੀਵਨ ਸੰਵਾਰੇਗੀ ਤੇ ਜੰਗ ਲੜਦੀ ਰਹੇਗੀ, ਜੋ ਹੁੰਦੈ ਹੋ ਜਾਏ।

ਮੁਖਤਾਰਾਂ ਨੂੰ ਥਕਾਨ ਮਹਿਸੂਸ ਹੋਈ, ਨਸੀਮ ਨੂੰ ਕਿਹਾ - ਆਪਾਂ ਇਕ ਹਫਤਾ ਛੁੱਟੀਆਂ ਮਨਾਉਣ ਚੱਲਾਂਗੇ ਮੁਜ਼ੱਫਰਗੜ੍ਹ। ਡੇਢ ਹਜ਼ਾਰ ਔਰਤਾਂ ਨੇ ਪ੍ਰਦਰਸ਼ਨ ਕਰਨਾ ਹੈ। ਥਾਂ ਥਾਂ ਆਦਮ ਕੱਦ ਪੋਸਟਰ ਲੱਗੇ ਹੋਏ ਸਨ। ਮੁਖਤਾਰਾਂ ਦੀ ਤਸਵੀਰ ਹੇਠ ਲਿਖਿਆ ਹੋਇਆ - ਹੌਸਲਾ ਰੱਖ ਮੁਖਤਾਰਾਂ ਮਾਈ - ਅਸੀਂ ਤੇਰੇ ਨਾਲ ਹਾਂ। ਮੁਖਤਾਰਾਂ ਦੁਆਲੇ ਸੁਰੱਖਿਆ ਗਾਰਦ ਚਲ ਰਹੀ ਸੀ। ਦੋਸ਼ੀ ਬਰੀ ਹੋ ਜਾਣਗੇ ਪਰ ਮੁਖਤਾਰਾਂ ਕਦੋਂ ਬਰੀ ਹੋਵੇਗੀ ? ਵਕੀਲ ਤੋਂ ਜੱਜਮੈਂਟ ਲੈਕੇ ਉਸ ਉਪਰ ਲਿਖਿਆ - *ਕਾਲਾ ਇਨਸਾਫ* ਤੇ ਹਜ਼ਾਰਾਂ ਫੋਟੋ ਕਾਪੀਆਂ ਵੰਡਦਿਆਂ ਹਦੂਦ ਕਾਨੂੰਨ ਵਿਚ ਸੋਧ ਕਰਨ ਦੀ ਮੰਗ ਉਠੀ।

ਮੁਖਤਾਰਾਂ ਦੇ ਫੋਨ ਦੀ ਘੰਟੀ ਵੱਜੀ, ਸ਼ਕੂਰ ਦਾ ਫੋਨ ਸੀ ਚੀਕ ਰਿਹਾ ਸੀ - ਬਾਜੀ ਵਾਪਸ ਘਰ ਆ ਜਾਓ। ਭਾਰੀ ਗਿਣਤੀ ਵਿਚ ਪੁਲਸ ਆ ਗਈ ਐ। ਇਕ ਘੰਟਾ ਪਹਿਲਾਂ ਦੋਸ਼ੀ ਰਿਹਾਅ

ਹੋ ਗਏ ਨੇ, ਪੁਲਸ ਨੇ ਆਪਾਂ ਨੂੰ ਘਰ ਅੰਦਰ ਰਹਿਣ ਲਈ ਕਿਹਾ ਹੈ, ਕੋਈ ਗੜਬੜ ਹੋ ਸਕਦੀ ਐ।

ਰਾਤੀ ਗਿਆਰਾਂ ਵਜੇ ਘਰ ਪੱਜੀ, ਪੁਲਸ ਦੀਆਂ ਦਸ ਗੱਡੀਆਂ ਖਲੋਤੀਆਂ ਸਨ, ਮਸਤੋਈ ਫਾਰਮ ਹਾਊਸ ਦੁਆਲੇ ਵੀ ਇਸੇ ਤਰ੍ਹਾਂ ਦਾ ਭੀੜ ਭੜੱਕਾ ਹੈ। ਕੀ ਪੁਲਸ ਨੇ ਉਨ੍ਹਾਂ ਦੀ ਕੋਠੀ ਨੂੰ ਇਸ ਕਰਕੇ ਘੇਰਾ ਪਾ ਰੱਖਿਐ ਕਿ ਮੁਖਤਾਰਾਂ ਦੀ ਅਪੀਲ ਤੇ ਫੈਸਲਾ ਹੋਣ ਤੋਂ ਪਹਿਲਾਂ ਉਹ ਕਿਧਰੇ ਅੰਡਰਗ੍ਰਾਊਂਡ ਨਾ ਹੋ ਜਾਣ ? ਪਰ ਪੁਲਸ ਦੀ ਇਹ ਡਿਊਟੀ ਤਾਂ ਹੈ ਕਿ ਗੜਬੜ ਨਹੀਂ ਹੋਣੀ ਚਾਹੀਦੀ। ਪੁਲਸ ਨੇ ਅਖਬਾਰ ਨਵੀਸ ਅਤੇ ਪ੍ਰਦਰਸ਼ਨਕਾਰੀ ਵੀ ਇਕੱਠੇ ਹੋਣੋ ਰੋਕਣੇ ਹਨ।

ਨਸੀਮ ਨੇ ਕਿਹਾ - ਹੁਣ ਸੌਂ ਜਾਈਏ, ਘਰ ਨਹੀਂ ਬੈਠਾਂਗੇ, ਕੱਲ੍ਹ ਨੂੰ ਲਾਹੌਰ ਚੱਲ ਕੇ ਵਕੀਲ ਤੋਂ ਅਰਜ਼ੀ ਲਿਖਵਾਵਾਂਗੇ ਤੇ ਫਿਰ ਇਸਲਾਮਾਬਾਦ ਰਾਸ਼ਟਰਪਤੀ ਨੂੰ ਮਿਲਕੇ ਇਨਸਾਫ ਦੀ ਮੰਗ ਕਰਾਂਗੇ। ਗੁੰਡਿਆਂ ਦੇ ਪੈਰਾਂ ਵਿਚ ਚੁੰਨੀ ਰੱਖਣ ਦੇ ਸਮੇਂ ਬੀਤ ਗਏ। ਅਣਖ ਖਾਤਰ ਰੇਪ ? ਗੁੰਡਿਆਂ ਦੀ ਕਾਹਦੀ ਅਣਖ ? ਉਨ੍ਹਾਂ ਨੇ ਪਾਕਿਸਤਾਨ ਦੀ ਅਣਖ ਮਿਟੀ ਵਿਚ ਰੋਲੀ ਹੈ, ਮੁਸ਼ੱਰਫ ਨੂੰ ਦੱਸਾਂਗੇ।

17 ਮਾਰਚ ਨੂੰ ਬਸ ਰਾਹੀਂ ਇਸਲਾਮਾਬਾਦ ਪੁੱਜੀਆਂ। ਬਹੁਤ ਲੋਕ ਉਨ੍ਹਾਂ ਦੀ ਸੁਰੱਖਿਆ ਵਾਸਤੇ ਪੁੱਜ ਚੁਕੇ ਸਨ। ਇਕ ਨੂੰ ਪਤਾ ਲਗਦਾ ਦਸ ਨੂੰ ਫੋਨ ਕਰ ਦਿੰਦਾ। ਪਹਿਲਾਂ ਗ੍ਰਹਿ ਮੰਤਰੀ ਨੂੰ ਮਿਲੀਆਂ ਤੇ ਕਿਹਾ - ਮੁਜਰਿਮ ਰਿਹਾਅ ਹੋ ਗਏ ਨੇ। ਮੇਰੀ ਜਾਨ ਨੂੰ ਪਰਿਵਾਰ ਨੂੰ ਸਕੂਲ ਨੂੰ ਖਤਰਾ ਹੈ। ਉਹ ਪਹਾੜੀਆਂ ਵਿਚ ਜਾਕੇ ਰੂਪੋਸ਼ ਹੋ ਕੇ ਕਬਾਇਲੀਆਂ ਵਿਚ ਨਾ ਰਹਿਣ ਲੱਗ ਜਾਣ। ਅਜਿਹਾ ਹੋ ਗਿਆ ਤਾਂ ਭਾੜਾ ਦੇਕੇ ਕੋਈ ਕਾਰਾ ਕਰਵਾ ਸਕਦੇ ਨੇ।

ਮੰਤਰੀ ਬੋਲਿਆ ਲਾਹੌਰ ਹਾਈ ਕੋਰਟ ਦੇ ਫੈਸਲੇ ਨੂੰ ਸਰਕਾਰ ਕਿਵੇਂ ਟਾਲ ਸਕਦੀ ਐ ? ਮੁਖਤਾਰਾਂ ਨੇ ਕਿਹਾ - ਤਾਂ ਫਿਰ ਮੇਰੇ ਬਚਾਅ ਦਾ ਕੀ ਉਪਾਉ ?

ਮੰਤਰੀ ਨੇ ਕਿਹਾ - ਹਾਂ ਇਕ ਕਾਨੂੰਨ ਐ, ਰਿਹਾਅ ਹੋਇਆ ਬੰਦੀ ਸਟੇਟ ਦੇ ਅਮਨ ਵਾਸਤੇ ਖਤਰਾ ਹੈ, ਇਸ ਬਿਨਾਅ ਤੇ ਉਹ ਫਿਰ ਗ੍ਰਿਫਤਾਰ ਕੀਤੇ ਜਾ ਸਕਦੇ ਹਨ ਪਰ ਇਹ ਆਰਡਰ ਬੰਦੀਆਂ ਦੀ ਰਿਹਾਈ ਤੋਂ 72 ਘੰਟੇ ਦੇ ਅੰਦਰ ਅੰਦਰ ਇਸ਼ੂ ਹੋਣਾ ਚਾਹੀਦੈ। ਉਹ 15 ਨੂੰ ਰਿਹਾਅ ਹੋਏ, ਅੱਜ 17 ਤਰੀਕ ਹੈ।

- ਮੈਨੂੰ ਕਾਨੂੰਨ ਅਤੇ 72 ਘੰਟਿਆਂ ਦਾ ਕੁੱਝ ਪਤਾ ਨਹੀਂ ਵਜ਼ੀਰ ਸਾਹਿਬ, ਮੈਂ ਜੋ ਦੱਸਣਾ ਸੀ ਦੱਸ ਚੱਲੀ ਆਂ, ਅੱਗੇ ਤੁਸੀਂ ਜਾਣੋ ਤੁਹਾਡਾ ਕਾਨੂੰਨ ਜਾਣੇ। ਵਜ਼ੀਰ ਨੇ ਭਰੋਸਾ ਦਿੱਤਾ - ਜੋ ਮੇਰੇ ਅਧਿਕਾਰ ਖੇਤਰ ਵਿਚ ਹੋਇਆ ਕਰਾਂਗਾ।

ਪ੍ਰੈੱਸ ਬੁਲਾਕੇ ਵਜ਼ੀਰ ਨਾਲ ਹੋਈ ਮੀਟਿੰਗ ਦਾ ਖੁਲਾਸਾ ਕਰ ਦਿੱਤਾ। ਅਗਲੇ ਦਿਨ ਪ੍ਰਧਾਨ ਮੰਤਰੀ ਨੂੰ ਮਿਲਣ ਗਈਆਂ। ਘੰਟਿਆਂ ਦੀ ਗਿਣਤੀ ਕਰਦੀਆਂ ਰਹੀਆਂ। ਬਹੱਤਰ ਘੰਟੇ ਦਾ ਸਮਾਂ ਇਕ ਘੰਟਾ ਪਹਿਲਾਂ ਖਤਮ ਹੋ ਚੁੱਕਾ ਸੀ। ਪ੍ਰਧਾਨ ਮੰਤਰੀ ਨੇ ਵੀ ਭਰੋਸਾ ਦਿੱਤਾ, ਕਿਹਾ - ਮੇਰਾ ਯਕੀਨ ਐ 72 ਘੰਟੇ ਦੇ ਅੰਦਰ ਅੰਦਰ ਫੜੇ ਗਏ ਹੋਣਗੇ। ਇਤਬਾਰ ਕਰੋ।

- ਨਾ, ਮੈਨੂੰ ਨਾ ਇਤਬਾਰ ਹੈ ਨਾ ਭਰੋਸਾ। ਮੈਨੂੰ ਦੱਸੋ ਜੇ ਫੜ ਲਏ ਨੇ ਤਾਂ ਮੈਂ ਜਾਵਾਂ, ਜੇ ਨਹੀਂ ਤਾਂ ਇਥੇ ਬੈਠੀ ਰਹਾਂਗੀ। ਤਿੰਨ ਮਾਰਚ ਤੋਂ ਬਾਦ ਮੇਰਾ ਕਿਸੇ ਤੇ ਭਰੋਸਾ ਨਹੀਂ। ਫੌਜ ਮੈਨੂੰ ਚੁਕ ਕੇ ਇਥੋਂ ਪਰੇ ਸੁੱਟ ਦਏ ਤਾਂ ਸੁੱਟ ਦਏ ਨਹੀਂ ਤਾਂ ਹਿੱਲਾਂਗੀ ਨਹੀਂ।

ਕੁੱਝ ਦੇਰ ਬਾਦ ਪ੍ਰਧਾਨ ਮੰਤਰੀ ਨੇ ਦੱਸਿਆ - ਜਾਉ, ਦੋਸ਼ੀ ਮੁੜ ਗ੍ਰਿਫਤਾਰ ਕਰ ਲਏ ਨੇ। ਪੁਲਸ ਹਥਕੜੀਆਂ ਜੜ ਕੇ ਠਾਣੇ ਲੈ ਗਈ ਹੈ। ਦੋਵੇਂ ਜਣੀਆਂ ਦਫਤਰੋਂ ਬਾਹਰ ਤਾਂ ਆ ਗਈਆਂ ਪਰ ਯਕੀਨ ਨਹੀਂ ਸੀ, ਸੋ ਪਿੰਡ ਚਾਚੇ ਦੇ ਘਰ ਫੋਨ ਕੀਤਾ। ਚਚੇਰੇ ਭਰਾ ਨੇ ਦੱਸਿਆ - ਹਾਂ ਪੁਲਸ ਹਥਕੜੀਆਂ ਲਾਕੇ ਲਿਜਾਂਦੀ ਸਭ ਨੇ ਦੇਖੀ ਹੈ। ਜੁਮੇ ਦੀ ਨਮਾਜ਼ ਪਿਛੋਂ ਪੁਲਸ ਆਈ, ਇਨ੍ਹਾਂ ਪੰਜਾਂ ਨੂੰ ਤਾਂ ਫੜਿਆ ਹੀ, ਜਿਹੜੇ ਅੱਠ ਬਰੀ ਹੋਏ ਸਨ ਉਨ੍ਹਾਂ ਨੂੰ ਵੀ ਲੈ ਗਏ।

- ਤੂੰ ਠੀਕ ਦੱਸ ਰਿਹੈ ਨਾ ਮੈਨੂੰ ? ਪੱਕੀ ਗੱਲ ਐ ?

www.punjabilibrary.com

– ਬੀਬੀ ਸਾਰੇ ਪਿੰਡ ਨੂੰ ਪਤੈ, ਕਿੰਨਿਆਂ ਨੇ ਤਾਂ ਦੇਖੇ ਨੇ ਲਿਜਾਂਦੇ। ਨਸੀਮ ਨੇ ਦੱਸਿਆ – ਜਿਹੜੇ ਬੰਦੇ ਹੋਰਨਾ ਦੀ ਸੁਰੱਖਿਆ ਲਈ ਖਤਰਾ ਹੋਣ, ਗਵਰਨਰ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਾਰੰਟ ਕੱਢ ਸਕਦੈ, ਪਰ ਇਹ ਹੁਕਮ ਤਿੰਨ ਮਹੀਨੇ ਤੱਕ ਬੰਦੀ ਰੱਖਣ ਦਾ ਹੈ, ਇਨੀ ਦੇਰ ਵਿਚ ਆਪਣੀ ਅਪੀਲ ਦੀ ਸੁਣਵਾਈ ਵੀ ਹੋ ਜਾਏਗੀ।

20 ਮਾਰਚ ਨੂੰ ਪਿੰਡ ਪਰਤੀਆਂ। ਪਤਾ ਲੱਗਾ ਕਿ ਮਸਤੋਈ ਪੂਰੇ ਕਰੋਧ ਵਿਚ ਹਨ, ਇਸ ਵਾਰ ਨਸੀਮ ਖਿਲਾਫ ਗੁੱਸਾ ਹੈ, ਦੁਬਾਰਾ ਨਸੀਮ ਨੇ ਫੜਵਾਏ ਹਨ। ਅਖਬਾਰ ਵਿਚ ਦੋਹਾਂ ਦੀਆਂ ਤਸਵੀਰਾਂ ਛਪੀਆਂ ਸਨ ਜਦੋਂ ਗ੍ਰਹਿਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮਿਲੀਆਂ। ਇਹ ਗੱਲ ਸਹੀ ਵੀ ਹੈ, ਨਸੀਮ ਪੜ੍ਹੀ ਲਿਖੀ ਕਾਨੂੰਨ ਦੀ ਜਾਣਕਾਰ ਸਲਾਹਕਾਰ ਆਪੇ ਮੱਦਦ ਲਈ ਆ ਬਹੁੜੀ ਸੀ।

11 ਜੂਨ ਨੂੰ ਪੁਲਸ ਨੇ ਦੱਸਿਆ ਕਿ ਸਫਰ ਨਹੀਂ ਕਰਨਾ, ਤੁਹਾਨੂੰ ਖਤਰਾ ਹੈ। ਨਸੀਮ ਹੀ ਅਕਸਰ ਫੋਨ ਚੁਕਦੀ ਹੁੰਦੀ ਸੀ, ਅਮਰੀਕਾ ਅਤੇ ਕੈਨੇਡਾ ਦੋਵਾਂ ਦੇਸਾਂ ਨੇ ਸੱਦਾ ਦਿੱਤਾ ਸੀ ਕਿ ਸਾਡੇ ਦੇਸ ਆ ਜਾਉ ਪਰ ਇਹ ਵੀ ਪਤਾ ਲੱਗਾ ਕਿ ਪਾਕਿਸਤਾਨ ਸਰਕਾਰ ਨੇ ਦੇਸ ਛੱਡਣ ਉਪਰ ਪਾਬੰਦੀ ਲਾਈ ਹੋਈ ਹੈ। ਉਸਦਾ ਪਾਸਪੋਰਟ ਜਬਤ ਕਰ ਲਿਆ।

ਵਕੀਲ ਨੇ ਪ੍ਰੈੱਸ ਸੱਦ ਕੇ ਦੱਸਿਆ ਕਿ ਮੇਰੀ ਕਲਾਇੰਟ ਨਜ਼ਰਬੰਦ ਕੀਤੀ ਹੋਈ ਹੈ ਤੇ ਪਾਸਪੋਰਟ ਜਬਤ ਕਰ ਲਿਆ ਹੈ। ਮਨੁਖੀ ਅਧਿਕਾਰ ਜਥੇਬੰਦੀਆਂ ਮੁੜ ਰੋਹ ਵਿਚ ਆ ਗਈਆਂ। ਸਰਕਾਰ ਨੇ ਕਿਹਾ – ਮੁਖਤਾਰਾਂ ਨੂੰ ਖਤਰਾ ਭਾਂਪਦਿਆਂ ਉਸਨੂੰ ਸੁਰੱਖਿਅਤ ਰੱਖਿਆ ਹੋਇਆ ਹੈ, ਅਖਬਾਰਾਂ ਵਿਚ ਬਦਨਾਮੀ ਹੁੰਦੀ ਹੈ। ਪਾਸਪੋਰਟ ਇਸ ਲਈ ਲੈ ਲਿਆ ਹੈ ਕਿ ਵਿਦੇਸ ਵਿਚ ਸਿਆਸੀ ਪਨਾਹ ਨਾ ਲੈ ਲਵੇ, ਦੇਸ ਬਦਨਾਮ ਹੋ ਜਾਏਗਾ। ਬਹਿਸ ਦੌਰਾਨ ਪੰਜਾਬ ਅਸੈਂਬਲੀ ਵਿਚ ਇਕ ਵਿਧਾਇਕ ਔਰਤ ਬੋਲੀ- ਮੁਖਤਾਰਾਂ ਬੀਬੀ ਨੂੰ ਜ਼ਾਬਤੇ ਵਿਚ ਰਹਿਣਾ ਚਾਹੀਦੈ, ਉਹ ਪੱਛਮੀ ਦੇਸਾਂ ਦੇ ਇਸ਼ਾਰਿਆਂ ਤੇ ਚੱਲ ਰਹੀ ਹੈ, ਦੇਸ ਦੀ ਬਦਨਾਮੀ ਹੋ ਰਹੀ ਐ। ਕੁੜੀਆਂ ਦਾ ਕੰਮ ਆਪਣੇ ਪਿੰਡ ਰਹਿਣਾ ਹੁੰਦੈ, ਇਨਸਾਫ ਰੱਬ ਆਪੇ ਦੇ ਦਿਆ ਕਰਦੈ। ਕੁੱਝ ਖਾੜਕੂ ਜਥੇਬੰਦੀਆਂ ਵੀ ਗੁੱਸੇ ਵਿਚ ਸਨ ਕਿ ਇਹ ਕੁੜੀ ਸ਼ਰੀਅਤ ਭੰਗ ਕਰ ਰਹੀ ਹੈ, ਇਸਲਾਮ ਨੂੰ ਬਦਨਾਮ ਕਰ ਰਹੀ ਐ।

ਦੇਸ ਦਾ ਸਖਤ ਵਿਰੋਧ ਦੇਖਦਿਆਂ ਪ੍ਰਧਾਨ ਮੰਤਰੀ ਨੇ ਮੁਖਤਾਰਾਂ ਦਾ ਨਾਮ ਉਸ ਲਿਸਟ ਵਿਚੋਂ ਕਟਵਾ ਦਿੱਤਾ ਜਿਸ ਵਿਚ ਬਾਹਰਲੇ ਦੇਸ ਜਾਣੋ ਰੋਕੇ ਜਾਣ ਵਾਲਿਆਂ ਦੇ ਨਾਮ ਦਰਜ ਸਨ।

28 ਜੂਨ ਨੂੰ ਸੁਪਰੀਮ ਕੋਰਟ ਨੇ ਦੋ ਦਿਨ ਬਹਿਸ ਸੁਣਨ ਪਿਛੋਂ ਫੈਸਲਾ ਸੁਣਾ ਦਿੱਤਾ – ਮੁਖਤਾਰਾਂ ਦਾ ਕੇਸ ਮੁੜ ਖੋਲ੍ਹਿਆ ਜਾਵੇ। ਵਕੀਲ ਨੇ ਮੁਖਤਾਰਾਂ ਨੂੰ ਕਿਹਾ ਹੋਇਆ ਸੀ ਕਿ ਅਪੀਲ ਦੀ ਸੁਣਵਾਈ ਨੇੜੇ ਅਖਬਾਰ ਨਵੀਸਾਂ ਨਾਲ ਗੱਲ ਨਹੀਂ ਕਰਨੀ। ਫੈਸਲਾ ਸੁਣ ਕੇ ਵਕੀਲ ਅਤੇ ਮੁਖਤਾਰਾਂ ਦੇ ਚਿਹਰੇ ਤੇ ਮੁਸਕਾਨ ਆ ਗਈ। ਵਕੀਲ ਨੇ ਕਿਹਾ – ਹੁਣ ਜੀਹਨੂੰ ਮਰਜ਼ੀ ਮਿਲ, ਜੋ ਮਰਜ਼ੀ ਆਖ। ਪਾਸਪੋਰਟ ਮਿਲ ਗਿਆ, ਅਪੀਲ ਮਨਜੂਰ ਹੋ ਗਈ। ਬਾਹਰ ਹਮਦਰਦ ਔਰਤ ਜਥੇਬੰਦੀਆਂ ਦਾ ਇਕੱਠ ਜੱਫੀਆਂ ਪਾਕੇ ਮਿਲਿਆ। ਅਖਬਾਰ ਵਾਲਿਆਂ ਨੇ ਸਵਾਲ ਪੁੱਛੇ। ਵਕੀਲ ਨੇ ਪ੍ਰੈੱਸ ਨੂੰ ਦੱਸਿਆ ਕਿ ਪਹਿਲਾਂ ਬਰੀ ਹੋ ਚੁਕੇ ਅੱਠ ਬੰਦੇ ਵੀ ਜੇਲ੍ਹ ਅੰਦਰ ਬੰਦ ਹਨ। ਇਹ ਕੇਵਲ ਰੇਪ ਕੇਸ ਨਹੀਂ, ਖਤਰਨਾਕ ਦਹਿਸ਼ਤਗਰਦੀ ਦਾ ਕੇਸ ਹੈ। ਆਲੇ ਦੁਆਲੇ ਦੀ ਆਬਾਦੀ ਨੂੰ ਆਤੰਕਿਤ ਕਰਨ ਲਈ ਇਹ ਸਭ ਕੁਝ ਕੀਤਾ। ਸੁਪਰੀਮ ਕੋਰਟ ਇਸ ਦੀ ਸੁਣਵਾਈ ਕਰੇਗੀ ਤਾਂ ਸਾਰੇ ਸਹੀ ਹਾਲਾਤ ਸਾਹਮਣੇ ਆਉਣਗੇ। ਅਸੀਂ ਇਸ ਫੈਸਲੇ ਦਾ ਸਵਾਗਤ ਕਰਦੇ ਹਾਂ।

ਖੁਸ਼ ਖੁਸ਼ ਪਿੰਡ ਆਈ। ਸੁਰੱਖਿਆ ਘਟਦੀ ਗਈ। ਕੇਵਲ ਇਕ ਸਿਪਾਹੀ ਪਹਿਰਾ ਦੇਣ ਲਈ ਰਹਿ ਗਿਆ। ਹਾਂ ਜਦੋਂ ਕੋਈ ਵਿਦੇਸੀ ਆਉਂਦਾ, ਅਖਬਾਰ ਨਵੀਸ ਆਉਂਦੇ ਤਾਂ 'ਸੁਰੱਖਿਆ ਕਾਰਨਾ ਸਦਕਾ' ਪੁਲਸ ਨਫਰੀ ਵਧ ਜਾਂਦੀ। ਅਸਲ ਵਿਚ ਸਰਕਾਰ ਨੇ ਸੂਹ ਲੈਣੀ ਹੁੰਦੀ ਕੀ ਗੱਲਾਂ ਕਰ ਰਹੀ ਹੈ।

ਭਾਂਤ ਸੁਭਾਂਤੀਆਂ ਗੱਲਾਂ ਸੁਣਨ ਨੂੰ ਮਿਲਦੀਆਂ। ਕਈਆਂ ਨੂੰ ਕ੍ਰੋਧ ਸੀ ਕਿ ਮੁਖਤਾਰਾਂ ਨੇ ਦੇਸ ਬਦਨਾਮ ਕਰਵਾ ਦਿੱਤਾ। ਵੱਡੇ ਘਰਾਂ ਦੇ ਬੰਦਿਆਂ ਨੇ ਅਜਿਹੇ ਕੁਮੈਂਟ ਵੀ ਦਿੱਤੇ - ਰੇਪ ਹੋ ਜਾਉ, ਕਰੋੜਾਂ ਰੁਪਏ ਵਿਦੇਸਾਂ ਤੋਂ ਮਿਲ ਜਾਣਗੇ, ਵੀਜ਼ੇ ਮਿਲ ਜਾਣਗੇ। ਮੁਖਤਾਰਾਂ ਨੇ ਪ੍ਰੈੱਸ ਨੂੰ ਸਵਾਲ ਕੀਤਾ - ਜੇ ਔਰਤ, ਮਰਦ ਦੀ ਅਣਖ ਦਾ ਚਿੰਨ੍ਹ ਹੈ ਤਾਂ ਮਰਦ ਆਪਣੀ ਅਣਖ ਨੂੰ ਰੇਪ ਕਿਉਂ ਕਰਦੈ, ਕਤਲ ਕਿਉਂ ਕਰਦੈ ?

ਇਕ ਪੱਤਰਕਾਰ ਬੀਬੀ ਮਿਲਣ ਆਈ, ਕਿਹਾ - ਜਦੋਂ ਕੋਈ ਮਰਦ ਔਰਤ ਉਤੇ ਹੱਥ ਚੁੱਕਣ ਲਗਦੈ, ਔਰਤ ਆਖ ਦਿੰਦੀ ਐ - ਮੈਂ ਮੁਖਤਾਰਾਂ ਬੀਬੀ ਨੂੰ ਦੱਸ ਦਿਆਂਗੀ। ਦੋਵੇਂ ਖੂਬ ਹੱਸੀਆਂ। ਮੁਖਤਾਰਾਂ ਨੇ ਕਿਹਾ - ਸੁਹਣਾ ਮਜ਼ਾਕ ਘੜਿਐ ਤੂੰ।

ਅਕਤੂਬਰ 2005 ਵਿਚ ਪਾਕਿਸਤਾਨ ਵਿਚ ਭੁਚਾਲ ਨੇ ਭਾਰੀ ਤਬਾਹੀ ਮਚਾਈ। ਮੁਖਤਾਰਾਂ ਨੇ ਫੈਸਲਾ ਕੀਤਾ - ਅਮਰੀਕਾ ਜਾਵਾਂਗੀ, ਉਜੜੇ ਪਰਿਵਾਰਾਂ ਵਾਸਤੇ ਰਾਹਤ ਫੰਡ ਮੰਗਾਂਗੀ। ਆਪਣੇ ਸਕੂਲ ਬਾਰੇ ਦੱਸਾਂਗੀ, ਨਾਲੇ ਦੱਸਾਂਗੀ ਥੋੜੇ ਦਿਨਾਂ ਲਈ ਆਈ ਹਾਂ। ਪਾਕਿਸਤਾਨ ਛੱਡ ਕੇ ਕਿਤੇ ਨਹੀਂ ਜਾਵਾਂਗੀ। ਸਰਕਾਰ ਨੇ ਉਸਦੇ ਜਾਣ ਦਾ ਵਿਰੋਧ ਨਹੀਂ ਕੀਤਾ।

ਅਮਰੀਕਾ ਵਾਈਟ ਹਾਊਸ ਵਿਚ ਰਾਸ਼ਟਰਪਤੀ ਨੇ ਉਸਦਾ ਸਵਾਗਤ ਕੀਤਾ, ਖਾਣਾ ਖੁਆਇਆ, ਸੈਨੇਟਰਾਂ ਨੂੰ ਮਿਲੀ। ਰਾਹਤ ਫੰਡ ਮਿਲਿਆ, ਸਕੂਲ ਲਈ ਸਹਾਇਤਾ ਮਿਲੀ। ਥਾਂ ਥਾਂ ਸਨਮਾਨ ਮਿਲੇ, ਹੌਸਲਾ ਮਿਲਿਆ। ਪਾਕਿਸਤਾਨ ਜਾਣ ਵਾਸਤੇ ਦਿਨ ਗਿਣਦੀ ਰਹਿੰਦੀ। ਹਰ ਵਕਤ ਸਿਰ ਢਕ ਕੇ ਰਖਦੀ। ਸਾਰੀ ਦੁਨੀਆਂ ਨੇ ਸਤਿਕਾਰ ਦੀ ਨਜ਼ਰ ਨਾਲ ਦੇਖਿਆ।

ਪਾਕਿਸਤਾਨ ਵਿਚ ਉਸਦਾ ਪਾਸਪੋਰਟ ਜ਼ਬਤ ਕਰਨ ਦਾ ਹੁਕਮ ਰਾਸ਼ਟਰਪਤੀ ਮੁਸ਼ੱਰਫ ਨੇ ਦਿੱਤਾ ਸੀ ਤੇ ਬ੍ਰੀਗੇਡੀਅਰ ਇਜਾਜ਼ ਸ਼ਾਹ ਦੀ ਡਿਊਟੀ ਲਾਈ ਕਿ ਇਸ ਸਿਰਫਿਰੀ ਕੁੜੀ ਨੂੰ ਅਕਲ ਸਿਖਾ ਕੇ ਆ। ਆਮਨਾ ਬੁੱਟਰ ਮੁਖਤਾਰਾਂ ਲਈ ਤਰਜਮਾਕਾਰ ਵਜੋਂ ਵਿਦੇਸ਼ੀਆਂ ਨਾਲ ਆਉਂਦੀ। ਉਹ ਲੇਡੀ ਡਾਕਟਰ ਹੈ ਤੇ ਅਮਰੀਕਾ ਵਿਚ ਵਿਸਕਾਂਸਿਨ ਵਿਖੇ ਮਨੁਖੀ ਅਧਿਕਾਰ ਸੰਸਥਾ ਚਲਾਉਂਦੀ ਹੈ। ਬ੍ਰੀਗੇਡੀਅਰ ਨੇ ਆਮਨਾ ਤੇ ਮੁਖਤਾਰਾਂ ਨੂੰ ਕਿਹਾ - ਖੁਫੀਆ ਵਿੰਗ ਤੁਹਾਡੇ ਪਿਛੇ ਫਿਰ ਰਿਹੈ, ਸ਼ਰਾਰਤਾਂ ਬੰਦ ਕਰ ਦਿਉ। ਅਸੀਂ ਕੁੱਝ ਵੀ ਕਰ ਸਕਦੇ ਹਾਂ। ਭਾੜੇ ਦੇ ਨੀਗਰੋ ਮੁਜਰਿਮਾਂ ਤੋਂ ਦੋਵਾਂ ਨੂੰ ਨਿਊਯਾਰਕ ਕਤਲ ਕਰਵਾ ਸਕਦੇ ਹਾਂ। ਆਮਨਾ ਨੇ ਪ੍ਰੈੱਸ ਸੱਦ ਦੇ ਖਬਰ ਦੇ ਦਿੱਤੀ। ਸ਼ਾਹ ਨੂੰ ਪੁੱਛਿਆ ਗਿਆ। ਉਸਨੇ ਇਹ ਗੱਲ ਕਬੂਲੀ ਕਿ ਉਹ ਮਿਲਿਆ ਦੋਵਾਂ ਨੂੰ ਜਰੂਰ ਹੈ ਪਰ ਧਮਕੀ ਦੇਣ ਦੀ ਗੱਲ ਮੁਕਰ ਗਿਆ।

ਯੂਨਾਇਟਿਡ ਨੇਸ਼ਨਜ਼ ਨੇ ਭਾਸ਼ਣ ਦੇਣ ਲਈ ਸੱਦਾ ਭੇਜਿਆ। ਆਮਨਾ ਉਸਨੂੰ ਆਪਣੇ ਘਰ ਲੈ ਗਈ। ਭਾਸ਼ਣ ਤਿਆਰ ਕੀਤਾ ਗਿਆ। ਪਾਕਿਸਤਾਨ ਸਰਕਾਰ ਨੇ ਭਾਸ਼ਣ ਰੱਦ ਕਰਵਾਉਣ ਦੇ ਆਰਡਰ ਕਰ ਦਿੱਤੇ। ਪੱਤਰਕਾਰਾਂ ਦਾ ਆਮਨਾ ਦੇ ਘਰ ਹੜ੍ਹ ਆ ਗਿਆ। ਸਾਰੇ ਮੀਡੀਆਂ ਨੇ ਪਾਕਿਸਤਾਨੀ ਸਰਕਾਰ ਦੇ ਆਰਡਰ ਦੀ ਖਬਰ ਨਸ਼ਰ ਕੀਤੀ। ਭਾਸ਼ਣ ਅਖਬਾਰਾਂ ਵਿਚ ਛਪ ਗਿਆ, ਜਿਸ ਨੂੰ ਨਹੀਂ ਪਤਾ ਲੱਗਣਾ ਸੀ ਉਹ ਵੀ ਮੁਖਤਾਰਾਂ ਨੂੰ ਜਾਣ ਗਿਆ। ਦੁਨੀਆਂ ਵਿਚ ਚਰਚਾ ਹੋਈ।

ਪਾਕਿਸਤਾਨ ਵਿਚ ਉਸਦੀ ਹਰੇਕ ਚਿਠੀ ਸਰਕਾਰ ਪੜ੍ਹਦੀ ਹੈ, ਟੈਲੀਫੋਨ ਟੈਪ ਕੀਤਾ ਜਾਂਦਾ ਹੈ, ਸਰਕਾਰ ਦੇ ਹਮਾਇਤੀ ਅਖਬਾਰ ਉਸ ਵਿਰੁੱਧ ਲੇਖ ਛਾਪਦੇ ਹਨ, ਦਸਦੇ ਹਨ ਕਿ ਉਹ ਗੱਦਾਰ ਹੈ, ਵਿਦੇਸ਼ੀਆਂ, ਖਾਸ ਕਰ ਭਾਰਤੀਆਂ ਦੇ ਹੱਥਾਂ ਦੀ ਕਠਪੁਤਲੀ ਹੈ ਤਾਂ ਕਿ ਪਾਕਿਸਤਾਨ ਦੀ ਵਧ ਤੋਂ ਵਧ ਬਦਨਾਮੀ ਕਰ ਸਕੇ।

ਹੁਣ ਤੱਕ ਉਸਦਾ ਸਕੂਲ ਸ਼ਾਨਦਾਰ ਬਣ ਚੁੱਕਾ ਹੈ। ਅੰਗਰੇਜ਼ੀ ਪੜ੍ਹਾਉਣ ਵਾਲੇ ਮਾਸਟਰਾਂ ਨੂੰ ਅੰਗਰੇਜ਼ੀ ਬੋਲਣੀ ਆਉਂਦੀ ਹੈ। ਸ਼ਾਨਦਾਰ ਓਪਨ ਏਅਰ ਥਿਏਟਰ ਹੈ ਤੇ ਖੇਡ ਮੈਦਾਨ ਹੈ। ਚੌਥੀ ਵਿਚ ਪੜ੍ਹਦੀ ਇਕ ਕੁੜੀ ਸਿਦਰਾ ਨੂੰ ਮਾਪਿਆਂ ਨੇ ਹਟਾ ਲਿਆ, ਪਤਾ ਲੱਗਾ ਵਿਆਹ ਕਰਨ ਲੱਗੇ ਨੇ। ਉਸਦੇ ਘਰ ਗਈ, ਮਾਪਿਆਂ ਨੂੰ ਖੂਬ ਖੜਕਾ ਦਿੱਤਾ, ਫਿਰ ਪੜ੍ਹਨ ਲਾ ਦਿੱਤੀ। ਉਹ ਕਹਿੰਦੀ

ਹੈ ਡਾਕਟਰ ਬਣਾਂਗੀ। ਇਹੀ ਕਾਰਨ ਹਨ ਕਿ ਖਤਰਾ ਹੁੰਦਿਆਂ ਵੀ ਨਾ ਸ਼ਹਿਰ ਵਿਚ ਰਹਿੰਦੀ ਹੈ ਨਾ ਵਿਦੇਸ ਬਹੁਤੇ ਦਿਨ ਲਾਉਂਦੀ ਹੈ। ਫਿਰ ਤਾਂ ਉਸਦਾ ਮਿਸ਼ਨ ਹੀ ਫੇਲ੍ਹ ਹੋ ਜਾਏਗਾ।

ਉਸਦਾ ਘਰ ਦੁਖੀ ਔਰਤਾਂ ਦੀ ਫਰਿਆਦ ਸੁਣਨ ਵਾਲੀ ਇਬਾਦਤਗਾਹ ਹੈ। ਅਜਿਹੀਆਂ ਔਰਤਾਂ ਆਉਂਦੀਆਂ ਹਨ ਉਮਰ ਭਰ ਦੀ ਜ਼ਿਲਤ ਝੱਲਣ ਲਈ ਜਿਨ੍ਹਾਂ ਦੇ ਨੱਕ ਕੱਟ ਦਿੱਤੇ। ਹੁਣ ਰੇਪ ਵਿਕਟਿਮਜ਼ ਖੁਦਕੁਸ਼ੀ ਕਰਨ ਦੀ ਥਾਂ ਮੁਖਤਾਰਾਂ ਕੋਲ ਪੁੱਜ ਜਾਂਦੀਆਂ ਹਨ। ਮੁਖਤਾਰਾਂ ਡਾਕਟਰਾਂ ਤੇ ਵਕੀਲਾਂ ਦਾ ਪ੍ਰਬੰਧ ਕਰਦੀ ਹੈ ਪਲਾਸਟਿਕ ਸਰਜਰੀ ਕਰਵਾਉਂਦੀ ਹੈ। ਮੀਰਵਾਲਾ ਪਿੰਡ ਦੇ ਆਲੇ ਦੁਆਲੇ ਆਬਾਦ ਪਿੰਡਾਂ ਵਿਚ ਔਰਤਾਂ ਦੀ ਦੁਰਦਸ਼ਾ ਘਟ ਗਈ ਹੈ। ਔਰਤਾਂ ਨੂੰ ਧਰਵਾਸ ਮਿਲਿਆ – ਮੁਖਤਾਰਾਂ ਬੀਬੀ ਹੈ ਨਾ ਆਪਣੀ ਮੀਰਵਾਲੇ ਦੀ, ਉਸ ਨੂੰ ਆਪਣੀਆਂ ਮੁਸ਼ਕਲਾਂ ਦੱਸਾਂਗੀਆਂ।

## ਮਲਾਲਾ

ਨਿਕੀ ਉਮਰੇ ਇਸ ਕੁੜੀ ਨੇ ਆਪਣੇ ਪਿਤਾ ਦੀ ਅਗਵਾਈ ਵਿਚ ਜੋ ਕੁੱਝ ਕੀਤਾ, ਮਿਸਾਲ ਬਣ ਗਿਆ। ਅੰਡਰਗ੍ਰਾਊਂਡ ਡਾਕੂ ਇਕੱਲਾ ਹੋਵੇ, ਉਸ ਵਿਰੁੱਧ ਜ਼ਬਾਨ ਖੋਲ੍ਹਣ ਵਾਸਤੇ ਦਿਲ ਜਿਗਰ ਚਾਹੀਦਾ ਹੈ, ਤਾਲਿਬਾਨਾ ਦੀ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਹਥਿਆਰਬੰਦ ਸੈਨਾ ਹੈ, ਉਨ੍ਹਾਂ ਵਿਰੁੱਧ ਕੋਈ ਫੈਸਲਾ ਲੈ ਲੈਣਾ ਕਰਾਮਾਤ ਤੋਂ ਘੱਟ ਨਹੀਂ।

ਪੰਦਰਾਂ ਕੁ ਕੁੜੀਆਂ ਬਾਦ ਦੁਪਹਿਰ ਵੈਨ ਵਿਚ ਸਕੂਲੋਂ ਘਰ ਆ ਰਹੀਆਂ ਸਨ, ਵੈਨ ਰੁਕੀ ਤਾਂ ਦੋ ਤਾਲਿਬਾਨ ਗੱਡੀ ਵਿਚ ਚੜ੍ਹੇ। ਹੱਥ ਵਿਚ ਪਸਤੌਲ ਫੜੀ ਇਕ ਜੁਆਨ ਨੇ ਪੁੱਛਿਆ – ਤੁਹਾਡੇ ਵਿਚੋਂ ਦਸੋ ਮਲਾਲਾ ਕੌਣ ਹੈ। ਸਾਰੀਆਂ ਕੁੜੀਆਂ ਸੁੰਨ ਹੋ ਗਈਆਂ। ਖਾੜਕੂ ਗੱਜਿਆ – ਜੇ ਨਹੀਂ ਦੱਸਣਾ ਮਲਾਲਾ ਕੌਣ ਹੈ, ਅਸੀਂ ਸਾਰੀਆਂ ਨੂੰ ਫੁੰਡ ਦਿਆਂਗੇ। ਹੌਸਲਾ ਇੱਕਠਾ ਕਰਕੇ ਮਲਾਲਾ ਬੋਲੀ– ਮੈਂ ਹਾਂ ਮਲਾਲਾ, ਮਲਾਲਾ ਯੂਸਫਜ਼ਈ। ਤਾਲਿਬ ਨੇ ਪੁੜਪੁੜੀ ਵਿਚ ਗੋਲੀ ਮਾਰੀ ਜਿਹੜੀ ਕੰਨ ਅਤੇ ਦਿਮਾਗ ਦੇ ਵਿਚਕਾਰੋਂ ਲਹਿੰਦੀ ਹੋਈ ਖੱਬੇ ਮੋਢੇ ਵਿਚ ਆਕੇ ਅਟਕ ਗਈ। ਦੋ ਗੋਲੀਆਂ ਹੋਰ ਚਲਾਈਆਂ ਜੋ ਮਲਾਲਾ ਦੀਆਂ ਜਮਾਤਣਾ ਦੇ ਵੱਜੀਆਂ। ਕਾਰਾ ਕਰਕੇ ਜੁਆਨ ਖਿਸਕ ਕਏ। ਕੁੱਲ ਦੁਨੀਆਂ ਵਿਚ ਇਹ ਖਬਰ ਬਿਜਲੀ ਵਾਂਗ ਪੁੱਜੀ। ਗੋਲੀ ਖਾਕੇ ਕੁੜੀ ਜਦੋਂ ਡਿਗ ਪਈ, ਲੱਖਾਂ ਲੋਕਾਂ ਨੇ ਖੜ੍ਹੇ ਹੋਕੇ ਉਸ ਦੇ ਹੱਕ ਵਿਚ ਦੁਆ ਲਈ ਹੱਥ ਫੈਲਾਏ।

ਜਿਹੜੀ ਸਾਖੀ ਚੰਗੀ ਲੱਗੇ, ਮੈਂ ਉਹ ਸੁਣਾਇਆ ਕਰਦਾ ਹਾਂ।

ਅਫਗਾਨਿਸਤਾਨ ਦੀ ਹੱਦ ਦੇ ਨਾਲ ਲਗਦੀ ਸਵਾਤ ਵਾਦੀ ਦੇ ਮਿੰਗੋਰਾ ਨਗਰ ਵਿਚ 12 ਜੁਲਾਈ 1997 ਦੇ ਦਿਨ ਸਵੇਰੇ ਚਿੜੀ ਚੂਕਦੀ ਨਾਲ ਇਸ ਕੁੜੀ ਨੇ ਘਰ ਵਿਚ ਜਨਮ ਲਿਆ। ਹਸਪਤਾਲ ਵਿਚ ਦਾਖਲ ਕਰਾਉਣ ਲਈ ਜਾਂ ਦਾਈ ਘਰ ਬੁਲਾਉਣ ਲਈ ਪੈਸੇ ਨਹੀਂ ਸਨ। ਗਵਾਂਢਣ ਨੇ ਨਾੜੂਆ ਕੱਟਿਆ। ਪਖਤੂਨਾਂ ਵਿਚ ਧੀ ਜੰਮਣ ਤੇ ਖੁਸ਼ੀ ਨਹੀਂ ਮਨਾਉਂਦੇ ਪਰ ਅੱਬਾ ਜ਼ਿਆਦੀਨ ਯੂਸਫਜ਼ਈ ਹੋਰ ਤਰ੍ਹਾਂ ਦਾ ਬੰਦਾ ਸੀ, ਉਹ ਖੁਸ਼ ਹੋਇਆ, ਅੱਲਾ ਦਾ ਸ਼ੁਕਰਾਨਾ ਕੀਤਾ ਤੇ ਨਾਮ ਰੱਖਿਆ ਮਲਾਲਾ। ਮਲਾਲਾਈ ਬਹਾਦਰ ਅਫਗਾਨ ਔਰਤ ਸੀ ਜੋ ਅੰਗਰੇਜ਼ਾਂ ਵਿਰੁੱਧ ਲੜਦੀ ਹੋਈ 1880 ਵਿਚ ਸ਼ਹੀਦ ਹੋਈ। ਉਸ ਦੀ ਯਾਦ ਵਿਚ ਲੋਕ ਗੀਤ ਗਾਏ ਜਾਂਦੇ ਹਨ। ਉਸਨੂੰ ਅਫਗਾਨਿਸਤਾਨ ਦੀ ਜੋਨ ਆਫ ਆਰਕ ਕਿਹਾ ਜਾਂਦਾ ਹੈ। ਕਾਬਲ ਦੇ ਕੇਂਦਰ ਵਿਚ ਉਸ ਦੀ ਯਾਦਗਾਰ ਉਸਾਰੀ ਗਈ ਹੈ। ਅਫਗਾਨਾ ਨੇ ਅੰਗਰੇਜ਼ਾਂ ਦੀ ਪੂਰੀ ਬਟਾਲੀਅਨ ਤਬਾਹ ਕਰਕੇ ਕਰਾਰੀ ਹਾਰ ਦਿੱਤੀ ਸੀ। ਬਾਬਾ ਇਸ ਨਾਮ ਤੋਂ ਖੁਸ਼ ਨਹੀਂ ਹੋਇਆ ਕਿਉਂਕਿ ਮਲਾਲਾ ਦੇ ਮਾਇਨੇ ਰੰਜ, ਉਦਾਸੀ, ਅਫਸੋਸ ਹਨ। ਪਿਤਾ ਆਪਣੀ ਧੀ ਨੂੰ ਮਲਾਲਾਈ ਬੀਬੀ ਦੇ ਗੀਤ ਗਾਕੇ ਸੁਣਾਉਂਦਾ।

ਪਹਾੜੀਆਂ, ਝਰਨਿਆਂ, ਝੀਲਾਂ, ਬਾਗਾਂ ਵਿਚ ਘਿਰੀ ਇਸ ਵਾਦੀ ਨੂੰ ਸੁਰਗ ਕਿਹਾ ਜਾਂਦਾ ਸੀ ਤੇ ਸੈਲਾਨੀਆਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ। ਇੰਗਲੈਂਡ ਦੀ ਮਲਕਾ ਆਈ ਤਾਂ ਉਹ ਸਵਾਤ ਦੇ ਸਫੈਦ ਮਹਿਲ ਵਿਚ ਰਹੀ ਜੋ ਉਸ ਸੰਗਮਰਮਰ ਦਾ ਬਣਿਆ ਹੋਇਆ ਹੈ ਜਿਹੜੀ ਤਾਜਮਹਿਲ ਨੂੰ ਲੱਗੀ। ਸਵਾਤ ਵਾਦੀ ਹੁਣ ਪਾਕਿਸਤਾਨ ਦਾ ਹਿੱਸਾ ਹੈ ਪਹਿਲੋਂ ਇਹ ਪ੍ਰਿੰਸਲੀ ਸਟੇਟ ਸੀ ਤੇ ਅੰਗਰੇਜ਼ਾਂ ਨਾਲ ਦੋਸਤਾਨਾ ਸਬੰਧ ਸਨ, 1947 ਵਿਚ ਪਾਕਿ ਨਾਲ ਰਲੀ। ਬਾਕੀ ਪਾਕਿਸਤਾਨ ਨਾਲੋਂ ਇਸ ਦਾ ਵੱਖਰਾ ਕਲਚਰ ਹੈ। ਇਹ ਹਸਨ ਅਬਦਾਲ (ਪੰਜਾ ਸਾਹਿਬ) ਤੋਂ ਅਫਗਾਨਿਸਤਾਨ ਨਾਲ ਲਗਦਾ ਇਲਾਕਾ ਹੈ, ਇਧਰ ਹੀ ਐਬਟਾਬਾਦ ਵਿਚ ਪ੍ਰੋ. ਪੂਰਨ ਸਿੰਘ ਦਾ ਜਨਮ ਹੋਇਆ ਤੇ ਬਚਪਨ ਬੀਤਿਆ ਸੀ। ਪੂਰਨ ਸਿੰਘ ਫਖਰ ਨਾਲ ਕਿਹਾ ਕਰਦਾ ਸੀ – ਪਠਾਣਾ ਵਿਚ ਰਹਿ ਕੇ ਮੈਂ ਵੀ ਪਠਾਣਾ ਵਰਗਾ ਦਰਿਆ ਦਿਲ ਹੋ ਗਿਆ। ਇਸੇ ਐਬਟਾਬਾਦ ਵਿਚ ਓਸਾਮਾ ਬਿਨ ਲਾਦਿਨ ਨੂੰ ਅਮਰੀਕਾ ਨੇ ਨਿਸ਼ਾਨਾ ਬਣਾਇਆ ਸੀ।

ਸਿੰਗੋਰਾ ਵਿਚ ਸਕੂਲ, ਕਾਲਜ, ਹਸਪਤਾਲ, ਸੁਹਣੇ ਬਾਜ਼ਾਰ, ਹੋਟਲ ਸਨ, ਹਰ ਤਰ੍ਹਾਂ ਦੀ ਦਸਤਕਾਰੀ ਦਾ ਸਾਮਾਨ ਬਣਦਾ ਵਿਕਦਾ, ਹੀਰੇ ਮੋਤੀਆਂ ਦੀ ਖਰੀਦ ਵੇਚ ਹੁੰਦੀ, ਸੁੱਕੇ ਮੇਵਿਆਂ ਦੇ ਢੇਰ ਲੱਗੇ ਹੁੰਦੇ।

ਮਹਿਮੂਦ ਗਜ਼ਨਵੀ ਦੇ ਹਮਲੇ ਤੋਂ ਪਹਿਲਾਂ ਸਵਾਤ ਵਾਦੀ ਬੋਧ ਰਿਆਸਤ ਸੀ। ਬੋਧੀ ਦੂਜੀ ਸਦੀ ਈਸਵੀ ਵਿਚ ਆਏ ਤੇ ਪੰਜ ਸੌ ਸਾਲ ਤਕ ਰਾਜ ਕੀਤਾ, ਸ਼ਾਨਦਾਰ ਬੋਧ ਸਤੂਪ ਅਤੇ ਬੁੱਤ ਘੜੇ ਜੋ ਹੁਣ ਖੰਡਰ ਹੋ ਗਏ ਹਨ। ਕਿਤੇ ਕਿਤੇ ਗੋਡਣੀ ਭਾਰ ਬੈਠਾ ਕੋਈ ਸ਼ੇਰ ਦਿੱਸ ਜਾਂਦਾ ਹੈ, ਪੱਥਰ ਦੀਆਂ ਛਤਰੀਆਂ ਸੈਂਕੜਿਆਂ ਦੀ ਗਿਣਤੀ ਵਿਚ ਹਨ। ਸਵਾਤ ਦਰਿਆ ਦੇ ਕਿਨਾਰਿਆਂ ਤੇ

1400 ਬੋਧਾਸ਼ਰਮ ਉਸਰੇ ਹੋਏ ਸਨ ਜਿਨ੍ਹਾਂ ਦੇ ਮੰਦਰਾਂ ਦੀਆਂ ਟੱਲੀਆਂ ਦੀ ਮਿਠੀ ਆਵਾਜ਼ ਸਵਾਤ ਵਿਚ ਝੂਮਦੀ ਫਿਰਦੀ। ਲੋਕ ਦਸਦੇ ਹਨ ਸਿਧਾਰਥ ਇਥੇ ਆਏ ਸਨ ਤਦੇ ਤਾਂ ਵਾਦੀ ਵਿਚ ਏਨੀ ਸ਼ਾਂਤੀ ਦਿਸਦੀ ਹੈ। ਇਹ ਗੱਲ ਸੱਚ ਹੈ ਕਿ ਅਸਥੀਆਂ ਲਿਆਕੇ ਉਨ੍ਹਾਂ ਉਪਰ ਵੱਡਾ ਸਤੂਪ ਉਸਾਰਿਆ ਗਿਆ ਸੀ। ਇਨ੍ਹਾਂ ਖੰਡਰਾਂ ਵਿਚ ਕਦੀ ਕਦਾਈਂ ਲੋਕ ਪਿਕਨਿਕ ਵਾਸਤੇ ਆ ਜਾਂਦੇ ਹਨ। ਜ਼ਿਆਦੀਨ ਨੇ ਇਨ੍ਹਾਂ ਥਾਵਾਂ ਉਪਰ ਗੀਤ ਲਿਖਿਆ :

*ਮੀਨਾਰਾਂ ਵਿਚੋਂ ਜਦੋਂ ਸੱਚ ਦੀ ਆਵਾਜ਼ ਚੁਗਿਰਦੇ ਗੂੰਜਦੀ ਹੈ,*
*ਇਤਿਹਾਸ ਦੀ ਜੰਜੀਰ ਦੀਆਂ ਟੁੱਟੀਆਂ ਕੜੀਆਂ ਜੁੜ ਜਾਂਦੀਆਂ ਹਨ।*

ਹਿੰਦੂਕੁਸ਼ ਪਰਬਤ ਇਸੇ ਵਾਦੀ ਦਾ ਸ਼ਿੰਗਾਰ ਹਨ, ਅਗੇ ਜਾਕੇ ਅਫਗਾਨਿਸਤਾਨ ਵਿਚ ਬਾਮਿਆਨ ਪਰਬਤ ਹਨ। ਪੂਰੇ ਤੇ ਪੂਰੇ ਪਹਾੜ ਤਰਾਸ਼ ਕੇ ਬੋਧ ਮੂਰਤੀਆਂ ਘੜ ਦਿੱਤੀਆਂ ਹਨ ਜੋ ਤਾਲਿਬਾਨ ਨੇ ਬੰਬਾਂ ਨਾਲ ਉਡਾਣੀਆਂ ਚਾਹੀਆਂ ਨਹੀਂ ਟੁੱਟੀਆਂ, ਗ੍ਰੇਨਾਈਟ ਦੀ ਮਦਦ ਨਾਲ ਤੋੜੀਆਂ। ਇਨ੍ਹਾਂ ਖੰਡਰਾਂ ਵਿਚ ਬੱਚੇ ਚੋਰ ਸਿਪਾਹੀ, ਲੁਕਣ ਫੜਨ ਦੀ ਖੇਡ ਖੇਡਦੇ ਹਨ। ਅੰਗੂਰ, ਖਜੂਰ, ਆੜੂ, ਅਮਰੂਦ, ਸੇਬ, ਖੁਰਮਾਨੀ, ਪਿਸਤਾ, ਬਦਾਮ, ਦਾਖ, ਗੱਲ ਕੀ ਸ਼ਾਨਦਾਰ ਰੁੱਖਾਂ ਦੇ ਲਹਿਰਾਉਂਦੇ ਝੁੰਡ। ਮਨੁੱਖਾਂ ਅਤੇ ਪੰਛੀਆਂ ਦੀ ਇਕੋ ਜਿਹੀ ਪਿਆਰੀ ਵਾਦੀ। ਬਾਸਮਤੀ ਦੀ ਮਹਿਕ ਨਸ਼ਿਆ ਦੇਂਦੀ।

ਕਿਉਂਕਿ ਪਤਾ ਸੀ ਭੁੱਖ ਕੀ ਹੁੰਦੀ ਹੈ, ਮਲਾਲਾ ਦੀ ਮਾਂ ਲੋੜ ਤੋਂ ਵਧੀਕ ਖਾਣਾ ਪਕਾਉਂਦੀ, ਪਰਿਵਾਰ ਵਿਚ ਵਰਤਾ ਕੇ ਬਾਕੀ ਲੋੜਵੰਦਾਂ ਨੂੰ ਦਿੰਦੀ, ਬਚਦਾ ਪੰਛੀਆਂ ਨੂੰ ਪਾਉਂਦੀ ਹੋਈ ਟੱਪੇ ਗਾਉਂਦੀ - ਬਾਗੀਂ ਗਾਂਉਂਦੀਆਂ ਘੁੱਗੀਆਂ ਨਾ ਮਾਰ, ਇਕ ਮਰ ਜਾਏਗੀ ਤਾਂ ਬਾਕੀ ਕਦੀ ਨਹੀਂ ਆਉਣਗੀਆਂ।

ਏਲੁਮ ਪਰਬਤ ਸਭ ਤੋਂ ਉਚਾ ਪਿਰਾਮਿਡ ਹੈ, ਏਨਾ ਉਚਾ ਕਿ ਇਸ ਦੀ ਗਰਦਣ ਵਿਚ ਬੱਦਲਾਂ ਦੇ ਹਾਰ ਪਏ ਰਹਿੰਦੇ ਹਨ। ਗਰਮੀਆਂ ਵਿਚ ਵੀ ਚੋਟੀ ਉਪਰ ਬਰਫ ਲਿਸ਼ਕਦੀ ਰਹਿੰਦੀ ਹੈ। ਸਾਲ 327 ਪੂਰਬ ਈਸਾ ਵਿਚ ਸਿਕੰਦਰ ਇਥੋਂ ਦੀ ਲੰਘਿਆ ਸੀ। ਕਹਿੰਦੇ ਨੇ ਉਸਨੇ ਪਰਬਤ ਦੀ ਚੋਟੀ ਤੇ ਪੁੱਜ ਕੇ ਜੁਪੀਟਰ ਤਾਰੇ ਨੂੰ ਛੂਹਿਆ ਸੀ। ਤਦੇ ਉਸਨੂੰ ਸਿਕੰਦਰ ਮਹਾਨ ਕਹਿੰਦੇ ਨੇ।

ਜ਼ਿਆਦੀਨ ਨੇ ਦਸਵੀਂ ਤੋਂ ਬਾਦ ਕਾਲਜ ਵਿਚ ਪੜ੍ਹਨਾ ਚਾਹਿਆ ਪਰ ਉਸਦਾ ਅੱਬਾ ਰਾਜ਼ੀ ਨਾ ਹੋਇਆ ਕਿਉਂਕਿ ਪੈਸੇ ਨਹੀਂ, ਰੋਟੀ ਮੁਸ਼ਕਲ ਨਾਲ ਤੁਰਦੀ। ਕਿਸੇ ਧਨੀ ਵਾਕਫ ਨੇ ਘਰ ਵਿਚ ਰਹਿਣ ਲਈ ਕਮਰਾ ਦਿੱਤਾ, ਫੀਸਾਂ ਭਰਨ ਦਾ ਜ਼ਿਮਾ ਓਟ ਲਿਆ ਤਾਂ ਅੰਗਰੇਜ਼ੀ ਦੀ ਐਮ.ਏ. ਕਰਕੇ ਥੋੜਾ ਸਮਾਂ ਪ੍ਰਾਈਵੇਟ ਕਾਲਜ ਵਿਚ ਅਧਿਆਪਨ ਕੀਤਾ ਪਰ ਛੇਤੀ ਹੀ ਛੱਡ ਦਿੱਤਾ ਕਿਉਂਕਿ ਤਨਖਾਹ ਘਟ ਸੀ ਤੇ ਮਾਹੌਲ ਤੰਗ। ਆਪਣਾ ਸਕੂਲ ਖੋਲ੍ਹਣ ਦਾ ਫੈਸਲਾ ਕਰ ਲਿਆ। ਇਕ ਦੋਸਤ ਨਾਲ ਭਾਈਵਾਲੀ ਪਾਈ ਪਰ ਨਵੇਂ ਸਕੂਲ ਵਿਚ ਕੌਣ ਦਾਖਲ ਹੁੰਦਾ ਹੈ, ਘਾਟਾ ਪੈਣ ਲੱਗਾ, ਦੋਸਤ ਹਿੱਸੇਦਾਰੀ ਕੱਢ ਕੇ ਚਲਾ ਗਿਆ। ਦੋ ਕਮਰਿਆਂ ਦਾ ਘਰ ਸੀ, ਇਕ ਪਰਿਵਾਰ ਵਾਸਤੇ ਦੂਜਾ ਮਹਿਮਾਨਾ ਵਾਸਤੇ, ਵਿਹੜੇ ਵਿਚਲੇ ਚੁਲ੍ਹੇ ਤੇ ਰੋਟੀ ਪਕਦੀ, ਸਕੂਲ ਦਾ ਗੁਸਲਖਾਨਾ ਵਰਤਿਆ ਜਾਂਦਾ।

ਮਲਾਲਾ ਤੋਂ ਬਾਦ ਦੋ ਭਰਾ ਹੋਏ ਇਕ ਦਾ ਨਾਮ ਖੁਸ਼ਹਾਲ ਦੂਜੇ ਦਾ ਅਟਲ। ਖੁਸ਼ਹਾਲ ਖਾਨ ਖਟਕ ਪਖਤੂਨ ਯੋਧਾ ਕਵੀ ਵੀ ਸੀ, ਉਸਦੇ ਨਾਮ ਤੇ ਸਕੂਲ ਦਾ ਨਾਮ ਵੀ ਇਹੀ ਰੱਖਿਆ। ਮਾਂ ਦਾ ਨਾਮ ਤੋਰ ਪਿਕਾਈ। ਪਿਤਾ ਵਾਂਗ ਮਲਾਲਾ ਦਾ ਰੰਗ ਕਣਕਵੰਨਾ ਪਰ ਮਾਂ ਲੰਮੀ ਗੋਰੀ ਪਰੀਆਂ ਵਰਗੀ। ਮਲਾਲਾ ਦਾ ਨਿਕਾ ਨਾਮ ਰੱਖਿਆ ਪਿਸ਼ੋ, ਪਿਸ਼ੋ ਮਾਇਨੇ ਬਿੱਲੀ। ਜੁਆਨੀ ਵਿਚ ਜ਼ਿਆਦੀਨ ਨੇ ਆਪਣੀ ਗੋਰੀ ਪਤਨੀ ਨੂੰ ਖੁਦ ਚੁਣਿਆ ਸੀ ਪਰ ਦੇਰ ਤੱਕ ਧੀ ਦੇ ਮਾਪਿਆਂ ਨੇ ਹਾਂ ਨਾ ਕੀਤੀ ਕਿਉਂਕਿ ਕੁੜੀ ਮੁੰਡੇ ਤੋਂ ਕਿਤੇ ਵਧੀਕ ਸੁਹਣੀ ਸੀ। ਜਦ ਦੇਖਿਆ ਕਿ ਕਾਫੀ ਪੜ੍ਹਾਕੂ ਹੈ, ਪਿਕਾਈ ਕੋਰੀ ਅਨਪੜ੍ਹ, ਵਿਆਹ ਕਰ ਦਿੱਤਾ। ਸਾਰੀ ਉਮਰ ਜ਼ਿਆ ਨੇ ਪਤਨੀ ਦੀ ਸਲਾਹ ਨਾਲ ਵੱਡੇ ਫੈਸਲੇ ਲਏ। ਪਖਤੂਨ ਉਸਨੂੰ ਜੋਰੂ ਦਾ ਗੁਲਾਮ ਆਖਦੇ। ਪਿਕਾਈ ਘਰ ਵਿਚ ਪੰਜ ਵਾਰ

www.punjabilibrary.com

ਨਮਾਜ਼ ਪੜ੍ਹਦੀ, ਔਰਤਾਂ ਨੂੰ ਮਸੀਤ ਵਿਚ ਨਮਾਜ਼ ਪੜ੍ਹਨ ਦੀ ਮਨਾਹੀ ਹੈ। ਯੂਸਫਜ਼ਈ ਕਬੀਲੇ ਦਾ ਪਿਛੋਕੜ ਕੰਧਾਰ ਹੈ।

ਪਾਕਿਸਤਾਨ ਦੀ ਹਕੂਮਤ ਵਿਚ ਸਭ ਅੱਛਾ ਤਾਂ ਕਦੀ ਵੀ ਨਹੀਂ ਰਿਹਾ ਪਰ ਜਰਨੈਲ ਜ਼ਿਆਉਲ ਹੱਕ ਨੇ ਜ਼ੁਲਫਕਾਰ ਭੁਟੋ ਨੂੰ ਗ੍ਰਿਫਤਾਰ ਕਰਕੇ ਫਾਂਸੀ ਦੇ ਦਿੱਤੀ ਜਿਸ ਨਾਲ ਲੋਕਤੰਤਰ ਦਾ ਭੋਗ ਪੈ ਗਿਆ। ਆਪਣੇ ਆਪ ਨੂੰ ਦੋਸ਼ ਮੁਕਤ ਕਰਨ ਲਈ ਜ਼ਿਆਉਲ ਹੱਕ ਨੇ ਫੌਜੀ ਰਾਜ ਵਿਚ ਸ਼ਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਪਾਕਿ ਖਾੜਕੂਵਾਦ ਦਾ ਦੌਰ ਇਥੋਂ ਸ਼ੁਰੂ ਹੁੰਦਾ ਹੈ। ਬੁਰਕਾ ਲਾਗੂ ਹੋਇਆ, ਔਰਤਾਂ ਉਪਰ ਪਾਬੰਦੀਆਂ ਆਇਦ ਹੋਈਆਂ ਤੇ ਮੌਲਵੀਆਂ ਦੀ ਚੜ੍ਹਤ ਹੋ ਗਈ। ਮੌਲਵੀ ਆਪਣੇ ਆਪਣੇ ਇਲਾਕੇ ਵਿਚ ਜਗੀਰਦਾਰਾਂ ਵਾਂਗ ਵਿਹਾਰ ਕਰਨ ਲੱਗੇ। ਮਦਰਸੇ ਖੁਲ੍ਹਣ ਲੱਗੇ ਜਿਨ੍ਹਾਂ ਵਿਚ ਸ਼ਰੀਅਤ ਪੜ੍ਹਾਈ ਜਾਣ ਲੱਗੀ ਕਿਉਂਕਿ ਬਾਕੀ ਦੀਆਂ ਪੜ੍ਹਾਈਆਂ ਬੇਕਾਰ ਹਨ। ਇਤਿਹਾਸ ਦੀਆਂ ਪਾਠ ਪੋਥੀਆਂ ਸੋਧੀਆਂ ਗਈਆਂ। ਬੱਚਿਆਂ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਕਿ ਭਾਰਤ ਨਾਲ ਤਿੰਨ ਜੰਗਾਂ ਵਿਚ ਪਾਕਿਸਤਾਨ ਹਾਰ ਗਿਆ ਸੀ।

ਭੁੱਟੋ ਨੂੰ ਫਾਂਸੀ ਦੇਣ ਕਾਰਨ ਅਮਰੀਕਾ ਨੇ ਪਾਕਿਸਤਾਨ ਨੂੰ ਸਹਾਇਤਾ ਦੇਣੀ ਬੰਦ ਕਰ ਦਿੱਤੀ ਸੀ ਪਰ 1979 ਵਿਚ ਰੂਸੀਆਂ ਨੇ ਅਫਗਾਨਿਸਤਾਨ ਉਪਰ ਹਮਲਾ ਕਰ ਦਿੱਤਾ। ਅਮਰੀਕਾ ਚੌਕਸ ਹੋ ਗਿਆ, ਰੂਸ ਨੂੰ ਰੋਕਣਾ ਜਰੂਰੀ ਸੀ ਇਸ ਵਾਸਤੇ ਪਾਕਿਸਤਾਨ ਦੀ ਲੋੜ ਪਈ। ਜ਼ਿਆਂ ਚੰਗਾ ਲੱਗਣ ਲੱਗ ਪਿਆ, ਮਾਇਕ ਅਤੇ ਸੈਨਿਕ ਸਹਾਇਤਾ ਮਿਲਣੀ ਮੁੜ ਸ਼ੁਰੂ ਹੋ ਗਈ। ਰੂਸੀ ਫੌਜਾਂ ਤੋਂ ਬਚਣ ਲਈ ਵੱਡੀ ਗਿਣਤੀ ਵਿਚ ਅਫਗਾਨ, ਪਾਕਿਸਤਾਨ ਵਿਚ ਆਉਣ ਲੱਗੇ, ਜ਼ਿਆ ਨੇ ਸ਼ਰਣ ਦਿੱਤੀ ਤੇ ਅਮਰੀਕਾ ਨੇ ਹਥਿਆਰ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੇ ਹਥਿਆਰ ਚਲਾਉਣ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਮਦਰੱਸਿਆਂ ਵਿਚ ਟ੍ਰੇਨਿੰਗ ਲੈਂਦੇ ਇਨ੍ਹਾਂ ਅਫਗਾਨਾ ਨੂੰ ਮੁਜਾਹਿਦੀਨ ਕਿਹਾ ਗਿਆ। ਮੁਜਾਹਿਦੀਨ ਮਾਇਨੇ ਮਜ੍ਹਬ ਵਾਸਤੇ ਯੁੱਧ ਕਰਨ ਵਾਲਾ। ਇਹ ਮੁਜਾਹਿਦੀਨ ਅਫਗਾਨਿਸਤਾਨ ਅਤੇ ਕਸ਼ਮੀਰ ਵਿਚ ਕੰਮ ਆਉਣੇ ਸਨ।

ਮਰਦ ਦੀ ਆਗਿਆ ਬਗੈਰ ਔਰਤ ਬੈਂਕ ਖਾਤਾ ਨਹੀਂ ਖੋਲ੍ਹ ਸਕਦੀ, ਅਦਾਲਤ ਵਿਚ ਮਰਦ ਮੁਕਾਬਲੇ ਔਰਤ ਦੀ ਰਾਵਾਹੀ ਅੱਧੀ ਰਹਿ ਗਈ। ਬਲਾਤਕਾਰ ਦੀ ਸ਼ਿਕਾਰ ਕੋਈ ਕੁੜੀ ਗਰਭਵਤੀ ਹੋ ਗਈ ਤਾਂ ਬਦਚਲਣੀ ਰੋਕੂ ਕਾਨੂੰਨ ਤਹਿਤ ਜੇਲ੍ਹ ਦੀ ਸਜ਼ਾ ਮਿਲੇਗੀ ਕਿਉਂਕਿ ਉਹ ਆਪਣੇ ਹੱਕ ਵਿਚ ਭੁਗਤਣ ਵਾਲੇ ਚਾਰ ਚਸ਼ਮਦੀਦ ਮਰਦ ਗਵਾਹ ਨਹੀਂ ਭੁਗਤਾ ਸਕੇਗੀ। ਵੱਡੀ ਗਿਣਤੀ ਵਿਚ ਬਦਨਸੀਬ ਕੁੜੀਆਂ ਜੇਲ੍ਹਾਂ ਵਿਚ ਸੜਨ ਲੱਗੀਆਂ।

ਅਮਰੀਕਾ ਰੂਸੀ ਕਮਿਊਨਿਸਟਾਂ ਨੂੰ ਦਬਾਉਣ ਦਾ ਇਛੁੱਕ ਸੀ ਤੇ ਅਰਬ ਦੇਸ ਵੀ ਕਾਫਰਾਂ ਵਿਰੁੱਧ ਪਾਕਿਸਤਾਨ ਦੀ ਮਦਦ ਕਰਨ ਲੱਗੇ, ਜਿੰਨੇ ਡਾਲਰ ਅਮਰੀਕਾ ਦਏਗਾ, ਅਰਬ ਬਰਾਬਰ ਦਏਗਾ। ਅਰਬਾਂ ਨੇ ਤਾਂ ਫੌਜੀ ਜਾਵਨ ਵੀ ਭੇਜਣੇ ਸ਼ੁਰੂ ਕਰ ਦਿੱਤੇ। ਸਊਦੀ ਅਰਬ ਦਾ ਕ੍ਰੋੜਪਤੀ ਇੰਜਨੀਅਰ ਓਸਾਮਾ ਬਿਲ ਲਾਦਿਨ ਉਨ੍ਹਾਂ ਹੀ ਦਿਨਾਂ ਵਿਚ ਜਹਾਦੀ ਵਜੋਂ ਪਾਕਿਸਤਾਨ ਆਇਆ ਸੀ। ਮਦਰੱਸਿਆਂ ਵਿਚ ਅਮਰੀਕਾ ਨੇ ਜਿਹੜੀਆਂ ਪਾਠ ਪੋਥੀਆਂ ਭੇਜੀਆਂ, ਉਨ੍ਹਾਂ ਵਿਚ ਇਹੋ ਜਿਹੇ ਵਾਕ ਹੁੰਦੇ ਸਨ – ਜੇ ਇਕ ਜਹਾਦੀ 15 ਰੂਸੀ ਕਾਫਰਾਂ ਵਿਚੋਂ ਪੰਜ ਮਾਰ ਲੈਂਦਾ ਹੈ ਤਾਂ ਬਾਕੀ ਕਿੰਨੇ ਬਚੇ ? ਜੇ 25 ਕਾਰਤੂਸਾਂ ਵਿਚੋਂ 18 ਚੱਲ ਜਾਣ ਤਾ ਬਾਕੀ ਕਿੰਨੇ ਬਚੇ ? ਅੱਲਾਹ ਦੇ ਨਾਮ ਤੇ ਰੂਸੀ ਕਾਫਰ ਮਾਰਨੇ ਜਰੂਰੀ ਹਨ। ਬਹੁਤ ਸਾਰੇ ਗਰੀਬ ਬੇਰੁਜ਼ਗਾਰ ਜੁਆਨ ਮੁਜਾਹਿਦੀਨ ਬਣ ਗਏ।

ਮਲਾਲਾ ਦਾ ਪਿਤਾ ਉਦੋਂ ਚੜ੍ਹਦੀ ਜਵਾਨੀ ਵਿਚ ਸੀ ਜਦੋਂ ਉਸ ਉਪਰ ਮੁਜਾਹਿਦੀਨਾਂ ਦਾ ਅਸਰ ਹੋਣ ਲੱਗਾ, ਉਸਦਾ ਦਿਲ ਕਰਦਾ ਮੈਂ ਵੀ ਸ਼ਹੀਦ ਹੋਵਾਂ। ਇਤਫਾਕਨ ਆਪਣੇ ਨਾਨਕੇ ਚਲਾ ਗਿਆ। ਮਾਮਾ ਫੈਜ਼ ਮੁਹੰਮਦ ਬਹੁਤ ਸਿਆਣਾ ਬੰਦਾ ਸੀ। ਉਸ ਨੇ ਭਾਣਜੇ ਨੂੰ ਸਾਰੀ ਸਥਿਤੀ ਸਮਝਾਉਂਦਿਆਂ ਕਿਹਾ ਕਿ ਇਥੇ ਕੋਈ ਮੋਮਨ ਕਾਫਰ ਦਾ ਮਸਲਾ ਨਹੀਂ, ਲੜਾਈ ਰੂਸ ਅਤੇ ਅਮਰੀਕਾ ਵਿਚਕਾਰ ਹੈ। ਸਾਡੀ ਸਵਾਤ ਵਾਦੀ ਇਸ ਵਿਚ ਇਉਂ ਮਸਲੀ ਜਾਏਗੀ ਜਿਵੇਂ ਲੜਦੇ

ਹਾਥੀਆਂ ਕਾਰਨ ਘਾਹ ਦਰੜਿਆਂ ਜਾਂਦਾ ਹੈ। ਪਾਕਿਸਤਾਨ ਵਿਚ ਅਮੀਰ ਹੋਰ ਅਮੀਰ ਹੋ ਰਹੇ ਹਨ, ਗਰੀਬ ਹੋਰ ਗਰੀਬ, ਇਸ ਬਿਮਾਰੀ ਦਾ ਇਲਾਜ ਕਰਨਾ ਜਰੂਰੀ ਹੈ।

ਜ਼ਿਆਦੀਨ ਕਾਲਜ ਦਾ ਵਿਦਿਆਰਥੀ ਸੀ ਜਦੋਂ ਜ਼ਿਆਉਲ ਹੱਕ ਦੇ ਹੈਲੀਕਾਪਟਰ ਵਿਚ ਬੰਬ ਧਮਾਕਾ ਹੋਇਆ ਤੇ ਸਾਰੇ ਸਵਾਰ ਉਡ ਗਏ। ਅੰਬਾਂ ਦੀ ਟੋਕਰੀ ਵਿਚ ਕਿਸੇ ਨੇ ਬੰਬ ਰੱਖਿਆ ਸੀ। ਉਸ ਦੀ ਮੌਤ ਪਿਛੋਂ ਚੋਣਾ ਹੋਈਆਂ ਤੇ ਬੇਨਜ਼ੀਰ ਭੁੱਟੋ ਪ੍ਰਧਾਨ ਮੰਤਰੀ ਬਣੀ ਜੋ ਪਾਕਿਸਤਾਨ ਵਿਚ ਪਹਿਲੀ ਔਰਤ ਪ੍ਰਧਾਨ ਮੰਤਰੀ ਹੋਈ। ਉਸ ਵਕਤ ਲੋਕਾਂ ਨੂੰ ਲੱਗਣ ਲੱਗਾ ਕਿ ਪਾਕਿਸਤਾਨ ਦੀ ਕਿਸਮਤ ਸ਼ਾਇਦ ਸੰਵਰ ਜਾਏ।

ਮਲਾਲਾ ਦਾ ਜਨਮ ਹੋਇਆ ਤਾਂ ਸਕੂਲ ਦੀ ਹਾਲਤ ਕੁੱਝ ਸੁਧਰਣ ਲੱਗੀ, 100 ਵਿਦਿਆਰਥੀ ਹੋ ਗਏ ਤੇ ਪੰਜ ਅਧਿਆਪਕ, ਹਰੇਕ ਵਿਦਿਆਰਥੀ ਤੋਂ 100 ਰੁਪਏ ਮਹੀਨਾ ਫੀਸ ਲਈ ਜਾਂਦੀ। ਜ਼ਿਆਦੀਨ ਪ੍ਰਿੰਸੀਪਲ ਸੀ, ਲੇਖਾਕਾਰ ਵੀ, ਸਵੇਰਸਾਰ ਝਾੜੂ ਵੀ ਖੁਦ ਫੇਰਦਾ, ਗੁਸਲਖਾਨੇ ਸਾਫ ਕਰਦਾ। ਕੰਧਾਂ ਨੂੰ ਕਲੀ ਆਪ ਕਰਦਾ। ਬੱਚਿਆਂ ਦੀਆਂ ਖਾਣ ਚੀਜ਼ਾਂ ਵਾਸਤੇ ਅੰਦਰ ਨਿਕੀ ਜਿਹੀ ਦੁਕਾਨ ਖੋਲ੍ਹ ਲਈ।

ਚਾਰ ਸਾਲ ਦੀ ਮਲਾਲਾ ਨੂੰ ਪਹਿਲੀ ਕਲਾਸ ਵਿਚ ਬਿਠਾ ਦਿੱਤਾ, ਸਾਰੀ ਜਮਾਤ ਵਿਚ ਸਭ ਤੋਂ ਛੋਟੀ। ਇਹੀ ਘਰ ਇਹੀ ਸਕੂਲ, ਛੁੱਟੀ ਤੋਂ ਬਾਦ ਖੇਡਣ ਲਈ ਸਕੂਲ ਦਾ ਮੈਦਾਨ। ਸਤੰਬਰ 2001 ਵਿਚ ਖਬਰ ਸੁਣੀ ਕਿ ਖਾੜਕੂਆਂ ਨੇ ਅਮਰੀਕਾ ਦੇ ਦੋ ਤਜਾਰਤੀ ਕੇਂਦਰਾਂ ਵਿਚ ਦੋ ਜਹਾਜ਼ ਮਾਰ ਦਿੱਤੇ ਤੇ ਹਜ਼ਾਰਾਂ ਬੰਦਿਆਂ ਸਮੇਤ ਦੋ ਆਕਾਸ਼ ਛੂੰਹਦੀਆਂ ਇਮਾਰਤਾਂ ਢੇਰ ਹੋ ਗਈਆਂ। ਦੁਨੀਆਂ ਵਿਚ ਸਨੱਟਾ ਛਾ ਗਿਆ।

ਪਖਤੂਨ ਕਬੀਲਿਆਂ ਵਿਚ ਔਰਤ ਦੀ ਦੁਰਦਸ਼ਾ ਹੈ। ਵਿਧਵਾ ਆਪਣੀ ਮਰਜ਼ੀ ਨਾਲ ਦੂਜੀ ਵਾਰ ਵਿਆਹ ਨਹੀਂ ਕਰਵਾਏਗੀ, ਪਿੰਡ ਦੀ ਪੰਚਾਇਤ ਜਿਸ ਨੂੰ ਜਿਰਗਾ ਕਿਹਾ ਜਾਂਦਾ ਹੈ ਇਸ ਦਾ ਫੈਸਲਾ ਕਰੇਗੀ। ਦੋ ਪਰਿਵਾਰਾਂ ਵਿਚ ਕੋਈ ਝਗੜਾ ਨਿਬੇੜਨਾ ਹੈ, ਜਿਰਗਾ ਫੈਸਲਾ ਕਰੇਗੀ ਕਿ ਕਿਉਂਕਿ ਫਲਾਣਾ ਪਰਿਵਾਰ ਕਸੂਰਵਾਰ ਹੈ, ਉਹ ਆਪਣੀ ਧੀ ਦੂਜੀ ਧਿਰ ਦੇ ਮੁੰਡੇ ਨਾਲ ਵਿਆਹ ਦਏ। ਕੁੜੀਆਂ ਨੂੰ ਪੜ੍ਹਾਉਣ ਦਾ ਕੀ ਮਤਲਬ ? ਮਲਾਲਾ ਦੇ ਪਿਤਾ ਨੂੰ ਉਲਾਂਭੇ ਮਿਲਦੇ ਕਿ ਹੁਣ ਵੱਡੀ ਹੋ ਗਈ ਹੈ, ਨੰਗੇ ਮੂੰਹ ਕਿਉਂ ਫਿਰਦੀ ਹੈ ? ਮੁੰਡੇ ਕੁੜੀ ਨੇ ਜੇ ਮਨਮਰਜ਼ੀ ਨਾਲ ਵਿਆਹ ਕਰਵਾ ਲਿਆ, ਜਿਰਗਾ ਮੌਤ ਦਾ ਫਤਵਾ ਸੁਣਾ ਦਏਗੀ। ਇਕ ਔਰਤ ਨੇ ਮਲਾਲਾ ਨੂੰ ਦੱਸਿਆ - ਮੈ ਦਸ ਸਾਲ ਦੀ ਸਾਂ ਜਦੋਂ ਮੇਰੇ ਪਿਉ ਨੇ ਪੈਸੇ ਲੈਕੇ ਮੈਨੂੰ ਬੁੱਢੇ ਨਾਲ ਵਿਆਹ ਦਿੱਤਾ। ਬੁੱਢੇ ਦੇ ਪਹਿਲਾਂ ਵੀ ਘਰ ਔਰਤ ਸੀ, ਬੱਚੇ ਸਨ ਪਰ ਉਸਨੂੰ ਨਵੀਂ ਚਾਹੀਦੀ ਸੀ। ਅੱਬੂ ਨੇ ਮਲਾਲਾ ਨੂੰ ਦੱਸਿਆ ਕਿ ਅਫਗਾਨਿਸਤਾਨ ਵਿਚ ਹਾਲਾਤ ਇਸ ਤੋਂ ਵੀ ਬਦਤਰ ਹਨ, ਉਥੇ ਕੁੜ੍ਹੀਆਂ ਦੀ ਪੜ੍ਹਾਈ ਤੇ ਪਾਬੰਦੀ ਹੈ ਤੇ ਕੁੜੀਆਂ ਦੇ ਸਕੂਲ ਬੰਬਾਂ ਨਾਲ ਉਡਾ ਦਿੱਤੇ ਹਨ। ਜਿਨ੍ਹਾਂ ਕੁੜੀਆਂ ਨੇ ਨਹੁੰਪਾਲਸ਼ ਲਾਈ ਹੁੰਦੀ, ਸੁਰਖੀ ਲਾਈ ਹੁੰਦੀ, ਕੋੜੇ ਖਾਂਦੀਆਂ। ਮਲਾਲਾ ਸ਼ੁਕਰ ਕਰਦੀ ਸਵਾਤ ਵਿਚ ਕੁੜ੍ਹੀਆਂ ਦੇ ਪੜ੍ਹਨ ਉਪਰ ਪਾਂਬਦੀ ਨਹੀਂ। ਅੱਬੂ ਕਿਹਾ ਕਰਦਾ - ਮੇਰੀ ਮਲਾਲਾ ਉਪਰ ਅਹਿਮਕਾਨਾ ਪਾਬੰਦੀਆਂ ਨਹੀਂ ਲੱਗਣਗੀਆਂ। ਇਹ ਆਜ਼ਾਦ ਫਿਜ਼ਾਂ ਵਿਚ ਸਾਹ ਲਏਗੀ।

ਛੋਟੀਆਂ ਕਲਾਸਾਂ ਵਿਚ ਮਲਾਲਾ ਫਸਟ ਆਉਂਦੀ ਪਰ ਚੌਥੀ ਜਮਾਤ ਵਿਚ ਮਲਕਾ ਨਾਮ ਦੀ ਇਕ ਕੁੜੀ ਦਾਖਲ ਹੋ ਗਈ ਜਿਸਨੇ ਪਹਿਲੀ ਪੁਜ਼ੀਸ਼ਨ ਲੈਕੇ ਮਲਾਲਾ ਨੂੰ ਦੂਜੇ ਥਾਂ ਧੱਕ ਦਿੱਤਾ। ਮਲਾਲਾ ਨੇ ਹੋਰ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਕੋਈ ਗਲਤੀ ਕਰਦੀ ਤਾਂ ਅੱਬੂ ਝਿੜਕਣ ਦੀ ਥਾਂ ਕਿਹਾ ਕਰਦਾ - ਕਿਸ ਤੋਂ ਗਲਤੀਆਂ ਨਹੀਂ ਹੁੰਦੀਆਂ ? ਮਹਾਤਮਾ ਗਾਂਧੀ ਦਾ ਵਾਕ ਸੁਣਾਇਆ - ਆਜ਼ਾਦੀ ਹਾਸਲ ਕਰਨ ਦਾ ਕੀ ਹੱਕ ਜੇ ਉਸ ਵਿਚ ਗਲਤੀਆਂ ਕਰਨ ਦੀ ਆਜ਼ਾਦੀ ਨਹੀਂ ? ਜਿਨਾਹ ਦੀਆਂ ਗੱਲਾਂ ਸੁਣਾਉਂਦਾ, ਅਬਰਾਹਮ ਲਿੰਕਨ ਨੇ ਜਿਹੜਾ ਖਤ ਆਪਣੇ ਬੇਟੇ ਦੇ ਸਕੂਲ ਅਧਿਆਪਕ ਨੂੰ ਲਿਖਿਆ ਸੀ, ਉਹ ਪੜ੍ਹ ਕੇ ਸੁਣਾਉਂਦਾ। ਪਖਤੂਨ ਦੀ ਸਹਾਇਤਾ ਕਰ ਦਿਉ ਤਾਂ ਉਹ ਸ਼ੁਕਰਾਨਾ ਨਹੀਂ ਕਰਦਾ, ਮੂੰਹ ਜ਼ਬਾਲੀ ਸ਼ਬਦ ਕਹਿਣ ਦਾ ਕੀ ਅਰਥ ? ਬਦਲੇ ਵਿਚ ਮੈਂ ਵੀ

ਨੇਕੀ ਕਰਾਂਗਾ ਤਦ ਇਹ ਅਹਿਸਾਨ ਉਤਰੇਗਾ। ਜੇ ਪਖਤੂਨ ਨਾਲ ਜ਼ਿਆਦਤੀ ਕਰੋ, ਉਹ ਬਦਲਾ ਲਵੇਗਾ, ਬਦਲਾ ਨਾ ਲਿਆ ਤਾਂ ਬੁਜ਼ਦਿਲ ਮੰਨਿਆਂ ਜਾਏਗਾ। ਇਹ ਗੱਲਾਂ ਚੰਗੀਆਂ ਨੇ ਜਾਂ ਮਾੜੀਆਂ, ਪਖਤੂਨਾ ਵਿਚ ਕਾਇਮ ਹਨ। ਸਵਾਤ ਵਿਚ ਮੁਹਾਵਰਾ ਹੈ - ਪਖਤੂਨੀ ਪੱਥਰ ਪਾਣੀ ਵਿਚ ਗਲਦਾ ਨਹੀਂ। ਪੇਂਡੂ ਘਰਾਂ ਵਿਚ ਉਚੀਆਂ ਮਚਾਨਾਂ ਹਨ ਤਾਂ ਕਿ ਦੁਸ਼ਮਣ ਉਪਰ ਨਜ਼ਰ ਰਹੇ। ਵੀਹ ਤੀਹ ਸਾਲ ਬਾਦ ਵੀ ਬਦਲਾ ਲਿਆ ਜਾ ਸਕਦਾ ਹੈ। ਅਬਦੁਲ ਗਫਾਰ ਖਾਨ ਨੇ ਆਪਣੀ ਨੇਕ ਸ਼ਖਸੀਅਤ ਨਾਲ ਪਖਤੂਨਾ ਨੂੰ ਗੋਲੀਬਾਰੀ ਕਰਨ ਤੋਂ ਰੋਕ ਦਿੱਤਾ ਸੀ। ਉਸਦਾ ਬੜਾ ਆਦਰ ਸੀ, ਉਸਨੂੰ ਸਰਹੱਦੀ ਗਾਂਧੀ ਕਹਿੰਦੇ ਸਨ।

ਬੇਨਜ਼ੀਰ ਤੋਂ ਬਾਦ ਨਵਾਬ ਸ਼ਰੀਫ ਪ੍ਰਧਾਨ ਮੰਤਰੀ ਚੁਣਿਆ ਗਿਆ। ਦੋਵਾਂ ਨੇ ਲਗਾਤਾਰ ਇਕ ਦੂਜੇ ਉਪਰ ਭ੍ਰਿਸ਼ਟ ਹੋਣ ਦੇ ਦੋਸ਼ ਲਾਏ। ਜਨਰਲ ਪ੍ਰਵੇਜ਼ ਮੁਸ਼ੱਰਫ ਦੀਆਂ ਗਤੀਵਿਧੀਆਂ ਸ਼ਰੀਫ ਨੂੰ ਠੀਕ ਨਾ ਲੱਗੀਆਂ, ਉਸਨੇ ਇਸ ਜਰਨੈਲ ਨੂੰ ਜਦੋਂ ਸਸਪੈਂਡ ਕੀਤਾ ਉਦੋਂ ਉਹ ਸ੍ਰੀਲੰਕਾ ਗਿਆ ਹੋਇਆ ਸੀ। ਉਸੇ ਵਕਤ ਵਾਪਸ ਜਹਾਜ਼ ਚੜ੍ਹ ਪਿਆ। ਨਵਾਜ਼ ਸ਼ਰੀਫ ਨੇ ਹੁਕਮ ਦਿੱਤਾ ਕਿ ਕਿਸੇ ਹਵਾਈ ਅੱਡੇ ਉਪਰ ਨਹੀਂ ਉਤਰਨ ਦੇਣਾ, ਰਨਵੇ ਬਲੱਾਕ ਕਰ ਦਿਉ। ਜਹਾਜ਼ ਵਿਚ 200 ਸਵਾਰੀਆਂ ਹੋਰ ਵੀ ਸਨ ਤੇ ਫਿਊਲ ਮੁਕਦਾ ਜਾ ਰਿਹਾ ਸੀ। ਟੈਂਕ ਗਲੀਆਂ ਸੜਕਾਂ ਉਪਰ ਸਰਕਣ ਲੱਗੇ। ਫੌਜ ਨੇ ਆਪਣੇ ਜਰਨੈਲ ਨੂੰ ਸੁਰੱਖਿਅਤ ਉਤਾਰ ਕੇ ਪਾਰਲੀਮੈਂਟ ਤੇ ਕਬਜ਼ਾ ਕਰ ਲਿਆ। ਮੁਸ਼ਰਫ ਨੇ ਸੱਤਾ ਸੰਭਾਲ ਲਈ ਤੇ ਨਵਾਜ਼ ਸ਼ਰੀਫ ਨੂੰ ਗ੍ਰਿਫਤਾਰ ਕਰਕੇ ਅਟਕ ਕਿਲੇ ਵਿਚ ਬੰਦ ਕਰ ਦਿੱਤਾ। ਸ਼ਰੀਫ ਉਪਰ ਦੇਸ ਵਿਰੁੱਧ ਗੱਦਾਰੀ ਦਾ ਦੋਸ਼ ਲਾਕੇ ਢਾਹੇ ਟੰਗਣਾ ਸੀ ਪਰ ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨੇ ਆਪਣੇ ਦੋਸਤ ਨੂੰ ਬਚਾ ਲਿਆ ਤੇ ਦਬਾਉ ਪਾਕੇ ਜਲਾਵਤਨ ਕਰਕੇ ਅਰਬ ਵਿਚ ਮੰਗਵਾ ਲਿਆ। ਪਹਿਲੇ ਭਾਸ਼ਣ ਵਿਚ ਮੁਸ਼ੱਰਫ ਨੇ ਉਹੀ ਗੱਲਾਂ ਦੁਹਰਾਈਆਂ ਜਿਹੜੀਆਂ ਪਹਿਲੇ ਜਰਨੈਲ ਅਤੇ ਪ੍ਰਧਾਨ ਮੰਤਰੀ ਕਰਦੇ ਸਨ - ਮੈਥੋਂ ਪਹਿਲਾ ਹੁਕਮਰਾਨ ਭਰਿਸ਼ਟ ਸੀ, ਮੈਂ ਭਰਿਸ਼ਟਾਚਾਰ ਖਤਮ ਕਰ ਦਿਆਂਗਾ, ਦੇਸ ਵਿਚੋਂ ਲੁੱਟ ਬੰਦ ਕਰ ਦਿਆਂਗਾ, ਵਡੇ ਭੂਮੀਪਤੀਆਂ ਤੋਂ ਜ਼ਮੀਨ ਖੋਹ ਕੇ ਗਰੀਬਾਂ ਵਿਚ ਵੰਡ ਦਿਆਂਗਾ। ਨਾ ਕੁੱਝ ਹੋਣਾ ਸੀ ਨਾ ਹੋਇਆ।

ਦੁਨੀਆਂ ਨੇ ਪਾਕਿਸਤਾਨ ਫਿਰ ਛੇਕ ਦਿੱਤਾ, ਸਭ ਰਿਆਇਤਾਂ ਮੱਦਦਾਂ ਬੰਦ। ਰਹਿੰਦੀ ਖੂੰਹਦੀ ਕਸਰ ਪ੍ਰਮਾਣੂ ਧਮਾਕਿਆਂ ਨੇ ਪੂਰੀ ਕਰ ਦਿੱਤੀ। ਪੱਛਮੀ ਮੁਲਕਾਂ ਨੇ ਕਿਹਾ - ਜਿਹੜਾ ਦੇਸ ਐਟਮੀ ਧਮਾਕੇ ਕਰ ਸਕਦਾ ਹੈ ਉਹ ਗਰੀਬ ਕਿਵੇਂ ਹੋਇਆ, ਉਸਦੀ ਸਹਾਇਤਾ ਕਿਉਂ ਕਰੀਏ ?

ਸਵਾਤ ਵਾਤੀ ਵਿਚ ਪਾਕਿਸਤਾਨ ਵਲੋਂ ਡੀ.ਸੀ. ਭੇਜਿਆ ਜਾਂਦਾ ਜੋ ਮੁੱਖ ਪ੍ਰਸ਼ਾਸਕ ਹੁੰਦਾ। ਉਹ ਵਿਕਾਸ ਦਾ ਕੋਈ ਕੰਮ ਨਾ ਕਰਦਾ, ਉਸਨੂੰ ਸਵਾਤ ਵਿਚ ਕੋਈ ਦਿਲਚਸਪੀ ਨਾ ਹੁੰਦੀ, ਪਤਾ ਲਗਦਾ ਕਿ ਅਪਰਾਧੀਆਂ ਦਾ ਉਸ ਕੋਲ ਆਉਣ ਜਾਣ ਹੈ ਪਰ ਕੋਈ ਕੁਸਕਦਾ ਨਾ। ਡੀ.ਸੀ. ਵਿਰੁੱਧ ਬੋਲਣ ਦਾ ਮਤਲਬ ਪਰਿਵਾਰ ਸਮੇਤ ਸਵਾਤ ਵਾਦੀ ਵਿਚੋਂ ਬਾਹਰ।

ਮਲਾਲਾ ਨੇ ਭਾਸ਼ਣ ਮੁਕਾਬਲਿਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ, ਇਮਤਿਹਾਨਾਂ ਵਾਂਗ ਕਦੀ ਫਸਟ ਆਉਂਦੀ ਕਦੀ ਸੈਕੰਡ। ਨਿੱਕੀਆਂ ਕਲਾਸਾਂ ਵਿਚ ਪੇਪਰ ਰੀਡਿੰਗ ਮੁਕਾਬਲੇ ਹੁੰਦੇ ਵੱਡੀਆਂ ਵਿਚ ਜ਼ਬਾਨੀ।

ਜ਼ਿਆਦੀਨ ਦਾ ਕੰਮ ਚੱਲ ਪਿਆ, ਤਿੰਨ ਸਕੂਲ ਹੋ ਗਏ, ਇਕ ਪ੍ਰਾਇਮਰੀ ਦਾ ਕੋ-ਐਜੂਕੇਸ਼ਨ, ਦੋ ਦਸਵੀਂ ਤੱਕ ਦੇ ਕੁੜੀਆਂ ਮੁੰਡਿਆਂ ਦੇ ਵੱਖਰੇ ਵੱਖਰੇ। ਹਜ਼ਾਰ ਵਿਦਿਆਰਥੀ ਅਤੇ ਸੱਠ ਅਧਿਆਪਕ ਹੋ ਗਏ, ਗਰੀਬ ਬੱਚਿਆਂ ਦੀ ਪੂਰੀ ਫੀਸ ਮਾਫ। ਕੁੱਝ ਅਮੀਰ ਆਪਣੇ ਬੱਚਿਆਂ ਨੂੰ ਇਸ ਸਕੂਲ ਵਿਚੋਂ ਇਸ ਕਰਕੇ ਹਟਾ ਲੈਂਦੇ ਕਿ ਉਨ੍ਹਾਂ ਦੇ ਘਰ ਸਫਾਈ ਕਰਨ ਵਾਲੀ ਦਾ ਬੱਚਾ ਵੀ ਉਸੇ ਥਾਂ ਬੈਠਦਾ ਹੈ ਜਿਥੇ ਉਨ੍ਹਾਂ ਦਾ ਬੱਚਾ। ਜ਼ਿਆਦੀਨ ਨੇ ਪ੍ਰਾਈਵੇਟ ਸਕੂਲਾਂ ਦੇ ਮਾਲਕਾਂ ਦੀ ਐਸੋਸਿਏਸ਼ਨ ਬਣਾ ਲਈ, ਚਾਰ ਸੌ ਸਕੂਲਾਂ ਨੇ ਉਸਨੂੰ ਪ੍ਰਧਾਨ ਚੁਣ ਲਿਆ। ਬੇਸ਼ਕ ਫੌਜੀ ਰਾਜ ਸੀ ਤਾਂ ਵੀ ਉਸਦਾ ਸਿਆਸੀ ਰੁਤਬਾ ਚੰਗਾ ਬਣ ਗਿਆ। ਉਹ ਫੌਜ ਦੀ ਆਲੋਚਨਾ ਕਰਨ ਤੋਂ ਹਿਚਕਚਾਂਦਾ ਨਹੀਂ ਸੀ। ਫੌਜੀ ਅਫਸਰ ਉਸਨੂੰ ਲੱਠ ਕਿਹਾ ਕਰਦੇ।

ਅਮਰੀਕਾ ਨੂੰ ਅਲਕਾਇਦਾ ਦੇ ਚੀਫ ਲਾਦਿਨ ਨੇ ਹਿਲਾ ਦਿੱਤਾ ਸੀ। ਹਜ਼ਾਰ ਅਮਰੀਕਣ ਸੈਨਿਕ, ਟੈਂਕ, ਹੈਲੀਕਾਪਟਰ ਤਾਲਿਬਾਨ ਹਕੂਮਤ ਨੂੰ ਡੇਗਣ ਵਾਸਤੇ ਆ ਉਤਰੇ ਸਨ ਜਿਸਨੇ ਕੰਧਾਰ ਵਿਚ ਲਾਦਿਨ ਨੂੰ ਪਨਾਹ ਦਿੱਤੀ ਹੋਈ ਸੀ। ਹੁਣ ਫੇਰ ਪਹਿਲਾਂ ਵਾਂਗ ਪੱਛਮ ਨੂੰ ਮੁਸ਼ਰਫ ਦੀ ਲੋੜ ਪੈ ਗਈ। ਇਕ ਮੁਸ਼ਕਿਲ ਆ ਰਹੀ ਸੀ। ਉਨ੍ਹਾਂ ਤਾਲਿਬਾਨ ਨੂੰ ਖਤਮ ਕਰਨਾ ਸੀ ਜਿਨ੍ਹਾਂ ਨੂੰ ਆਈ.ਐਸ.ਆਈ. ਨੇ ਟਰੇਨਿੰਗ ਦਿੱਤੀ ਸੀ ਤੇ ਇਹ ਏਜੰਸੀ ਫੌਜ ਨੂੰ ਵੀ ਕੰਟਰੋਲ ਕਰਦੀ ਸੀ। ਕਰਨਲ ਈਮਾਮ ਨੇ 90 ਹਜ਼ਾਰ ਤਾਲਿਬਾਨ ਨੂੰ ਟਰੇਨਿੰਗ ਦਿੱਤੀ ਸੀ ਤੇ ਤਾਲਿਬਾਨ ਦਾ ਇਕ ਸੈਨਿਕ ਹੇਰਾਤ ਵਿਚ ਅਫਗਾਨਾ ਦਾ ਜਰਨੈਲ ਸੀ। ਅਮਰੀਕਣ ਜਹਾਜ਼ ਪਾਕਿਸਤਾਨ ਦੇ ਹਵਾਈ ਅੱਡਿਆਂ ਤੇ ਉਤਰਦੇ ਚੜ੍ਹਦੇ। ਪਾਕਿਸਤਾਨ ਵਿਚ ਲਾਦਿਨ ਕਈਆਂ ਵਾਸਤੇ ਨਾਇਕ ਸੀ। ਉਸਦੇ ਪੋਸਟਰ ਵਿਕ ਰਹੇ ਸਨ, ਸਫੈਦ ਘੋੜੇ ਤੇ ਸਵਾਰ ਲਾਦਿਨ ਮੁਸਕਰਾ ਰਿਹਾ ਸੀ। ਅਫਵਾਹਾਂ ਦਾ ਹੜ੍ਹ ਸੀ। ਕਈ ਗਰਮ ਮਿਜਾਜ਼ ਬੰਦੇ ਕਹਿ ਰਹੇ ਸਨ ਇਹ ਕਾਰਾ ਯਹੂਦੀਆਂ ਨੇ ਮੁਸਲਮਾਨਾਂ ਨੂੰ ਮਰਵਾਉਣ ਲਈ ਕੀਤਾ। ਜਿਸ ਦਿਨ ਹਮਲਾ ਹੋਇਆ, ਉਸ ਦਿਨ ਕੋਈ ਯਹੂਦੀ ਕੰਮ ਤੇ ਨਹੀਂ ਗਿਆ, ਕੋਈ ਨਹੀਂ ਮਰਿਆ। ਮੁਸਲਮਾਨਾਂ ਦੇ ਨਾਮ ਇਹ ਕਰਤੂਤ ਯਹੂਦੀਆਂ ਨੇ ਲਾਈ ਹੈ। ਹਰ ਕਿਸਮ ਦਾ ਬਕਵਾਸ ਚਲ ਸਕਦਾ ਸੀ।

ਮੁਸ਼ਰਫ ਨੇ ਦਸ ਦਿੱਤਾ ਸੀ ਕਿ ਅਮਰੀਕਾ ਨੇ ਸਾਫ ਕਹਿ ਦਿੱਤਾ ਹੈ - ਜਾਂ ਤੁਸੀਂ ਸਾਡੇ ਨਾਲ ਹੋ ਜਾਂ ਤਾਲਿਬਾਨ ਨਾਲ, ਗੱਲ ਸਾਫ ਕਰੋ। ਜੇ ਤਾਲਿਬਾਨ ਨਾਲ ਹੋ ਤਾਂ ਪਾਕਿਸਤਾਨ ਨੂੰ ਥੇਹ ਕਰ ਦਿਆਂਗੇ। ਦੂਜੇ ਪਾਸੇ ਆਈ.ਐਸ.ਆਈ. ਦੇ ਚੀਫ ਨੇ ਅਮਰੀਕਣ ਰਾਸ਼ਟਰਪਤੀ ਨੂੰ ਕਿਹਾ - ਮੈਨੂੰ ਅਫਗਾਨਿਸਤਾਨ ਜਾਣ ਦਿਉ। ਮੈਂ ਪਾਕਿਸਤਾਨੀ ਖਾੜਕੂਆਂ ਨੂੰ ਕਹਾਂਗਾ ਦੇਸ ਵਾਪਸ ਆ ਜਾਉ ਤੇ ਤਾਲਿਬਾਨ ਨੇਤਾ ਮੁੱਲਾ ਉਮਰ ਨੂੰ ਮਨਾਵਾਂਗਾ ਕਿ ਉਹ ਲਾਦਿਨ ਨੂੰ ਅਮਰੀਕਾ ਦੇ ਹਵਾਲੇ ਕਰ ਦਏ। ਉਹ ਅਫਗਾਨਿਸਤਾਨ ਗਿਆ ਤੇ ਤਾਲਿਬਾਨ ਦੇ ਹੌਸਲੇ ਬੁਲੰਦ ਕਰਕੇ ਆਇਆ - ਕਿ ਪਾਕਿਸਤਾਨ ਵਲੋਂ ਤੁਹਾਨੂੰ ਹਥਿਆਰ ਮਿਲਦੇ ਰਹਿਣਗੇ। ਅਮਰੀਕਣਾਂ ਨੂੰ ਵਾਪਸ ਆਕੇ ਕਹਿ ਦਿੱਤਾ ਕਿ ਉਮਰ ਮੰਨਦਾ ਨਹੀਂ।

ਸਵਾਤ ਦੇ ਕਸਬੇ ਮਾਲਕੰਦ ਵਿਚ ਮੌਲਾਨਾ ਸੂਫੀ ਮੁਹੰਮਦ ਨੇ ਵੱਡਾ ਇਕੱਠ ਕਰਕੇ ਕਿਹਾ - ਸਾਡੇ ਵਡੇਰਿਆਂ ਨੇ ਅੰਗਰੇਜ਼ਾਂ ਦੇ ਦੰਦ ਭੰਨੇ ਸਨ। ਉਹੀ ਅੰਗਰੇਜ਼ ਹੁਣ ਅਮਰੀਕਾ ਵਿਚੋਂ ਆਕੇ ਸਾਡੇ ਭਰਾਵਾਂ ਖਿਲਾਫ ਲੜਦੇ ਹਨ। ਇਨ੍ਹਾਂ ਨਾਲ ਸਿੱਝਣਾ ਪਵੇਗਾ। ਇਹ ਮੌਲਾਨਾ ਰੂਸੀਆਂ ਖਿਲਾਫ ਅਫਗਾਨਿਸਤਾਨ ਵਿਚ ਲੜ ਕੇ ਆਇਆ ਸੀ। ਇਸ ਨੇ ਅਮਰੀਕਣਾਂ ਖਿਲਾਫ ਯੁੱਧ ਦਾ ਫਤਵਾ ਜਾਰੀ ਕਰ ਦਿੱਤਾ। ਸਵਾਤ ਦੇ ਡੀਸੀ ਦਾ ਬਿਆਨ ਆ ਗਿਆ ਕਿ ਜਿਹੜੇ ਪਾਕਿਸਤਾਨੀ ਜੁਆਨ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਮਦਦ ਲਈ ਜਾਣਗੇ ਉਨ੍ਹਾਂ ਨੂੰ ਰੋਕਿਆ ਨਹੀਂ ਜਾਏਗਾ। ਸਵਾਤ ਵਾਦੀ ਦੇ ਬਾਰਾਂ ਹਜ਼ਾਰ ਜੁਆਨ ਅਫਗਾਨਿਸਤਾਨ ਵਿਚ ਚਲੇ ਗਏ। ਬਹੁਤੇ ਕਦੀ ਨਹੀਂ ਪਰਤੇ ; ਮਾਰੇ ਗਏ ਹੋਣਗੇ ਪਰ ਉਨ੍ਹਾਂ ਦੀਆਂ ਵਿਧਵਾਵਾਂ ਦੂਜੀ ਵਾਰ ਵਿਆਹ ਨਹੀਂ ਕਰਵਾ ਸਕਦੀਆਂ ਜਦ ਤਕ ਉਨ੍ਹਾਂ ਦੀ ਮੌਤ ਦਾ ਐਲਾਨ ਨਹੀਂ ਹੁੰਦਾ। ਮੁਸ਼ਰਫ ਡਬਲ ਗੇਮ ਖੇਡ ਰਿਹਾ ਸੀ। ਅਮਰੀਕਣਾਂ ਤੋਂ ਧਨ ਲੈ ਰਿਹਾ ਸੀ ਕਿ ਖਾੜਕੂਆਂ ਨੂੰ ਦਬਾਉਣਾ ਹੈ। ਖਾੜਕੂਆਂ ਨੂੰ ਹੱਲਾ ਸ਼ੇਰੀ ਦੇ ਰਿਹਾ ਸੀ ਕਿ ਲੜੀ ਚਲੋ। ਉਸਨੇ ਇਸਲਾਮਾਬਾਦ ਦੀ ਝੀਲ ਰਾਵਲ ਕਿਨਾਰੇ ਸ਼ਾਨਦਾਰ ਮਹਿਲ ਉਸਾਰਿਆ, ਇਕ ਮਕਾਨ ਲੰਡਨ ਵਿਚ ਖਰੀਦਿਆ। ਜਦੋਂ ਅਮਰੀਕਾ ਘੂਰੀ ਵਟਦਾ ਕਿ ਪਾਕਿਸਤਾਨ ਕੁੱਝ ਨਹੀਂ ਕਰ ਰਿਹਾ, ਮੁਸ਼ਰਫ ਵੱਡੀ ਮੱਛੀ ਫੜ ਲੈਂਦਾ। ਅਮਰੀਕਣ ਟਾਵਰਾਂ ਦੇ ਮਾਸਟਰ ਮਾਈਂਡ ਖਾਲਿਦ ਸ਼ੇਖ ਮੁਹੰਮਦ ਨੂੰ ਫੜ ਲਿਆ ਜਿਹੜਾ ਆਰਮੀ ਚੀਫ ਦੀ ਰਿਹਾਇਸ਼ ਨੇੜੇ ਰਾਵਲ ਪਿੰਡੀ ਵਿਚ ਰਹਿ ਰਿਹਾ ਸੀ।

ਇਕ ਦਿਨ ਮਾਂ ਨੇ ਮਲਾਲਾ ਨੂੰ ਘਰ ਦਾ ਕੂੜਾ ਬਾਹਰ ਢੇਰ ਉਪਰ ਸੁੱਟਣ ਲਈ ਕਿਹਾ। ਮਲਾਲਾ ਨੱਕ ਤੇ ਰੁਮਾਲ ਰੱਖ ਕੇ ਕੂੜੇ ਦੇ ਢੇਰ ਉਪਰ ਗਈ ਤਾਂ ਦੇਖਿਆ ਇਕ ਕੁੜੀ ਤੇ ਦੋ ਮੁੰਡੇ ਢੇਰ ਵਿਚੋਂ ਕੁੱਝ ਲਭ ਰਹੇ ਹਨ। ਕੁੜੀ ਦੇ ਵਾਲ ਲਿਟਾਂ ਬਣਕੇ ਝੂਲ ਰਹੇ ਸਨ, ਜਿਸਮ ਉਪਰ

ਫਿਨਸੀਆਂ ਤੇ ਮੱਖੀਆਂ ਬੈਠੀਆਂ ਸਨ। ਕੱਪੜੇ ਮੈਲੇ ਤੇ ਫਟੇ ਪੁਰਾਣੇ। ਘਰ ਆਕੇ ਅੱਬੂ ਨੂੰ ਕਿਹਾ - ਇਨ੍ਹਾਂ ਦੀ ਫੀਸ ਮਾਫ ਕਰਕੇ ਪੜ੍ਹਾ ਨਹੀਂ ਸਕਦੇ ? ਅਬੂ ਨੇ ਕਿਹਾ - ਜਾਨੀ ਇਨ੍ਹਾਂ ਦੇ ਮਾਪਿਆਂ ਦੀ ਰੋਟੀ ਇਨ੍ਹਾਂ ਸਦਕਾ ਚਲਦੀ ਹੈ, ਇਹ ਸਕੂਲ ਵਿਚ ਆ ਗਏ ਤਾਂ ਭੁਖੇ ਮਰ ਜਾਣਗੇ। ਮਲਾਲਾ ਨੇ ਰੱਬ ਨੂੰ ਖਤ ਲਿਖਿਆ - ਬਖਸ਼ਿੰਦ ਅੱਲਾਹ, ਇਨ੍ਹਾਂ ਬੇਸਹਾਰੇ ਗਰੀਬਾਂ ਦੀ ਕੇਵਲ ਤੂੰ ਮਦਦ ਕਰ ਸਕਦਾ ਹੈ ਤੇ ਕਰੇਂਗਾ। ਆਮੀਨ। ਖਤ ਲਿਖਕੇ ਸੋਚਣ ਲੱਗੀ, ਕਿਵੇਂ ਭੇਜਾਂ ? ਬਾਗ ਵਿਚ ਦੱਬ ਦਿੱਤਾ। ਨਹੀਂ ਇਥੇ ਗਲ ਜਾਵੇਗਾ, ਮੋਮੀ ਕਾਗਜ਼ ਵਿਚ ਲਪੇਟ ਕੇ ਦੱਬ ਦਿੱਤਾ, ਗੱਲ ਨਹੀਂ ਬਣੀ। ਉਹੋ ! ਪਵਿੱਤਰ ਵਸਤਾਂ ਪਾਣੀ ਵਿਚ ਵਹਾਈਦੀਆਂ ਹਨ। ਨਦੀ ਵਿਚ ਵਹਾ ਆਈ। ਹੁਣ ਤਾਂ ਰੱਬ ਤਕ ਪੁਜੇਗਾ ਹੀ ਪੁਜੇਗਾ।

ਖੁਸ਼ਹਾਲ ਸਕੂਲ ਦੀ ਗਲੀ ਦੇ ਪਰਲੇ ਪਾਰ ਗੁਲਾਮ ਮੁੱਲਾ ਦਾ ਮਕਾਨ ਸੀ ਜੋ ਆਪਣੇ ਆਪ ਨੂੰ ਮੁਫਤੀ ਦਸਦਾ ਸੀ। ਮੁਫਤੀ ਮਾਇਨੇ ਇਸਲਾਮਿਕ ਵਿਦਵਾਨ। ਕੋਈ ਬੰਦਾ ਦਾਹੜੀ ਵਧਾ ਕੇ ਪੱਗ ਬੰਨ੍ਹ ਲਏ ਆਪਣੇ ਆਪ ਨੂੰ ਮੁਫਤੀ ਕਹਾਉਣ ਲੱਗ ਜਾਂਦਾ। ਸਕੂਲ ਵਿਚ ਪੜ੍ਹਨ ਜਾਂਦੀਆਂ ਕੁੜੀਆਂ ਆਉਂਦੀਆਂ ਜਾਂਦੀਆਂ ਦੇਖਦਾ, ਘੂਰੀਆਂ ਵਟਦਾ। ਜਿਸ ਔਰਤ ਤੋਂ ਇਹ ਇਮਾਰਤ ਕਿਰਾਏ ਉਪਰ ਲਈ ਸੀ ਉਸ ਨੂੰ ਮੁੱਲਾ ਨੇ ਕਿਹਾ - ਇਥੇ ਤੇਰੀ ਬਿਲਡਿੰਗ ਵਿਚ ਹਰਾਮ ਦਾ ਸਕੂਲ ਚੱਲ ਰਿਹੈ। ਉਸ ਤੋਂ ਖਾਲੀ ਕਰਵਾ ਕੇ ਦੇਹ ਮੈਂ ਮਦਰਸਾ ਚਲਾ ਲਵਾਂਗਾ। ਕਿਰਾਇਆ ਵੀ ਵਧ ਦਿਆਂਗਾ ਤੇ ਤੈਨੂੰ ਅਗਲੇ ਜਹਾਨ ਵਿਚ ਪੁੰਨ ਦਾ ਫਲ ਵੀ ਮਿਲੇਗਾ। ਔਰਤ ਨੇ ਇਨਕਾਰ ਕਰ ਦਿੱਤਾ ਤੇ ਜ਼ਿਆਦੀਨ ਨੂੰ ਦੱਸ ਦਿੱਤਾ ਕਿ ਮੁੱਲਾ ਦੇ ਇਰਾਦੇ ਠੀਕ ਨਹੀਂ। ਜ਼ਿਆਦੀਨ ਨੇ ਕਿਹਾ - ਜਿਨਾਹ ਸਾਨੂੰ ਰੀਅਲ ਐਸਟੇਟ ਤਾਂ ਦੇ ਗਿਆ, ਸਟੇਟ ਕੀ ਹੁੰਦੀ ਹੈ, ਕਿਵੇਂ ਚਲਾਉਣੀ ਹੈ, ਇਸਦਾ ਸਾਨੂੰ ਪਤਾ ਨਹੀਂ ਲੱਗਾ।

ਇਹ ਮੁਫਤੀ ਤਬਲੀਗੀ ਫਿਰਕੇ ਦਾ ਬੰਦਾ ਸੀ ਜਿਸ ਦਾ ਕੇਂਦਰ ਰਾਇਵਿੰਡ ਹੈ। ਹਰ ਸਾਲ ਉਰਸ ਉਤੇ ਉਥੇ ਲੱਖਾਂ ਦਾ ਇਕੱਠ ਹੁੰਦਾ ਹੈ। ਜਰਨੈਲ ਜ਼ਿਆ ਉਲ ਹੱਕ ਉਥੇ ਜਾਇਆ ਕਰਦਾ ਸੀ। ਬਹੁਤ ਸਾਰੇ ਫੌਜੀ ਅਫਸਰ ਅਤੇ ਜੁਆਨ ਹੁਣ ਵੀ ਜਾਂਦੇ ਹਨ। ਇਕ ਦਿਨ ਇਹ ਮੁਫਤੀ ਕੁਝ ਹੋਰ ਬੰਦਿਆਂ ਨੂੰ ਨਾਲ ਲੈਕੇ ਜ਼ਿਆਦੀਨ ਦੇ ਘਰ ਗਿਆ। ਮੁਫਤੀ ਨੇ ਕਿਹਾ - ਅਸੀਂ ਸਮਝਦੇ ਆਂ ਤੁਹਾਡੇ ਵਲੋਂ ਕੁੜੀਆਂ ਦਾ ਸਕੂਲ ਚਲਾਉਣਾ ਹਰਾਮ ਹੈ, ਬਦਕਾਰੀ ਹੈ। ਬੰਦ ਕਰ ਦਿਉ। ਕੁੜੀਆਂ ਵਾਸਤੇ ਪੜ੍ਹਾਈ ਲਿਖਾਈ ਠੀਕ ਨਹੀਂ। ਕੁੜੀਆਂ ਏਨੀਆਂ ਪਵਿਤਰ ਹੁੰਦੀਆਂ ਹਨ ਕਿ ਪਰਦੇ ਵਿਚ ਰਹਿਣ। ਤਾਂ ਹੀ ਤਾਂ ਕੁਰਾਨ ਸ਼ਰੀਫ ਵਿਚ ਕਿਸੇ ਔਰਤ ਦਾ ਨਾਮ ਨਹੀਂ ਲਿਖਿਆ।

ਜ਼ਿਆਦੀਨ ਬੋਲਿਆ - ਪਰ ਕੁਰਾਨ ਵਿਚ ਮਰੀਅਮ ਦਾ ਨਾਮ ਲਿਖਿਆ ਹੋਇਆ ਹੈ। ਕੀ ਉਹ ਨੇਕ ਔਰਤ ਨਹੀਂ ਸੀ ? ਮੁਫਤੀ ਬੋਲਿਆ - ਨਹੀਂ, ਮਰੀਅਮ ਦਾ ਨਾਮ ਇਸ ਕਰਕੇ ਆਇਆ ਹੈ ਕਿ ਦੱਸਣਾ ਸੀ ਯਸੂ ਰੱਬ ਦਾ ਨਹੀਂ, ਮਰੀਅਮ ਦਾ ਪੁੱਤਰ ਸੀ।

- ਜੋ ਵੀ ਹੋਵੇ, ਤੁਸੀਂ ਕਿਹਾ ਸੀ ਔਰਤ ਦਾ ਨਾਮ ਕੁਰਾਨ ਵਿਚ ਨਹੀਂ ; ਮਰੀਅਮ ਦਾ ਨਾਮ ਮੌਜੂਦ ਹੈ।

ਜ਼ਿਆਦੀਨ ਨੇ ਬਾਕੀਆਂ ਨੂੰ ਸੁਣਾ ਕੇ ਕਿਹਾ - ਇਹ ਸ਼ਰੀਫ ਆਦਮੀ ਜਦੋਂ ਮੈਨੂੰ ਕਿਤੇ ਦਿਖਾਈ ਦਿੰਦਾ ਹੈ, ਮੈਂ ਸਲਾਮ ਅਰਜ਼ ਕਰਦਾ ਹਾਂ, ਇਹ ਜਵਾਬ ਕਿਉਂ ਨਹੀਂ ਦਿੰਦਾ ? ਹਦੀਸ ਵਿਚ ਹੁਕਮ ਹੈ ਕਿ ਸਲਾਮ ਦਾ ਖੁਸ਼ੀ ਨਾਲ ਜਵਾਬ ਦਿਉ।

- ਤੁਸੀਂ ਹਰਾਮ ਦਾ ਸਕੂਲ ਚਲਾ ਰਖਿਐ, ਮੈਂ ਸਲਾਮ ਦਾ ਜਵਾਬ ਕਿਉਂ ਦਿਆਂ ? ਇਕ ਬੰਦੇ ਨੇ ਕਿਹਾ - ਸੁਣਿਆ ਸੀ ਤੁਸੀਂ ਕਾਫਰ ਹੋ, ਪਰ ਇਥੇ ਤੁਹਾਡੇ ਕਮਰੇ ਵਿਚ ਤਾਂ ਕੁਰਾਨ ਪਿਐ।

- ਮੈਂ ਮੁਸਲਮਾਨ ਹਾਂ, ਜ਼ਿਆਦੀਨ ਬੋਲਿਆ।

ਮੁਫਤੀ ਨੇ ਦੇਖਿਆ, ਗੱਲ ਮੁੱਦੇ ਤੋਂ ਪਰੇ ਹਟ ਰਹੀ ਹੈ, ਬੋਲਿਆ - ਜਿਸ ਸੜਕ ਉਪਰ ਕੁੜੀਆਂ ਦਾ ਸਕੂਲ ਹੈ, ਉਥੇ ਮਰਦ ਵੀ ਘੁੰਮਦੇ ਫਿਰਦੇ ਹਨ। ਕੁੜੀਆਂ ਦਾ ਉਸ ਗੇਟ ਰਾਹੀਂ ਆਉਣ ਜਾਣ ਵਾਜਬ ਨਹੀਂ।

www.punjabilibrary.com

– ਇਸ ਦਾ ਇਲਾਜ ਮੇਰੇ ਕੋਲ ਹੈ। ਇਕ ਗੇਟ ਦੂਜੇ ਪਾਸੇ ਹੈ, ਇਹ ਗੇਟ ਮੈਂ ਬੰਦ ਕਰਵਾ ਦਿੰਦਾ ਹਾਂ, ਦੂਜੇ ਪਿਛਲੇ ਗੇਟ ਰਾਹੀਂ ਕੁੜੀਆਂ ਆਇਆ ਜਾਇਆ ਕਰਨਗੀਆਂ।

ਜ਼ਿਆਦੀਨ ਹਰ ਮਸਲੇ ਦਾ ਹੱਲ ਕੱਢੀ ਜਾ ਰਿਹਾ ਸੀ, ਸਾਰੇ ਬੰਦੇ ਖੁਸ਼ ਹੋਕੇ ਚਲੇ ਗਏ ਪਰ ਮੁਫਤੀ ਦਾ ਪਾਰਾ ਜਿਉਂ ਦਾ ਤਿਉਂ, ਉਹ ਤਾਂ ਸਕੂਲ ਬੰਦ ਕਰਵਾਉਣ ਆਇਆ ਸੀ। ਜ਼ਿਆਦੀਨ ਨੂੰ ਯਾਦ ਆਇਆ, ਇਸ ਮੁਫਤੀ ਦੀਆਂ ਭਤੀਜੀਆਂ ਇਸ ਸਕੂਲ ਵਿਚ ਪੜ੍ਹਦੀਆਂ ਹਨ। ਉਸਨੇ ਕੁੜੀਆਂ ਦੇ ਪਿਉ ਨੂੰ ਬੁਲਾ ਕੇ ਕਿਹਾ ਕਿ ਆਪਣੇ ਭਰਾ ਨੂੰ ਸਮਝਾ। ਭਰਾ ਨੇ ਕਿਹਾ – ਇਸ ਬੰਦੇ ਨੇ ਸਾਡਾ ਜੀਣਾ ਹਰਾਮ ਕਰ ਰੱਖਿਐ। ਨਿਕਾ ਜਿਹਾ ਘਰ ਹੈ, ਹਰੇਕ ਔਰਤ ਨੂੰ ਹੁਕਮ ਚਾੜ੍ਹ ਰਖਿਐ- ਪਰਦਾ ਕਰੋ। ਬੁਰਕੇ ਪਹਿਨੋ। ਇਹ ਸੁਧਰਨ ਵਾਲਾ ਸ਼ਖਸ ਨਹੀਂ। ਮੈਂ ਆਪਣੀਆਂ ਕੁੜੀਆਂ ਨੂੰ ਇਸ ਤੋਂ ਚੋਰੀ ਸਕੂਲ ਭੇਜਦਾਂ। ਜ਼ਿਆਉਲ ਹੱਕ ਵੇਲੇ ਤੋਂ ਮੌਲਵੀ ਚਾਂਭਲ ਗਏ ਨੇ। ਹੱਕ ਨਾਲੋਂ ਤਾਂ ਮੁਸ਼ਰਫ ਕੁੱਝ ਨਰਮ ਸੀ, ਉਸਨੇ ਪਾਕਿਸਤਾਨ ਨੂੰ ਮਾਡਰਨ ਲੀਹਾਂ ਤੇ ਲਿਆਉਣ ਦੇ ਯਤਨ ਕੀਤੇ। ਟੀਵੀ ਚੈਨਲ ਪ੍ਰਾਈਵੇਟ ਕਰ ਦਿੱਤੇ ਜਿਥੇ ਔਰਤਾਂ ਖਬਰਾਂ ਪੜ੍ਹਨ ਲੱਗੀਆਂ, ਨੱਚਣਾ ਗਾਉਣਾ ਸ਼ੁਰੂ ਹੋਇਆ। ਉਸਨੇ ਔਰਤਾਂ ਵਿਰੁੱਧ ਬਦਕਾਰੀ ਵਾਲਾ ਕੇਸ ਹਟਾ ਦਿੱਤਾ, ਸਟੇਟ ਬੈਂਕ ਦੀ ਗਵਰਨਰ ਔਰਤ ਥਾਪ ਦਿੱਤੀ। ਕਰਾਚੀ ਵਿਚ ਜਿਨਾਹ ਦੇ ਮਕਬਰੇ ਉਪਰ ਸੁਰੱਖਿਆ ਦੀ ਇਕ ਟੁਕੜੀ ਔਰਤਾਂ ਦੀ ਸੀ।

ਪਰ ਮਦਰਸਿਆਂ ਵਿਚ ਤਾਲਿਬਾਨ ਦੀ ਗਿਣਤੀ ਵਧ ਰਹੀ ਸੀ। ਸ਼ਾਂਗਲਾ ਨਗਰ ਦਾ ਹੈਡਮਾਸਟਰ ਫਖਰ ਨਾਲ ਦੱਸ ਰਿਹਾ ਸੀ – ਨੌਵੀਂ ਕਲਾਸ ਦੇ ਮੇਰੇ ਦਸ ਤਾਲਿਬਾਨ (ਵਿਦਿਆਰਥੀ) ਕਸ਼ਮੀਰ ਵਿਚ ਜਹਾਦ ਕਰਨ ਚਲੇ ਗਏ ਨੇ। ਤਾਲਿਬਾਨ ਨੇ ਆਪਣੇ ਇਕ ਪੁਲਸ ਫੋਰਸ ਬਣਾ ਰੱਖੀ ਸੀ ਜਿਹੜੀ ਅਫਗਾਨਾ ਵਾਂਗ ਚੈਕ ਕਰਦੀ ਫਿਰਦੀ ਕਿ ਕੋਈ ਔਰਤ ਬੁਰਕੇ ਤੋਂ ਬਗੈਰ ਤਾਂ ਨਹੀਂ। ਜਿਸ ਮਰਦ ਨਾਲ ਕੋਈ ਔਰਤ ਜਾ ਰਹੀ ਹੈ, ਉਹ ਉਸਦਾ ਨੇੜੇ ਦਾ ਰਿਸ਼ਤੇਦਾਰ ਹੈ ਕਿ ਨਹੀਂ। ਸਿਨੇਮਾ ਹਾਲ ਬੰਬਾਂ ਨਾਲ ਉਡਣ ਲੱਗੇ। ਫਿਲਮਾਂ ਦੇ ਪੋਸਟਰ ਪਾੜੇ ਗਏ ਜਾਂ ਕਾਲਾ ਪੇਂਟ ਕਰ ਦਿੱਤਾ। ਪੈਂਟ ਕਮੀਜ਼ ਪਹਿਨੀ ਫਿਰਦੇ ਮਰਦਾਂ ਦੀ ਬੇਇਜ਼ਤੀ ਕਰਦੇ ਕਿ ਸਲਵਾਰ ਕਮੀਜ਼ ਪਹਿਨੋ।

ਇਕ ਦਿਨ ਸਕੂਲ ਦਾ ਕਲਰਕ ਇਕ ਅਧਿਆਪਕਾ ਨਾਲ ਗੇਟ ਤੋਂ ਬਾਹਰ ਆ ਗਿਆ। ਮੁਫਤੀ ਟੱਕਰ ਪਿਆ, ਕਲਰਕ ਨੂੰ ਕਿਹਾ – ਇਹ ਮਾਸਟਰਨੀ ਤੇਰੀ ਭੈਣ ਹੈ ? ਕਲਰਕ ਨੇ ਨਾਂਹ ਵਿਚ ਸਿਰ ਹਿਲਾਇਆ। – ਫਿਰ ਇਸ ਨਾਲ ਇਕੱਠਿਆਂ ਕਿਉਂ ਤੁਰਿਆ ?

ਜ਼ਿਆਦੀਨ ਆਇਆ, ਮੁਫਤੀ ਸਾਹਮਣੇ ਖਲੋ ਗਿਆ – ਮੌਲਾਨਾ ਤੇਰਾ ਦਿਮਾਗ ਹਿੱਲ ਗਿਐ। ਤੇਰਾ ਖਿਆਲ ਐ ਸਕੂਲ ਗੇਟ ਅੰਦਰ ਲੰਘਣ ਸਾਰ ਅਸੀਂ ਸਾਰੇ ਜਣੇ ਕੱਪੜੇ ਲਾਹ ਦਿੰਨੇ ਆਂ। ਬੱਚਾ ਬੱਚੀ ਇਕੱਠਿਆਂ ਦੇਖ ਕੇ ਤੈਨੂੰ ਲਗਦੈ ਕੋਈ ਕੁਫਰ ਹੋ ਰਿਹੈ। ਤੈਨੂੰ ਹੈਦਰ ਅਲੀ ਡਾਕਟਰ ਕੋਲ ਦਾਖਲ ਹੋਣਾ ਚਾਹੀਦੈ।

ਹੈਦਰ ਅਲੀ ਮਨੋਰੋਗੀਆਂ ਦਾ ਡਾਕਟਰ ਸੀ, ਜਿਸ ਕਿਸੇ ਨੂੰ ਕਹੋ ਹੈਦਰ ਅਲੀ ਕੋਲ ਜਾਹ, ਮਤਲਬ ਹੁੰਦਾ ਤੂੰ ਪਾਗਲ ਹੋ ਗਿਐਂ। ਕੁੱਝ ਦੇਰ ਮੁਫਤੀ ਨੀਵੀ ਪਾਈ ਖਲੋਤਾ ਰਿਹਾ, ਫਿਰ ਆਪਣੀ ਪੱਗ ਉਤਾਰ ਕੇ ਜ਼ਿਆਦੀਨ ਦੇ ਹੱਥਾਂ ਵਿਚ ਰੱਖ ਦਿੱਤੀ ਜਿਸ ਦਾ ਮਤਲਬ ਸੀ ਕਿ ਮੁਫਤੀ ਦੀ ਪੱਗ ਉਤਾਰ ਕੇ ਉਸਨੂੰ ਜ਼ਲੀਲ ਕੀਤਾ ਗਿਆ ਹੈ।

– ਤੇਰਾ ਇਥੇ ਕੁੜੀਆਂ ਦੇ ਸਕੂਲ ਗੇਟ ਉਪਰ ਖਲੋਣ ਦਾ ਕੋਈ ਮਤਲਬ ਨਹੀਂ, ਦਫਾ ਹੋ ਇਥੋਂ, ਜ਼ਿਆਦੀਨ ਗੱਜਿਆ। ਮੁਫਤੀ ਚੁਪ ਚਾਪ ਚਲਾ ਗਿਆ। ਇਥੋਂ ਸੰਗਰਾਮ ਦਾ ਮੁਢ ਬਝਦਾ ਹੈ।

ਅਮਰੀਕਾ ਦੇ ਦਬਾਅ ਕਾਰਨ ਮੁਸ਼ੱਰਫ ਨੂੰ ਅਫਗਾਨ ਬਾਰਡਰ ਤੇ ਤਾਲਿਬਾਨ ਵਿਰੁੱਧ ਫੌਜ ਭੇਜਣੀ ਪਈ ਕਿਉਂਕਿ ਪਾਕਿਸਤਾਨ ਵਾਲੇ ਪਾਸੇ ਤਾਲਿਬਾਨ ਪਨਾਹ ਲੈ ਲੈਂਦੇ ਸਨ। ਸਵਾਤ ਵਲੋਂ ਫਿਰ ਅਫਗਾਨਿਸਤਾਨ ਦਾਖਲ ਹੋਕੇ ਨਾਟੋ ਫੌਜਾਂ ਉਪਰ ਗੁਰੀਲਾ ਹਮਲੇ ਕਰਦੇ। ਯੂਸਫਜ਼ਈ ਕਬੀਲੇ

ਦੇ ਲੋਕ ਅੱਧੇ ਸਵਾਤ ਵਿਚ ਹਨ ਅੱਧੇ ਅਫਗਾਨਿਸਤਾਨ ਵਿਚ। ਅੰਗਰੇਜ਼ਾਂ ਨੇ ਅਫਗਾਨਿਸਤਾਨ ਅਤੇ ਹਿੰਦੁਸਤਾਨ ਵਿਚਕਾਰਲੀ ਸਵਾਤ ਵਾਦੀ ਨੂੰ ਬਫਰ ਜ਼ੋਨ ਐਲਾਨਿਆਂ ਹੋਇਆ ਸੀ, ਉਦੋਂ ਤੋਂ ਇਹ ਥਾਂ ਸਮੱਗਲਿੰਗ ਦਾ ਖੇਤਰ ਹੈ ਜਿਹੜਾ ਧੰਦਾ ਦੇਸ ਵੰਡ ਤੋਂ ਬਾਦ ਵੀ ਉਵੇਂ ਦਾ ਉਵੇਂ ਚੱਲ ਰਿਹਾ ਹੈ।

ਅਮਰੀਕਾ ਨੇ ਜਦੋਂ ਵਜ਼ੀਰਿਸਤਾਨ ਵਿਚ ਫੌਜਾਂ ਉਤਾਰੀਆਂ, ਪਖਤੂਨ ਸਿਵਲੀਅਨਾ ਨੂੰ ਇਉਂ ਲੱਗਾ ਜਿਵੇਂ ਉਨ੍ਹਾਂ ਨੂੰ ਅਫਗਾਨੀ ਪਖਤੂਨ ਭਰਾਵਾਂ ਦਾ ਕਤਲਿਆਮ ਕਰਨ ਲਈ ਕਿਹਾ ਹੋਵੇ। ਅਮਰੀਕਣ ਦਖਲੰਦਾਜ਼ੀ ਦਾ ਕੀ ਮਤਲਬ ? ਪਖਤੂਨ ਕਬਾਇਲੀ, ਹਥਿਆਰਬੰਦ ਤਾਂ ਹਨ ਹੀ, ਉਨ੍ਹਾਂ ਬਗਾਵਤ ਕਰ ਦਿੱਤੀ ਜਿਸ ਦੇ ਫਲਸਰੂਪ ਪਾਕਿਸਤਾਨੀ ਫੌਜੀ ਅਤੇ ਵਾਦੀ ਦੇ ਲੋਕ ਵੱਡੀ ਗਿਣਤੀ ਵਿਚ ਇਕ ਦੂਜੇ ਹੱਥੋਂ ਮਰੇ।

ਪਾਕਿਸਤਾਨੀ ਫੌਜੀ ਬਗਾਵਤ ਤੇ ਉਤਰ ਆਏ। ਸਥਾਨਕ ਖਾੜਕੂ ਲੀਡਰ ਮੁਹੰਮਦ ਨੇ ਕਿਹਾ - ਮੈਂ ਸੁਲਾਹ ਕਰਵਾ ਦਿੰਦਾ ਹਾਂ। ਸੁਲਾਹ ਕਰਵਾਉਣ ਦਾ ਮਤਲਬ ਪੈਸੇ ਲੈਣੇ। ਸਤਾਰਾਂ ਜੂਨ 2004 ਨੂੰ ਵਾਦੀ ਵਿਚ ਅਮਰੀਕਾ ਨੇ ਪਹਿਲਾ ਡਰੋਨ ਹਮਲਾ ਕੀਤਾ। ਡਰੋਨ ਉਹ ਜੈੱਟ ਹੈ ਜਿਸ ਵਿਚ ਪਾਇਲਟ ਨਹੀਂ ਹੁੰਦਾ। ਮੋਬਾਈਲ ਫੋਨ ਰਾਹੀਂ ਨੇਕ ਮੁਹੰਮਦ ਪ੍ਰੈੱਸ ਨੂੰ ਇੰਟਰਵਿਊ ਦੇ ਰਿਹਾ ਸੀ ਕਿ ਉਸ ਉਪਰ ਡਰੋਨ ਡਿੱਗਾ। ਉਹ ਅਤੇ ਨਜ਼ਦੀਕ ਬੈਠੇ ਸਾਰੇ ਬੰਦੇ ਥਾਏਂ ਮਾਰੇ ਗਏ। ਸਵਾਤ ਵਾਦੀ ਸੁੰਨ ਹੋ ਗਈ। ਅਮਰੀਕਾ ਪਾਕਿਸਤਾਨ ਉਪਰ ਸਿਧਾ ਹਮਲੇ ਕਰੇਗਾ, ਕਿਸੇ ਦੇ ਖਾਬੋ ਖਿਆਲ ਵਿਚ ਨਹੀਂ ਸੀ। ਨਤੀਜਾ ਇਹ ਕਿ ਖਾੜਕੂ ਭਰਤੀ ਵਿਚ ਬੇਤਹਾਸ਼ਾ ਵਾਧਾ ਹੋ ਗਿਆ।

ਅਮਰੀਕਣਾ ਨੇ ਕਿਹਾ ਕਿ ਲਾਦਿਨ ਦਾ ਡਿਪਟੀ ਅਲ ਜਵਾਹਰੀ ਅਪਣੀ ਪਤਨੀ ਸਣੇ ਬਜੌਰ ਸ਼ਹਿਰ ਵਿਚ ਛੁਪਿਆ ਬੈਠਾ ਹੈ। ਜਨਵਰੀ 2006 ਵਿਚ ਦੂਜਾ ਡਰੋਨ ਹੱਲਾ ਹੋਇਆ, ਨਿਸ਼ਾਨਾ ਚੁੱਕ ਗਿਆ ਤੇ ਬੰਬ ਦਮਦੋਲਾ ਪਿੰਡ ਆ ਡਿਗਾ। ਤਿੰਨ ਘਰ ਅਤੇ ਅਠਾਰਾਂ ਬੰਦੇ ਮੌਤ ਦੇ ਮੂੰਹ ਜਾ ਡਿਗੇ। ਅਮਰੀਕਣਾ ਨੇ ਕਿਹਾ - ਨਿਸ਼ਾਨਾ ਠੀਕ ਲੱਗਾ ਪਰ ਕਿਸੇ ਨੇ ਅਲਜਵਾਹਰੀ ਨੂੰ ਸੂਹ ਦੇ ਦਿੱਤੀ ਤੇ ਉਹ ਬਚ ਕੇ ਨਿਕਲ ਗਿਆ। ਤੀਹ ਅਕਤੂਬਰ ਨੂੰ ਡਰੋਨ ਹਮਲਾ ਇਕ ਮਦਰਸੇ ਵਿਚ ਖਾਰ ਪਿੰਡ ਵਿਚ ਹੋਇਆ ਜਿਥੇ 82 ਤਾਲਿਬਾਨ ਮਾਰੇ ਗਏ। ਫਕੀਰ ਮੁਹੰਮਦ, ਜਿਹੜਾ ਇਹ ਮਦਰਸਾ ਚਲਾਉਂਦਾ ਸੀ ਗੱਜਿਆ - ਅਸੀਂ ਹੁਣ ਮਨੁਖੀ ਬੰਬ ਤਿਆਰ ਕਰਕੇ ਪਾਕਿਸਤਾਨੀ ਫੌਜੀਆਂ ਨੂੰ ਮਾਰਾਂਗੇ ਕਿਉਂਕਿ ਉਹ ਅਮਰੀਕਾ ਦੇ ਇਸ਼ਾਰੇ ਤੇ ਆਪਣੇ ਹੀ ਹਮਵਤਨੀਆਂ ਦੇ ਕਤਲ ਕਰ ਰਹੇ ਹਨ।

ਜ਼ਿਆਦੀਨ ਨੇ ਸਿਆਣਿਆਂ ਦੀ ਮੀਟਿੰਗ ਸੱਦ ਕੇ ਕਿਹਾ - ਆਪਾਂ ਅਮਨ ਦੀ ਅਪੀਲ ਕਰੀਏ। ਜੇ ਖਾੜਕੂਵਾਦ ਉਪਰ ਕਾਬੂ ਨਾ ਪਾਇਆ ਤਾਂ ਵਾਦੀ ਰਾਖ ਹੋ ਜਾਵੇਗੀ। ਸੇਕ ਲੱਗਣਾ ਸ਼ੁਰੂ ਹੋ ਗਿਐ। ਅਗਲੀ ਕਤਾਰ ਵਿਚ ਬੈਠਾ ਇਕ ਸਥਾਨਕ ਲੀਡਰ ਹੱਸ ਕੇ ਕਹਿਣ ਲੱਗਾ - ਸਾਡੀ ਵਾਦੀ ਦਾ ਕੀ ਵਿਗੜਨੈ ? ਜ਼ਿਆਦੀਨ ਨੇ ਕਿਹਾ - ਹਾਸੇ ਮਜ਼ਾਕ ਦੀ ਗੱਲ ਨਹੀਂ, ਪਹਿਲਾਂ ਅਫਗਾਨ ਅਮਰੀਕਾ ਦਾ ਨਿਸ਼ਾਨਾ ਬਣੇ, ਲੱਖਾਂ ਦੀ ਗਿਣਤੀ ਵਿਚ, ਉਨ੍ਹਾਂ ਨੇ ਪਾਕਿਸਤਾਨ ਵਿਚ ਪਨਾਹ ਲਈ। ਹੁਣ ਸਾਡੀ ਵਾਰੀ ਆ ਗਈ ਐ, ਸਾਨੂੰ ਤਾਂ ਕਿਤੇ ਪਨਾਹ ਵੀ ਨਹੀਂ ਮਿਲਣੀ।

8 ਅਕੂਤਬਰ 2005 ਨੂੰ ਤਬਾਹਕੁਨ ਭੂਚਾਲ ਆਇਆ ਜਿਸ ਦੀਆਂ ਕੰਬਣੀਆਂ ਕਾਬਲ ਤੋਂ ਦਿੱਲੀ ਤੱਕ ਪੁੱਜੀਆਂ, 30 ਹਜ਼ਾਰ ਵਰਗ ਕਿਲੋਮੀਟਰ ਧਰਤੀ ਗ੍ਰਿਫਤ ਵਿਚ ਆਈ, 73 ਹਜ਼ਾਰ ਪਾਕਿਸਤਾਨੀ ਜਾਨਾ ਗਈਆਂ ਅਤੇ ਸਵਾ ਲੱਖ ਜ਼ਖਮੀ ਹੋਏ, ਪੈਂਤੀ ਲੱਖ ਲੋਕ ਬੇਘਰੇ ਹੋ ਗਏ, 6400 ਸਕੂਲ ਢੇਰੀ ਹੋਏ ਤੇ ਦਬ ਕੇ 18 ਹਜ਼ਾਰ ਬੱਚਿਆਂ ਦੀ ਮੌਤ ਹੋਈ, ਗਿਆਰਾਂ ਹਜ਼ਾਰ ਬੱਚੇ ਯਤੀਮ ਹੋ ਗਏ ਯਾਨੀ ਕਿ ਖਾੜਕੂ ਸਫਾਂ ਵਿਚ ਹੋਰ ਵਾਧਾ। ਮੌਲਵੀ ਮਸਜਿਦਾਂ ਅਤੇ ਮਦਰਸਿਆਂ ਵਿਚ ਚਿੱਲਾਏ - ਇਹ ਰੱਬ ਦੀ ਦਿੱਤੀ ਸਜ਼ਾ ਹੈ ਕਿਉਂਕਿ ਅਸੀਂ ਸ਼ਰੀਅਤ ਦਾ ਪਾਲਣ ਨਹੀਂ ਕਰਦੇ। ਜੇ ਇਸਲਾਮਿਕ ਕਾਨੂੰਨ ਲਾਗੂ ਨਾ ਕੀਤੇ, ਅੱਲਾਹ ਹੋਰ ਤਬਾਹੀ ਭੇਜੇਗਾ। ਜ਼ਿਆਦੀਨ ਸਮੇਤ ਅਨੇਕ ਸਮਾਜ ਸੇਵੀਆਂ ਨੇ ਰਾਹਤ ਫੰਡ ਇੱਕਠਾ ਕੀਤਾ। ਮਲਾਲਾ ਦਾ ਚਚੇਰਾ ਭਰਾ ਇੰਗਲੈਂਡ ਵਿਚ ਪੜ੍ਹਦਾ ਸੀ। ਉਸਨੇ ਦੱਸਿਆ ਕਿ ਉਥੋਂ ਦੇ ਪਾਕਿਸਤਾਨੀਆਂ ਨੇ ਵੱਡੀ ਰਕਮ ਇਕੱਠੀ ਕਰਕੇ ਭੇਜੀ।

ਪਤਾ ਲੱਗਾ ਕਿ ਇਸ ਧਨ ਦਾ ਵੱਡਾ ਹਿੱਸਾ ਦੁਖੀਆਂ ਦੀ ਮਦਦ ਕਰਨ ਦੀ ਥਾਂ ਜਹਾਜ਼ ਉਡਾਉਣ ਵਾਲੇ ਬੰਬ ਖਰੀਦਣ ਉਪਰ ਖਰਚ ਹੋਇਆ।

ਮਲਾਲਾ ਦਸ ਸਾਲ ਦੀ ਸੀ ਜਦੋਂ ਉਸਨੇ ਪਾਕਿਸਤਾਨੀ ਤਾਲਿਬਾਨ ਸ਼ਰੇਆਮ ਪਬਲਿਕ ਵਿਚ ਤੁਰੇ ਫਿਰਦੇ ਦੇਖੇ। ਲੰਮੇ ਵਾਲ ਪਿਛੇ ਵਲ ਸੁੱਟ ਕੇ ਪੱਗ ਲਪੇਟੀ ਹੋਈ, ਲੰਮੀਆਂ ਦਾਹੜੀਆਂ, ਸਲਵਾਰ ਕਮੀਜ਼ ਉਪਰ ਫੌਜੀ ਕੈਂਮਾਫਲਾਜ ਵਾਂਗ ਗੋਡਿਆਂ ਤੱਕ ਹਰਾ ਖਾਦੀ ਚੋਲਾ, ਪੱਗ ਦੇ ਲੜ ਨਾਲ ਨੱਕ ਪੂੰਝਦੇ, ਹੱਥ ਵਿਚ ਛੁਰਾ ਜਾਂ ਏਕੇ ਸੰਤਾਲੀ ਬੰਦੂਕ, ਕਿਸੇ ਕਿਸੇ ਨੇ ਅੱਖਾਂ ਛੱਡ ਕੇ ਸਾਰਾ ਚਿਹਰਾ ਕੱਜਿਆ ਹੁੰਦਾ। ਗੱਲ ਦੀ ਸਭ ਕੁੱਝ ਡਰਾਉਣਾ ਅਤੇ ਖਤਰਨਾਕ। ਮੱਥਿਆਂ ਉਪਰ ਕਾਲੀ ਪੱਟੀ ਬੰਨ੍ਹੀ ਹੁੰਦੀ ਜਿਸ ਉਪਰ ਲਿਖਿਆ ਹੁੰਦਾ - ਸ਼ਰੀਅਤ ਜਾਂ ਸ਼ਹਾਦਤ। ਬਹੁਤਿਆਂ ਨੇ ਕਾਲੀ ਪੱਗ ਬੰਨ੍ਹੀ ਹੁੰਦੀ ਜਿਸ ਕਰਕੇ ਇਨ੍ਹਾਂ ਦਾ ਨਾਮ ਤੋਰ ਪਟਕੀ ਬਰੀਗੇਡ ਪੈ ਗਿਆ। ਤੋਰ ਮਾਇਨੇ ਕਾਲਾ (ਫਾਰਸੀ ਤਾਰੀਕ ਤੋਂ) ਤੇ ਪਟਕੀ ਮਾਇਨੇ ਪੱਗ।

ਇਨ੍ਹਾਂ ਦਾ ਲੀਡਰ 28 ਸਾਲਾ ਮੌਲਾਨਾ ਫੈਜ਼ੁੱਲਾ ਸੀ। ਇਹ ਲੰਗੜਾ ਮੌਲਾਨਾ ਸਵਾਤ ਦਰਿਆ ਪਾਰ ਕਰਾਉਣ ਵਾਸਤੇ ਕਿਸ਼ਤੀ ਦਾ ਮਲਾਹ ਹੁੰਦਾ ਸੀ। ਲੱਤ ਬਚਪਨ ਵਿਚ ਪੋਲੀਓ ਨੇ ਸੁਕਾ ਦਿੱਤੀ ਸੀ। ਇਹ ਮੌਲਾਨਾ ਸੂਫੀ ਮਹੁੰਮਦ ਦੇ ਮਦਰਸੇ ਵਿਚ ਪੜ੍ਹਿਆ ਸੀ ਤੇ ਮੌਲਾਨੇ ਦੀ ਧੀ ਇਸ ਦੀ ਪਤਨੀ ਬਣੀ। ਜਦੋਂ 2002 ਵਿਚ ਸੂਫੀ ਨੂੰ ਗ੍ਰਿਫਤਾਰ ਕਰ ਲਿਆ, ਇਸ ਨੇ ਉਸਦੀ ਜਥੇਬੰਦੀ ਦੀ ਕਮਾਨ ਸੰਭਾਲ ਲਈ। ਇਸ ਜਥੇਬੰਦੀ ਨੂੰ ਸਵਾਤ ਤਾਲਿਬਾਨ ਕਿਹਾ ਜਾਂਦਾ ਸੀ। ਭੂਚਾਲ ਮਗਰੋਂ ਇਕ ਪਹਾੜੀ ਉਪਰ ਫੈਜ਼ੁੱਲਾ ਨੇ ਗ਼ੈਰ ਕਾਨੂੰਨੀ ਐਫ.ਐਮ. ਰੇਡੀਓ ਸਟੇਸ਼ਨ ਚਲਾ ਲਿਆ। ਲੋਕ ਇਸ ਨੂੰ ਮੁੱਲਾ ਰੇਡੀਓ ਕਹਿੰਦੇ ਸਨ ਤੇ ਫੈਜ਼ੁੱਲਾ ਦਾ ਨਾਮ ਰੇਡੀਓ ਮੁੱਲਾ ਪੈ ਗਿਆ। ਸਵੇਰੇ 7 ਤੋਂ 9 ਤੇ ਸ਼ਾਮੀ 8 ਤੋਂ 10 ਇਕ ਰੇਡੀਓ ਚਲਦਾ। ਸ਼ੁਰੂ ਵਿਚ ਲੋਕਾਂ ਨੂੰ ਉਸਦੀਆਂ ਗੱਲਾਂ ਬੜੀਆਂ ਚੰਗੀਆਂ ਲੱਗੀਆਂ ਕਿਉਂਕਿ ਉਹ ਚੰਗੇ ਮੁਸਲਮਾਨ ਹੋਣ ਦੀ ਪ੍ਰੇਰਣਾ ਦਿੰਦਾ। ਕਿਹਾ ਕਰਦਾ - ਦਾਹੜੀਆਂ ਰੱਖੋ, ਤੰਬਾਕੂ ਨਾ ਪੀਓ ਨਾ ਚਬਾਓ। ਹਰੇਕ ਨਸ਼ਾ ਬੁਰਾ ਹੈ, ਤਿਆਗੋ।

ਫਿਰ ਉਸ ਨਾਲ ਐਨਾਊਂਸਰ ਵਜੋਂ ਉਸਦਾ ਡਿਪਟੀ ਸ਼ਾਹ ਦੌਰਾਨ ਆ ਰਲਿਆ। ਦੌਰਾਨ ਰਿਕਸ਼ਾ ਰੇਹੜੀ ਉਪਰ ਬੱਚਿਆਂ ਲਈ ਖਾਣ ਦੀਆਂ ਚੀਜ਼ਾਂ ਵੇਚਿਆ ਕਰਦਾ ਸੀ। ਇਸ ਦੀ ਆਵਾਜ਼ ਵਿਚ ਕੁੱਝ ਹੁਕਮ ਦੇਣ ਵਰਗਾ ਹੁੰਦਾ, ਤਕਰੀਰ ਵਿਚ ਆਖਦਾ - ਸੰਗੀਤ ਹਰਾਮ ਹੈ, ਨੱਚਣਾ ਗਾਉਣਾ ਨਹੀਂ, ਫਿਲਮਾਂ ਦੇਖਣੀਆਂ ਬੰਦ ਕਰੋ। ਗੱਲ ਨਾ ਮੰਨੀ ਤਾਂ ਰੱਬ ਦਾ ਕਹਿਰ ਟੁੱਟੇਗਾ, ਪਰਲੋਂ ਆਏਗੀ। ਜਿਹੜੇ ਲੋਕ ਸੈਕੁਲਰ ਅਦਾਲਤਾਂ ਤੋਂ ਤੰਗ ਸਨ ਜਿਹੜੀਆਂ ਦਹਾਕਿਆਂ ਤੱਕ ਫੈਸਲੇ ਨਹੀਂ ਸੁਣਾਉਂਦੀਆਂ ਉਨ੍ਹਾਂ ਨੂੰ ਇਹ ਗੱਲਾਂ ਚੰਗੀਆਂ ਲਗਦੀਆਂ ਕਿਉਂਕਿ ਕਬਾਇਲੀ ਫੈਸਲਾ ਤਾਂ ਫਟਾਫਟ ਹੋ ਜਾਂਦਾ ਸੀ।

ਲੋਕਾਂ ਦੇ ਘਰਾਂ ਵਿਚੋਂ ਟੀਵੀ ਸੈਟ ਅਤੇ ਸੀਡੀਜ਼ ਲੋਪ ਹੋਣ ਲੱਗੀਆਂ। ਤਾਲਿਬਾਨ ਗਲੀਆਂ ਵਿਚ ਗਸ਼ਤ ਕਰਦੇ, ਟੀਵੀ ਦੀ ਆਵਾਜ਼ ਸੁਣ ਕੇ ਘੰਟੀ ਖੜਕਾਉਂਦੇ, ਟੀਵੀ ਸੈਟ ਸੜਕ ਤੇ ਪਟਕਾ ਕੇ ਟੁਕੜੇ ਟੁਕੜੇ ਕਰ ਦਿੰਦੇ। ਟੀਵੀ ਅਤੇ ਸੀਡੀਜ਼ ਵੇਚਦੀਆਂ ਦੁਕਾਨਾਂ ਬੰਦ ਹੋ ਗਈਆਂ। ਮੁੱਲਾ ਰੇਡੀਓ ਤੋਂ ਤਾਲਿਬਾਨ ਗੀਤਾਂ ਨੂੰ ਛੱਡ ਕੇ ਬਾਕੀ ਸਾਰਾ ਕੁੱਝ ਹਰਾਮ ਹੋ ਗਿਆ। ਛੇ ਮਹੀਨਿਆਂ ਵਿਚ ਸਾਰੀ ਸਵਾਤ ਵਾਦੀ ਸੁੰਨ ਮਸਾਣ ਬਣ ਗਈ। ਹਾਂ ਦੂਰ ਦੁਰਾਡੇ ਪਿੰਡਾਂ ਦੇ ਲੋਕ ਫੈਜ਼ੁੱਲਾ ਦੇ ਬੰਦਿਆਂ ਨੂੰ ਪਸੰਦ ਕਰਦੇ ਕਿਉਂਕਿ ਭੂਚਾਲ ਪੀੜਤਾਂ ਦੀ ਮਦਦ ਉਸਦੇ ਬੰਦਿਆਂ ਨੇ ਕੀਤੀ ਸੀ, ਸਰਕਾਰ ਤਾਂ ਸੁੱਤੀ ਪਈ ਰਹੀ। ਫੈਜ਼ੁੱਲਾ ਨੇ ਮਸੀਤਾਂ ਵਿਚ ਲਾਊਡ ਸਪੀਕਰ ਲਾਕੇ ਆਪਣਾ ਰੇਡੀਓ ਉਨ੍ਹਾਂ ਵਿਚ ਪ੍ਰਸਾਰਿਤ ਕਰਨਾ ਸ਼ੁਰੂ ਕਰ ਦਿੱਤਾ ਜਿਸ ਵਿਚ ਇਸ ਤਰ੍ਹਾਂ ਦੀਆਂ ਖਬਰਾਂ ਹੁੰਦੀਆਂ - ਫਲਾਣੇ ਪਿੰਡ ਦੇ ਫਲਾਣੇ ਬੰਦੇ ਨੇ ਸਦਾ ਲਈ ਚਰਸ ਛੱਡ ਦਿੱਤੀ ਹੈ। ਫਲਾਣਾ ਵਲਦ ਫਲਾਣਾ ਆਪਣੇ ਆਪ ਖੁਸ਼ੀ ਨਾਲ ਸੀਡੀਆਂ ਦੀ ਦੁਕਾਨ ਬੰਦ ਕਰ ਗਿਆ ਹੈ। ਲੋਕਾਂ ਦੀ ਦਿਲਚਸਪੀ ਵਧੀ ਜਾਂਦੀ। ਉਹ ਸ਼ਰੇਆਮ ਫੌਜ ਦੀ ਖਿੱਲੀ ਉਡਾਉਂਦਾ ਜਿਹੜੀ ਸ਼ਰੀਅਤ ਲਾਗੂ ਕਰਨ ਦੀ ਥਾਂ ਸੁੱਤੀ ਪਈ ਹੈ। ਕਿਹਾ ਕਰਦਾ - ਵਡੇ ਜ਼ਿਮੀਦਾਰਾਂ ਅਤੇ ਫੌਜੀਆਂ ਦੇ ਬਖੀਏ ਉਧੇੜ ਦਿਆਂਗਾ, ਜ਼ਮੀਨ ਦੇ

ਮਾਲਕ ਉਹ ਨੇ ਜਿਹੜੇ ਵਾਹੁੰਦੇ ਨੇ। ਲੋਕਾਂ ਵਿਚ ਉਹ ਰਾਬਿਨਹੁੱਡ ਬਣ ਗਿਆ। ਜ਼ਿਮੀਦਾਰ ਡਰਦੇ ਮਾਰੇ ਵਡੇ ਸ਼ਹਿਰਾਂ ਵਿਚ ਜਾ ਵਸੇ। ਜ਼ਿਆਦੀਨ ਕਿਹਾ ਕਰਦਾ - ਸਰਕਾਰ ਠੀਕ ਨਹੀਂ, ਸਹੀ, ਤਾਲਿਬਾਨ ਉਸ ਤੋਂ ਵਧੀਕ ਮਾੜੇ ਹਨ। ਇਹ ਸਥਾਨਕ ਮੁਸ਼ਕਲਾਂ ਜਲਦੀ ਹੱਲ ਕਰਕੇ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਲੱਗ ਜਾਂਦੇ ਨੇ, ਥੋੜੀ ਦੇਰ ਬਾਦ ਖਤਰਨਾਕ ਅਪਰਾਧੀ ਹੋ ਜਾਂਦੇ ਹਨ। ਤਾਲਿਬਾਨ ਕਦੀ ਕਦਾਈਂ ਚੌਕ ਵਿਚ ਕੱਪੜਿਆਂ ਦੀ ਨੁਮਾਇਸ਼ ਲਾਉਂਦੇ, ਕੱਪੜੇ ਜਿਹੜੇ ਲੁੱਚੀਆਂ ਰੰਨਾ ਤੋਂ ਉਤਰਵਾਏ ਹਨ, ਫਿਰ ਅੱਗ ਲਾ ਦਿੰਦੇ। ਪੇਂਡੂ ਔਰਤਾਂ ਉਸ ਤੋਂ ਏਨੀਆਂ ਪ੍ਰਭਾਵਿਤ ਹੋਈਆਂ ਕਿ ਆਪਣੇ ਲੁਕਾ ਛੁਪਾ ਕੇ ਰੱਖੇ ਪੈਸੇ ਤਾਲਿਬਾਨ ਨੂੰ ਦੇ ਦਿੰਦੀਆਂ, ਆਪਣੇ ਗਹਿਣੇ ਉਤਾਰ ਕੇ ਦੇ ਦਿੰਦੀਆਂ। ਆਖਦੀਆਂ - ਨਮਾਜ਼ ਪੜ੍ਹ ਕੇ ਕੋਈ ਇੱਛਾ ਫੈਜ਼ੁੱਲਾ ਅੱਗੇ ਰੱਖੋ, ਪੂਰੀ ਹੋ ਜਾਂਦੀ ਐ।

ਫੈਜ਼ੁੱਲਾ ਨੇ ਆਪਣੇ ਪਹਾੜੀ ਡੇਰੇ ਉਪਰ ਕਿਲਾ ਉਸਾਰਨਾ ਸ਼ੁਰੂ ਕਰ ਦਿੱਤਾ। ਪਤਾ ਨਹੀਂ ਕਿਥੋਂ ਇਟਾਂ, ਬਜਰੀ, ਲੋਹਾ ਤੇ ਸੀਮਿੰਟ ਆਉਣਾ ਸ਼ੁਰੂ ਹੋ ਗਿਆ। ਲੋਕ ਕਾਰ ਸੇਵਾ ਲਈ ਜਾਣ ਲੱਗੇ, ਪਿੰਡਾਂ ਨੇ ਵਾਰੀਆਂ ਬੰਨ੍ਹ ਲਈਆਂ। ਜ਼ਿਆਦੀਨ ਹਉਕਾ ਲੈਂਦਾ - ਜੇ ਕਿਤੇ ਲੋਕ ਸਕੂਲ, ਹਸਪਤਾਲ, ਸੜਕਾਂ ਉਸਾਰਨ ਲਈ, ਸਫਾਈ ਕਰਨ ਲਈ ਏਨੀ ਹਿੰਮਤ ਦਿਖਾਉਂਦੇ ਤਾਂ ਪਾਕਿਸਤਾਨ ਸੁਰਗ ਹੋ ਜਾਣਾ ਸੀ।

ਇਕ ਦਿਨ ਕੁੱਝ ਮਾਸਟਰ ਜ਼ਿਆਦੀਨ ਕੋਲ ਆ ਕੇ ਕਹਿਣ ਲੱਗੇ - ਅਸੀਂ ਕੁੜੀਆਂ ਨੂੰ ਨਹੀਂ ਪੜ੍ਹਾਉਣਾ। ਇਹ ਕੁਫਰ ਹੈ। ਉਹ ਆਪਣੇ ਆਪ ਅਧਿਆਪਨ ਛੱਡਣ ਲਈ ਤਿਆਰ ਹੋ ਗਏ ਕਿ ਕਿਧਰਿਉਂ ਧਮਕੀ ਮਿਲੀ ਸੀ, ਪਤਾ ਨਹੀਂ। ਜ਼ਿਆਦੀਨ ਨੇ ਕਾਰਨ ਪੁੱਛਿਆ ਤਾਂ ਉਤਰ ਮਿਲਿਆ - ਔਰਤਾਂ, ਕੁੜੀਆਂ ਨੂੰ ਪੜ੍ਹਾਉਣ, ਮਰਦ ਨਹੀਂ। ਜ਼ਿਆਦੀਨ ਨੇ ਕਿਹਾ - ਪਹਿਲੋਂ ਮਰਦ, ਕੁੜੀਆਂ ਨੂੰ ਪੜ੍ਹਾਉਣਗੇ ਤਾਂ ਹੀ ਉਹ ਉਸਤਾਨੀਆਂ ਲੱਗਣਗੀਆਂ, ਸਾਡੀ ਵਾਦੀ ਵਿਚ ਤਾਂ ਸਾਰੀਆਂ ਔਰਤਾਂ ਅਨਪੜ੍ਹ ਨੇ। ਇਨ੍ਹਾਂ ਗੱਲਾਂ ਦਾ ਕੋਈ ਅਸਰ ਨਹੀਂ।

ਜੇਲ੍ਹ ਵਿਚ ਬੰਦੀ ਸੂਫੀ ਮੁਹੰਮਦ ਦਾ ਇਕ ਦਿਨ ਬਿਆਨ ਨਸ਼ਰ ਹੋਇਆ - ਕੁੜੀਆਂ ਦੀ ਪੜ੍ਹਾਈ ਉਪਰ ਮੁਕੰਮਲ ਪਾਬੰਦੀ। ਜਿਥੇ ਲੇਡੀ ਟੀਚਰਜ਼ ਕੁੜੀਆਂ ਨੂੰ ਪੜ੍ਹਾਉਂਦੀਆਂ ਹਨ, ਕੁੜੀਆਂ ਦੇ ਉਹ ਸਕੂਲ ਵੀ ਬੰਦ। ਐਲਾਨ ਵਿਚ ਇਹ ਵਾਕ ਵੀ ਸੀ - ਕੋਈ ਆਕੇ ਸਾਬਤ ਕਰ ਦਏ ਕਿ ਇਸਲਾਮੀ ਇਤਿਹਾਸ ਵਿਚ ਕਿਧਰੇ ਕੁੜੀਆਂ ਦੀ ਪੜ੍ਹਾਈ ਦੇ ਹੱਕ ਵਿਚ ਲਿਖਿਆ ਹੈ, ਉਹ ਮੇਰੀ ਦਾਹੜੀ ਵਿਚ ਪੇਸ਼ਾਬ ਕਰ ਦਏ ਬੇਸ਼ਕ। ਬਸ ਇਸ ਪਿੱਛੋ ਤਾਂ ਫੈਜ਼ੁੱਲਾ ਨੇ ਉਨ੍ਹਾਂ ਧਰਮੀ ਕੁੜੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਨਾਮ ਨਸ਼ਰ ਕਰਨੇ ਸ਼ੁਰੂ ਕਰ ਦਿੱਤੇ ਜਿਹੜੀਆਂ ਖੁਸ਼ੀ ਖੁਸ਼ੀ ਪੜ੍ਹਨੋ ਹਟ ਗਈਆਂ ਸਨ। ਰੇਡੀਓ ਤੋਂ ਬਿਆਨ ਆਉਂਦਾ - ਜਿਹੜੀਆਂ ਕੁੜੀਆਂ ਸਕੂਲ ਨਹੀਂ ਜਾਂਦੀਆਂ, ਸੁਰਗ ਉਨ੍ਹਾਂ ਵਾਸਤੇ ਹੀ ਹੈ। ਜਿਹੜੀਆਂ ਅਜੇ ਵੀ ਪੜ੍ਹਨੋ ਨਹੀਂ ਹਟਦੀਆਂ ਉਹ ਮੱਝਾਂ ਅਤੇ ਭੇਡਾਂ ਹਨ।

ਮਲਾਲਾ ਦੇ ਸਕੂਲ ਵਿਚਲੇ ਉਰਦੂ ਅਤੇ ਗਣਿਤ ਦੇ ਮਾਸਟਰਾਂ ਨੇ ਕਹਿ ਦਿੱਤਾ ਕਿ ਉਹ ਕੁੜੀਆਂ ਨੂੰ ਨਹੀਂ ਪੜ੍ਹਾ ਸਕਦੇ। ਜ਼ਿਆਦੀਨ ਨੇ ਕਿਹਾ - ਠੀਕ ਹੈ, ਨੌਕਰੀ ਤੋਂ ਛੁੱਟੀ। ਸਾਰਾ ਸਟਾਫ ਇਕੱਠਾ ਹੋ ਗਿਆ, ਕਿਹਾ - ਸਰ ਇਉਂ ਨਾ ਕਰੋ। ਇਨ੍ਹਾਂ ਨੂੰ ਮੁੰਡਿਆਂ ਦੇ ਸਕੂਲ ਵਿਚ ਭੇਜ ਦਿਉ। ਅਸੀਂ ਆਪੇ ਕੋਈ ਇੰਤਜ਼ਾਮ ਕਰ ਲਾਂਗੇ। ਅੰਗਰੇਜ਼ੀ ਪੜ੍ਹਾਉਣ ਵਾਲੀ ਮੈਡਮ ਨੇ ਕਹਿ ਦਿੱਤਾ ਹੈ, ਉਹ ਉਰਦੂ ਅਤੇ ਮੈਥ ਵੀ ਪੜ੍ਹਾ ਦਏਗੀ।

ਫੈਜ਼ੁੱਲਾ ਦਾ ਬਿਆਨ ਆਇਆ - ਦਾਹੜੀਆਂ ਕੁਤਰਨੀਆਂ ਜਾਂ ਸ਼ੇਵ ਕਰਨ ਦੀ ਮਨਾਹੀ ਹੈ। ਨਾਈਆਂ ਦਾ ਕਾਰੋਬਾਰ ਠੱਪ ਹੋ ਗਿਆ। ਫਿਰ ਬਿਊਟੀ ਪਾਰਲਰ ਬੰਦ ਕਰਨ ਦਾ ਹੁਕਮ ਆ ਗਿਆ, ਇਹ ਵੀ ਬੰਦ। ਫੈਜ਼ੁੱਲਾ ਨੇ ਦਰਬਾਰ ਲਾਉਣਾ ਸ਼ੁਰੂ ਕਰ ਦਿੱਤਾ, ਯਾਨੀ ਕਿ ਲੋਕਲ ਕੋਰਟ। ਲੋਕ ਖੁਸ਼ ਹੋਏ ਕਿਉਂਕਿ ਫੈਸਲੇ ਤੁਰੰਤ ਹੋ ਜਾਂਦੇ। ਕੋੜੇ ਮਾਰਨ ਦੀ ਸਜ਼ਾ ਆਮ ਹੋ ਗਈ। ਇਕ ਵੀਡੀਓ ਕਲਿੱਪ ਦੇਖੀ ਗਈ ਜਿਸ ਵਿਚ ਸੋਲਾਂ ਸਤਾਰਾਂ ਸਾਲ ਦੀ ਕੁੜੀ ਦੇ ਕੋੜੇ ਮਾਰੇ ਜਾ ਰਹੇ ਹਨ, ਕੁੜੀ ਚੀਕਾਂ ਮਾਰ ਰਹੀ ਹੈ, ਨਿਰਦੋਸ਼ ਹੋਣ ਦੀ ਫਰਿਆਦ ਕਰ ਰਹੀ ਹੈ। ਹਰੇਕ ਕੋੜੇ ਤੋਂ ਬਾਦ ਤਮਾਸ਼ਬੀਨ ਉਚੀ ਆਵਾਜ਼ ਵਿਚ ਆਖਦੇ ਹਨ - ਅੱਲਾ ਹੂ ਅਕਬਰ। ਹੁਕਮ ਆ ਗਿਆ ਕਿ

ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਣੀਆਂ ਬੰਦ ਕਰੋ, ਅਮਰੀਕਣਾਂ ਨੇ ਇਹ ਦਵਾਈ ਪਾਕਿਸਤਾਨੀਆਂ ਨੂੰ ਨਪੁੰਸਕ ਕਰਨ ਲਈ ਬਣਾਈ ਹੈ। ਯਵਾਤਵਾਦੀ ਵਿਚ ਬੂੰਦਾਂ ਬੰਦ। ਉਸਦਾ ਐਲਾਨ ਛਪਿਆ – ਖ਼ੂਨ ਦਾ ਬਦਲਾ ਖ਼ੂਨ।

ਅਕਤੂਬਰ 2006 ਵਿਚ ਫੈਜ਼ੁੱਲਾ ਦੇ ਭਰਾ ਦੇ ਮਦਰਸੇ ਉਪਰ ਬਜੌਰ ਵਿਖੇ ਡਰੋਨ ਹੱਲਾ ਹੋਇਆ, ਭਰਾ ਅਤੇ ਤਿੰਨ ਭਤੀਜਿਆਂ ਸਣੇ ਅੱਸੀ ਤਾਲਿਬਾਨ ਮਾਰੇ ਗਏ। ਫੈਜ਼ੁੱਲਾ ਨੇ ਬਿਆਨ ਦਾਗਿਆ – ਖ਼ੂਨ ਦਾ ਬਦਲਾ ਖ਼ੂਨ ਲਵਾਂਗਾ। ਐਤਕੀ ਦੀ ਈਦ ਚੁਪਾਏ ਨਹੀਂ, ਦੁਪਾਏ ਹਲਾਲ ਹੋਣਗੇ। ਦਸ ਦਿਨ ਬਾਦ ਮਨੁੱਖੀ ਬੰਬ ਚੱਲਿਆ, ਬਿਆਲੀ ਪਾਕਿਸਤਾਨੀ ਫੌਜੀ ਮਰੇ।

ਜ਼ਿਆਦੀਨ ਪਿੰਡੋਂ ਈਦ ਮਨਾ ਕੇ ਵਾਪਸ ਆਇਆ ਤਾਂ ਸਕੂਲ ਦੇ ਦਰਵਾਜ਼ੇ ਉਪਰ ਟਾਈਪ ਕੀਤਾ ਕਾਗਜ਼ ਚਿਪਕਾਇਆ ਪੜ੍ਹਿਆ – ਤੁਸੀਂ ਜਿਹੜਾ ਸਕੂਲ ਚਲਾ ਰੱਖਿਐ ਇਹ ਪੱਛਮੀ ਤਰਜ਼ ਦਾ ਕਾਫਰ ਵਿਦਿਆਲਾ ਹੈ ਹਜ਼ੂਰ। ਤੁਹਾਡੀਆਂ ਵਿਦਿਆਰਥਣਾਂ ਦਾ ਲਿਬਾਸ ਪੱਛਮੀ ਹੈ। ਬੰਦ ਕਰੋ ਇਹ ਕੁਫਰ ਨਹੀਂ ਤਾਂ ਪਛਤਾਓਗੇ, ਤੁਹਾਡੇ ਬੱਚੇ ਰੋਣਗੇ।

ਜ਼ਿਆਦੀਨ ਨੇ ਤੁਰੰਤ ਕੁੜੀਆਂ ਦੀ ਵਰਦੀ ਸਲਵਾਰ ਕਮੀਜ਼ ਕਰ ਦਿੱਤੀ ਤੇ ਸਿਰਾਂ ਤੇ ਸਕਾਫ ਬੰਨ੍ਹਣ ਲਈ ਕਿਹਾ। ਅਖਬਾਰ ਨੂੰ ਖਤ ਲਿਖਿਆ – ਇਸਲਾਮ ਦੇ ਖੈਰ ਖਵਾਹੋ ਰੱਬ ਦਾ ਵਾਸਤਾ ਮੇਰੀਆਂ ਵਿਦਿਆਰਥਣਾਂ ਦਾ ਨੁਕਸਾਨ ਨਾ ਕਰਨਾ, ਦਿਨ ਵਿਚ ਪੰਜ ਵਾਰ ਉਹ ਉਸੇ ਅੱਲਾਹ ਦੀ ਨਮਾਜ਼ ਪੜ੍ਹਦੀਆਂ ਹਨ ਜਿਹੜਾ ਤੁਹਾਡਾ ਹੈ। ਸ਼ੌਕ ਨਾਲ ਮੇਰਾ ਖ਼ੂਨ ਵਹਾ ਦਿਉ, ਵਿਦਿਆ ਦੇ ਸ਼ੁਕੀਨਾ ਦਾ ਵਾਲ ਵਿੰਗਾ ਨਾ ਹੋਵੇ। ਬੜੇ ਲੋਕਾਂ ਨੇ ਇਸ ਖਤ ਦੀ ਦਾਦ ਦਿੱਤੀ, ਕਿਹਾ – ਤੁਸੀਂ ਖਲੋਤੇ ਪਾਣੀਆਂ ਵਿਚ ਡਲੀ ਸੁੱਟੀ ਹੈ, ਅਸੀਂ ਵੀ ਬੋਲਣ ਦਾ ਹੌਸਲਾ ਕਰਾਂਗੇ।

ਬੁੱਤ, ਪੇਟਿੰਗ, ਸੰਗੀਤ ਖਤਮ। ਸਵਾਤ ਦਾ ਅਜ਼ਾਇਬਘਰ ਇਸ ਕਰਕੇ ਬਚ ਸਕਿਆ ਕਿਉਂਕਿ ਇਸਲਾਮਾਬਾਦ ਸ਼ਿਫਟ ਕਰ ਦਿੱਤਾ। ਤਾਲਿਬਾਨ ਹਰੇਕ ਪੁਰਾਣੀ ਚੀਜ਼ ਖਤਮ ਕਰੀ ਜਾ ਰਹੇ ਸਨ, ਕੁੱਝ ਨਵਾਂ ਬਣਾਉਣਾ ਉਨ੍ਹਾਂ ਨੂੰ ਆਉਂਦਾ ਨਹੀਂ ਸੀ। ਸੁਹਣੇ ਪਹਾੜਾਂ ਦੀਆਂ ਖਾਣਾ ਵਿਚੋਂ ਹੀਰੇ ਕੱਢ ਕੇ ਉਨ੍ਹਾਂ ਨਾਲ ਹਥਿਆਰ ਖਰੀਦ ਰਹੇ ਸਨ। ਤਾਲਿਬਾਨ ਨੂੰ ਪੈਸੇ ਦੇਕੇ ਜਿੰਨੀ ਮਰਜ਼ੀ ਜੰਗਲੀ ਲੱਕੜ ਕੱਟ ਲਿਜਾਉ। ਪੁਲਸ ਦਖਲ ਦਿੰਦੀ ਤਾਂ ਤਾਲਿਬਾਨ ਹੱਥੋਂ ਫੁੰਡ ਦਿੱਤੀ ਜਾਂਦੀ। ਕਈ ਪੁਲਸ ਮੁਲਾਜ਼ਮਾ ਨੇ ਅਖਬਾਰਾਂ ਵਿਚ ਇਹ ਦੱਸਣ ਲਈ ਇਸ਼ਤਿਹਾਰ ਛਪਵਾਏ ਕਿ ਉਹ ਨੌਕਰੀ ਛੱਡ ਚੁਕੇ ਹਨ।

ਸਵਾਤ ਵਾਦੀ ਉਪਰ ਪੂਰਨ ਫਤਿਹ ਹਾਸਲ ਕਰਕੇ ਫੈਜ਼ੁੱਲਾ ਨੇ ਇਲਾਮਾਬਾਦ ਵਿਚ ਬੁਰਕਾ ਬਰੀਗੇਡ ਭੇਜੇ। ਬੁਰਕਾ ਪਹਿਨੀ ਤਾਲਿਬਾਨ ਕੁੜੀਆਂ ਹੱਥਾਂ ਵਿਚ ਸੋਟੀਆਂ ਫੜੀ ਟੀਵੀ ਅਤੇ ਸੀਡੀ ਦੀਆਂ ਦੁਕਾਨਾਂ ਵਿਚ ਵੜ ਕੇ ਭੰਨ ਤੋੜ ਕਰਦੀਆਂ। ਇਨ੍ਹਾਂ ਦੀਆਂ ਫੋਟੋਆਂ ਅਖਬਾਰਾਂ ਵਿਚ ਛਪਦੀਆਂ। ਇਹ ਕੁੜੀਆਂ ਇਸਲਾਮਾਬਾਦ ਦੀ ਲਾਲ ਮਸੀਤ ਵਿਚ ਚਲਦੇ ਮਦਰਸੇ ਦੀਆਂ ਵਿਦਿਆਰਥਣਾਂ ਸਨ। ਮਸੀਤ ਲਾਲ ਪੱਥਰ ਨਾਲ 1965 ਵਿਚ ਉਸਾਰੀ ਗਈ ਸੀ। ਇਸ ਦੇ ਨੇੜੇ ਪਾਰਲੀਮੈਂਟ ਹਾਊਸ ਅਤੇ ਆਈ.ਐਸ.ਆਈ. ਦਾ ਹੈਡ ਕੁਆਰਟਰ ਹੈ। ਸਿਵਲ ਅਤੇ ਮਿਲਟਰੀ ਦੇ ਬਹੁਤ ਸਾਰੇ ਮੁਲਾਜ਼ਮ ਇਥੇ ਨਮਾਜ਼ ਪੜ੍ਹਨ ਨੂੰ ਪੁੰਨ ਦਾ ਕੰਮ ਸਮਝਦੇ ਹਨ, ਅੰਦਰ ਦੋ ਮਦਰਸੇ ਹਨ, ਇਕ ਕੁੜੀਆਂ ਦਾ ਦੂਜਾ ਮੁੰਡਿਆਂ ਦਾ। ਇਥੋਂ ਪੜ੍ਹੇ ਵਿਦਿਆਰਥੀ (ਤਾਲਿਬਾਨ ਮਾਇਨੇ ਵਿਦਿਆਰਥੀ) ਅਫਗਾਨਿਸਤਾਨ ਅਤੇ ਕਸ਼ਮੀਰ ਵਿਚ ਯੁੱਧ ਲੜਨ ਜਾਂਦੇ ਸਨ। ਅਜੀਜ਼ ਅਤੇ ਰਸ਼ੀਦ ਦੋ ਭਰਾ ਮਦਰਸਾ ਚਲਾ ਰਹੇ ਸਨ, ਆਖਦੇ ਸਨ ਕੰਧਾਰ ਵਿਚ ਉਹ ਲਾਦਿਨ ਨੂੰ ਮਿਲਕੇ ਆਏ ਹਨ। ਇਨ੍ਹਾਂ ਦੀ ਆਪਣੀ ਵੈਬਸਾਈਟ ਸੀ ਤੇ ਫੈਜ਼ੁੱਲਾ ਵਾਂਗ ਆਪਣਾ ਐਫ.ਐਮ. ਰੇਡੀਓ। ਵੱਡੇ ਭਰਾ ਅਜੀਜ਼ ਦੀ ਬੀਵੀ ਕੁੜੀਆਂ ਦਾ ਮਦਰਸਾ ਚਲਾਉਂਦੀ ਤੇ ਕਿਹਾ ਕਰਦੀ, ਉਸਨੇ ਕਈ ਕੁੜੀਆਂ ਮਨੁੱਖੀ ਬੰਬ ਬਣਨ ਲਈ ਤਿਆਰ ਕਰ ਰਖੀਆਂ ਹਨ। ਮਸਾਜ ਘਰਾਂ ਵਿਚ ਜਾਕੇ ਭੰਨ ਤੋੜ ਕਰਦੀਆਂ ਤੇ ਕੰਮ ਕਰਦੀਆਂ ਔਰਤਾਂ ਨੂੰ ਕੁਟਦੀਆਂ। ਮਸੀਤ ਦੇ ਅੰਦਰ ਇਸਲਾਮੀ ਅਦਾਲਤ ਫਤਵੇ ਸੁਣਾਉਂਦੀ ਰਹਿੰਦੀ।

www.punjabilibrary.com

ਇਉਂ ਲੱਗਣ ਲੱਗਾ ਜਿਵੇਂ ਹੁਣ ਇਹ ਦੇਸ ਦੀ ਰਾਜਧਾਨੀ ਇਸਲਾਮਾਬਾਦ ਨੂੰ ਫਤਿਹ ਕਰਨਗੇ। ਤਿੰਨ ਜੁਲਾਈ 2007 ਨੂੰ ਮੁਸ਼ੱਰਫ ਦੇ ਹੁਕਮ ਨਾਲ ਫੌਜੀ ਕਮਾਂਡੋਆਂ ਨੇ ਟੈਂਕਾਂ ਨਾਲ ਮਸੀਤ ਘੇਰ ਲਈ। ਕੰਧਾਂ ਵਿਚ ਮੋਰੀਆਂ ਕਰਕੇ ਮਾਰਟਰ ਫਾਇਰ ਕੀਤੇ। ਉਪਰ ਹੈਲੀਕਾਪਟਰ ਅੰਦਰਲੀ ਹਾਲਤ ਦਾ ਜਾਇਜ਼ਾ ਲੈਂਦੇ ਰਹੇ। ਲਾਊਡ ਸਪੀਕਰ ਉਪਰ ਕੁੜੀਆਂ ਨੂੰ ਬਾਹਰ ਆਉਣ ਲਈ ਕਿਹਾ ਗਿਆ। ਅੰਦਰ ਪੱਕੇ ਬੰਕਰ ਵੀ ਸਨ, ਰੇਤ ਦੀਆਂ ਬੋਰੀਆਂ ਭਰ ਕੇ ਵੀ ਮੋਰਚੇ ਬੰਨ੍ਹੇ ਹੋਏ ਸਨ। ਕੁੜੀਆਂ ਦੇ ਦੁਖੀ ਮਾਪਿਆਂ ਨੇ ਆਪਣੀਆਂ ਧੀਆਂ ਨੂੰ ਲਾਊਡ ਸਪੀਕਰਾਂ ਰਾਹੀਂ ਬਾਹਰ ਆਉਣ ਲਈ ਕਿਹਾ, ਕਈਆਂ ਨੇ ਮੋਬਾਈਲ ਫੋਨ ਮਿਲਾਏ। ਕਾਫੀ ਕੁੜੀਆਂ ਨੇ ਕਿਹਾ - ਸਾਨੂੰ ਸਾਡੇ ਅਧਿਆਪਕਾਂ ਨੇ ਦੱਸਿਆ ਹੈ ਕਿ ਸ਼ਹਾਦਤ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ।

ਅਗਲੀ ਸ਼ਾਮ ਕੁੱਝ ਕੁੜੀਆਂ ਬੁਰਕਾ ਪਹਿਨੀ ਬਾਹਰ ਆ ਗਈਆਂ। ਉਨ੍ਹਾਂ ਵਿਚ ਬੁਰਕਾ ਪਹਿਨੀ ਆਪਣੀ ਧੀ ਸਮੇਤ ਅਜੀਜ਼ ਵੀ ਸ਼ਾਮਲ ਸੀ। ਉਸਦੀ ਪਤਨੀ ਅਤੇ ਛੋਟਾ ਭਰਾ ਨਹੀਂ ਨਿਕਲੇ ਤੇ ਅੰਦਰੋਂ ਗੋਲਾਬਾਰੀ ਹੁੰਦੀ ਰਹੀ। ਅੰਦਰਲਿਆਂ ਕੋਲ ਪੈਟਰੋਲ ਨਾਲ ਭਰੀਆਂ ਬੋਤਲਾਂ ਵੀ ਸਨ। ਨੌਂ ਜੁਲਾਈ ਨੂੰ ਮੀਨਾਰ ਉਪਰੋਂ ਗੋਲੀ ਚੱਲੀ, ਸਪੈਸ਼ਲ ਫੋਰਸ ਦਾ ਫੌਜੀ ਕਮਾਂਡਰ ਮਾਰਿਆ ਗਿਆ ਤਾਂ ਫੌਜ ਦਾ ਸਬਰ ਜਾਂਦਾ ਰਿਹਾ। ਫੌਜ ਨੇ ਜਬਰਦਸਤ ਬੰਬਾਰੀ ਕੀਤੀ। ਕਮਾਡੋਆਂ ਨੂੰ ਹਰੇਕ ਕਮਰੇ ਵਿਚੋਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਆਖਰ ਭੋਰੇ ਵਿਚੋਂ ਰਸ਼ੀਦ ਲੱਭ ਗਿਆ, ਥਾਏਂ ਢੇਰੀ ਕਰ ਦਿੱਤਾ। ਦਸ ਜੁਲਾਈ ਦੀ ਰਾਤ ਤੱਕ ਜਦੋਂ ਮੁਕੰਮਲ ਸਫਾਇਆ ਹੋ ਗਿਆ ਤਾਂ ਬੱਚਿਆਂ ਸਮੇਤ ਸੌ ਮੌਤਾਂ ਹੋ ਚੁਕੀਆਂ ਸਨ। ਇਸ ਦਾ ਨਾਮ ਆਪ੍ਰੇਸ਼ਨ ਖਾਮੋਸ਼ੀ ਸੀ।

12 ਜੁਲਾਈ ਨੂੰ ਫੈਜ਼ੁੱਲਾ ਨੇ ਰੇਡੀਓ ਤੋਂ ਐਲਾਨ ਕੀਤਾ - ਲਾਲ ਮਸਜਿਦ ਤੇ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਏਗਾ। ਮੈਂ ਰਸ਼ੀਦ ਦੇ ਕਤਲ ਦਾ ਬਦਲਾ ਲਵਾਂਗਾ। ਪਾਕਿ ਸਰਕਾਰ ਵਿਰੁੱਧ ਇਹ ਮੇਰਾ ਜੰਗੀ ਐਲਾਨ ਹੈ। ਲਾਲ ਮਸਜਿਦ ਦੇ ਨਾਮ ਤੇ ਉਸ ਨੂੰ ਹੋਰ ਨਵੇਂ ਤਾਲਿਬਾਨ ਮਿਲਣ ਲੱਗੇ। ਸਵਾਤ ਵਿਚ ਗਸ਼ਤ ਕਰਦੀ ਇਕ ਫੌਜੀ ਟੁਕੜੀ ਉਪਰ ਹਮਲਾ ਕਰਕੇ ਤੇਰਾਂ ਫੌਜੀ ਮਾਰ ਦਿੱਤੇ।

ਅਮਰੀਕਾ ਨੂੰ ਖਤਰਾ ਦਿੱਸਣ ਲੱਗਾ। ਮੁਸ਼ਰੱਫ ਕਮਜ਼ੋਰ ਪੈ ਰਿਹਾ ਸੀ। ਅਮਰੀਕਾ ਨੇ ਸਿਆਸਤ ਖੇਡੀ, ਬੇਨਜ਼ੀਰ ਦੇਸ ਵਾਪਸ ਜਾਕੇ ਚੋਣਾ ਲੜੇਗੀ ਤੇ ਜਿੱਤੇਗੀ। ਮੁਸ਼ੱਰਫ ਵਰਦੀ ਉਤਾਰ ਕੇ ਸਿਵਲੀਅਨ ਰਾਸ਼ਟਰਪਤੀ ਹੋਵੇਗਾ। ਮੁਸ਼ੱਰਫ, ਬੇਨਜ਼ੀਰ ਅਤੇ ਉਸਦੇ ਖਾਵੰਦ ਜ਼ਰਦਾਰੀ ਵਿਰੁੱਧ ਦਰਜ ਹੋਏ ਕੁਰੱਪਸ਼ਨ ਦੇ ਕੇਸ ਵਾਪਸ ਲਵੇਗਾ। ਕੁੜੀਆਂ ਖੁਸ਼ ਹੋਈਆਂ, ਲੋਕਤੰਤਰ ਆਏਗਾ ਤੇ ਉਨ੍ਹਾਂ ਨੂੰ ਵੀ ਬੇਨਜ਼ੀਰ ਕਾਰਨ ਤਰੱਕੀ ਕਰਨ ਦੇ ਬਰਾਬਰ ਮੌਕੇ ਮਿਲਣਗੇ।

18 ਅਕਤੂਬਰ 2007 ਨੂੰ ਨੌ ਸਾਲ ਦੀ ਜਲਾਵਤਨੀ ਕੱਟ ਕੇ ਪਰਤੀ ਬੇਨਜ਼ੀਰ ਨੂੰ ਕਰਾਚੀ ਹਵਾਈ ਅੱਡੇ ਉਤੇ ਉਤਰਦਿਆਂ ਲੋਕਾਂ ਨੇ ਟੀਵੀ ਉਪਰ ਦੇਖਿਆ। ਜਦੋਂ ਉਸ ਨੇ ਪਹਿਲਾ ਕਦਮ ਆਪਣੀ ਧਰਤੀ ਤੇ ਰੱਖਿਆ, ਰੋ ਪਈ। ਖੁੱਲ੍ਹੀ ਛੱਤ ਵਾਲੀ ਬੱਸ ਉਪਰ ਖਲੋਤੀ ਲੰਘੀ ਤਾਂ ਸੜਕਾਂ ਉਤੇ ਲੱਖਾਂ ਲੋਕ ਉਸ ਨੂੰ ਦੇਖਣ ਪੁੱਜੇ ਹੋਏ ਸਨ। ਕਿਸੇ ਨੇ ਖੁਸ਼ੀ ਵਿਚ ਚੀਨੇ ਕਬੂਤਰ ਉਡਾਏ। ਇਕ ਕਬੂਤਰ ਬੇਨਜ਼ੀਰ ਦੇ ਮੋਢੇ ਤੇ ਜਾ ਬੈਠਾ।

ਜਿਸ ਬਸ ਵਿਚ ਬੇਨਜ਼ੀਰ ਲੋਕਾਂ ਦੀਆਂ ਭੀੜਾਂ ਵਿਚੋਂ ਲੰਘ ਰਹੀ ਸੀ, ਉਸ ਵਿਚ ਬੰਬ ਧਮਾਕਾ ਹੋਇਆ, ਪੂਰੀ ਬਸ ਲਾਟਾਂ ਦੇ ਗੋਲੇ ਵਿਚ ਘਿਰ ਗਈ। ਇਤਫਾਕਨ, ਥੱਕੀ ਹੋਣ ਕਾਰਨ ਬੇਨਜ਼ੀਰ ਥੋੜੀ ਦੇਰ ਲਈ ਆਰਾਮ ਕਰਨ ਲਈ ਹੇਠ ਉਤਰ ਆਈ ਸੀ ਤੇ ਕਮਰੇ ਵਿਚ ਲੇਟੀ ਸੀ। ਡੇਢ ਸੌ ਬੰਦੇ ਮਰੇ। ਮ੍ਰਿਤਕ ਉਹ ਵਿਦਿਆਰਥੀ ਜੁਆਨ ਸਨ ਜਿਨਾਂ ਨੇ ਬੇਨਜ਼ੀਰ ਦੁਆਲੇ ਹਿਫਾਜ਼ਤ ਲਈ ਮਨੁੱਖੀ ਸੰਗਲੀ ਬਣਾਈ ਹੋਈ ਸੀ। ਉਨ੍ਹਾਂ ਨੂੰ ਇਸ ਭਾਣੇ ਦਾ ਅੰਦਾਜ਼ਾ ਸੀ ਇਸ ਲਈ ਆਪਣੇ ਗਰੁੱਪ ਨੂੰ ਬੇਨਜ਼ੀਰ ਦੇ ਸ਼ਹੀਦ ਕਿਹਾ ਕਰਦੇ। ਬੇਨਜ਼ੀਰ ਦੇ ਵਿਰੋਧੀਆਂ ਨੂੰ ਵੀ ਸਦਮਾ ਲੱਗਾ।

ਮੁਸ਼ੱਰਫ ਨੇ ਵਾਦੀ ਵਿਚ ਫੌਜ ਭੇਜ ਦਿੱਤੀ। ਕਰਫਿਊ ਲੱਗ ਗਿਆ। ਸਿਵਲ ਅਤੇ ਸਰਕਾਰੀ, ਸਭ ਇਮਾਰਤਾਂ ਵਿਚ ਤਾਲਿਬਾਨ ਸਨ। ਇਕ ਮਨੁੱਖੀ ਬੰਬ ਨੇ ਫੌਜੀ ਟਰੱਕ ਤੇ ਹੱਲਾ ਬੋਲ ਕੇ 17 ਫੌਜੀ ਤੇ 13 ਸਿਵਲੀਅਨ ਮਾਰੇ। ਸੱਤ ਸੌ ਤਾਲਿਬਾਨ ਨੇ ਹਮਲਾ ਕਰਕੇ 48 ਫੌਜੀ ਬੰਦੀ ਬਣਾ ਲਏ, ਹਥਿਆਰ ਖੋਹ ਲਏ, ਵਰਦੀਆਂ ਲੁਹਾ ਕੇ ਪਰੇਡ ਕਰਵਾਈ ਤੇ ਹਰੇਕ ਨੂੰ ਫੈਜ਼ੁੱਲਾ ਨੇ ਪੰਜ ਪੰਜ ਸੌ ਰੁਪਿਆ ਫੜਾਉਂਦਿਆ ਕਿਹਾ - ਜਾਓ, ਆਪੋ ਆਪਣੇ ਘਰੀਂ ਜਾਉ।

ਹਾਲਤ ਖਰਾਬ ਹੁੰਦੀ ਦੇਖ ਕੇ ਦਸ ਹਜ਼ਾਰ ਫੌਜੀ ਦਰਜਣਾ ਹੈਲੀਕਾਪਟਰ ਵਾਦੀ ਵਿਚ ਭੇਜੇ ਗਏ। ਪਾਕਿਸਤਾਨ ਅੰਦਰ ਆਪਣੇ ਨਾਗਰਿਕਾਂ ਵਿਰੁੱਧ ਇਹ ਪਹਿਲਾ ਵੱਡਾ ਫੌਜੀ ਹਮਲਾ ਸੀ। ਇਕ ਵਾਰ ਫੌਜ ਨੇ ਭਾਸ਼ਣ ਕਰਦਾ ਫੈਜ਼ੁੱਲਾ ਘੇਰ ਲਿਆ ਪਰ ਅਚਾਨਕ ਰੇਤ ਭਰੀ ਉਹ ਜਬਰਦਸਤ ਹਨੇਰੀ ਚੱਲੀ ਕਿ ਝਕਾਨੀ ਦੇ ਕੇ ਨਿਕਲ ਗਿਆ। ਲੋਕਾਂ ਲਈ ਇਹ ਕਰਾਮਾਤ ਹੋ ਗਈ। ਲੋਕ ਦਸਦੇ ਹਨ ਕਿ ਚੇਚਨੀਆਂ ਅਤੇ ਉਜ਼ਬੇਕਿਸਿਤਾਨ ਦੇ ਬੰਦੇ ਤਾਲਿਬਾਨ ਵਲੋਂ ਲੜ ਰਹੇ ਸਨ। ਦਸੰਬਰ ਦੇ ਸ਼ੁਰੂ ਵਿਚ ਫੈਜ਼ੁੱਲਾ ਦੇ ਟਿਕਾਣੇ ਇਮਾਮ ਡੇਰੀ ਉਪਰ ਫੌਜ ਦਾ ਕਬਜ਼ਾ ਹੋ ਗਿਆ, ਫੈਜ਼ੁੱਲਾ ਪਹਾੜੀਆਂ ਵਿਚ ਲੋਪ ਹੋ ਗਿਆ। ਇਸ ਸਮੇਂ ਤਾਲਿਬਾਨ ਦੀ ਅੰਦਾਜ਼ਨ ਗਿਣਤੀ 40 ਹਜ਼ਾਰ ਸੀ।

27 ਦਸੰਬਰ ਨੂੰ ਰਾਵਲਪਿੰਡੀ ਦੇ ਲਿਆਕਤ ਬਾਗ ਵਿਚ ਚੋਣ ਜਲਸੇ ਵਿਚ ਬੇਨਜ਼ੀਰ ਭਾਸ਼ਣ ਕਰਨ ਗਈ। ਇਸੇ ਬਾਗ ਵਿਚ ਪਹਿਲਾ ਪ੍ਰਧਾਨ ਮੰਤਰੀ ਲਿਆਕਤ ਅਲੀ ਕਤਲ ਹੋਇਆ ਸੀ। ਭੁੱਟੋ ਨੇ ਕਿਹਾ - ਅਸੀਂ ਅੱਤਵਾਦ ਖਤਮ ਕਰਕੇ ਲੋਕਤੰਤਰ ਰਾਹੀਂ ਸ਼ਾਂਤੀ ਲਿਆਵਾਂਗੇ। ਉਸ ਵਾਸਤੇ ਸਪੈਸ਼ਲ ਬੁੱਲਟ ਪਰੂਫ ਟੋਯੋਟਾ ਲੈਂਡ ਕਰੂਜ਼ਰ ਗੱਡੀ ਬਣਵਾਈ ਗਈ ਸੀ। ਵਾਪਸੀ ਤੇ ਛੱਤ ਉਪਰਲੇ ਮੋਘੇ ਵਿਚੋਂ ਦੀ ਖਲੋਕੇ ਉਸਨੇ ਭੀੜ ਤੋਂ ਵਿਦਾਇਗੀ ਲੈਣ ਲਈ ਹੱਥ ਹਿਲਾਇਆ। ਗੋਲੀਆਂ ਚੱਲਣ ਦੀ ਆਵਾਜ਼ ਆਈ, ਜਬਰਦਸਤ ਮਨੁੱਖੀ ਬੰਬ ਧਮਾਕਾ ਹੋਇਆ। ਸਰਕਾਰ ਨੇ ਦੱਸਿਆ ਛੱਤ ਦਾ ਹੈਂਡਲ ਸਿਰ ਵਿਚ ਵੱਜਿਆ, ਲੋਕਾਂ ਨੇ ਦੱਸਿਆ ਉਸਨੂੰ ਗੋਲੀ ਮਾਰੀ ਗਈ, ਉਸਦੀ ਖੇਡ ਖਤਮ। ਜੇ ਬੇਨਜ਼ੀਰ ਸੁਰੱਖਿਅਤ ਨਹੀਂ, ਤਾਂ ਕੌਣ ਸਰੁੱਖਿਅਤ ਹੈ ?

ਜਿਹੜਾ ਮੌਲਵੀ ਮਲਾਲਾ ਨੂੰ ਕੁਰਾਨ ਦੇ ਅਰਥ ਸਿਖਾਣ ਆਉਂਦਾ ਸੀ, ਉਸ ਨੇ ਕਿਹਾ - ਚੰਗਾ ਹੋਇਆ ਮਾਰੀ ਗਈ। ਉਹ ਮੁਸਲਮਾਨ ਹੈ ਈ ਨੀ ਸੀ। ਰਾਜ ਕਰਨ ਲੱਗ ਜਾਂਦੀ ਤਾਂ ਸ਼ਰਾਅ ਦਾ ਨਾਸ ਮਾਰ ਦੇਣਾ ਸੀ। ਮਲਾਲਾ ਨੇ ਪਿਤਾ ਨੂੰ ਦੱਸਿਆ। ਜ਼ਿਆਦੀਨ ਨੇ ਕਿਹਾ - ਤੂੰ ਕੇਵਲ ਰੱਬ ਦਾ ਕਲਾਮ ਪੜ੍ਹ ਅਤੇ ਅਰਥ ਸਿਖ। ਬੰਦਿਆਂ ਦੀਆਂ ਗੱਲਾਂ ਨਜ਼ਰੰਦਾਜ ਕਰ।

ਕਰਫਿਊ ਦੌਰਾਨ ਰਾਤਾਂ ਨੂੰ ਕੁੜੀਆਂ ਦੇ ਸਕੂਲ ਬੰਬਾਂ ਨਾਲ ਉਡਦੇ ਰਹੇ। ਤਾਲਿਬਾਨ ਏਨੇ ਕੁ ਹਮਦਰਦ ਜਰੂਰ ਸਨ ਕਿ ਦਿਨ ਵੇਲੇ ਪੜ੍ਹਦੀਆਂ ਕੁੜੀਆਂ ਦੇ ਸਕੂਲ ਵਿਚ ਧਮਾਕਾ ਨਾ ਕਰਦੇ। ਪੁਲਸ ਅਫਸਰ ਜਾਵੇਦ ਇਕਬਾਲ ਮਨੁੱਖੀ ਬੰਬ ਨੇ ਮਾਰ ਮੁਕਾਇਆ। ਪੁਲਸ ਨੇ ਸਲਾਮੀ ਦੇਕੇ ਕਬਰ ਵਿਚ ਦਫਨ ਕਰਨਾ ਸੀ। ਕਬਰਿਸਤਾਨ ਵਿਚ ਬੰਬ ਚੱਲ ਗਿਆ, 55 ਬੰਦੇ ਮਾਰੇ ਗਏ ਜਿਨ੍ਹਾਂ ਵਿਚ ਜਾਵੇਦ ਦਾ ਬੇਟਾ ਵੀ ਸੀ।

ਬੱਚਿਆਂ ਨੂੰ ਸਕੂਲ ਵਿਚ ਅੱਤਵਾਦ ਦੇ ਨੁਕਸਾਨ ਬਾਰੇ ਦੱਸਿਆ ਜਾਂਦਾ, ਸਹੀ ਇਸਲਾਮ ਕੀ ਹੈ, ਪੜ੍ਹਾਇਆ ਜਾਂਦਾ, ਨਿੱਕੇ ਨਿੱਕੇ ਭਾਸ਼ਣ ਤਿਆਰ ਕਰਵਾਏ ਜਾਂਦੇ, ਟੀਵੀ ਚੈਨਲਾਂ ਵਾਲੇ ਇੰਟਰਵਿਊਜ਼ ਟੈਲੀਕਾਸਟ ਕਰਦੇ। ਇਸਲਾਮ ਸਾਰੇ ਜਹਾਨ ਦਾ ਭਲਾ ਮੰਗਣ ਵਾਲਾ ਦੀਨ ਹੈ ਪਰ ਤਾਲਿਬਾਨ ਦੇ ਕੰਮਾ ਕਾਰਨ ਦੁਨੀਆਂ ਵਿਚ ਮੁਸਲਮਾਨ ਬਦਨਾਮ ਹੋ ਗਏ ਹਨ ਜਿਵੇਂ ਸਾਰੇ ਈ ਹਿੰਸਕ ਹੋਣ।

ਸੰਗੋਟਾ ਕਾਨਵੈਂਟ ਕੁੜੀਆਂ ਦਾ ਸਕੂਲ ਸੀ, ਇਕ ਹਜ਼ਾਰ ਵਿਦਿਆਰਥਣਾਂ ਤੇ ਐਕਸਲਸੀਅਰ ਵਿਚ ਦੋ ਹਜ਼ਾਰ। ਦੋਵੇਂ ਪੁਰਾਣੇ ਸਥਾਪਤ ਸਕੂਲ ਬੰਬਾਂ ਨਾਲ ਉਡਾ ਦਿੱਤੇ। ਮਲਬੇ ਉਪਰ ਖਲੋਕੇ ਜ਼ਿਆਦੀਨ ਨੇ ਟੀਵੀ ਉਪਰ ਤਾਲਿਬਾਨ ਬੁਲਾਰੇ ਮੁਸਲਿਮ ਖਾਨ ਨਾਲ ਗੱਲ ਕੀਤੀ। ਵਾਇਸ ਆਫ ਅਮਰੀਕਾ ਦੇ ਇਸ ਚੈਨਲ ਨੂੰ ਮੁਸਲਿਮ ਖਾਨ ਫੋਨ ਤੇ ਅਟੈਂਡ ਕਰ ਰਿਹਾ ਸੀ। ਜ਼ਿਆਦੀਨ ਨੇ ਖਾਨ

ਨੂੰ ਪੁੱਛਿਆ - ਕਿਉਂ ਗਿਰਾਏ ਇਹ ਸਕੂਲ ? ਖਾਨ ਨੇ ਕਿਹਾ - ਸੰਗੋਟਾ ਕਾਨਵੈਂਟ ਪੱਛਮੀ ਤਹਿਜ਼ੀਬ ਸਿਖਾ ਕੇ ਕੁੜੀਆਂ ਨੂੰ ਈਸਾਈ ਬਣਾ ਰਿਹਾ ਸੀ ਤੇ ਐਕਸਲਸੀਅਰ ਕੋਐਜੂਕੇਸ਼ਨ ਸਕੂਲ ਸੀ। ਜ਼ਿਆਦੀਨ ਨੇ ਕਿਹਾ - ਤੇਰੀਆਂ ਦੋਵੇਂ ਗੱਲਾਂ ਝੂਠ ਹਨ। ਇਕ ਕੁੜੀ ਦਾ ਨਾਮ ਲੈ ਜਿਹੜੀ ਇਸਲਾਮ ਛੱਡ ਕੇ ਈਸਾਈ ਹੋਈ ਹੋਵੇ, ਮੈਂ ਉਨ੍ਹਾਂ ਕੁੜੀਆਂ ਦੇ ਨਾਮ ਲਵਾਂਗਾ ਜਿਨ੍ਹਾਂ ਨੇ ਇਸਲਾਮ ਧਾਰਨ ਕੀਤਾ। ਮੁਸਲਿਮ ਖਾਨ ਕੋਲ ਕੋਈ ਜਵਾਬ ਨਹੀਂ।

ਖਾੜਕੂ ਬੰਬ ਚਲਾ ਜਾਂਦੇ, ਲੋਕ ਸਕੂਲ ਦਾ ਫਰਨੀਚਰ, ਸਮਾਨ ਲੁੱਟ ਕੇ ਲੈ ਜਾਂਦੇ। ਸਾਲ 2008 ਤੱਕ 400 ਸਕੂਲ ਥੇਹ ਕਰ ਦਿੱਤੇ। ਜ਼ਰਦਾਰੀ ਦੀਆਂ ਧੀਆਂ ਸਵਾਤ ਵਿਚ ਪੜ੍ਹਦੀਆਂ ਹੁੰਦੀਆਂ ਕੀ ਫਿਰ ਵੀ ਸਰਕਾਰ ਖਾਮੋਸ਼ ਰਹਿੰਦੀ ? ਸਾਲ 2008 ਰਮਜ਼ਾਨ ਦੇ ਦਿਨੀ ਤਾਲਿਬਾਨ ਨੇ ਪਹਿਲਾਂ ਪਾਵਰ ਹਾਉਸ ਉਡਾਇਆ ਫਿਰ ਪਾਣੀ ਅਤੇ ਗੈਸ ਦੀ ਪਾਈਪ ਲਾਈਨ। ਸਕੂਲ ਵਿਚ ਜਨਰੇਟਰ ਹੈ ਸੀ ਸੋ ਜ਼ਿਆਦੀਨ ਜਰਨੇਟਰ ਚਲਾ ਕੇ ਪਾਣੀ ਦਾ ਇੰਤਜ਼ਾਮ ਕਰ ਦਿੰਦਾ। ਪਾਣੀ ਭਰਨ ਵਾਲੇ ਲੋਕਾਂ ਦੀਆਂ ਕਤਾਰਾਂ ਲੱਗ ਜਾਂਦੀਆਂ। ਇਕ ਗਵਾਂਢੀ ਨੇ ਕਿਹਾ - ਜ਼ਿਆਦੀਨ ਤੈਨੂੰ ਪਤੈ ਰੋਜ਼ਿਆਂ ਦੇ ਦਿਨੀ ਸਵੇਰ ਤੋਂ ਸ਼ਾਮ ਤੱਕ ਖਾਣ ਪੀਣ ਉਪਰ ਪੂਰਨ ਪਾਬੰਦੀ ਹੈ, ਜੇ ਤਾਲਿਬਾਨ ਨੂੰ ਪਤਾ ਲੱਗ ਜਾਵੇ ਕਿ ਤੂੰ ਪਾਣੀ ਵੰਡ ਰਿਹੈਂ, ਤੇਰਾ ਸਕੂਲ ਬੰਬਾਂ ਨਾਲ ਉਡਾ ਦੇਣ। ਜ਼ਿਆਦੀਨ ਨੇ ਕਿਹਾ - ਆਪਾਂ ਮਰਨਾ ਹੈ, ਪਿਆਸੇ ਮਰੋ ਜਾਂ ਬੰਬਾਂ ਨਾਲ।

ਤਾਲਿਬਾਨ ਦਾ ਰੇਡੀਓ ਉਪਰ ਐਲਾਨ ਆ ਗਿਆ ਕਿ 15 ਜਨਵਰੀ 2009 ਤੋਂ ਬਾਦ ਕੋਈ ਕੁੜੀ ਸਕੂਲ ਨਹੀਂ ਜਾਏਗੀ। ਸਭ ਆਪਣਾ ਭਲਾ ਬੁਰਾ ਵਾਚ ਲੈਣ। ਜ਼ਿਆਦੀਨ ਨੇ ਕਿਹਾ - ਆਖਰੀ ਕਮਰੇ, ਆਖਰੀ ਅਧਿਆਪਕ ਅਤੇ ਆਖਰੀ ਵਿਦਿਆਰਥਣ ਤੱਕ, ਪੜ੍ਹਾਈ ਨਿਰੰਤਰ ਜਾਰੀ ਰਹੇਗੀ।

ਇਕ ਚੌਕ ਦਾ ਨਾਮ ਖੂਨੀ ਚੌਕ ਇਸ ਕਰਕੇ ਪੈ ਗਿਆ ਸੀ ਕਿਉਂਕਿ ਲੋੜੀਂਦੇ ਬੰਦੇ ਨੂੰ ਕਤਲ ਕਰਕੇ ਤਾਲਿਬਾਨ ਇਥੇ ਨੁਮਾਇਸ਼ ਵਾਸਤੇ ਸੁੱਟ ਜਾਇਆ ਕਰਦੇ ਸਨ, ਨਾਲ ਸੁਨੇਹਾ ਲਿਖਿਆ ਹੁੰਦਾ, ਜਿਵੇਂ - ਫੌਜ ਦੇ ਏਜੰਟ ਨਾਲ ਇਹ ਵਾਪਰਦਾ ਹੁੰਦੈ, ਜਾਂ - ਇਸ ਲਾਸ਼ ਨੂੰ ਦੁਪਹਿਰ 11 ਵਜੇ ਤੱਕ ਨਹੀਂ ਚੁੱਕਣਾ, ਜੇ ਕਿਸੇ ਨੇ ਜੁਰਅਤ ਕੀਤੀ ਉਸਦਾ ਇਹੀ ਹਸ਼ਰ ਹੋਵੇਗਾ।

ਸ਼ਬਾਨਾ ਲੋਕਾਂ ਦੇ ਸੱਦੇ ਤੇ ਜਾਕੇ ਨੱਚਣ ਗਾਉਣ ਦਾ ਕੰਮ ਕਰਦੀ ਸੀ ਜੋ ਉਸਦਾ ਗੁਜ਼ਾਰਾ ਸੀ। ਕੁੱਝ ਬੰਦਿਆਂ ਨੇ ਦਰਵਾਜ਼ੇ ਤੇ ਦਸਤਕ ਦਿੱਤੀ। ਸ਼ਬਾਨਾ ਨੇ ਦਰਵਾਜ਼ਾ ਖੋਲ੍ਹਿਆ, ਬੈਠ ਗਏ, ਸ਼ਬਾਨਾ ਨੂੰ ਕਿਹਾ - ਨਾਚ ਦਿਖਾ। ਉਹ ਕੱਪੜੇ ਬਦਲਣ ਲਈ ਉਪਰ ਚਲੀ ਗਈ। ਵਾਪਸ ਆਈ ਤਾਂ ਬੰਦੂਕ ਸੇਧ ਲਈ, ਕਿਹਾ - ਜੇ ਸ਼ੋਰ ਪਾਇਆ, ਗਲ ਵੱਢ ਦਿਆਂਗੇ। ਉਸਨੇ ਬੜੇ ਵਾਸਤੇ ਪਾਏ ਕਿ ਅਗੋਂ ਤੋਂ ਕਦੀ ਨੱਚਾਂ ਗਾਵਾਂਗੀ ਨਹੀਂ, ਕਿ ਮੈਂ ਮੁਸਲਮਾਨ ਔਰਤ ਹਾਂ, ਰਹਿਮ ਕਰੋ। ਗੋਲੀਆਂ ਦੀ ਵਾਛੜ ਨੇ ਢੇਰ ਕਰ ਦਿੱਤੀ। ਧੂਹ ਕੇ ਖੂਨੀ ਚੌਕ ਵਿਚ ਸੁੱਟ ਗਏ। ਇਹ ਸਾਰਾ ਬਿਰਤਾਂਤ ਸ਼ਬਾਨਾ ਦੇ ਪਿਤਾ ਨੇ ਲੋਕਾਂ ਨੂੰ ਦੱਸਿਆ। ਗਾਇਕਾਂ ਅਤੇ ਸੰਗੀਤ ਉਸਤਾਦਾਂ ਨੇ ਅਖਬਾਰਾਂ ਵਿਚ ਇਸ਼ਤਿਹਾਰ ਛਪਵਾਏ- ਅਸੀਂ ਮਾੜੇ ਕੰਮ ਛੱਡ ਦਿੱਤੇ ਹਨ। ਕੁੱਝ ਲਾਹੌਰ ਚਲੇ ਗਏ ਕੁੱਝ ਡੁਬਈ।

ਮੱਟਾ ਨਾਮ ਦੇ ਪਿੰਡ ਵਿਚ ਇਕ ਮਾਸਟਰ ਨੂੰ ਕਿਹਾ - ਸਲਵਾਰ ਗੋਡਿਆਂ ਤੋਂ ਨੀਵੀਂ ਕਿਉਂ ਪਾਈ ਹੈ ? ਗੋਡਿਆਂ ਤੱਕ ਚਾਹੀਦੀ ਹੈ। ਮਾਸਟਰ ਨੇ ਕਿਹਾ - ਸ਼ਰਾ ਵਿਚ ਅਜਿਹਾ ਕਿਤੇ ਨਹੀਂ ਲਿਖਿਆ। ਮਾਸਟਰ ਨੂੰ ਫਾਂਸੀ ਦਿੱਤੀ, ਉਸ ਦੇ ਪਿਉ ਨੂੰ ਗੋਲੀਆਂ ਨਾਲ ਫੁੰਡਿਆ। ਇਕ ਔਰਤ ਦਾ ਪਤੀ ਡੁਬਈ ਕਮਾਈ ਕਰਨ ਗਿਆ ਸੀ। ਉਸਨੂੰ ਪਤਾ ਲੱਗਾ ਔਰਤ ਨੇ ਤਾਲਿਬਾਨ ਨੂੰ ਆਪਣੇ ਗਹਿਣੇ ਦਾਨ ਕਰ ਦਿੱਤੇ ਹਨ। ਸੌਣ ਹੀ ਲੱਗੇ ਸਨ ਕਿ ਗਵਾਂਢ ਵਿਚ ਬੰਬ ਧਮਾਕਾ ਹੋ ਗਿਆ। ਔਰਤ ਨੇ ਚੀਕ ਮਾਰੀ। ਮਰਦ ਨੇ ਕਿਹਾ - ਖਾਮੋਸ਼, ਤੇਰੇ ਦਿੱਤੇ ਗਹਿਣਿਆਂ ਨਾਲ ਇਹ ਬੰਬ ਖਰੀਦਿਆ ਸੀ। ਖੁਸ਼ ਹੋਹੁ। ਇਹ ਤੇਰੀਆਂ ਚੂੜੀਆਂ ਦਾ ਛਣਕਾਟਾ ਹੈ।

ਸੰਕਟ ਵੇਲੇ ਲੋਕ ਸ਼ੱਕ ਵਿਚ ਘਿਰ ਜਾਂਦੇ ਹਨ। ਲੋਕ ਆਖਦੇ - ਮਾੜੀ ਜਿਹੀ ਗੱਲ ਤੇ ਤਾਲਿਬਾਨ ਗੋਲੀ ਮਾਰ ਦਿੰਦੇ ਨੇ, ਇਹ ਜ਼ਿਆਦੀਨ ਸ਼ਰੇਆਮ ਉਨ੍ਹਾਂ ਖਿਲਾਫ ਬੋਲਦਾ, ਲਿਖਦਾ ਤੇ

ਟੀਵੀ ਚੈਨਲਾਂ ਤੇ ਇੰਟਰਵਿਊ ਦਿੰਦਾ ਹੈ। ਇਹਨੂੰ ਕਿਉਂ ਨੀ ਮਾਰਦੇ ? ਸ਼ਾਇਦ ਇਹ ਉਨ੍ਹਾਂ ਦਾ ਹੀ ਬੰਦਾ ਹੋਵੇ, ਸਾਡੀ ਮੁਖਬਰੀ ਕਰਦਾ ਹੋਵੇ। ਆਰਮੀ ਅਫਸਰਾਂ ਨੇ ਉਸਨੂੰ ਸੁਰੱਖਿਆਂ ਟੁਕੜੀ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਸਨੇ ਕਿਹਾ - ਬੇਨਜ਼ੀਰ ਨਹੀਂ ਬਚ ਸਕਦੀ, ਮੈਂ ਕੀ ਚੀਜ਼ ਹਾਂ। ਨਾਲੇ ਜੇ ਮੇਰੇ ਤੇ ਹੱਲਾ ਹੋਵੇ, ਮੈਂ ਇੱਕਲਾ ਮਰਾਂ, ਬੇਕਸੂਰ ਮੇਰੇ ਅੰਗਰਖਿਅਕ ਕਿਓਂ ਮਰਨ ? ਉਹ ਘਰੋਂ ਬਾਹਰ ਕਦੀ ਕਿਤੇ ਸੌਂਦਾ ਕਦੀ ਕਿਤੇ, ਉਸ ਨੂੰ ਇਹ ਸਹੀ ਲਹੀਂ ਲਗਦਾ ਸੀ- ਕਿ ਪਰਿਵਾਰ ਦੇ ਜੀਆਂ ਸਾਹਮਣੇ ਉਸ ਨੂੰ ਕਤਲ ਕਰਨ।

ਨਿਕਾ ਅਟਲ ਇਕ ਦਿਨ ਬਗੀਚੇ ਵਿਚ ਜ਼ਮੀਨ ਪੁੱਟ ਰਿਹਾ ਸੀ। ਮਲਾਲਾ ਨੇ ਪੁੱਛਿਆ - ਕੀ ਕਰ ਰਿਹੈਂ ਵੀਰ ? ਅਟਲ ਨੇ ਕਿਹਾ - ਕਬਰ ਪੁੱਟ ਰਿਹਾਂ। ਕਿਉਂ ? ਮਲਾਲਾ ਨੇ ਪੁੱਛਿਆ। ਅਟਲ ਨੇ ਕਿਹਾ - ਪਹਿਲਾਂ ਅਸੀਂ ਚੋਰ ਸਿਪਾਹੀ ਦੀ ਖੇਡ ਖੇਡਿਆ ਕਰਦੇ ਸਾਂ। ਹੁਣ ਤਾਲਿਬਾਨ - ਸਿਪਾਹੀ ਖੇਡ ਹੈ ਸਾਡੀ। ਭਹਿਲੀ ਖੇਡ ਵਿਚ ਤਾਂ ਲੁਕੇ ਬੱਚੇ ਨੂੰ ਫੜਨਾ ਹੁੰਦਾ ਸੀ, ਹੁਣ ਮਾਰਨਾ ਵੀ ਪੈਂਦੇ। ਸੋ ਕਬਰ ਚਾਹੀਦੀ ਐ। ਗੇਂਦਾਂ ਦੇ ਬੰਬ ਹੁੰਦੇ ਤੇ ਡੰਡਿਆਂ ਦੀਆਂ ਬੰਦੂਕਾਂ। ਮੂਹਾਂ ਨਾਲ ਦੜੈਂ ਦੜੈਂ ਕਰਦੇ ਫਿਰਦੇ।

ਸਵਾਤ ਦਾ ਡਿਪਟੀ ਕਮਿਸ਼ਨਰ ਤਾਲਿਬਾਨ ਦੀਆਂ ਮਸਜਿਦਾਂ ਵਿਚ ਨਮਾਜ ਪੜ੍ਹਨ ਜਾਂਦਾ। ਉਨ੍ਹਾਂ ਦੇ ਲੀਡਰਾਂ ਨੂੰ ਸਰਕਾਰੀ ਰਿਹਾਇਸ਼ ਵਿਚ ਦਾਅਵਤਾਂ ਦਿੰਦਾ। ਸ਼ਾਇਦ ਸਰਕਾਰ ਦਬੇ ਸੁਰ ਤਾਲਿਬਾਨ ਨੂੰ ਸ਼ਹਿ ਦੇ ਰਹੀ ਸੀ। ਅਮਰੀਕਾ ਇਥੇ ਬੇਸ ਬਣਾ ਕੇ ਡਰੋਨ ਹਮਲੇ ਕਰਨ ਦਾ ਇੱਛੁਕ ਸੀ। ਉਸ ਨੂੰ ਟਾਲਣ ਲਈ ਇਹੋ ਕਹਿਣਾ ਠੀਕ ਸੀ - ਸਾਡੇ ਤਾਂ ਆਪਣੇ ਹਾਲਾਤ ਠੀਕ ਨਹੀਂ। ਤੁਸੀਂ ਕਹਿੰਦੇ ਹੋ ਅਸੀਂ ਤਾਲਿਬਾਨ ਦੇ ਹਮਦਰਦ ਹਾਂ, ਫਿਰ ਉਹ ਸਾਡੇ ਫੌਜੀਆਂ ਅਤੇ ਸਿਵਲੀਅਨਾ ਨੂੰ ਕਿਉਂ ਮਾਰਦੇ ਹਨ?

ਸਰਕਾਰ ਨੇ ਤਾਲਿਬਾਨ ਦਾ ਪਿਤਾਮਾ ਸੂਫੀ ਮੁਹੰਮਦ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ। ਦੱਸਿਆ ਗਿਆ ਕਿ ਜਵਾਈ ਫੈਜ਼ੁੱਲਾ ਨਾਲੋਂ ਇਹ ਨਰਮ ਹੈ, ਇਸ ਦੀ ਵਿਚੋਲਗੀ ਨਾਲ ਤਾਲਿਬਾਨ ਨੂੰ ਸ਼ਾਂਤ ਕਰਾਂਗੇ। ਤਾਲਿਬਾਨ ਫੌਜ ਦੀ ਬਰਾਬਰੀ ਕਰਨ ਲੱਗੇ ਸਨ । ਸੜਕ ਤੇ ਇਥੇ ਫੌਜੀ ਨਾਕਾ ਹੈ, ਇਕ ਕਿਲੋਮੀਟਰ ਇਸੇ ਸੜਕ ਉਪਰ ਤਾਲਿਬਾਨ ਦਾ ਨਾਕਾ ਦਿਸੇਗਾ। ਦੋਵੇਂ ਨਾਕੇ ਆਮ ਬੰਦਿਆਂ ਦੀ ਤਲਾਸ਼ੀ ਲੈਣਗੇ, ਇਕ ਦੂਜੇ ਨੂੰ ਕੁੱਝ ਨਹੀਂ ਕਹਿਣਗੇ। ਲੋਕ ਆਖਦੇ - ਇਕੋ ਸਿਕੇ ਦੇ ਦੋ ਪਾਸੇ ਹਨ ਇਹ।

ਬੀ.ਬੀ.ਸੀ. ਰੇਡਿਓ ਦਾ ਨਾਮਾ ਨਿਗਾਰ ਇਕ ਉਸਤਾਨੀ ਅਤੇ ਵਿਦਿਆਰਥਣ ਦੀ ਇੰਟਰਵਿਊ ਕਾਸਟ ਕਰਨਾ ਚਾਹੁੰਦਾ ਸੀ ਤਾਂ ਕਿ ਪਤਾ ਲੱਗੇ ਆਮ ਲੋਕ ਕੀ ਸੋਚਦੇ ਹਨ। ਉਸਤਾਨੀ ਮਰੀਅਮ ਦੀ ਛੋਟੀ ਭੈਣ ਪਹਿਲਾਂ ਤਿਆਰ ਹੋ ਗਈ ਪਰ ਫਿਰ ਮੁਕਰ ਗਈ, ਪਿਤਾ ਨੇ ਮਨ੍ਹਾ ਕਰ ਦਿੱਤਾ ਕਿ ਇਹ ਕੰਮ ਖਤਰਨਾਕ ਹੈ। ਮਲਾਲਾ ਨੇ ਅੱਬਾਂ ਨੂੰ ਫੋਨ ਤੇ ਗੱਲ ਕਰਦਿਆਂ ਸੁਣ ਲਿਆ ਤੇ ਕਿਹਾ - ਅੱਬਾ ਮੈਂ ਕਿਉਂ ਨਹੀਂ ? ਠੀਕ ਹੈ। ਪਰ ਇੰਟਰਵਿਊ ਵਿਚ ਅਧਿਆਪਕਾਂ ਅਤੇ ਵਿਦਿਆਰਥਣ ਦੇ ਨਾਮ ਫਰਜ਼ੀ ਰੱਖਣੇ ਹਨ। ਸਵਾਲ ਅਤੇ ਜਵਾਬ ਸਮਝਾ ਦਿੱਤੇ, ਤਿਆਰੀ ਹੋ ਗਈ। ਨਾਮਾ ਨਿਗਾਰ ਨੇ ਮਲਾਲਾ ਨੂੰ ਕਿਹਾ - ਤੂੰ ਹਰ ਰੋਜ਼ ਡਾਇਰੀ ਲਿਖਿਆ ਕਰ। ਤੇਰਾਂ ਸਾਲ ਦੀ ਯਹੂਦੀ ਕੁੜੀ ਅੱਨੇ ਫਰੈਂਕ ਡਾਇਰੀ ਲਿਖਿਆ ਕਰਦੀ ਸੀ। ਪਰਿਵਾਰ ਸਮੇਤ ਨਾਜ਼ੀਆਂ ਨੇ ਫੜ ਲਈ, ਤਸੀਹਾ ਕੇਂਦਰ ਵਿਚ ਸਾਰੇ ਮਾਰ ਦਿੱਤੇ। ਉਸ ਦੀ ਡਾਇਰੀ ਬਚ ਗਈ, ਛਪੀ, ਦੁਨੀਆਂ ਨੂੰ ਅਜੀਬ ਅਨੁਭਵ ਪੜ੍ਹਨ ਨੂੰ ਮਿਲੇ, ਇਹ ਖਾਸ ਡਾਕੂਮੈਂਟ ਸੀ।

ਇਕ ਔਰਤ ਨੇ ਹੁਣੇ ਹੁਣੇ ਬੁਰਕਾ ਪਹਿਨਣਾ ਸ਼ੁਰੂ ਕੀਤਾ ਸੀ, ਨੀਵਾਂ ਸੀ, ਸੋ ਉਲਝ ਕੇ ਡਿਗ ਪਈ, ਸੱਟ ਲੱਗੀ। ਇਕ ਆਦਮੀ ਸਹਾਰਾ ਦੇਕੇ ਉਠਾਉਣ ਲਈ ਆਇਆ ਤਾਂ ਬੋਲੀ - ਨਾਂ ਭਰਾ, ਸਹਾਰਾ ਦੇਣ ਦੀ ਕੀ ਲੋੜ ? ਫੈਜ਼ੁੱਲਾ ਔਰਤ ਨੂੰ ਦੁਖੀ ਦੇਖਕੇ ਖੁਸ਼ ਹੁੰਦੈ, ਖੁਸ਼ ਹੋਣ ਦੇਹ।

ਬੁਰਕੇ ਦੀ ਇਕ ਮੁਸੀਬਤ ਹੋਰ ਸੀ। ਹਰੇਕ ਮਨੁੱਖੀ ਬੰਬ ਬੁਰਕੇ ਵਿਚ ਹੀ ਆਉਂਦਾ ਹੁੰਦਾ। ਹਰੇਕ ਔਰਤ ਮਨੁੱਖੀ ਬੰਬ ਦਾ ਭੁਲੇਖਾ ਪਾਉਂਦੀ।

ਜ਼ਿਆਦੀਨ ਦੇ ਇਕ ਅਧਿਆਪਕ ਨੇ ਅਸਤੀਫਾ ਦੇ ਦਿੱਤਾ, ਪੁੱਛਣ ਤੇ ਦੱਸਿਆ - ਫੈਜ਼ੁੱਲਾ ਨੇ ਕਿਹਾ ਹੈ ਮੇਰੇ ਮਦਰਸੇ ਨੂੰ ਤੇਰੀ ਜਰੂਰਤ ਹੈ। ਇਕ ਹੋਰ ਮਾਸਟਰ ਨੇ ਅਸਤੀਫਾ ਦੇ ਦਿੱਤਾ, ਉਸਨੇ ਇਕ ਤਾਲਿਬਾਨ ਨੂੰ ਕਿਸੇ ਦਾ ਗਲ ਕੱਟ ਕੇ ਸਿਰ ਲਿਜਾਂਦਿਆਂ ਦੇਖ ਲਿਆ ਸੀ ਜਿਸ ਵਿਚੋਂ ਖੂਨ ਨੁਚੜ ਰਿਹਾ ਸੀ।

ਮਸੀਤਾਂ ਉਪਰ ਤਾਲਿਬਾਨ ਪੋਸਟਰ ਲਾਉਂਦੇ - ਜਿਨ੍ਹਾਂ ਦੀਆਂ ਧੀਆਂ ਕਿਸੇ ਕਾਰਨ ਵਿਆਹੀਆਂ ਨਹੀਂ ਗਈਆਂ, ਸਾਨੂੰ ਦਸੋ, ਅਸੀਂ ਇੰਤਜ਼ਾਮ ਕਰਾਂਗੇ। ਮਲਾਲਾ ਦੀ ਕਲਾਸ ਵਿਚ ਸਤਾਈ ਕੁੜੀਆ ਸਨ, ਤਾਲਿਬਾਨ ਤੋਂ ਡਰਦੀਆਂ ਸਤਾਰਾਂ ਹਟ ਗਈਆਂ। ਜ਼ਿਆਦੀਨ ਦੇ ਡਾਕਟਰ ਦੋਸਤ ਅਫਜ਼ਲ ਦਾ ਕਲਿਨਿਕ ਚੰਗਾ ਚੱਲ ਰਿਹਾ ਸੀ ਪਰ ਨਿਤ ਦੀ ਠੂਹ ਠਾਹ ਕਾਰਨ ਉਸਨੇ ਇਥੋਂ ਬੰਦ ਕਰਕੇ ਬਾਰੀਕੋਟ ਵਿਚ ਖੋਲ੍ਹ ਲਿਆ। ਤਾਲਿਬਾਨ ਬੁਲਾਰਾ ਮੁਸਲਿਮ ਖਾਨ ਡਾਕਟਰ ਕੋਲ ਗਿਆ ਤੇ ਕਿਹਾ - ਕਲਿਨਿਕ ਬੰਦ ਨਾ ਕਰੋ। ਡਾਕਟਰ ਜ਼ਿਆਦੀਲ ਦੀ ਸਲਾਹ ਲੈਣ ਆਇਆ, ਜ਼ਿਆਦੀਨ ਨੇ ਕਿਹਾ - ਬੁਰੇ ਲੋਕਾਂ ਤੋਂ ਭਲਾਈ ਦੀ ਆਸ ਨਾ ਰੱਖੋ। ਬਾਰੀਕੋਟ ਠੀਕ ਹੈ। ਡਾਕਟਰ ਮੰਨ ਗਿਆ।

14 ਜਨਵਰੀ ਕੁੜੀਆਂ ਦੀ ਪੜ੍ਹਾਈ ਦਾ ਆਖਰੀ ਦਿਨ ਸੀ। ਐਲਾਨ ਕਰ ਦਿੱਤਾ ਗਿਆ ਕਿ ਕੱਲ੍ਹ ਤੋਂ ਛੁੱਟੀਆਂ ਹਨ। ਇਹ ਪਹਿਲੀ ਵਾਰ ਹੋਇਆ ਕਿ ਛੁੱਟੀਆਂ ਦੀ ਮਿਆਦ ਨਹੀਂ ਦੱਸੀ ਗਈ। ਪਰ ਕੁੱਝ ਉਸਤਾਨੀਆਂ ਨੇ ਕੁੜੀਆਂ ਨੂੰ ਹੋਮ ਵਰਕ ਦੇ ਦਿੱਤਾ। ਮਲਾਲਾ ਸੋਚਣ ਲੱਗੀ - ਮਾਰਚ ਨੇੜੇ ਆ ਗਿਐ, ਇਮਤਿਹਾਨਾ ਦਾ ਮਹੀਨਾ, ਤਿਆਰੀ ਕਿਵੇਂ ਕਰਾਗੇ ? ਨਿਊਯਾਰਕ ਟਾਈਮਜ਼ ਦੀ ਟੀਮ ਇੰਟਰਵਿਊ ਵਾਸਤੇ ਆ ਗਈ। ਕੈਮਰੇ ਔਨ ਹੋਏ। ਇੰਟਰਵਿਊ ਹੁੰਦੀ ਰਹੀ, ਜਦੋਂ ਪੁੱਛਿਆ ਕਿ ਤੇਰਾ ਸਕੂਲ ਵਿਚ ਅੱਜ ਆਖਰੀ ਦਿਨ ਹੈ, ਕਿਵੇਂ ਲਗਦੈ ? ਰੋ ਪਈ - ਸਕੂਲ ਨਹੀਂ ਜਾਵਾਂਗੀਆਂ, ਘਰੇਂ ਪੜ੍ਹਨ ਤੋਂ ਕੌਣ ਰੋਕ ਸਕਦੈ? ਮੈਂ ਸਕੂਲ ਵਿਚ ਜੰਮੀ, ਸਕੂਲ ਵਿਚ ਖੇਡਦੀ ਵੱਡੀ ਹੋਈ, ਹੁਣ ਹੁਕਮ ਹੋ ਗਿਐ ਸਕੂਲ ਵਿਚ ਨੀ ਪੜ੍ਹਨਾ। ਤਾਲਿਬਾਨ ਦਾ ਹੁਕਮ ਹੈ ਕੁੜੀਆਂ ਨੂੰ ਮਾਸਟਰਨੀਆਂ ਪੜ੍ਹਾਉਣ, ਔਰਤਾਂ ਦਾ ਇਲਾਜ ਲੇਡੀ ਡਾਕਟਰਜ਼ ਕਰਨ, ਜੇ ਪੜ੍ਹਨ ਦੀ ਆਗਿਆ ਨਹੀਂ ਤਾਂ ਉਹ ਮਾਸਟਰਨੀਆਂ ਡਾਕਟਰਨੀਆਂ ਕਿਵੇਂ ਬਣਨਗੀਆਂ? ਮੁਸਲਿਮ ਖਾਨ ਅਮਰੀਕਾ ਪੜ੍ਹਕੇ ਆਇਆ ਸੀ, ਉਹ ਇਹੋ ਜਿਹੇ ਹੁਕਮ ਦੇ ਰਿਹਾ ਸੀ। ਖਾਨ ਆਖਦਾ ਸੀ- ਮੈਂ ਪੱਛਮੀ ਤਰਜ਼ ਦੀ ਵਿਦਿਆ ਦਾ ਵਿਰੋਧ ਕਰਦਾ ਹਾਂ, ਪੱਛਮੀ ਤਰਜ਼ ਦੀ ਵਿਦਿਆ ਤੋਂ ਉਸ ਦਾ ਅਰਥ ਸੀ ਅੰਗਰੇਜ਼ੀ ਅਤੇ ਵਿਗਿਆਨ। ਜ਼ਿਆਦੀਨ ਹੱਸ ਪਿਆ - ਸਟੈਥੋਸਕੋਪ, ਥਰਮਾਮੀਟਰ, ਰਾਕਟ ਨੂੰ ਉਹ ਕੀ ਕਹੇਗਾ ?

ਸਾਰੇ ਸਕੂਲਾਂ ਵਿਚੋਂ ਕੁੜੀਆਂ ਪੜ੍ਹਨੋ ਹਟ ਗਈਆਂ, ਤਾਂ ਵੀ ਚਾਰ ਦਿਨਾਂ ਅੰਦਰ ਅੰਦਰ ਪੰਜ ਹੋਰ ਸਕੂਲ ਥੇਹ ਕਰ ਦਿੱਤੇ, ਇਹ ਕਿਸ ਲਈ ? ਕਿ ਕਿਤੇ ਕੁੜੀਆਂ ਦਲੇਰੀ ਕਰਕੇ ਫਿਰ ਨਾ ਪੜ੍ਹਨ ਆ ਜਾਣ? ਕੁੜੀਆਂ ਦੀ ਤਾਲੀਮ ਉਪਰ ਪਾਬੰਦੀ ਦਾ ਪੂਰੇ ਪਾਕਿਸਤਾਨ ਵਿਚ ਜਮ ਕੇ ਵਿਰੋਧ ਹੋਇਆ। ਕਿਤੇ ਤਾਲਿਬਾਨ ਅਲੱਗ ਥਲੱਗ ਨਾ ਰਹਿ ਜਾਣ, ਫੈਜ਼ੁੱਲਾ ਦਾ ਬਿਆਨ ਆ ਗਿਆ - ਦਸ ਸਾਲ ਦੀ ਉਮਰ ਤੱਕ, ਪੰਜਵੀਂ ਜਮਾਤ ਪਾਸ ਕਰਨ ਤੱਕ ਕੁੜੀਆਂ ਨੂੰ ਪੜ੍ਹਨ ਦੀ ਆਗਿਆ ਹੈ। ਇਕ ਵਾਰ ਫੇਰ ਕੀੜੀਆਂ ਵਾਂਗ ਹੌਲੀ ਹੌਲੀ ਨਿਕੀਆਂ ਕੁੜੀਆਂ ਸਕੂਲ ਦੇ ਰਸਤੇ ਵਲ ਤੁਰਨ ਲੱਗੀਆਂ।

ਸਰਕਾਰ ਨੇ ਤਾਲਿਬਾਨ ਨਾਲ ਅਮਨ-ਸੰਧੀ ਕਰ ਲਈ। ਗੋਲੀਬਾਰੀ ਬੰਦ ਹੋਏਗੀ। ਸਰਕਾਰ ਸ਼ਰੀਅਤ ਲਾਗੂ ਕਰੇਗੀ। ਛੇ ਮਹੀਨਿਆਂ ਦਾ ਬੰਦੀ ਕੀਤਾ ਚੀਨੀ ਇੰਜਨੀਅਰ ਤਾਲਿਬਾਨ ਨੇ ਰਿਹਾ ਕਰ ਦਿੱਤਾ। ਖਬਰ ਆਈ ਕਿ ਸਵਾਤ ਵਾਦੀ ਵਿਚ ਤਾਲਿਬਾਨ ਲੀਡਰ ਆਉਣਗੇ, ਅਹਿਮ ਐਲਾਨ ਹੋਣਗੇ। ਤੀਹ ਚਾਲੀ ਹਜ਼ਾਰ ਦਾ ਇਕੱਠ ਹੋਇਆ। ਸੂਫੀ ਮੁਹੰਮਦ ਅਖੀਰ ਵਿਚ ਬੋਲਿਆ, ਉਸ ਦੀ ਜ਼ਬਾਨ ਕੰਬ ਰਹੀ ਸੀ। ਉਸਨੇ ਅਜੀਬ ਐਲਾਨ ਕੀਤੇ, ਕਿਹਾ - ਸਰਕਾਰੀ ਅਦਾਲਤਾਂ ਇਸਲਾਮਿਕ ਨਹੀਂ ਹਨ, ਇਥੋਂ ਲੋਕਾਂ ਨੂੰ ਮੁੱਦਤਾਂ ਤੱਕ ਨਿਆਂ ਨਹੀਂ ਮਿਲਦਾ। ਪੱਛਮੀ ਤਰਜ਼ ਦਾ ਲੋਕਤੰਤਰ ਗੋਰੇ

www.punjabilibrary.com

ਕਾਫਰਾਂ ਦੀ ਕਾਢ ਹੈ, ਸਾਨੂੰ ਨਹੀਂ ਚਾਹੀਦਾ, ਅਸੀਂ ਚੋਣਾਂ ਦੇ ਖਿਲਾਫ ਹਾਂ। ਉਸ ਦੀ ਸਾਰੀ ਤਕਰੀਰ ਦਾ ਪ੍ਰਭਾਵ ਸੀ - ਰੁੱਕੋ ਜ਼ਰਾ, ਦੇਖਣਾ, ਅਸੀਂ ਇਸਲਾਮਾਬਾਦ ਨੂੰ ਘੇਰਾ ਪਾਉਣ ਲੱਗੇ ਹਾਂ।

ਪੜ੍ਹਾਈ ਲਿਖਾਈ ਦੀ ਕੋਈ ਗੱਲ ਨਹੀਂ। ਜ਼ਿਆਦੀਨ ਨੇ ਜੀਓ ਟੀਵੀ ਨੂੰ ਇੰਟਰਵਿਊ ਵਿਚ ਕਿਹਾ - ਨਿਰਾਸਤਾ ਹੋਈ। ਸਾਨੂੰ ਸੂਫੀ ਮੁਹੰਮਦ ਤੋਂ ਆਸਾਂ ਸਨ, ਸਥਾਈ ਅਮਨ ਦਾ ਐਲਾਨ ਕਰਕੇ ਉਸਨੇ ਹੀਰੋ ਹੋ ਜਾਣਾ ਸੀ। ਉਸਨੇ ਮੌਕਾ ਗੁਆ ਲਿਐ। ਲੋਕ ਵੱਖ ਵੱਖ ਬੋਲੀਆਂ ਬੋਲ ਰਹੇ ਸਨ। ਕੋਈ ਕਹਿੰਦਾ ਸੀ ਉਸਦਾ ਦਿਮਾਗ ਹਿੱਲ ਗਿਐ, ਕੋਈ ਕਹਿੰਦਾ ਸੀ ਉਹ ਕੱਟੜਪੰਥੀਆਂ ਦੇ ਪਿੰਜਰੇ ਦਾ ਤੋਤਾ ਹੈ, ਉਸਦੀ ਨਹੀਂ, ਇਹ ਕਿਸੇ ਹੋਰ ਦੀ ਤਕਰੀਰ ਸੀ, ਕਿ ਉਸਨੂੰ ਕਿਹਾ ਗਿਆ - ਜੇ ਤੂੰ ਇਹ ਗੱਲਾਂ ਨਾ ਕਹੀਆਂ, ਬੰਬ ਨਾਲ ਉਡਾ ਦਿਆਂਗੇ।

ਇਹੋ ਜਿਹੀ ਅਮਨ ਸੰਧੀ ਤੋਂ ਅਮਰੀਕਾ ਘਬਰਾ ਗਿਆ, ਪਾਕਿਸਤਾਨ ਕੋਲ ਉਸ ਵੇਲੇ ਦੋ ਸੌ ਐਟਮ ਬੰਬ ਸਨ, ਸਰਕਾਰ ਅਤੇ ਤਾਲਿਬਾਨ ਇਕ ਸੁਰ ਹੋ ਗਏ ਹਨ, ਜੇ ਐਟਮੀ ਊਰਜਾ ਉਪਰ ਤਾਲਿਬਾਨ ਦਾ ਕਬਜ਼ਾ ਹੋ ਗਿਆ ਫੇਰ ? ਅਮਰੀਕਣ ਅਫਸਰਾਂ ਨੇ ਪਾਕੀ ਫੌਜ ਦੀ ਕਮਾਨ ਸਾਂਭ ਲਈ। ਲਾਊਡ ਸਪੀਕਰਾਂ ਵਿਚੋਂ ਐਲਾਨ ਹੋਇਆ - ਖਤਰਨਾਕ ਜੰਗ ਲੱਗਣ ਵਾਲੀ ਹੈ, ਸਿਵਲ ਪਰਜਾ ਸਵਾਤ ਵਾਦੀ ਵਿਚੋਂ ਨਿਕਲ ਜਾਏ। ਕਿਸੇ ਦਾ ਜਾਣ ਨੂੰ ਦਿਲ ਨਹੀਂ ਕਰਦਾ ਸੀ ਪਰ ਜਾਣਾ ਪੈਣੈ। ਡਾ. ਅਫਜ਼ਲ ਜਾ ਰਿਹਾ ਸੀ, ਉਸ ਦੀ ਵੈਨ ਵਿਚ ਇਹ ਚਲੇ ਜਾਣਗੇ। ਪੰਜ ਮਈ 2009 ਨੂੰ ਇਹ ਕਾਰਵਾਂ ਆਖਰ ਕੂਚ ਕਰ ਗਿਆ। ਸਾਰਿਆਂ ਨੇ ਰੱਬ ਅਗੇ ਫਰਿਆਦ ਕੀਤੀ ਕਿ ਉਨ੍ਹਾਂ ਦਾ ਸਾਮਾਨ ਅਤੇ ਘਰ ਬਚੇ ਰਹਿਣ। ਤਾਲਿਬਾਨ ਅਤੇ ਫੌਜ ਵਿਚਕਾਰਲੀ ਟੱਕਰ ਵਿਚ ਘਰ ਕਿਵੇਂ ਬਚਣਗੇ ? ਹਜਾਰਾਂ ਲੋਕਾਂ ਦਾ ਕਾਫਲਾ ਵੱਖ ਵੱਖ ਤਰੀਕੇ ਸਫਰ ਕਰ ਰਿਹਾ ਸੀ, ਕਾਰਾਂ, ਟਰੱਕ, ਬੱਸਾਂ, ਆਟੋਰਿਕਸ਼ੇ, ਰੇਹੜੇ, ਗੱਡੇ, ਸਾਈਕਲ, ਮੋਟਰ ਸਾਈਕਲ, ਪੈਦਲ। ਪਖਤੂਨ ਇਤਿਹਾਸ ਵਿਚ ਪਹਿਲਾ ਏਡਾ ਵੱਡਾ ਉਜਾੜਾ। ਕਈਆਂ ਥਾਵਾਂ ਤੇ ਸੇਬਾਂ ਦੇ ਦਰਖਤ ਕੱਟ ਕੇ ਤਾਲਿਬਾਨ ਨੇ ਰਸਤੇ ਰੋਕੇ ਹੋਏ ਸਨ, ਰਾਹ ਸਾਫ ਕਰਨਾ ਪੈਂਦਾ।

ਮਰਦਾਨ ਸ਼ਹਿਰ ਦੇ ਬਾਹਰ ਤੰਬੂ ਤਾਣੇ ਗਏ ਦੇਖੇ, ਉਜੜੇ 20 ਲੱਖ ਲੋਕਾਂ ਲਈ ਰਿਹਾਇਸ਼ ਦਾ ਇੰਤਜ਼ਾਮ। ਨਾ ਚੰਗਾ ਖਾਣ ਲਈ ਨਾ ਪੀਣ ਲਈ। ਹੈਜ਼ੇ ਦੀ ਬਿਮਾਰੀ ਫੈਲ ਗਈ। ਇਥੇ ਵੀ ਤਾਲਿਬਾਨ ਗੇੜਾ ਮਾਰ ਜਾਂਦੇ ਸਨ, ਕਿਤੇ ਸ਼ਰਾ ਵਿਚ ਵਿਘਨ ਤਾਂ ਨਹੀਂ ਪੈ ਰਿਹਾ ? ਔਰਤਾਂ ਮਰਦਾਂ ਦੀ ਝਾੜ ਝੰਬ ਕਰਦੇ ਰਹਿੰਦੇ। ਮਈ ਦੀ ਗਰਮੀ ਤੰਬੂਆਂ ਵਿਚ ਕਹਿਰ ਵਰਤਾਉਣ ਲੱਗੀ। ਹਾਂ, ਕੁੱਝ ਦਿਆਲੂ ਲੋਕਾਂ ਨੇ ਰਫੂਜੀਆਂ ਵਾਸਤੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਔਰਤਾਂ ਪਰਾਏ ਘਰ ਮਰਦਾਂ ਨਾਲ ਨਹੀਂ ਰਹਿ ਸਕਦੀਆਂ, ਘਰਾਂ ਦੇ ਮਾਲਕ ਮਰਦ ਬਾਹਰ ਗਲੀਆਂ ਵਿਚ ਸੌਂ ਜਾਂਦੇ, ਰਫੂਜੀ ਅੰਦਰ ਸੌਣਗੇ।

ਜ਼ਿਆਦੀਨ ਪਰਿਵਾਰ ਨੇ ਪਹਿਲੀ ਰਾਤ ਡਾ. ਅਫਜ਼ਲ ਦੇ ਘਰ ਗੁਜ਼ਾਰੀ ਤੇ ਅਗਲੇ ਦਿਨ ਆਪਣੇ ਜੱਦੀ ਪਿੰਡ ਸ਼ਾਂਗਲਾ ਜਾਣਾ ਹੈ। ਸ਼ਾਂਗਲੇ ਪੁੱਜੇ ਤਾਂ ਮੇਜਬਾਨ ਪਰਿਵਾਰ ਆਪਣੇ ਜੀਆਂ ਨੂੰ ਦੇਖਕੇ ਹੈਰਾਨ ਹੋ ਗਿਆ, ਕਿਹਾ - ਇਥੇ ਕਿਉਂ ਆ ਗਏ ? ਇਥੇ ਤਾਂ ਤਾਲਿਬਾਨ ਆਮ ਆਉਂਦੇ ਰਹਿੰਦੇ ਨੇ। ਮਰਦਾਨ ਠੀਕ ਸੀ, ਉਥੇ ਫੌਜ ਦਾ ਪਹਿਰਾ ਹੈ।

ਇਥੇ ਮਲਾਲਾ ਸੱਤਵੀਂ ਵਿਚ ਦਾਖਲ ਹੋ ਗਈ। ਕੇਵਲ ਤਿੰਨ ਕੁੜੀਆਂ ਸਨ। ਮੁੰਡੇ ਕੁੜੀਆਂ ਇਕੱਠੇ ਪੜ੍ਹਦੇ। ਇਕ ਦਿਨ ਲੇਟ ਸਕੂਲ ਪੱਜੀ, ਮਾਸਟਰ ਨੇ ਕਿਹਾ - ਹੱਥ ਅਗੇ ਕਰ, ਕਰ ਦਿੱਤਾ, ਡੰਡਾ ਵੱਜਾ। ਦਰਦ ਤਾਂ ਹੋਇਆ, ਤਾਂ ਕੀ, ਦਾਖਲਾ ਦੇ ਦਿੱਤਾ, ਯਾਨੀ ਕਿ ਮਲਾਲਾ ਜਿਹੋ ਜਿਹੀ ਵੀ ਹੈ, ਪ੍ਰਵਾਨ ਤਾਂ ਹੈ।

ਖਬਰਾਂ ਮਿਲੀਆਂ ਕਿ ਮਿੰਗੋਰਾ ਵਿਚ ਫੌਜ ਨੇ ਹੈਲੀਕਾਪਟਰ ਰਾਹੀਂ ਸੈਨਿਕ ਉਤਾਰ ਦਿੱਤੇ ਹਨ ਤੇ ਤਾਲਿਬਾਨ ਨਾਲ ਗਹਿਗਚ ਮੁਕਾਬਲਾ ਹੋ ਰਿਹਾ ਹੈ। ਇਕ ਹਫਤੇ ਵਿਚ ਪੂਰੇ ਸ਼ਹਿਰ ਉਪਰ ਫੌਜ ਦਾ ਕਬਜ਼ਾ ਹੋ ਗਿਆ। ਮਲਾਲਾ ਦੀ ਮਾਂ ਮਿੰਗੋਰਾ ਆਪਣੇ ਘਰ ਨੂੰ ਯਾਦ ਕਰਦਿਆਂ ਪਸ਼ਤੋ ਦਾ

ਟੱਪਾ ਗਾਉਂਦੀ ਰਹਿੰਦੀ- ਪੱਥਰ ਸਿਰ੍ਹਾਣੇ ਰੱਖ ਕੇ ਸੌਂ ਜਾ ਓ ਅਜਨਬੀ, ਇਹ ਪਰਦੇਸ ਹੈ ਤੇਰੇ ਬਾਦਸ਼ਾਹਾਂ ਦਾ ਸ਼ਹਿਰ ਨਹੀਂ।

ਤਿੰਨ ਮਹੀਨਿਆਂ ਦਾ ਪਰਵਾਸ ਖਤਮ ਹੋਇਆ, ਪਰਿਵਾਰ ਵਾਪਸ ਪਰਤਿਆ। ਥਾਂ ਥਾਂ ਤੇ ਤਲਾਸ਼ੀਆਂ। ਖੰਡਰ ਨਜ਼ਰ ਆਉਣ ਲੱਗੇ। ਸੜੀਆਂ ਬਸਾਂ ਜੀਪਾਂ ਦੇਖੀਆਂ। ਉਚੇ ਬੋਧ ਸਤੂਪ ਕੋਲੋਂ ਦੀ ਲੰਘੇ। ਦੇਰ ਬਾਦ ਸਵਾਤ ਦਰਿਆ ਵਗਦਾ ਦੇਖਕੇ ਸਾਰਿਆਂ ਦੀਆਂ ਅੱਖਾਂ ਛਲਕ ਆਈਆਂ। ਹਰੇਕ ਗਲੀ ਦੇ ਮਕਾਨ ਗੋਲੀਆਂ ਨਾਲ ਵਿੰਨ੍ਹੇ ਪਏ ਸਨ। ਖੂਨੀ ਯੁੱਧ ਹੋਇਆ ਸੀ। ਦੁਕਾਨਾਂ ਲੁੱਟ ਲਈਆਂ ਗਈਆਂ ਸਨ। ਸ਼ਹਿਰ ਇਉਂ ਲਗਦਾ ਸੀ ਜਿਵੇਂ ਪਲੇਗ ਦੀ ਬਿਮਾਰੀ ਵਿਚੋਂ ਨਿਕਲਿਆ ਹੈ। ਬਸ ਅਡੇ ਵਿਚ ਬੜਾ ਭੀੜ ਭੜੱਕਾ ਹੁੰਦਾ ਸੀ, ਹੁਣ ਨਾ ਕੋਈ ਬਸ ਨਾ ਸਵਾਰੀ।

24 ਜੁਲਾਈ 2009 ਨੂੰ ਪ੍ਰਧਾਨ ਮੰਤਰੀ ਦਾ ਬਿਆਨ ਆਇਆ - ਸਵਾਤ ਵਿਚੋਂ ਤਾਲਿਬਾਨ ਦਾ ਸਫਾਇਆ ਹੋ ਗਿਆ ਹੈ। ਬਿਜਲੀ, ਪਾਣੀ, ਗੈਸ ਚਾਲੂ ਕਰ ਦਿੱਤੇ ਹਨ। ਬੈਂਕ ਖੁਲ੍ਹ ਗਏ ਹਨ, ਲੋਕ ਆਪੋ ਆਪਣੇ ਘਰੀ ਪਰਤ ਆਉਣ। ਸ਼ੁਕਰ ਹੈ ਮਲਾਲਾ ਦਾ ਘਰ ਲੁੱਟਿਆ ਨਹੀਂ ਗਿਆ। ਇਸ ਗਲੀ ਵਿਚ ਚਾਰ ਘਰ ਲੁਟ ਚੁਕੇ ਸਨ। ਸਕੂਲ ਖੋਲ੍ਹਿਆ। ਇਕ ਪਾਸਿਉਂ ਬਦਬੂ ਆ ਰਹੀ ਸੀ। ਦੇਖਿਆ, ਭੇਡਾਂ ਦੇ ਦਰਜਣਾਂ ਸਿਰ ਪਏ ਸਨ। ਕੰਧਾਂ ਤੇ ਲਿਖਿਆ ਸੀ - ਤਾਲਿਬਾਨ ਮੁਰਦਾਬਾਦ। ਪਾਕੀ ਫੌਜ - ਜ਼ਿੰਦਾਬਾਦ। ਸੋ ਸਕੂਲ ਵਿਚ ਫੌਜੀ ਟੁਕੜੀ ਰਹਿੰਦੀ ਰਹੀ ਸੀ। ਕਾਰਤੂਸਾਂ ਦੇ ਖੋਲ ਖਿਲਰੇ ਪਏ ਸਨ। ਸ਼ਹਿਰ ਵਾਲੇ ਪਾਸੇ ਕੰਧ ਵਿਚ ਮੋਰੀ ਕੀਤੀ ਹੋਈ ਸੀ ਜਿਥੋਂ ਨੀਵੇਂ ਪਾਸੇ ਵੱਲ ਸਾਰਾ ਸ਼ਹਿਰ ਦਿਸਦਾ ਸੀ। ਸ਼ਾਇਦ ਇਥੋਂ ਦੀ ਗੋਲੀਆਂ ਵੀ ਚਲਾਉਂਦੇ ਹੋਣ। ਇਕ ਕੁੜੀ ਅਲਮਾਰੀ ਵਿਚ ਆਪਣੀ ਨੋਟ ਬੁੱਕ ਭੁੱਲ ਗਈ ਸੀ। ਕਿਸੇ ਫੌਜੀ ਨੇ ਉਸ ਵਿਚ ਰੁਮਾਂਟਿਕ ਗੀਤ ਲਿਖ ਦਿੱਤੇ ਸਨ। ਇਕ ਕਾਗਜ਼ ਮਲਾਲਾ ਚੁੱਕਣ ਲੱਗੀ, ਪਿਤਾ ਨੇ ਕਿਹਾ ਨਾਂ ਪੜ੍ਹ। ਪੜ੍ਹ ਲਿਆ। ਲਿਖਿਆ ਸੀ - ਤੁਹਾਡੇ ਵਰਗੇ ਬੰਦਿਆਂ ਨੇ ਤਾਲਿਬਾਨ ਦੇ ਹੌਸਲੇ ਵਧਾਏ, ਫਲਸਰੂਪ ਸਾਡੇ ਅਣਗਿਣਤ ਫੌਜੀ ਮਾਰੇ ਗਏ। ਲਾਹਨਤ ਪਵੇ ਤੁਹਾਡੇ ਵਰਗਿਆਂ ਤੇ। ਪਾਕੀ ਫੌਜ - ਜ਼ਿੰਦਾਬਾਦ। ਜ਼ਿਆਦੀਨ ਨੇ ਕਿਹਾ - ਤਾਲਿਬਾਨਾ ਨੇ ਪਹਿਲਾਂ ਸਾਨੂੰ ਵਰਗਲਾਇਆ, ਫਿਰ ਮਾਰਿਆ, ਹੁਣ ਉਨ੍ਹਾਂ ਕਰਕੇ ਬਦਨਾਮ ਹੋਏ।

ਅੱਠ ਸਾਲ ਦੇ ਬੱਚਿਆ ਤੋਂ ਲੈਕੇ ਜੁਆਨਾ ਤੱਕ ਬੇਸ਼ੁਮਾਰ ਤਾਲਿਬਾਨ ਗ੍ਰਿਫਤਾਰ ਕਰ ਲਏ ਜਿਨ੍ਹਾਂ ਨੂੰ ਮਨੁੱਖੀ ਬੰਬ ਬਣਨ ਦੀ ਟ੍ਰੇਨਿੰਗ ਮਿਲੀ ਹੋਈ ਸੀ। ਹੁਣ ਉਨ੍ਹਾਂ ਦੇ ਦਿਮਾਗ ਮੁੜ ਤੋਂ ਠੀਕ ਕਰਨੇ ਹੋਣਗੇ।

ਖਬਰ ਆਈ ਫੈਜ਼ੁੱਲਾ ਦਾ ਹੈਡ ਕੁਆਟਰ ਇਮਾਮ ਡੇਰੀ ਨਸ਼ਟ ਕਰ ਦਿੱਤਾ ਹੈ, ਉਹ ਜ਼ਖਮੀ ਹੈ ਤੇ ਗ੍ਰਿਫਤਾਰ ਹੈ। ਫਿਰ ਖਬਰ ਆਈ - ਨਹੀਂ, ਉਹ ਪਹਾੜਾਂ ਵਿਚ ਭੱਜ ਗਿਆ ਹੈ, ਅਫਗਾਨਿਸਤਾਨ ਵਿਚ ਪੁੱਜ ਗਿਐ। ਦੱਸਣ ਵਾਲੇ ਦਸਦੇ ਸਨ ਕਿ ਫੜਿਆ ਗਿਆ ਸੀ, ਫੌਜੀ ਚਾਹੁੰਦੇ ਸਨ ਮੁਕੱਦਮਾ ਚਲਾ ਕੇ ਸਜ਼ਾ ਦੇਈਏ, ਕੁੱਝ ਆਖਦੇ ਸਨ ਗੋਲੀ ਮਾਰੋ। ਪਰ ਆਈ.ਐਸ.ਆਈ. ਨਹੀਂ ਮੰਨੀ ਤੇ ਉਸ ਨੂੰ ਬਾਰਡਰ ਪਾਰ ਕਰਾ ਦਿੱਤਾ।

ਇਕ ਅਗਸਤ ਨੂੰ ਸਕੂਲ ਲੱਗਣ ਦੀ ਘੰਟੀ ਫਿਰ ਵੱਜੀ। ਬੱਚਿਆਂ ਨੇ ਆਪਣੀਆਂ ਆਪਣੀਆਂ ਹੱਡ ਬੀਤੀਆਂ ਸੁਣਾਈਆਂ, ਦੁਖਦਾਈ, ਸੁਖਦਾਈ ਦੋਵੇਂ ਤਰ੍ਹਾਂ ਦੀਆਂ। ਖੁਸ਼ਹਾਲ ਸਕੂਲ ਵਿਚੋਂ ਪੜ੍ਹਕੇ ਸਟੈਨਫੋਰਡ ਤੋਂ ਉਚ ਵਿਦਿਆ ਪ੍ਰਾਪਤ ਕੁੜੀ ਸ਼ਿਜ਼ਾ ਸ਼ਹੀਦ ਆਈ ਤੇ ਪੱਚੀ ਕੁੜੀਆਂ ਨੂੰ ਇਸਲਾਮਾਬਾਦ ਦਿਖਾਣ ਦਾ ਸੱਦਾ ਦਿੱਤਾ। ਚੌਦਾਂ ਅਗਸਤ ਨੂੰ ਖੁਸ਼ ਬੱਚੀਆਂ ਗਾਉਂਦੀਆਂ ਹੋਈਆਂ ਇਸਲਾਮਾਬਾਦ ਵੱਲ ਟੂਰ ਲਈ ਨਿਕਲੀਆਂ। ਮਰਗਲਾ ਪਹਾੜੀਆਂ ਦੀ ਜੜ੍ਹ ਵਿਚ ਸੁਹਣੀ ਫੈਸਲ ਮਸਜਿਦ ਦੇਖੀ ਜੋ ਅਰਬ ਦੇ ਬਾਦਸ਼ਾਹ ਫੈਸਲ ਨੇ ਬਣਵਾਈ ਤੇ ਪਾਕਿਸਤਾਨ ਨੂੰ ਤੁਹਫਾ ਦਿੱਤਾ। ਬੱਚਿਆਂ ਲਈ ਬਣਾਈ ਅੰਗਰੇਜ਼ੀ ਫਿਲਮ ਟੱਮ ਡਿੱਕ ਐਂਡ ਹੈਰੀ ਥਿਏਟਰ ਵਿਚ ਦੇਖੀ। ਪਹਿਲੀ ਵਾਰੀ ਮਕਡਾਨਲਡ ਵਿਚ ਖਾਣਾ ਖਾਧਾ। ਬੱਚੇ ਜਿਵੇਂ ਨਿਊਯਾਰਕ ਦੇਖ ਰਹੇ ਹੋਣ। ਉਹ ਕੁੜੀਆਂ ਮਿਲਾਈਆਂ ਜਿਹੜੀਆਂ ਵਕੀਲ ਸਨ, ਡਾਕਟਰ ਸਨ। ਬਜ਼ਾਰਾਂ ਵਿਚ ਬਗੈਰ ਪਰਦੇ, ਨੰਗੇ ਸਿਰ

ਕੁੜੀਆਂ, ਔਰਤਾਂ ਆਮ ਫਿਰਦੀਆਂ ਸਨ, ਅਚੰਭੇਜਨਕ ਥਾਂ। ਸ਼ਿਜ਼ਾ ਨੇ ਕਿਹਾ - ਕੁੱਝ ਪ੍ਰਭਾਵਸ਼ਾਲੀ ਬੰਦੇ ਮਿਲਾਵਾਂਗੀ। ਪ੍ਰਭਾਵਸ਼ਾਲੀ ਬੰਦੇ ਫੌਜੀ ਅਫਸਰ ਹੀ ਹੁੰਦੇ ਸਨ ਉਦੋਂ। ਮੇਜਰ ਜਨਰਲ ਅੱਬਾਸ ਦੇ ਦਫਤਰ ਗਈਆਂ, ਏਨੀ ਸਫਾਈ, ਬਾਗ ਵਿਚ ਵੀ ਪੂਰਾ ਡਿਸਿਪਲਿਨ, ਇਕੋ ਤਰਾਂ ਦੇ ਇਕੋ ਸਾਈਜ਼ ਦੇ ਦਰਖਤ, ਫੁੱਲਾਂ, ਵਾੜਾਂ ਦੀ ਕਟਿੰਗ, ਸਭ ਕਮਾਲ।

ਹਾਲ ਵਿਚ ਜਰਨੈਲ ਆਇਆ, ਸਵਾਗਤ ਵਿਚ ਸਭ ਖਲੋ ਗਈਆਂ। ਉਸਨੇ ਸਵਾਤ ਦੇ ਤਤਕਾਲੀ ਯੁੱਧ ਅਤੇ ਫਤਿਹ ਬਾਰੇ ਦੱਸਿਆ, ਦੱਸਿਆ ਕਿ 128 ਫੌਜੀ ਅਤੇ 1600 ਅੱਤਵਾਦੀ ਮਾਰੇ ਗਏ। ਫਿਰ ਕਿਹਾ ਸਵਾਲ ਪੁੱਛੋ। ਮਲਾਲਾ ਨੇ ਪਹਿਲਾ ਸਵਾਲ ਕੀਤਾ - ਸਰ ਤਿੰਨ ਮਹੀਨੇ ਪਹਿਲਾਂ ਤੁਸੀਂ ਸਾਨੂੰ ਦੱਸਿਆ ਸੀ ਫੈਜ਼ੁੱਲਾ ਅਤੇ ਉਸਦਾ ਡਿਪਟੀ ਗੋਲੀ ਨਾਲ ਜ਼ਖਮੀ ਹੋ ਗਏ ਹਨ ਤੇ ਗ੍ਰਿਫਤਾਰ ਹਨ, ਫਿਰ ਤੁਸੀਂ ਕਿਹਾ ਨਹੀਂ, ਸਵਾਤ ਵਿਚ ਹੀ ਹਨ, ਫਿਰ ਤੁਸੀ ਕਿਹਾ ਅਫਗਾਨਿਸਤਾਨ ਵਿਚ ਹਨ। ਉਹ ਹਿਰਾਸਤ ਵਿਚੋਂ ਕਿਵੇਂ ਫਰਾਰ ਹੋ ਗਏ ? ਪੰਦਰਾਂ ਮਿੰਟ ਜਰਨੈਲ ਜਵਾਬ ਦਿੰਦਾ ਰਿਹਾ, ਕਿਸੇ ਨੂੰ ਕੋਈ ਸਮਝ ਨਹੀਂ ਆਈ ਕੀ ਆਖ ਰਿਹਾ ਹੈ।

ਦੂਜੀ ਕੁੜੀ ਨੇ ਕਿਹਾ - ਠੀਕ ਹੈ ਜਿਤ ਗਏ ਹੋ, ਜਿਹੜੀ ਤਬਾਹੀ ਹੋਈ ਹੈ ਉਹ ਕੌਣ ਮੁੜ ਠੀਕ ਕਰੇਗਾ ? ਜਰਨੈਲ ਨੇ ਕਿਹਾ - ਪਹਿਲਾਂ ਅਸੀਂ ਰਿਕਵਰੀ ਕਰਦੇ ਹਾਂ, ਫਿਰ ਉਸਾਰੀ ਤੇ ਫਿਰ ਠੀਕ ਠਾਕ ਕਰਕੇ ਸਿਵਿਲ ਅਫਸਰਾਂ ਨੂੰ ਸੌਂਪ ਦਿੰਦੇ ਹਾਂ। ਜਾਂਦੀਆਂ ਨੂੰ ਜਰਨੈਲ ਨੇ ਕੁੱਝ ਵਿਜ਼ਿਟਿੰਗ ਕਾਰਡ ਦਿੱਤੇ - ਲੋੜ ਪਵੇ ਤਾਂ ਫੋਨ ਕਰਨਾ।

ਵਾਪਸੀ ਤੇ ਜ਼ਿਆਦੀਨ ਨੂੰ ਇਕ ਮੁਸ਼ਕਿਲ ਹੋਰ ਆਈ। ਸਕੂਲ ਪੂਰੇ ਤਿੰਨ ਮਹੀਨੇ ਬੰਦ ਰਿਹਾ। ਮਾਸਟਰ ਤਨਖਾਹ ਮੰਗ ਰਹੇ ਸਨ। ਫੀਸਾਂ ਆਈਆਂ ਨਹੀਂ, ਤਨਖਾਹ ਕਿਵੇਂ ਦਏ ? ਸਾਰਿਆਂ ਦੇ ਦਸ ਲੱਖ ਬਕਾਏ ਕਿਵੇਂ ਦਿੱਤੇ ਜਾਣ ? ਹਿਰਾ ਨਾਮ ਦੀ ਇਕ ਉਸਤਾਨੀ ਦਾ ਵਿਆਹ ਧਰਿਆ ਗਿਆ ਸੀ, ਉਸ ਕੋਲ ਪੈਸਾ ਨਹੀਂ ਸੀ, ਫਿਰ ਵਿਆਹ ਕਿਵੇਂ ਹੋਏਗਾ ? ਜ਼ਿਆਦੀਨ ਨੂੰ ਜਰਨੈਲ ਦਾ ਕਾਰਡ ਯਾਦ ਆਇਆ। ਇਹ ਸਾਰੀ ਸਮੱਸਿਆ ਵਿਸਥਾਰ ਨਾਲ ਲਿਖ ਕੇ ਸਹਾਇਤਾ ਲਈ ਅਰਜ਼ ਗੁਜ਼ਾਰੀ। ਜਰਨੈਲ ਨੇ ਗਿਆਰਾਂ ਲੱਖ ਦਾ ਚੈਕ ਭੇਜ ਦਿੱਤਾ। ਸ਼ੁਕਰਾਨਾ ਕਰਨ ਵਕਤ ਹਿਰਾ ਰੋ ਪਈ।

ਤੇਰਾਂ ਸਾਲ ਦੀ ਉਮਰ ਵਿਚ ਮਲਾਲਾ ਦਾ ਕੱਦ ਪੰਜ ਫੁੱਟ ਤੇ ਆਕੇ ਰੁਕ ਗਿਆ। ਸਾਰੀਆਂ ਕੁੜੀਆਂ ਉਸ ਤੋਂ ਉਚੀਆਂ ਉਠਣ ਲੱਗੀਆਂ। ਤੀਹ ਕੁੜੀਆਂ ਦੀ ਕਲਾਸ ਵਿਚ ਮਲਾਲਾ ਸਭ ਤੋਂ ਛੋਟੀ ਲੱਗਣ ਲੱਗੀ। ਹਰ ਸਵੇਰ ਕੰਧ ਉਪਰ ਲਾਏ ਪੰਜ ਫੁੱਟ ਦੇ ਨਿਸ਼ਾਨ ਨਾਲ ਲੱਗ ਕੇ ਦੇਖਦੀ ਕੁੱਝ ਵਧੀ ਕਿ ਨਾ, ਉਥੇ ਦੀ ਉਥੇ। ਹਾਈ ਹੀਲ ਸੈਂਡਲ ਪਾਉਣ ਦੇ ਖਿਲਾਫ ਸੀ ਪਰ ਪਾਉਣੇ ਪਏ ਨਹੀਂ ਤਾਂ ਲੈਕਚਰ ਸਟੈਂਡ ਦੇ ਪਿਛੇ ਖਲੋਤੀ ਦਿਸਦੀ ਹੀ ਨਾ। ਰੱਬ ਅੱਗੇ ਬੇਨਤੀ ਕੀਤੀ ਕਿ ਜੇ ਕੱਦ ਵਧ ਜਾਵੇ ਤਾਂ ਪੰਜ ਨਮਾਜ਼ਾਂ ਹਰ ਰੋਜ਼ ਤਾਂ ਪੜ੍ਹਦੀ ਹੀ ਹੈ, ਸੌ ਨਮਾਜ਼ਾਂ ਹੋਰ ਪੜ੍ਹੇਗੀ। ਰੱਬ ਉਪਰ ਫਿਰ ਵੀ ਕੋਈ ਅਸਰ ਨਹੀਂ।

ਜ਼ਿਆਉਲ ਹੱਕ ਨੇ ਕੁਫਰ ਰੋਕੂ ਕਾਨੂੰਨ ਲਾਗੂ ਕੀਤਾ, ਕੋਈ ਕੁਰਾਨ ਜਾਂ ਪੈਗੰਬਰ ਦਾ ਨਿਰਾਦਰ ਕਰੇ, ਮੌਤ ਦੇ ਘਾਟ ਉਤਾਰਿਆ ਜਾਏਗਾ। ਅਖਬਾਰ ਵਿਚ ਖਬਰ ਛਪੀ ਕਿ ਆਸੀਆ ਬੀਬੀ ਨਾਮ ਦੀ ਇਕ ਈਸਾਈ ਔਰਤ ਨੂੰ ਫਾਹੇ ਲਾ ਦਿੱਤਾ ਗਿਆ ਕਿਉਂਕਿ ਉਸਨੇ ਨਬੀ ਦਾ ਨਿਰਾਦਰ ਕੀਤਾ ਸੀ। ਪੰਜਾਬ ਵਿਚ ਵਸਦੀ ਇਹ ਔਰਤ ਪੰਜ ਬੱਚਿਆਂ ਦੀ ਮਾਂ ਸੀ ਜੋ ਫਲ ਸਬਜ਼ੀਆਂ ਤੋੜ ਕੇ ਗੁਜ਼ਾਰਾ ਕਰਦੀ ਸੀ।

ਗਰਮੀ ਦੇ ਦਿਨ ਉਹ ਪਾਣੀ ਦੀ ਬਾਲਟੀ ਭਰ ਲਿਆਈ ਤੇ ਨਾਲ ਕੰਮ ਕਰਦੀਆਂ ਦਿਹਾੜਨਾਂ ਨੂੰ ਪਿਆਉਣ ਲੱਗੀ। ਸਾਰੀਆਂ ਦਿਹਾੜਨਾਂ ਨੇ ਕਾਫਰ ਈਸਾਈ ਔਰਤ ਤੇ ਹੱਥੋਂ ਪਾਣੀ ਪੀਣੋ ਇਨਕਾਰ ਕਰ ਦਿੱਤਾ। ਆਸੀਆ ਨਾਮ ਦੀ ਇਕ ਗਵਾਂਢਣ ਨੇ ਗੁੱਸੇ ਨਾਲ ਕਿਹਾ - ਇਸ ਗੰਦੀ ਜ਼ਨਾਨੀ ਦਾ ਮੇਮਨਾ ਮੇਰੇ ਚੁਬੱਚੇ ਵਿਚੋਂ ਪਾਣੀ ਪੀਕੇ ਭੱਜ ਜਾਂਦਾ ਹੈ। ਇਸ ਤੂੰ ਤੂੰ ਮੈਂ ਮੈਂ ਦੌਰਾਨ ਇਕ ਔਰਤ ਨੇ ਕਿਹਾ - ਜੇ ਤੂੰ ਮੁਸਲਮਾਨ ਹੋ ਜਾਵੇਂ ਤਾਂ ਅਸੀਂ ਤੇਰੇ ਹੱਥੋਂ ਪਾਣੀ ਪੀ

ਲਈਏ। ਆਸੀਆ ਨੇ ਕਿਹਾ - ਸਾਡੇ ਪਾਪ ਧੋਣ ਲਈ ਸਾਡਾ ਯੱਸੂ ਕਰੱਸ ਤੇ ਚੜ੍ਹ ਗਿਆ। ਤੁਹਾਡੇ ਲਈ ਮੁਹੰਮਦ ਨੇ ਕੀ ਕੀਤਾ ? ਇਸ ਗੱਲ ਦੀ ਸ਼ਿਕਾਇਤ ਸਥਾਨਕ ਮੌਲਵੀ ਕੋਲ ਹੋ ਗਈ ਜਿਸਨੇ ਪੁਲਸ ਵਿਚ ਰਪਟ ਲਿਖਾ ਦਿੱਤੀ। ਇਕ ਸਾਲ ਜੇਲ੍ਹ ਵਿਚ ਰਹੀ, ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ।

ਦੁਨੀਆਂ ਭਰ ਵਿਚ ਇਸ ਸਜ਼ਾ ਦੀ ਨਿਖੇਧੀ ਹੋਈ। ਪੰਜਾਬ ਦਾ ਗਵਰਨਰ ਸਲਮਾਨ ਤਾਸੀਰ ਮੁਸ਼ੱਰਫ ਨੇ ਇਸ ਲਈ ਨਿਯੁਕਤ ਕੀਤਾ ਸੀ ਕਿਉਂਕਿ ਇਹ ਉਦਾਰ ਚਿੱਤ ਮਨੁੱਖ ਸੀ। ਸਲਮਾਨ ਕਿਸੇ ਸਮੇਂ ਖੁਦ ਜੇਲ੍ਹ ਵਿਚ ਰਿਹਾ ਸੀ, ਉਸਨੇ ਆਸੀਆ ਬੀਬੀ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਸੀ ਤੇ ਕਿਹਾ ਸੀ ਜ਼ਿਆ ਨੇ ਕਾਲਾ ਕਾਨੂੰਨ ਬਣਾਇਆ ਜੋ ਸਹੀ ਨਹੀਂ, ਰਾਸ਼ਟਰਪਤੀ ਜ਼ਰਦਾਂਰੀ ਨੂੰ ਚਾਹੀਦਾ ਹੈ ਉਹ ਸਜ਼ਾ ਮਾਫ ਕਰਨ। ਗਵਰਨਰ ਵਲੋਂ ਕੁਫਰ ਵਿਰੋਧੀ ਕਾਨੂੰਨ ਨੂੰ ਕਾਲਾ ਕਾਨੂੰਨ ਕਹਿਣ ਦਾ ਸੀਨ ਕੁਝ ਟੀਵੀ ਚੈਨਲਾਂ ਨੇ ਦਿਖਾਇਆ ਤਾਂ ਮੌਲਵੀਆਂ ਨੇ ਗਵਰਨਰ ਦੀ ਨਿਖੇਧੀ ਕੀਤੀ। ਚਾਰ ਜਨਵਰੀ 2011 ਨੂੰ ਸਲਮਾਨ ਤਾਸੀਰ ਨੂੰ ਉਸਦੇ ਅੰਗ ਰੱਖਿਅਕ ਨੇ ਗੋਲੀਆਂ ਨਾਲ ਫੁੰਡ ਦਿੱਤਾ। ਗਵਰਨਰ ਦੇ ਜਿਸਮ ਵਿਚੋਂ 26 ਗੋਲੀਆਂ ਲੰਘੀਆਂ, ਅਣਗਿਣਤ ਬੰਦਿਆਂ ਨੇ ਕਾਤਲ ਦੀ ਸਿਫਤ ਕੀਤੀ ਜਿਸਨੇ ਕਿਹਾ, ਉਸਨੇ ਇਹ ਕੰਮ ਅੱਲਾਹ ਨੂੰ ਖੁਸ਼ ਕਰਨ ਲਈ ਕੀਤਾ। ਗ੍ਰਿਫਤਾਰ ਕਰਕੇ ਕਾਤਲ ਨੂੰ ਜਦੋਂ ਅਦਾਲਤ ਵਿਚ ਪੇਸ਼ ਕੀਤਾ ਗਿਆ, ਵਕੀਲਾਂ ਨੇ ਉਸ ਦੇ ਸਿਰ ਉਪਰੋਂ ਫੁਲਾਂ ਦੀ ਬਾਰਸ਼ ਕੀਤੀ। ਕੋਈ ਵਕੀਲ ਸਲਮਾਨ ਦੇ ਹੱਕ ਵਿਚ ਮੁਕੱਦਮਾ ਭੁਗਤਣ ਲਈ ਤਿਆਰ ਨਾ ਹੋਇਆ। ਗਵਰਨਰ ਦੇ ਦਫਨ ਉਪਰੰਤ ਈਮਾਮ ਨੇ ਉਸਦੀ ਕਬਰ ਉਪਰ ਜਾਕੇ ਫਾਤਿਹਾ ਪੜ੍ਹਨ ਤੋਂ ਇਨਕਾਰ ਕਰ ਦਿੱਤਾ। ਰਾਸ਼ਟਰਪਤੀ ਜ਼ਰਦਾਰੀ ਦਫਨ ਦੀ ਰਸਮ ਵਿਚੋਂ ਗੈਰ ਹਾਜ਼ਰ ਹੋਇਆ।

ਹਾਜੀ ਬਾਬਾ ਹਾਈ ਸਕੂਲ ਵਿਚ ਬੰਬਾਰੀ ਹੋਈ ਸੀ, ਜ਼ਿਆਦੀਨ ਉਥੇ ਗਿਆ ਤੇ ਕਿਹਾ - ਫੈਜ਼ੁੱਲਾ ਸ਼ੈਤਾਨਾ ਦਾ ਨਾਇਕ ਹੈ, ਉਸ ਨੂੰ ਸਰਕਾਰ ਗ੍ਰਿਫਤਾਰ ਕਿਉਂ ਨੀ ਕਰਦੀ ? ਥੋੜ੍ਹੇ ਦਿਨਾਂ ਬਾਦ ਉਸਨੂੰ ਖਤ ਮਿਲਿਆ, ਲਿਖਿਆ ਸੀ - ਸਲਾਮਾਲੇਕਮ। ਤੂੰ ਇਕ ਧਰਮੀ ਇਨਸਾਨ ਦਾ ਪੁੱਤਰ ਹੈਂ ਪਰ ਚੰਗਾ ਮੁਸਲਮਾਨ ਨਹੀਂ। ਜਿਥੇ ਵੀ ਤੂੰ ਹੋਏਂਗਾ ਅਸੀਂ ਤੈਨੂੰ ਲਭ ਲਵਾਂਗੇ।

ਪਾਕਿਸਤਾਨ ਵਿਚ ਪਹਿਲਾਂ ਸਾਰੇ ਜਣੇ ਹਿੰਦੁਸਤਾਨ ਨੂੰ ਗਾਲਾਂ ਦਿਆ ਕਰਦੇ ਸਨ ਹੁਣ ਅਮਰੀਕਾ ਜ਼ਬਾਨ ਉਪਰ ਆ ਗਿਆ। ਹਰ ਹਫਤੇ ਡਰੋਨ ਹਮਲੇ ਹੋ ਰਹੇ ਸਨ ਜਿਨ੍ਹਾਂ ਵਿਚ ਆਮ ਲੋਕ ਵੀ ਮਰਦੇ। ਇਕ ਦਿਨ ਖਬਰ ਆਈ ਕਿ ਰੇਮੰਡ ਡੇਵਿਸ ਨਾਮ ਦੇ ਸੀ.ਆਈ.ਏ. ਏਜੰਟ ਨੇ ਦੋ ਮੋਟਰ ਸਾਈਕਲ ਸਵਾਰ ਲਾਹੌਰ ਵਿਚ ਪਸਤੌਲ ਨਾਲ ਫੁੰਡ ਦਿੱਤੇ ਜਿਹੜੇ ਉਸਦਾ ਪਿਛਾ ਕਰ ਰਹੇ ਸਨ। ਇਹ ਲਸ਼ਕਰੇ ਤਾਇਬਾ ਦੇ ਕਾਰਕੁਨ ਸਨ। ਇਹ ਉਹੀ ਲਸ਼ਕਰ ਹੈ ਜਿਸਨੇ 2008 ਵਿਚ ਮੁੰਬਈ ਬੰਬ ਧਮਾਕੇ ਕੀਤੇ ਸਨ ਤਾਂ ਕਿ ਕਸ਼ਮੀਰ ਪਾਕਿਸਤਾਨ ਨੂੰ ਮਿਲ ਸਕੇ। ਅਫਵਾਹਾਂ ਸਨ ਕਿ ਡੇਵਿਸ ਪਾਕਿਸਤਾਨੀ ਪਰਮਾਣੂ ਕੇਂਦਰਾਂ ਬਾਰੇ ਗੁਪਤ ਸੂਚਨਾ ਇੱਕਠੀ ਕਰ ਰਿਹਾ ਸੀ। ਇਕ ਮਕਤੂਲ ਦੀ ਵਿਧਵਾ ਨੇ ਇਸ ਲਈ ਜ਼ਹਿਰ ਖਾਕੇ ਖੁਦਕੁਸ਼ੀ ਕਰ ਲਈ ਕਿ ਇਨਸਾਫ ਨਹੀਂ ਮਿਲੇਗਾ। ਅਮਰੀਕਾ ਨੇ 23 ਲੱਖ ਡਾਲਰ ਬਲੱਡ ਮਨੀ ਦੇਕੇ ਡੇਵਿਸ ਛੁਡਵਾ ਲਿਆ। ਡੇਵਿਸ ਅਮਰੀਕਾ ਪੁੱਜ ਗਿਆ ਤਾਂ 17 ਮਾਰਚ ਨੂੰ ਅਮਰੀਕਾ ਨੇ ਉਤਰੀ ਵਜ਼ੀਰਿਸਤਾਨ ਦੀ ਕਬਾਇਲੀ ਪੰਚਾਇਤ ਉਪਰ ਡਰੋਨ ਹਮਲਾ ਕਰਕੇ 40 ਬੰਦੇ ਮਾਰ ਦਿੱਤੇ। ਇਹ ਇਕ ਸੁਨੇਹਾ ਸੀ ਕਿ ਅਮਰੀਕਾ ਜੋ ਚਾਹੇ ਕਰ ਸਕਦਾ ਹੈ।

ਇਕ ਸਵੇਰ ਚੁਫੇਰਿਉਂ ਉਚੀ ਉਚੀ ਆਵਾਜ਼ਾਂ ਸੁਣੀਆਂ। ਲੋਕ ਗੱਲਾਂ ਕਰ ਰਹੇ ਸਨ ਕਿ ਐਬਟਾਬਾਦ ਵਿਚ ਅਮਰੀਕੀ ਹੈਲੀਕਾਪਟਰ ਉਤਰੇ ਅਤੇ ਲਾਦਿਨ ਨੂੰ ਮਾਰਕੇ ਲਾਸ਼ ਲੈ ਉਡੇ। ਲਾਦਿਨ ਮਿਲਟਰੀ ਅਕਾਦਮੀ ਨੇੜੇ ਇਕ ਵੱਡੇ ਘਰ ਵਿਚ ਰਹਿ ਰਿਹਾ ਸੀ। ਘਰ ਦੁਆਲੇ 12 ਫੁੱਟ ਉਚੀ ਕੰਧ ਸੀ ਜਿਸ ਉਪਰ ਕੰਡਿਆਲੀ ਤਾਰ ਵਲੀ ਹੋਈ ਸੀ। ਲਾਦਿਨ ਚੁਬਾਰੇ ਵਿਚ ਆਪਣੀ ਨਵੀਂ ਯਮਨ ਬੀਵੀ ਅੱਮਾਲ ਨਾਲ ਰਹਿੰਦਾ ਸੀ, ਦੋ ਬੀਵੀਆਂ ਤੇ ਗਿਆਰਾਂ ਬੱਚੇ ਹੇਠਾਂ ਰਹਿੰਦੇ

ਸਨ। ਘਰ ਵਿਚ ਟੈਲੀਫੋਨ ਜਾਂ ਇੰਟਰਨੈਟ ਨਹੀਂ ਸੀ। ਲਾਦਿਨ ਪਰਿਵਾਰ ਦਾ ਕੋਈ ਜੀਅ ਬਾਹਰ ਨਹੀਂ ਨਿਕਲਦਾ ਸੀ। ਦੋ ਭਰਾ ਨੌਕਰ ਵਿਹੜੇ ਵਿਚ ਆਪਣੀਆਂ ਪਤਨੀਆਂ ਨਾਲ ਰਹਿੰਦੇ ਸਨ, ਕੇਵਲ ਉਹ ਬਾਹਰ ਅੰਦਰ ਆਉਂਦੇ ਜਾਂਦੇ ਰਾਸ਼ਣ ਪਾਣੀ ਆਦਿਕ ਦਾ ਕੰਮ ਕਾਜ ਕਰਦੇ ਸਨ। ਇਕ ਨੌਕਰ ਦੀ ਬੀਵੀ ਸਵਾਤ ਤੋਂ ਸੀ। ਦੋਵੇਂ ਨੌਕਰ ਅਤੇ ਲਾਦਿਨ ਦਾ ਵੱਡਾ ਮੁੰਡਾ ਮਾਰੇ ਗਏ। ਲਾਦਿਨ ਦੀਆਂ ਔਰਤਾਂ ਨੂੰ ਕਿਸੇ ਨੂੰ ਕੁੱਝ ਨਹੀਂ ਕਿਹਾ। ਅੰਦਰ ਕੋਈ ਮੁਕਾਬਲਾ ਹੋਇਆ ਹੀ ਨਹੀਂ। ਲਾਦਿਨ ਦਾ ਬਚਿਆ ਪਰਿਵਾਰ ਪਾਕਿਸਤਾਨੀ ਫੌਜ ਨੇ ਹਿਰਾਸਤ ਵਿਚ ਲੈ ਲਿਆ। ਅਮਰੀਕਣ ਵਾਈਟ ਹਾਊਸ ਵਿਚ ਜਸ਼ਨ ਮਨਾਏ ਗਏ। ਲਾਦਿਨ ਦੀ ਲਾਸ਼ ਸਮੁੰਦਰ ਵਿਚ ਸੁੱਟ ਦਿੱਤੀ।

ਅਮਰੀਕਾ ਨੇ ਪਾਕਿਸਤਾਨੀ ਰਡਾਰ ਸਿਸਟਮ ਜਾਮ ਕਰਕੇ ਉਹ ਹੈਲੀਕਾਪਟਰ ਉਤਾਰੇ ਜਿਹੜੇ ਸ਼ੋਰ ਨਹੀਂ ਕਰਦੇ। ਆਪਣਾ ਮਿਸ਼ਨ ਪੂਰਾ ਕਰਨ ਪਿਛੋਂ ਆਰਮੀ ਚੀਫ ਜਨਰਲ ਅਸ਼ਫਾਕ ਕੱਯਾਨੀ ਅਤੇ ਰਾਸ਼ਟਰਪਤੀ ਜ਼ਰਦਾਰੀ ਨੂੰ ਸੂਚਿਤ ਕਰ ਦਿੱਤਾ। ਬਾਕੀ ਫੌਜ ਨੂੰ ਟੀਵੀ ਖਬਰਾਂ ਤੋਂ ਜਾਣਕਾਰੀ ਮਿਲੀ। ਅਮਰੀਕਾ ਦਾ ਖਿਆਲ ਸੀ ਕਿ ਇਸ ਕਾਰਵਾਈ ਬਾਰੇ ਪਾਕਿਸਤਾਨ ਨੂੰ ਪਹਿਲਾਂ ਭਿਣਕ ਪੈ ਜਾਂਦੀ ਤਾਂ ਆਈ.ਐਸ.ਆਈ ਨੇ ਲਾਦਿਨ ਨੂੰ ਇਧਰ ਉਧਰ ਕਰ ਦੇਣਾ ਸੀ। ਸੀ.ਆਈ.ਏ. ਚੀਫ ਦਾ ਬਿਆਨ ਆਇਆ- ਪਾਕਿਸਤਾਨ ਜਾਂ ਤਾਂ ਲਾਦਿਨ ਨਾਲ ਮਿਲਿਆ ਹੋਇਆ ਸੀ ਜਾਂ ਫਿਰ ਉਸਨੂੰ ਫੜਨ ਵਿਚ ਕਮਜ਼ੋਰ ਸੀ, ਦੋਵਾਂ ਵਿਚੋਂ ਕੋਈ ਵੀ ਗੱਲ ਪਾਕਿਸਤਾਨ ਦੇ ਹੱਕ ਵਿਚ ਨਹੀਂ ਜਾਂਦੀ। ਏਡਾ ਵੱਡਾ ਬੰਦਾ ਸਾਲਾਂ ਬੱਧੀ ਫੌਜ ਦੇ ਹੈਡ ਕੁਆਟਰਾਂ ਵਿਚ ਰਹੀ ਜਾਏ, ਕੀ ਕਿਸੇ ਨੂੰ ਪਤਾ ਨਾ ਲੱਗਾ ਇਥੇ ਕੌਣ ਰਹਿੰਦਾ ਹੈ ? ਉਹ 2005 ਤੋਂ ਇਥੇ ਸੀ ਤੇ ਉਸਦੇ ਦੋ ਬੱਚੇ ਐਬਟਾਬਾਦ ਦੇ ਸਰਕਾਰੀ ਹਸਪਤਾਲ ਵਿਚ ਜੰਮੇ।

ਪਾਕਿਸਤਾਨ ਦੀ ਪੂਰੀ ਬਦਨਾਮੀ ਸੁਣਦਿਆਂ ਅਜਿਹੀਆਂ ਖਬਰਾਂ ਵੀ ਛਪੀਆਂ ਕਿ ਬਿਨ ਲਾਦਿਨ ਤਾਂ ਬਹੁਤ ਸਾਲ ਪਹਿਲੋਂ ਮਾਰ ਕੇ ਅਮਰੀਕਾ ਨੇ ਫਰੀਜ਼ਰ ਵਿਚ ਰੱਖਿਆ ਹੋਇਆ ਸੀ, ਪਾਕਿਸਤਾਨ ਨੂੰ ਬੇਇਜ਼ਤ ਕਰਨ ਲਈ ਹੁਣ ਲਾਸ਼ ਐਬਟਾਬਾਦ ਵਿਚੋਂ ਦੀ ਉਤਾਰ ਕੇ ਲੈ ਗਏ ਹਨ। ਲੋਕ ਪੁੱਛ ਰਹੇ ਸਨ - ਸਰਕਾਰ ਛੇ ਬਿਲੀਅਨ ਡਾਲਰ ਸਾਲਾਨਾ ਫੌਜ ਤੇ ਖਰਚ ਰਹੀ ਹੈ, ਫੌਜ ਕੀ ਕਰ ਰਹੀ ਹੈ ? ਚਾਰ ਅਮਰੀਕਣ ਹੈਲੀਕਾਪਟਰ ਉਤਰੇ, ਸਾਡੇ ਰਡਾਰ ਸੁੱਤੇ ਰਹੇ। ਸੈਕੰਡ ਹੈਂਡ ਰਡਾਰ ਵੇਚ ਦਿਉ, ਇਹ ਟੀਵੀ ਚੈਨਲ ਚਲਾਉਣ ਲਈ ਠੀਕ ਨੇ ਸੁਰੱਖਿਆ ਲਈ ਨਹੀਂ। ਹੁਣ ਜੇ ਭਾਰਤੀ ਜਹਾਜ਼ ਆ ਉਤਰਨ ਤਾਂ ਕੀ ਬਣੇ ? ਫੌਜ ਦੇ ਚੀਫ ਕੱਯਾਨੀ ਅਤੇ ਆਈ.ਐਸ.ਆਈ. ਚੀਫ ਅਹਿਮਦ ਸ਼ੁਜਾ ਪਾਸ਼ਾ ਨੂੰ ਪਾਰਲੀਮੈਂਟ ਦੇ ਸੈਸ਼ਨ ਵਿਚ ਆਪਣਾ ਪੱਖ ਰੱਖਣ ਲਈ ਤਲਬ ਕੀਤਾ ਗਿਆ ਜੋ ਪਾਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ। ਅਮਰੀਕਾ ਦੇ ਲੋਕ ਵੱਖ ਨਜ਼ਲਾ ਝਾੜ ਰਹੇ ਸਨ - ਅਸੀਂ ਸੋਚਦੇ ਰਹੇ ਉਹ ਕਿਧਰੇ ਪਹਾੜੀ ਗੁਫਾ ਵਿਚ ਛੁਪਿਆ ਹੋਵੇਗਾ। ਅੱਠ ਸਾਲ ਵਿਚ ਅਸੀਂ 20 ਬਿਲੀਅਨ ਡਾਲਰ ਪਾਕਿਸਤਾਨ ਨੂੰ ਦਿੱਤੇ, ਉਹ ਇਸ ਵਾਸਤੇ ਦਿੱਤੇ ਕਿ ਫੌਜ ਲਾਦਿਨ ਨੂੰ ਆਪਣੀ ਛੌਣੀ ਵਿਚ ਛਿਪਾਈ ਰੱਖੇ?

ਆਮ ਪਾਕਿਸਤਾਨੀ ਨੂੰ ਇਸ ਬਹਿਸ ਵਿਚ ਕੀ ਦਿਲਚਸਪੀ ਹੋਣੀ ਸੀ, ਧਨਾਡ ਦੇਸ ਨੇ ਫੌਜ ਨੂੰ ਪੈਸਿਆਂ ਨਾਲ ਰਜਾ ਦਿੱਤਾ, ਗਰੀਬ ਆਦਮੀ ਨੂੰ ਇਸ ਨਾਲ ਕੀ ਫਾਇਦਾ ਹੋਇਆ ?

ਅਕਤੂਬਰ 2011 ਵਿਚ ਖਬਰ ਮਿਲੀ ਕਿ ਮਲਾਲਾ ਦੇ ਨਾਮ ਦੀ ਸਿਫਾਰਿਸ਼ ਬੱਚਿਆਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਸੰਸਥਾ ਵਿਚ ਅੰਤਰਰਾਸ਼ਟਰੀ ਅਮਨ ਇਨਾਮ ਵਾਸਤੇ ਭੇਜੀ ਗਈ ਹੈ। ਦੱਖਣੀ ਅਫਰੀਕਾ ਦੇ ਆਰਕਬਿਸ਼ਪ ਨੇ ਸਿਫਾਰਿਸ਼ ਕੀਤੀ ਸੀ ਪਰ ਇਹ ਇਨਾਮ ਉਸਨੂੰ ਮਿਲਿਆ ਨਹੀਂ। ਪੰਜਾਬ ਦੇ ਮੁੱਖ ਮੰਤਰੀ ਨੇ ਮਲਾਲਾ ਨੂੰ ਪੰਜ ਲੱਖ ਦਾ ਚੈਕ ਭੇਂਟ ਕੀਤਾ ਤਾਂ ਕਿ ਕੁੜੀਆਂ ਨੂੰ ਪੜ੍ਹਨ ਲਈ ਪ੍ਰੇਰਨਾ ਦਿੰਦੀ ਰਹੇ। ਪ੍ਰਧਾਨ ਮੰਤਰੀ ਨੇ ਕੇਂਦਰ ਸਰਕਾਰ ਵਲੋਂ ਨੈਸ਼ਨਲ ਅਮਨ ਇਨਾਮ ਦਾ ਸਰਟੀਫਿਕੇਟ ਦਿੱਤਾ। ਇਹ ਪਾਕਿਸਤਾਨ ਸਰਕਾਰ ਵਲੋਂ ਪ੍ਰਦਾਨ ਕੀਤਾ ਪਹਿਲਾ ਪੀਸ ਪ੍ਰਾਈਜ਼

www.punjabilibrary.com

ਸੀ। ਮਾਂ ਇਨ੍ਹਾਂ ਇਨਾਮਾ ਕਿਨਾਮਾ ਤੋਂ ਪ੍ਰੇਸ਼ਾਨ ਹੋ ਜਾਂਦੀ ਕਿਉਂਕਿ ਇਨ੍ਹਾਂ ਸਦਕਾ ਖਤਰਾ ਵਧ ਰਿਹਾ ਸੀ।

ਇਨਾਮ ਦੀ ਰਕਮ ਵਿਚੋਂ ਮਲਾਲਾ ਲਈ ਲੈਪਟੱਪ, ਮੇਜ਼ ਕੁਰਸੀ, ਪਸੰਦੀਦਾ ਕਿਤਾਬਾਂ ਖਰੀਦ ਲਈਆਂ ਤੇ ਸ਼ਾਂਗਲਾ ਪਿੰਡ ਵਿਚ ਇਕ ਛੋਟਾ ਜਿਹਾ ਪਲਾਟ ਲੈ ਲਿਆ। ਇਕ ਦਿਨ ਮਲਾਲਾ ਨੇ ਦੇਖਿਆ ਸੜਕ ਕਿਨਾਰੇ ਸੰਤਰੇ ਵੇਚ ਰਹੀ ਕੁੜੀ ਕਾਗਜ਼ ਤੇ ਲਕੀਰਾਂ ਵਾਹ ਰਹੀ ਸੀ, ਪੁੱਛਿਆ - ਇਹ ਕੀ ਕਰ ਰਹੀ ਹੈਂ। ਉਸਨੂੰ ਲਿਖਣਾ ਨਹੀਂ ਆਉਂਦਾ ਸੀ। ਜਿੰਨੇ ਸੰਤਰੇ ਵਿਕ ਜਾਂਦੇ ਉਨੀਆਂ ਸਿਧੀਆਂ ਲੀਕਾਂ ਵਾਹ ਦਿੰਦੀ। ਫੋਟੋ ਖਿਚ ਕੇ ਅਖਬਾਰ ਨੂੰ ਭੇਜ ਦਿੱਤੀ।

ਕਰਾਚੀ ਸਾਗਰ ਦਾ ਬੀਚ ਦੇਖਣ ਗਏ। ਮਲਾਲਾ ਅਤੇ ਖੁਸ਼ਹਾਲ ਨੇ ਪਹਿਲੀ ਵਾਰ ਸਮੁੰਦਰ ਦੇਖਿਆ, ਸੋਚਣ ਲੱਗੀ - ਸਮੁੰਦਰੋਂ ਪਾਰ ਕੁੜੀਆਂ ਆਪਣੇ ਫੈਸਲੇ ਆਪ ਕਰਦੀਆਂ ਨੇ, ਸਾਡੇ ਦੇਸ ਵਿਚ ਅਜਿਹਾ ਕਦ ਹੋਏਗਾ ? ਅੱਬਾ ਨੇ ਪੁੱਛਿਆ - ਕੀ ਸੋਚ ਰਹੀ ਹੈਂ ਜਾਨੀ ? - ਸਮੁੰਦਰੋਂ ਪਾਰ ਜਾਣ ਬਾਰੇ ਸੋਚ ਰਹੀ ਹਾਂ ਅੱਬੂ। ਅੱਬੂ ਨੇ ਕਿਹਾ - ਅਜੇ ਮੰਜਿਲ ਦੂਰ ਹੈ ਜਾਨੀ। ਖੁਸ਼ਹਾਲ ਕਹਿਣ ਲੱਗਾ - ਮੈਂ ਨੀ ਕਿਤੇ ਜਾਣਾ, ਮੈਨੂੰ ਊਠਾ ਤੇ ਝੂਟਾ ਦਿਵਾਓ।

ਸਿੰਧ ਸਰਕਾਰ ਨੇ ਕਰਾਚੀ ਦੇ ਇਕ ਸਰਕਾਰੀ ਵਿਦਿਆਲੇ ਦਾ ਨਾਮ ਮਲਾਲਾ ਸਕੂਲ ਰੱਖ ਦਿੱਤਾ। ਸ਼ਹਿਰ ਦੇਖਦਿਆਂ ਇਕ ਚੌਕ ਆਇਆ ਜਿਸਦਾ ਨਾਮ ਸੀ ਆਸ਼ਿਕਾਨ ਇ ਰਸੂਲ। ਚੌਕ ਵਿਚ ਗਵਰਨਰ ਸਲਮਾਨ ਤਾਸੀਰ ਦੇ ਕਾਤਲ ਦੀ ਫੋਟੋ ਰੱਖ ਕੇ ਹਾਰ ਪਾਏ ਹੋਏ ਸਨ। ਜ਼ਿਆਦੀਨ ਬੁੜਬੁੜਾਇਆ - ਦੋ ਕਰੋੜ ਦੀ ਵਸੋਂ ਵਾਲੇ ਸ਼ਹਿਰ ਵਿਚ ਇਕ ਵੀ ਬੰਦਾ ਇਸ ਫੋਟੋ ਨੂੰ ਹਟਾ ਨਹੀਂ ਸਕਦਾ। ਜਿਨਾਹ ਦਾ ਮਕਬਰਾ ਦੇਖਿਆ। ਉਸਨੂੰ ਫੇਫੜਿਆਂ ਦਾ ਕੈਂਸਰ ਹੋ ਗਿਆ ਸੀ। ਪੰਜਾਹ ਸਿਗਰਟਾਂ ਰੋਜ਼ ਪੀਂਦਾਂ ਸੀ। ਡਾਕਟਰਾਂ ਨੇ ਉਸਨੂੰ ਜਾਂ ਕਿਸੇ ਹੋਰ ਨੂੰ ਬਿਮਾਰੀ ਬਾਰੇ ਨਹੀਂ ਦੱਸਿਆ। ਆਜ਼ਾਦੀ ਤੋਂ ਸਾਲ ਬਾਦ ਮਰ ਗਿਆ। ਮਾਊਂਟਬੈਟਨ ਨੇ ਕਿਹਾ - ਜੇ ਮੈਨੂੰ ਉਸ ਦੀ ਬਿਮਾਰੀ ਦੀ ਖਬਰ ਹੋ ਜਾਂਦੀ, ਮੈਂ ਸਾਲ ਆਜ਼ਾਦੀ ਹੋਰ ਲੇਟ ਕਰ ਦਿੰਦਾ, ਦੇਸ ਦੇ ਟੋਟੇ ਹੋਣੋ ਬਚ ਜਾਂਦੇ। ਚੋਣਾ ਹੋਈਆਂ, ਪਹਿਲਾ ਪ੍ਰਧਾਨ ਮੰਤਰੀ ਲਿਆਕਤ ਅਲੀ ਤਿੰਨ ਸਾਲ ਬਾਦ ਕਤਲ ਕਰ ਦਿੱਤਾ। ਜਨਮ ਵੇਲੇ ਹੀ ਪਾਕਿਸਤਾਨ ਨੂੰ ਨਜ਼ਰ ਲੱਗ ਗਈ। ਅਣਵੰਡੇ ਹਿੰਦੁਸਤਾਨ ਵਿਚ ਹਿੰਦੂ ਮੁਸਲਿਮ ਆਪਸ ਵਿਚ ਲੜਦੇ ਸਨ। ਦੇਸ ਵੰਡ ਪਿਛੋਂ ਪਖਤੂਨ ਮੁਹਾਜਰਾਂ ਨਾਲ ਲੜਨ ਲੱਗੇ, ਸੁੰਨੀ ਸ਼ੀਆਂ ਨਾਲ ਲੜਦੇ। ਸਿੰਧ ਅਤੇ ਬਲੋਚਿਸਤਾਨ ਕਹਿੰਦੇ ਹਨ ਅਸੀਂ ਆਜ਼ਾਦ ਹੋਣਾ ਹੈ, ਸਾਨੂੰ ਵੱਖ ਕਰੋ।

ਕੁੱਝ ਨੌਜੁਆਨ ਜਿਨਾਹ ਦੇ ਮਕਬਰੇ ਨੇੜੇ ਨਾਹਰੇ ਲਾ ਰਹੇ ਸਨ, ਇਹ ਸਰਾਇਕੀ ਸਨ, ਇਨ੍ਹਾਂ ਦੀ ਮੰਗ ਸੀ ਸਾਡਾ ਵੱਖ ਸੂਬਾ ਬਣਾਉ।

ਸ਼ੀਲਾ ਅੰਜੁਮ ਨਾਂ ਦੀ ਇਕ ਔਰਤ ਪੱਤਰਕਾਰ ਮਿਲੀ ਜੋ ਅਲਾਸਕਾ ਵਿਚ ਰਹਿੰਦੀ ਸੀ। ਉਸਨੇ ਨਿਊਯਾਰਕ ਟਾਈਮਜ਼ ਦੀ ਵੈਬਸਾਈਟ ਉਪਰ ਮਲਾਲਾ ਦੇਖੀ ਹੋਈ ਸੀ। ਗੱਲਾ ਕਰਦਿਆਂ ਅੱਖਾਂ ਨਮ ਹੋ ਗਈਆਂ, ਕਹਿਣ ਲੱਗੀ - ਤੁਹਾਨੂੰ ਪਤੈ ਤਾਲਿਬਾਨ ਨੇ ਮਲਾਲਾ ਨੂੰ ਜਾਨੋ ਮਾਰਨ ਦਾ ਫਤਵਾ ਦੇ ਦਿੱਤਾ ਹੈ? ਇਸ ਮਾਸੂਮ ਕੁੜੀ ਨੂੰ ਮਾਰ ਦੇਣਗੇ। ਕਿਸੇ ਨੂੰ ਪਤਾ ਨਹੀਂ ਸੀ। ਉਸਨੇ ਤਾਲਿਬਾਨ ਦੀ ਸਾਈਟ ਖੋਲ੍ਹ ਕੇ ਦਿਖਾ ਦਿੱਤੀ। ਥੋੜੀ ਦੇਰ ਬਾਦ ਪੁਲਸ ਅਫਸਰ ਦਾ ਫੋਨ ਆਇਆ, ਉਸਨੇ ਇਹੋ ਖਬਰ ਦੁਹਰਾਈ। ਸਾਰੇ ਫਿਕਰਮੰਦ ਹੋ ਗਏ। ਜ਼ਿਆਦੀਨ ਨੇ ਕਿਹਾ - ਮਲਾਲਾ ਆਪਾਂ ਕੁੱਝ ਸਮੇਂ ਲਈ ਕਿਧਰੇ ਟਲ ਜਾਦੇ ਹਾਂ। ਸ਼ਾਇਦ ਚੰਗੇ ਦਿਨ ਪਰਤ ਆਉਣ। ਮਲਾਲਾ ਬੋਲੀ - ਤੁਸੀਂ ਤਾਂ ਦਸਿਆ ਕਰਦੇ ਸੀ ਜੇ ਅਸੂਲ ਵੱਡੇ ਹੋਣ ਤਾਂ ਜੀਵਨ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ, ਮੌਤ ਨਾਲ ਮੰਜ਼ਿਲ ਸਗੋਂ ਜਲਦੀ ਹਾਸਲ ਹੁੰਦੀ ਹੈ। ਪਖਤੂਨ ਖੂਨ ਵਿਚ ਸੂਰਮਗਤੀ ਘੁਲੀ ਹੋਈ ਹੈ।

ਅਪ੍ਰੈਲ 2012 ਦੇ ਇਮਤਿਹਾਨ ਦੇਕੇ ਕੁੜੀਆਂ ਆਪਣੀਆਂ ਉਸਤਾਨੀਆਂ ਅਤੇ ਜ਼ਿਆਦੀਨ ਨਾਲ ਪਿਕਨਿਕ ਲਈ ਗਈਆਂ। ਸਾਰਾ ਦਿਨ ਹਸਦਿਆਂ ਖੇਡਦਿਆਂ ਖਾਂਦਿਆਂ ਪੀਂਦਿਆਂ ਲੰਘਿਆ।

ਘਰ ਆਕੇ ਸੌਂ ਗਏ। ਦੁਧ ਪਾਉਣ ਆਇਆ ਬੰਦਾ ਇਕ ਕਾਗਜ਼ ਫੜਾ ਗਿਆ ਜਿਹੜਾ ਡੇਅਰੀ ਵਾਲੇ ਨੇ ਦਿੱਤਾ ਸੀ। ਲਿਖਿਆ ਸੀ - ਇਥੇ ਖੁਸ਼ਹਾਲ ਨਾਮ ਦਾ ਇਕ ਸਕੂਲ ਹੈ ਜਿਹੜਾ ਲੁੱਚਪੁਚੇ ਦਾ ਅੱਡਾ ਬਣਾ ਗਿਆ ਹੈ। ਹਦੀਸ ਵਿਚ ਨਬੀ ਨੇ ਫੁਰਮਾਇਆ ਹੈ, ਜਦੋਂ ਦੁਰਾਚਾਰ ਦੇਖੋ, ਹਟਾਉ। ਜੇ ਹਟਾ ਨਾ ਸਕੋ ਤਾਂ ਇਸ ਬਾਰੇ ਹੋਰਾਂ ਨੂੰ ਖਬਰ ਕਰੋ, ਇਹ ਵੀ ਨਹੀਂ ਕਰ ਸਕਦੇ ਤਾਂ ਭੁੱਲੋ ਨਾ ਕਿ ਬੁਰਾ ਕੰਮ ਰੋਕਣਾ ਹੈ। ਪ੍ਰਿੰਸੀਪਲ ਨਾਲ ਸਾਡੀ ਦੁਸ਼ਮਣੀ ਨਹੀਂ ਪਰ ਸ਼ਰਾ ਵੱਡੀ ਹੈ। ਪ੍ਰਿੰਸੀਪਲ ਪਿਕਨਿਕ ਦੇ ਨਾਮ ਤੇ ਕੁੜੀਆਂ ਨੂੰ ਕਿਨ੍ਹਾਂ ਕਿਨ੍ਹਾਂ ਅੱਡਿਆਂ ਤੇ ਲਿਜਾਂਦਾ ਹੈ ਤੁਹਾਨੂੰ ਪਤਾ ਨਹੀਂ। ਜੇ ਉਸਨੂੰ ਨਾ ਰੋਕਿਆ ਤਾਂ ਕਿਆਮਤ ਦੇ ਦਿਨ ਤੁਹਾਨੂੰ ਜਵਾਬ ਦੇਣਾ ਪਏਗਾ। ਵਾਈਟ ਪੈਲੇਸ ਹੋਟਲ ਦੇ ਮੈਨੇਜਰ ਨੂੰ ਜਾਕੇ ਪੁੱਛੋ ਇਨ੍ਹਾਂ ਕੁੜੀਆਂ ਨੇ ਕੀ ਕੀ ਕੀਤਾ।

ਮੈਨੇਜਰ ਨੂੰ ਕਿਸਨੇ ਪੁੱਛਣ ਜਾਣਾ ਸੀ ? ਲੋਕਾਂ ਨੂੰ ਸ਼ੱਕ ਹੋ ਜਾਣਾ ਹੈ ਕਿ ਹਾਂ ਕੁੱਝ ਮਾੜੀ ਵਾਰਦਾਤ ਹੋਈ ਹੋਵੇਗੀ। ਬਦਨਾਮੀ ਕਰਨ ਦੀ ਮਨਸ਼ਾ ਹੈ। ਸੋ ਪੂਰੀ ਹੋ ਗਈ ਹੈ। ਸਾਰੇ ਕਸਬੇ ਵਿਚ ਫੋਟੋ ਕਾਪੀਆਂ ਵੰਡੀਆਂ ਗਈਆਂ ਸਨ, ਮਸਜਿਦ ਦੇ ਦਰਵਾਜ਼ੇ ਉਪਰ ਵੱਡੇ ਪੋਸਟਰ ਸਨ।

12 ਜੁਲਾਈ ਨੂੰ ਮਲਾਲਾ 14 ਸਾਲ ਦੀ ਹੋ ਗਈ। ਪਾਕਿਸਤਾਲ ਵਿਚ 14 ਸਾਲ ਦੇ ਬੱਚੇ ਨੂੰ ਬਾਲਗ ਮੰਨਿਆਂ ਜਾਦਾ ਹੈ। ਇਸੇ ਦਿਨ ਖਬਰ ਮਿਲੀ ਕਿ ਸਵਾਤ ਕੰਟੀਨੈਂਟਲ ਹੋਟਲ ਦੇ ਮਾਲਕ ਨੂੰ ਤਾਲਿਬਾਨ ਨੇ ਘਾਤ ਲਾਕੇ ਮਾਰ ਦਿੱਤਾ ਹੈ। ਉਹ ਵੀ ਅਮਨ ਕਮੇਟੀ ਦਾ ਮੈਂਬਰ ਸੀ।

ਅਕਤੂਬਰ 2012 ਦੇ ਇਮਤਿਹਾਨ ਹੋ ਗਏ। ਵਿਹਲੀਆਂ ਹੋਕੇ ਮਲਾਲਾ ਅਤੇ ਉਸਦੀਆਂ ਜਮਾਤਣਾ ਗੀਤ ਗਾਉਣ ਲੱਗੀਆਂ। ਬੱਸ ਦੋ ਚੱਕਰ ਲਾਉਂਦੀ ਸੀ, ਇਹ ਦੂਜੇ ਗੇੜੇ ਜਾਣਗੀਆਂ। ਪੂਰੇ ਬਾਰਾ ਵਜੇ ਬੱਸ ਡ੍ਰਾਈਵਰ ਨੇ ਹਾਰਨ ਵਜਾਇਆ। ਪੰਦਰਾਂ ਕੁੜੀਆਂ ਬੱਸ ਵਿਚ ਜਾ ਚੜ੍ਹੀਆਂ। ਦੋ ਉਸਤਾਨੀਆਂ ਨਾਲ ਸਨ। ਮਿਲਟਰੀ ਚੈੱਕ ਪੋਸਟ ਉਪਰ ਬੱਸ ਹੌਲੀ ਹੋਈ ਤਾਂ ਦੋ ਪਿਸਤੌਲਧਾਰੀ ਜੁਆਨ ਆ ਚੜ੍ਹੇ। ਬਸ ਥੋੜੀ ਅੱਗੇ ਗਈ ਤਾਂ ਡਰਾਈਵਰ ਨੂੰ ਕਿਹਾ - ਬਸ ਰੋਕ, ਸਕੂਲ ਬਾਰੇ ਪੁੱਛ ਪੜਤਾਲ ਕਰਨੀ ਹੈ, ਅਸੀਂ ਪੱਤਰਕਾਰ ਹਾਂ। ਡਰਾਈਵਰ ਨੇ ਕਿਹਾ - ਪੁਛਗਿਛ ਸਕੂਲ ਜਾਕੇ ਕਰੋ, ਇਥੇ ਕੀ ਕੰਮ?

ਤਿੰਨ ਗੋਲੀਆਂ ਦਾਗੀਆਂ, ਇਕ ਮਲਾਲਾ ਨੂੰ ਵੱਜੀ ਇਕ ਇਕ ਦੋ ਹੋਰ ਕੁੜੀਆਂ ਨੂੰ। ਕਾਰਾ ਕਰਕੇ ਭੱਜ ਗਏ। ਪੂਰੀ ਤੇਜ਼ ਸਪੀਡ ਨਾਲ ਡਰਾਇਵਰ ਗੱਡੀ ਨੂੰ ਹਸਪਤਾਲ ਲੈ ਗਿਆ। ਅੱਬੂ ਫਟਾਫਟ ਪੁੱਜ ਗਿਆ। ਲੋਕਾਂ ਦੀ ਭੀੜ ਬਾਹਰ ਖਲੋਤੀ ਸੀ, ਟੀਵੀ ਕੈਮਰਿਆਂ ਵਾਲੇ ਖਲੋਤੇ ਸਨ। ਵਾਹੋਦਾਹੀ ਅੰਦਰ ਗਿਆ। ਖੂਨ ਨਾਲ ਲਥਪਥ ਮਲਾਲਾ ਅੱਖਾਂ ਬੰਦ ਕਰੀ ਲੇਟੀ ਪਈ ਸੀ - ਸ਼ੁਕਰ ਹੈ ਜਿਉਂਦੀ ਹੈ, ਬਚ ਰਹੇਗੀ ? ਮੈਂ ਸੋਚਦਾ ਰਿਹਾ ਮੈਨੂੰ ਮਾਰਨਗੇ, ਇਕ ਤੀਰ ਨਾਲ ਦੋ ਸ਼ਿਕਾਰ, ਮਲਾਲਾ ਮਰ ਜਾਏਗੀ ਤਾਂ ਮੈਂ ਵੀ ਲਾਸ਼ ਬਣ ਜਾਣੈ। ਡਾਕਟਰਾਂ ਨੇ ਦੱਸਿਆ - ਸਕੈਨ ਰਿਪੋਰਟ ਆ ਗਈ ਹੈ, ਦਿਮਾਗ ਦੇ ਲਾਗਿਓਂ ਦੀ ਗੋਲੀ ਲੰਘੀ ਹੈ, ਬਚਾ ਹੋ ਜਾਏਗਾ, ਜ਼ਖਮ ਤੇ ਪੱਟੀ ਬੰਨ੍ਹ ਦਿੱਤੀ ਹੈ।

ਜ਼ਿਆਦੀਨ ਕੋਲ ਮੁਖ ਮੰਤਰੀ ਦਾ ਫੋਨ ਆਇਆ, ''ਪੇਸ਼ਾਵਰ ਲੇਡੀ ਰੀਡਿੰਗ ਹਸਪਤਾਲ ਵਿਚ ਸ਼ਿਫਟ ਕਰ ਰਹੇ ਆਂ, ਫੌਜ ਆਪੇ ਕਰ ਦਏਗੀ ਸਭ ਇੰਤਜ਼ਾਮ। ਆਰਮੀ ਕਮਾਂਡਰ ਨੇ ਸ਼ਾਮ 3 ਵਜੇ ਆਕੇ ਦੱਸਿਆ ਕਿ ਹੈਲੀਕਾਪਟਰ ਪੁੱਜ ਰਿਹੈ।

ਘਰ ਵਿਚ ਔਰਤਾਂ ਆਕੇ ਰੋਣ ਲੱਗੀਆਂ, ਮਾਂ ਨੇ ਕਿਹਾ ਰੋਵੋ ਨਾ, ਨਮਾਜ਼ ਪੜ੍ਹੋ। ਹੈਲੀਕਾਪਟਰ ਘਰ ਦੀ ਛੱਤ ਉਪਰੋਂ ਲੰਘਿਆ ਤਾਂ ਮਾਂ ਨੇ ਚੁੰਨੀ ਦਾ ਪੱਲਾ ਅੱਡ ਕੇ ਕਿਹਾ - ਯਾ ਅੱਲਾਹ, ਅਸੀਂ ਇਹ ਸੋਚ ਕੇ ਗਾਰਦ ਲੈਣੋ ਇਨਕਾਰ ਕਰ ਦਿੱਤਾ ਕਿ ਤੂੰ ਸਾਡਾ ਰਖਵਾਲਾ ਹੈ। ਅਸੀਂ ਤੇਰੇ ਤੇ ਪੂਰਾ ਈਮਾਨ ਲਿਆਂਦਾ। ਹੁਣ ਤੂੰ ਵੀ ਤਰਸ ਕਰੀਂ। ਮੇਰੀ ਧੀ ਨੂੰ ਸਲਾਮਤ ਭੇਜੀਂ, ਉਹ ਤੇਰੀ ਗੋਦ ਵਿਚ ਹੈ ਹੁਣ। ਕਰਨੀ ਪਵੇਗੀ ਵਾਪਸ।

ਹੈਲੀਕਾਪਟਰ ਵਿਚ ਮਲਾਲਾ ਨੇ ਖੂਨ ਦੀ ਉਲਟੀ ਕੀਤੀ। ਜ਼ਿਆਦੀਨ ਘਬਰਾ ਗਿਆ। ਮਲਾਲਾ ਨੇ ਸਕਾਰਫ ਨਾਲ ਆਪੇ ਮੂੰਹ ਪੂੰਝਿਆ, ਮਰੀਅਮ ਨੇ ਕਿਹਾ - ਦੇਖੋ ਹੋਸ਼ ਵਿਚ ਹੈ,

ਆਪਣਾ ਮੂੰਹ ਆਪ ਸਾਫ ਕੀਤੈ। ਚੰਗਾ ਸ਼ਗਨ ਐ। ਹਸਪਤਾਲ ਪੁੱਜ ਕੇ ਸਕੈਨ ਕੀਤਾ। ਗੋਲੀ ਮੋਢੇ ਵਿਚ ਅਟਕੀ ਹੋਈ ਸੀ। ਡ੍ਰਿਪ ਲਾ ਦਿੱਤਾ, ਨਿਊਰੋ ਸਰਜਨ ਨੇ ਕਿਹਾ - ਗੋਲੀ ਕਿਉਂਕਿ ਦਿਮਾਗ ਕੋਲੋਂ ਦੀ ਖਹਿ ਕੇ ਲੰਘੀ ਹੈ, ਹਾਲੇ ਗੋਲੀ ਕੱਢਣ ਲਈ ਆਪ੍ਰੇਸ਼ਨ ਵਾਸਤੇ ਉਡੀਕ ਕਰਨੀ ਪਵੇਗੀ। ਕਿਸੇ ਨੂੰ ਸਮਝ ਨਹੀਂ ਆ ਰਹੀ ਸੀ ਉਡੀਕ ਕਿਉਂ ਕਰਨੀ ਪਏਗੀ। ਰਾਤੀਂ ਡੇਢ ਵਜੇ ਆਪ੍ਰੇਸ਼ਨ ਸ਼ੁਰੂ ਹੋਇਆ। ਅੱਬਾ ਹੱਥ ਵਿਚ ਕੁਰਾਨ ਫੜੀ ਅਰਦਾਸਾਂ ਕਰਦਾ ਰਿਹਾ - ਮੈਨੂੰ ਬੇਸ਼ਕ ਸਹਾਰਾ ਮਾਰੂਥਲ ਵਿਚ ਸੁੱਟ ਦੇ, ਪਿਤਾ ਮੇਰੀ ਧੀ ਦਾ ਵਾਲ ਵਿੰਗਾ ਨਾ ਹੋਵੇ। ਉਸ ਬਿਨਾ ਅਸੀਂ ਮਰ ਜਾਵਾਂਗੇ। ਮੇਰੀ ਬਹਾਦਰ ਧੀ, ਮੇਰੀ ਸੁਹਣੀ ਧੀ ਨੂੰ ਬੇਸ਼ਕ ਅੰਗਹੀਣ ਕਰ ਦੇਈਂ, ਜਾਨ ਰਹਿਣ ਦੇਈਂ।

ਪੰਜ ਘੰਟੇ ਆਪ੍ਰੇਸ਼ਨ ਚੱਲਿਆ। ਚਾਰ ਇੰਚ ਵਰਗਾਕਾਰ ਖੋਪੜੀ ਦੀ ਹੱਡੀ ਕੱਟ ਦਿੱਤੀ, ਦਿਮਾਗ ਦੀ ਸੋਜ਼ ਨੂੰ ਖੁੱਲ੍ਹੀ ਥਾਂ ਚਾਹੀਦਾ ਸੀ। ਇਹ ਟੋਟਾ ਪੇਟ ਨੂੰ ਚੀਰਾ ਦੇਕੇ ਅੰਦਰ ਰੱਖ ਦੇਣਾ ਸੀ। ਖਰਾਬ ਹੋਣ ਤੋਂ ਬਚਾਉਣ ਦਾ ਇਹੋ ਤਰੀਕਾ ਸੀ ਕਿਉਂਕਿ ਫਿਰ ਟਾਂਕੇ ਲਾਕੇ ਉਸੇ ਥਾਂ ਤੇ ਜੋੜਨਾ ਹੈ। ਸਾਹ ਨਾਲੀ ਸਾਫ ਕੀਤੀ, ਆਕਸੀਜਨ ਲਾ ਦਿੱਤੀ। ਗੋਲੀ ਕੱਢ ਕੇ ਪੱਟੀ ਕਰ ਦਿੱਤੀ। ਦੋ ਹੋਰ ਸੀਨੀਅਰ ਡਾਕਟਰਾਂ ਨੇ ਚੈਕਅਪ ਕੀਤਾ ਤੇ ਕਿਹਾ - ਠੀਕ ਹੈ ਮਲਾਲਾ, ਜ਼ਿਆਦੀਨ। ਅਜੇ ਅਸੀਂ ਇਹਨੂੰ ਬੇਹੋਸ਼ੀ ਵਿਚ ਰੱਖਾਂਗੇ ਤਾਂ ਕਿ ਦਿਮਾਗ ਤੇ ਬੋਝ ਨਾ ਪਵੇ।

ਜਦੋਂ ਜ਼ਿੰਦਗੀ ਮੌਤ ਵਿਚਕਾਰ ਘੋਲ ਚੱਲ ਰਿਹਾ ਸੀ, ਤਾਲਿਬਾਨ ਨੇ ਉਸ ਉਪਰ ਹਮਲੇ ਦੀ ਜ਼ਿਮੇਵਾਰੀ ਲੈ ਲਈ। ਬਿਆਨ ਆਇਆ - ਵਿਦਿਆ ਦੇ ਹੱਕ ਵਿਚ ਪ੍ਰਚਾਰ ਕਰਕੇ ਨਹੀਂ, ਉਹ ਸਾਡੀ ਆਲੋਚਨਾ ਕਰਦੀ ਸੀ, ਪੱਛਮੀ ਵਿਦਿਆ ਦੀ ਮੁਰੀਦ ਸੀ। ਜਿਹੜੇ ਸਾਡੇ ਵਿਰੁੱਧ ਜ਼ਬਾਨ ਖੋਲ੍ਹਣਗੇ, ਉਨ੍ਹਾਂ ਦਾ ਇਹੋ ਹਸ਼ਰ ਹੋਵੇਗਾ। ਆਰਮੀ ਚੈੱਕ ਪੁਆਇੰਟ ਨੇੜੇ ਇਸ ਲਈ ਹਮਲਾ ਕੀਤਾ ਕਿ ਅਸੀਂ ਆਰਮੀ ਨੂੰ ਕੁੱਝ ਨਹੀਂ ਸਮਝਦੇ।

ਸਵੇਰ ਸਾਰ ਹਸਪਤਾਲ ਵਿਚ ਕੁੱਝ ਹਿਲਜੁਲ ਹੋਣ ਲੱਗੀ। ਫੌਜੀ ਆਪਣੀਆਂ ਵਰਦੀਆਂ ਠੀਕ ਕਰਨ ਲੱਗੇ। ਆਰਮੀ ਚੀਫ, ਜਨਰਲ ਕੱਯਾਨੀ ਆਇਆ, ਕਿਹਾ - ਜ਼ਿਆਦੀਨ ਸਾਰੇ ਦੇਸ ਦੀਆਂ ਦੁਆਵਾਂ ਤੁਹਾਡੇ ਪਰਿਵਾਰ ਲਈ ਹਨ। ਸਾਲ 2009 ਵਿਚ ਤਾਲਿਬਾਨ ਦਾ ਸਫਾਇਆ ਕਰਨ ਪਿਛੋਂ ਜਰਨੈਲ ਕੱਯਾਨੀ ਨੇ ਸਵਾਤ ਵਿਚ ਸਿਵਲੀਅਨ ਕਾਨਫਰੰਸ ਬੁਲਾਈ ਸੀ। ਉਸ ਵਿਚ ਮਲਾਲਾ ਬੋਲੀ ਸੀ, ਕਿਹਾ ਸੀ - ਸ਼ੁਕਰਾਨਾ ਤੁਹਾਡਾ ਜਰਨੈਲ ਸਾਹਿਬ ਜੋ ਤੁਸੀਂ ਤਾਲਿਬਾਨ ਦਾ ਖਾਤਮਾ ਕੀਤਾ। ਹੁਣ ਲੋੜ ਫੈਜ਼ੁੱਲਾ ਨੂੰ ਗ੍ਰਿਫਤਾਰ ਕਰਨ ਦੀ ਹੈ। ਉਸ ਦਾ ਇਹ ਵਾਕ ਸੁਣਕੇ ਸਰੋਤਿਆਂ ਨੇ ਤਾੜੀਆਂ ਦੀ ਗੂੰਜਾਰ ਪਾ ਦਿੱਤੀ ਸੀ। ਹੁਣ ਕੱਯਾਨੀ ਨੇ ਮਲਾਲਾ ਦੇ ਸਿਰ ਤੇ ਹੱਥ ਰਖਿਆ ਹੋਇਐ, ਜਿਵੇਂ ਪਿਤਾ ਆਪਣੀ ਧੀ ਲਈ ਫਿਕਰਮੰਦ ਹੋਵੇ। ਜਰਨੈਲ ਨੇ ਡਾਕਟਰਾਂ ਨੂੰ ਕਿਹਾ - ਸਕੈਨ ਦੀਆਂ ਰਿਪੋਰਟਾਂ ਦੁਨੀਆਂ ਦੇ ਮਾਹਿਰ ਨਿਊਰੋ ਸਰਜਨਾ ਕੋਲ ਭੇਜ ਕੇ ਸਲਾਹ ਲਵੋ।

ਕ੍ਰਿਕਟੀਅਰ ਇਮਰਾਨਖਾਨ ਖਬਰ ਲੈਣ ਆਇਆ, ਸੂਚਨਾ ਪ੍ਰਸਾਰਨ ਮੰਤਰੀ ਮੀਆਂ ਇਫਤਿਖਾਰ ਹੁਸੈਨ ਆਇਆ, ਮੁੱਖ ਮੰਤਰੀ ਹੈਦਰ ਹੋਤੀ ਆਇਆ। ਕਿਸੇ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਮਿਲੀ।। ਮੁੱਖ ਮੰਤਰੀ ਨੇ ਲੋਕਾਂ ਨੂੰ ਕਿਹਾ - ਧੀਰਜ ਰੱਖੋ, ਮਲਾਲਾ ਨੂੰ ਕੁੱਝ ਨਹੀਂ ਹੋਵੇਗਾ। ਏਨੇ ਕੰਮ ਬਕਾਇਆ ਛੱਡ ਕੇ ਕਿਵੇਂ ਮਰ ਸਕਦੀ ਹੈ ਉਹ ?

ਸ਼ਾਮੀ ਤਿੰਨ ਵਜੇ ਰਾਵਲਪਿੰਡੀ ਤੋਂ ਦੋ ਅੰਗਰੇਜ਼ ਡਾਕਟਰ ਆਏ। ਉਹ ਲੰਡਨ ਤੋਂ ਆਏ ਸਨ। ਸਾਰਾ ਕੁੱਝ ਦੇਖ ਕੇ ਕਿਹਾ - ਆਪ੍ਰੇਸ਼ਨ ਠੀਕ ਹੈ ਪਰ ਰਿਕਵਰੀ ਠੀਕ ਨਹੀਂ, ਜ਼ਖਮਾ ਉਪਰ ਆਕੇ ਖੂਨ ਜਮਣਾ ਚਾਹੀਦਾ ਹੈ। ਕਲੌਟਿੰਗ ਨਹੀਂ ਹੋ ਰਹੀ, ਬਲੱਡ ਪ੍ਰੈਸ਼ਰ ਘੱਟ ਹੈ, ਗੁਰਦੇ ਕੰਮ ਛੱਡ ਗਏ ਹਨ।

ਹੈਲੀਕਾਪਟਰ ਆ ਗਿਆ। ਹਸਪਤਾਲ ਤੋਂ ਮਲਾਲਾ ਨੂੰ ਐਮਬੂਲੈਂਸ ਲੈਕੇ ਨਿਕਲੀ ਤਾਂ ਆਲੇ ਦੁਆਲੇ ਹਥਿਆਰਬੰਦ ਫੌਜੀਆਂ ਦੇ ਮੋਟਰਸਾਈਕਲਾਂ ਨੇ ਰਿੰਗ ਬਣਾ ਲਿਆ। ਹੈਲੀਕਾਪਟਰ ਰਾਵਲਪਿੰਡੀ ਦੇ ਫੌਜੀ ਹਸਪਤਾਲ ਵਿਚ ਜਾ ਉਤਰਿਆ। ਇਸ ਹਸਪਤਾਲ ਵਿਚ ਬਹੁਤ ਸਾਰੇ

ਡਾਕਟਰ ਅਤੇ ਨਰਸਾਂ ਇੰਗਲੈਂਡ ਤੋਂ  ਸਨ। ਫੌਜ ਨੇ ਹਸਪਤਾਲ ਘੇਰਿਆ ਹੋਇਆ ਸੀ, ਛੱਤਾਂ ਤੇ ਪੁਜੀਸ਼ਨਾ ਲੈ ਰੱਖੀਆ ਸਨ। ਮਾਂ ਤੇ ਪਿਉ ਨੂੰ ਇਕ ਮੇਜਰ ਸਮੇਤ ਗਾਰਦ ਦਿੱਤੀ ਗਈ। ਤਾਲਿਬਾਨ ਦੁਬਾਰਾ ਹਮਲਾ ਕਰ ਸਕਦੇ ਹਨ। ਪ੍ਰਧਾਨ ਮੰਤਰੀ ਖਬਰ ਲੈਣ ਆਇਆ, ਉਸਨੂੰ ਅੰਦਰ ਨਹੀਂ ਜਾਣ ਦਿੱਤਾ, ਉਸ ਦੀ ਗਾਰਦ ਵਿਚ ਕੀ ਪਤਾ ਕੋਈ ਤਾਲਿਬ ਹੋਵੇ।

ਸਾਰੀ ਦੁਨੀਆਂ ਇਸ ਹਮਲੇ ਨੇ ਹਿਲਾ ਦਿੱਤੀ। ਯੂ.ਐਨ.ਓ. ਜਨਰਲ ਸਕੱਤਰ ਬਾਨ ਕਿਮੂਨ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਬਿਆਨ ਛਪੇ। ਡਾ. ਫਿਓਨਾ ਨੇ ਦੱਸਿਆ, ਦੁਨੀਆਂ ਦੇ ਬਹੁਤ ਦੇਸਾਂ ਨੇ ਇੱਛਾ ਜ਼ਾਹਰ ਕੀਤੀ ਹੈ ਕਿ ਉਹ ਮਲਾਲਾ ਦਾ ਇਲਾਜ ਕਰਨ ਲਈ ਤਿਆਰ ਹਨ। ਅਮਰੀਕਾ ਦੇ ਜੱਾਨ ਹੱਾਪਕਿਨਜ਼ ਹਸਪਤਾਲ ਨੇ ਮੁਫਤ ਇਲਾਜ ਦੀ ਪੇਸ਼ਕਸ਼ ਕੀਤੀ। ਜਰਮਨੀ, ਸਿੰਗਾਪੁਰ, ਅਰਬ ਅਤੇ ਬਰਤਾਨੀਆਂ ਦੇ ਇਹੋ ਸੁਨੇਹੇ ਆਏ। ਕਿਥੋਂ ਇਲਾਜ ਕਰਵਾਇਆ ਜਾਏ, ਮਾਪਿਆਂ ਨੂੰ ਕੋਈ ਪਤਾ ਨਹੀਂ। ਬਰਤਾਨਵੀ ਡਾਕਟਰ ਅਤੇ ਜਰਨੈਲ ਕੱਯਾਨੀ ਫੈਸਲੇ ਕਰ ਰਹੇ ਸਨ।

ਜਰਨੈਲ ਨੇ ਕਿਹਾ - ਅਮਰੀਕਾ ਨਹੀਂ ਭੇਜਾਂਗੇ, ਸਾਡੇ ਲੋਕ ਅਮਰੀਕਾ ਨੂੰ ਨਫਰਤ ਕਰਦੇ ਨੇ, ਇੰਗਲੈਂਡ ਠੀਕ ਹੈ। ਅਰਬ ਸਰਕਾਰ ਨੇ ਕਿਹਾ - ਸਾਡਾ ਮੈਡੀਕਲ ਜੈਟ ਤੁਹਾਡੇ ਲਈ ਭੇਜ ਦਿੱਤਾ ਹੈ। ਜੈੱਟ ਪੂਰਾ ਹਸਪਤਾਲ ਸੀ। ਹਰੇਕ ਮਸ਼ੀਨ, ਡਾਕਟਰਾਂ ਨਰਸਾਂ ਦੀ ਟੀਮ। ਪੰਦਰਾਂ ਅਕਤੂਬਰ 2012 ਨੂੰ ਸੂਰਜ ਚੜ੍ਹਨ ਤੋਂ ਪਹਿਲੋਂ ਜਹਾਜ਼ ਮਲਾਲਾ ਨੂੰ ਲੈਕੇ ਉਡ ਗਿਆ। ਮਲਾਲਾ ਦਾ ਪਾਸਪੋਰਟ ਬਣ ਗਿਆ। ਮਾਪਿਆਂ ਦੇ ਅਜੇ ਬਣਨੇ ਸਨ, ਕੁੱਝ ਦਿਨ ਮਾਪੇ ਨਹੀਂ ਜਾ ਸਕੇ।

ਬਰਮਿੰਘਮ ਦਾ ਕੁਈਨ ਏਲਿਜ਼ਾਬੇਥ ਹਸਪਤਾਲ ਬਹੁਤ ਮਹਿੰਗਾ ਪਰ ਸ਼ਾਨਦਾਰ ਹੈ। ਇਥੇ ਇੰਟੈਂਸਿਵ ਕੇਅਰ ਯੂਨਿਟ ਵਿਚ ਰੱਖੀ ਗਈ। ਸੋਜ਼ ਘਟਣ ਲੱਗੀ, ਹੋਸ਼ ਪਰਤ ਆਈ। ਸਾਹ ਨਾਲੀ ਵਿਚ ਟਿਊਬ ਪਾਈ ਹੋਣ ਕਰਕੇ ਬੋਲ ਨਹੀਂ ਸਕਦੀ ਸੀ। ਮਾਪੇ, ਭਰਾ ਕਿਵੇਂ ਹਨ, ਕਿਥੇ ਹਨ ? ਉਹ ਕਿਸੇ ਬਾਹਰਲੇ ਦੇਸ ਵਿਚ ਹੈ ਪਰ ਕਿਥੇ ? ਪਤਾ ਨਹੀਂ। ਖੱਬੀ ਅੱਖ, ਖੱਬਾ ਕੰਨ, ਸੁੰਨ ਸਨ, ਦਰਅਸਲ ਸਾਰਾ ਈ ਖੱਬਾ ਪਾਸਾ ਨੁਕਸਦਾਰ ਸੀ। ਖੱਬੇ ਪਾਸੇ ਵਾਲਾ ਨਰਵ ਗੋਲੀ ਨੇ ਕੱਟ ਦਿੱਤਾ ਸੀ। ਨਰਸ ਨੇ ਨੋਟ ਬੁੱਕ ਤੇ ਪੈਨਸਿਲ ਦੇ ਕੇ ਕਿਹਾ - ਕੁੱਝ ਆਖਣਾ ਹੋਵੇ ਲਿਖ ਦਿਆ ਕਰੋ। ਪਹਿਲੀ ਲਿਖਤ ਸੀ - ਮੇਰਾ ਪਿਤਾ ਇਥੇ ਕਿਉਂ ਨਹੀਂ ? ਉਸ ਕੋਲ ਪੈਸੇ ਨਹੀਂ, ਇਹ ਹਸਪਤਾਲ ਮਹਿੰਗਾ ਲਗਦੈ, ਪੈਸੇ ਕੌਣ ਦਏਗਾ? ਉਤਰ ਮਿਲਿਆ - ਪਾਪਾ ਠੀਕ ਹਨ, ਪਾਕਿਸਤਾਨ ਵਿਚ ਹਨ, ਜਲਦੀ ਆ ਜਾਣਗੇ। ਬਿਲਾਂ ਦਾ ਫਿਕਰ ਨਾ ਕਰ। ਪਰ ਮਲਾਲਾ ਨੂੰ ਸੱਚ ਨਹੀਂ ਆਉਂਦਾ ਸੀ। ਸੋਚਦੀ ਰਹੀ - ਕੋਈ ਮੈਨੂੰ ਰਾਤੋਰਾਤ ਇਥੇ ਚੁੱਕ ਲਿਆਇਐ, ਮਾਪੇ ਮੈਨੂੰ ਗਲੀਆਂ ਚੌਕਾਂ ਵਿਚ ਲਭਦੇ ਫਿਰਦੇ ਹੋਣੇ। ਡਾਕਟਰ ਜਦੋਂ ਆਪਸ ਵਿਚ ਹੌਲੀ ਹੌਲੀ ਗੱਲਾਂ ਕਰਦੇ, ਮਲਾਲਾ ਸੋਚਦੀ ਇਹ ਇਕ ਦੂਜੇ ਨੂੰ ਕਹਿ ਰਹੇ ਨੇ- ਇਸ ਕੁੜੀ ਕੋਲ ਪੈਸੇ ਤਾਂ ਹਨ ਨਹੀਂ, ਫਿਰ ਇਲਾਜ ਕੀ ਕਰਨਾ ਹੋਇਆ। ਇਕ ਡਾਕਟਰ ਦਾ ਚਿਹਰਾ ਉਦਾਸ ਦਿਸਦਾ ਸੀ। ਮਲਾਲਾ ਸੋਚਦੀ - ਇਹ ਹਸਪਤਾਲ ਦਾ ਮਾਲਕ ਹੋਣਾ, ਫਿਕਰਮੰਦ ਹੈ ਕਿ ਖਰਚਾ ਹੋਈ ਜਾ ਰਿਹੈ ਕੁੜੀ ਨੇ ਪੈਸੇ ਦੇਣੇ ਨਹੀਂ। ਉਸ ਡਾਕਟਰ ਨੂੰ ਲਿਖਕੇ ਇਕ ਦਿਨ ਪੁੱਛ ਹੀ ਲਿਆ - ਤੁਸੀਂ ਉਦਾਸ ਕਿਉਂ ਹੋ ? ਡਾਕਟਰ ਨੇ ਕਿਹਾ - ਬਿਲਕੁਲ ਉਦਾਸ ਨਹੀਂ। ਫਿਰ ਪੁੱਛਿਆ - ਮੇਰੇ ਇਲਾਜ ਦੇ ਪੈਸੇ ਕੌਣ ਦਏਗਾ ? ਡਾਕਟਰ ਨੇ ਕਿਹਾ - ਸਰਕਾਰ। ਇਸ ਪਿਛੋਂ ਜਦੋਂ ਵੀ ਇਹ ਡਾਕਟਰ ਮਲਾਲਾ ਕੋਲ ਆਉਂਦਾ, ਮੁਸਕਾਉਂਦਾ ਆਉਂਦਾ।

ਸੋਚਣ ਤੋਂ ਇਲਾਵਾ ਕਰਨ ਲਈ ਹੋਰ ਕੀ ਸੀ ਮਲਾਲਾ ਕੋਲ ? ਸੋਚਦੀ - ਹੇਠਾਂ ਜਾਕੇ ਪਾਪਾ ਨੂੰ ਟੈਲੀਫੋਨ ਕਰ ਲਵਾਂ ਪਰ ਕਾਲ ਵਾਸਤੇ ਪੈਸੇ ਨਹੀਂ, ਦੇਸ ਦਾ ਫੋਨ ਕੋਡ ਪਤਾ ਨਹੀਂ। ਛੇਤੀ ਰਾਜੀ ਹੋਕੇ ਕੰਮ ਕਰਨ ਲੱਗਾਂਗੀ, ਮੋਬਾਈਲ ਖਰੀਦ ਕੇ ਪਾਪਾ ਨੂੰ ਫੋਨ ਕਰਾਂਗੀ। ਫਿਰ ਸਾਰੇ ਜਣੇ ਇੱਕਠੇ ਹੋ ਜਾਵਾਂਗੇ।

ਡਾਕਟਰ ਆਇਆ, ਕਿਹਾ- ਦੇਖ ਮਲਾਲਾ ਤੇਰੇ ਲਈ ਮੋਬਾਈਲ ਲੈਕੇ ਆਇਆਂ। ਹੁਣੇ ਤੇਰੀ ਗੱਲ ਅੱਬਾ ਨਾਲ ਕਰਵਾਉਨਾ ਪਰ ਸ਼ਰਤ ਹੈ ਰੋਣਾ ਨਹੀਂ। ਉਸਨੇ ਫੋਨ ਮਿਲਾ ਕੇ ਅੱਬੂ  ਨੂੰ ਦੱਸ

ਦਿੱਤਾ ਕਿ ਮਲਾਲਾ ਗਲ ਸੁਣ ਸਕੇਗੀ ਕਰ ਨਹੀਂ ਸਕਦੀ। ਮਲਾਲਾ ਨੇ ਅੱਬੂ ਦੀ ਆਵਾਜ਼ ਸੁਣੀ ਅੱਖਾਂ ਵਿਚ ਲਿਸ਼ਕ ਆ ਗਈ। ਅੱਬੂ ਨੇ ਕਿਹਾ - ਜਲਦੀ ਆ ਰਿਹਾਂ ਜਾਨੀ। ਹੁਣ ਆਰਾਮ ਕਰ, ਦੋ ਦਿਨਾ ਬਾਦ ਸਾਰੇ ਇਕੱਠੇ ਹੋ ਜਾਵਾਂਗੇ। ਚਿਹਰੇ ਉਪਰ ਨਹੀਂ, ਦਿਲ ਅੰਦਰ ਮੁਸਕਾਨ ਆਈ। ਉਸਦਾ ਖਿਆਲ ਅਜੇ ਵੀ ਅੱਬੂ ਵੱਲ ਚਲਾ ਜਾਂਦਾ, ਪਤੈ ਅੱਬੂ ਕਿਉਂ ਨਹੀਂ ਆਇਆ ? ਉਸ ਕੋਲ ਪੈਸੇ ਨਹੀਂ, ਘਰ ਵੇਚਣ ਲੱਗਾ ਹੋਣਾ, ਪਿੰਡ ਦਾ ਪਲਾਟ ਵੇਚਣਾ ਹੋਣਾ, ਸਕੂਲ ਵੇਚਣਾ ਪੈ ਸਕਦੈ, ਉਹੋ ਸਕੂਲ ਤਾਂ ਕਿਰਾਏ ਦੀ ਇਮਾਰਤ ਹੈ, ਉਹ ਥੋੜਾ ਵਿਕ ਸਕਦੈ। ਘਰ ਅਤੇ ਪਲਾਟ ਵਿਕੇ ਨਹੀਂ ਹੋਣੇ ਤਾਂ ਫਿਰ ਧਨੀ ਲੋਕਾਂ ਕੋਲ ਗੇੜੇ ਕਢਦਾ ਹੋਊ ਕਿ ਕਰਜ਼ਾ ਦੇ ਦਿਉ। ਜਦੋਂ ਪੈਸੇ ਮਿਲੇ ਤਾਂ ਆ ਜਾਊ।

ਇਧਰ ਪਿਤਾ ਦੀ ਆਵਾਜ਼ ਤਾਂ ਮਲਾਲਾ ਨੇ ਸੁਣ ਲਈ ਸੀ ਮਲਾਲਾ ਦੀ ਆਵਾਜ਼ ਮਾਪਿਆਂ ਕੋਲ ਨਹੀਂ ਪੁੱਜੀ। ਭਾਂਤ ਸੁਭਾਂਤੀਆਂ ਖਬਰਾਂ ਮਿਲਦੀਆਂ। ਜ਼ਿਆਦੀਨ ਕੋਲ ਮੇਜਰ ਜਨਰਲ ਗੁਲਾਮ ਕਮਰ ਆਇਆ, ਕਿਹਾ - ਚੰਗੀ ਖਬਰ ਆਈ ਹੈ ਇੰਗਲੈਂਡ ਤੋਂ, ਸਾਡੀ ਧੀ ਬਚ ਗਈ ਹੈ। ਜ਼ਿਆਦੀਨ ਦੀ ਨਹੀਂ, ਮਲਾਲਾ ਦੇਸ ਦੀ ਧੀ ਹੋ ਗਈ। ਜਰਨੈਲ ਨੇ ਦੱਸਿਆ - ਪਰ ਉਸ ਨੂੰ ਨਜ਼ਰ ਦੀ ਸਮੱਸਿਆ ਪੇਸ਼ ਆ ਰਹੀ ਹੈ। ਜ਼ਿਆਦੀਨ ਸੋਚਣ ਲੱਗਾ - ਤਾਂ ਕੀ ਮੇਰੀ ਧੀ ਅੰਨ੍ਹੀ ਹੋ ਗਈ ਹੈ ? ਉਹ ਪੁੱਛਿਆ ਕਰੇਗੀ - ਮੈਂ ਕਿਥੇ ਹਾਂ? ਚਲੋ ਕੋਈ ਗੱਲ ਨੀ, ਮੈਂ ਆਪਣੀ ਇਕ ਅੱਖ ਉਸਨੂੰ ਦੇ ਦਿਆਂਗਾ। ਪਰ ਮੇਰੀ ਨਿਗਾਹ ਵੀ ਘਟ ਗਈ ਹੈ।

ਪੰਜ ਦਿਨਾਂ ਬਾਦ ਸਾਹ ਨਾਲੀ ਸਾਫ ਹੋਣ ਪਿਛੋਂ ਪਾਈਪ ਕੱਢ ਲਈ, ਮਲਾਲਾ ਬੋਲ ਪਈ ਪਰ ਲਗਦਾ ਸੀ ਆਵਾਜ਼ ਕਿਸੇ ਹੋਰ ਦੀ ਹੈ। ਅੱਬਾ ਨਾਲ ਗੱਲ ਕੀਤੀ - ਅੱਬਾ ਮੇਰੀ ਆਵਾਜ਼ ਬਦਲ ਗਈ? ਨਹੀਂ ਜਾਨੀ, ਉਹੀ ਆਵਾਜ਼ ਹੈ, ਬਸ ਥੋੜ੍ਹੇ ਦਿਨਾਂ ਵਿਚ ਬਿਲਕੁਲ ਠੀਕ ਹੋ ਜਾਏਂਗੀ।

ਹਫਤਾ ਬੀਤ ਗਿਆ, ਪਾਸਪੋਰਟ ਨਹੀਂ ਆਏ। ਬੀਵੀ ਨੇ ਜ਼ਿਆਦੀਨ ਨੂੰ ਕਿਹਾ - ਅੱਜ ਵੀ ਪਾਸਪੋਰਟ ਨਾ ਆਏ ਕੱਲ੍ਹ ਤੋਂ ਮੈਂ ਭੁੱਖ ਹੜਤਾਲ ਤੇ ਬੈਠ ਜਾਵਾਂਗੀ। ਜ਼ਿਆਦੀਨ ਨੇ ਇਹ ਗੱਲ ਮੇਜਰ ਨੂੰ ਦੱਸ ਦਿੱਤੀ, ਮੇਜਰ ਘਬਰਾ ਗਿਆ। ਦਸ ਮਿੰਟ ਬਾਦ ਤੇਜ਼ ਕਦਮੀ ਆਇਆ, ਕਿਹਾ - ਦਸ ਮਿੰਟ ਵਿਚ ਇਸਲਾਮਾਬਾਦ ਲਈ ਚੱਲਾਂਗੇ, ਉਥੇ ਕਾਗਜ਼ ਪੱਤਰ ਜਲਦੀ ਮਿਲ ਜਾਣਗੇ।

ਇਸਲਾਮਾਬਾਦ ਵੀ ਸਖਤ ਸੁਰੱਖਿਆ ਪ੍ਰਬੰਧ ਸਨ। ਨਾਈ ਹਜਾਮਤ ਕਰਨ ਆਉਂਦਾ, ਗੰਨਮੈਨ ਨਿਸ਼ਾਨਾ ਸੇਧੀ ਰਖਦਾ, ਉਸਤਰੇ ਨਾਲ ਕਿਤੇ ਗਲ ਈ ਨਾ ਕੱਟ ਲਏ। ਕੋਈ ਤਾਲਿਬਾਨ ਹੋਇਆ ਫੇਰ? ਦੇਰੀ ਇਸ ਕਰਕੇ ਹੋ ਰਹੀ ਸੀ ਕਿਉਂਕਿ ਗ੍ਰਹਿ ਮੰਤਰੀ ਰਹਿਮਾਨ ਮਲਿਕ ਵੀ ਨਾਲ ਜਾਣਾ ਚਾਹੁੰਦਾ ਸੀ ਤੇ ਇਕੱਠਿਆਂ ਪ੍ਰੈੱਸ ਕਾਨਫਰੰਸ ਕਰਨੀ ਹੋਵੇਗੀ। ਨਾਲੇ ਇਹ ਪ੍ਰਬੰਧ ਵੀ ਕਰਨਾ ਹੈ ਕਿ ਜ਼ਿਆਦੀਨ ਪਰਿਵਾਰ ਬਰਤਾਨੀਆਂ ਤੋਂ ਕਿਤੇ ਸਿਆਸੀ ਪਨਾਹ ਨਾ ਮੰਗ ਲਵੇ। ਇਸ ਨਾਲ ਸਰਕਾਰ ਦੀ ਬਹੁਤ ਬਦਨਾਮੀ ਹੋਵੇਗੀ।

ਅੱਬੂ ਨੇ ਜਦੋਂ ਮਲਾਲਾ ਨੂੰ ਦੱਸਿਆ ਕਿ ਦੋ ਦਿਨਾਂ ਵਿਚ ਆ ਜਾਵਾਂਗੇ ਤਾਂ ਬੋਲੀ - ਮੇਰਾ ਬਸਤਾ ਲਿਆਉਣਾ ਨਾ ਭੁੱਲਿਓ। ਜੇ ਸਵਾਤ ਨਹੀਂ ਜਾ ਸਕਦੇ, ਨਵੀਂਆਂ ਕਿਤਾਬਾਂ ਖਰੀਦ ਲਿਆਉ। ਮਾਰਚ ਵਿਚ ਇਮਤਿਹਾਨ ਹਨ। ਇਸ ਵਾਰ ਫਸਟ ਆਉਣਾ ਹੈ, ਪਿਛਲੀ ਵਾਰ ਸੈਕੰਡ ਰਹਿ ਗਈ ਸਾਂ।

ਮਲਾਲਾ ਨੇ ਇਕ ਦਿਨ ਨਰਸ ਨੂੰ ਪੁੱਛਿਆ - ਮੇਰਾ ਪੇਟ ਇਸ ਥਾਂ ਤੋਂ ਸਖਤ ਕਿਉਂ ਹੈ ? ਨਰਸ ਨੇ ਦੱਸਿਆ ਖੋਪੜੀ ਦਾ ਟੁਕੜਾ ਕੱਟ ਕੇ ਰੱਖਿਆ ਹੋਇਐ। ਇਕ ਦਿਨ ਨਰਸ ਕੁੱਝ ਗਿਫਟ ਲਿਆਈ। ਇਹ ਕਿਸਨੇ ਭੇਜੀਆਂ ਨੇ ? ਨਰਸ ਹੱਸ ਪਈ, ਅੱਠ ਹਜ਼ਾਰ ਖਤ ਸ਼ੁਭ ਇੱਛਾਵਾਂ ਦੇ ਆਏ ਪਏ ਨੇ ਸਾਰੀ ਦੁਨੀਆਂ ਵਿਚੋਂ। ਬਹੁਤੇ ਤੁਹਫੇ ਬੱਚਿਆਂ ਨੇ ਭੇਜੇ। ਕਮਰਾ ਭਰਿਆ ਪਿਆ ਸੀ। ਕਈਆਂ ਨੇ ਸਿਰਨਾਵਾਂ ਇਹ ਲਿਖਿਆ ਸੀ - ਮਲਾਲਾ, ਬਰਸਿੰਘਮ ਹਸਪਤਾਲ। ਇਕ ਸਿਰਨਾਵਾਂ ਇਹ ਵੀ ਸੀ - ਬਰਸਿੰਘਮ ਵਿਚਲੀ ਕੁੜੀ ਲਈ ਜਿਸ ਦੇ ਸਿਰ ਵਿਚ ਗੋਲੀ ਲੱਗੀ। ਇਹ ਕਾਰਡ

www.punjabilibrary.com

ਵੀ ਟਿਕਾਣੇ ਪੁੱਜ ਗਿਆ। ਕਈਆਂ ਨੇ ਗੋਦ ਲੈਣ ਦੀ ਇੱਛਾ ਪ੍ਰਗਟ ਕੀਤੀ। ਸਭ ਤੋਂ ਸੁਹਣਾ ਤੁਹਫਾ ਬੇਨਜ਼ੀਰ ਦੇ ਬੱਚਿਆਂ ਬਿਲਾਵਲ ਤੇ ਬਖਤਾਵਾਰ ਨੇ ਭੇਜਿਆ, ਆਪਣੀ ਮਰਹੂਮ ਮਾਂ ਦੇ ਦੋ ਸ਼ਾਲ। ਮਲਾਲਾ ਨੇ ਨੱਕ ਨਾਲ ਲਾਕੇ ਸੁੰਘੇ, ਇਹ ਜਾਣਨ ਲਈ ਕਿ ਬੇਨਜ਼ੀਰ ਕਿਹੜਾ ਸੈਂਟ ਵਰਤਦੀ ਸੀ। ਧਿਆਨ ਨਾਲ ਦੇਖਿਆ, ਇਕ ਲੰਮਾ ਕਾਲਾ ਵਾਲ ਦਿਸਿਆ, ਮੱਥੇ ਨਾਲ ਲਾਕੇ ਡੱਬੀ ਵਿਚ ਪਾ ਲਿਆ।

ਬਰਤਾਨੀਆਂ ਦੇ ਸਾਬਕ ਪ੍ਰਧਾਨ ਮੰਤਰੀ ਤੇ ਹੁਣ ਯੂ.ਐਨ.ਓ ਦੇ ਵਿਦਿਆ ਪ੍ਰਸਾਰਣ ਵਿੰਗ ਦੇ ਇੰਚਾਰਜ ਗੋਰਡਨ ਬ੍ਰਾਊਨ ਨੇ ਇਕ ਸਕੀਮ ਲਾਂਚ ਕੀਤੀ ਜਿਸ ਦਾ ਨਾਮ ਰੱਖਿਆ - ਆਈ ਐਮ ਮਲਾਲਾ। ਜਿਹੜਾ ਬੱਚਾ ਇਹ ਵਾਕ ਬੋਲੇ, ਸਮਝਿਆ ਜਾਵੇ ਕਿ ਉਹ ਪੜ੍ਹਨ ਦਾ ਇੱਛੁਕ ਹੈ, ਉਸ ਦੀ ਮਦਦ ਕੀਤੀ ਜਾਵੇ। ਸਰ ਓਲਫ ਕਾਰੀ ਸਵਾਤ ਵਿਚ ਇੰਗਲੈਂਡ ਦਾ ਆਖਰੀ ਗਵਰਨਰ ਸੀ। ਉਸ ਦੀ ਪੋਤੀ ਨੇ ਖਤ ਵਿਚ ਲਿਖਿਆ - ਮਲਾਲਾ ਮੈਨੂੰ ਪਸ਼ਤੋ ਨਹੀਂ ਆਉਂਦੀ। ਮੇਰੇ ਬਾਬਾ ਆਰਾਮ ਨਾਲ ਬੋਲ ਲੈਂਦੇ ਸਨ। ਪਛਤਾਵਾ ਹੈ ਸਿਖ ਨਾ ਸਕੀ, ਤੈਨੂੰ ਪਸ਼ਤੋ ਵਿਚ ਖਤ ਲਿਖਣ ਨੂੰ ਦਿਲ ਕੀਤਾ। ਮੈਡੋਨਾ ਨੇ ਇਕ ਗੀਤ ਮਲਾਲਾ ਲਈ ਗਾਇਆ ਅਤੇ ਸਮਰਪਿਤ ਕੀਤਾ। ਮਲਾਲਾ ਨੂੰ ਅਭਿਨੇਤਰੀਆਂ ਵਿਚੋਂ ਸਭ ਤੋਂ ਵਧੀਆ ਏਂਜਲਿਨਾ ਜੌਲੀ ਲਗਦੀ ਸੀ - ਲਉ, ਏਂਜਲਿਨਾ ਦਾ ਖਤ ਆ ਗਿਆ।

ਮਾਪੇ ਬਰਸਿੰਘਮ ਪੁੱਜ ਗਏ। ਮਲਾਲਾ ਨੂੰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇੰਟੈਂਸਿਵ ਕੇਅਰ ਯੂਨਿਟ ਵਿਚੋਂ ਬਦਲ ਕੇ ਕਮਰੇ ਵਿਚ ਲੈ ਆਏ। ਤਾਕੀ ਖੋਲ੍ਹ ਦਿੱਤੀ। ਪਹਿਲੀ ਵਾਰ ਇੰਗਲੈਂਡ ਦੇਖਿਆ, ਪਰ ਇਹ ਕੀ ? ਪਹਾੜੀਆਂ ਕਿਉਂ ਨਹੀਂ ? ਏਨੀ ਧੁੰਦ ਕਿਉਂ ਹੈ ? ਬੈੱਡ ਦਾ ਸਿਰਹਾਣੇ ਵੱਲ ਦਾ ਪਾਸਾ ਉਚਾ ਚੁੱਕ ਦਿਤਾ ਸੀ ਤਾਂ ਕਿ ਇਉਂ ਲੱਗੇ ਜਿਵੇਂ ਬੈਠ ਕੇ ਗੱਲਾਂ ਕਰ ਰਹੀ ਹੈ। ਸੋਲਾਂ ਦਿਨਾਂ ਦਾ ਵਿਛੋੜਾ ਸੋਲਾਂ ਸਾਲ ਵਰਗਾ ਲੱਗਾ। ਮਾਂ ਨੇ ਮੇਰੀ ਪਿਸ਼ੋ ਕਹਿਕੇ ਮੱਥਾ ਚੁੰਮਿਆਂ, ਅੱਬੂ ਨੇ ਬਾਂਹ ਫੜ ਕੇ ਜਾਨੀ ਕਿਹਾ ਤਾਂ ਖੂਬ ਰੋਈ। ਗਰਦਣ ਵਿਚ ਲੰਮ ਸਲੰਮੀਆਂ ਸੂਈਆਂ ਗੱਡ ਦਿੱਤੀਆਂ ਸਨ, ਸਿਰ ਦੇ ਟਾਂਕੇ ਕੱਟੇ ਸਨ, ਰੋਈ ਨਹੀਂ ਸੀ। ਹੁਣ ਵਸ ਵਿਚ ਨਹੀਂ। ਮਾਂ ਪਿਉ ਖੂਬ ਰੋਏ। ਦੋਵੇਂ ਭਰਾ ਆ ਗਏ - ਤੂੰ ਯਾਦ ਆਉਂਦੀ ਰਹੀ ਮਲਾਲਾ। ਪਰ ਛੇਤੀ ਮਲਾਲਾ ਨੂੰ ਭੁੱਲ ਕੇ ਉਸਕੇ ਖਿਡੌਣਿਆਂ ਦੁਆਲੇ ਹੋ ਗਏ। ਖੁਸ਼ਹਾਲ ਨੇ ਲੈਪਟਾਪ ਉਤੇ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ।

ਲੰਮੇ ਸਫਰ ਵਿਚਲਾ ਥਕੇਵਾਂ ਤਾਂ ਹੈ ਹੀ ਸੀ, ਆਪਣੀ ਧੀ ਦੀ ਸ਼ਕਲ ਦੇਖਕੇ ਹੋਰ ਉਦਾਸ ਹੋਏ। ਡਾਕਟਰ ਨੇ ਬਾਹਰ ਹੀ ਦੱਸ ਦਿੱਤਾ ਸੀ - ਸੰਭਲ ਕੇ। ਅਜੇ ਦਸ ਪ੍ਰਤੀਸ਼ਤ ਠੀਕ ਹੋਈ ਹੈ, ਨੱਬੇ ਪ੍ਰਤੀਸ਼ਤ ਇਲਾਜ ਬਕਾਇਆ ਹੈ। ਉਨ੍ਹਾਂ ਨੂੰ ਪਤਾ ਨਹੀਂ ਸੀ ਮਲਾਲਾ ਦਾ ਅੱਧਾ ਚਿਹਰਾ ਸੁੰਨ ਹੈ, ਮੁਸਕਰਾ ਨਹੀਂ ਸਕਦੀ। ਖੱਬੀ ਅੱਖ ਸੁੱਜੀ ਹੋਈ ਸੀ ਤੇ ਖੱਬੇ ਪਾਸੇ ਦਾ ਮੂੰਹ ਜਿਵੇਂ ਕਿਸੇ ਨੇ ਹੇਠਾਂ ਖਿੱਚ ਦਿੱਤਾ ਹੋਵੇ। ਇਸ ਪਾਸੇ ਦਾ ਕੰਨ ਬੰਦ ਸੀ। ਬਾਹਰ ਆਕੇ ਜ਼ਿਆਦੀਨ ਨੇ ਬੀਵੀ ਨੂੰ ਕਿਹਾ - ਅੱਖ ਚਲੀ ਜਾਂਦੀ ਮੈਂ ਆਪਣੀ ਅੱਖ ਦੇ ਦਿੰਦਾ, ਗੁਰਦਾ ਫੇਲ ਹੋ ਜਾਂਦਾ ਮੈਂ ਗੁਰਦਾ ਦੇ ਦਿੰਦਾ। ਤਾਲਿਬਾਨ ਨੇ ਮੇਰੀ ਧੀ ਤੋਂ ਮੁਸਕਾਨ ਖੋਹ ਲਈ ਹੈ, ਮੈਂ ਆਪਣੀ ਮੁਸਕਾਨ ਉਸਦੇ ਹੋਠਾਂ ਤੇ ਕਿਵੇਂ ਰੱਖਾਂ ?

ਡਾਕਟਰ ਦੇਖ ਰਹੇ ਸਨ ਕਿ ਜੇ ਨਰਵ ਜ਼ਖਮੀ ਹੋ ਗਿਆ ਹੋਇਆ ਤਾਂ ਆਪੇ ਰਾਜ਼ੀ ਹੋਕੇ ਕੰਮ ਕਰਨ ਲੱਗ ਜਾਵੇਗਾ। ਪਰ ਜੇ ਕੱਟਿਆ ਗਿਆ ਤਾਂ ਆਪ੍ਰੇਸ਼ਨ ਕਰਕੇ ਜੋੜਨਾ ਪਵੇਗਾ। ਜਿਨ੍ਹਾਂ ਤਿੰਨ ਦੇਸਾਂ ਨੇ ਮਲਾਲਾ ਦੀ ਮਦਦ ਕੀਤੀ ਉਨ੍ਹਾਂ ਦੇ ਲੀਡਰ ਮਿਲਣ ਆਏ। ਪਾਕਿਸਤਾਨ ਦਾ ਗ੍ਰਹਿਮੰਤਰੀ ਰਹਿਮਾਨ ਮਲਿਕ, ਬਰਤਾਨੀਆਂ ਦਾ ਵਿਦੇਸ ਮੰਤਰੀ ਵਿਲੀਅਮ ਹੇਗ ਤੇ ਅਰਬ ਦਾ ਵਿਦੇਸ ਮੰਤਰੀ ਅਬਦੁੱਲਾ ਬਿਨ ਜ਼ੈਦ। ਡਾਕਟਰਾਂ ਨੇ ਮਲਾਲਾ ਨੂੰ ਮਿਲਣ ਦੀ ਆਗਿਆ ਨਾਂ ਦਿੱਤੀ। ਜ਼ਿਆਦੀਨ ਨੂੰ ਮਿਲ ਕੇ ਪਰਤ ਗਏ।

ਰਹਿਮਾਨ ਮਲਿਕ ਨੇ ਜ਼ਿਆਦੀਨ ਨੂੰ ਦੱਸਿਆ - ਜਿਸ ਮੁੰਡੇ ਨੇ ਗੋਲੀ ਮਾਰੀ, ਉਸਦੀ ਸ਼ਨਾਖਤ ਹੋ ਗਈ ਹੈ। ਤਾਲਿਬਾਨ ਵਿਚੋਂ ਅੱਤਾਉਲਾ ਖਾਨ ਹੈ, 2009 ਵਿਚ ਫੜਿਆ ਗਿਆ ਸੀ ਪਰ ਤਿੰਨ ਮਹੀਨਿਆਂ ਬਾਦ ਰਿਹਾ ਕਰ ਦਿੱਤਾ। ਫਿਜ਼ਿਕਸ ਵਿਚ ਡਿਗਰੀ ਕੀਤੀ ਹੋਈ ਹੈ। ਸਿਰ ਦਾ ਦਸ ਲੱਖ ਡਾਲਰ ਇਨਾਮ ਰੱਖਿਐ। ਜਲਦੀ ਫੜ ਲਵਾਂਗੇ। ਜ਼ਿਆਦੀਨ ਚੁੱਪ ਰਿਹਾ, ਬੇਨਜ਼ੀਰ ਭੁੱਟੋ ਦੇ ਕਾਤਲ ਨਹੀਂ ਫੜੇ, ਜ਼ਿਆਉਲਹੱਕ ਦੇ ਕਾਤਲ ਨਹੀਂ ਫੜੇ, ਲਿਆਕਤੀ ਅਲੀ ਦੇ ਕਾਤਲ ਨਹੀਂ ਫੜੇ ਗਏ, ਮਲਾਲਾ ਦੇ ਕਿਵੇਂ ਫੜੇ ਜਾਣਗੇ ?

11 ਨਵੰਬਰ ਨੂੰ ਦੁਨੀਆਂ ਦੇ ਪ੍ਰਸਿਧ ਨਿਊਰੋ ਸਰਜਨ ਰਿਚਰਡ ਇਰਵਿਨ ਨੇ ਕੱਟੀ ਨਰਵ ਦਾ ਆਪ੍ਰੇਸ਼ਨ ਕੀਤਾ। ਏਨਾ ਬਰੀਕ ਕੰਮ ਸੀ ਕਿ ਸਾਢੇ ਅੱਠ ਘੰਟੇ ਲੱਗੇ। ਇਕ ਇੰਚ ਨਰਵ ਉਡ ਚੁੱਕਿਆ ਸੀ, ਦੁਬਾਰਾ ਜੋੜਿਆ ਗਿਆ, ਕੰਨ ਦਾ ਪਰਦਾ ਜ਼ਖਮੀ ਸੀ, ਠੀਕ ਕੀਤਾ। ਡਾ. ਇਰਵਿਨ ਨੇ ਦੱਸਿਆ - ਵੀਹ ਸਾਲ ਵਿਚ ਏਨਾ ਬਰੀਕ ਆਪ੍ਰੇਸ਼ਨ ਪਹਿਲੀ ਵਾਰ ਕੀਤਾ ਤੇ 86 ਪ੍ਰਤੀਸ਼ ਰਿਕਵਰੀ ਹੋਈ ਹੈ। ਬਾਕੀ ਸਮੇਂ ਨਾਲ ਹੋ ਜਾਵੇਗੀ। ਤਾਂ ਵੀ ਮਲਾਲਾ ਪਹਿਲਾਂ ਵਰਗੀ ਨਹੀਂ ਹੋ ਸਕੇਗੀ। ਡਾਕਟਰ ਨੇ ਕਿਹਾ - ਜਿਹੜੀ ਕਹਾਣੀ ਕੱਲ੍ਹ ਪੜ੍ਹੀ ਸੀ, ਸੁਣਾ। ਸੁਣਾ ਦਿੱਤੀ। ਯਾਦਦਾਸ਼ਤ ਇਕ ਦਮ ਸਹੀ ਹੈ। ਡਾਕਟਰ ਹਰ ਤਰ੍ਹਾਂ ਦੀ ਕਸਰਤ ਦੱਸ ਗਿਆ ਸੀ, ਜਬਾੜੇ ਦੀ, ਅੱਖ ਝਪਕਣ ਦੀ, ਮੋਢੇ ਦੀ, ਗਰਦਣ ਦੀ। ਤੇਜ਼ੀ ਨਾਲ ਤੰਦਰੁਸਤ ਹੋਣ ਲੱਗੀ, ਠੀਕ ਦਿਸਣ ਠੀਕ ਸੁਣਨ ਲੱਗ ਪਿਆ।

6 ਦਸੰਬਰ ਨੂੰ ਪੁੱਛਿਆ - ਮਲਾਲਾ ਅੱਜ ਤੈਨੂੰ ਹਸਪਤਾਲੋਂ ਬਾਹਰ ਭੇਜਣਾ ਹੈ, ਕੀ ਦੇਖਣੈ। ਮਲਾਲਾ ਨੇ ਕਿਹਾ - ਕੁਦਰਤੀ ਨਜ਼ਾਰੇ ਚੰਗੇ ਲਗਦੇ ਨੇ। ਠੀਕ ਹੈ, ਬੋਟਾਨੀਕਲ ਗਾਰਡਨ ਹਸਪਤਾਲ ਦੇ ਨੇੜੇ ਹੀ ਹੈ। ਦੋ ਬੰਦੇ ਸਹਾਇਕ ਹੋਣਗੇ। ਕਾਰ ਦੀ ਪਿਛਲੀ ਸੀਟ ਦੇ ਵਿਚਕਾਰ ਮਲਾਲਾ ਬਿਠਾਈ, ਤਾਕੀਆਂ ਵਾਲੇ ਪਾਸੇ ਬੰਦੇ। ਮਲਾਲਾ ਨੇ ਕਿਹਾ - ਮੈਂ ਤਾਕੀ ਵਾਲੇ ਪਾਸੇ ਬੈਠਣੈ, ਮੈਂ ਬਾਹਰ ਦੇਖਣੈ। ਡਾਕਟਰ ਨੇ ਕਿਹਾ - ਨਹੀਂ, ਤੇਰਾ ਸਿਰ ਕੰਧ ਨਾਲ ਟਕਰਾਉਣਾ ਨਹੀਂ ਚਾਹੀਦਾ, ਵਿਚਕਾਰ ਬੈਠ। ਬਹੁਤ ਸੁਹਣਾ ਬਾਗ ਦੇਖਿਆ। ਖੁਸ਼ ਰਹੀ। ਕੈਫੇ ਵਿਚ ਖਾਧਾ ਪੀਤਾ।

ਇਸ ਤੋਂ ਦੋ ਦਿਨ ਬਾਦ ਰਾਸ਼ਟਰਪਤੀ ਜ਼ਰਦਾਰੀ ਆਇਆ। ਡਾਕਟਰਾਂ ਦੀ ਇੱਛਾ ਸੀ ਕਿ ਨਾ ਮਿਲੇ, ਅਖਬਾਰ ਨਵੀਸ ਫਲੈਸ਼ ਤੇ ਫਲੈਸ਼ ਮਾਰਨਗੇ ਪਰ ਉਹ ਮਿਲਕੇ ਗਿਆ। ਦੋ ਲੱਖ ਪੌਂਡ ਦਾ ਬਿਲ ਬਣਿਆ, ਜ਼ਰਦਾਰੀ ਨੇ ਸਰਕਾਰ ਵਲੋਂ ਦਿੱਤਾ। ਸ਼ਹਿਰ ਵਿਚਕਾਰ ਇਕ ਫਲੈਟ ਲੈ ਦਿੱਤਾ, ਕਿਹਾ - ਜ਼ਿਆਦੀਨ ਮੈਨੂੰ ਪਤੈ ਹਾਲਾਤ ਠੀਕ ਨਹੀਂ, ਤੁਹਾਡਾ ਵਾਪਸ ਦੇਸ ਜਾਣਾ ਠੀਕ ਨਹੀਂ ਪਰ ਸਿਆਸੀ ਸ਼ਰਣ ਨਹੀਂ ਲੈਣੀ। ਮੈਂ ਆਪਣੇ ਇਥੋਂ ਦੇ ਦੂਤਾਵਾਸ ਨਾਲ ਤੁਹਾਨੂੰ ਐਜੁਕੇਸ਼ਨ ਅਟੈਚੀ ਨਿਯੁਕਤ ਕਰ ਦਿੰਨਾ। ਤਨਖਾਹ ਵੀ ਮਿਲੂ, ਸੁਰੱਖਿਆ ਵੀ, ਡਿਪਲੋਮੈਟਿਕ ਪਾਸਪੋਰਟ ਇਸ਼ੂ ਕਰ ਦਿੱਤੇ, ਕਿਸੇ ਵੀ ਦੇਸ ਵਿਚ ਜਾ ਸਕਦੇ ਹੋ, ਰਹਿ ਸਕਦੇ ਹੋ।

ਜ਼ਰਦਾਰੀ, ਮਲਾਲਾ ਲਈ ਗੁਲਦਸਤਾ ਲਿਆਇਆ, ਉਸ ਦੀ ਧੀ ਆਸਿਫਾ ਵੀ ਨਾਲ ਆਈ। ਗੋਰਡਨ ਬ੍ਰਾਊਨ ਨੇ ਕਿਹਾ - ਯੂ.ਐਨ.ਓ. ਵਿਚ ਵੀ ਤੁਸੀਂ ਸਾਡੇ ਸਲਾਹਕਾਰ ਰਹੋਗੇ ਜ਼ਿਆਦੀਨ। ਜ਼ਰਦਾਰੀ ਨੇ ਕਿਹਾ - ਤੂੰ ਪਾਕਿਸਤਾਨ ਦੀ ਧੀ ਪਾਕਿਸਤਾਨ ਦੀ ਸ਼ਾਨ ਹੈਂ ਮਲਾਲਾ। ਇਥੇ ਤੇਰੀ ਪੜ੍ਹਾਈ ਦਾ ਇੰਤਜਾਮ ਕਰਾਂਗੇ ਇੰਗਲੈਂਡ ਵਿਚ। ਲੋਕਾਂ ਨੇ ਖਬਰਾਂ ਪੜ੍ਹੀਆਂ, ਕਈਆਂ ਨੇ ਕਿਹਾ ਸ਼ੁਹਰਤ ਦੀ ਭੁੱਖੀ ਸੀ, ਮਸ਼ਹੂਰੀ ਮਿਲ ਗਈ, ਕਈਆਂ ਕਿਹਾ ਵਲੈਤ ਜਾਣ ਵਾਸਤੇ ਡਰਾਮਾ ਕਾਮਯਾਬ ਹੋ ਗਿਆ। ਕੋਈ ਆਖ ਦਿੰਦਾ ਗੋਲੀ ਲੱਗੀ ਹੀ ਨਹੀਂ, ਮਨਘੜਤ ਖਬਰਾਂ ਨੇ।

ਜਨਵਰੀ 2013 ਦੇ ਪਹਿਲੇ ਹਫਤੇ ਹਸਪਤਾਲੋਂ ਛੁੱਟੀ ਹੋਈ, ਪਰਿਵਾਰ ਘਰ ਵਿਚ ਇੱਕਠਾ ਹੋ ਗਿਆ। ਖੁਸ਼ਹਾਲ ਨਵੀਆਂ ਚੀਜ਼ਾਂ ਦੇਖਕੇ ਖੁਸ਼ ਸੀ ਪਰ ਦੋਸਤ ਕੋਈ ਨਹੀਂ। ਅਟਲ ਖੁਸ਼ ਕਿ ਸਕੂਲ ਨਹੀਂ ਜਾਣਾ ਪੈਂਦਾ। ਥੋੜੀ ਥੋੜੀ ਦੂਰ ਤੱਕ ਪੈਦਲ ਸੈਰ ਕਰਨ ਜਾਂਦੇ। ਬਰਫਬਾਰੀ ਹੋ ਰਹੀ ਹੁੰਦੀ, ਗੋਰੀਆਂ ਨੰਗੀਆਂ ਲੱਤਾਂ ਨਾਲ ਹਾਈ ਹੀਲ ਤੇ ਤੁਰਦੀਆਂ ਦੇਖ ਕੇ ਜ਼ਿਆਦੀਨ ਦੀ ਬੀਵੀ

ਸ਼ਰਮਿੰਦਗੀ ਮਹਿਸੂਸ ਕਰਦੀ - ਇਨ੍ਹਾਂ ਦੀਆਂ ਲੱਤਾਂ ਲੋਹੇ ਦੀਆਂ ਬਣੀਆਂ ਹੋਈਆਂ ਨੇ ਠੰਢ ਹੀ ਨਹੀਂ ਲਗਦੀ ?

ਮਿੰਗੋਰਾ ਦੇ ਖੁਸ਼ਹਾਲ ਸਕੂਲ ਵਿਚ ਕਲਾਸ ਲਗਦੀ, ਇਕ ਕੁਰਸੀ ਖਾਲੀ ਰੱਖੀ ਜਾਂਦੀ ਜਿਸ ਉਪਰ ਮਲਾਲਾ ਲਿਖਿਆ ਹੁੰਦਾ। ਮਲਕਾ ਨੇ ਦੱਸਿਆ ਕਿ ਉਸ ਦਾ ਮੁਕਾਬਲਾ ਹੁਣ ਮੋਨਿਬਾ ਨਾਲ ਸੀ ਪਰ ਮਲਾਲਾ ਨਾਲ ਮੁਕਾਬਲਾ ਕਰਨ ਵਿਚ ਜੋ ਠਾਠ ਸੀ ਉਹ ਮੋਨਿਬਾ ਵਿਚਾਰੀ ਨਾਲ ਕਿਥੇ।

ਅਜੇ ਖੋਪੜੀ ਵਾਲੀ ਹੱਡੀ ਫਿੱਟ ਕਰਨੀ ਸੀ। ਦੁਬਾਰਾ ਦਾਖਲ ਹੋਈ। ਪੇਟ ਵਿਚੋਂ ਹੱਡੀ ਕੱਢੀ। ਡਾਕਟਰ ਨੇ ਕਿਹਾ - ਇਹ ਠੀਕ ਨਹੀਂ ਰਹੀ, ਇਨਫੈਕਸ਼ਨ ਹੋ ਜਾਏਗੀ। ਨਕਲੀ ਹੱਡੀ ਅੱਠ ਪੇਚਾਂ ਨਾਲ ਜੜ ਦਿੱਤੀ।

ਜਿਸ ਸੁਹਣੇ ਘਰ ਵਿਚ ਪਰਿਵਾਰ ਰਹਿ ਰਿਹਾ ਹੈ, ਉਸ ਦੇ ਪਿਛਵਾੜੇ ਵੱਡਾ ਬਾਗ ਹੈ ਪਰ ਨਾ ਕੋਈ ਪਤੰਗ ਉਡਾਵੇ, ਨਾ ਸ਼ੋਰ ਕਰੇ। ਕੋਠਿਆਂ ਦੀਆਂ ਛੱਤਾਂ ਉਪਰ ਭੱਜ ਨਹੀਂ ਸਕਦੇ, ਗੱਲਾਂ ਮਾਰਨ ਕੋਈ ਨੀਂ ਆਉਂਦਾ, ਨਾ ਕੋਈ ਦਾਲ ਸਬਜੀ ਦੀ ਕੌਲੀ ਮੰਗੇ, ਸਵਾਤ ਵਿਚ ਤਾਂ ਗੁਆਂਢਣ ਦੋ ਟਮਾਟਰ ਮੰਗ ਲੈਂਦੀ ਹੈ। ਇਥੇ ਲੋਕ ਕਿਸੇ ਦੇ ਕੁੱਝ ਨੀ ਲਗਦੇ, ਜਿਵੇਂ ਕਿਸੇ ਜੇਲ੍ਹ ਵਿਚ ਰਹਿ ਰਹੀ ਹੋਵੇ। ਮਿੰਗੋਰਾ, ਮਲਾਲਾ ਦੀ ਮਾਂ ਕੋਲ ਭੁੱਖੀ ਤਿਹਾਈ ਇਕ ਔਰਤ ਆਈ, ਖਾਣ ਨੂੰ ਰੋਟੀ ਮੰਗੀ। ਮਾਂ ਨੇ ਰੋਟੀ ਖੁਆਈ, ਠੰਢਾ ਪਾਣੀ ਪਿਲਾਇਆ। ਅਸੀਸਾਂ ਦਿੰਦੀ ਨੇ ਕਿਹਾ - ਗਲੀ ਵਿਚ ਕੋਈ ਦਰਵਾਜ਼ਾ ਖੁੱਲ੍ਹਾ ਨਹੀਂ ਸੀ, ਕਿਸ ਤੋਂ ਮੰਗਦੀ ? ਤੇਰਾ ਦਰ ਖੁੱਲ੍ਹਾ ਦੇਖਿਆ, ਰੂਹ ਰਾਜੀ ਹੋ ਗਈ। ਤੇਰਾ ਦਰ ਅੱਲਾ ਹਮੇਸ਼ਾ ਖੁੱਲ੍ਹਾ ਰੱਖੇ। ਇਥੇ ਸੋਚਦੀ, ਮਿੰਗੋਰਾ ਕਈ ਬੱਚੇ ਮੇਰੇ ਘਰੋਂ ਸਵੇਰ ਦੀ ਰੋਟੀ ਖਾ ਜਾਂਦੇ, ਹੁਣ ਉਹ ਕੀ ਕਰਦੇ ਹੋਣਗੇ ? ਬਰਮਿੰਘਮ ਵਾਲੇ ਘਰ ਵੀ ਬਚਿਆ ਖਾਣਾ ਪੰਛੀਆਂ ਨੂੰ ਪਾਉਂਦੀ ਹੋਈ ਟੱਪੇ ਗਾਈ ਜਾਂਦੀ - ਘੁੱਗੀ ਨਾ ਮਾਰ, ਇਕ ਮਰੇਗੀ ਬਾਕੀ ਕਦੀ ਨਹੀਂ ਆਉਣਗੀਆਂ। ਟੈਲੀਫੋਨ ਤੇ ਗੱਲਾਂ ਕਰਨ ਤੋਂ ਇਲਾਵਾ ਕੋਈ ਮਨੋਰੰਜਨ ਦਾ ਸਾਧਨ ਨਹੀਂ।

ਗਰੀਬੀ ਵਿਚਦੀ ਲੰਘਦਿਆਂ ਜ਼ਿਆਦੀਨ ਨੇ ਸਕੂਲ ਸ਼ੁਰੂ ਕੀਤਾ, ਫਿਰ ਤਿੰਨ ਸਕੂਲ ਹੋ ਗਏ, ਗਿਆਰਾਂ ਸੌ ਬੱਚੇ ਤੇ ਸੱਤਰ ਅਧਿਆਪਕ। ਪਰ ਜ਼ਿਆਦੀਨ ਇੰਗਲੈਂਡ ਵਿਚ ਬੈਠਾ ਹੈ। ਕਦੀ ਆਖਦਾ - ਜਿਹੜਾ ਬੂਟਾ ਤੁਸੀਂ ਹੱਥੀ ਲਾਇਆ, ਸਿੰਜਿਆ, ਵੱਡਾ ਹੋਇਆ। ਉਸਦੀ ਛਾਂ ਵਿਚ ਬੈਠਣ ਦਾ ਹੱਕ ਤਾਂ ਮਾਲਕ ਨੂੰ ਮਿਲਣਾ ਚਾਹੀਦੈ। ਲੋਕ ਕਹਿੰਦੇ ਨੇ ਜ਼ਿਆਦੀਨ ਨੇ ਇੰਗਲੈਂਡ ਜਾਣਾ ਸੀ ਚਲਾ ਗਿਆ। ਮੱਛੀ ਨੂੰ ਪਾਣੀ ਵਿਚੋਂ ਬਾਹਰ ਸੁੱਟ ਦਿਉ ਉਹ ਖੁਸ਼ ਹੋਏਗੀ ? ਨਬੀ ਨੂੰ ਜਦੋਂ ਮੱਕਾ ਛੱਡ ਕੇ ਮਦੀਨੇ ਜਾਣਾ ਪਿਆ ਸੀ, ਉਨ੍ਹਾਂ ਨੇ ਇਕ ਵਾਰ ਆਖਰੀ ਝਾਤ ਮੱਕੇ ਉਪਰ ਮਾਰੀ ਸੀ। ਪਰ ਮੈਨੂੰ ਕੀ ਪਤਾ ਸੀ ਮੈਂ ਵਾਪਸ ਜਾ ਈ ਨੀ ਸਕਾਂਗਾ ? ਮੈਂ ਤਾਂ ਸਵਾਤ ਵਾਦੀ ਉਪਰ ਆਖਰੀ ਝਾਤ ਵੀ ਨਾ ਮਾਰੀ।

ਮਲਾਲਾ ਆਖਦੀ - ਪਾਪਾ ਪਰ ਇਥੇ ਕੁੜੀਆਂ ਦੇ ਸਕੂਲਾਂ ਨੂੰ ਕੋਈ ਬੰਬਾਂ ਨਾਲ ਤਾਂ ਨਹੀਂ ਉਡਾਉਂਦਾ ? ਮਾਵਾਂ ਨੂੰ ਪਤੈ ਬੱਚੇ ਪੜ੍ਹ ਕੇ ਘਰ ਆ ਜਾਣਗੇ, ਸਵਾਤ ਵਿਚ ਤਾਂ ਪਤਾ ਈ ਨਹੀ ਕੌਣ ਘਰ ਆਏਗਾ ਕੌਣ ਨਹੀਂ ? ਸਵਾਤ ਵਿਚ ਸਾਹਮਣਿਓ ਤੁਰਿਆ ਔਂਦਾ ਹਰੇਕ ਬੰਦਾ ਸਾਨੂੰ ਤਾਲਿਬ ਲਗਦਾ, ਇਥੇ ਤਾਲਿਬਾਨ ਤਾਂ ਨਹੀਂ ਨਾ।

ਸੋਲ੍ਹਵੇਂ ਜਨਮ ਦਿਨ ਮੌਕੇ ਮਲਾਲਾ ਨੂੰ ਨਿਊਯਾਰਕ ਯੂ.ਐਨ.ਓ. ਅਸੈਂਬਲੀ ਵਿਚ ਭਾਸ਼ਣ ਦੇਣ ਲਈ ਸੱਦਿਆ। ਚਾਰ ਸੌ ਡੈਲੀਗੇਟ ਸਨ। ਉਸਨੇ ਕਿਹਾ - ਮੈਂ ਹਰੇਕ ਬੱਚੇ ਦੇ ਹੱਥ ਵਿਚ ਕਾਗਜ਼ ਕਲਮ ਫੜਾਉਣੀ ਚਾਹੀ, ਮੈਂ ਦੱਸਣਾ ਚਾਹਿਆ ਕਾਗਜ਼ ਕਲਮ ਬੰਦੂਕਾਂ ਤੋਂ ਤਾਕਤਵਰ ਨੇ। ਕੁੱਝ ਲੋਕ ਮੈਨੂੰ ਆਖ ਦਿੰਦੇ ਨੇ - ਉਹ ਕੁੜੀ ਜਿਸ ਦੇ ਸਿਰ ਵਿਚ ਗੋਲੀ ਵੱਜੀ, ਮੈਂ ਇਸ ਨਿਸ਼ਾਨੀ ਨਾਲ ਦੁਨੀਆਂ ਵਿਚ ਜਾਣੀ ਜਾਵਾਂ ਮੈਨੂੰ ਪਸੰਦ ਨਹੀਂ। ਜੇ ਮੈਨੂੰ ਲੋਕ ਕਹਿਣ - ਇਹ ਹੈ ਉਹ ਕੁੜੀ ਜੋ ਕੁੜੀਆਂ ਦੇ ਹੱਕ ਵਿਚ ਲੜੀ, ਤਾਂ ਮੈਨੂੰ ਖੁਸ਼ੀ ਮਿਲੇ। ਹਾਜ਼ਰੀਨ ਨੇ ਖਲੋਕੇ ਸਿਰਨਿਵਾ ਕੇ ਮਲਾਲਾ ਨੂੰ ਸਤਿਕਾਰ ਦਿੱਤਾ। ਅੱਬੂ ਨੇ ਕਿਹਾ - ਪਾਕਿਸਤਾਨ ਦੀ ਨਹੀਂ, ਤੂੰ ਸਾਰੇ ਜਹਾਨ ਦੀ ਧੀ ਹੈ

ਮਲਾਲਾ। ਮਾਂ ਨੇ ਕਦੀ ਫੋਟੋ ਨਹੀਂ ਖਿਚਵਾਈ ਸੀ, ਪਰਾਏ ਮਰਦ ਅੱਗੇ ਮੂੰਹ ਨੰਗਾ ਕਿਉਂ ਕਰਨਾ ? ਪਹਿਲੀ ਵਾਰ ਚਾਅ ਨਾਲ ਉਸਨੇ ਫੋਟੋਆਂ ਖਿਚਵਾਈਆਂ।

ਇਹ ਖਬਰ ਅਖਬਾਰ ਵਿਚ ਪੜ੍ਹਕੇ ਤਾਲਿਬਾਨ ਨੇਤਾ ਰਸ਼ੀਦ ਨੇ ਬਿਆਨ ਦਿੱਤਾ - ਅਸੀਂ ਮਲਾਲਾ ਦੀ ਪੜ੍ਹਾਈ ਖਿਲਾਫ ਨਹੀਂ ਹਾਂ। ਉਹ ਸਾਡੀ ਇਸਲਾਮਿਕ ਸਟੇਟ ਦੀ ਆਲੋਚਨਾ ਕਰਦੀ ਹੈ, ਸ਼ਰਾਅ ਦੀ ਪਾਬੰਦ ਨਹੀਂ। ਇਸ ਕਰਕੇ ਗੋਲੀ ਮਾਰੀ। ਉਹ ਸਾਡਾ ਵਿਰੋਧ ਕਰਨਾ ਛੱਡੇ, ਬੁਰਕਾ ਪਹਿਨੇ ਤੇ ਬੇਸ਼ਕ ਸਵਾਤ ਵਿਚ ਆਕੇ ਪੜ੍ਹੇ ਲਿਖੇ ਸਾਨੂੰ ਕੋਈ ਇਤਰਾਜ਼ ਨਹੀਂ। ਅਸੀਂ ਉਸਨੂੰ ਮਾਫ ਕਰ ਦਿਆਂਗੇ। ਪੱਤਰਕਾਰਾਂ ਨੇ ਮਲਾਲਾ ਨੂੰ ਕਿਹਾ - ਜਵਾਬ ਦੇਹ। ਮਲਾਲਾ ਨੇ ਕਿਹਾ - ਮੈਂ ਜਵਾਬ ਕਿਉਂ ਦਿਆਂ ? ਤਾਲਿਬਾਨ ਸਾਡੇ ਹੁਕਮਰਾਨ ਨਹੀਂ ਜੋ ਅਸੀਂ ਇਨ੍ਹਾਂ ਅੱਗੇ ਜਵਾਬਦੇਹ ਹੋਈਏ। ਮੇਰੀ ਜ਼ਿੰਦਗੀ ਮੇਰੀ ਹੈ, ਕਿਵੇਂ ਜੀਣਾ ਹੈ, ਕਿਵੇਂ ਰਹਿਣਾ ਹੈ ਇਹ ਫੈਸਲਾ ਮੈਂ ਕਰਾਂਗੀ ਤਾਲਿਬਾਨ ਨਹੀਂ ਕਰਨਗੇ।

ਕਦੀ ਮਲਾਲਾ ਆਖ ਦਿੰਦੀ - ਇਥੇ ਆਪਣਾ ਦਿਲ ਨੀ ਲਗਦਾ ਅੱਬੂ, ਸਵਾਤ ਚੱਲੀਏ। ਅੱਬੂ ਆਖਦਾ - ਅਜੇ ਤੂੰ ਪੂਰੀ ਤਰ੍ਹਾਂ ਠੀਕ ਨਹੀਂ ਹੋਈ ਮਲਾਲਾ। ਨਾਲੇ ਇਥੇ ਦੀ ਪੜ੍ਹਾਈ ਉਸ ਸਕੂਲ ਨਾਲੋਂ ਵਧੀਆ ਹੈ। ਇਥੇ ਦੀ ਵਿਦਿਆ ਨਾਲ ਤਾਕਤਵਰ ਹੋਕੇ ਤੂੰ ਵਡੇਰੇ ਕੰਮ ਕਰ ਸਕਦੀ ਹੈਂ, ਉਹ ਕੰਮ ਜੋ ਤੇਰੇ ਸੁਫਨਿਆਂ ਵਿਚ ਹਨ। ਦੁਨੀਆਂ ਵਿਚ ਸਾਢੇ ਪੰਜ ਕਰੋੜ ਬੱਚੇ ਵਿਦਿਆ ਤੋਂ ਵੰਚਿਤ ਹਨ ਜਿਨ੍ਹਾਂ ਵਿਚੋਂ ਸਵਾ ਤਿੰਨ ਕਰੋੜ ਕੁੜੀਆਂ ਹਨ। ਪਾਕਿਸਤਾਨ ਵਿਚ ਪੰਜ ਕਰੋੜ ਬੰਦੇ ਕੋਰੇ ਅਨਪੜ੍ਹ ਹਨ ਜਿਨ੍ਹਾਂ ਵਿਚ ਸਾਢੇ ਤਿੰਨ ਕਰੋੜ ਔਰਤਾਂ ਹਨ।

ਜੂਨ 2013 ਵਿਚ ਇਕ ਮਨੁਖੀ ਬੰਬ ਕਾਲਜ ਜਾਂਦੀਆਂ ਕੁੜੀਆਂ ਦੀ ਬੱਸ ਵਿਚ ਚੜ੍ਹ ਗਿਆ ਤੇ ਧਮਾਕਾ ਹੋਇਆ। ਚਾਲੀ ਕੁੜੀਆਂ ਸਵਾਰ ਸਨ, ਚੌਦਾਂ ਮਰ ਗਈਆਂ, ਜ਼ਖਮੀਆਂ ਨੂੰ ਹਸਪਤਾਲ ਲਿਜਾਂਦੀਆਂ ਨਰਸਾਂ ਉਪਰ ਫਾਇਰਿੰਗ ਹੋਈ। ਕਰਾਚੀ ਦਾ ਜਿਹੜਾ ਸਕੂਲ ਮਲਾਲਾ ਦੇ ਨਾਮ ਤੇ ਸੀ, ਇਨਾਮ ਵੰਡ ਸਮਾਰੋਹ ਮੌਕੇ ਬੰਬ ਚੱਲਿਆ। ਪ੍ਰਿੰਸੀਪਲ ਸਮੇਤ ਅੱਠ ਬੱਚੇ ਮਾਰੇ ਗਏ। ਮ੍ਰਿਤਕ ਪੰਜ ਤੋਂ ਦਸ ਸਾਲਾਂ ਦੀ ਉਮਰ ਵਿਚਕਾਰ ਸਨ। ਮਲਾਲਾ ਦੀ ਮਾਂ ਖਬਰ ਸੁਣਕੇ ਰੋ ਪਈ - ਸੁੱਤੇ ਬੱਚੇ ਦਾ ਅਸੀਂ ਵਾਲ ਨਹੀਂ ਛੂੰਹਦੇ ਕਿ ਜਾਗ ਨਾ ਪਏ, ਇਹ ਕਿਹੇ ਦਰਿੰਦੇ ਆ ਉਤਰੇ ?

ਮਲਾਲਾ ਨੇ ਰੱਬ ਨੂੰ ਕਿਹਾ ਸੀ - ਮੇਰਾ ਕੱਦ ਵਧਾ। ਮੈਂ ਪੰਜ ਨਮਾਜ਼ਾਂ ਤੋਂ ਇਲਾਵਾ ਸੌ ਨਮਾਜ਼ਾਂ ਵਾਧੂ ਪੜ੍ਹਾਂਗੀ। ਅੱਲਾਹ ਦਾ ਸ਼ੁਕਰਾਨਾ ਕਰਦਿਆਂ ਮਲਾਲਾ ਆਖਦੀ ਹੈ - ਹੇ ਪਰਵਰਦਗਾਰ, ਤੂੰ ਮੇਰੀ ਅਰਦਾਸ ਮਨਜ਼ੂਰ ਕੀਤੀ, ਮੇਰਾ ਕੱਦ ਦੁਨੀਆਂ ਭਰ ਵਿਚ ਵੱਡਾ ਕਰ ਦਿੱਤਾ। ਮੈਂ ਵਾਅਦੇ ਅਨੁਸਾਰ ਸੌ ਨਮਾਜ਼ਾਂ ਪੜ੍ਹ ਦਿੱਤੀਆਂ ਹਨ। ਸਾਰੇ ਜਹਾਨ ਉਪਰ ਮਿਹਰਬਾਨ ਹੋਹ। ਆਮੀਨ।

**Read more like this at**

**www.punjabilibrary.com**